# Universal Relevance of Guru Nanak's Teachings

# ਸੰਸਾਰ ਦੇ ਪ੍ਰਸੰਗ ਵਿਚ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼

## وياپک پرسنگ وچ گورو نانک دیوَ جی دی سکھیا

## गुरू नानक जी की शिक्षाओं की सार्वभौमिक प्रासंगिकता

550th Birth Anniversary

**Sri Guru Nanak Dev Ji**

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ

ਪੰਜਾਬੀ ਹੈਰੀਟੇਜ ਫ਼ਾਊਂਡੇਸ਼ਨ ਆਫ਼ ਕੈਨੇਡਾ
PUNJABI HERITAGE FOUNDATION OF CANADA

# Universal Relevance of Guru Nanak's Teachings

# ਸੰਸਾਰ ਦੇ ਪ੍ਰਸੰਗ ਵਿਚ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼

# ویاپک پرسنگ وچ گورو نانک دیوَ جی دی سکھیا

# गुरू नानक जी की शिक्षाओं की सार्वभौमिक प्रासंगिकता

*An Anthology of Papers written by various scholars for*

## Fourth Canadian Punjabi Conference

**(Celebrating 550th Birth Anniversary of Guru Nanak Dev Ji)**

Held on 6th July 2019 at Ottawa, Canada.

ਪੰਜਾਬੀ ਹੈਰੀਟੇਜ ਫ਼ਾਊਂਡੇਸ਼ਨ ਆਫ਼ ਕੈਨੇਡਾ
PUNJABI HERITAGE FOUNDATION OF CANADA

# Universal Relevance of Guru Nanak's Teachings
# ਸੰਸਾਰ ਦੇ ਪ੍ਰਸੰਗ ਵਿਚ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼
# ویاپک پرسنگ وچ گورو نانک دیوَ جی دی سکھیا
# गुरू नानक जी की शिक्षाओं की सार्वभौमिक प्रासंगिकता

*An Anthology of Papers written by various scholars for*

**Fourth Canadian Punjabi Conference**

held at Ottawa, Canada on 6 July 2019

Organized by

**Punjabi Heritage Foundation of Canada**

6715 Barsona Place, Orleans, ON.

Canada K1C 1J2

Email: phfc2019@gmail.com

Phone: 613-824-1532

ISBN No. 978-81-948872-6-3

© Punjabi Heritage Foundation of Canada

Price:

India Rs. 500/-

Canada $ 10.00

Photo Credits:

Manny Virdee Photography

Design n Printed by:

Printvizion, Ludhiana, 9465182626

All rights are reserved by the authors of articles and the publisher Punjabi Heritage Foundation of Canada. Any part of this publication can only be reprinted or published with the written permission of the author of the article and the publisher.

**Compiled & Edited by: Board of Directors, Punjabi Heritage Foundation of Canada**
**Co-editor : Dr. Jagdish Kaur**

**Published by:**

ਪੰਜਾਬੀ ਹੈਰੀਟੇਜ ਫ਼ਾਊਂਡੇਸ਼ਨ ਆਫ਼ ਕੈਨੇਡਾ

**PUNJABI HERITAGE FOUNDATION OF CANADA**

# Note of Thanks

The Board of Directors of Punjabi Heritage Foundation of Canada would like to convey thanks to:

1. Dr. Jagdish Kaur for providing constant advice and help for the conference.
2. Mrs. Nilambri Ghai for guide in planning of conference and selection of conference articles.
3. Dr. Sukhpal Singh, Mr. Gurinder Singh and Mr. Jasvir Singh Shameel for developing conference program and conducting the conference sessions.
4. Mr. Manjinder Singh Virdee (Manny Virdee Photography) for clicking memorable photographs and Mr. Santosh Shail for videography of the conference.
5. Mr. Kounver Singh Dhillon for posting video recordings of the conference on YouTube.
6. We sincerely thank all the academics and scholars who presented their unique papers at the conference and travelled from all over the world on their own expenses to attend the conference. We are also thankful to scholars who sent their papers for presentation, but could not come to attend the conference due to unavoidable circumstances.
7. Mr. Shamsher Singh Bhullar, Dr. Sutinder Singh Sandhar, Sanjit Kaur, Ajit Singh Ghai, Claridge Homes Inc, Phoenix Development Corporation, Amrinder Tiwana, Atul Aggarwal, Innes Road Animal Hospital, Yash Lamba, Sukhdev Singh Ghuman and many other benevolent persons for their financial contributions. Without their very generous support the conference would not have been possible.
8. We express our gratitude to all the volunteers and front line workers for helping during the conference.

contd...

# ਹਾਰਦਿਕ ਧੰਨਵਾਦ

ਪੰਜਾਬੀ ਹੈਰੀਟੇਜ ਫਾਊਂਡੇਸ਼ਨ ਆਫ ਕੈਨੇਡਾ ਵਲੋਂ ਹਾਰਦਿਕ ਧੰਨਵਾਦ ਕੀਤਾ ਜਾਂਦਾ ਹੈ:

1. ਡਾ. ਜਗਦੀਸ਼ ਕੌਰ ਜੀ: ਕਾਨਫਰੰਸ ਦੇ ਸੰਕਲਪ ਅਤੇ ਕਾਮਯਾਬੀ ਲਈ ਦਿੱਤੇ ਸੁਹਿਰਦ ਸਲਾਹ ਮਸ਼ਵਰੇ ਲਈ।
2. ਸ਼੍ਰੀਮਤੀ ਨੀਲਾਂਬਰੀ ਘਈ ਜੀ: ਕਾਨਫਰੰਸ ਦੇ ਪਰਚੀਆਂ ਦੀ ਚੋਣ ਅਤੇ ਆਰਥਿਕ ਮਸਲਿਆਂ ਲਈ ਦਿੱਤੀ ਸਹਾਇਤਾ ਲਈ।
3. ਡਾ. ਸੁਖਪਾਲ ਸਿੰਘ, ਸ਼੍ਰੀ ਗੁਰਿੰਦਰ ਸਿੰਘ ਅਤੇ ਸ਼੍ਰੀ ਜਸਵੀਰ ਸਿੰਘ ਸ਼ਮੀਲ ਜੀ: ਕਾਨਫਰੰਸ ਦੀ ਸੰਚਾਲਨਾ ਲਈ।
4. ਸ਼੍ਰੀ ਮਨਜਿੰਦਰ ਸਿੰਘ ਵਿਰਦੀ ਜੀ: ਕਾਨਫਰੰਸ ਦੀ ਫੋਟੋਗ੍ਰਾਫੀ ਅਤੇ ਸ਼੍ਰੀ ਸੰਤੋਸ਼ ਸ਼ੇਲ ਜੀ: ਕਾਨਫਰੰਸ ਦੀ ਵੀਡੀਓਗ੍ਰਾਫੀ ਲਈ।
5. ਸ਼੍ਰੀ ਕੁੰਵਰ ਸਿੰਘ ਢਿੱਲੋਂ ਜੀ: ਕਾਨਫਰੰਸ ਦੀ ਵੀਡੀਓਗ੍ਰਾਫੀ ਨੂੰ ਫੇਸਬੁੱਕ ‘ਤੇ ਪਾਉਣ ਲਈ।
6. ਉਨ੍ਹਾਂ ਲੇਖਕਾਂ ਦਾ ਜੋ ਦੂਰ ਦੁਰਾਡਿਓਂ ਆਪਣੇ ਖਰਚੇ ‘ਤੇ ਕਾਨਫਰੰਸ ਵਿਚ ਪਰਚੇ ਪੇਸ਼ ਕਰਨ ਲਈ ਪਹੁੰਚੇ ਅਤੇ ਉਨ੍ਹਾਂ ਵਿਦਵਾਨਾਂ ਦਾ ਵੀ ਜਿਨ੍ਹਾਂ ਕਾਨਫਰੰਸ ਲਈ ਪੇਪਰ ਭੇਜੇ ਪਰ ਕੁਝ ਕਾਰਨਾਂ ਕਰਕੇ ਕਾਨਫਰੰਸ ਵਿਚ ਸ਼ਾਮਲ ਨਹੀਂ ਹੋ ਸਕੇ।
7. ਸ਼੍ਰੀ ਸ਼ਮਸ਼ੇਰ ਸਿੰਘ ਭੁੱਲਰ, ਸ਼੍ਰੀ ਸਤਿੰਦਰ ਸਿੰਘ ਸੰਧੜ, ਸ਼੍ਰੀਮਤੀ ਸੰਜੀਤ ਕੌਰ, ਸ਼੍ਰੀ ਅਜੀਤ ਸਿੰਘ ਘਈ, ਕਲੈਰਿਜ ਮੋਮਜ਼ ਇੰਕ, ਫੀਨਿਕਸ ਡਿਵੈਲਪਮੈਂਟ ਕਾਰਪੋਰੇਸ਼ਨ, ਅਮਰਿੰਦਰ ਟਿਵਾਣਾ, ਅਤੁਲ ਅੱਗਰਵਾਲ, ਆਈਨਸ ਰੋਡ ਐਨੀਮਲ ਹਾਸਪਿਟਲ, ਸ਼੍ਰੀ ਯਸ਼ ਲਾਂਬਾ, ਸੁਖਦੇਵ ਸਿੰਘ ਘੁੰਮਣ ਅਤੇ ਹੋਰ ਬਹੁਤ ਸਾਰੇ ਦਾਨੀ ਪੁਰਸ਼ਾਂ ਦਾ ਜਿਨ੍ਹਾਂ ਦੀ ਸਹਾਇਤਾ ਨਾਲ ਹੀ ਕਾਨਫਰੰਸ ਕਾਮਯਾਬ ਹੋਈ।
8. ਸਾਰੇ ਵਲੰਟੀਅਰਾਂ ਅਤੇ ਸਹਾਇਕਾਂ ਦੀ ਸਹਾਇਤਾ ਲਈ ਵੀ ਬਹੁਤ ਬਹੁਤ ਧੰਨਵਾਦ।

| Contents | ਤਤਕਰਾ | ਪੰਨਾ |
|---|---|---|
| Dr. Harpal Singh Buttar | Preface | ix |
| Mitter Rasha | ਮੁੱਢਲੇ ਸ਼ਬਦ (ਗੁਰੂ ਪੀਰ: ਗੁਰੂ ਨਾਨਕ ਦੇਵ ਜੀ) | xi |
| **Punjabi Papers** | **ਪੰਜਾਬੀ ਪਰਚੇ** | |
| Amrit Pal Kaur | ਕਿਰਤ ਦਾ ਸਨਮਾਨ | 1 |
| Arvinder Dhaliwal | ਗੁਰੂ ਨਾਨਕ ਬਾਣੀ ਅਤੇ ਅਸਹਿਣਸ਼ੀਲਤਾ | 12 |
| Baljinder Kaur (Prof.) | ਨਾਨਕ ਬਾਣੀ ਅਤੇ ਜੈਂਡਰ (Gender) ਸਮਾਨਤਾ | 18 |
| Baljinder Singh Nasrali (Dr.) | ਗੁਰੂ ਨਾਨਕ ਦਾ ਸਿੱਖ ਧਰਮ: ਮਨੁੱਖਤਾ ਨੂੰ ਬਰਾਬਰੀ ਦੀ ਪੱਧਰ ਤੇ ਜੋੜਨ ਵਾਲੇ ਧਰਮ ਵਜੋਂ | 30 |
| Balkar Singh (Dr.) | ਬਹੁ-ਸਭਿਆਚਾਰਕ ਪ੍ਰਸੰਗ ਵਿਚ "ਸਿਧ ਗੋਸਟਿ" ਦੇ ਹਵਾਲੇ ਨਾਲ ਸੰਬਾਦ-ਮਾਡਲ | 35 |
| Balwant Singh Dhillon (Dr.) | ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ - ਅੰਤਰ-ਧਰਮ ਸੰਵਾਦ ਵਿਧੀ - | 45 |
| Daljeet Singh | ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਾਬੀ ਸਾਹਿਤ ਨੂੰ ਦੇਣ | 52 |
| Daljit Singh Bhagta (Dr.) | ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਵਾਤਾਵਰਣ (Environment) ਦੇ ਸੰਕਲਪ ਦਾ ਪ੍ਰਚਾਰ ਅਤੇ ਪਾਸਾਰ | 60 |
| Daljit Singh Rattan | ਗੁਰੂ ਨਾਨਕ ਸਾਹਿਬ ਤੇ ਔਰਤ ਮਰਦ ਦੀ ਬਰਾਬਰੀ | 70 |
| Col Dalvinder Singh Grewal (Dr.) | ਗੁਰੂ ਨਾਨਕ ਦੇਵ ਜੀ ਦਾ ਦੁਨੀਆਂ ਤੇ ਪ੍ਰਭਾਵ | 76 |
| Col Dalvinder Singh Grewal (Dr.) | ਗੁਰੂ ਨਾਨਕ ਦੇਵ ਜੀ ਦੀ ਸਮਾਜਿਕ ਸੰਵੇਦਨਸ਼ੀਲਤਾ ਤੇ ਅੰਤਰ-ਧਰਮ ਸੰਵਾਦ | 82 |
| Gurshaib Singh | ਗੁਰੂ ਨਾਨਕ ਬਾਣੀ ਵਿੱਚ ਸਮਾਜਿਕ ਨਾ ਬਰਾਬਰੀ ਦਾ ਖਮਡਨ | 93 |
| Harinderpal Kaur (Dr.) | ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਵਾਤਾਵਰਣ ਦੀ ਮਹੱਤਤਾ | 98 |
| Harkinder Singh | ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਦਵੈਤਵਾਦ | 103 |
| Harshinder Kaur (Dr.) | ਸੁਣਿਐ.... | 105 |

| | | |
|---|---|---|
| Iqbal Singh Hamjapur | ਸਮੁੱਚੀ ਮਾਨਵਤਾ ਲਈ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ | 110 |
| Jagjit Kaur (Dr.) | ਗੁਰੂ ਨਾਨਕ ਬਾਣੀ ਦਾ ਵਿਸ਼ਵ-ਵਿਆਪੀ ਵਾਤਾਵਰਣਕ ਨਜ਼ਰੀਆ | 116 |
| Jasvir Kaur (Dr.) | ਸਮੁੱਚੀ ਮਾਨਵਤਾ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ | 126 |
| Karamjit Singh Noor | ਲਿੰਗ ਸਮਾਨਤਾ | 135 |
| Kuljit Mann | ਨਾਨਕ-ਚੇਤਨਾ ਦੇ ਸੰਦਰਭ ਵਿਚ ਕੈਨੇਡੀਅਨ ਸਮਾਜ | 146 |
| Malkiat Singh | ਗੁਰੂ ਨਾਨਕ ਬਾਣੀ: ਸਰਬ ਸਾਂਝੀਵਾਲਤਾ | 155 |
| Mandeep Kaur (Dr.) | ਗੁਰੂ ਨਾਨਕ ਫਲਸਫਾ ਵਿਚ ਜੈਂਡਰ ਸਮਾਨਤਾ | 162 |
| Narinder Kaur | ਗੁਰੂ ਨਾਨਕ ਬਾਣੀ ਵਿਚ ਮਿਥਿਕ ਵਿਸ਼ਵਾਸ | 170 |
| Navedita Singh (Dr.) | ਗੁਰੂ ਨਾਨਕ: ਕ੍ਰਾਂਤੀਕਾਰੀ ਸ਼ਾਇਰ ਅਤੇ ਸੰਗੀਤਕਾਰ | 178 |
| Paramvir Kaur | ਸਹਿਣਸ਼ੀਲ ਸਮਾਜ ਦੀ ਸਿਰਜਣਾ ਵਿਚ ਗੁਰੂ ਨਾਨਕ ਦੇਵ ਜੀ ਦੀ ਭੂਮਿਕਾ | 187 |
| Parminder Kaur (Dr.) | ਮਨੁੱਖ ਦੀ ਨੈਤਿਕ-ਅਧਿਆਤਮਕ ਪ੍ਰਗਤੀ: ਗੁਰੂ ਨਾਨਕ ਬਾਣੀ ਦੇ ਪਰਿਪੇਖ ਵਿਚ | 195 |
| Prabhjot Kaur | ਗੁਰੂ ਨਾਨਕ ਸਾਹਿਬ ਰਚਿਤ 'ਪਟੀ' ਦੀ ਵਿਚਾਰਧਾਰਾ ਦੇ ਸਿਧਾਂਤ | 203 |
| Rajinder Kaur Verma | ਗੁਰੂ ਨਾਨਕ ਬਾਣੀ ਦੀ ਵਿਲਖਣਤਾ ਅਤੇ ਸਮਾਜਿਕ ਸਰੋਕਾਰ | 209 |
| Ravinder Singh (Dr.) | ਗੁਰੂ ਨਾਨਕ ਦੇਵ ਜੀ ਦਾ ਸਰਬ-ਕਾਲੀ ਮਾਨਵੀ ਪ੍ਰਵਚਨ | 218 |
| Sandeep Kaur | ਸੰਗੀਤ: ਨਾਨਕ ਬਾਣੀ ਦੀ ਮੁੱਖ ਸੰਚਾਰ ਜੁਗਤ ਵਜੋਂ | 226 |
| Sarabjit Singh (Dr.) | ਮੂਲ ਮੰਤਰ ਦੀ ਭਾਸ਼ਾਈ ਵਿਲੱਖਣਤਾ | 233 |
| Shalu Kaur | ਜਗਤ ਜਲੰਦੇ ਦਾ ਰੱਖਣਹਾਰ: ਗੁਰੂ ਨਾਨਕ | 240 |
| S. Naz (Dr.) | ਚਾਨਣ ਮੁਨਾਰਾ ਨਾਨਕ ਪ੍ਰਕਾਸ਼ | 246 |
| Sukhwinder Kaur | ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਨੁੱਖੀ ਸਮਾਨਤਾ ਦਾ ਸੰਕਲਪ | 258 |

| | | |
|---|---|---|
| Surinder Kailay | ਹਿੰਸਾ-ਗੁਰੂ ਨਾਨਕ ਦੇਵ ਜੀ ਜੀਵਨ, ਬਾਣੀ ਅਤੇ ਉਪਦੇਸ਼ | 265 |
| Tarshinder Kaur (Dr.) | ਗੁਰੂ ਨਾਨਕ ਬਾਣੀ ਵਿਚ ਲਿੰਗਕ ਸਮਾਨਤਾ | 275 |
| **Hindi Papers** | | |
| Amanjot Kaur | श्री गुरु नानक देव जीः मानवीय समानता का सन्दर्भ | 284 |
| **English Papers** | | |
| Amrik Singh | Guru Nanak ideology: An intervention for the abolition of cursing women | 288 |
| Arvinder Singh Chawla and Sarbjinder Singh | The Role of Sikhism in Gender Equality | 296 |
| Charanjit Kaur (Dr.) | Sikhi Connotes the Temporal and Spiritual Path of Learning | 314 |
| Devinder Pal Singh (Dr.) | Universal Relevance of Guru Nanak's Teachings | 318 |
| Devinder Pal Singh (Dr.) | Guru Nanak - A Prophet with a Scientific Attitude | 331 |
| Devinder Singh Chahal (Dr.) | Human Equality in Sikhi Founded by Guru Nanak | 344 |
| Faisal Arshad Butt | Nanak Ghat, Kartarpur Sahib - A study in search of its lost site | 357 |
| Gunwant Kaur Brar (Dr.) | Role of Guru Nanak Ji's baani in enhancing values among the youth | 365 |
| Harvinder Kaur (Dr.) and Ms. Gurmeet Kaur | Guru Nanak's Social Contemplation and Gender Equality | 374 |
| Harvinder Kaur (Dr.) and Ms. Navdeep Kaur | Equality in Income and Guru Nanak's Teachings | 382 |
| Kavita Rani (Dr.) | Guru Nanak's Vision and Religious Concepts | 391 |
| Meenu Kapoor | Human Rights: Reflections from Guru Nanak's Theology | 401 |
| Milkha Singh Aulakh (Dr.) | Environmental Polution and Solutions in Context of Guru Nanak | 410 |
| Nisha Jain (Dr.) | Gender Equality and Gender Justice | 420 |

| | | |
|---|---|---|
| Parveen Kaur | The Voice of Guru Nanak - As it spoke to me | 427 |
| Pritam Singh (Dr.) | Eqalitarianism in Guru Nanak's Teachings | 435 |
| Pushpinder Syal (Dr.) | Guru Nanak's Concept of Truth and Its Contemporary Relevance: A consideration with reference to *ASA di Vaar* | 441 |
| Ramandeep Kaur (Dr.) | The Sikh View of Human Equality: With Special Reference to Guru Nanak Bani | 452 |

# PREFACE

The Punjabi Heritage Foundation of Canada proudly presents this tri-lingual publication to commemorate the 550th Birth Anniversary of Guru Nanak Dev Ji (1469-1539), the messenger of harmony and peace, advocate of social justice and moral values, and promotor of women's rights as well as preacher of Oneness of God and Oneness of Humankind. Set in the balance of transcendental melodious hymns of Gurbani and mystic music on the Rabab that had the profound power to touch the human soul, Guru Nanak travelled on foot across the subcontinent of India, and into Central Asia to spread his message of love and equality of humankind, mutual respect, and universality of God. During his four Odysseys, he was accompanied by his two devoted and trustworthy companions, Bhai Bala and Bhai Mardana. The papers in this collection have been written by university professors and academic scholars from across the world to address Guru Nanak's principles of human and gender equality, dignity of labor, love of the environment, non-violence, and the elimination of injustice, extremism, ritualism and intolerance.

Dr. Harvinder Kaur's paper entitled "Guru Nanak's Social Contemplation and Gender Equality," describes how Guru Nanak pioneered for equal status for women in society. At a time when "social plights like female infanticide, son preference, early marriage, abduction, insecurity, purdah system, Sati and dowry system" prevailed ubiquitously in India, Guru Nanak was one of the very few spiritual leaders and social reformers, who contemplated on providing equal status to women, and ending social discrimination on the basis of caste, creed, and religion. However, Dr. Kaur argues that women still struggle for social justice: "as the preference for a son still exists in our society." Although some of the social ills against women, such as female infanticide have been reduced by law, and the practice of Sati has fortunately disappeared" the preference for a son has increased in our society." Dr. Kaur further argues that the technological advancements (e.g. ultrasound) for gender revelation of the fetus has given birth to the new form of crime against women, viz, "female fetuses are still being aborted or killed by their parents before their birth". Furthermore, incidents of "dowry-related deaths, rapes, domestic violence, kidnapping, abduction and honor killings remain a blot on our modern society."

One is reminded of Professor Puran Singh's 1906 essay, "Heroism of Sikh Women" in which he points out that whereas readers are quite familiar with heroism and sacrifices of Sikh men, the names and sacrifice of women who unsheathed their swords to fight oppression are lost in obscurity. Unfortunately, we are still looking for a heart-felt response to Guru Nanak's simple, often quoted Gurbani verse: ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ "so

kyun manda aakhiye jit jameh raajan"

Colonel Dr. Davinder Singh, in "Interfaith Dialogue Developed by Guru Nanak during His Long Journeys – A Critical Analysis," explains how "Guru Nanak took the daring step of establishing interfaith dialogue" and "ventured to awaken the public against the established institutions." His message, simple and direct, explains "the underlying philosophy which ought to be followed for becoming God's own, rather than of a commune." When Guru Nanak says, "There is no Hindu no Musalman" (Janamsakhi Meharban, p.93), he means that "all human beings are equal to God and for Him there is no Hindu or Muslim." Guru Nanak's Shabads of Gurbani praise the Almighty Creator and do not impose any kind of restriction on the practice of religion and the way people worship the God. It was not God who created religion; rather, religious distinctions and divisions are made by man himself!!

The papers submitted by the authors were reviewed by a panel of experts and many authors were asked to revise their papers for clarity and missing references for inclusion in the conference proceedings. The revised publications were selected for the conference held in Ottawa, Ontario, Canada, on 6th July 2019. It is our earnest hope and endeavor that this initiative will make a small dent in bringing Guru Nanak's universal message closer to humanity and different interfaith Canadians during these divisive times when it continues to become even more relevant.

We are grateful to Ms. Cheena Vyas for the illustration on the cover of this book.

Members of the Executive and Board of Directors of the Punjabi Heritage Foundation of Canada:

1. Mitter Rasha (President) - Punjabi Poet and Author.
2. Santokh Singh Virdee (Secretary) - Punjabi Poet.
3. Harpal Singh Buttar, Ph.D. (Vice President and Treasurer) - Research Scientist and Adjunct Professor University of Ottawa.
4. Amarjit S. S. Tiwana (Vice President and Conference Coordinator) - Punjabi Poet and Author.
5. Swaran Singh Lall, MD (Vice President).
6. Ranjit Devgan (Vice President) - Punjabi/Hindi Poet and Author.
7. Sucha Singh Mann, P.Eng. (Vice President).
8. Pritpal Singh Khurana, CPA (Vice President).
9. Nilambri Ghai – Poet and Author (Conference Advisor)

**Dr. Harpal Singh Buttar**

# ਗੁਰੂ ਪੀਰ: ਗੁਰੂ ਨਾਨਕ ਦੇਵ ਜੀ

ਪੰਜਾਬੀ ਹੈਰੀਟੇਜ ਫਾਉਂਡੇਸ਼ਨ ਆਫ ਕੈਨੇਡਾ ਨੂੰ ਹੋਂਦ ਵਿਚ ਆਇਆਂ ਤੇਰਾਂ ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ। ਇਨ੍ਹਾਂ ਸਾਲਾਂ ਦੇ ਦੌਰਾਨ ਜਿੱਥੇ ਅਸਾਂ ਕਈ ਪ੍ਰੋਗਰਾਮਾਂ ਨੂੰ ਸਿਰੇ ਚਾੜ੍ਹਿਆ ਹੈ ਉੱਥੇ ਅਸਾਂ ਅੰਤਰਾਸ਼ਟਰੀ ਕਾਨਫਰੰਸ ਅਤੇ ਤਿੰਨ ਕੈਨੇਡੀਅਨ ਪੰਜਾਬੀ ਕਾਨਫਰੰਸਾਂ ਦਾ ਆਯੋਜਨ ਵੀ ਕੀਤਾ ਹੈ। ਇਸ ਸਾਲ ਸਾਡੇ ਵਲੋਂ ਚੌਥੀ ਕੈਨੇਡੀਅਨ ਪੰਜਾਬੀ ਕਾਨਫਰੰਸ ਕਰਨਾ ਵੀ ਨਿਸ਼ਚਤ ਸੀ। ਫਾਉਂਡੇਸ਼ਨ ਦੇ ਅਹੁਦੇਦਾਰਾਂ ਨੇ ਇਹ ਸਾਰੀ ਦੀ ਸਾਰੀ ਕਾਨਫਰੰਸ ਗੁਰੂ ਨਾਨਕ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਨ ਦਾ ਫੈਸਲਾ ਕੀਤਾ।

ਕਾਨਫਰੰਸ ਦੀ ਤਿਆਰੀ ਅਤੇ ਪਰਬੰਧ ਲਈ ਅਮਰਜੀਤ ਸਿੰਘ ਸਾਥੀ ਟਿਵਾਣਾ ਨੂੰ ਮੁੱਖ ਸੰਚਾਲਕ ਦੀ ਜਿਮੇਂਵਾਰੀ ਸੌਂਪੀ ਗਈ। ਉਨ੍ਹਾਂ ਜਨਵਰੀ 2019 ਵਿਚ ਪੰਜਾਬੀ ਸਾਹਿਤ, ਸਭਿਆਚਾਰ ਅਤੇ ਕਈ ਧਰਮਾਂ ਦੇ ਵਿਦਵਾਨਾਂ ਨੂੰ "ਸੰਸਾਰ ਦੇ ਪ੍ਰਸੰਗ ਵਿਚ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼" ਬਾਰੇ ਲਿਖਣ ਲਈ ਪਰਚੇ ਦਾ ਸੰਖੇਪ ਭੇਜਣ ਲਈ ਬੇਨਤੀ ਕੀਤੀ। ਕੁਝ ਹੀ ਦਿਨਾਂ ਵਿਚ ਉਨ੍ਹਾਂ ਦੀ ਦ੍ਰਿਸ਼ਟੀਕੋਣ ਦਾ ਬਖਾਨ ਕਰਦੇ ਪੰਜਾਬੀ, ਹਿੰਦੀ ਅਤੇ ਅੰਗਰੇਜੀ ਵਿਚ ਸੰਖੇਪ ਅਤੇ ਪਰਚੇ ਵੀ ਸਾਡੇ ਤਕ ਪਹੁੰਚਣੇ ਸ਼ੁਰੂ ਹੋ ਗਏ। ਪਰਚਿਆਂ ਦੀ ਦੇਖ ਰੇਖ ਅਤੇ ਘੋਖ, ਪੰਜਾਬੀ ਦੀ ਮੈਂ ਅਤੇ ਸਾਥੀ ਟਿਵਾਣਾ, ਹਿੰਦੀ ਰਣਜੀਤ ਦੇਵਗਨ ਅਤੇ ਅੰਗਰੇਜੀ ਡਾ. ਹਰਪਾਲ ਸਿੰਘ ਬੁੱਟਰ ਤੇ ਡਾ. ਸਵਰਨ ਸਿੰਘ ਲਾਲ ਹੋਰਾਂ ਕੀਤੀ।

ਵਿਦਵਾਨਾਂ ਵਲੋਂ ਪਰਚੇ ਖੋਜ ਭਰਪੂਰ ਤੇ ਬੜੀ ਦਿਆਨਤਦਾਰੀ ਨਾਲ ਲਿਖੇ ਹੋਏ ਸਨ ਇਸ ਲਈ ਸਾਨੂੰ ਬਹੁਤੀ ਸੋਧ ਕਰਨ ਦੀ ਲੋੜ ਨਹੀਂ ਪਈ। ਪਰ ਇਸ ਗੱਲ ਦਾ ਧਿਆਨ ਜਰੂਰ ਰੱਖਿਆ ਗਿਆ ਹੈ ਕਿ ਜਾਣੇ ਅਣਜਾਣੇ ਕੋਈ ਇਤਰਾਜ਼ਯੋਗ ਵਾਕ ਜਾਂ ਸ਼ਬਦ ਦਾ ਪ੍ਰਯੋਗ ਨਾ ਹੋ ਗਿਆ ਹੋਵੇ। ਵਿਦਵਾਨਾਂ ਵਲੋਂ ਸਾਨੂੰ 52 ਪਰਚੇ ਭੇਜੇ ਗਏ। ਏਥੇ ਮੈਂ ਵਿਦਵਾਨ ਸੱਜਣਾ ਦਾ ਦਿਲੋਂ ਧਨਵਾਦ ਵੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਸਾਡੇ 'ਤੇ ਭਰੋਸਾ ਕਰਦਿਆਂ ਸਾਨੂੰ ਆਸ ਤੋਂ ਵੱਧ ਸਹਿਯੋਗ ਦਿੱਤਾ। ਗੁਰੂ ਮੇਹਰ ਕਰੇ!

ਅਸੀ ਬੜਾ ਮਾਣ ਮਹਿਸੂਸ ਕਰ ਰਹੇ ਹਾਂ, ਕਿਉਂਕਿ ਅਸੀ ਸਤਿ ਚਿਤ ਆਨੰਦ ਗੁਰੂ ਨਾਨਕ ਦੇਵ ਜੀ ਜੋ ਧੁਰ ਦਰਗਾਹੋਂ ਹੀ ਗੁਰੂ ਹੋ ਕੇ ਆਏ, ਜਿਨ੍ਹਾਂ ਦੇ ਆਉਣ 'ਤੇ ਸਮਾਜਕ ਚੇਤਨਾ ਅਤੇ ਧਾਰਮਿਕ ਸਹਿਣਸ਼ੀਲਤਾ ਵਿਚ ਫਰਕ ਪੈਣਾ ਸ਼ੁਰੂ ਹੋ ਗਿਆ। ਜਿਨ੍ਹਾਂ ਨੇ ਕਰਮ, ਮਿੱਠੀ ਬਾਣੀ ਤੇ ਸ਼ਬਦ ਕੀਰਤਨ ਦੁਆਰਾ ਉੱਚੇ ਆਦਰਸ਼ਕ ਜੀਵਨ ਨੂੰ ਜਿਉਣ ਦਾ ਉਪਦੇਸ਼ ਤੇ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦਾ ਮੂਲ ਮੰਤਰ ਵੀ ਦਿੱਤਾ। ਇਸਤਰੀ ਨੂੰ ਰਾਜਿਆਂ, ਪੀਰਾਂ, ਪੈਗੰਬਰਾਂ ਦੀ ਜਨਣੀ ਕਹਿਕੇ ਵਡਿਆਉਣ ਵਾਲੇ। ਬਾਬਰ ਨੂੰ ਜਾਬਰ ਅਤੇ ਉਸ ਦੀ ਫੌਜ ਨੂੰ ਪਾਪ ਦੀ ਜੰਞ ਕਹਿਣ ਵਾਲੇ। ਗਰੀਬ ਨੂੰ ਨਿਵਾਜਣ ਤੇ ਪਾਪ ਤੇ ਹੱਕ ਦੀ ਕਮਾਈ ਦਾ ਨਿਤਾਰਾ ਕਰਨ ਵਾਲੇ। ਸੱਚਾ ਸੌਦਾ ਕਰਨ ਵਾਲੇ। ਮਨੁੱਖ ਨੂੰ ਅਕਾਲ ਪੁਰਖ ਦੀ ਜੋਤ ਵਿਚੋਂ ਉਪਜਿਆ ਸਮਝਣ ਵਾਲੇ। ਰੱਬੀ ਤੇ ਮਨੁੱਖੀ ਏਕਤਾ ਦਾ ਸੰਦੇਸ਼ ਅਰਥਾਤ 'ਰੱਬ ਇਕ ਹੈ ਉਸ ਤੋਂ

ਸਿਵਾ ਕੋਈ ਨਹੀਂ'। ਗੁਰੂ ਨਾਨਕ ਦੇਵ ਜੀ ਜਿਨ੍ਹਾਂ ਦੀ ਮਹਿਮਾ ਰਬਾਬੀਆਂ, ਭੱਟਾਂ, ਭਾਈ ਗੁਰਦਾਸ, ਭਾਈ ਨੰਦ ਲਾਲ ਹੋਰਾਂ ਨੇ ਗਾਈ, ਉਸ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਅਸੀਂ ਕੈਨੇਡਾ ਦੀ ਰਾਜਧਾਨੀ ਔਟਵਾ ਵਿਚ ਮਨਾ ਰਹੇ ਹਾਂ।

ਏਥੇ ਮੈਂ ਕਰਤਾਰਪੁਰ ਦਾ ਜਿਕਰ ਵੀ ਕਰਨਾ ਚਾਹਾਂਗਾ। ਮਰਦਾਨਾ ਨੂੰ ਲੈ ਕੇ ਸੁਲਤਾਨਪੁਰ ਤੋਂ ਉਦਾਸੀਆਂ ਅਰਥਾਤ ਕਈ ਦੇਸ਼ਾਂ ਅਤੇ ਸ਼ਹਿਰਾਂ ਦੇ ਭ੍ਰਮਣ ਲਈ ਗੁਰੂ ਨਾਨਕ ਦੇਵ ਜੀ ਚੱਲ ਪਏ। ਸ਼ੀਤਲ ਸੁਭਾ ਕਾਰਨ ਤੇ ਬਾਣੀ ਦੀ ਸੱਤਿਆ ਕਾਰਨ ਸਾਰੇ ਹਾਲਾਤਾਂ ਨੂੰ ਨਿਜਿੱਠਦੇ ਕਈ ਸਾਲਾਂ ਤੇ ਹਜ਼ਾਰਾਂ ਮੀਲਾਂ ਦਾ ਸਫਰ ਤਹਿ ਕਰਨ ਉਪਰੰਤ ਰਾਵੀ ਕੰਢੇ ਗੁਰੂ ਜੀ ਨੇ ਡੇਰਾ ਲਾ ਲਿਆ। ਗੁਰੂ ਨਾਨਕ ਦੇਵ ਜੀ ਦੀ ਹਾਜ਼ਰੀ ਵਿਚ ਕਰਤਾਰਪੁਰ ਅਧਿਆਤਮਵਾਦ ਦੀ ਖਿੱਚ ਦਾ ਕੇਂਦਰ ਬਣ ਗਿਆ। ਹਰ ਸਮੇਂ ਅਕਾਲ ਪੁਰਖ ਦਾ ਜਸ ਹੁੰਦਾ ਤੇ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਬੇਅੰਤ ਲੰਗਰ ਚੱਲਦਾ ਰਹਿੰਦਾ। ਕਰਤਾਰਪੁਰ ਵਿਚ ਹੀ ਪਹਿਲੀ ਵਾਰ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਆਏ ਸਨ।

ਅਸੀਂ ਕਿੰਨੇ ਭਾਗਾਂ ਵਾਲੇ ਹਾਂ ਕਿ ਸਾਡੇ ਸਮੇਂ ਵਿਚ ਹੀ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਪੀਰ ਮੰਨਣ ਵਾਲੇ ਭਾਰਤ ਅਤੇ ਪਾਕਿਸਤਾਨ ਦੋਵੇਂ ਦੇਸ਼ ਕਰਤਾਰਪੁਰ ਦਾ ਲਾਂਘਾ ਖੋਲ੍ਹਣ ਲਈ ਰਾਤ ਦਿਨ ਇਕ ਕਰ ਰਹੇ ਹਨ। ਪੂਰਨ ਆਸ ਹੈ ਕਿ ਇਸ ਸਾਲ ਦੇ ਅੰਦਰ ਹੀ ਲਾਂਘਾ ਖੁੱਲ੍ਹ ਜਾਏਗਾ। ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਸਾਰਥਕਤਾ ਤੇ ਮਹਾਂਨਤਾ ਹੋਰ ਵੀ ਕਈ ਗੁਣਾ ਵਧ ਜਾਏਗੀ।

ਇਸ ਵਿਸ਼ੇਸ਼ ਅਵਸਰ 'ਤੇ ਪੰਜਾਬੀ ਹੈਰੀਟੇਜ ਫਾਉਂਡੇਸ਼ਨ ਵਲੋਂ ਤਕਰੀਬਨ 500 ਪੰਨਿਆਂ ਦੀ ਪੁਸਤਕ "**ਗੁਰੂ ਨਾਨਕ ਚਿੰਤਨ**" ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਅਕਸਰ ਅਜਿਹਾ ਕਾਰਜ ਹਕੂਮਤਾਂ, ਯੂਨੀਵਰਸਿਟੀਆਂ ਜਾਂ ਫਿਰ ਵੱਡੇ ਪ੍ਰਕਾਸ਼ਕਾਂ ਵਲੋਂ ਕੀਤਾ ਜਾਂਦਾ ਹੈ, ਪਰ ਇਸ ਕਾਰਜ ਨੂੰ ਫਾਂਉਂਡੇਸ਼ਨ ਨੇ ਨੇਪਰੇ ਚੜ੍ਹਾਇਆ ਹੈ। ਮੈਨੂੰ ਇਸ ਗੱਲ ਦਾ ਮਾਣ ਹੈ ਕੀ ਮੈਂ ਇਸ ਸੰਸਥਾ ਦਾ ਪ੍ਰਧਾਨ ਹਾਂ ਤੇ ਸਾਰੇ ਅਹੁਦੇਦਾਰਾਂ ਦੇ ਸਹਿਯੋਗ ਨਾਲ ਇਹ ਪੁਸਤਕ ਹੋਂਦ ਵਿਚ ਆਈ ਹੈ। ਇਕ ਵਾਰ ਫਿਰ ਵਿਦਵਾਨ ਸੱਜਣਾਂ ਦਾ ਬਹੁਤ ਬਹੁਤ ਧੰਨਵਾਦ।

**ਮਿੱਤਰ ਰਾਸ਼ਾ**

# ਕਿਰਤ ਦਾ ਸਨਮਾਨ – Dignity of Labour

**ਅਮ੍ਰਿਤ ਪਾਲ ਕੌਰ**

ਮਾਨਵ ਸਮਾਜ ਵਿੱਚ ਨਾਸੂਰ ਬਣ ਚੁੱਕੀਆਂ ਕੁਰੀਤੀਆਂ ਦੇ ਨਿਵਾਰਣ ਲਈ ਗੁਰੂ ਨਾਨਕ ਸਾਹਿਬ ਦੇ ਸਿਰਜੇ ਸਿਧਾਂਤਾਂ ਦੇ ਦਰਸਾਏ ਜੀਵਨ ਮਾਰਗ ਵਿੱਚ ਇੱਕ ਅਜਿਹਾ ਦਸ ਨੁਕਾਤੀ ਪੌੜੀ ਵਿਧਾਨ ਪ੍ਰਦਰਸ਼ਤ ਹੁੰਦਾ ਹੈ ਜੋ ਅਜੋਕੇ ਜੀਵਨ ਨੂੰ ਅਰੋਗ ਕਰਨ ਹਿੱਤ ਭਰਪੂਰ ਸਹਾਇਤਾ ਕਰ ਸਕਦਾ ਹੈ । ਜੇਕਰ ਠੀਕ ਪ੍ਰਸੰਗ ਵਿੱਚ ਇਸ ਨੂੰ ਮਾਨਵ ਸਮਾਜ ਦਾ ਅੰਗ ਬਣਾ ਲਿਆ ਜਾਵੇ । ਇਨ੍ਹਾਂ ਦਸਾਂ ਨੁਕਤਿਆਂ ਵਿੱਚੋਂ ਦੋ ਨੁਕਤੇ ਮੈਂ ਹਥਲੇ ਵਿਸ਼ੇ ਦਾ ਅੰਗ ਬਣਾਏ ਹਨ:- ਕਿਰਤ ਕਮਾਈ ਅਤੇ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਗੁਰੂ ਸਿਧਾਂਤ – ਪਰਾਇਆ ਹੱਕ ਨਾ ਖੋਹਣਾ।[1]

ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਮਹਾਨ ਇਨਕਲਾਬੀ ਉਪਦੇਸ਼ਕ ਸਨ ਜਿਨ੍ਹਾਂ ਧਰਮ ਨਿਰਪੱਖਤਾ (secularism) ਦਾ ਸੰਕੇਤ ਦਿੱਤਾ। ਕਿਰਤ ਕਮਾਈ ਨੂੰ ਕਰਤੇ ਦੀ ਸ਼੍ਰੋਮਣੀ ਪੂਜਾ ਆਖ ਕੇ ਉਨ੍ਹਾਂ ਜ਼ਿੰਦਗੀ ਦੇ ਮੁੱਖ ਉਸਰੱਈਏ ਕਾਮੇ ਅਤੇ ਕਿਸਾਨ ਦਾ ਉਤਸ਼ਾਹ ਸਿਖਰ ਚਾੜ੍ਹ ਦਿੱਤਾ। ਬਾਬੇ ਨਾਨਕ ਦੇ ਧਰਮ ਦੀ ਉੱਚਤਾ ਹੀ ਇਸੇ ਗੱਲ ਵਿੱਚ ਹੈ ਕਿ ਇਹ ਅਮਲੀ ਧਰਮ ਹੈ। ਇਹ ਗਰੀਬਾਂ ਦਾ ਧਰਮ ਹੈ, ਹਰੇਕ ਦਾ ਧਰਮ ਹੈ, ਮਨੁੱਖਤਾ ਦਾ ਧਰਮ ਹੈ । ਬਾਬੇ ਨਾਨਕ ਦਾ ਧਰਮ ਹੈ -- ਖਿਮਾ, ਸੰਤੋਖ, ਮਿਹਰ, ਹੱਕ ਹਲਾਲ, ਸੀਲ, ਕਰਣੀ ਅਤੇ ਸੱਚ। ਬਾਬੇ ਨਾਨਕ ਨੇ ਫੁਰਮਾਇਆ ਹੈ :- 'ਗਲੀ ਭਿਸਤਿ ਨਾ ਜਾਈਐ ਛੁਟੈ ਸਚ ਕਮਾਇ॥[2]

ਭਾਵ ਸੱਚ ਨੂੰ ਅਮਲੀ ਜੀਵਨ ਵਿੱਚ ਵਰਤਿਆਂ ਹੀ ਨਿਜਾਤ ਮਿਲਦੀ ਹੈ। ਧਰਮ ਦਾ ਸਹੀ ਸੰਕਲਪ ਬੰਦਗੀ, ਸੱਚਾਈ, ਨੇਕ ਕ੍ਰਿਤ, ਦਸਵੰਧ ਅਤੇ ਵੰਡ ਛਕਣ ਦੇ ਅਮਲੀ ਜੀਵਨ ਸਿਧਾਂਤਾਂ ਨਾਲ ਸੰਜੁਗਤ ਹੈ। ਨੇਕ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ ਇੱਕ ਅਜਿਹਾ ਸਰਲ ਸਬਕ ਸੀ ਜਿਸ ਨੂੰ ਧੰਨ ਗੁਰੂ ਨਾਨਕ ਦੇਵ ਜੀ ਹਰ ਕਿਸੇ ਨੂੰ ਵੱਖ ਵੱਖ ਢੰਗਾਂ ਨਾਲ ਕੰਠ ਕਰਵਾਉਂਦੇ ਰਹੇ ਅਤੇ ਵਾਤਾਵਰਨ ਨੂੰ ਫੋਕਟ ਭਰਮਾਂ, ਵਹਿਮਾਂ, ਰਸਮਾਂ ਰਿਵਾਜਾਂ ਤੋਂ ਪਾਕ (ਸਾਫ) ਕਰਨ ਹਿੱਤ ਸਦਾ ਤਤਪਰ ਰਹੇ ਅਤੇ ਆਰਥਿਕ ਜੀਵਨ ਵਿੱਚ ਨੇਕ ਕਿਰਤ (ਸੁਕ੍ਰਿਤ) ਦਾ ਬੋਲ ਬਾਲਾ ਕਰਦੇ ਰਹੇ। ਇਹ ਇੱਕ ਇਨਕਲਾਬੀ ਸੋਚ ਸੀ, ਦਲੇਰੀ ਭਰਿਆ ਸੰਦੇਸ਼ ਸੀ ਅਤੇ ਮਾਣ ਜਨਕ ਅਮਲ ਸੀ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖੀ ਦੇ ਤਿੰਨ ਸਤੰਭਾਂ ਬਾਰੇ ਫੁਰਮਾਉਂਦੇ ਹਨ ਕਿ ਇਨਸਾਨ ਵਿੱਚ ਤਿੰਨ ਮੁੱਢਲੀਆਂ ਸਿਫਤਾਂ ਦਾ ਪਸਾਰ ਅੱਤ ਲਾਜਮੀ ਹੈ । ਉਹ ਤਿੰਨ ਸਿਫ਼ਤਾਂ ਹਨ : 1) ਧਰਮੀ ਅਤੇ ਨੇਕ ਕਿਰਤ ਕਰਨਾ ਤਾਂ ਕਿ ਇਸ ਸੱਚੀ ਕਿਰਤ ਦੁਆਰਾ ਉਹ ਇੱਕ ਬਾ-ਇੱਜ਼ਤ ਸ਼ਹਿਰੀ ਵਾਂਗ ਆਪਣਾ ਵਸੇਬਾ ਕਰ ਸਕੇ 2) ਨਾਮ ਜਪਣਾ ਤਾਂ ਕਿ ਮਨੁੱਖ ਵਿੱਚ ਅਕਾਲ ਪੁਰਖ ਦਾ ਪਿਆਰ ਬਣਿਆ ਰਹੇ ਤੇ 3) ਵੰਡ ਛਕਣਾ ਤਾਂ ਕਿ ਉਹ ਆਪਣੀ ਕਿਰਤ ਕਮਾਈ ਵਿੱਚੋਂ ਕਿਸੇ ਗਰਜ਼ ਮੰਦ ਦੀ ਮੱਦਦ ਕਰਕੇ ਸੰਸਾਰ ਦੇ ਹੋਰ ਮਨੁੱਖਾਂ ਨਾਲ ਭਰਾਤਰੀ ਭਾਵਾਂ ਨੂੰ ਵਿਕਸਤ ਕਰਕੇ ਆਪਸੀ ਸਾਂਝ ਪੈਦਾ ਕਰਨ ਵਿੱਚ ਆਪਣਾ ਯੋਗਦਾਨ ਪਾ ਸਕੇ।

**ਕਿਰਤ ਦਾ ਸੰਕਲਪ:-**

**ਮਹਾਨ ਕੋਸ਼ ਅਨੁਸਾਰ ਕਿਰਤ ਤੋਂ ਭਾਵ ਕਰਮ, ਕੰਮ।**

**'ਧਰਮ ਕਿਰਤ ਕਰਿ ਸੰਤਨ ਸੇਵੈ॥'**[3]

ਕਿਰਤ ਕੇਵਲ ਮਜ਼ਦੂਰੀ ਕਰਨਾ ਹੀ ਨਹੀਂ ਹੈ। ਕਿਰਤ ਦੇ ਹੋਰ ਵੀ ਕਈ ਤਰੀਕੇ ਹਨ ਜਿਵੇਂ ਕਿ ਦਿਮਾਗ ਦੀ ਵਰਤੋਂ ਕਰਕੇ ਮਨੁੱਖਤਾ ਦੀ ਸੇਵਾ ਕਰਨੀ, ਕਲਮ ਰਾਹੀਂ ਲੋਕਾਂ ਵਿੱਚ ਵਧੀਆ ਗਿਆਨ ਵੰਡਣਾ, ਪੜ੍ਹਨਾ ਪੜ੍ਹਾਉਣਾ ਅਤੇ ਬੱਚਿਆਂ ਦਾ ਆਪਣੇ ਮਾਤਾ ਪਿਤਾ ਦੇ ਘਰੇਲੂ ਕੰਮਾਂ ਵਿੱਚ ਹੱਥ ਵਟਾਉਣਾ ਸਭ ਕਿਰਤ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਕਿਰਤ ਕਰਨ ਵਾਲਾ ਕਦੇ ਭੁੱਖਾ ਨਹੀਂ ਮਰਦਾ ਅਤੇ ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ। ਗੁਰਮਤਿ ਦੇ ਮੁਢਲੇ ਤਿੰਨ ਨਿਯਮਾਂ---'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਵਿੱਚ ਕਿਰਤ ਨੂੰ ਪਹਿਲੇ ਸਥਾਨ ਤੇ ਰੱਖਿਆ ਗਿਆ ਹੈ। ਸਪਸ਼ਟ ਹੈ ਕਿ ਕਿਰਤ ਕਰਕੇ ਹੀ ਨਾਮ ਜਪਣ ਅਤੇ ਵੰਡ ਛਕਣ ਦੇ ਕਾਰਜ ਹੋ ਸਕਦੇ ਹਨ। ਬਿਨਾਂ ਕਿਰਤ ਦੇ  ਨਹੀਂ । ਕਿਰਤ ਅਤੇ  ਸੁੱਚੀ ਕਿਰਤ ਵਿੱਚ ਅੰਤਰ:--- ਗੁਰੂ ਸਾਹਿਬਾਨ ਦਾ ਫੁਰਮਾਨ, ਨਾਨਕ ਸੋ ਪ੍ਰਭ ਸਿਮਰੀਐ ਤਿਸੁ ਦੇਹੀ ਕੋ ਪਾਲਿ ॥[4] ਇਸੇ ਨੁਕਤੇ ਵੱਲ ਇਸ਼ਾਰਾ ਕਰਦਾ ਹੈ ਕਿ ਦੇਹੀ ਨੂੰ ਪਾਲਦਿਆਂ ਹੋਇਆਂ ਪ੍ਰਭੂ ਦਾ ਸਿਮਰਨ ਕਰਨਾ ਹੈ। ਸਰੀਰ ਦੀ ਪਾਲਣਾ ਪੋਸ਼ਣਾ ਲਈ ਕੋਈ ਨਾ ਕੋਈ ਕਿਰਤ ਜ਼ਰੂਰੀ ਹੈ। ਕਿਰਤ ਕਰਨ ਦੀ ਜੁਗਤ ਐਸੀ ਹੋਵੇ ਕਿ ਇਹ ਸੁੱਚੀ ਕਿਰਤ ਬਣ ਜਾਏ ।ਕਿਰਤ ਜੇ ਸੁਕਿਤ  ਨਹੀਂ ਤਾਂ ਵਿਕਾਰ ਪੈਦਾ ਹੋਣੇ ਕੁਦਰਤੀ ਹਨ। ਕਿਰਤ ਤੋਂ ਭਾਵ ਇਮਾਨਦਾਰੀ ਤੇ ਮਿਹਨਤ ਨਾਲ ਆਪਣੀ ਰੋਜ਼ੀ ਪੈਦਾ ਕਰਨਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਰੱਬ ਦਾ ਰਾਹ ਉਹੀ ਪਛਾਣ ਸਕਦੇ ਹਨ ਜੋ ਲੋਕ ਪਸੀਨੇ ਦੀ ਕਮਾਈ ਕਰਦੇ ਹਨ ਤੇ ਉਸ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕਰਦੇ ਹਨ।ਪਵਿੱਤਰ ਗੁਰ ਫੁਰਮਾਨ ਹੈ;

**'ਘਾਲ ਖਾਇ ਕਿਛੁ ਹਥਹੁ ਦੇਇ ਨਾਨਕੁ ਰਾਹੁ ਪਛਾਣਹਿ ਸੇਇ'॥**[5]

ਗੁਰੂ ਨਾਨਕ ਦੇਵ  ਜੀ ਦਾ ਕਥਨ ਹੈ ਕਿ ਐਸੀ ਘਾਲ ਕਰੋ ਕਿ ਸਾਰੀ ਮਨੁੱਖਤਾ ਨਾਲ ਤੁਹਾਡਾ ਮੇਲ ਰਹੇ, ਤੁਹਾਡੀ ਕਿਰਤ ਵਿੱਚ ਵੀ ਦੂਜੇ ਦੀ ਬਿਹਤਰੀ ਲਈ ਤਾਂਘ ਹੋਵੇ ਤੁਹਾਡੇ ਵਿਹਾਰ ਵਿੱਚ ਨੇਕ ਨੀਤੀ ਹੋਵੇ, ਤੁਹਾਡੀ ਭਾਵਨਾ ਵਿਚ ਸਦਭਾਵਨਾ ਹੋਵੇ ਅਤੇ 'ਸਭਸੈ ਲਏ ਮਿਲਾਇ' ਦਾ ਡੂੰਘਾ ਆਧਾਰ ਹੋਵੇ।[6]

ਗੁਰੂ ਨਾਨਕ ਸਾਹਿਬ ਦੀ ਕਿਰਪਾ ਦ੍ਰਿਸ਼ਟੀ ਸਦਕਾ ਸੁੱਚੀ ਕਿਰਤ ਤੇ ਗ੍ਰਿਹਸਤੀ ਜੀਵਨ ਦੀ ਮਰਿਆਦਾ ਨੂੰ ਸਤਿਕਾਰਿਆ ਜਾਣ ਲੱਗਾ । ਉਪਰੋਕਤ ਪੰਗਤੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਨੂੰ ਘਾਲਣਾ ਘਾਲਕੇ, ਚੰਗੀ ਕਿਰਤ ਕਰਕੇ ,ਦਸਾਂ ਨਹੁੰਆਂ ਦੀ ਕਮਾਈ ਕਰਕੇ ਆਪਣਾ ਨਿਰਬਾਹ ਕਰਨਾ ਚਾਹੀਦਾ ਹੈ ਅਤੇ ਉਸ ਵਿੱਚੋਂ ਵੀ ਕੁਝ ਦੂਜੇ ਲਈ ਕੱਢਣਾ ਜ਼ਰੂਰੀ ਹੈ । ਇਸ ਤਰ੍ਹਾਂ ਕਰਨ ਨਾਲ ਦੂਜੇ ਪ੍ਰਤੀ ਦਇਆ, ਹਮਦਰਦੀ ਤੇ ਸੰਤੋਖ ਉਤਪੰਨ ਹੁੰਦਾ ਹੈ। ਜੋ ਮਨੁੱਖ ਮਾਤਰ ਵਿੱਚ ਧਰਮ ਉਜਾਗਰ ਕਰਦੇ ਹਨ। ਪਰ ਅਫਸੋਸ ਦੀ ਗੱਲ ਹੈ ਇਤਨੀਆਂ ਬਿਹਤਰੀਨ ਹਦਾਇਤਾਂ , ਤਾਕੀਦਾਂ ਅਤੇ ਉਪਦੇਸ਼ਾਂ ਦੇ ਹੁੰਦਿਆਂ ਹੋਇਆਂ ਵੀ ਅਸੀਂ ਫਰੇਬ ਭਰੀ ਜ਼ਿੰਦਗੀ ਵਿੱਚ ਦਿਨ ਪ੍ਰਤੀ ਦਿਨ ਖਚਤ ਹੁੰਦੇ ਜਾ ਰਹੇ ਹਾਂ।[7]

ਗਉੜੀ ਰਾਗ ਅੰਦਰ ਗੁਰੂ ਨਾਨਕ ਦੇਵ ਜੀ ਸੋਝੀ ਬਖ਼ਸ਼ਦੇ ਹਨ ਕਿ ਕੀਤੀ ਹੋਏ ਨੇਕ ਕਮਾਈ

ਇਨਸਾਨ ਦੇ ਨਾਲ ਨਿਭਦੀ ਹੈ ਜੇ ਇਹ ਮਨੁੱਖਾਂ ਜਨਮ ਗਵਾ ਲਿਆ ਤਾਂ ਮੁੜ ਛੇਤੀ ਵਾਰੀ ਨਹੀਂ ਮਿਲੇਗੀ। ਗੁਰ- ਫੁਰਮਾਨ ਹੈ:

**'ਸੁਕਿਤ ਕੀਤਾ ਰਹਸੀ ਮੇਰੇ ਜੀਅੜੇ ਬਹੁੜ ਨਾ ਆਵੈ ਵਾਰੀ॥**[8]

ਕਿਰਤ ਦਾ ਸਤਿਕਾਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਨੇਕ ਕਮਾਈ ਦੁਆਰਾ ਰਿਜਕ ਦੀ ਉਪਜੀਵਕਾ ਨੂੰ ਆਪਣਾ ਆਹਾਰ ਬਣਾਓ। ਆਪ ਜੀ ਦਾ ਅਮਰ ਫੁਰਮਾਨ ਹੈ:

**'ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥ ਗੁਰਪੀਰ ਹਾਮਾ ਤਾਂ ਭਰੇ ਜਾਂ ਮੁਰਦਾਰੁ ਨਾ ਖਾਇ ॥'**[9]

ਭਾਵ ਪਰਾਇਆ ਹੱਕ ਮੁਸਲਮਾਨ ਲਈ ਸੂਰ ਅਤੇ ਹਿੰਦੂ ਲਈ ਗਾਂ ਦਾ ਮਾਸ ਖਾਣ ਦੇ ਬਰਾਬਰ ਹੈ। ਭਾਈ ਲਾਲੋ ਦੀ ਕੋਧਰੇ ਦੀ ਰੋਟੀ ਸਵੀਕਾਰ ਕਰਕੇ ਗੁਰੂ ਜੀ ਨੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਉੱਪਰ ਛਾਪ ਲਾਈ ਅਤੇ ਮਲਕ ਭਾਗੋ ਦੇ ਕਈ ਕਈ ਪ੍ਰਕਾਰ ਦੇ ਸੁਆਦੀ ਭੋਜਨ ਠੁਕਰਾਂਦੇ ਹੋਏ ਦੱਸਿਆ ਕਿ ਹੱਕ ਹਲਾਲ ਦੀ ਕਮਾਈ ਦੁੱਧ ਹੈ ਪਰ ਹਰਾਮ ਦੀ ਕਮਾਈ ਲਹੂ ਹੈ । ਇਹ  ਅਪਵਿੱਤਰ ਹੈ। ਅਜੋਕੇ ਸਮੇਂ ਦੇ ਮਕਬੂਲ ਸ਼ਾਇਰ ਸਰਦਾਰ ਕਰਮਜੀਤ ਸਿੰਘ ਜੀ ' ਨੂਰ' ਆਪਣੀ ਕਵਿਤਾ 'ਸਤਿਗੁਰ ਨਾਨਕ ਪ੍ਰਗਟਿਆ' ਵਿੱਚ ਉਪਰੋਕਤ ਭਾਵ ਨੂੰ ਕਾਵਿ ਰੂਪ ਵਿੱਚ ਲਿਖਦੇ ਹਨ:

**'ਦੁੱਧ ਕੱਢ ਕੇ ਕਿਰਤ ਦੇ ਕੋਧਰੇ 'ਚੋਂ, ਕਿਰਤੀ ਲੋਕਾਂ ਦਾ ਮਾਣ ਵਧਾ ਦਿੱਤਾ ।**
**ਪੂੜੀ ਪਾਪ ਦੀ ਪਕੜ ਕੇ ਜਦੋਂ ਘੁੱਟੀ, ਲਹੂ ਲੋਕਾਂ ਦਾ ਚੋਂਦਾ ਵਿਖਾ ਦਿੱਤਾ।'**[11]

ਭਾਈ ਨੰਦ ਲਾਲ ਜੀ 'ਸੱਚੀ ਕਿਰਤ ਦੀ ਮਹਿਮਾ' ਤੇ ਵੰਡ ਛਕਣ ਦੇ ਅਕੀਦੇ ਦੇ ਧਾਰਨੀ ਬਾਰੇ ਲਿਖਿਆ ਹੈ ਕਿ ਉਹ ਹਰ ਥਾਂ ਜੱਸ ਖੱਟਦਾ ਹੈ।

'ਦਸ ਨਖ (ਦਸਾਂ ਨਹੁੰ) ਕਰ ਜੋ ਕਾਰ ਕਮਾਵੈ। ਤਾਂ ਕਰ ਜੋ ਧਨ ਘਰ ਮੈ ਆਵੈ। ਤਿਸ ਤੇ ਗੁਰ ਦਸੌਂਧ (ਦਸਵੰਧ) ਜੋ ਦੇਈ ਸਿੰਘ ਸੁਯਸ਼ ਬਹੁ ਜਗ ਮਹਿ ਲੇਈ'[12]

ਕਿਰਤ ਹੀ ਪੂਜਾ ਹੈ। ਕਵੀ ਸੁਰਜੀਤ ਸਿੰਘ ' ਜੀਤ' ਲਿਖਦੇ ਹਨ:

'ਸੱਚੀ ਸੁੱਚੀ ਕਿਰਤ ਜੋ ਕਰਦਾ, ਪ੍ਰਸੰਨ ਹੁੰਦਾ ਭਗਵਾਨ। ਧਰਮ ਦੀ ਕਿਰਤ ਹੀ ਰੱਬ ਦੀ ਪੂਜਾ, ਕਰੇ ਕੋਈ ਇਨਸਾਨ'।[13]

ਜਗਤ ਸੁਧਾਰਕ ਸਤਿਗੁਰੂ ਨਾਨਕ ਸਮੇਂ ਦੇ ਪੰਡਿਤ ਮੁੱਲਾਂ ਪੀਰਾਂ ਫ਼ਕੀਰਾਂ ਜੋਗੀਆਂ ਨੂੰ ਉਪਦੇਸ਼ ਬਖਸ਼ਦੇ ਹੋਏ ਸਾਰੰਗ ਰਾਗ ਅੰਦਰ ਫਰਮਾਉਂਦੇ ਹਨ ਕਿ ਪੰਡਿਤ ਪ੍ਰਮਾਤਮਾ ਦੇ ਭਜਨ ਤਾਂ ਗਾਉਂਦਾ ਹੈ ਪਰ ਆਪ ਸਮਝ ਤੋਂ ਸੱਖਣਾ ਹੈ। ਮੁੱਲਾਂ ਨੇ ਵੀ ਬਾਂਗ ਨਮਾਜ਼ ਦੀ ਕਿਰਿਆ ਨੂੰ ਰੋਟੀ ਦਾ ਵਸੀਲਾ ਬਣਾਇਆ ਹੋਇਆ ਹੈ। ਗੁਰ ਫੁਰਮਾਨ ਹੈ :

**'ਗੁਰ ਪੀਰ ਸਦਾਏ ਮੰਗਣ ਜਾਇ॥ ਤਾਕੈ ਮੂਲ ਨਾ ਲਗੀਐ ਪਾਇ॥'**[14]

ਭਾਈ ਗੁਰਦਾਸ ਜੀ ਅਨੁਸਾਰ ਕਿਰਤ ਦਾ ਸਨਮਾਨ:- ਭਾਈ ਗੁਰਦਾਸ ਜੀ ਗੁਰਮਤਿ ਦੇ ਮਹਾਨ

ਵਿਆਖਿਆਕਾਰ ਅਤੇ ਮਹਾਂ ਲਿਖਾਰੀ ਹਨ। ਇਨ੍ਹਾਂ ਦੀ ਅਦੁੱਤੀ ਰਚਨਾ 'ਵਾਰਾਂ ਗਿਆਨ ਰਤਨਾਵਲੀ' ਪੰਜਾਬੀ ਦੀ ਬੜੀ ਪ੍ਰਸਿੱਧ ਰਚਨਾ ਹੈ। ਆਪ ਜੀ ਦੀ ਸਮੁੱਚੀ ਰਚਨਾ ਨੂੰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਗੁਰਬਾਣੀ ਦੀ ਕੁੰਜੀ' ਕਹਿ ਕੇ ਨਿਵਾਜਿਆ। ਭਾਈ ਸਾਹਿਬ ਜੀ ਨੇ ਆਪਣੀਆਂ ਵਾਰਾਂ ਵਿੱਚ ਗੁਰਮਤਿ ਫ਼ਿਲਾਸਫ਼ੀ ਦੇ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ ।ਉਨ੍ਹਾਂ ਨੇ ਆਪਣੀਆਂ ਵਾਰਾਂ ਵਿੱਚ ਸੱਚੀ ਸੁੱਚੀ ਕਿਰਤ ਦਾ ਸਨਮਾਨ ਕੀਤਾ ਹੈ, ਮਾਣ ਕੀਤਾ ਹੈ ।ਗੁਰਸਿਖ ਦੀ ਨਿੱਤ ਕਿਰਿਆ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਧਰਮ ਦੀ ਕਮਾਈ ਭਾਵ ਦੱਸਾਂ ਨਹੁੰਆਂ ਦੀ ਕਿਰਤ ਕਰਕੇ ਉਹ ਆਪਣੀ ਉਪਜੀਵਕਾ ਤੋਰਦਾ ਹੈ ਅਤੇ ਉਸ ਕਮਾਈ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕਰਦਾ ਹੈ ਅਤੇ ਪਿੱਛੋਂ ਜੋ ਬਚ ਜਾਵੇ ਉਹ ਆਪ ਖਾਂਦਾ ਹੈ। ਕਥਨ ਹੈ।[15]

**'ਕਿਰਤ ਵਿਰਤ ਕਰ ਧਰਮ ਦੀ ਲੈ ਪ੍ਰਸਾਦ ਆਣਿ ਵਰਤੰਦਾ।#**[16]
**'ਕਿਰਤ ਵਿਰਤ ਕਰ ਧਰਮ ਦੀ ਖਟਿ ਖਵਾਲਣ ਕਰਿ ਕਰੇਹੀ'।**[17]
**'ਕਿਰਤਿ ਵਿਰਤਿ ਕਰ ਧਰਮ ਦੀ, ਹਥਹੁ ਦੇ ਕੇ ਭਲਾ ਮਨਾਵੈ'।**[18]
**'ਘਾਲ ਖਾਇ ਗੁਰਸਿੱਖ ਮਿਲ ਖਾਣਾ'।**[19]

ਗੁਰਸਿੱਖ ਧਰਮ ਦੀ ਕਮਾਈ ਕਰਕੇ ਗੁਰ ਸਿੱਖਾਂ ਨਾਲ ਮਿਲ ਕੇ (ਵੰਡ ਕੇ) ਖਾਂਦਾ ਹੈ ।ਗੁਰਮੁਖ ਧਰਮ ਦੀ ਕਿਰਤ ਕਰਕੇ ਅਤੇ ਉਸ ਵਿੱਚੋਂ ਦਸਵੰਧ ਤੇ ਹੋਰ ਦਾਨ ਹੱਥੋਂ ਦੇ ਕੀ ਭਲਾ ਮਨਾਉਂਦੇ ਹਨ। ਗੁਰਸਿੱਖ ਧਰਮ ਦੀ ਕਮਾਈ ਕਰਕੇ ਆਪ ਖਾਵੇ ਤੇ ਅੱਗੋਂ ਲੋੜਵੰਦਾਂ ਦੀ ਸੇਵਾ ਕਰੇ ਤੇ ਸਤਿਗੁਰੂ ਜੀ ਦੇ ਉਪਦੇਸ਼ ਵਿੱਚ ਵਿਸ਼ੇਸ਼ ਕਰਕੇ ਪ੍ਰਵੇਸ਼ ਕਰੇ।

**'ਘਾਲ ਖਾਇ ਸੇਵਾ ਕਰੈ ਗੁਰ ਉਪਦੇਸੁ ਅਵੇਸੁ ਵਿਸੇਖੈ।'**[20]

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸਿੱਖ ਦੀ ਨਿੱਤ ਕਮਾਈ ਵਿੱਚ ਸਿੱਖ ਧਰਮ ਦੀ ਕਿਰਤ ਕਰਕੇ ਖਾਏ, ਚੰਗੇ ਕੰਮ ਕਰੇ ਤੇ ਵੱਡਾ ਹੋ ਕੇ ਵੀ ਆਪਣੇ ਆਪ ਨੂੰ ਨਾ ਜਣਾਇ ਭਾਵ ਹਉਮੈ ਨਾ ਕਰੇ ।

**'ਘਾਲ ਖਾਇ ਸੁਕ੍ਰਿਤ ਕਰੇ ਵੱਡਾ ਹੋਇ ਨਾ ਆਪ ਗਣਾਇ।'**[21]

**ਗੁਰੂ ਸਹਿਬਾਨ ਅਤੇ ਕਿਰਤ ਦਾ ਸਨਮਾਨ** :- ਦਸ ਗੁਰੂ ਸਾਹਿਬਾਨ ਵੱਲੋਂ ਮਹਾਨ ਘਾਲਣਾਵਾਂ ਘਾਲ ਕੇ ਮਨੁੱਖਤਾ ਦੇ ਕਲਿਆਣ ਹਿੱਤ ਬਖਸ਼ਿਸ਼ ਕੀਤੀ ਗਈ ਜੀਵਨ ਜਾਚ ਵਿੱਚ ਕਿਰਤ ਦਾ ਸਤਿਕਾਰ ਕੀਤਾ ਗਿਆ ਹੈ। ਸਿੱਖ ਮੱਤ ਦੇ ਬਾਨੀ ਸਾਹਿਬ ਗੁਰੂ ਨਾਨਕ ਪਾਤਸ਼ਾਹ ਨੇ ਗਊਆਂ ਮੱਝੀਆਂ ਵੀ ਚਾਰੀਆਂ, ਆਪ ਕਿਰਤ ਕੀਤੀ, ਮੋਦੀਖਾਨੇ ਵਿੱਚ ਬੈਠੇ ਤਾਂ ਹਰ ਲੋੜਵੰਦ ਦੀ ਸਹਾਇਤਾ ਕੀਤੀ। ਹੱਥੀਂ ਕਰਤਾਰਪੁਰ (ਪਾਕਿਸਤਾਨ) ਵਿਖੇ ਕਿਰਸਾਣੀ ਕੀਤੀ। ਆਪ ਜੀ ਦੇ ਨਾਲ ਜਦੋਂ ਭਾਈ ਲਹਿਣਾ ਜੀ ਦਾ ਪਹਿਲਾ ਮਿਲਾਪ ਹੋਇਆ, ਉਸ ਵੇਲੇ ਦਾ ਦ੍ਰਿਸ਼ ਉਨ੍ਹਾਂ ਦੇ ਸਿਦਕਵਾਨ ਕਿਰਤੀ ਹੋਣ ਦਾ ਅਕੱਟ ਸਬੂਤ ਹੈ। ਗੁਰੂ ਨਾਨਕ ਸਾਹਿਬ ਨੇ ਸੱਜਣ ਜਿਹੇ ਠੱਗ ਨੂੰ ਕਿਰਤ ਕਰਨ ਦਾ ਉਪਦੇਸ਼ ਦਿੱਤਾ ।ਗੁਰੂ ਸਾਹਿਬ ਨੇ ਗ੍ਰਹਿਸਤ ਮਾਰਗ ਨੂੰ ਉੱਚਾ ਦੱਸਿਆ। ਆਪ ਗ੍ਰਹਿਸਤ ਜੀਵਨ ਵਿੱਚ ਰਹੇ ਅਤੇ ਇਸ ਦੀ ਮਹਾਨਤਾ ਦ੍ਰਿੜ੍ਹ ਕਰਵਾਈ ਅਤੇ ਆਪਣੇ ਸਿੱਖਾਂ ਨੂੰ ਵੀ ਇਸੇ ਰਾਹ ਤੇ ਚੱਲਣ ਦੀ ਪ੍ਰੇਰਨਾ ਕੀਤੀ। ਆਪ ਜੀ ਨੇ ਇਹ ਦ੍ਰਿੜ੍ਹ ਕਰਵਾਇਆ ਕਿ

ਹੱਥੀਂ ਕਿਰਤ ਕਰਕੇ ਉਸ ਵਿੱਚੋਂ ਜੇਕਰ ਇਸ ਦੁਨੀਆਂ ਵਿੱਚ ਕਿਸੇ ਲੋੜਵੰਦ ਦੀ ਸਹਾਇਤਾ ਕੀਤੀ ਜਾਵੇ ਤਾਂ ਦਰਗਾਹ ਵਿੱਚ ਇਸ ਦਾ ਫਲ ਜ਼ਰੂਰ ਮਿਲੇਗਾ।[22] ਭਾਵ ਕਿਸੇ ਦਾ ਅਪੜਾਇਆ ਹੋਇਆ ਅੱਗੇ ਕੀ ਮਿਲਣਾ ਹੈ ਅਗਾਂਹ ਤਾਂ ਮਨੁੱਖ ਨੂੰ ਉਹੀ ਕੁਝ ਮਿਲਦਾ ਹੈ ਜੋ ਖੱਟਦਾ ਹੈ ਕਮਾਉਂਦਾ ਹੈ ਤੇ ਹੱਥੀਂ ਦਿੰਦਾ ਹੈ। ਗੁਰੂ ਜੀ ਦਾ ਫੁਰਮਾਨ ਹੈ:-- 'ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।'[23]

ਸਿੱਖ ਰਹਿਤ ਦੇ ਤਿੰਨ ਪ੍ਰਮੁੱਖ ਅਸੂਲ ਕਿਰਤ ਸੇਵਾ ਤੇ ਨਾਮ ਹੈ ।ਗੁਰੂ ਨਾਨਕ ਦੇਵ ਜੀ ਅਨੁਸਾਰ ਕਿਰਤ ਦਾ ਉਦੇਸ਼ ਨਾਲ ਸਬੰਧ ਹੈ ਤੇ ਇਹ ਮਿਹਨਤ ਦੇ ਗੌਰਵ ਦਾ ਪ੍ਰਤੀਕ ਹੈ ।ਗੁਰੂ ਨਾਨਕ ਪਾਤਸ਼ਾਹ ਨੇ ਨਾਮ ਜਪਣ, ਵੰਡ ਛਕਣ ਅਤੇ ਕਿਰਤ ਕਰਨ ਦੇ ਸਿੱਖੀ ਦੇ ਮੁੱਢਲੇ ਅਸੂਲਾਂ ਉਪਰ ਜ਼ੋਰ ਦਿੱਤਾ ਹੈ।

ਵੰਡ ਕੇ ਛਕਣਾ:-- ਵੰਡ ਛਕਣ ਨਾਲ ਮਾਨਸਿਕ ਸੁਹਿਰਦਤਾ, ਨਿਮਰਤਾ, ਮਿਠਾਸ ਅਤੇ ਬਰਾਬਰੀ ਦੇ ਸੰਸਕਾਰ ਪ੍ਰਤੱਖ ਹੁੰਦੇ ਹਨ। ਗੁਰੂ ਕੇ ਲੰਗਰ ਵੰਡ ਕੇ ਛਕਣ ਦੇ ਪ੍ਰਤੀਕ ਹਨ ।ਵੰਡ ਕੇ ਛਕਣ ਵਾਲੇ ਦਾ ਦ੍ਰਿਸ਼ਟੀਕੋਣ ਵਿਸ਼ਾਲ ਹੋ ਜਾਂਦਾ ਹੈ। ਉਹ ਮਨ ਤੋਂ ਵਿਤਕਰੇ ਨਹੀਂ ਕਰਦਾ ।ਇਉਂ ਵੰਡ ਕੇ ਛੱਕਣਾ ਹੀ ਮਨੁੱਖ ਮਾਤਰ ਦੀ ਸਮਾਨਤਾ ਤੇ ਸਰਬਤ ਦਾ ਭਲਾ ਚਿਤਰਣਾ ਸਿਖਾਉਂਦਾ ਹੈ।[24]

ਭੰਗਰਨਾਥ ਜੋਗੀ ਨੂੰ ਸਮਝਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਹੇ ਜੋਗੀ! ਤੁਸੀਂ ਗ੍ਰਹਿਸਤ ਛੱਡ ਕੇ ਸੰਨਿਆਸੀ ਬਣ ਕੇ ਫਿਰ ਗ੍ਰਹਿਸਤੀਆਂ ਦੇ ਘਰ ਮੰਗਣ ਜਾਂਦੇ ਹੋ। ਇਹ ਗੁਰੂ ਆਸ਼ੇ ਦੇ ਉਲਟ ਹੈ। ਇੱਥੇ ਗੁਰੂ ਜੀ ਉਨ੍ਹਾਂ ਗ੍ਰਹਿਸਥੀਆਂ ਨੂੰ ਵਡਿਆ ਰਹੇ ਹਨ ਵਿਹਲੜ ਜਾਂ ਦੂਜਿਆਂ ਦੀ ਕਿਰਤ ਤੇ ਪਲਣ ਵਾਲਿਆਂ ਨੂੰ ਨਹੀਂ। ਭਾਈ ਗੁਰਦਾਸ ਜੀ ਦਾ ਕਥਨ ਹੈ:-

'ਹੋਇ ਅਤੀਤ ਗ੍ਰਿਹਿਸਤ ਤਜਿ ਫਿਰਿ ਉਨਹੁ ਕੇ ਘਰ ਮੰਗਣਿ ਜਾਈ।'[25]

ਗੁਰਮਤਿ ਦਾ ਸਿਧਾਂਤ ਹੈ ਕਿਰਤ ਕਰੋ , ਨਾਮ ਜਪੋ , ਵੰਡ ਛਕੋ । ਧਰਤੀ ਦੇ ਸਾਰੇ ਜੀਵ ਜੰਤੂ ਆਪਣੇ ਅਤੇ ਆਪਣੇ ਬੱਚਿਆਂ ਦੇ ਪੇਟ ਪਾਲਣ ਲਈ ਉਪਰਾਲਾ ਕਰਦੇ ਹਨ । ਮਨੁੱਖ ਅਗਰ ਇਨ੍ਹਾਂ ਜੀਵ ਜੰਤੂਆਂ ਤੋਂ ਹੀ ਕਿਰਤ ਕਰਨਾ ਸਿੱਖ ਲਵੇ ਤਾਂ ਸਾਰਾ ਸੰਸਾਰ ਸੁਖੀ ਹੋ ਸਕਦਾ ਹੈ ।ਮਨੁੱਖਾਂ ਤੋਂ ਬਗੈਰ ਕੋਈ ਵੀ ਜੀਵ ਜੰਤੂ ਆਪਣੇ ਆਉਣ ਵਾਲੇ ਬੱਚਿਆਂ ਲਈ ਖਾਣ ਵਾਲੇ ਪਦਾਰਥ ਅਤੇ ਧਨ ਇਕੱਠਾ ਨਹੀਂ ਕਰਦਾ।ਮਨੁੱਖ ਦੀ ਧਨ ਇਕੱਠਾ ਕਰਨ ਦੀ ਤ੍ਰਿਸ਼ਨਾ ਕਰਕੇ ਹੀ ਸੰਸਾਰ ਵਿੱਚ ਹਫੜਾ ਦਫੜੀ ਮੱਚੀ ਹੋਈ ਹੈ। ਸਿੱਖ ਗੁਰੂਆਂ ਨੇ ਕਿਰਤ ਦੀ ਮਹਾਨਤਾ ਤੇ ਜ਼ੋਰ ਦਿੱਤਾ ਹੈ, ਗੁਰਬਾਣੀ ਦਾ ਫੁਰਮਾਨ ਹੈ:

**'ਉਦਮੁ ਕਰੇਂਦਿਆਂ ਜੀਉ ਤੂੰ ਕਮਾਵਦਿਆਂ ਸੁਖ ਭੁੰਚ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥'**[26]

ਉੱਦਮ ਭਾਵ ਪੁਰਸ਼ਾਰਥ ਕਰਨਾ ਸਿੱਖੀ ਸਿਧਾਂਤਾਂ ਦੇ ਅਨੁਕੂਲ ਹੈ। ਗੁਰਬਾਣੀ ਜਿੱਥੇ ਪ੍ਰਮਾਤਮਾ ਦੇ ਦਾਤਾਰ ਹੋਣ ਬਾਰੇ ਚਾਨਣਾ ਪਾਉਂਦੀ ਹੈ ਉਸੇ ਗੁਰਬਾਣੀ ਵਿੱਚ ਮਨੁੱਖ ਨੂੰ ਉੱਦਮ ਕਰਨ ਦੀ ਪ੍ਰੇਰਨਾ ਵੀ ਕੀਤੀ ਗਈ ਹੈ। ਨਾਮ ਸਿਮਰਨ, ਧਰਮ ਦੀ ਕਿਰਤ ਕਮਾਈ ਕਰਨ ਤੋਂ ਉਪਜੇ ਪੈਸੇ, ਧਨ, ਆਮਦਨੀ ਨੂੰ ਆਪਣੇ ਬਾਲ ਬੱਚਿਆਂ ਦੇ ਸੱਭ ਜ਼ਰੂਰੀ ਖਰਚ ਪੂਰੇ ਕਰਦੇ ਹੋਏ ਲੋੜਵੰਦਾਂ ਨਾਲ ਵੰਡ ਕੇ ਛਕਣਾ ਹੀ ਗੁਰਸਿੱਖੀ ਦਾ ਸਹੀ ਮਾਰਗ ਹੈ। ਵਿਹਲੜਾਂ,ਨਿਕੰਮਿਆਂ, ਹੱਡ ਹਰਾਮੀਆਂ ਤੇ ਹੋਰਨਾਂ ਦੇ ਸਿਰ ਉੱਪਰ ਬੈਠ ਕੇ ਜੀਵਨ

ਬਤੀਤ ਕਰਨ ਵਾਲਿਆਂ ਵਾਸਤੇ ਇਸ ਮਾਰਗ ਵਿੱਚ ਕੋਈ ਸਥਾਨ ਨਹੀਂ। ਗੁਰੂ ਸਾਹਿਬਾਨ ਨੇ ਕਿਰਤ ਦਾ ਸਤਿਕਾਰ ਕੀਤਾ ਹੈ, ਸਨਮਾਨ ਕੀਤਾ ਹੈ।[27]

ਗੁਰੂ ਨਾਨਕ ਦੇਵ ਜੀ ਦੇ ਬਚਨ ਹਨ: ਕਿਰਤ ਕਰਦਿਆਂ ਦੇਹੀ ਸੁੱਚੀ ਰਹਿੰਦੀ ਹੈ। ਅੱਜ ਜੇ ਸਿੱਖ ਕਿਸੇ ਦਾ ਮੁਹਤਾਜ ਨਹੀਂ ਤਾਂ ਕਿਸੇ ਦੇ ਰਹਿਮ ਰਿਆਇਤ ਕਰਕੇ ਨਹੀਂ, ਸਿਰਫ ਕਿਰਤ ਦੇ ਸਿਧਾਂਤ ਨੂੰ ਅਪਣਾ ਕੇ ਹੀ ਹੈ। ਸਿੱਖ ਧਰਮ ਕਿਰਤ ਪ੍ਰਧਾਨ ਹੈ ।ਕਿਰਤ ਕਰਦਿਆਂ ਸਿਖ ਕਦੇ ਵਾਹਿਗੁਰੂ ਨੂੰ ਨਹੀਂ ਭੁੱਲਦਾ। ਨਾਮ ਜਪਦਾ ਹੈ ।ਵੰਡ ਛਕਣਾ ਉਨ੍ਹਾਂ ਨੂੰ ਨਾਮ ਨੇ ਹੀ ਸਿਖਾਇਆ ਹੈ।

'ਹਥਹੁ ਦੇਕੇ ਭਲਾ ਮਨਾਵੈ' ਸਾਡੇ ਸਿਧਾਂਤ ਦਾ ਜ਼ਰੂਰੀ ਹਿੱਸਾ ਹੈ।[28] ਗੁਰੂ ਨਾਨਕ ਪਾਤਸ਼ਾਹ ਜੀ ਦੇ ਕਿਰਤੀਆਂ ਪ੍ਰਤੀ ਸਨੇਹ ਦੀ ਇਸ ਤੋਂ ਵੱਡੀ ਮਿਸਾਲ ਕੀ ਹੋ ਸਕਦੀ ਹੈ ਕਿ ਆਪਣੀ ਬਾਣੀ ਵਿੱਚ ਉਨ੍ਹਾਂ ਆਪਣੇ ਕਿਸੇ ਪਰਿਵਾਰਕ ਜੀਅ ਜਾਂ ਕਿਸੇ ਹੋਰ ਨਿਕਟਵਰਤੀ ਦਾ ਨਾਂ ਨਹੀਂ ਲਿਆ ਪਰ ਆਪਣੇ ਕਿਰਤੀ ਸਿੱਖ ਭਾਈ ਲਾਲੋ ਨੂੰ ਤਿਲੰਗ ਰਾਗ ਵਿੱਚ ਉਚਾਰੇ ਗਏ ਇੱਕ ਸ਼ਬਦ ਵਿੱਚ ਸੱਤ ਵਾਰ 'ਵੇ ਲਾਲੋ' ਕਹਿ ਕੇ ਸਦਾ ਸਦਾ ਲਈ ਅਮਰ ਕਰ ਦਿੱਤਾ। ਗੁਰ- ਫੁਰਮਾਨ ਹੈ:

**'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥'**[29]

ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਆਸਾ ਰਾਗ ਵਿਚ ਬਖਸ਼ਿਸ਼ ਕਰਦੇ ਹਨ ਕਿ ਸੰਤੋਖੀ ਮਨੁੱਖ ਸਦਾ ਅਬਿਨਾਸੀ ਪ੍ਰਭੂ ਨੂੰ ਸਿਮਰਦੇ ਹਨ। ਉਹ ਕਦੇ ਮੰਦੇ ਕੰਮ ਦੇ ਨੇੜੇ ਨਹੀਂ ਜਾਂਦੇ ,ਭਲਾ ਕੰਮ ਕਰਦੇ ਹਨ ਅਤੇ ਧਰਮ ਅਨੁਸਾਰ ਆਪ ਜੀਵਨ ਨਿਭਾਉਂਦੇ ਹਨ। ਫੁਰਮਾਨ ਹੈ:--

**'ਓਨੀ ਮੰਦੇ ਪੈਰ ਨ ਰੱਖਿਓ**
**ਕਰਿ ਸੁਕ੍ਰਿਤ ਧਰਮ ਕਮਾਇਆ॥'**[30]

ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਲਹਿਣੇ ਤੋਂ 'ਅੰਗਦ' ਬਣੇ ਦੂਜੇ ਪਾਤਸ਼ਾਹ ਜੀ ਨੇ ਆਪਣੇ ਸਪੁੱਤਰਾਂ ਨੂੰ ਗੁਰੂ ਕੇ ਲੰਗਰਾਂ ਵਿੱਚੋਂ ਪ੍ਰਸ਼ਾਦਾ ਛਕਣੋਂ ਇਹ ਕਹਿ ਕੇ ਵਰਜ ਦਿੱਤਾ ਕਿ ਪਹਿਲਾਂ ਕਿਰਤ ਵਿਰਤ ਕਰਕੇ ਦਸਵੰਧ ਗੁਰੂ-ਅਰਪਣ ਕਰੋ। ਗੁਰੂ ਅਮਰਦਾਸ ਜੀ ਵੱਲੋਂ ਚਲਾਏ ਜਾ ਰਹੇ ਲੰਗਰ ਦੇ ਨਾਂ ਜਗੀਰ ਲਾਉਣ ਦੀ ਬਾਦਸ਼ਾਹ ਅਕਬਰ ਦੀ ਪੇਸ਼ਕਸ਼ ਇਸ ਕਰਕੇ ਗੁਰੂ ਘਰ ਵਿੱਚ ਠੁਕਰਾਈ ਗਈ ਸੀ ਕਿ ਲੰਗਰ ਕਿਰਤੀ ਸਿੱਖਾਂ ਦੇ ਦਸਵੰਧ ਨਾਲ ਹੀ ਚੱਲਣ ਦੀ ਪਰੰਪਰਾ ਬਣੀ ਰਹੇ। ਜਗੀਰਾਂ ਦੀ ਮਾਇਆ ਕਿਤੇ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੂੰ 'ਨਿਖੱਟੂ' ਨਾ ਬਣਾ ਦੇਵੇ। ਗੁਰੂ ਰਾਮਦਾਸ ਜੀ ਸਿਰ ਉੱਪਰ ਛਾਬੜੀ ਚੁੱਕੀ ਘੁੰਗਣੀਆਂ ਵੇਚਣ ਦੀ ਕਿਰਤ ਕਰਦਿਆਂ ਆਪਣੀ ਤੇ ਆਪਣੀ ਨਾਨੀ ਜੀ ਦੀ ਪ੍ਰਤਿਪਾਲਣਾ ਕਰਦੇ ਰਹੇ। ਉਨ੍ਹਾਂ ਕਿਰਤ ਦੇ ਨਾਲ ਨਾਲ ਧਰਮ ਵੀ ਕਮਾਇਆ।

ਗੁਰੂ ਸਾਹਿਬਾਨ ਦੀਆਂ ਜੀਵਨ ਝਾਕੀਆਂ ਵਿੱਚੋਂ ਕਿਰਤ ਦੀ ਮਹਾਨਤਾ ਦਰਸਾਉਂਦੀਆਂ ਅਨੇਕਾਂ ਇਤਿਹਾਸਕ ਮਿਸਾਲਾਂ ਲੱਭੀਆਂ ਜਾ ਸਕਦੀਆਂ ਹਨ। ਕਹਿੰਦੇ ਨੇ ਭਾਈ ਬਹੋੜੇ ਨਾਂ ਦੇ ਸਿੱਖ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੁੱਛਿਆ ਕਿ ਪਾਤਸ਼ਾਹ ਜੀ ਮੈਂ ਕਿਹੜੀ ਕਿਰਤ ਕਰਾਂ ਜੋ ਆਪ ਨੂੰ ਭਾਵੇ। ਗੁਰੂ ਜੀ ਨੇ

ਫ਼ਰਮਾਇਆ--* ਭਾਈ ਸਿੱਖਾ, ਕਿਰਤ ਕੋਈ ਵੀ ਕਰੋ, ਜਿਸ ਨਾਲ ਜੀਵਨ ਦਾ ਨਿਰਬਾਹ ਹੋ ਸਕੇ। ਰਿਜ਼ਕ-- ਰੋਟੀ ਕਮਾਓ ਪਰ ਕਪਟ ਰਹਿਤ ਹੋ ਕੇ। ਆਪਣੀ ਕਮਾਈ ਵਿੱਚੋਂ ਜੋ ਪ੍ਰਭੂ ਹਿੱਤ ਵੰਡ ਕੇ ਛਕੇਗਾ ਉਸ ਦਾ ਮਨ ਨਿਰਮਲ ਰਹੇਗਾ।* ਇਸ ਮੌਕੇ ਦੇ ਵਾਰਤਾਲਾਪ ਨੂੰ ਕਵੀ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਇਉਂ ਅੰਕਿਤ ਕਰਦੇ ਹਨ:--

**'ਸੁਨ ਗੁਰ ਕਹਯੋ ਕਿਰਤ ਕਰ ਸੋਈ। ਧਰਮ ਸਮੇਤ ਨਿਬਾਹਹੁ ਸੋਈ।**
**ਕਪਟ ਬਿਹੀਨ ਜੀਵਕਾ ਕਰੈ। ਪਰ ਕੀ ਵਸਤ ਛੁਪਾਇ ਨਾ ਧਰੈ।**

ਤਿਸ ਮਹਿ ਬਾਂਟ ਪ੍ਰਭ ਹਿਤ ਖਾਵੇ। ਤਿਸ ਕੋ ਉਹ ਨਿਰਮਲ ਹੋਇ ਜਾਵੇ '।[31] ਗੁਰੂ ਹਰਗੋਬਿੰਦ ਜੀ ਪ੍ਰਸ਼ਾਦ ਛਕਣ ਤੋਂ ਪਹਿਲਾਂ ਇੱਕ ਦੋ ਗਰਾਹੀਆਂ ਦੇ ਨਿੱਕੇ ਨਿੱਕੇ ਟੁਕੜੇ ਕਰਕੇ ਪੰਛੀਆਂ ਨੂੰ ਪਾ ਦਿੰਦੇ ਸਨ। ਗੁਰੂ ਹਰਿਰਾਇ ਜੀ ਦਾ ਹੁਕਮ ਸੀ ਕਿ ਕੁਝ ਵੀ ਹੋਵੇ ਗੁਰੂ ਕੇ ਲੰਗਰ ਵਿੱਚ ਹਰ ਸਿੱਖ ਯਥਾ ਸ਼ਕਤ 'ਅੰਨ ਰਸਦ' ਪਾਏ ਭਾਵੇਂ ਇੱਕ ਚੁੱਟਕੀ ਆਟਾ ਜਾਂ ਚਾਰ ਦਾਣੇ ਹੀ ਹੋਣ।[32] ਦਸਮੇਸ਼ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੌਜਵਾਨ ਤੋਂ ਪਾਣੀ ਲੈਣ ਤੋਂ ਇਨਕਾਰ ਕਰ ਦਿੱਤਾ ਜਿਸ ਨੇ ਆਪਣੇ ਹੱਥਾਂ ਨਾਲ ਕੋਈ ਕੰਮ ਨਹੀਂ ਕੀਤਾ ਸੀ।

**ਭਗਤ ਸਾਹਿਬਾਨ ਅਤੇ ਕਿਰਤ ਦਾ ਸਤਿਕਾਰ** :-- ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੱਪੜੇ ਸਿਊਣ, ਰੰਗਣ, ਕੱਪੜਾ ਬੁਣਨ, ਜੁੱਤੀਆਂ ਗੰਢਣ ਅਤੇ ਰਾਜ ਦਰਬਾਰ ਵਿੱਚ ਨੌਕਰੀ ਦੀ ਕਿਰਤ ਕਰਨ ਵਾਲੇ ਰੱਬੀ ਰੰਗ ਰੱਤੇ ਭਗਤਾਂ ਦੀ ਬਾਣੀ ਸ਼ਾਮਿਲ ਹੋਣਾ ਮਿਹਨਤ ਅਤੇ ਕਿਰਤ ਦੇ ਮਾਨ ਸਨਮਾਨ ਦਾ ਹੀ ਲਖਾਇਕ ਹੈ।[15] ਭਗਤ ਸਾਹਿਬਾਨ ਜਿਨ੍ਹਾਂ ਦੀ ਬਾਣੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ ।ਉਨ੍ਹਾਂ ਨੇ ਆਪਣੇ ਪਿਤਾ-ਪੁਰਖੀ ਕਿਰਤ ਦਾ ਸਨਮਾਨ ਕੀਤਾ ਹੈ, ਸਤਿਕਾਰ ਕੀਤਾ ਹੈ। ਆਪ ਨਾਮ ਜਪ ਕੇ , ਸੱਚੀ ਸੁੱਚੀ ਕਿਰਤ ਕਰਕੇ, ਵੰਡ ਛਕਣ ਦੇ ਅਸੂਲਾਂ ਉੱਤੇ ਪਹਿਰਾ ਦੇ ਕੇ ਉੱਤਮ ਪਦਵੀ ਨੂੰ ਹਾਸਲ ਕੀਤਾ ਹੈ। ਭਗਤ ਰਵਿਦਾਸ ਜੀ ਅਨੁਸਾਰ ਕਿਰਤ ਜੇਕਰ ਨੇਕ ਹੋਵੇ ਜਾਂ ਕਿਰਤ ਕੋਈ ਵੀ ਹੋਵੇ, ਇਸ ਤੋਂ ਹੀਣ- ਭਾਵਨਾ ਨਹੀਂ ਆਉਣੀ ਚਾਹੀਦੀ। ਕੰਮ ਵੱਡਾ ਛੋਟਾ ਨਹੀਂ ਹੁੰਦਾ, ਕੰਮ ਠੀਕ ਜਾਂ ਗ਼ਲਤ ਹੁੰਦਾ ਹੈ ਜੋ ਕਿ ਮਨੁੱਖ ਦੀ ਇਮਾਨਦਾਰੀ ਉੱਪਰ ਨਿਰਭਰ ਕਰਦਾ ਹੈ। ਭਗਤ ਰਵਿਦਾਸ ਜੀ ਆਪ ਪਿੰਜਰ ਢੋਣ ਦਾ ਕੰਮ ਕਰਦੇ ਸਨ । ਇਸ ਦੀ ਜਾਣਕਾਰੀ ਰਵਿਦਾਸ ਜੀ ਨੇ ਆਪ ਇਸ ਤਰ੍ਹਾਂ ਦਿੱਤੀ ਹੈ:--

**'ਮੇਰੀ ਜਾਤ ਕੁੱਟ ਬਾਂਢਲਾ ਢੋਰ ਢਵੰਤਾ ਨਿਤਹ ਬਾਨਾਰਸੀ ਆਸ ਪਾਸਾ** '॥[33]

ਭਗਤ ਨਾਮਦੇਵ ਜੀ ਛੀਂਬਾ ਜਾਤ ਨਾਲ ਸਬੰਧਤ ਸਨ ਉਨ੍ਹਾਂ ਨੂੰ ਕੱਪੜਿਆਂ ਤੇ ਛੋਪੇ ਪਾਉਂਦੇ ਦੇਖ ਭਗਤ ਤਰਲੋਚਨ ਜੀ ਓਹਨਾਂ ਤੋਂ ਪੁੱਛਦੇ ਹਨ ਕਿ ਇਹ ਅੰਬਰੇ ਕਿਉਂ ਠੇਕ ਰਿਹਾ ਹੈਂ। ਪਰਮਾਤਮਾ ਦੇ ਚਰਨਾਂ ਨਾਲ ਕਿਉਂ ਚਿਤ ਨਹੀਂ ਜੋੜਦਾ।

**ਨਾਮਦੇਵ ਅੱਗੋਂ ਉੱਤਰ ਦਿੰਦਾ ਹੈ**-- ਹੇ ਤਿਲੋਚਨ! ਮੂੰਹ ਨਾਲ ਪਰਮਾਤਮਾ ਦਾ ਨਾਮ ਲੈ। ਹੱਥ ਪੈਰ ਵਰਤ ਕੇ ਸਾਰਾ ਕੰਮਕਾਜ ਕਰ। ਅਤੇ ਆਪਣਾ ਚਿੱਤ ਮਾਇਆ- ਰਹਿਤ ਪਰਮਾਤਮਾ ਨਾਲ ਜੋੜ ।ਭਗਤ ਕਬੀਰ ਜੀ ਫੁਰਮਾਉਂਦੇ ਹਨ:-

'ਨਾਮਾ ਕਹੇ ਤਿਲੋਚਨਾ ਮੁਖ ਤੇ ਰਾਮੁ ਸੰਮਾਲ॥
ਹਾਥ ਪਾਉ ਕਰਿ ਕਾਮੁ ਸਭਿ ਚੀਤੁ ਨਿਰੰਜਨ ਨਾਲ॥'[34]

ਭਗਤ ਕਬੀਰ ਜੀ ਅਨੁਸਾਰ ਕਾਰ ਵਿਹਾਰ ਵਿਚ ਠੱਗੀ ਕਰਨੀ ਭਾਰੀ ਮੂਰਖਤਾ ਹੈ। ਜਿਨ੍ਹਾਂ ਪੁੱਤਰ – ਇਸਤਰੀ ਆਦਿਕ ਸਬੰਧੀਆਂ ਦੀ ਖਾਤਰ ਮਨੁੱਖ ਠੱਗੀ ਠੋਰੀ ਕਰਦਾ ਹੈ ਅੰਤ ਵੇਲੇ ਸਾਥ ਨਿਬਾਹੁਣਾ ਤਾਂ ਕਿਤੇ ਰਿਹਾ, ਬੁਢੇਪਾ ਆਇਆਂ ਹੀ ਉਹ ਖੁਸ਼ ਹੋ ਕੇ ਪਾਣੀ ਦਾ ਘੁੱਟ ਵੀ ਨਹੀਂ ਦਿੰਦਾ।[35]

ਸੋਰਠ ਰਾਗ ਵਿੱਚ ਭਗਤ ਕਬੀਰ ਜੀ ਦਾ ਫੁਰਮਾਨ ਹੈ :--

**'ਬਹੁ ਪ੍ਰਪੰਚ ਕਰਿ ਪਰ ਧਨੁ ਲਿਆਵੈ ॥
ਸੁੱਤ ਦਾਰਾ ਪਹਿ ਆਨਿ ਲੁਟਾਵੈ॥
ਮਨ ਮੇਰੇ ਭੂਲੇ ਕਪਟ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ'॥**[36]

ਰਹਿਤਨਾਮੇ ਅਤੇ ਕਿਰਤ ਦਾ ਸਤਿਕਾਰ 'ਰਹਿਤਨਾਮਾ' ਭਾਈ ਦੇਸਾ ਸਿੰਘ ਵੀ 'ਸੁਕ੍ਰਿਤ' ਕਰਨ ਲਈ ਹੀ ਉਪਦੇਸ਼ ਕਰਦਾ ਹੈ :--

**'ਖੇਤੀ ਵਣਜ ਵਾ ਸ਼ਿਲਪ ਬਣਾਵੇ।
ਔਰ ਟਹਿਲ ਜੋ ਮਨ ਮੈਂ ਭਾਵੇ।
ਦ੍ਰਿੜ੍ਹ ਹੋਇ ਸੋਈ ਕਾਰ ਕਮਾਵੇ।
ਚੋਰੀ ਡਾਕੇ ਕਬਹੁ ਨਾ ਜਾਵੇ।'**[37]

ਰਹਿਤਨਾਮਿਆਂ ਵਿੱਚ ਵੀ ਹੀ ਸਿੱਖਾਂ ਨੂੰ ਉਪਜੀਵਕਾ ਹਿੱਤ ਕਮਾਈ ਕਰਨ ਵਾਸਤੇ ਕੁਝ ਅਜਿਹੇ ਉਪਦੇਸ਼ ਵੀ ਮਿਲਦੇ ਹਨ :-

'ਗੁਰੂ ਕੇ ਸਿੱਖਾਂ ਨੂੰ ਕੋਈ ਕਿਰਤ ਮਨ੍ਹਾ ਨਹੀ ਹੈ। ਖੇਤੀ,ਵਪਾਰ ਦਸਤਕਾਰੀ ਜਾਂ ਸੇਵਾ ਜੋ ਮਨ ਨੂੰ ਚੰਗੀ ਲੱਗੇ, ਦ੍ਰਿੜ੍ਹ ਹੋ ਕੇ ਕਰੇ। ਪਰ ਚੋਰੀ ਡਾਕਾ ਕਤਈ ਨਾ ਕਰੇ। ਜੇ ਕਿਤੇ ਨੌਕਰੀ ਵੀ ਕਰਨੀ ਪਵੇ ਤਾਂ ਬੇਪ੍ਰਵਾਹ ਹੋ ਕੇ ਅਣਖ ਨਾਲ ਕਰੇ। ਤਨਖਾਹ ਵਿੱਚ ਹੀ ਗੁਜ਼ਾਰਾ ਕਰੇ ਰਿਸ਼ਵਤ ਕਦਾਂਚ ਨਾ ਲਏ ਜੇ ਸਿਪਾਹੀਗਿਰੀ ਕਰੇ ਤਾਂ ਲੜਾਈ ਵਿੱਚ ਲੋੜ ਪੈਣ ਤੇ ਸੂਰਬੀਰਤਾ ਦਿਖਾਵੇ।

**ਸਿੱਖ ਵਿਦਵਾਨਾਂ ਅਤੇ ਵਿਦੇਸ਼ੀ ਵਿਦਵਾਨਾਂ ਦੀਆਂ ਨਜ਼ਰਾਂ ਵਿੱਚ ਕਿਰਤ ਦਾ ਸਨਮਾਨ :--**

ਸੰਸਾਰ ਵਿੱਚ ਕੋਈ ਵੀ ਆਦਮੀ ਅਜਿਹਾ ਪੈਦਾ ਨਹੀ ਹੋਇਆ ਜਿਸ ਦਾ ਕੰਮ ਉਸ ਦੇ ਨਾਲ ਪੈਦਾ ਨਾ ਹੋਇਆ ਹੋਵੇ। ਸੰਸਾਰ ਵਿੱਚ ਹਮੇਸ਼ਾ ਕੰਮ ਹੈ, ਕੰਮ ਕਰਨ ਦੇ ਔਜਾਰ ਹਨ ਪਰ ਉਨ੍ਹਾਂ ਲਈ ਹਨ ਜੋ ਕੰਮ ਕਰਨਾ ਚਾਹੁੰਦੇ ਹਨ।[38] 'ਸਵੇਟ ਮਾਰਡਨ' ਆਪਣੀ ਪੁਸਤਕ 'ਉੱਠੋ ਮਹਾਨ ਬਣੋ' ਵਿੱਚ ਇਸ ਪ੍ਰਕਾਰ ਲਿਖਦਾ ਹੈ:* ਜੀਵਨ ਤਾਂ ਉਸ ਦਾ ਹੈ ਜੋ ਕਰਮਯੋਗੀ ਹੈ ,ਜੋ ਕਰਮ ਵਿੱਚ ਵਿਸ਼ਵਾਸ ਰੱਖਦਾ ਹੈ ਜਿਸ ਦੇ ਵੀਚਾਰ ਵਿੱਚ 'ਮਿਹਨਤ ਹੀ ਪੂਜਾ' ਹੈ।[39] ਪੰਜਾਬ ਦੀ ਧਰਤੀ ਨੂੰ ਗੁਰਾਂ ਦੇ ਨਾਂ ਤੇ ਜਿਉਂਦੀ-- ਥੀਂਦੀ ਆਖਣ

ਵਾਲੇ ਮਹਾਨ ਸ਼ਾਇਰ ਪ੍ਰੋਫੈਸਰ ਪੂਰਨ ਸਿੰਘ ਦੇ ਕਿਰਤ ਬਾਰੇ ਲਿਖੇ ਹੋਏ ਵਿਚਾਰ ਗੁਰਮਤਿ ਫ਼ਲਸਫ਼ੇ ਦੀ ਵਿਆਖਿਆ ਹੀ ਕਰ ਰਹੇ ਜਾਪਦੇ ਹਨ: 'ਕਿਰਤ' ਦੇ ਸਿਰਲੇਖ ਹੇਠ ਆਪ ਲਿਖਦੇ ਹਨ:-- ਸਿਆਣਿਆਂ ਜੋ ਇਹ ਕਿਹਾ ਹੈ ਕਿ ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ। ਸੁੱਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ ਮੁਹਾਰੇ ਪਾਕ ਹੋ ਜਾਂਦੇ ਹਨ। ਸੁੱਚੀ ਕਿਰਤ ਕਰਨ ਵਾਲੇ ਦਾ ਸਹਿਜ ਸੁਭਾਅ ਇਹ ਅਨੁਭਵ ਹੁੰਦਾ ਹੈ ਕਿ ਮੇਰਾ ਤਾਂ ਕੰਮ ਕਰਨਾ ਹੀ ਬਣਦਾ ਹੈ, ਫਲ ਦੇਣ ਵਾਲਾ ਤਾਂ ਕੋਈ ਹੋਰ ਹੈ। ਉਨ੍ਹਾਂ (ਵਿਹਲੜਾਂ ਅਮੀਰਾਂ) ਨੂੰ ਉਹ ਸੁੱਖ  ਕਦੀ ਨਹੀਂ ਆ ਸਕਦਾ ਜਿਹੜਾ ਕਿਰਤੀ ਦੀ ਹੱਡੀ ਵਿੱਚ ਕਿਰਤ ਪੈਦਾ ਕਰਦੀ ਹੈ।[40]

ਪ੍ਰੋ. ਸਾਹਿਬ ਸਿੰਘ ਤਾਂ ਕਿਰਤ ਤੋਂ ਕਿਨਾਰਾ ਕਰਕੇ ਖੁਦ ਨੂੰ ਚਿੰਤਕ ਅਖਵਾਉਂਦੇ ਉਨ੍ਹਾਂ ਤਥਾ ਕਥਿਤ 'ਫਿਲਾਸਫਰ ਟਾਈਪ') ਵਿਅਕਤੀਆਂ ਦੇ ਚਿੰਤਨ ਨੂੰ ਮਨ ਮੈਲ਼ਾ ਕਰਨ ਦਾ ਸਾਧਨ ਹੀ ਮੰਨਦੇ ਨੇ:' ਮਾਨਸਿਕ ਚਿੰਤਨ ਕਿੰਨਾ ਹੀ ਉੱਚਾ ਕਿਉਂ ਨਾ ਹੋਵੇ, ਰੂਹ ਨੂੰ ਸਾਫ ਨਹੀਂ ਕਰਦਾ, ਮੈਲ਼ਾ ਕਰਦਾ ਹੈ। ਪਰ ਸਰੀਰ ਨਾਲ਼ ਕੀਤੀ ਕਿਰਤ ਆਪ- ਮੁਹਾਰੀ ਜਿਸ ਤਰ੍ਹਾਂ ਬਿਰਛਾਂ ਉੱਤੇ ਫਲ਼- ਫੁੱਲ ਆਣ ਲੱਗਦੇ ਹਨ, ਸਿਦਕ ਤੇ ਪਿਆਰ ਦੀ ਰੱਬਤਾ ਵਿੱਚ ਜੀਣ ਲੱਗਦੀ ਹੈ ।

**ਸਾਰਾਂਸ਼**:-

ਚੰਗੇ ਮਨੁੱਖ ਨੂੰ ਪਰਮਾਤਮਾ ਦੇ ਹੁਕਮ ਵਿਚ ਰਹਿੰਦੇ ਹੋਏ ਸੰਸਾਰ ਵਿੱਚਲੇਕਾਰ ਵਿਹਾਰ ਕਰਦਿਆਂ ਹੋਇਆਂ ਪ੍ਰਭੂ ਨਾਮ ਦੀ ਅਰਾਧਨਾ ਨੂੰ ਹਮੇਸ਼ਾਂ ਪ੍ਰਮੁੱਖਤਾ ਦੇਣੀ ਸੋਭਦੀ ਹੈ। ਇਹੀ ਕਾਮਯਾਬ ਜ਼ਿੰਦਗੀ ਦਾ ਲਕਸ਼ ਹੈ।

**ਉੱਦਮੀ ਗ੍ਰਹਿਸਤੀ ਜੀਵਨ ਦੀ ਪ੍ਰੇਰਨਾ**:- ਗੁਰੂ ਗ੍ਰੰਥ ਸਾਹਿਬ ਵਿੱਚ ਉੱਦਮੀ ਜੀਵਨ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਤਾਂ ਕਿ ਮਨੁੱਖ ਚੰਗਾ ਗ੍ਰਹਿਸਤੀ ਇਨਸਾਨ ਬਣਦਿਆਂ ਹੋਇਆਂ ਆਪਣੇ ਪਰਿਵਾਰ, ਸਮਾਜ, ਦੇਸ਼, ਭਾਈਚਾਰੇ ਅਤੇ ਧਰਮ ਲਈ ਯੋਗ ਅਤੇ ਲਾਹੇਵੰਦੀ ਸਾਰਥਕ ਭੂਮਿਕਾ ਨਿਭਾ ਸਕੇ। ਗੁਰਬਾਣੀ ਅਨੁਸਾਰ ਉੱਦਮ ਕਰਨ ਨਾਲ ਮਨ ਨਿਰਮਲ ਹੁੰਦਾ ਹੈ, ਹਿਰਦਾ ਸ਼ੀਤਲ ਹੁੰਦਾ ਹੈ ਅਤੇ ਮਾਨਸਿਕ ਤ੍ਰਿਪਤੀ ਤੇ ਆਤਮਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ ।

**' ਉੱਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ।'**[41]

ਮਨੁੱਖ ਨੇ ਉੱਦਮ ਕਰਕੇ ਨੇਕ ਕਿਰਤ ਕਮਾਈ ਕਰਨੀ ਹੈ ਇਸ ਤੋਂ ਸਭ ਸੁੱਖ ਪ੍ਰਾਪਤ ਹੋਣੇ ਹਨ। ਉਹੀ ਕਮਾਈ ਸਫਲ ਹੈ ਜਿਸ ਤੋਂ ਸੁੱਖ ਸ਼ਾਂਤੀ ਮਿਲੇ ਤੇ ਅਜਿਹੀ ਕਮਾਈ ਨੇਕ ਕਿਰਤ ਦੀ ਕਮਾਈ ਹੈ। ਸੁੱਚੀ ਕਮਾਈ।

ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੇ ਗੁਰਮਤਿ ਸਿਧਾਂਤ ਜਿਹੜੇ ਸਿੱਖ ਨੂੰ ਇੱਕ ਪਾਸੇ ਅਕਾਲ ਪੁਰਖ ਨਾਲ ਜੋੜਦੇ ਹਨ ਦੂਜੇ ਪਾਸੇ ਉਸ ਵਿੱਚ ਮਨੁੱਖਤਾ ਪ੍ਰਤੀ ਭਰਾਤਰੀ ਭਾਵ (brotherhood) ਪ੍ਰਪੱਕ  ਕਰਦੇ ਹਨ । ਇਸ ਤਰ੍ਹਾਂ ਕਰਨ ਨਾਲ ਦੂਜੇ ਪ੍ਰਤੀ ਦਯਾ, ਹਮਦਰਦੀ ਤੇ ਸੰਤੋਖ ਉਤਪੰਨ ਹੁੰਦੇ ਹਨ ਜੋ ਮਨੁੱਖ ਮਾਤਰ ਵਿੱਚ ਧਰਮ ਉਜਾਗਰ ਕਰਦੇ ਹਨ। 'ਮਨ ਨੀਵਾਂ ਅਤੇ ਮੱਤ ਉੱਚੀ'  ਦਾ

ਮਾਲਕ ਸਿੱਖ ਗਰੀਬੀ ਦਾ ਵਰਦਾਨ ਕਰਕੇ ਸਮਾਜ ਵਿੱਚ ਕਰਮਸ਼ੀਲ ਰਹਿਣਾ ਚਾਹੁੰਦਾ ਹੈ ਤਾਂ ਜੋ ਦਸਾਂ ਨਹੁੰਆਂ ਦੀ ਕਿਰਤ ਕਰਕੇ ਆਪਣਾ ਨਿਰਬਾਹ ਕਰ ਸਕੇ। ਉਹ ਮਲਕ ਭਾਗੋ ਨਾਲੋਂ ਭਾਈ ਲਾਲੋ ਬਣ ਕੇ ਵਧੇਰੇ ਸੰਤੋਖ ਤੇ ਆਨੰਦ ਵਿੱਚ ਰਹਿੰਦਾ ਹੈ। ਕਿਤਨੀ ਅਜੀਬ ਲੋਚਾ ਹੈ ਗੁਰੂ ਰਾਹੀਂ ਦੀ।

ਗੁਰ-ਆਸ਼ੇ ਅਨੁਸਾਰ ਨੇਕ ਕਿਰਤ ਕਰਨ ਤੇ ਵੰਡ ਛਕਣ ਦੀ ਪ੍ਰਵਿਰਤੀ, ਸੇਵਾ ਤੇ ਸਿਮਰਨ ਦੀ ਲਗਨ ਮਨੁੱਖ਼ ਨੂੰ ਇਸ ਸੰਸਾਰ ਦਾ ਸਫ਼ਲ ਸ਼ਹਿਰੀ ਬਣਾਉਂਦੀ ਹੈ। ਇਸ ਲਈ ਮਾਇਆ ਨੂੰ ਜੱਫਾ ਮਾਰਨ ਦੀ ਆਦਤ ਨੂੰ ਸ਼ਕਤੀਸ਼ਾਲੀ ਕਰਨ ਦੀ ਥਾਂ ਵੰਡ ਛਕਣ ਤੇ 'ਘਾਲਿ ਖਾਇ ਕਿਛੁ ਹਥਹੁ ਦੇਇ।' ਦੀ ਸੋਚ ਨੂੰ ਉਭਾਰਨਾ ਚਾਹੀਦਾ ਹੈ, ਜਿਹੜੀ ਬਹੁਤ ਉਪਯੋਗੀ ਤੇ ਮਹੱਤਵਪੂਰਨ ਹੈ ਇਸ ਨਾਲ ਹੱਥ ਸੁੱਚੇ, ਮਨ ਨਿਰਮਲ, ਚਿੱਤ ਪ੍ਰਸੰਨ ਤੇ ਆਤਮਾ ਸਵੱਛ ਰਹਿੰਦੀ ਹੈ ਤੇ ਦਾਤਾਰੇ ਨਾਲ ਪਿਆਰ ਜਾਗਦਾ ਹੈ।

ਕਵੀ ਸਰਦਾਰ ਕਰਮਜੀਤ ਸਿੰਘ 'ਨੂਰ' ਦੀ ਕਲਮ ਅਜਿਹਾ ਭਾਵ ਇਸ ਤਰ੍ਹਾਂ ਲਿਖਦੀ ਹੈ :-

**'ਕਿਰਤ ਕਰਨੀ ਤੇ ਚਾਹੀਦੈ ਵੰਡ ਛਕਣਾ, ਨਾਮ ਜਪਣ ਦਾ ਕਰਨ ਪ੍ਰਚਾਰ ਆਇਆ।**
**ਸੱਚੇ ਸੁੱਚੇ ਸਮਾਜ ਦੀ ਸਿਰਜਨਾਂ ਲਈ ਰੱਬ ਧਾਰ ਕੇ ਆਪ ਅਵਤਾਰ ਆਇਆ।'**[42]

ਹਰ ਚੰਗੀ ਸੋਚ ਰੱਖਣ ਵਾਲੇ ਇਨਸਾਨ ਨੂੰ ਚਾਹੀਦਾ ਹੈ ਕਿ ਉਹ ਦੁਨੀਆਂ ਦੇ ਕਿਰਤੀ ਅਬਰਾਹਿਮ ਲਿੰਕਨ ਦੇ ਜੀਵਨ ਨੂੰ ਪੜ੍ਹੇ ਕਿ ਕਿਵੇਂ ਉਹ ਕੱਖਾਂ ਦੀ ਕੁੱਲੀ ਚੋਂ ਨਿਕਲ ਕੇ ਵ੍ਹਾਈਟ ਹਾਊਸ ਜਾ ਕੇ ਅਮਰੀਕਾ ਦਾ ਸੋਲਵਾਂ ਰਾਸ਼ਟਰਪਤੀ ਬਣਿਆ। ਪਰਮਾਤਮਾ ਅੱਗੇ ਇਹੋ ਅਰਦਾਸ ਹੈ ਕਿ ਕਿਰਤ ਦੀ ਮਹਾਨਤਾ ਦੀ ਲੋਕਾਂ ਨੂੰ ਫਿਰ ਸਮਝ ਆ ਜਾਵੇ ਅਤੇ ਬਾਣੀ ਦੇ ਚਾਨਣ ਵਿੱਚ ਮਨੁੱਖ ਨੂੰ ਆਪਣੇ ਜੀਵਨ ਦੇ ਅਸਲੀ ਰਸਤੇ ਤੇ ਚੱਲਣ ਦੀ ਸੋਝੀ ਪ੍ਰਾਪਤ ਹੋ ਜਾਵੇ।

## ਹਵਾਲੇ ਅਤੇ ਟਿੱਪਣੀਆਂ


1. ਮਾਸਿਕ ਗੁਰਮਤਿ ਪ੍ਰਕਾਸ਼, ਨਵੰਬਰ 2009, ਪੰਨਾ 11
2. ਮਾਝ,ਮ.1ਸ.ਗ.ਗ. ਸ ਅੰਗ 141.
3. ਸਰਬ ਨਿਧਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਕ੍ਰਿਤ ਡਾ ਸਰੂਪ ਸਿੰਘ ਅਲੱਗ ਪੰਨਾ 7--8.
4. ਭਾਈ ਕਾਹਨ ਸਿੰਘ ਨਾਭਾ ਕ੍ਰਿਤ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਪੰਨਾ 329.
5. ਅੰਗਰੇਜ਼ੀ 1245,(ਸ.ਗ.ਗ.ਸ)
6. ਮਾਰਗ ਮੋਤੀ ਕ੍ਰਿਤ ਡਾ ਸਰੂਪ ਸਿੰਘ ਅਲੱਗ ਸਫ਼ਾ 229.
7. ਪੁਸਤਕ ਉਹੀ ,ਸਫ਼ਾ 205.
8. ਅੰਗ 154, ਗਉੜੀ ਚੇਤੀ 1(ਗ.ਗ.ਸ.)
9. ਅੰਗ 141, ਮਾਝ ਵਾਰ/9(ਗ.ਗ.ਸ)
10. ਸਿੱਖੀ ਸਿੱਖਿਆ ਗੁਰ ਵੀਚਾਰ ਕ੍ਰਿਤ ਅੰਮ੍ਰਿਤਪਾਲ ਕੌਰ ਪੰਨਾ 14--15.
11. ਪ੍ਰਗਟੀ ਜੋਤ ਪਸਰਿਆ ਨੂਰ ਕ੍ਰਿਤ ਕਰਮਜੀਤ ਸਿੰਘ 'ਨੂਰ' ਪੰਨਾ 28.
12. ਸੌ ਸਵਾਲ ਕ੍ਰਿਤ ਪ੍ਰਿੰਸੀਪਲ ਸਤਬੀਰ ਸਿੰਘ ਪੰਨਾ 117.
13. ਬ੍ਰਹਮ ਗਿਆਨੀ ਭਾਈ ਲਾਲੋ ਜੀ ਕ੍ਰਿਤ ਹਰਦੇਵ ਸਿੰਘ ਕਲਸੀ ਪੰਨਾ 51.

14. ਅੰਗ 1245, ਸਾਰੰਗ ਮਹਲਾ 1(ਸ.ਗ.ਗ.ਸ)
15. ਵਾਰਾਂ ਭਾਈ ਗੁਰਦਾਸ ਜੀ ਸਟੀਕ ਟੀਕਾਕਾਰ ਗਿਆਨੀ ਹਰਬੰਸ ਸਿੰਘ ਪੰਨਾ 4.
16. ਪੁਸਤਕ ਉਹੀ ਵਾਰ 40 ,ਪਉੜੀ 11,ਪੰਨਾ 675.
17. ਪੁਸਤਕ ਉਹੀ ਵਾਰ 1/3.
18. * *ਵਾਰ 6/12
19. ,, ,, ,,ਵਾਰ 32/1
20. ,, ,, ਵਾਰ 28,ਪਉੜੀ 6.
21. ,, ,,ਵਾਰ 28,ਪਉੜੀ 15.
22. ਸਿੱਖੀ ਸਿੱਖਿਆ ਗੁਰ ਵੀਚਾਰ ਕ੍ਰਿਤ ਅੰਮ੍ਰਿਤਪਾਲ ਕੌਰ ਪੰਨਾ 15.
23. ਅੰਗਰੇਜ਼ੀ 472,(ਗ.ਗ.ਸ)
24. ਪੁਸਤਕ ਉਹੀ ਪੰਨਾ 15.
25. ਵਾਰਾਂ ਭਾਈ ਗੁਰਦਾਸ ਜੀ ਸਟੀਕ ਸਫ਼ਾ 51ਵਾਰ 1ਪਉੜੀ40.
26. ਅੰਗਰੇਜ਼ੀ 522 (ਗ.ਗ.ਸ.)
27. ਗੁਰਮਤਿ ਜੀਵਨ ਕ੍ਰਿਤ ਮਹਿੰਦਰ ਸਿੰਘ ਪਾਲ ਪੰਨਾ 8.
28. ਸੌ ਸਵਾਲ ਕ੍ਰਿਤ ਸਤਬੀਰ ਸਿੰਘ ਪੰਨਾ 117.
29. ਅੰਗਰੇਜ਼ੀ 722( ਗ.ਗ.ਸ.)
30. ਆਸਾ ਮ:2 ਅੰਗਰੇਜ਼ੀ 467 ( ਗ.ਗ.ਸ.).
31. ਸੂਰਜ ਪ੍ਰਕਾਸ਼ ਗ੍ਰੰਥ ਕਵੀ ਸੰਤੋਖ ਸਿੰਘ
32. ਸੌ ਸਵਾਲ ਕ੍ਰਿਤ ਸਤਬੀਰ ਸਿੰਘ ਪੰਨਾ 117.
33. ਭਗਤ ਰਵਿਦਾਸ ਜੀ ਜੀਵਨ ਤੇ ਵਿਚਾਰਧਾਰਾ ਪੰਨਾ 15..ਕ੍ਰਿਤ ਰੂਪ ਸਿੰਘ ਡਾ ਗੁਰਸ਼ਰਨਜੀਤ ਸਿੰਘ.
34. ਅੰਗ 1375( ਗ.ਗ.ਸ.)
35. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਨੌਂਵੀਂ, ਪੰਨਾ 842.. ਪ੍ਰੋਫੈਸਰ ਸਾਹਿਬ ਸਿੰਘ .
36. ਅੰਗ 656(ਗ.ਗ.ਸ.)
37. ਰਹਿਤਨਾਮਾ ਭਾਈ ਦੇਸਾ ਸਿੰਘ )
38. ਬ੍ਰਹਮ ਗਿਆਨੀ ਭਾਈ ਲਾਲੋ ਜੀ ਪੰਨਾ 138.
39. ਪੁਸਤਕ ਉਹੀ ਪੰਨਾ 57.
40. ਖੁੱਲ੍ਹੇ ਲੇਖ ਕ੍ਰਿਤ ਪ੍ਰੋਫੈਸਰ ਪੂਰਨ ਸਿੰਘ .
41. ਮ :5,ਅੰਗ 814 ( ਗ.ਗ.ਸ.).
42. ਪ੍ਰਗਟੀ ਜੋਤ ਪਸਰਿਆ ਨੂਰ ਕ੍ਰਿਤ ਕਰਮਜੀਤ ਸਿੰਘ 'ਨੂਰ' ਪੰਨਾ 28.

**ਅਮ੍ਰਿਤ ਪਾਲ ਕੌਰ**

Email :-amritpal.divine@gmail.com

# ਗੁਰੂ ਨਾਨਕ ਬਾਣੀ ਅਤੇ ਅਸਹਿਣਸ਼ੀਲਤਾ

**ਅਰਵਿੰਦਰ ਧਾਲੀਵਾਲ**

'ਗੁਰੂ ਨਾਨਕ ਦੇਵ ਜੀ' ਦਾ ਅਕਸ ਬੇਸ਼ੱਕ ਮੇਰੇ ਮਨ ਅੰਦਰ ਬਚਪਨ ਤੋਂ ਲੈ ਕੇ ਅੱਜ ਤੱਕ ਜਾਗਦਿਆਂ/ ਸੌਣ ਲੱਗਿਆਂ ਹਮੇਸ਼ਾਂ ਵੇਖੀ ਤਸਵੀਰ ਵਾਲਾ ਹੀ ਰਿਹਾ ਹੈ। ਉਸ ਗਹਿਰ ਗੰਭੀਰ ਮੁਦਰਾ ਵਾਲੀ ਤਸਵੀਰ ਤੇ ਗੁਰੂ ਨਾਨਕ ਬਾਣੀ, ਭਾਵਨਾਤਮਕ ਪੱਧਰ 'ਤੇ ਮੇਰੇ ਲਈ ਇਕੋ ਰੂਪ ਰਹੇ ਹਨ। ਗੁਰੂ ਨਾਨਕ ਇਕ ਪੈਗੰਬਰ, ਫ਼ਕੀਰ ਜਾਂ ਗੁਰੂ ਨਾ ਰਹਿ ਕੇ ਇਕ ਦਰਵੇਸ਼ ਰੂਹ, ਮਾਰਗਦਰਸ਼ਕ ਅਤੇ ਰੂਹਾਨੀਅਤ ਦੇ ਮੁਜਸਮੇ ਹਨ। ਅੱਖਾਂ ਬੰਦ ਕਰਕੇ ਰੱਬ ਦਾ ਨਾਂ ਚੇਤੇ ਕਰਦਿਆਂ ਮਨ ਅੰਦਰ ਆਕਾਰ ਲੈ ਜਾਂਦੀ ਉਹ ਅਦੁੱਤੀ ਸ਼ਕਤੀ ਹਨ ਜੋ ਨਿਰਾਕਾਰ ਦੇ ਰਾਹ ਦਸੇਰੇ ਬਣਦੇ ਹਨ। ਉਨ੍ਹਾਂ ਦੀ ਬਾਣੀ ਦਾ ਪ੍ਰਭਾਵ ਵੀ ਓਨਾ ਗੂੜ੍ਹਾ ਹੈ।

ਗੁਰੂ ਨਾਨਕ ਸਾਹਿਬ ਦੀ ਬਾਣੀ ਕਈ ਵਿਸ਼ੇ ਅੰਗੀਕਾਰ ਕਰਦੀ ਹੈ। ਸਭਿਆਚਾਰ, ਨੈਤਿਕ ਕੀਮਤਾਂ, ਆਦਰਸ਼, ਸਮਾਜ, ਰਾਜਸੀ ਪ੍ਰਬੰਧ ਤੋਂ ਲੈ ਕੇ ਮਨੁੱਖ ਦੇ ਨਿੱਜ ਤੱਕ ਦੇ ਪੈਂਡਿਆਂ ਦੀ ਅਗਵਾਈ ਕਰਦੀ ਹੈ। ਇਹ ਬਾਣੀ ਚਿਰਕਾਲ ਤੋਂ ਤੁਰੀ ਆ ਰਹੀ ਉਸ ਬ੍ਰਾਹਮਣਵਾਦੀ ਪ੍ਰਥਾ ਦਾ ਖੰਡਨ ਕਰਦੀ ਹੈ, ਜੋ ਜੀਵਨ ਦੇ ਅਧਿਆਤਮਕ ਸੋਮਿਆਂ ਨਾਲੋਂ ਟੁੱਟ ਚੁੱਕੀ ਸੀ। ਸਮਕਾਲੀ ਸਮਾਜਕ ਵਿਵਸਥਾ ਦੇ ਪਤਨਮੁਖੀ ਕਿਰਦਾਰ ਦੀ ਵੀ ਆਲੋਚਨਾ ਕਰਦੀ ਹੈ। ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਸੁਨੇਹਾ ਦਿੰਦੀ ਮਨੁੱਖਤਾ ਨੂੰ ਪ੍ਰੇਮ, ਸਬਰ, ਸੰਤੋਖ, ਸਹਿਜ ਤੇ ਧੀਰਜ ਆਦਿ ਮੁੱਲਾਂ ਨੂੰ ਅਪਨਾਉਣ ਦਾ ਪਾਠ ਪੜ੍ਹਾਉਂਦੀ ਹੈ। ਕੁਝ 'ਕਹਿਣ' ਅਤੇ 'ਸੁਣਨ' ਦੀ ਸੰਵਾਦ ਜੁਗਤ ਨੂੰ ਜੀਵਨ ਵਿਚ ਢਾਲਣ ਦਾ ਸ਼ਬਦ ਦ੍ਰਿੜ ਕਰਵਾ ਕੇ ਗੁਰੂ ਸਾਹਿਬ ਪੂਰਬਲੀ ਲੋਕ ਪਰੰਪਰਾ ਨਾਲ ਸੰਵਾਦ ਰਚਾਉਂਦੇ ਹਨ।

'ਕਹਿਣ' ਦੇ ਨਾਲ-ਨਾਲ 'ਸੁਣਨ' ਨੂੰ ਵੀ ਗੁਰੂ ਨਾਨਕ ਬਾਣੀ ਵਿਚ ਉਨਾ ਹੀ ਮਹੱਤਵਪੂਰਨ ਸਮਝਿਆ ਗਿਆ ਹੈ, ਜਿਸ ਵਿਚ ਦੋਵੇਂ ਪੱਖਾਂ ਦਾ ਧਰਮ ਸਹਿਜਤਾ ਤੇ ਸੰਜਮਤਾ ਹੈ। ਇਹੀ ਸਹਿਜਤਾ ਤੇ ਸੰਜਮ 'ਸਹਿਣਸ਼ੀਲਤਾ' ਹੈ। 'ਸਹਿਣਸ਼ੀਲਤਾ' ਸ਼ਬਦ 'ਅਸਿਹਣਸ਼ੀਲਤਾ' ਦਾ ਵਿਰੋਧੀ ਹੈ। 'ਅਸਹਿਣਸ਼ੀਲਤਾ' ਉਦੋਂ ਪੈਦਾ ਹੁੰਦੀ ਹੈ ਜਦੋਂ ਕੋਈ ਆਪਣੇ ਵਿਸ਼ਵਾਸਾਂ ਬਾਰੇ ਕਾਲਪਨਿਕ ਅਜੇਤੂ ਭਰਮ ਪਾਲਦਾ ਹੈ। ਉਸਨੂੰ ਆਪਣੇ ਸਹੀ ਜਾਂ ਉਚਿਤ ਹੋਣ ਬਾਰੇ ਰੂੜੀਵਾਦੀ ਨਿਸ਼ਚਾ ਹੁੰਦਾ ਹੈ। ਅਜਿਹੀ ਪ੍ਰਕਿਰਤੀ ਦਾ ਸਮਾਜ ਉਨ੍ਹਾਂ ਵਿਚਾਰਾਂ ਦੀ ਅਭਿਵਿਅਕਤੀ ਅਤੇ ਨਜ਼ਰੀਏ ਨੂੰ ਨਹੀਂ ਸਹਿਣ ਕਰ ਸਕਦਾ ਜੋ ਨਵੇਂ ਸਿਧਾਂਤਾਂ ਤੇ ਪਰੰਪਰਕ ਗਿਆਨ ਨੂੰ ਚੁਣੌਤੀ ਦਿੰਦੇ ਹੋਣ। ਨਤੀਜੇ ਵਜੋਂ, ਗ਼ੈਰ ਰਵਾਇਤੀ ਅਤੇ ਵੱਖਰੇ ਵਿਚਾਰਧਾਰਕ ਦ੍ਰਿਸ਼ਟੀਕੋਣ ਨੂੰ ਦਬਾ ਦਿੱਤਾ ਜਾਂਦਾ ਹੈ। ਇਹ ਦਮਨਕਾਰੀ ਨੀਤੀਆਂ ਦਾ ਮੁੱਖ ਪ੍ਰਯੋਜਨ ਹੁੰਦਾ ਹੈ।'(1)

ਗੁਰੂ ਨਾਨਕ ਬਾਣੀ ਅਜਿਹੇ ਵਰਤਾਰੇ ਦੀ ਵਿਰੋਧੀ ਹੈ। ਗੁਰੂ ਨਾਨਕ ਧਾਰਮਿਕ ਆਜ਼ਾਦੀ ਅਤੇ ਭਾਰਤ ਵਿਚ ਧਾਰਮਿਕ ਵਿਵਸਥਾ ਦੇ ਹਾਮੀ ਸਨ। ਉਹ ਉਸ ਵਿਅਕਤੀਗਤ ਸੁਤੰਤਰਤਾ ਦੇ ਹਮਾਇਤੀ ਸਨ, ਜੋ ਦੂਸਰੇ ਦੀ ਸੁਤੰਤਰਤਾ ਨੂੰ ਭੰਗ ਨਾ ਕਰੇ। ਸਮਾਨਤਾ ਤੇ ਨਿਆਂ ਦਾ ਵਿਅਕਤੀਗਤ ਸੁਤੰਤਰਤਾ ਨਾਲ ਗਹਿਰਾ ਸਬੰਧ ਹੈ। ਗੁਰੂ ਨਾਨਕ ਦਾ ਵਿਚਾਰ ਹੈ ਕਿ ਉਸ ਨਿਆਂ ਦਾ ਕੋਈ ਅਰਥ ਨਹੀਂ ਜੋ ਸਮਾਜਕ

ਅਸਮਾਨਤਾਵਾਂ ਦਾ ਵਿਰੋਧ ਨਹੀਂ ਕਰਦਾ। ਸਮਾਜਕ ਨਾਬਰਾਬਰੀ ਸ਼ੋਸ਼ਣ ਨੂੰ ਉਪਜਾਉਂਦੀ ਹੈ, ਜਿਸਦੀ ਬਾਣੀ ਵਿਚ ਸਖ਼ਤ ਸ਼ਬਦਾਂ ਵਿਚ ਨਿੰਦਾ ਹੋਈ ਹੈ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ**

ਪੰਨਾ 141 ਗੁਰੂ ਗ੍ਰੰਥ ਸਾਹਿਬ।

'ਵਸੁਧੇਵ ਕੁਟੁੰਬਕਮ' ਦੀ ਮਾਨਤਾ ਹੈ ਕਿ ਜਿਸ ਦੇ ਅਨੁਸਾਰ ਪੂਰਾ ਵਿਸ਼ਵ ਇਕ ਪਰਿਵਾਰ ਹੈ, ਇਹ ਸਿਧਾਂਤ ਦੇਣ ਵਾਲਾ ਭਾਰਤ ਹੈ, ਜਿਸ ਦੇ ਸਮਾਜਕ ਪ੍ਰਬੰਧ ਵਿਚ ਭਾਈਚਾਰਿਆਂ ਦਰਮਿਆਨ ਜਿੰਨੇ ਮਰਜ਼ੀ ਅਪਵਾਦ ਜਾਂ ਵਿਚਾਰਧਾਰਕ ਮਤਭੇਦ ਰਹੇ ਹੋਣ ਪਰ ਕਿਸੇ ਬਾਹਰੀ ਹਮਲਾਵਰ ਦੇ ਸਾਹਵੇਂ ਇਹ ਹਮੇਸ਼ਾ ਆਪਸੀ ਪਿਆਰ ਤੇ ਸੁਹਿਰਦਤਾ ਦਾ ਹਾਮੀ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸੇ ਸਾਂਝੀਵਾਲਤਾ ਦੀ ਬਾਤ ਪਾਉਂਦੀ ਹੈ ਜੋ ਹਿੰਦੂ, ਮੁਸਲਮਾਨ ਜਾਂ ਸਿੱਖ ਨੂੰ ਕੇਵਲ ਚੰਗਾ ਹਿੰਦੂ, ਚੰਗਾ ਮੁਸਲਮਾਨ ਜਾਂ ਚੰਗਾ ਸਿੱਖ ਬਣਨ 'ਤੇ ਜ਼ੋਰ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਧਾਰਮਿਕ ਆਜ਼ਾਦੀ ਦੇ ਹਾਮੀ ਸਨ।

ਉਨ੍ਹਾਂ ਦੀ ਵਿਚਾਰਧਾਰਾ ਸੱਤਾ-ਵਿਹੂਣੇ ਵਰਗਾਂ ਤੇ ਸਧਾਰਨ ਲੋਕਾਂ ਦੀ ਵਿਚਾਰਧਾਰਾ ਹੈ। ਆਮ ਲੋਕਾਂ ਦਾ ਪੱਖ ਪੂਰਨ ਵਾਲੀ ਇਹ ਵਿਚਾਰਧਾਰਾ ਹਰ ਪ੍ਰਕਾਰ ਦੇ ਦਮਨ ਤੇ ਸ਼ੋਸ਼ਣ ਦੇ ਖ਼ਿਲਾਫ਼ ਅਵਾਜ਼ ਉਠਾਉਂਦੀ ਹੈ।

ਗੁਰੂ ਨਾਨਕ ਸਾਹਿਬ ਦੀ ਮੁਗਲ ਸ਼ਾਸਕ ਬਾਬਰ ਦੇ ਹਮਲੇ ਖ਼ਿਲਾਫ਼ ਕੀਤੀ ਸਖ਼ਤ ਸ਼ਬਦਾਂ ਵਿਚ ਨਿੰਦਾ ਇਤਿਹਾਸਕ ਤੌਰ 'ਤੇ ਇਕੋ ਇਕ ਅਜਿਹਾ ਪ੍ਰਮਾਣ ਹੈ, ਜਿਸ ਵਰਗਾ ਹਵਾਲਾ ਸ਼ਾਇਦ ਹੀ ਹੋਰ ਕਿਧਰੇ ਮਿਲਦਾ ਹੋਵੇ, ਜੋ ਸੱਤਾ ਦੇ ਖ਼ਿਲਾਫ਼ ਸਖ਼ਤ ਸ਼ਬਦਾਂ ਵਿਚ ਸਪੱਸ਼ਟ ਵਿਰੋਧ ਦਰਜ ਕਰਾਉਂਦੀ ਹੈ। ਇਸ ਤਰ੍ਹਾਂ ਬਾਬਰਬਾਣੀ ਇਕੋ ਇਕ ਅਜਿਹੀ ਰਚਨਾ ਬਣ ਜਾਂਦੀ ਹੈ ਜੋ ਸਮੇਂ ਦੇ ਸਮਾਜ ਤੇ ਇਤਿਹਾਸ ਨੂੰ ਦਰਸਾਉਂਦੀ ਹੈ। ਇਸ ਇਤਿਹਾਸਕ ਹਵਾਲੇ ਵਿਚ ਬਾਬਰ ਦੁਆਰਾ ਕੀਤੀ ਗਈ ਹਰ ਤਰ੍ਹਾਂ ਦੀ ਬਰਬਾਦੀ ਦਾ ਵਰਨਣ ਹੈ। ਉੱਤਰ ਆਧੁਨਿਕਤਾ ਦੇ ਅਨੁਸਾਰ "‘‘ਏਣਟ ਨੂੰ ਇਤਿਹਾਸ ਸਥਾਪਤ ਕਰਦਾ ਹੈ ਤੇ ਇਤਿਹਾਸ ਨੂੰ ‘‘ਏਣਟ ਸਥਾਪਿਤ ਕਰਦੀ ਹੈ।" ਬਾਬਰ ਬਾਣੀ ਅਜਿਹੀ ‘‘ਏਣਟ ਹੈ ਜਿਸ ਦੀ ਬਾਗ਼ੀਆਨਾ ਸੁਰ ਸਪੱਸ਼ਟ ਰੂਪ ਵਿਚ ਬਾਬਰ ਦੇ ਵਿਰੁਧ ਅਤੇ ਲੋਧੀਆਂ ਅਸਫ਼ਲਤਾ ਤੇ ਕਾਇਰਤਾ ਨੂੰ ਦਰਸਾਉਂਦੀ ਹੈ। ਜਦ ਗੁਰੂ ਨਾਨਕ ਏਮਨਾਬਾਦ ਵਿਚ ਠਹਿਰੇ ਹੋਏ ਸਨ ਤਾਂ ਬਾਬਰ ਨੇ ਏਮਨਾਬਾਦ 'ਤੇ ਹਮਲਾ ਕਰ ਦਿੱਤਾ। ਖ਼ੂਬ ਲੁੱਟਮਾਰ ਕੀਤੀ ਅਤੇ ਬਹੁਤ ਸਾਰੇ ਲੋਕਾਂ ਨੂੰ ਕੈਦ ਵੀ ਕਰ ਲਿਆ। ਉਸ ਸਮੇਂ ਹਿੰਦੂਆਂ ਮੁਸਲਮਾਲਾਂ ਅਤੇ ਹੋਰ ਫਿਰਕਿਆਂ ਦੀ ਹੋਈ ਦੁਰਦਸ਼ਾ ਅਸਹਿਣਸ਼ੀਲਤਾ ਪੈਦਾ ਕਰਦੀ ਹੈ ਜਿਸ ਉਤੇ ਗੁਰੂ ਨਾਨਕ ਬਾਣੀ ਪ੍ਰਤੀਕਿਰਿਆ ਦਿੰਦੀ ਹੈ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲ ਚੜਾਇਆ।**
**ਏਤੀ ਮਾਰ ਪਈ ਕੁਰਾਲਾਣੇ ਤੈਂਕੀ ਦਰਦੁ ਨਾ ਆਇਆ ॥੧॥**
**ਕਰਤਾ ਤੂ ਸਭਨਾ ਦਾ ਸੋਈ।**

(ਆਸਾ ਮ: 1)

ਕਿਸੇ ਵੀ ਸਮਾਜ ਤੇ ਆਰਥਿਕਤਾ ਦੀ ਬਣਤਰ ਵਿਚ ਵੱਖ-ਵੱਖ ਵਿਚਾਰਧਾਰਾਵਾਂ ਆਪਸੀ ਵਿਰੋਧ, ਸੰਘਰਸ਼ ਜਾਂ ਦਵੰਦ ਦੇ ਰਿਸ਼ਤੇ ਵਿਚ ਬੱਝੀਆਂ ਕੰਮ ਕਰਦੀਆਂ ਹਨ। ਇਹ ਵਿਚਾਰਧਾਰਾਵਾਂ ਧਰਮ, ਕੌਮ, ਜ਼ਾਤ, ਫਿਰਕਿਆਂ ਅਤੇ ਵਰਗਾਂ ਦੇ ਆਧਾਰ 'ਤੇ ਵੰਡੇ ਹੋਏ ਮਨੁੱਖੀ ਭਾਈਚਾਰਿਆਂ ਦੇ ਜਿਊਣ-ਢੰਗ ਦਾ ਨਿਰਧਾਰਨ ਕਰਦੀਆਂ ਹਨ। ਭਾਰਤੀ ਇਤਿਹਾਸ ਵਿਚ ਹਿੰਦੂ ਧਰਮ ਸੱਭ ਤੋਂ ਪੁਰਾਣਾ ਧਰਮ ਹੈ। ਵੈਦਿਕ ਪਰੰਪਰਾ ਨੇ ਇਸ ਧਰਮ ਦੇ ਬਾਹਰਲਿਆਂ ਲਈ ਰਾਹ ਬੰਦ ਕਰਕੇ ਇਸਨੂੰ ਵਰਣ ਵੰਡ ਵਿਚ ਬਦਲ ਦਿੱਤਾ ਜਿਸ ਨਾਲ ਮਨੁੱਖ ਦੀ ਅਹਿਮੀਅਤ ਘਟਾ ਕੇ ਧਰਮ ਦੀ ਅਹਿਮੀਅਤ ਨੂੰ ਵਧਾ ਦਿੱਤਾ ਗਿਆ। ਜਿਵੇਂ ਹਿੰਦੂਕੁਸ਼ ਪਰਬਤ ਤੋਂ ਪਾਰ ਜਾਣ ਤੇ ਮਨੁੱਖ ਨੂੰ ਮਲੇਸ਼ ਐਲਾਨ ਦਿੱਤਾ ਜਾਂਦਾ ਸੀ। ਉਹ ਚਾਹ ਕੇ ਵੀ ਵਾਪਸ ਨਹੀਂ ਹਿੰਦੂ ਧਰਮ ਵਿਚ ਵਾਪਸ ਨਹੀਂ ਆ ਸਕਦਾ ਸੀ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਜਿਹੇ ਸੱਤਾ-ਵਿਹੂਣੇ, ਸਧਾਰਨ ਤੇ ਲਤਾੜੇ ਲੋਕਾਂ ਦੇ ਹੱਕ ਵਿਚ ਖਲੋਂਦੀ ਹੈ। ਆਮ ਲੁਕਾਈ ਦੀ ਇਹ ਵਿਚਾਰਧਾਰਾ ਕਿਸੇ ਵੀ ਕਿਸਮ ਦੇ ਸ਼ੋਸ਼ਣ ਦੇ ਖ਼ਿਲਾਫ਼ ਅਵਾਜ਼ ਬੁਲੰਦ ਕਰਦੀ ਹੈ। ਜੇਕਰ ਵੇਲੇ ਦੀ ਸਥਾਪਿਤ ਵਿਚਾਰਧਾਰਾ ਹਾਕਮ ਸ਼੍ਰੇਣੀ ਦੀ ਚੌਧਰ ਨੂੰ ਬਣਾਈ ਰੱਖਣ ਲਈ ਅਤੇ ਆਪਣੇ ਹਿੱਤਾਂ ਦੀ ਪੂਰਤੀ ਤੱਕ ਸੀਮਤ ਰਹਿੰਦੀ ਹੈ ਤਾਂ ਗੁਰੂ ਨਾਨਕ ਦੀ ਵਿਚਾਰਧਾਰਾ ਇਸ ਦਮਨਕਾਰੀ ਵਿਚਾਰਧਾਰਾ ਨੂੰ ਵੰਗਾਰਦੀ ਅਤੇ ਰੋਹ-ਵਿਦਰੋਹ ਨੂੰ ਜ਼ੁਬਾਨ ਦਿੰਦੀ ਹੈ।

**ਕਲਿ ਕਾਤੀ ਰਾਜੇ ਕਾਸਾਈ**
**ਧਰਮੁ ਪੰਖ ਕਰਿ ਉਡਰਿਆ ।**
**ਕੂੜ ਅਮਾਵਸ ਸਚੁ ਚੰਦ੍ਰਮਾ**
**ਦੀਸੈ ਨਾਹੀ ਕਹ ਚੜਿਆ ।**
**ਹਉ ਭਾਲਿ ਵਿਕੁੰਨੀ ਹੋਈ**
**ਆਧੇਰੈ ਰਾਹੁ ਨ ਕੋਈ ।**

(ਆਦਿ ਗ੍ਰੰਥ, 145)

ਗੁਰੂ ਨਾਨਕ ਸਾਹਿਬ ਦੀ ਇਹ ਵਿਚਾਰਧਾਰਾ ਜਿਸ ਧਿਰ ਪ੍ਰਤੀ ਰੋਸ ਪ੍ਰਗਟ ਕਰਦੀ ਹੈ, ਉਸ ਧਿਰ ਦੀ ਮੂਲ ਪ੍ਰਵਿਰਤੀ ਲੁੱਟ-ਖਸੁੱਟ ਉਪਰੰਤ ਸਥਾਪਤ ਹੋਣ ਦੀ ਹੈ। ਸੱਤਾ ਹਾਸਲ ਕਰਨਾ ਉਸ ਧਿਰ ਦਾ ਮੂਲ ਮਨੋਰਥ ਹੈ। ਇਸਦਾ ਗੁਰੂ ਨਾਨਕ ਬਾਣੀ ਵਿਚ ਸਪੱਸ਼ਟ ਪ੍ਰਮਾਣ ਮਿਲਦਾ ਹੈ।

**ਜਿਨ ਸਿਰਿ ਸੋਹਨਿ ਪਟੀਆ ਮਾਗੀ ਪਾਇ ਸੰਧੂਰੁ।**
**ਸੇ ਸਿਰ ਕਾਤੀ ਮੁੰਨੀਅਨਿ, ਗਲ ਵਿਚ ਆਵੈ ਧੂੜਿ।**
**ਮਹਲਾ ਅੰਦਰਿ ਹੋਦੀਆ ਹੁਣ ਬਹਣਿ ਨ ਮਿਲਨਿ ਹਦੂਰ ॥੨॥**
**ਆਦੇਸੁ ਬਾਬਾ ਆਦੇਸੁ।**
**ਆਦਿ ਪੁਰਖ ਤੇਰਾ ਅੰਤ ਨ ਪਾਇਆ ਕਰਿ ਕਰਿ ਵੇਖਹਿ ਵੇਸ ॥੨॥ ਰਹਾਉ।**
**ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ।**
**ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ।**

**ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥**

(ਰਾਗ ਆਸਾ ਮ: 1 ਅਸਟਪਦੀਆ)

**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ।**
**ਸਾਹਾਂ ਸੁਮੰਤ ਗਵਾਈਆ ਰੰਗ ਤਮਾਸੇ ਚਾਇ।**
**ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥**

(ਰਾਗ ਆਸਾ ਮ: 1 ਅਸਟਪਦੀਆ)

ਉਪਰੋਕਤ ਬਾਣੀ ਤੋਂ ਉਸ ਸਮੇਂ ਦਾ ਸਭਿਆਚਾਰਕ ਚਿੱਤਰ ਮਿਲ ਜਾਂਦਾ ਹੈ। ਖਾਨ-ਪਾਨ ਅਤੇ ਇਸਤਰੀਆਂ ਦੀ ਵੇਸ਼ਭੂਸ਼ਾ ਦਾ ਦ੍ਰਿਸ਼ ਸਾਕਾਰ ਹੁੰਦਾ ਹੈ। ਬਾਬਰ ਦੇ ਜ਼ੁਲਮ ਦੀ ਤਸਵੀਰ ਅੱਖਾਂ ਅੱਗੇ ਫਿਰ ਜਾਂਦੀ ਹੈ। ਲੋਧੀ ਵੰਸ਼ ਦੀ ਨਿਰਬਲਤਾ ਅਤੇ ਐਸ਼ਪ੍ਰਸਤੀ ਦਾ ਚਿੱਤਰ ਵੀ ਅੱਖਾਂ ਅੱਗੇ ਸਾਕਾਰ ਹੁੰਦਾ ਹੈ।

ਬਾਬਰ ਦੇ ਹਮਲੇ ਤੋਂ ਪਹਿਲਾਂ ਦਾ ਯੁੱਗ ਵੀ ਕੋਈ ਚੰਗੀ ਹਾਲਤ ਵਾਲਾ ਨਹੀਂ ਸੀ। ਪਿੱਛੇ ਕੀਤੇ ਗਏ ਜ਼ਿਕਰ ਅਨੁਸਾਰ ਸ਼ਾਸਕ ਵਰਗ ਅਤੇ ਧਨਵਾਨ ਲੋਕਾਂ ਵਿਚ ਹੰਕਾਰ ਭਰਿਆ ਹੋਇਆ ਸੀ। ਮਾਲ-ਦੌਲਤ ਰੂਪ-ਜਵਾਨੀ ਤੇ ਬਹੁ ਪਰਿਵਾਰ ਨੇ ਅਮੀਰਾਂ ਨੂੰ ਅੰਨ੍ਹਾ ਕੀਤਾ ਹੋਇਆ ਸੀ। ਬਾਬਰ ਦੇ ਹਮਲੇ ਤੋਂ ਬਾਅਦ ਇਸ ਸਮਾਜ ਦੀ ਤਸਵੀਰ ਹੋਰ ਦਮਨਕਾਰੀ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਸੱਤਾ ਵਿਹੂਣੇ ਵਰਗਾਂ ਤੇ ਸੁਧਾਰ ਲੋਕਾਂ ਦੀ ਵਿਚਾਰਧਾਰਾ ਹੈ। ਇਹ ਵਿਚਾਰਧਾਰਾ ਆਮ ਲੁਕਾਈ ਦਾ ਪੱਖ ਪੂਰਦੀ ਹੋਈ ਹਰ ਕਿਸਮ ਦੇ ਸ਼ੋਸ਼ਣ ਦੇ ਖ਼ਿਲਾਫ਼ ਅਵਾਜ਼ ਬੁਲੰਦ ਕਰਦੀ ਹੈ। ਇਸ ਵਿਚ ਮੁਗ਼ਲ ਸਾਮੰਤਵਾਦ ਦੀਆਂ ਕੱਟੜ ਮਜ਼ਹਬੀ ਨੀਤੀਆਂ ਅਤੇ ਆਰਥਿਕ ਲੁੱਟ-ਖਸੁੱਟ ਦਾ ਡਟ ਕੇ ਵਿਰੋਧ ਕੀਤਾ ਗਿਆ ਹੈ। ਬ੍ਰਾਹਮਣਵਾਦੀ ਕਰਮਕਾਂਡਾਂ ਅਤੇ ਮਨੂੰਵਾਦੀ ਜਾਤੀ ਪ੍ਰਬੰਧ ਦਾ ਵੀ ਖੰਡਨ ਕਰਦੀ ਇਹ ਵਿਚਾਰਧਾਰਾ ਸ਼ੋਸ਼ਿਤ ਵਰਗ ਦੇ ਹੱਕ ਵਿਚ ਪੁੱਗਦੀ ਹੈ। ਭਾਈ ਗੁਰਦਾਸ ਨੇ ਇਸਦਾ ਖ਼ੂਬ ਵਰਨਣ ਕੀਤਾ ਹੈ।

**ਕਲਿ ਕਾਤੀ ਕੁਤੇ ਮੁਹੀ ਖਾਜ ਹੋਇਆ ਮੁਰਦਾਰ ਗੁਸਾਈਂ।**
**ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।**
**ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤਿ ਮੁਖਹੁ ਆਲਾਈ।**
**ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤ ਬਿਧਿ ਭਾਈ।**
**ਸੇਵਕੁ ਬੈਠਨ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।**
**ਕਾਜੀ ਹੋਇ ਰਿਸ਼ਵਤੀ ਵਢੀ ਲੈਕੇ ਹਕ ਗਵਾਈ।**
**ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ।**
**ਵਰਤਿਆ ਪਾਪ ਸਭਸ ਜੁਗ ਮਾਹੀ।**

(ਭਾਈ ਗੁਰਦਾਸ ਵਾਰ-2 ਪਉੜੀ 30)

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਮਕਾਲੀ ਸਥਿਤੀਆਂ ਬਾਰੇ ਜਿਸ ਪ੍ਰਕਾਰ ਦੇ ਸਵਾਲ ਚੁੱਕੇ ਹਨ (ਜਿਵੇਂ -ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ- ਆਦਿ ਗ੍ਰੰਥ ਪੰਨਾ 469) ਉਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਵੇਲੇ ਦਾ ਸਾਮੰਤਵਾਦੀ ਨਿਜ਼ਾਮ ਇਸ ਵੇਲੇ ਦੇ ਬਰਾਸਤਾ ਲੋਕਤੰਤਰ ਕਾਰਪੋਰੇਟ ਨਾਲੋਂ

ਬਹੁਤਾ ਵੱਖਰਾ ਨਹੀਂ ਸੀ। ਅੱਜ ਦੇ ਸਮੇਂ ਵੀ ਸਧਾਰਨ ਲੋਕਾਂ ਅੰਦਰ ਅਵਿਸ਼ਵਾਸ ਦੀ ਭਾਵਨਾ ਪਸਰੀ ਹੋਈ ਹੈ, ਸਹਿਣਸ਼ੀਲਤਾ ਲਗਭਗ ਨਾ ਦੇ ਬਰਾਬਰ ਹੈ। ਜਿਵੇਂ-ਜਿਵੇਂ ਵਿਸ਼ਵੀਕਰਨ ਹੋ ਰਿਹਾ ਹੈ ਤਿਵੇਂ-ਤਿਵੇਂ ਦੁਨੀਆਂ ਦੇ ਵੱਖ-ਵੱਖ ਸਮਾਜਾਂ ਤੇ ਦੇਸ਼ਾਂ ਵਿਚ ਕਈ ਪ੍ਰਕਾਰ ਦੇ ਪਰਿਵਰਤਨ ਵਾਪਰ ਰਹੇ ਹਨ। ਜੇਕਰ ਸੰਵਾਦ ਪੈਦਾ ਹੋ ਰਿਹਾ ਹੈ ਤਾਂ ਕਈ ਚੁਣੌਤੀਆਂ ਵੀ ਪੈਦਾ ਹੋ ਰਹੀਆਂ ਹਨ। ਅਸਮਾਨਤਾ (ਵਰਨ, ਵਰਗ, ਜਾਤੀ, ਧਰਮ, ਨਸਲ ਵੰਡਾਂ) ਤੇ ਗਰੀਬੀ ਨਾਲ ਸੰਘਰਸ਼ ਤਰੱਕੀ ਦੇ ਰਾਹ ਵਿਚ ਰੁਕਾਵਟ ਪੈਦਾ ਕਰਦਾ ਹੈ ਤੇ ਉਸਦੀ ਗਤੀ ਧੀਮੀ ਕਰਦਾ ਹੈ। ਜਦਕਿ ਨਿਸ਼ਚਿਤ ਤੌਰ 'ਤੇ ਜੇਕਰ ਕਿਧਰੇ ਲੋਕਤੰਤਰ ਹੈ ਤਾਂ ਉਸ ਦੇਸ਼ ਵਿਚ ਵੱਖ-ਵੱਖ ਵਿਚਾਰਧਾਰਾਵਾਂ ਪ੍ਰਵਾਨਿਤ ਹੋਣੀਆਂ ਚਾਹੀਦੀਆਂ ਹਨ।

ਅੱਜ ਅਸੀਂ ਜਿਸ ਜਗ੍ਹਾ ਪਹੁੰਚ ਚੁੱਕੇ ਹਾਂ ਜਿਥੇ ਮੁੱਖ ਧਾਰਾ ਤੋਂ ਵੱਖਰੇ ਦ੍ਰਿਸ਼ਟੀਕੋਣ ਨੂੰ ਕਰੋਧ ਦੀ ਭਾਵਨਾ ਨਾਲ ਵੇਖਿਆ ਜਾਂਦਾ ਹੈ। ਅਜਿਹੇ ਦ੍ਰਿਸ਼ਟੀਕੋਣ ਨੂੰ ਉੱਚੀ ਸੁਰ ਵਿਚ ਦਬਾਉਣ ਦਾ ਯਤਨ ਕੀਤਾ ਜਾਂਦਾ ਹੈ। ਇਹ ਬੰਦਸ਼ਾਂ ਏਨੀ ਤੇਜ਼ੀ ਨਾਲ ਫ਼ੈਲਦੀਆਂ ਹਨ ਜਿਵੇਂ ਕੋਈ ਛੂਤ ਦਾ ਰੋਗ ਫੈਲਦਾ ਹੈ।

ਪਿਛਲੇ ਕੁਝ ਸਾਲਾਂ ਤੋਂ ਅੱਤਵਾਦ, ਹਿੰਸਾ, ਰੰਗਭੇਦ, ਨਫ਼ਰਤ ਵਰਗੀਆਂ ਕਈ ਗਤੀਵਿਧੀਆਂ ਨਿਰੰਤਰ ਸਾਹਮਣੇ ਆ ਰਹੀਆਂ ਹਨ। ਇਹ ਸਥਿਤੀਆਂ ਅਸਹਿਣਸ਼ੀਲਤਾ ਨੂੰ ਜਨਮ ਦਿੰਦੀਆਂ ਹਨ। ਅਜਿਹੀ ਅਸਹਿਣਸ਼ੀਲਤਾ ਦੀ ਵੀ ਕੋਈ ਇਕ ਪ੍ਰਕਾਰ ਨਹੀਂ ਹੁੰਦੀ। ਹਰਬੰਸ ਖਜੂਰੀਆ ਇਸਨੂੰ ਕਈ ਕਿਸਮਾਂ ਵਿਚ ਵੰਡ ਕੇ ਵੇਖਦਾ ਹੈ। ਭਾਈਚਾਰਕ ਦਵੰਦ ਤੇ ਅਸਹਿਣਸ਼ੀਲਤਾ, ਧਾਰਮਿਕ ਅਸਹਿਣਸ਼ੀਲਤਾ, ਵਿਚਾਰਧਾਰਕ ਅਸਹਿਣਸ਼ੀਲਤਾ, ਸਮਾਜਕ/ ਆਰਥਿਕ ਹੈਸੀਅਤ ਕਰਕੇ ਪੈਦਾ ਹੁੰਦੀ ਅਸਹਿਣਸ਼ੀਲਤਾ ਤੇ ਇਥੋਂ ਤੱਕ ਕਿ ਜਾਤੀ, ਭਾਸ਼ਾ ਤੇ ਖਿੱਤੇ 'ਤੇ ਆਧਾਰਿਤ ਅਸਹਿਣਸ਼ੀਲਤਾ (Speaking tree.in) ਸਮਾਜਕ ਤੰਗਦਿਲੀ ਉਨ੍ਹਾਂ ਵਿਚਾਰਾਂ ਦੀ ਅਭਿਵਿਅਕਤੀ ਨੂੰ ਅਸਵੀਕਾਰ ਕਰਦੀ ਹੈ ਜੋ ਪਰੰਪਰਕ ਗਿਆਨ ਨੂੰ ਚੁਣੌਤੀ ਦਿੰਦੇ ਹੋਣ। ਨਤੀਜੇ ਵਜੋਂ ਕਈ ਦੇਸ਼ਾਂ ਵਿਚ ਧਰਮ, ਘੱਟ ਗਿਣਤੀ, ਸ਼ਰਨਾਰਥ ਅਤੇ ਪਰਵਾਸ ਨਾਲ ਸਬੰਧਿਤ ਮਾਨਵ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਭਾਰਤ ਦੀ ਸਥਿਤੀ ਸੱਭ ਤੋਂ ਸ਼ਰਮਨਾਕ ਹੈ।

ਮਾਨਵ ਅਧਿਕਾਰਾਂ ਦੀ ਰਾਖੀ ਕਰਦਿਆਂ ਗੁਰੂ ਨਾਨਕ ਸਥਾਪਤੀ ਨਾਲ ਵਿਰੋਧ ਪ੍ਰਗਟ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿਚੋਂ ਅਜਿਹੇ ਸਮਾਜ ਦਾ ਸੰਕਲਪ ਉੱਭਰਦਾ ਹੈ, ਜੋ ਹੱਕ, ਸੱਚ ਤੇ ਇਨਸਾਫ਼ 'ਤੇ ਖੜ੍ਹਾ ਹੋਵੇ। ਜਿਥੇ ਰਾਜੇ ਕਸਾਈ ਨਾ ਹੋਣ ਅਤੇ ਪ੍ਰਜਾ ਗਿਆਨ ਵਿਹੂਣੀ ਨਾ ਹੋਵੇ।

ਪਿਛਲੇ ਕੁਝ ਸਾਲਾਂ ਤੋਂ ਅਸਹਿਣਸ਼ੀਲਤਾ ਦੇ ਹਵਾਲੇ ਨਾਲ ਕਈ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਨੇ ਮਾਨਵ ਅਧਿਕਾਰਾਂ ਨੂੰ ਸ਼ਰਮਿੰਦਾ ਕੀਤਾ ਹੈ। 'ਜਿਹੋਵਾ ਵਿਟਨੈਸ ਫੇਥ' ਜਿਸ ਵਿਚ ਸਬੰਧਤ ਵਿਦਿਆਰਥੀਆਂ ਨੂੰ ਮੁੱਖ ਧਾਰਾ ਤੋਂ ਵੱਖਰੀ, ਵਿਚਾਰਧਾਰਾ ਰੱਖਣ ਕਰਕੇ ਬਿਨਾਂ ਕਿਸੇ ਪਰਮਾਣ ਦੇ ਸਕੂਲੋਂ ਕੱਢ ਦਿੱਤਾ ਗਿਆ। ਦਾਦਰੀ ਵਿਚ ਇਕ ਨੌਜਵਾਨ ਨੂੰ ਕੁਝ ਲੋਕਾਂ ਨੇ ਮਿਲਕੇ ਇਸ ਲਈ ਮਾਰ ਦਿੱਤਾ ਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਉਹ ਗਊ ਮਾਸ ਦੀ ਵਰਤੋਂ ਕਰਦਾ ਹੈ। ਇਸ ਘਟਨਾ ਤੋਂ ਜੋ ਸਥਿਤੀ ਪੈਦਾ ਹੋਈ ਉਸਦੇ ਵਿਰੋਧ ਵਿਚ ਭਾਰਤੀ ਅੰਗਰੇਜ਼ੀ ਲੇਖਕ ਨਯਨਤਾਰਾ ਸਹਿਗਲ ਨੇ ਆਪਣਾ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਾਪਸ ਕੀਤਾ, ਫਿਰ ਇਹ ਸਿਲਸਿਲਾ ਤੁਰ ਪਿਆ ਤੇ ਕਈ ਲੇਖਕਾਂ ਤੇ ਸਾਹਿਤਕਾਰਾਂ ਨੇ ਆਪਣੇ ਸਨਮਾਨ ਵਾਪਸ ਕੀਤੇ।

ਜਿਸ ਵਿਅਕਤੀਗਤ ਸੁਤੰਤਰਤਾ ਨੂੰ ਗੁਰੂ ਨਾਨਕ ਸਾਹਿਬ ਨੇ ਬਾਣੀ ਦੇ ਮਾਡਲ ਵਜੋਂ ਦਿੱਤਾ ਉਸੇ ਦਾ ਭਾਰਤੀ ਸੰਵਿਧਾਨ ਹਾਮੀ ਹੈ। ਗੁਰੂ ਨਾਨਕ ਅਜਿਹੇ ਧਾਰਮਿਕ ਵਰਤਾਰੇ ਦੇ ਕੱਟੜ ਵਿਰੋਧੀ ਸਨ ਜੋ ਮਾਨਵੀ ਅਧਿਕਾਰਾਂ ਦਾ ਹਨਨ ਕਰਦਾ ਹੈ। ਉਹ ਧਾਰਮਿਕ ਅਜ਼ਾਦੀ ਤੇ ਬਹੁਵਿਧ ਧਾਰਮਿਕ ਵਿਵਸਥਾ ਦੇ ਹਾਮੀ ਸਨ।

ਗੁਰੂ ਨਾਨਕ ਯੁੱਗ ਨੂੰ ਇਤਿਹਾਸਕਾਰਾਂ ਨੇ ਹਿੰਦੂ, ਮੁਸਲਮਾਨ ਸਮਨਵਯ ਦਾ ਯੁੱਗ ਵੀ ਆਖਿਆ ਹੈ। 'ਇਸ ਯੁੱਗ ਵਿਚ ਸੂਫ਼ੀ ਆਪਣੇ ਪੁਰਾਤਨ ਇਸਲਾਮਿਕ ਵਿਰਸੇ ਦੀ ਪੁਨਰ ਵਿਆਖਿਆ ਕਰ ਰਹੇ ਸਨ ਅਤੇ ਦੂਸਰੇ ਪਾਸੇ ਸੰਤ ਭਗਤ ਆਪਣੇ ਪੁਰਾਤਨ ਹਿੰਦੂ ਵਿਰਸੇ ਦਾ ਰੂਪਾਂਤਰ ਕਰ ਰਹੇ ਸਨ। ਇਸ ਸੁਮੇਲ ਨਾਲ ਜੋ ਦੌਰ ਆਰੰਭ ਹੋਇਆ ਉਸਨੇ ਇਕ ਵਿਸ਼ੇਸ਼ ਪ੍ਰਕਾਰ ਦੇ ਸਰਬ ਸਾਂਝੇ ਸਭਿਆਚਾਰ ਨੂੰ ਵਿਕਸਿਤ ਕਰਨ ਦੀ ਨੀਂਹ ਰੱਖੀ।' (ਡਾ: ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਸਭਿਆਚਾਰਕ ਕ੍ਰਾਂਤੀ, ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਪੰਨਾ-357)

ਗੁਰੂ ਨਾਨਕ ਦੇਵ ਜੀ ਦੀ ਬਾਣੀ ਖਿਮਾ, ਸਹਿਣਸ਼ੀਲਤਾ, ਪਰਉਪਕਾਰ, ਪ੍ਰੇਮ, ਧੀਰਜ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੰਦੀ ਹੈ। ਉਨ੍ਹਾਂ ਦੀ ਇਸ ਭਾਵਨਾ ਸਵਰੂਪ ਵਿਚ ਸਰਬ-ਸਾਂਝੇ ਗੁਰੂ ਹਨ। ਉਨ੍ਹਾਂ ਨੂੰ ਉਨ੍ਹਾਂ ਦੀ ਵਿਚਾਰਧਾਰਾ ਸਦਕਾ ਹਿੰਦੂਆਂ-ਮੁਸਲਮਾਨਾਂ, ਰਿਸ਼ੀਆਂ-ਮੁਨੀਆਂ, ਸਾਧੂ-ਸੰਤਾਂ ਅਤੇ ਸੂਫ਼ੀਆਂ ਨੇ ਸਰਵੋਚ ਸਨਮਾਨ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਸਹਿਣਸ਼ੀਲਤਾ ਦੀ ਉੱਤਮਤਾ ਦਾ ਵਖਿਆਨ ਕਰਦੇ ਹਨ , ਜਿਸਨੂੰ ਆਪਣਾਕੇ ਚੱਲਣ ਵਿਚ ਹੀ ਸਰਬੱਤ ਦਾ ਭਲਾ ਤੇ ਸ਼ਾਂਤੀ ਦਾ ਪਸਾਰਾ ਹੋ ਸਕਦਾ ਹੈ।

**ਜਤੁ ਪਹਾਰਾ ਧੀਰਜੁ ਸੁਨਿਆਰੁ।**
**ਅਹਰਣਿ ਮਤਿ ਵੇਦੁ ਹਥਿਆਰੁ।**
**ਭਉ ਖਲਾ ਅਗਨਿ ਤਪਤਾਉ।**
**ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ।**
**ਘੜੀਐ ਸਬਦ ਸਚੀ ਟਕਸਾਲ।**

(ਪਾਉੜੀ 38, ਜਪੁਜੀ ਸਾਹਿਬ)

**ਅਰਵਿੰਦਰ ਧਾਲੀਵਾਲ**
E-mail : monadhaliwal12@qmail.com

# ਨਾਨਕ-ਬਾਣੀ ਅਤੇ ਜੈਂਡਰ (Gender) ਸਮਾਨਤਾ

ਪ੍ਰੋ.ਬਲਜਿੰਦਰ ਕੌਰ

ਅੱਜ ਦੇ ਪਰਜਾਤੰਤਰੀ ਅਤੇ ਪਦਾਰਥਵਾਦੀ ਦੌਰ ਵਿਚ ਸਭ ਤਰ੍ਹਾਂ ਦੀ ਮਨੁੱਖੀ ਬਰਾਬਰੀ ਦਾ ਸੰਕਲਪ ਸਮਾਜਕ,ਸਭਿਆਚਾਰਕ ਅਤੇ ਇਤਿਹਾਸਕ ਸੰਦਰਭ ਨਾਲ ਸੰਬੰਧਿਤ ਹੈ। ਸਾਡੀਆਂ ਸਭ ਤਰ੍ਹਾਂ ਦੀਆਂ ਕੋਸ਼ਿਸ਼ਾ ਦੇ ਬਾਵਜੂਦ ਇਸ ਆਦਰਸ਼ ਨੂੰ ਅਮਲੀ ਰੂਪ ਦੇਣ ਵਿਚ ਅਸੀਂ ਕਿੰਨ੍ਹਾ ਕੁ ਸਫਲ ਹੋਏ ਹਾਂ, ਰੋਜ਼ਮੱਰਾ ਵਾਪਰ ਰਹੀਆਂ ਘਟਨਾਵਾਂ ਤੋਂ ਜ਼ਾਹਿਰ ਹੀ ਹੈ। ਨਾਨਕ-ਦਰਸ਼ਨ ਵਿਚ ਮਨੁੱਖੀ ਬਰਾਬਰੀ ਦਾ ਆਧਾਰ ਅਧਿਆਤਮਕ ਹੈ, ਇਸ ਕਰਕੇ ਇਸਨੂੰ ਕਿਸੇ ਮਾਨਵਵਾਦੀ ਪ੍ਰਵਚਨ ਜਾਂ ਨਿਆਇ ਪ੍ਰਨਾਲੀ ਰਾਹੀਂ ਲਾਗੂ ਨਹੀਂ ਕੀਤਾ ਜਾ ਸਕਦਾ। ਨਾਨਕ ਬਾਣੀ ਅਨੁਸਾਰ ਜ਼ਿੰਦਗੀ ਦਾ ਮੂਲ ਸਰੋਤ ਪਾਰਬ੍ਰਹਮ, ਅਕਾਲ ਪੁਰਖ ਹੈ; ਇਥੇ ਉੱਚੇ ਤੇ ਵੱਡੇ ਦਾ ਸੰਕਲਪ ਮਨੁੱਖੀ ਹਸਤੀ ਤੋਂ ਪਰ੍ਹੇ ਹੈ। ਇਸ ਲਈ ਮਨੁੱਖ ਭਾਵੇਂ ਉਹ ਕਿਸੇ ਵੀ ਧਰਮ, ਨਸਲ, ਜਾਤੀ ਦਾ ਲਿੰਗੁ ਨਾਲ ਸਬੰਧ ਰੱਖਦਾ ਹੋਵੇ, ਉਤਨਾ ਚਿਰ ਨੀਵਾਂ ਹੀ ਹੈ, ਜਿੰਨਾ ਚਿਰ ਉਹ ਉੱਚੇ ਤੇ ਵੱਡੇ (ਮੂਲ ਸਰੋਤ) ਨਾਲ ਇਕ-ਮਿਕ ਨਹੀਂ ਹੁੰਦਾ। ਜੈਂਡਰ ਸਮਾਨਤਾ ਦਾ ਮਸਲਾ ਜਿਸ ਤਰ੍ਹਾਂ ਅੱਜ ਪਰਜਾਤੰਤਰੀ ਯੁੱਗ ਵਿੱਚ ਉੱਭਰ ਕੇ ਸਾਹਮਣੇ ਆਇਆ ਹੈ, ਮੱਧਕਾਲੀਨ ਸਮੇਂ ਦੀਆਂ ਸਮਾਜਕ ਬੁਰਾਈਆਂ ਜਿਵੇਂ ਸਿਆਸੀ ਅਤਿਆਚਾਰ, ਧਾਰਮਕ ਕੱਟੜਤਾ, ਬ੍ਰਾਹਮਣਵਾਦ ਅਤੇ ਛੂਤ-ਛਾਤ ਆਦਿ ਵਾਂਗ ਉਸ ਤਰ੍ਹਾਂ ਫੋਕਸ ਵਿਚ ਨਹੀਂ ਸੀ। ਜੈਂਡਰ ਬਰਾਬਰਤਾ ਕਿਉਂਕਿ ਮੂਲੋਂ ਹੀ ਆਧੁਨਿਕ ਸੰਕਲਪ ਅਤੇ ਅਮਲ ਹੈ ਇਸ ਲਈ ਇਸ ਨੂੰ ਕਿਸੇ ਵੀ ਤੌਰ ਤੇ ਮੱਧਕਾਲੀ ਪ੍ਰਵਚਨ ਨਾਲ ਜੋੜਨਾ ਸੰਭਵ ਨਹੀ। ਪਰ ਜਿੱਥੇ ਨਾਨਕ ਬਾਣੀ ਖਾਸ ਤੌਰ ਤੇ ਜੈਂਡਰ ਮਸਲੇ ਲਈ ਅਰਥ ਪੂਰਨ ਬਣਦੀ ਹੈ, ਉਹ ਉਸ ਵਿਚ ਵਰਤਿਆ ਗਿਆ ਮੁਹਾਵਰਾ ਅਤੇ ਭਾਸ਼ਾਈ ਬਣਤਰ ਹੈ।

ਨਾਰੀ ਦੀ ਅਸਤਿਤਵੀ ਪਹਿਚਾਣ ਲਈ ਉਸਦੀ ਇਤਿਹਾਸਿਕ-ਸਮਾਜਕ ਸਥਿਤੀ ਵਿਚ ਨੁਮਾਇਆ ਭਾਸ਼ਾਈ ਪ੍ਰਵਚਨ ਨੂੰ ਸਮਝਣਾ ਜਰੂਰੀ ਹੈ। ਨਾਰੀ ਘਰ, ਸਮਾਜ, ਸਭਿਆਚਾਰ, ਧਰਮ ਅਤੇ ਭਾਸ਼ਾ ਆਦਿ ਵਿੱਚ ਆਪਣੀ ਹੋਂਦ ਦੀ ਤਲਾਸ਼ ਲਈ ਜੂਝ ਰਹੀ ਹੈ। ਭਾਸ਼ਾ ਸਵੈ/ਵਿਰੋਧੀ ਸਬੰਧਾਂ ਦੀ ਸੰਰਚਨਾ ਹੈ ਅਤੇ ਔਰਤ ਭਾਸ਼ਾ ਵਿੱਚ ਮਰਦ ਦੀ ਬਾਇਨਰੀ (binary) ਲੋੜ ਲਈ ਸਿਰਜਿਆ ਇੱਕ ਭਾਸ਼ਾਈ ਰੂਪਕ ਮਾਤਰ ਹੀ ਹੈ। ਪਿਤਰਕੀ ਨੇ ਭਾਸ਼ਾ ਦੀ ਤੋਰ ਆਪਣੇ ਹਿੱਤਾਂ ਮੁਤਾਬਕ ਹੀ ਸਥਾਪਿਤ ਕੀਤੀ ਹੋਈ ਹੈ। ਔਰਤ ਕੋਲ ਆਪਣੀ ਭਾਸ਼ਾ ਨਹੀਂ ਹੈ, ਉਹ ਪਿਤਰਕੀ ਭਾਸ਼ਾ ਅਤੇ ਮੁਹਾਵਰੇ ਦੀ ਵਰਤੋਂ ਕਰਦੀ ਹੋਈ ਆਪਣਾ ਨਿੱਜਤਵ (Subjectivity) ਉਸ ਵਿੱਚੋਂ ਸਿਰਜਦੀ ਹੈ।'ਇਹ 'ਨਿੱਜਤਵ (Subjectivity) ਉਹਨਾਂ ਸਾਰੇ ਪ੍ਰਵਚਨਾ ਜਿਨ੍ਹਾਂ ਵਿੱਚ ਆਦਮੀ ਠੋਸ ਰੂਪ ਵਿੱਚ ਹਿੱਸਾ ਲੈਂਦਾ ਹੈ, ਦੀ ਰੇਂਜ (range) ਦੇ ਆਰ-ਪਾਰ ਸਥਾਨ ਬਦਲੀ ਕਰਦਾ ਹੈ।'[1] ਇਸ ਤਰ੍ਹਾਂ 'ਜੈਂਡਰ (Gender) ਇਕ ਪ੍ਰਕ੍ਰਿਆ ਹੈ ਅਤੇ ਇਹ ਲਫਜ਼ੀ ਲੈਣ ਦੇਣ (ਜਵਾਬੀ ਤੇ ਲਿਖਤੀ ਦੋਨੋਂ) ਦੀ ਸਪੇਸ ਵਿਚ ਵਾਪਰਦਾ ਹੈ। ਵਿਅਕਤੀ (Individuals) ਆਪਣੇ ਡਿਸਕੋਰਸ ਅਮਲਾਂ ਦੇ ਨਿਭਾਅ (Enactment) ਵਿਚ Gendered Subjects ਵਜੋਂ ਪੋਜੀਸ਼ਨਾਂ ਲੈਂਦੇ ਹਨ।'[2]

ਨਾਨਕ ਬਾਣੀ ਪਿਤਰਕੀ ਭਾਸ਼ਾ ਦੀ ਸਿਆਸਤ ਨੂੰ ਤੋੜਦੀ ਹੈ ਅਤੇ ਪੁਰਖ ਸਬਜੈਕਟ (Subject) ਦੇ ਸਮਾਨਾਂਤਰ ਨਰ/ਨਾਰੀ ਦੇ ਜਿਸ 'ਔਬਜਕਟ' (Object) ਦਾ ਰੂਪਕ ਸਿਰਜਦੀ ਹੈ ਉਹ ਪ੍ਰਚਲਿੱਤ ਭਾਸ਼ਾ ਤੋਂ ਵੱਖਰਾ ਹੈ। ਏਥੇ ਔਬਜਕਟ ਉਹ ਮਾਨਵੀ ਅਨਾਤਮ ਹੈ ਜੋ ਆਤਮ ਪੁਰਖ ਨੂੰ ਲੋਚਦਾ ਹੈ। ਇਸ ਵਿਚ ਬਾਣੀਕਾਰ ਦੁਆਰਾ ਨਾਰੀ ਦੀ ਜੈਵਿਕ ਸਥਿਤੀ ਨਾਲ ਸਾਜੇ ਰੂਪਕ ਨਾਲ ਬਾਣੀ ਪਿੱਛੇ ਕੰਮ ਕਰ ਰਹੀ 'ਮਾਤ-ਸ਼ਕਤੀ' ਨੂੰ ਪਛਾਣਿਆ ਜਾ ਸਕਦਾ ਹੈ। ਨਾਰੀ ਦੀ ਵਿਸ਼ਿਸ਼ਟਤਾ ਨੂੰ ਬਾਣੀ ਵਿਚ 'ਬੇਅੰਤ ਦੇਹ' ਵਜੋਂ ਪ੍ਰਸਤੁੱਤ ਕੀਤਾ ਗਿਆ ਹੈ, ਬਲਕਿ ਨਰ ਨੂੰ ਵੀ ਬਾਣੀ ਔਰਤ ਦੇਹ ਨਾਲ ਹੀ ਪੇਸ਼ ਕਰਦੀ ਹੈ। ਬਾਣੀ ਅਨੁਸਾਰ ਮਾਨਵੀ (ਨਰ/ਨਾਰੀ) ਪਛਾਣ ਕਦੇ ਸੰਪੂਰਨ ਨਹੀਂ ਹੁੰਦੀ, ਇਹ ਇਕ ਪ੍ਰਕ੍ਰਿਆ ਹੈ, ਸਦਾ ਅੱਗੇ ਪੈਦੀ ਰਹਿੰਦੀ ਹੈ ਜਦੋਂ ਤੱਕ ਇਹ ਆਪਣੇ ਮੂਲ ਸਰੋਤ ਨਾਲ ਇਕ-ਮਿਕ ਨਹੀਂ ਹੋ ਜਾਂਦੀ।

ਭਾਸ਼ਾ ਦੀਆਂ ਅਸੀਮ ਸੰਭਾਵਨਾਵਾਂ ਵਿਚੋ ਨਾਨਕ ਬਾਣੀ ਅਰਥਾਂ ਦੇ ਨਵੇਂ ਦਰ ਖੋਲਦੀ ਹੈ। ਬਾਣੀ ਮਨੁੱਖ (ਨਰ/ਨਾਰੀ) ਦੀ ਸਭਿਆਚਾਰਕ ਪਛਾਣ ਤੋਂ ਅੱਗੇ ਚੇਤਨਾ ਦੀ ਪਛਾਣ ਨਾਲ ਜੁੜੀ ਹੋਈ ਹੈ। ਇਸ ਵਿਚ ਲਿੰਗਕ ਭੇਦ ਵਾਲਾ ਆਤਮ ਅਲੋਪ ਹੀ ਹੋ ਜਾਂਦਾ ਹੈ। ਡਾ, ਗੁਰਭਗਤ ਫੂਕੋ (Foncanlt) ਦੇ ਸ਼ਕਤੀ ਦੇ ਪ੍ਰਵਚਨ ਦਾ ਹਵਾਲੇ ਦੇਂਦੇ ਹੋਏ ਆਖਦੇ ਹਨ ਕਿ ਸ਼ਕਤੀ-ਰਿਸ਼ਤੇ ਕਿਵੇ ਦੇਹ ਵਿਚ ਨਿਵੇਸ਼ ਕਰਦੇ ਹਨ? ਰਾਜ ਵਰਗ ਵੱਲੋਂ ਕਿਵੇ ਵੱਖ-ਵੱਖ ਵਿਉਂਤਾਂ ਬਣਾਈਆਂ ਜਾਂਦਾਂ ਹਨ ਜਿਨ੍ਹਾਂ ਨਾਲ ਦੇਹ ਵਿਚ ਵਹਿਣ ਵਾਲੇ ਦ੍ਰੂਵਾਂ ਅਤੇ ਰਸਾਇਣਿਕ ਅੰਸ਼ਾ ਨੂੰ ਅਨੁਸ਼ਾਸਿਤ ਕਰ ਲਿਆ ਜਾਂਦਾ ਹੈ ਤਾਕਿ ਆਤਮ ਰਾਜ ਵਰਗ ਦਾ ਅਨੁਸਰਣੀ ਬਣ ਸਕੇ।[3]

ਮਰਦ/ਔਰਤ ਦੀ ਬਾਇਨਰੀ ਦਰਅਸਲ 'ਅਹੰ' (ego) ਦੀ ਪੈਦਾ ਕੀਤੀ ਹੋਈ ਸਮਾਜਕ ਸਥਿਤੀ ਹੈ। 'ਅਹੰ' ਦੀ ਆਪਣੀ ਕੋਈ ਹੋਂਦ ਨਹੀ, ਇਹ ਭਸ਼ਾਈ ਪ੍ਰਤੀਕਾਤਮਕ ਪ੍ਰਬੰਧ ਵਿੱਚ ਹੀ ਸਿਰਜੀ ਅਤੇ ਟਿਕੀ ਹੋਈ ਹੈ। 'ਲਾਕਾਂ 'ਹਉ' (ego) ਦੀ ਕੇਂਦਰੀਅਤਾ ਨੂੰ ਸਵੀਕਾਰ ਨਹੀਂ ਕਰਦਾ। ਉਸ ਅਨੁਸਾਰ ਆਪਣੇ ਬਚਪਨ ਦੇ ਅਨੁਭਵਾਂ ਕਾਰਨ ਅਤੇ ਆਪਣੀ ਸ਼ਕਲ ਦੇ ਪ੍ਰਤੀ-ਬਿੰਬਾਤਮਕ ਸੰਕਲਪਨਾ ਕਾਰਣ ਅਸੀ ਇਹ ਸੋਚਣ ਲੱਗ ਜਾਂਦੇ ਹਾਂ ਕਿ ਅਸੀਂ ਕੋਈ ਸਥਾਈ ਪਛਾਣ (identity) ਰੱਖਦੇ ਹਾਂ।'[4] ਨਾਨਕ ਬਾਣੀ 'ਅਹੰ' (ego) ਦੀ ਕੇਂਦਰੀਅਤਾ ਨੂੰ ਖ਼ਤਮ ਕਰਨ ਵਿੱਚ ਕੋਈ ਕਸਰ ਨਹੀ ਛੱਡਦੀ:

**ਹਉ ਮੈ ਕਰੀ ਤਾਂ ਤੂੰ ਨਾਹੀ ਤੂ ਹੋਵਹਿ ਹਉ ਨਾਹਿ॥**[5]
**ਬੂਝਹੁ ਗਿਆਨੀ ਬੂਝਣਾ ਇਹ ਅਕਥ ਕਥਾ ਮਨ ਮਾਹਿ॥**[6]
**ਨਾਨਕ ਹਾਉਮੈ ਰੋਗ ਬੁਰੇ॥**[7]
**ਹਉਮੈ ਬਿਖ ਪਾਇ ਜਗਤ ਉਪਾਇਆ ਸਬਦੁ ਵਸੈ ਬਿਖੁ ਜਾਇ॥**[8]
**ਹਉ ਵਿਚਿ ਆਇਆ ਹਉ ਵਿਚ ਗਇਆ**
**ਹਉ ਵਿਚਿ ਜੰਮਿਆ ਹਉ ਵਿਚਿ ਮੁਆ**
**ਹਉ ਵਿਚਿ ਦਿਤਾ ਹਉ ਵਿਚਿ ਲਾਇਆ**

.............................................

**ਹਉ ਵਿਚਿ ਮਾਇਆ ਹਉ ਵਿਚਿ ਛਾਇਆ**

**ਹਉਮੈ ਕਰਿ ਕਰਿ ਜੰਤ ਉਪਾਇਆ**

**ਹਉਮੈ ਬੁਝੈ ਤਾ ਦਰਿ ਸੁਝੈ॥ ਗਿਆਨ ਵਿਹੂਣਾ ਕਥਿ ਕਥਿ ਲੂਝੈ॥**[9]

ਜਨਮ ਤੋਂ ਉਪਰੰਤ ਜਦੋਂ ਮਨੁੱਖ (ਨਰ/ਨਾਰੀ) ਸਮਾਜਿਕ ਸੰਬੰਧਾਂ ਦੇ ਪ੍ਰਬੰਧ ਵਿੱਚ ਦਾਖ਼ਲ ਹੁੰਦੇ ਹਨ ਤਾਂ ਉਸ ਸਮੇਂ ਤੋਂ ਹੀ ਆਪਣ ਲਿੰਗਕ ਭੂਮਿਕਾ ਨੂੰ ਪਛਾਣਨ ਲੱਗਦੇ ਹਨ। 'ਅਹੰ' ਦੇ ਵਿਕਾਸ ਨਾਲ ਹੀ ਮਰਦ/ਔਰਤ ਆਪਣੇ ਆਪ ਨੂੰ ਪਿਤਰਕੀ ਪ੍ਰਬੰਧ ਦੇ ਅੰਗ ਵਜੋਂ ਸਥਾਪਿਤ ਕਰਦੇ ਹਨ ਅਤੇ ਸੰਸਾਰ ਵਿੱਚ ਵਿਦਮਾਨ ਦੂਸਰਿਆਂ ਨੂੰ ਆਪਣੇ ਤੋਂ ਦੂਸਰੀ ਹਸਤੀ ਯਾਨੀ ਵਸਤੂ ਸਮਝਣ ਲੱਗਦੇ ਹਨ। ਨਾਨਕ ਬਾਣੀ ਔਰਤ ਮਰਦ ਦੀ ਦਰਜਾਬੰਦੀ ਨੂੰ ਸਮਾਜਕ ਸੰਰਚਨਾ ਦੇ ਹਿੱਸੇ ਵਜੋਂ ਹੀ ਦੇਖਦੀ ਹੈ, ਨਾ ਕਿ ਕੁਦਰਤੀ ਵਿਧਾਨ ਵਜੋਂ। ਦੋਵੇਂ ਹੀ ਸਰਬ ਸ਼ਕਤੀਮਾਨ ਸੱਚ ਅੱਗੇ ਬਰਾਬਰ ਹਨ:

**ਕਿਸ ਤੂੰ ਪੁਰਖੁ ਜੋਰੂ ਕਉਣ ਕਹਿਐ ਸਰਬ ਨਿਰੰਤਰ ਰਵਿ ਰਹਿਆ॥**[10]

ਗੋਪੀ ਚੰਦ ਨਾਰੰਗ 'ਲਾਕਾਂ' ਦੇ ਹਵਾਲੇ ਨਾਲ ਆਖਦੇ ਹਨ ਕਿ ਮਰਦ ਅਤੇ ਔਰਤ ਭਾਸ਼ਾ ਰਾਂਹੀ ਪੈਦਾ ਕੀਤੀਆਂ ਵਿਅਕਤੀਪਰਕ ਸਥਿਤੀਆਂ ਹਨ, ਵਿਅਕਤੀ ਨਹੀਂ ਹਨ।[11] ਨਾਨਕ ਬਾਣੀ ਅਨੁਸਾਰ ਵੀ ਮਨੁੱਖ (ਨਰ/ਨਾਰੀ) ਦੇ ਤੌਰ ਤੇ ਚੇਤਨਾ ਦੀ ਇਤਿਹਾਸਿਕ ਸਥਿਤੀ ਇੱਕ ਤਰ੍ਹਾਂ ਵਿਅਕੀਤਪਰਕ ਸਥਿਤੀ (subject position) ਹੀ ਹੈ। ਸਮਾਜਕ ਸਥਿਤੀ ਵਿੱਚ ਚੇਤਨਾ ਔਰਤ ਜਾਂ ਮਰਦ ਦੇ ਤੌਰ ਤੇ ਹੋ ਸਕਦੀ ਹੈ ਪਰ ਬਾਣੀ ਅਨੁਸਾਰ ਇਤਿਹਾਸ ਤੋਂ ਪਾਰ ਵੀ ਬਲਕਿ ਇਤਿਹਾਸ ਤੋਂ ਪਾਰ ਹੀ ਚੇਤਨਾ ਆਪਣੇ ਆਪ ਵਿੱਚ ਸਹੀ ਅਤੇ ਸੰਪੂਰਨ ਸਥਿਤ ਹੈ। ਮਨੁੱਖ ਸੰਸਾਰ ਵਿੱਚ ਆਪਣੀ 'ਅਹੰ' ਦਾ ਵਿਸਤਾਰ ਕਰਦਾ ਹੈ ਅਤੇ ਆਪਣੀ ਇੱਕ ਵੱਖਰੀ ਹਸਤੀ ਬਣਾਉਣਾ ਲੋਚਦਾ ਹੈ। ਪਰ ਜਿਸ ਸੰਸਾਰ ਨੂੰ ਹੀ ਉਹ ਆਪਣਾ ਸਭ ਕੁਝ ਸਮਝਣ ਲੱਗਦਾ ਹੈ, ਉਸਤੋਂ ਨਿਰਲੇਪਤਾ ਅਤੇ ਆਪਣੇ ਮੂਲ ਨਾਲ ਇਕਮਿਕਤਾ ਹੀ ਉਸਨੂੰ ਦਵੈਤ ਤੋਂ ਏਕਤਾ ਅਤੇ ਹਉਮੈ ਤੋਂ ਗਿਆਨ ਵੱਲ ਲੈ ਕੇ ਜਾਵੇਗੀ।

ਨਾਨਕ ਬਾਣੀ ਅਨੁਸਾਰ ਨਾ ਤਾਂ ਕਾਲਪਨਿਕ ਧਰਾਤਲ ਅਤੇ ਨਾ ਹੀ ਪ੍ਰਤੀਕਾਤਮਕ ਧਰਾਤਲ ਉੱਪਰ ਸੱਚ ਦੀ ਪੂਰਣ ਅਨੁਭੂਤੀ ਕੀਤੀ ਜਾ ਸਕਦੀ ਹੈ। ਸੱਚ ਇਨ੍ਹਾਂ ਦੋਹਾਂ ਦੀ ਪਹੁੰਚ ਤੋਂ ਪਰ੍ਹੇ ਹੈ। ਆਪਣੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਅਸੀਂ ਜਿਸ ਚਿਹਨ ਪ੍ਰਬੰਧ ਦੀ ਸਿਰਜਣਾ ਕੀਤੀ ਹੈ, ਸਾਡੀਆਂ ਲੋੜਾਂ ਜਿਸ ਪ੍ਰਵਚਨ ਰਾਂਹੀ ਸਿਰਜੀਆਂ ਗਈਆਂ ਹਨ ਅਤੇ ਜਿਸ ਦੇ ਮਾਧਿਅਮ ਰਾਂਹੀ ਅਸੀਂ ਉਨ੍ਹਾਂ ਦੀ ਪੂਰਤੀ ਲੋੜਦੇ ਹਾਂ, ਉਹ ਮਨੁੱਖੀ ਚੇਤਨਾ ਨੂੰ ਇਕ ਬੁਨਿਆਦੀ ਘਾਟ (lack) ਦਾ ਅਸਤਿਤਵੀ ਅਨੁਭਵ ਦਿੰਦਾ ਹੈ। ਅੱਜ ਦੇ ਉਪਭੋਗੀ ਵਿਸ਼ਵ ਕਲਚਰ ਵਿੱਚ ਜੋ ਵਾਪਰ ਰਿਹਾ ਹੈ, ਸੂਚਨਾਵਾਂ ਦੇ ਇਸ ਹੜ੍ਹ ਵਿੱਚ ਸਹੀ ਅਤੇ ਗਲਤ ਨੂੰ ਨਿਖੇੜਨਾ ਬਹੁਤ ਔਖਾ ਹੈ। ਮੀਡੀਆ ਅਤੇ ਮੰਡੀ ਦੀ ਰਾਜਨੀਤੀ ਸਿਰਫ਼ ਵਸਤੂ ਤੇ ਉਸ ਦੇ ਮੁੱਲ ਤੱਕ ਹੀ ਸੀਮਿਤ ਨਹੀਂ ਰਹਿੰਦੀ, ਬਲਕਿ ਮਨੁੱਖੀ ਅਵਚੇਤਨ ਦਾ ਹਿੱਸਾ ਬਣ ਜਾਂਦੀ ਹੈ। ਸੱਚ ਦੀ ਅਧੂਰੀ ਸਮਝ ਨਾਲ ਆਸੇ ਪਾਸੇ ਵਾਪਰ ਰਹੇ ਘਟਨਾਕ੍ਰਮ ਅਤੇ ਅਸਤਿਤਵੀ ਸੱਚ ਨੂੰ ਕੇਂਦਰ ਵਿੱਚ ਰੱਖਦੀ ਹੈ, ਅਤੇ ਸੱਚ ਤਾਂ ਹੀ ਜਾਣਿਆ ਜਾ ਸਕਦਾ ਹੈ, ਜਦੋਂ ਮਨ ਉਤੋਂ ਪਦਾਰਥਕ ਮਾਇਆਵੀ ਪਰਦਾ ਉਤਰਦਾ ਹੈ। ਮਾਇਆਵੀ ਤਰਜ਼ੇ-ਜਿੰਦਗੀ ਕੈਦ ਅਤੇ ਬੰਧਨ ਹੈ, ਮਨੁੱਖੀ ਸਰੀਰ ਯਾਨੀ ਔਰਤ ਤੇ ਮਰਦ ਦੋਵੇਂ ਹੀ ਭਾਂਡੇ ਹਨ ਅਤੇ ਸੱਚ ਨੂੰ ਜਾਣਨ ਲਈ ਦੋਵਾਂ ਨੇ ਹੀ ਹਿਰਦੇ ਰੂਪੀ ਭਾਂਡੇ ਨੂੰ ਸਾਫ਼ ਕਰਨਾ ਹੈ:-

**ਸੱਚ ਤਾ ਪਰ ਜਾਣੀਐ ਜਾ ਰਿਦੈ ਸਚਾ ਹੋਇ॥**
**ਕੂੜ ਕੀ ਮਲ ਉਤਰੈ ਤਨੁ ਕਰੇ ਹਛਾ ਧੋਇ॥**[12]

ਬਾਣੀ ਅਨੁਸਾਰ ਜ਼ਿੰਦਗੀ ਦਾ ਇੱਕ ਹੀ ਮਕਸਦ ਹੈ। ਸੱਚ ਸਰੂਪ ਹੋਣਾ; ਲੇਕਿਨ ਦਵੈਤ ਕਾਰਨ ਮਨ ਮਾਇਆਵੀ ਮਾਰਗ ਤੇ ਭਟਕਦਾ ਹੈ। ਸੱਚ ਅੱਗੇ ਪੂਰਨ ਅਧੀਨਗੀ ਤੋਂ ਭਾਵ ਮਨੁੱਖੀ ਗੁਲਾਮੀ ਨਹੀਂ, ਅਸਤਿਤਵੀ ਆਜ਼ਾਦੀ ਹੈ। ਬਹੁਤੇ ਮੱਧਕਾਲੀ ਪ੍ਰਵਚਨਾਂ ਵਿੱਚ ਨਾਰੀ ਨੂੰ ਮਰਦ ਦੇ ਆਤਮਿਕ ਪਤਨ ਦੇ ਕਾਰਣ ਵਜੋਂ ਕਾਮ ਅਤੇ ਮਾਇਆ ਨਾਲ ਜੋੜਿਆ ਗਿਆ ਹੈ ਜਾਂ ਕਾਮ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ ਪਰ ਨਾਨਕ ਅਨੁਸਾਰ ਸਰੀਰ ਵਿਚ ਰਹਿ ਕੇ ਭੌਤਿਕ ਸੀਮਾਵਾਂ ਤੋਂ ਮੁਕਤੀ ਲਈ ਔਰਤ, ਮਰਦ ਦੋਵਾਂ ਨੂੰ ਹੀ ਸੰਜਮ ਦੀ ਲੋੜ ਹੈ ਅਤੇ ਭੋਗਾਂ ਤੋਂ ਉੱਪਰ ਉੱਠਣ ਦੀ ਅਵੱਸ਼ਕਤਾ ਹੈ:

**ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥**
**ਇੰਦ੍ਰੀ ਵਸਿ ਸਰਚ ਸੰਜਮ ਜੁਗਤਾ॥**[13]

ਨਾਨਕ ਬਾਣੀ ਅਨੁਸਾਰ ਮਨੁੱਖ ਨਾਲੋਂ ਮਨੁੱਖੀ ਮਨ ਦੀ ਸੱਤਾ ਕਿਤੇ ਵੱਧ ਸ਼ਕਤੀਸ਼ਾਲੀ ਹੈ, 'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ ।।'[14] ਮਨੁੱਖੀ ਮਨ ਆਪਣੇ ਤੱਤ ਰੂਪ ਵਿੱਚ ਭਾਸ਼ਾਈ ਸੰਰਚਨਾ ਨਹੀਂ ਬਲਕਿ ਸ਼ਬਦ-ਸਰੂਪੀ ਹੈ। ਬਾਣੀ ਦਾ ਸ਼ਬਦ-ਪ੍ਰਬੰਧ ਭਾਸ਼ਾ ਦੀ ਆਮ ਵਰਤੋਂ ਤੋਂ ਵੱਖਰੀ ਪਛਾਣ ਰੱਖਦਾ ਹੈ। ਏਥੇ ਸ਼ਬਦ ਨੂੰ ਭਾਸ਼ਾਈ ਸੰਰਚਨਾ ਤੋਂ ਨਿਖੇੜਨਾ ਜ਼ਰੂਰੀ ਹੈ।ਸੁਰਤ ਦਾ ਘਰ ਇਕ ਪਾਸੇ ਤਾਂ ਕਾਇਆ ਹੈ ਪਰ ਦੂਸਰੇ ਪਾਸੇ ਇਸ ਦਾ ਅਸਲ ਘਰ ਸ਼ਬਦ ਹੈ। ਏਥੇ ਕਾਇਆ ਦਾ ਮਹੱਤਵ ਇਸ ਗਲ ਤੋਂ ਹੈ ਕਿ ਕਾਇਆ ਰੂਪੀ ਘਰ ਵਿਚ ਬੈਠ ਕੇ ਹੀ ਸੁਰਤ ਆਪਣੇ ਅਸਲੀ ਘਰ ਸ਼ਬਦ ਤੱਕ ਪਹੁੰਚ ਸਕਦੀ ਹੈ। ਏਥੇ ਭਾਸ਼ਾਈ ਸ਼ਬਦ ਅਤੇ ਗੁਰਬਾਣੀ ਵਿਚਲੇ ਸ਼ਬਦ ਦਾ ਨਿਖੇੜਾ ਕਰਨਾ ਵੀ ਜਰੂਰੀ ਹੋ ਜਾਂਦਾ ਹੈ।' ਭਾਸ਼ਾ ਰਾਹੀ ਘੜਿਆ ਸ਼ਬਦ ਭਾਸ਼ਾ ਦੀ ਭਿੰਨਤਾ ਮੂਲਕ ਅਤੇ ਵਿਰੋਧਾਤਮਕ (binary opposition) ਪ੍ਰਕ੍ਰਿਤੀ ਵਿਚੋਂ ਆਪਣਾ ਅਰਥ ਗ੍ਰਹਿਣ ਕਰਦਾ ਹੈ। ਸ਼ਬਦ ਅਤੇ ਅਰਥ ਦਾ ਸਬੰਧ ਆਪ-ਹੁਦਰਾ ਅਤੇ ਮਸਨੂਈ ਹੈ। ਮਨੁੱਖ ਦੁਆਰਾ ਬੋਲਿਆ ਜਾਣ ਵਾਲਾ ਸ਼ਬਦ ਕੋਈ ਸਾਫ ਸੁਥਰਾ, ਪਾਰਦਰਸ਼ੀ ਮਾਧਿਅਮ ਨਹੀਂ ਹੈ।'[15] ਇਹ ਸ਼ਬਦ ਪਰਿਵਰਤਨਸ਼ੀਲ, ਅਸਥਿਰ ਅਤੇ ਸਮੇਂ ਸਥਾਨ ਦੀ ਕੈਦ ਵਿਚ ਹੈ। ਇਸ ਦੇ ਉਲਟ ਨਾਨਕ ਬਾਣੀ ਵਿਚਲਾ 'ਸ਼ਬਦ' ਇਕ ਉਚੇਰੇ ਵਿਗਿਆਨਿਕ ਸੰਕਲਪ ਨੂੰ ਪ੍ਰਗਟ ਕਰਦਾ ਹੈ। ਇਹ ਮਹਾਂ ਚੇਤਨਾ ਦੀ ਉਹ ਸੂਖਮ ਅਤੇ ਬਲਵਾਨ ਧਾਰਾ ਹੈ, ਜੋ ਖਾਮੋਸ਼ੀ ਦੀ ਸਿਰਜਣਾਤਮਕ ਆਵਾਜ਼ ਹੈ। ਗੁਰੂ ਅਮਰਦਾਸ ਬੋਲ ਚਾਲ ਦੇ ਸ਼ਬਦ ਅਤੇ ਗੁਰਬਾਣੀ ਵਿਚਲੇ ਸ਼ਬਦ ਦਾ ਨਿਖੇੜਾ ਇਸ ਤਰ੍ਹਾਂ ਕਰਦੇ ਹਨ:-

**ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਮਨਾ ॥**
**ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥**
**ਜੀਭੈ ਬਾਝਹੁ ਬੋਲਣਾਂ ਇਉ ਜੀਵਤ ਮਰਣਾ ॥**
**ਨਾਨਕ ਹੁਕਮ ਪਛਾਣਿ ਕੈ ਤਉ ਖਸਮੈ ਮਿਲਣਾ ॥**[16]

ਗੁਰਬਾਣੀ ਵਿਚ ਸ਼ਬਦ, ਨਾਮ, ਹੁਕਮ, ਬਾਣੀ, ਅੱਖਰ ਆਦਿ ਸ਼ਬਦ ਸਮਾਨਾਰਥੀ ਹਨ, ਤੇ ਇਹਨਾਂ

ਦਾ ਜੀਭ ਨਾਲ ਬੋਲੇ ਸ਼ਬਦਾਂ ਨਾਲ ਕੋਈ ਤਾਅਲੁਕ ਨਹੀਂ। ਭਾਈ ਜੋਧ ਸਿੰਘ ਇਸ ਸ਼ਬਦ ਨੂੰ ਦਸਮ ਦੁਆਰ ਤੇ ਸੁਣਨ ਦੀ ਗਲ ਕਰਦੇ ਹਨ।[17] ਭਾਈ ਵੀਰ ਸਿੰਘ ਇਸ ਨੂੰ ਬ੍ਰਹਿਮੰਡ ਦਾ ਸ਼ਬਦ ਆਖਦੇ ਹਨ ਅਤੇ ਦੱਸਦੇ ਹਨ ਕਿ ਇਹ ਕਿਸੇ ਰਗੜ ਜਾਂ ਸਪਰਸ਼ ਤੋਂ ਪੈਦਾ ਨਹੀਂ ਹੁੰਦਾ ਹੈ।[18] ਰਿਗਵੇਦ ਵਿਚ ਇਸ 'ਸ਼ਬਦ' ਨੂੰ ਸ੍ਰਿਸ਼ਟੀ ਦਾ ਕਰਤਾ ਮੰਨਿਆ ਗਿਆ ਹੈ।[19] ਬਾਣੀ ਅਨੁਸਾਰ ਸ਼ਬਦ ਮਨੁੱਖ ਦੀ ਸਭ ਤੋਂ ਵੱਡੀ ਸਮਰੱਥਾ ਹੈ, ਪਰ ਇਹ ਸਧਾਰਣ ਭਾਸ਼ਾਈ ਅਨੁਭਵ ਨਹੀ ਸਗੋਂ ਮਹਾਂ ਚੇਤਨਾ ਦੀ ਉਹ ਧਾਰਾ ਹੈ, ਜੋ ਸਿਰਜਣਾ ਤੋਂ ਪਹਿਲਾਂ ਅਤੇ ਸਿਰਜਣਾ ਦੀ ਹਰ ਪਰਤ ਵਿਚ ਵਿਦਮਾਨ ਹੈ।

ਨਾਨਕ ਬਾਣੀ ਵਿੱਚ ਅਰਥ ਪੈਦਾ ਕਰਨ ਦੀ ਪ੍ਰਕਿਰਿਆ ਭਾਸ਼ਾ ਦੇ ਨਿਤਾਪ੍ਰਤੀ ਜੀਵਨ ਤੋਂ ਬਿਲਕੁਲ ਵੱਖਰੀ ਹੈ। ਬਾਣੀ ਵਿਚਲੇ ਚਿੰਤਨ ਪ੍ਰਬੰਧ ਨੂੰ ਸਮਝ ਕੇ ਹੀ ਬਾਣੀਕਾਰ ਦੀ ਵਿਸ਼ਵ ਦ੍ਰਿਸ਼ਟੀ ਨੂੰ ਸਮਝਿਆ ਜਾ ਸਕਦਾ ਹੈ। ਨਾਨਕ ਨੇ ਭਨਿਓਰੇ ਅਤੇ ਲਿੰਗਕ ਭੇਦ ਵਾਲੇ ਚਿਹਨ ਪ੍ਰਬੰਧ ਨੂੰ ਬਦਲ ਕੇ ਪ੍ਰਚਲਿਤ ਪਿਤਰਕੀ ਭਾਸ਼ਾ ਦਾ ਰੂਪਾਂਤਰਣ ਪੇਸ਼ ਕੀਤਾ। ਗੁਰਬਾਣੀ ਸੰਸਥਾਈ, ਪਰੰਪਰਕ, ਨਿਰਧਾਰਿਤ ਤੇ ਨਿਸ਼ਚਿਤ ਅਰਥਾਂ ਨੂੰ ਵਿਸਥਾਪਿਤ ਕਰਦੀ ਹੈ। ਜਿਸ ਭਾਸ਼ਾ ਦਾ ਉਹ ਬਾਣੀ ਵਿੱਚ ਇਸਤੇਮਾਲ ਕਰਦੇ ਹਨ ਉਹ ਆਮ ਭਾਸ਼ਾ ਦੀ ਸੰਚਾਰਕ ਗਤੀ ਨਾਲੋਂ ਵਿਭਿੰਨ ਹੈ ਅਤੇ ਇਸ ਨੂੰ ਉਸ ਦੇ ਅਧਿਆਤਮਕ ਸੰਦਰਭ ਵਿਚੋਂ ਹੀ ਪਛਾਣਿਆ ਜਾ ਸਕਦਾ ਹੈ। ਇਸ ਵਿੱਚ ਅਰਥ ਪੈਦਾ ਕਰਨ ਦੀ ਪ੍ਰਕਿਰਿਆ ਭਾਸ਼ਾ ਦੇ ਨਿਤਾਪ੍ਰਤੀ ਪ੍ਰਯੋਗ ਦੀ ਬਨਿਓਰੇਇਕਰੂਪਤਾ ਤੋਂ ਬਿਲਕੁਲ ਵੱਖਰੀ ਹੈ।

ਗੁਰਬਾਣੀ ਦੀ ਭਾਸ਼ਾ ਚਿਹਨਕ (Signifier) ਤੇ ਚਿਹਨਤ (Signified) ਦਾ ਕੁਦਰਤੀ ਤੇ ਸਮਾਜੀ ਗਠਨ ਆਪਣੇ ਕਾਵਿਕ ਢੰਗ ਨਾਲ ਤੋੜਦੀ ਹੈ। ਕਾਇਆ,ਪਿੰਡ, ਭਾਂਡਾ, ਮਾਸ ਆਦਿ ਚਿਹਨਕ ਏਥੇ ਅਰਥਾਂ ਯਾਨੀ ਚਿਹਨਤ ਨੂੰ ਜੈਂਡਰ ਸਮਾਨਤਾ ਵੱਲ ਲਿਜਾਂਦੇ ਹਨ। ਬਾਣੀ ਵਿੱਚ ਪੇਸ਼ ਬਿੰਬ, ਪ੍ਰਤੀਕ ਅਤੇ ਰੂਪਕ ਦਾ ਰਚਨਾਤਮਕ ਇਸਤੇਮਾਲ ਵੀ ਇੱਥੇ ਜਿੰਦਗੀ ਦੇ ਮੂਲ ਅਰਥਾਂ ਵੱਲ ਜਾਂਦਾ ਹੈ ਅਤੇ ਬ੍ਰਹਿਮੰਡੀ ਵਿਧਾਨ ਨਾਲ ਇਕਮਿਕਤਾ ਸਥਾਪਿਤ ਕਰਦਾ ਹੈ:-

**ਪਹਿਲਾਂ ਮਾਸਹੁ ਨਿੰਮੀਆਂ ਮਾਸੈ ਅੰਦਰਿ ਵਾਸੁ ॥**
**ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮ ਤਨ ਮਾਸੁ ॥**
**ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸ ॥**
**ਮੂਹ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥**
**ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥**

---------

**ਸਤਿਗੁਰੂ ਮਿਲਿਐ ਹੁਕਮੁ, ਬੁਝੀਐ ਤਾਂ ਕੋ ਆਵੈ ਰਾਸਿ ॥**[20]

ਏਥੇ ਬਾਣੀ ਵਿੱਚ ਮਾਸਹੁ ਨਿੰਮਿਆ ਤੋਂ ਭਾਵ ਪਿਤਾ (ਨਰ) ਤੋਂ ਹੈ ਅਤੇ ਮਾਸਹੁ ਅੰਦਰਿ ਵਾਸੁ ਭਾਵ ਮਾਤਾ (ਨਾਰੀ) ਤੋਂ ਹੈ। ਨਾਨਕ ਬਾਣੀ ਦੀ ਭਾਸ਼ਾ ਕਿਤੇ ਵੀ ਪਿਤਰਕੀ ਪ੍ਰਬੰਧ ਵਿਚੋਂ ਆਪਣਾ ਪ੍ਰਵਚਨ ਨਹੀਂ ਬਣਾਉਦੀ। ਜਨਮ ਤੋਂ ਲੈ ਕੇ ਸਾਰੀ ਸਮਾਜਿਕ ਪ੍ਰਕਿਰਿਆ ਮਾਸ ਨਾਲ ਹੀ ਵਾਪਰਦੀ ਹੈ, ਔਰਤ ਤੇ ਮਰਦ ਦਾ ਫਿਰ ਕੀ ਝਗੜਾ ਹੈ:-

**ਮਾਸੁ ਮਾਸੁ ਕਹਿ ਮੂਰਖ ਝਗੜੇ ਗਿਆਨ ਧਿਆਨ ਨਹੀ ਜਾਣੈ॥**[21]

ਨਾਨਕ ਬਾਣੀ ਦੇ ਅਧਿਆਤਮਕ ਪ੍ਰਵਚਨ ਅਤੇ ਪ੍ਰਕਾਰਜ ਵਿੱਚ ਔਰਤ, ਮਰਦ ਦੀ ਬਾਰਾਬਰ ਭੂਮਿਕਾ ਹੈ। ਦੋਵੇ ਹੀ ਆਪਣੀ ਲਿੰਗਕ ਪਛਾਣ ਵਾਲੇ ਰੂਪ ਵਿੱਚ ਨਾਸ਼ਵਾਨ ਹਨ ਅਤੇ ਸੁਰਤ ਰੂਪ ਵਿੱਚ ਦੋਵਾ ਦਾ ਮੂਲ ਪ੍ਰਯੋਜਨ ਆਪਣੇ ਮੂਲ ਸਰੋਤ ਵਿੱਚ ਲੀਨ ਹੋਣਾ ਹੈ:-

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹ ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**
**ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨਾ ਕੋਇ ॥**[22]

ਨਾਨਕ ਜੈਂਡਰ ਸਮਾਨਤਾ ਯਾਨੀ ਔਰਤ, ਮਰਦ ਲਈ ਭਾਂਡਾ ਚਿਹਨਕ ਦਾ ਪ੍ਰਯੋਗ ਕਰਦੇ ਹਨ। ਜੇ ਔਰਤ, ਮਰਦ ਦੋਵੇਂ ਕਾਇਆ ਰੂਪੀ ਭਾਂਡੇ ਹਨ ਤਾਂ ਇਹਨਾਂ ਵਿੱਚ ਦਰਜਾਬੰਦੀ ਕਿਵੇਂ ਹੋ ਸਕਦੀ ਹੈ? ਸ਼੍ਰਿਸ਼ਟੀ ਦੀ ਸਿਰਜਣਾ ਵਿੱਚ ਦੋਵਾਂ ਦੀ ਬਰਾਬਰ ਭਾਗੀਦਾਰੀ ਹੈ, ਪਰ ਮੂਲ ਰੂਪ ਵਿੱਚ ਦੋਵੇ (ਨਰ/ਨਾਰੀ) ਚੇਤਨਾ ਹਨ।

ਹਰ ਇਕ ਮਨੁੱਖ (ਨਰ/ਨਾਰੀ) ਤਾ ਹੀ ਸੁਹਾਗਣ ਹੈ ਜੇ ਉਹ ਲਿੰਗਕ ਫ਼ਰਕ ਤੋਂ ਪਾਰ ਪਤੀ ਨਾਲ ਮਿਲਾਪ ਵਿੱਚ ਹੈ। ਸਰੀਰ ਸਥਾਈ ਨਹੀਂ ਹੈ, ਪ੍ਰਵਰਤਨਸ਼ੀਲ ਹੈ,ਇਸ ਲਈ ਮਰਦ ਔਰਤ ਦਾ ਲਿੰਗਕ ਭੇਦ ਆਰਜ਼ੀ ਹੈ। ਦਿਲਚਸਪ ਗੱਲ ਇਹ ਹੈ ਕਿ ਉਹਨਾਂ ਨੇ ਮਨੁੱਖ ਨੂੰ ਬਾਣੀ ਵਿਚ ਇਕ ਔਰਤ ਦੀ ਤਰ੍ਹਾਂ ਪੇਸ਼ ਕੀਤਾ ਹੈ। ਅਸਲ ਵਿਆਹ ਚੇਤਨਾ ਦਾ ਆਪਣੇ ਮੂਲ ਸਰੋਤ ਨਾਲ ਹੈ, ਜਿਸ ਦਾ ਮਾਰਗ ਸਰੀਰਕ ਅਤੇ ਲਿੰਗਕ ਸਵੈ-ਪਛਾਣ ਤੋਂ ਉਪਰ ਉਠ ਕੇ ਪੂਰਨ ਸੱਚ ਦੀ ਅਵਸਥਾ ਵਿੱਚ ਪ੍ਰਵੇਸ਼ ਕਰਨਾ ਹੈ। ਕਾਇਆ ਤਾਂ ਗ੍ਰਹਿ ਮਾਤਰ ਹੈ, ਗੱਲ ਚੇਤਨਾ ਦੀ ਹੈ ਕਿ ਉਹ ਉਸ ਵਿੱਚ ਸੁੱਤੀ ਹੋਈ ਹੈ ਕਿ ਜਾਗਦੀ ਹੈ? ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:-

**ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥**
**ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨ ਸੋਇਆ ਮਾਇਆ ਬਿਸਮਾਦਿ ॥**
**ਇਸ ਗ੍ਰਿਹ ਮਹਿ ਕੋਈ ਜਾਗਤ ਰਹੈ ॥ ਸਾਬਤੁ ਵਸਤੁ ਓਹੁ ਆਪਨੀ ਲਹੈ ॥**
**ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥**[23]

ਮਨੁੱਖੀ ਲਿੰਗਕ ਵਿਹਾਰ ਦੀ ਸਮਕਾਲੀ ਸੰਰਚਨਾ ਮਨੁੱਖ ਜਾਤੀ ਦੇ ਇਤਿਹਾਸਕ ਵਿਕਾਸ ਕ੍ਰਮ ਦੇ ਪ੍ਰਸੰਗ ਵਿੱਚ ਆਪਣਾ ਮਹੱਤਵ ਗ੍ਰਹਿਣ ਕਰਦੀ ਹੈ। ਨਾਨਕ ਬਾਣੀ ਉਸ ਸਮੇ ਹੋਂਦ ਵਿੱਚ ਆਈ ਜਦੋਂ ਸਾਮੰਤੀ ਸਮਾਜ ਵਿੱਚ ਲਿੰਗਕ ਪੱਖਪਾਤੀ ਪ੍ਰਵਚਨ ਤੇ ਵਿਹਾਰ ਆਪਣੇ ਪੂਰੇ ਜਲੌ ਵਿੱਚ ਸੀ, ਜੋ ਉਸ ਸਮੇਂ ਦੇ ਕੰਮਾਂ, ਧੰਦਿਆਂ, ਕਨੂੰਨ, ਅਤੇ ਸਭਿਆਚਾਰ ਦੀਆਂ ਦਰਜਾਬੰਦੀਆ ਵਿੱਚ ਪੂਰੀ ਤਰ੍ਹਾਂ ਨਜ਼ਰ ਆਉਂਦਾ ਸੀ। ਔਰਤ ਨੂੰ ਅਧਿਆਤਮਕ ਖੇਤਰ ਵਿੱਚ ਵੱਡੀ ਰੁਕਾਵਟ ਸਮਝਿਆ ਜਾਂਦਾ ਸੀ। ਉਸ ਨੂੰ ਬਘਿਆੜੀ,

ਸੱਪਣੀ, ਪੈਰ ਦੀ ਜੁੱਤੀ, ਆਦਿ ਬਿੰਬਾਂ ਨਾਲ ਸੰਬੋਧਨ ਕਰਕੇ ਮਰਦ ਤੋਂ ਹੀਣ ਤੇ ਦੁਜੈਲੀ ਦੱਸਿਆ ਜਾਂਦਾ ਸੀ। ਉਸ ਸਮੇਂ ਨਰ ਕੇਂਦਰਿਤ ਸਮਾਜ ਦਾ ਭਾਸ਼ਿਕ ਪ੍ਰਬੰਧ ਪੂਰੀ ਤਰ੍ਹਾਂ ਪੱਖਪਾਤੀ ਸੀ। ਨਾਨਕ ਬਾਣੀ ਔਰਤ ਅੰਦਰ ਅਜਿਹੇ ਅਹਿਸਾਸ ਨੂੰ ਜਗਾਉਂਦੀ ਹੈ ਕਿ ਉਹ ਵੀ ਆਪਣੇ ਮਨ ਦੀ ਸ਼ੁੱਧੀ ਰਾਹੀ ਸਬਦ ਨੂੰ ਮਨ ਅੰਦਰ ਧਾਰਨ ਕਰਕੇ ਮਰਦ ਵਾਂਗ ਹੀ ਸੱਚ ਨੂੰ ਪਾ ਸਕਦੀ ਹੈ। ਧਰਮ ਦੇ ਖੇਤਰ ਵਿੱਚ ਔਰਤ ਦੇ ਦ੍ਰਿਸਟੀਕੋਣ ਤੋਂ ਇਹ ਵੱਖਰਾ ਕ੍ਰਾਂਤੀਕਾਰੀ ਸੁਨੇਹਾ ਸੀ ਜਦੋਂ ਕਿ ਉਸ ਸਮੇਂ ਦੇ ਧਰਮ ਅਤੇ ਯੋਗ ਪ੍ਰਥਾ ਵਿੱਚ ਔਰਤ ਨੂੰ ਮਰਦ ਦੀ ਨਿਸਬਤ ਦਜੈਲੀ ਵਸਤੂ ਦੀ ਤਰ੍ਹਾਂ ਮੰਨਿਆ ਜਾਂਦਾ ਸੀ। ਉਹਨਾਂ ਨੇ ਔਰਤ ਨੂੰ ਦਮਿਤ ਕਰਨ ਵਾਲੀ ਪਰੰਪਰਾ ਅਤੇ ਮਰਿਆਦਾ ਪ੍ਰਤੀ ਵਿਸਵਾਸ਼ ਪ੍ਰਬੰਧ ਦਾ ਵਿਸਥਾਪਨ ਕਰਦੇ ਹੋਇਆ ਗੁਰਬਾਣੀ ਵਿੱਚ ਔਰਤ,ਮਰਦ ਦੋਨਾਂ ਦੀ ਪਛਾਣ ਇਕ ਚੇਤਨਾ ਵਜੋਂ ਕੀਤੀ,ਤੇ ਔਰਤ ਨੂੰ ਆਤਮਿਕ ਪਛਾਣ ਦੀ ਸ਼ਕਤੀ ਦਿੱਤੀ।

ਬਾਣੀ ਦੀ ਵਿਆਕਰਣ ਵਿੱਚ, ਜਿਹੜਾ ਪ੍ਰਤੀਕ ਪ੍ਰਬੰਧ ਹੈ ਉਹ ਕੋਸ਼ਗਤ ਅਤੇ ਸਧਾਰਨ ਅਰਥਾਂ ਦੀ ਬਜਾਇ ਕਿਸੇ ਡੂੰਘੇ ਅਮੂਰਤ ਅਰਥ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਆਪਣੀ ਅਧਿਆਤਮਕ ਵਿਚਾਰਧਾਰਾ ਨੂੰ ਨਾਨਕ ਨਾਰੀ ਬਿੰਬਾਂ ਤੇ ਪ੍ਰਤੀਕਾਂ ਦੀ ਭਾਸ਼ਾ ਰਾਹੀਂ ਫੈਲਾਉਂਦੇ ਹਨ। ਇਸ ਪੁਰਸ਼-ਕੇਂਦਰਿਤ ਸਮਾਜ ਵਿੱਚ ਉਹ ਨਾਰੀ ਦੀ ਹੋਂਦ ਨੂੰ ਅਨਯ (other) ਵਜੋਂ ਨਹੀਂ ਲੈਂਦੇ ਬਲਕਿ ਨਰ, ਨਾਰੀ ਦੋਵੇਂ ਹੀ ਅਕਾਲ ਪੁਰਖ ਦੇ ਸੰਦਰਭ ਵਿੱਚ ਅਨਯ (other) ਹਨ। ਨਾਰੀ ਦੀ ਹੋਂਦ ਬਾਣੀ ਵਿੱਚ ਨਰ ਦੇ ਸੰਦਰਭ ਵਿਚੋਂ ਮਨਫ਼ੀ ਨਹੀ ਹੁੰਦੀ, ਜਿਸ ਤਰ੍ਹਾਂਸਮਾਜਿਕ ਪਿਤਰਕੀ ਪ੍ਰਵਚਨ ਵਿਚੋਂ ਹੁੰਦੀ ਹੈ। ਬਾਣੀ ਔਰਤ ਦੀ ਦੇਹ ਦੀ ਬਜਾਏ ਉਸਦੇ ਆਤਮ-ਬਿੰਬ ਤੇ ਉਸਦੀ ਅਸਤਿਤਵੀ ਹੋਂਦ ਦੇ ਮਸਲਿਆਂ ਨੂੰ ਪੇਸ਼ ਕਰਦੀ ਹੈ। ਇਸ ਵਿੱਚ ਪੇਸ਼ ਨਾਰੀ ਦੀ ਸਵਿਕ੍ਰਿਤੀ ਉਸ ਦੀ ਹੋਂਦ ਦੀ ਸਵੀਕ੍ਰਿਤੀ ਹੈ। ਬਾਣੀ ਨਰ ਅਤੇ ਨਾਰੀ ਦੀ ਆਤਮਤਾ (Subjectivity) ਨੂੰ ਵਿਰੋਧੀ ਚਿਹਨ ਦੀ ਬਾਇਨਰੀ (binary) ਵਿੱਚ ਨਹੀ ਰੱਖ ਕੇ ਵੇਖਦੀ ਬਲਕਿ ਇਹ ਉਸਨੂੰ ਮਨੁੱਖ (ਸੁਰਤ) ਦੀ ਪ੍ਰਮਾਤਮਾ (ਸ਼ਬਦ) ਨਾਲ ਬੁਨਿਆਦੀ ਬਾਇਨਰੀ ਵਜੋਂ ਪੇਸ਼ ਕਰਦੀ ਹੈ। ਵਿਰੋਧੀ ਜੁੱਟ ਵਿੱਚ ਮਾਇਆ ਦੀ ਸਭਿਅਤਾ ਨੂੰ ਰੱਖਦੀ ਹੈ। ਇਕ ਪਾਸੇ ਲਿੰਗਕ ਕਾਇਆ ਅਤੇ ਪਦਾਰਥਕ ਮਨੋਭਾਵਾਂ ਦੀ ਮਾਇਆ ਹੈ, ਦੂਜੇ ਪਾਸੇ ਆਪਣੇ ਮੂਲ ਸਰੋਤ ਵੱਲ ਗਤੀਸ਼ੀਲ ਚੇਤਨਾ ਹੈ। ਨਾਨਕ ਬਾਣੀ ਕਾਵਿ ਸਰੂਪ ਹੋਣ ਦੇ ਨਾਤੇ ਭਾਸ਼ਾ ਦੇ ਮਾਧਿਅਮ ਰਾਂਹੀ ਵਿਅਕਤ ਹੁੰਦੀ ਹੈ ਪਰ ਇਸ ਦਾ ਆਵੇਸ਼ ਦੈਵੀ ਤੇ ਅਧਿਆਤਮਕ ਹੈ। ਬਾਣੀ ਅਤੇ ਪਾਠਕ ਵਿਚਕਾਰ ਸੰਚਾਰ ਤਾਂ ਬੇਸ਼ੱਕ ਚਿਹਨਾਤਮਕ ਮਾਧਿਅਮ ਦੁਆਰਾ ਹੀ ਸੰਭਵ ਹੋ ਸਕਦਾ ਹੈ ਪਰ ਨਾਨਕ ਇਸੇ ਭਾਸ਼ਾ ਤੋਂ ਇਕ ਨਵੇਂ ਸ਼ਬਦ-ਨਿਰਮਾਣ ਅਤੇ ਅਰਥ-ਉਤਪਾਦਨ ਦਾ ਕੰਮ ਲੈਂਦੇ ਹਨ ਜਿਵੇ:-

ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ ॥[24]
ਬਾਧੇ ਮੁਕਤਿ ਨਾਹੀ ਨਰ ਨਿੰਦਕ ਡੂਬਹਿ ਨਿੰਦ ਪਰਾਈ ਹੇ ॥[25]
ਜਗੁ ਤ੍ਰਿਅ ਜਿਤੁ ਕਮਣਿ ਹਿਤਕਾਰੀ ॥ ਪੁਤ੍ਰ ਕਲਤ੍ਰ ਲਗਿ ਨਾਮੁ ਵਿਸਾਰੀ ॥[26]
ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥[27]
ਰਾਮ ਜਪਹੁ ਮੇਰੀ ਸਖੀ ਸਖੈਨੀ ॥ ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ ॥[28]
ਪਿਰ ਭਾਵੈ ਪ੍ਰੇਮ ਸਖਾਈ ॥[29]
ਧਨ ਵਾਢੀ ਪਿਰ ਦੇਸ ਨਿਵਾਸੀ ॥[30]

ਏਥੇ ਜੋ ਬਾਇਨਰੀ ਹੈ ਉਹ ਇਸ ਤਰ੍ਹਾਂ ਹੈ,ਪਿਰ/ਧਨ (ਨਾਰ), ਨਾਮ/ ਕਾਮਣਿ (ਜੋ ਮਾਇਆ ਵਿੱਚ ਗ੍ਰਸਤ ਹੈ), ਪੁਰਖ/ਜੀਵ (ਨਰ, ਨਾਰੀ), ਪ੍ਰੀਤਮ (ਰਾਮ, ਸਤਿਗੁਰੂ)/ ਸਖੀ (ਨਰ , ਨਾਰੀ) ਆਦਿ।

ਸਭਿਆਚਾਰਕ ਪ੍ਰਵਚਨ ਵਿੱਚ ਕਾਇਆ ਹੀ ਅਗਰਭੂਮਿਤ ਹੈ। ਨਾਨਕ ਬਾਣੀ ਧਾਰਮਿਕ ਅਤੇ ਇਸ ਤਰ੍ਹਾਂ ਸਮਾਜਿਕ ਖੇਤਰ ਵਿੱਚ ਔਰਤ ਵਿਚ ਮਨੋਬਲ ਪੈਦਾ ਕਰਦੀ ਮਾਨਵੀ ਹੋਂਦ ਦਾ ਹਕੀਕੀ ਗੌਰਵ ਪਛਾਨਣ ਦਾ ਮਾਰਗ ਦਰਸ਼ਨ ਕਰਦੀ ਹੈ।ਅਧਿਆਤਮਕ ਦ੍ਰਿਸ਼ਟੀਕੋਣ ਤੋਂ ਮਾਨਵੀ ਸਰੀਰ (ਨਰ / ਨਾਰੀ) ਅਜਿਹੇ ਢੰਗ ਨਾਲ ਬਣਿਆ ਹੋਇਆ ਹੈ ਜਿਸ ਵਿੱਚ ਸ੍ਰਿਸ਼ਟੀ ਦੇ ਸੂਖਮ-ਦਰਸ਼ਨ ਹੋ ਸਕਦੇ ਹਨ। ਔਰਤ ਅਤੇ ਮਰਦ ਦੋਵਾਂ ਦੀ ਸਮੱਸਿਆ-ਗ੍ਰਸਤ ਅਸਤਿਤਵੀ ਸਥਿਤੀ ਦਾ ਹੱਲ ਆਪਣੇ ਵਿਕਾਰਾਂ ਦੀ ਕੈਦ ਤੋਂ ਉੱਪਰ ਉੱਠ ਕੇ ਹੁਕਮ ਅਤੇ ਸ਼ਬਦ ਦੇ ਬ੍ਰਹਿਮੰਡੀ ਵਿਧਾਨ ਨਾਲ ਇੱਕ ਸੁਰ ਹੋਣਾ ਹੈ। ਨਾਨਕ ਏਥੇ ਸਰੀਰ ਲਈ ਕਾਇਆ, ਘਰ, ਜੀਅ ਅਤੇ ਪਿੰਡ ਆਦਿ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ:-

**ਕਾਇਆ ਕਾਮਣਿ ਅਤਿ ਸੁਆਲਿਉ ਪਿਰ ਵਸੈ ਜਿਸ ਨਾਲੇ ॥**[31]
**ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸ ਮਹਿ ਰਾਮ ਰਤਨੁ ਲੈ ਚੀਨੀ ॥**[32]
**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥**[33]
**ਜੋ ਬ੍ਰਹਮੰਡੇ ਖੰਡਿ ਜੋ ਜਾਣਹੁ ॥**[34]
**ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥**

---------------------------------------------

**ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ॥ ਸਭ ਓਪਤਿ ਜਿਤੁ ਸੰਸਾਰਾ ॥**[35]

ਇਸ ਤਰ੍ਹਾਂ ਮਾਨਵੀ ਕਾਇਆ ਲਿੰਗਕ ਭੇਦਾਂ, ਵਿਤਕਰਿਆਂ ਵਿੱਚ ਖਰਚਣ ਭੋਗਣ ਵਾਲੀ ਖੇਡ ਨਹੀਂ ਬਲਕਿ ਇਸ ਅੰਦਰ ਪੂਰੇ ਬ੍ਰਹਿਮੰਡ ਦਾ ਭੇਦ ਹੈ ਜਿਸ ਦਾ ਸੱਚ ਇੱਕ ਸਹੀ ਜੁਗਤ ਰਾਹੀਂ ਹਾਸਲ ਕੀਤਾ ਜਾ ਸਕਦਾ ਹੈ। ਦਰਅਸਲ ਮਨੁੱਖੀ ਕਾਇਆ ਦਾ ਇਹੀ ਅਸਲ ਮੁੱਲ ਅਤੇ ਮਕਸਦ ਹੈ:-

**ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ॥** [36]

ਆਪ ਅੱਗੇ ਆਖਦੇ ਹਨ :- ਜੀਵਨ ਦਾ ਅਸਲ ਮਕਸਦ ਪ੍ਰਭੂ ਨਾਮ ਵਿੱਚ ਆਪਣੇ ਆਪ ਨੂੰ ਵਲੀਨ ਕਰਨਾ ਹੈ।

**ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥**
**ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥**
**ਮਤੁ ਦੇਖਿ ਭੁਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ ॥**[37]

ਵਿਅਕਤੀਗਤ 'ਮੈਂ' ਉਹ 'ਮੈਂ' ਨਹੀਂ ਜਿਸ ਨੂੰ ਕੋਈ ਵਿਅਕਤੀ ਬੋਲਣ ਵਾਲੀ ਭਾਸ਼ਾ ਵਿੱਚ ਸਮਝ ਲੈਂਦਾ ਹੈ। ਭਾਸ਼ਾਈ ਪ੍ਰਬੰਧ ਵਿੱਚ ਸਿਰਜੀ 'ਮੈਂ' ਉਹ ਨਹੀ ਜਿਹੜੀ ਉਹ ਸੋਚਦਾ ਹੈ। ਅਸਲ ਵਿੱਚ ਇਹ 'ਮੈਂ' ਚਿਹਨਕ ਅਤੇ ਚਿਹਨਤ ਦੀ ਧੁਰੀ ਉਪਰ ਉਸਰਿਆ ਹੋਇਆ ਖੰਡਿਤ ਵਿਅਕਤੀ ਹੈ ਜਿਹੜਾ 'ਮੈਂ' ਦੀ

ਹੈਸੀਅਤ ਨੂੰ ਕਦੇ ਵੀ ਪੂਰਨ ਹਾਜ਼ਰੀ ਨਹੀਂ ਦੇ ਸਕਦਾ। ਭਾਸ਼ਾਈ ਸ਼ਬਦ ਤੇ ਅਰਥ ਦਾ ਰਿਸ਼ਤਾ ਵਾਸਤਵਿਕ ਨਹੀ ਹੈ, ਇਹ ਆਪ-ਹੁਦਰਾ ਘੜਿਆ ਹੋਇਆ ਅਤੇ ਅਸਥਿਰ ਹੈ। ਅਰਥ ਇਕ ਖਾਸ ਸਮੇਂ ਵਿਚ ਤਾਂ ਸ਼ਬਦ ਨਾਲ ਸਬੰਧ ਰੱਖਦਾ ਹੈ ਪਰ ਇਹ ਖਿਸਕਦਾ ਰਹਿੰਦਾ ਹੈ। ਨਾਨਕ ਬਾਣੀ ਕਿਤੇ ਵੀ ਹਾਕਮ ਸ਼੍ਰੇਣੀ ਅਤੇ ਪ੍ਰਬੰਧ ਦੀ ਭਾਸ਼ਾ ਨਹੀਂ ਬਣਦੀ। ਬਾਣੀਕਾਰ ਇਸੇ ਭਾਸ਼ਾਈ ਕੋਡ ਵਿੱਚ ਰਹਿ ਕੇ ਇਸਦਾ ਵੱਖਰਾ ਜਲੌਅ ਸਿਰਜਦੇ ਹਨ। ਬਾਖ਼ਤਿਨ ਅਨੁਸਾਰ, ਹਾਕਮ ਸ਼੍ਰੇਣੀ ਦਾ ਹਮੇਸ਼ਾ ਇਹ ਯਤਨ ਹੁੰਦਾ ਹੈ ਕਿ ਉਹ ਸ਼ਬਦਾ ਦੇ ਅਰਥਾਂ ਨੂੰ ਸੀਮਿਤ ਕਰ ਦੇਵੇ ਅਤੇ ਸਾਰੇ ਸਮਾਜਕ ਚਿਹਨਾਂ ਦੇ ਉਹ ਅਰਥ ਨਿਸਚਿਤ ਕਰੇ ਜੋ ਉਸਦੀ ਸਥਿਤੀ ਦੇ ਅਨੁਕੂਲ ਹੋਣ।[38] ਲੇਕਿਨ ਔਰਤ ਦੀ ਦ੍ਰਿਸ਼ਟੀ ਤੋਂ ਸਮਾਜਕ ਉਥਲ-ਪੁਥਲ ਦੇ ਸਮੇਂ ਭਾਸ਼ਾਈ ਚਿਹਨਕਾਂ ਦਾ ਬਹੁਕੋਣੀ ਸਰੂਪ ਪ੍ਰਗਟ ਹੋ ਜਾਂਦਾ ਹੈ, ਕਿਉਂਕਿ ਵੱਖ-ਵੱਖ ਵਰਗਾਂ ਦੇ ਹਿੱਤ ਆਪਸ ਵਿੱਚ ਟਕਰਾਉਂਦੇ ਹਨ ਅਤੇ ਇਹ ਸਾਰਾ ਕੁਝ ਭਾਸ਼ਾ ਦੇ ਧਰਾਤਲ ਉਪਰ ਪ੍ਰਗਟ ਹੁੰਦਾ ਹੈ। ਨਾਨਕ ਭਾਸ਼ਾ ਦੇ ਕਿਰਿਆਸ਼ੀਲ ਤੇ ਗਤੀਸ਼ੀਲ ਸਰੂਪ ਰਾਹੀਂ ਮਨੁੱਖੀ ਹਸਤੀ ਨੂੰ ਪੇਸ਼ ਕਰਦੇ ਹਨ। ਸਿੱਟੇ ਵਜੋਂ ਉਹਨਾਂ ਨੇ ਪ੍ਰਚਲਿਤ ਪਿਤਰਕੀ ਭਾਸ਼ਾ ਦੀ ਕਿਰਿਆ ਸੱਤਾ ਨੂੰ ਤਹਿਸ-ਨਹਿਸ ਕਰਕੇ ਪਿਤਰਕੀ ਕੇਂਦਰੀਅਤਾ ਨੂੰ ਬਦਲ ਦਿੱਤਾ ਅਤੇ ਨਵੀਂ ਕਾਵਿਕ ਭਾਸ਼ਾ ਰਾਹੀਂ ਗੂੜ੍ਹੇ ਅਰਥ ਪੇਸ਼ ਕੀਤੇ। ਨਾਨਕ ਭਾਸ਼ਾ ਦੇ ਅਵਚੇਤਨ ਨੂੰ ਕਵਿਤਾ ਦੇ ਧਰਾਤਲ ਉਪਰ ਕਾਰਜਸ਼ੀਲ ਹੋਣ ਦਿੰਦੇ ਹਨ। ਇਸ ਨਾਲ ਉਹਨਾਂ ਦੁਆਰਾ ਵਰਤਿਆ ਗਿਆ 'ਚਿਹਨਕ' ਸੁਤੰਤਰ ਤੌਰ ਤੇ ਅਰਥ ਦਾ ਫੈਲਾਅ ਕਰਦਾ ਹੈ। ਬਾਣੀ ਪੂਰਵ-ਨਿਰਧਾਰਤ ਅਥਵਾ ਨਿਚਿਸ਼ਤ ਅਰਥ ਦੀ ਸੀਮਾ ਵਿਚੋਂ ਬਾਹਰ ਨਿਕਲ ਕੇ ਅਰਥਾਂ ਦੀ ਬਹੁਲਤਾ ਸਿਰਜਦੀ ਹੈ। ਨਾਨਕ ਨੇ ਮਰਦਾਵੇ ਪ੍ਰਵਚਨ ਨੂੰ ਧਰਮ ਦੇ ਆਧਾਰ ਤੇ ਸਹਿਜੇ ਹੀ ਕਵਿਤਾ ਰਾਹੀ ਤੋੜਿਆ ਜਦੋਂ ਕਿ ਬਾਕੀ ਧਰਮਾਂ ਵਿੱਚ ਅਜਿਹਾ ਨਹੀਂ ਹੈ। ਪਿਤਰਕੀ ਪ੍ਰਵਚਨ ਸ਼ਕਤੀ ਸਬੰਧਾਂ ਅਤੇ ਸ਼ਕਤੀ ਦੇ ਕੰਟਰੋਲ ਨਾਲ ਸਬੰਧਿਤ ਹੈ। ਔਰਤ ਹੀ ਨਹੀ ਸਗੋਂ ਪਿਤਰਕੀ ਸੱਤਾ ਦੁਆਰਾ ਖੜੀ ਕੀਤੀ ਗਈ ਸ਼ਕਤੀ ਦੀ ਦਰਜਾਬੰਦੀ ਵਿੱਚ ਆਉਣ ਵਾਲੀ ਹਰ ਹੋਂਦ (identity) ਇਸ ਸ਼ਕਤੀ ਦੀ ਖੇਡ ਦਾ ਸ਼ਿਕਾਰ ਹੈ। ਇਹ ਪ੍ਰਵਚਨ ਮਰਦ ਨੂੰ ਲਗਾਤਾਰ ਆਪਣੀ ਮਰਦਾਨਗੀ ਸਾਬਤ ਕਰਨ ਦੇ ਦਬਾਅ ਵੱਲ ਧੱਕਦਾ ਹੈ। ਪਿਤਰ ਸੱਤਾ ਦੇ ਸ਼ਕਤੀ-ਅਧਾਰਿਤ ਢਾਂਚੇ ਵਿੱਚ ਕੇਵਲ ਮਰਦ ਪੈਦਾ ਹੋਣਾ ਹੀ ਕਾਫੀ ਨਹੀਂ ਹੈ, ਬਲਕਿ ਮਰਦ ਬਣਨਾ ਤੇ ਸਾਬਤ ਕਰਨਾ ਹੋਰ ਵੀ ਵਧੇਰੇ ਜਰੂਰੀ ਹੈ। ਪਿਤਰਕੀ ਭਾਸ਼ਾ ਮਰਦਾਵੀਂ ਹਿੰਸਾ ਦੀ ਸਥਾਪਤੀ ਦਾ ਇੱਕ ਮੁੱਖ ਸਾਧਨ ਹੈ, ਕਿਉਂਕਿ ਸਾਡਾ ਸਮਾਜਕ ਪ੍ਰਬੰਧ ਵੀ ਪਿਤਰਕੀ ਭਾਸ਼ਾ ਕਰਕੇ ਵਿਤਕਰੇ,ਸ਼ੋਸ਼ਣ ਅਤੇ ਲੁੱਟ ਤੇ ਅਧਾਰਿਤ ਹੈ।

ਨਾਨਕ ਬਾਣੀ ਪਿਤਰਕੀ ਭਾਸ਼ਾ ਦੇ ਖਿਲਾਫ ਨਿਮਾਣਿਆਂ ਅਤੇ ਨਿਤਾਣਿਆਂ ਦੀ ਅਵਾਜ਼ ਬਣਦੀ ਹੈ। ਤੱਤ ਰੂਪ ਵਿੱਚ ਮਰਦ ਕਿਉਂਕਿ 'ਰੂਹ' ਹੈ ਇਸ ਲਈ ਭਾਸ਼ਾ ਵਿੱਚ ਨਾ ਸਿਰਫ ਔਰਤ, ਮਰਦ ਦੀ ਬਰਾਬਰੀ ਰੱਖੀ ਹੈ ਬਲਕਿ ਔਰਤ ਨੂੰ ਜ਼ਿਆਦਾ ਸ਼ੋਭਾ ਦਿੱਤੀ ਹੈ। ਇਸ ਲਈ ਜਦੋਂ ਉਹ ਆਪਣੇ ਆਪ ਨੂੰ ਅਤੇ ਹੋਰਾਂ ਨੂੰ ਸੰਬੋਧਨ ਕਰਦੇ ਹਨ ਤਾਂ ਇਸਤਰੀ ਲਿੰਗੀ ਰੂਪ ਵਿੱਚ ਕਰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਗੁਰੂਆਂ ਲਈ ਤਖ਼ੱਲਸ 'ਮਹਲਾ' ਵਰਤਿਆ ਹੈ। ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਵਿੱਚ 'ਮਹਲਾ' ਸ਼ਬਦ ਦੀ ਸੰਗਯਾ ਮਹਿਲ ਵਿੱਚ ਰਹਿਣ ਵਾਲੀ ਨਾਰੀ, ਇਸਤਰੀ ਆਦਿ ਕਰਦੇ ਹਨ।[39] ਪ੍ਰੋ. ਸਾਹਿਬ ਸਿੰਘ 'ਮਹਲਾ' ਦਾ ਅਰਥ 'ਕਾਇਆ' ਦੱਸਦੇ ਹਨ।[40] ਕੁਝ ਵਿਦਵਾਨ ਪਿਤਰਕੀ ਸੋਚ ਰੱਖਦੇ ਹਨ ਤੇ 'ਮਹਲਾ' ਸ਼ਬਦ ਨੂੰ ਪੁਲਿੰਗ ਦੱਸਦੇ ਹਨ। ਡਾ. ਰਤਨ ਸਿੰਘ ਜੱਗੀ ਇਸ

ਸ਼ਬਦ ਨੂੰ ਪੁਲਿੰਗ ਦੱਸਦੇ ਹੋਏ ਨਾਲ ਨਾਲ ਇਹ ਵੀ ਸਵਿਕਾਰ ਕਰਦੇ ਹਨ ਕਿ ਇਸ ਸ਼ਬਦ ਦੇ ਅਰਥ ਸਬੰਧੀ ਵਿਦਵਾਨਾ ਨੇ ਭਿੰਨ ਭਿੰਨ ਮਤ ਪਰਗਟਾਏ ਹਨ। ਸੰਸਕ੍ਰਿਤ ਭਾਸ਼ਾ ਦੇ ਜਾਣਕਾਰ ਵਿਦਵਾਨ ਇਸ ਨੂੰ 'ਮਹਿਲਾ' (ਅਰਥਾਤ ਇਸਤ੍ਰੀ) ਦਾ ਤਦਭਵ ਰੂਪ ਦੱਸਦੇ ਹਨ। ਉਨ੍ਹਾਂ ਦੇ ਮਤ ਅਨੁਸਾਰ ਕਾਂਤਾ ਭਗਤੀ (ਪਰਮਾਤਮਾ ਦੀ ਪਤੀ/ਪ੍ਰੀਤਮ ਰੂਪ ਵਿੱਚ ਕੀਤੀ ਭਗਤੀ) ਵੇਲੇ ਗੁਰੂ ਆਪਣੇ ਆਪ ਨੂੰ ਪਰਮਾਤਮਾ ਦੀ ਨਾਰੀ/ਇਸਤ੍ਰੀ ਰੂਪ ਵਿੱਚ ਪ੍ਰਸਤੁਤ ਕਰਦੇ ਹਨ।[41] ਭਾਵੇਂ ਕਈ ਵਿਦਵਾਨਾਂ ਨੇ ਇਸਦੇ ਪਿਤਰਕੀ ਪ੍ਰਵਚਨ ਲਈ ਸਹਿਜ ਹੀ ਢੁੱਕਦੇ ਅਰਥ ਲਏ ਹਨ ਪਰ ਅਸੀਂ ਏਥੇਂ ਭਾਈ ਕਾਹਨ ਸਿੰਘ ਨਾਭਾ ਅਤੇ ਪ੍ਰੋ. ਸਾਹਿਬ ਸਿੰਘ ਨਾਲ ਸਹਿਮਤ ਹਾਂ ਜਿਨ੍ਹਾਂ ਨੇ ਇਸਦਾ ਇਸਤਰੀ ਲਿੰਗੀ ਅਰਥ 'ਕਾਇਆ' ਲਿਆ ਹੈ।

ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ ਔਰਤ ਦੇ ਪੱਖ ਤੋਂ ਨਾਨਕ ਬਾਣੀ ਉਹਨਾਂ ਮੁਢਲੀਆਂ ਰਚਨਾਵਾਂ ਵਿੱਚੋਂ ਹੈ ਜਿਹਨਾਂ ਨੇ ਭਾਰਤ ਵਿੱਚ ਆਧੁਨਿਕ ਨਾਰੀਵਾਦੀ ਲਹਿਰ ਲਈ ਸੰਭਾਵਨਾਵਾਂ ਪੈਦਾ ਕੀਤੀਆਂ। ਜੈਂਡਰ ਬਰਾਬਰੀ ਦਾ ਸਵਾਲ ਜੇ ਬੁਨਿਆਦੀ ਤੌਰ ਤੇ ਭਾਸ਼ਾ ਦੇ ਮਸਲੇ ਨਾਲ ਜੁੜਿਆ ਹੋਇਆ ਹੈ ਤਾਂ ਇਸ ਪੱਖੋਂ ਨਾਨਕ ਬਾਣੀ ਨੇ ਔਰਤ ਪ੍ਰਤੀ ਸੰਵੇਦਨਾ ਪ੍ਰਗਟਾਉਣ ਵਿੱਚ ਕ੍ਰਾਂਤੀਕਾਰੀ ਪਹਿਲ ਕੀਤੀ ਹੈ।

## ਹਵਾਲੇ ਤੇ ਟਿੱਪਣੀਆਂ

1. Subjectivity, then, is Linguisticlly and discursively constructed and displaced across the range of discourses in which the concrete individual participates. It follows from Saussure's theory of language as a system of difference that the world is intelligible only in discourse: There is no immediate experience, no access to, the raw reality of self and others.

   Catherine Belsey,'CONSTRUCTING THE SUBJECT- deconstructing the text', Femnisims ed. Robin Worhol and diane price hernd, Rutgers Univ Press, New Jersey, 1997 P. 660

2. Gender is a process and verbal interaction (both speech and writing) is where it takes place. Individuals take up positions as gendered subjects in their enactments of discourse practices.

   Mary M. Tobbot, 'Feminism and Language', The Routeldege Companian to Feminism and Post Feminism Edit, Sarah Gamble Routledge, (London) 2001, P. 146.

3. ਡਾ. ਗੁਰਭਗਤ, ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਪੰਨਾ 17

4. ਗੋਪੀ ਚੰਦ ਨਾਰੰਗ, ਡਾ. ਜਗਬੀਰ ਸਿੰਘ (ਅਨੁ.) ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, ਸਾਹਿਤ ਅਕਾਦਮੀ ਦਿੱਲੀ, 2002, ਪੰਨਾ 169

5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਮ੍ਰਿਤਸਰ, ਖਾਲਸਾ ਟ੍ਰੈਕਟ ਸੁਸਾਇਟੀ,1927, ਪੰਨਾ 1092
6. ਉਹੀ, ਪੰਨਾ 1093
7. ਉਹੀ, ਪੰਨਾ 1153
8. ਉਹੀ, ਪੰਨਾ 1009
9. ਉਹੀ, ਪੰਨਾ 466
10. ਉਹੀ, ਪੰਨਾ 350
11. ਗੋਪੀ ਚੰਦ ਨਾਰੰਗ, ਉਹੀ, ਪੰਨਾ 170
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 468
13. ਉਹੀ, ਪੰਨਾ 122
14. ਉਹੀ, ਪੰਨਾ 441
15. Ferdinand de Saussure, Course in General Linguistics , P.14-15
16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 139
17. ਭਾਈ ਜੋਧ ਸਿੰਘ, ਜਪੁਜੀ ਸਟੀਕ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ ਪਟਿਆਲਾ, ਪੰਨਾ 17-18
18. ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਜਿਲਦ ਨੰ..1, ਪਰਚੀ ਅਨਹਦ ਨਾਦ, ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ, 1927, ਪੰਨਾ 51
19. Rigveda, vol..II 2nd ed. Benaras, 1896-97, P.458
20. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1289
21. ਉਹੀ, ਪੰਨਾ 1289
22. ਉਹੀ, ਪੰਨਾ 473
23. ਉਹੀ, ਪੰਨਾ 182
24. ਆਦਿ ਗ੍ਰੰਥ, ਪੰਨਾ 1029
25. ਉਹੀ, ਪੰਨਾ 1026
26. ਉਹੀ, ਪੰਨਾ 412

27. ਉਹੀ, ਪੰਨਾ 1031

28. ਉਹੀ, ਪੰਨਾ 416

29. ਉਹੀ, ਪੰਨਾ 1273

30. ਉਹੀ, ਪੰਨਾ 1273

31. ਉਹੀ, ਪੰਨਾ 754

32. ਉਹੀ, ਪੰਨਾ 1030

33. ਉਹੀ, ਪੰਨਾ 695

34. ਉਹੀ, ਪੰਨਾ 1041

35. ਉਹੀ, ਪੰਨਾ 754

36. ਉਹੀ, ਪੰਨਾ 1038

37. ਉਹੀ, ਪੰਨਾ 14

38. ਡਾਂ. ਗੁਰਭਗਤ, ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਪੰਨਾ 23

39. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਨੈਸ਼ਨਲ ਬੁੱਕ ਸ਼ਾਪ, ਦਿੱਲੀ, ਪੰਨਾ 934

40. ਪ੍ਰੋ: ਸਾਹਿਬ ਸਿੰਘ, ਗੁਰਬਾਣੀ ਵਿਆਕਰਨ, ਗੁਰੂਦੁਆਰਾ ਗਜ਼ਟ, ਨਵੰਬਰ, 1978

41. ਡਾਂ. ਰਤਨ ਸਿੰਘ ਜੱਗੀ (ਸੰਪਾ.), ਸਾਹਿਤ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 786

ਪ੍ਰੋ.ਬਲਜਿੰਦਰ ਕੌਰ

E-mail : bal.khera9@qmail.com

# ਗੁਰੂ ਨਾਨਕ ਦਾ ਸਿੱਖ ਧਰਮ : ਮਨੁੱਖਤਾ ਨੂੰ ਬਰਾਬਰੀ ਦੀ ਪੱਧਰ ਤੇ ਜੋੜਨ ਵਾਲੇ ਧਰਮ ਵਜੋਂ

**ਬਲਜਿੰਦਰ ਸਿੰਘ ਨਸਰਾਲੀ**

ਪੰਜਾਬ ਦੀ ਧਰਤੀ ਤੇ ਇਸਲਾਮ ਅਤੇ ਹਿੰਦੂ ਧਰਮ ਦੇ ਆਪਸੀ ਮਿਲਾਪ (cultural synthesis) ਤੋਂ ਜੋ ਨਵਾਂ ਸਭਿਆਚਾਰਕ ਮਨੁੱਖ ਪੈਦਾ ਹੁੰਦਾ ਹੈ ਉਹ ਗੁਰੂ ਨਾਨਕ ਜਿਹੇ ਮਹਾਂ-ਮਾਨਵ ਰਾਹੀਂ ਸਾਹਮਣੇ ਆਉਂਦਾ ਹੈ। ਦੋ ਵਡੇਰੇ ਸਭਿਆਚਾਰਾਂ ਦੇ ਮਿਲਾਪ ਵਿਚੋਂ ਜੋ ਪ੍ਰਵਚਨ ਪੈਦਾ ਹੁੰਦਾ ਹੈ ਉਹ ਗੁਰੂ ਨਾਨਕ ਦੇਵ ਜੀ ਦੇ ਕਾਵਿ ਪ੍ਰਵਚਨ ਰਾਹੀਂ ਆਪਣਾ ਸਰੂਪ ਗ੍ਰਹਿਣ ਕਰਦਾ ਹੈ।

ਪਿਛਲੇ ਸਾਲਾਂ ਵਿਚ ਮੈਡੀਕਲ ਸਾਇੰਸ ਦੁਆਰਾ ਕੀਤੇ ਗਏ ਡੀ.ਐਨ.ਏ. ਟੈਸਟਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਪੂਰੇ ਪਲੈਨਿਟ ਉੱਪਰ ਵਸਦੇ ਮਨੁੱਖ ਦੀ ਨਸਲ ਇਕ ਹੀ ਹੈ ਤੇ ਇਸਦਾ ਨਾਮ ਹੋਮੋ-ਸੇਪੀਅਨ ਹੈ। ਇਹ ਨਸਲ ਦੱਖਣੀ ਅਫ਼ਰੀਕਾ ਵਿਚ ਪੈਦਾ ਹੋਈ ਤੇ ਹੌਲ਼ੀ-ਹੌਲ਼ੀ ਆਬਾਦੀ ਦੇ ਵਧਣ ਦੇ ਦਬਾਅ ਕਾਰਨ ਸਮੁੱਚੇ ਪਲੈਨਿਟ ਤੇ ਫੈਲ ਗਈ। ਰਸਤੇ ਵਿਚ ਇਸਦਾ ਸਾਹਮਣਾ ਪੰਜ ਹੋਰ ਮਨੁੱਖੀ ਨਸਲਾਂ ਨਾਲ ਹੋਇਆ ਜਿਨ੍ਹਾਂ ਨੂੰ ਇਸ ਨਸਲ ਨੇ ਤਬਾਹ ਕਰ ਦਿੱਤਾ। ਇਸ ਦੀ ਕਾਮਯਾਬੀ ਦਾ ਰਾਜ ਇਸ ਦੀ ਭਾਸ਼ਾਈ ਸਮੱਰਥਾ ਹੈ ਜਿਹੜੀ ਗਿਆਨ ਨੂੰ ਸੰਚਿਤ ਕਰਨ ਅਤੇ ਅਗਾਂਹ ਫੈਲਾਉਣ ਵਿਚ ਮੱਦਦ ਕਰਦੀ ਹੈ। ਲੱਖਾਂ ਕਬੀਲਿਆਂ ਵਿਚ ਫੈਲੀ ਹੋਮੋਸੇਪੀਅਨ ਨਸਲ ਇਸ ਪਲੈਨਿਟ ਦੀ ਸਭ ਤੋਂ ਹਿੰਸਕ ਨਸਲ ਮੰਨੀ ਜਾਂਦੀ ਹੈ। ਇਤਿਹਾਸ ਦਾ ਲੰਮਾ ਸਮਾਂ ਇਸ ਸਮਝ ਤੋਂ ਅਣਜਾਣ ਰਹਿੰਦੀ ਹੈ ਕਿ ਇਸਦਾ ਮੂਲ ਇਕ ਹੀ ਹੈ। ਇਹ ਕਬੀਲੇ ਇਕ ਦੂਸਰੇ ਪ੍ਰਤੀ ਹਿੰਸਕ ਵਿਵਹਾਰ ਕਰਦੇ ਰਹੇ ਹਨ ਤੇ ਕਰੋੜਾਂ ਜੀਅ ਇਸ ਹਿੰਸਾ ਦਾ ਸ਼ਿਕਾਰ ਹੋ ਕੇ ਆਪਣੀ ਜਾਨ ਗਵਾਉਂਦੇ ਰਹੇ ਹਨ। ਇਸ ਖਿਲਰੀਤੇ ਹਿੰਸਕ ਮਾਨਵਤਾ ਨੂੰ ਤਿੰਨ ਵਰਤਾਰੇ[1] ਜੋੜਦੇ ਹਨ;

1. ਵਿਸ਼ਵੀ ਧਰਮ
2. ਵਪਾਰ
3. ਰਾਜ

ਸਮਕਾਲੀ ਲੋਕਤੰਤਰੀ ਪ੍ਰਬੰਧਾਂ ਤੇ ਮੱਧਕਾਲੀ ਰਾਜਸ਼ਾਹੀ ਰਾਜਨੀਤਿਕ ਪ੍ਰਬੰਧਾਂ ਦੇ ਪੈਦਾ ਹੋਣ ਤੋਂ ਪਹਿਲਾਂ ਸਮੁੱਚੇ ਧਰਤ ਗ੍ਰਹਿ ਤੇ ਫੈਲੀ ਮਾਨਵਤਾ ਲੱਖਾਂ ਕਬੀਲਿਆਂ ਵਿਚ ਵੰਡੀ ਹੋਈ ਸੀ। ਸੌ-ਦੋ-ਸੌ ਦੀ ਮਨੁੱਖੀ ਵਸੋਂ ਵਾਲੇ ਹਰ ਘੁਮੰਤਰੂ ਕਬੀਲੇ (forager) ਦਾ ਅਪਣਾ ਧਰਮ ਹੁੰਦਾ ਸੀ। ਚੇਤਨਾ ਦੇ ਪਹਿਲੇ ਪੜਾਅ ਤੇ ਇਨ੍ਹਾਂ ਕਬੀਲਿਆਂ ਨੇ ਰੁੱਖ ਜਾਂ ਪਸ਼ੂ ਦੀ ਪੂਜਾ ਜਾਂ ਬਲੀ ਦੇਣ ਵਾਲੇ ਧਰਮਾਂ ਨੂੰ ਜਨਮ ਦਿੱਤਾ। ਇਹਨਾਂ ਨੂੰ animist ਧਰਮ ਕਿਹਾ ਜਾਂਦਾ ਹੈ। ਹਰ ਕਬੀਲੇ ਦੇ ਰੁੱਖ ਤੇ ਪਸ਼ੂ ਵੱਖਰੇ-ਵੱਖਰੇ ਹੁੰਦੇ ਸਨ। ਚੇਤਨਾ ਦਾ ਹੋਰ ਵਿਕਾਸ ਹੋਇਆ ਤਾਂ ਕੁਝ ਲੋਕ ਇਨ੍ਹਾਂ ਧਰਮਾਂ ਵਿਚ ਅਵਿਸ਼ਵਾਸ ਪ੍ਰਗਟ ਕਰਕੇ ਨਵੇਂ ਦੇਵਵਾਦੀ (polytheistic religions) ਧਰਮਾਂ ਵਿਚ ਯਕੀਨ ਕਰਨ ਲੱਗੇ। ਇਨ੍ਹਾਂ ਦਾ ਵਿਸ਼ਵਾਸ ਸੀ ਕਿ ਮਾਨਵੀ ਸੰਕਟਾਂ ਦਾ ਹੱਲ ਰੁੱਖ, ਪਸ਼ੂ ਜਾਂ ਬਲੀ ਇਸਦੇ ਕੋਲ ਨਹੀਂ ਬਲਕਿ ਦੇਵੀ ਦੇਵਤਿਆਂ ਕੋਲ ਹੈ। ਹਰ ਕਬੀਲੇ ਦੇ ਆਪੋ-ਆਪਣੇ ਦੇਵਤੇ ਸਨ। ਇਸ ਕਾਰਨ ਦੇਵਤਿਆਂ ਦੀ ਗਿਣਤੀ ਕਰੋੜਾਂ ਤੱਕ ਪੁੱਜ

ਗਈ। ਘੱਟ ਚੇਤਨ ਮਨੁੱਖ ਜਿੱਥੇ ਅਜੇ ਵੀ ਪਸ਼ੂਵਾਦੀ (animist) ਧਰਮਾਂ ਨਾਲ ਜੁੜੇ ਹੋਏ ਸਨ ਉੱਥੇ ਵਧੇਰੇ ਚੇਤਨ ਮਨੁੱਖ ਨਵੇਂ ਧਰਮ ਦੇਵਵਾਦ ਨਾਲ ਜੁੜ ਗਏ।

ਸਭਿਆਚਾਰਕ ਵਿਗਿਆਨ ਅਨੁਸਾਰ ਮਨੁੱਖ ਆਪਣੀ ਸਭਿਆਚਾਰਕ ਸਿਰਜਣਾ ਨੂੰ ਪੂਰੀ ਤਰ੍ਹਾਂ ਖ਼ਤਮ ਨਹੀਂ ਕਰਦਾ ਬਲਕਿ ਉਸਨੂੰ ਕਿਸੇ ਨਾ ਕਿਸੇ ਰੂਪ ਵਿਚ ਸੰਭਾਲ ਕੇ ਰੱਖਦਾ ਹੈ। ਸੰਸਾਰ ਵਿਚ ਭਾਵੇਂ ਤੀਜੀ ਤਰ੍ਹਾਂ ਦੇ ਧਰਮ ਵੀ ਪੈਦਾ ਹੋ ਗਏ ਪਰ ਪਹਿਲੀਆਂ ਦੋਵੇਂ ਕਿਸਮਾਂ ਵੀ ਕਿਸੇ ਨਾ ਕਿਸੇ ਖਿੱਤੇ ਵਿਚ ਕਿਸੇ ਨਾ ਕਿਸੇ ਮਾਨਵੀ ਸਮੂਹ ਵਿਚ ਪ੍ਰਚਲਤ ਰਹੀਆਂ।

ਮਾਨਵੀ ਚੇਤਨਾ ਦੇ ਹੋਰ ਵਿਕਾਸ ਦੇ ਨਾਲ ਮਨੁੱਖ ਦਾ ਦੇਵਵਾਦੀ ਧਰਮਾਂ ਵਿਚ ਯਕੀਨ ਖ਼ਤਮ ਹੋ ਗਿਆ ਤੇ ਉਸਨੇ ਨਵੇਂ ਧਰਮ ਰੱਬਵਾਦੀ (monotheistic) ਧਰਮਾਂ ਦੀ ਸ਼ੁਰੂਆਤ ਕੀਤੀ। ਹੁਣ ਤੱਕ ਇਹ ਸਮਝਿਆ ਜਾਂਦਾ ਸੀ ਕਿ ਰੱਬਵਾਦੀ ਧਰਮ ਦੀ ਸਭ ਤੋਂ ਪਹਿਲਾਂ ਸ਼ੁਰੂਆਤ ਯਹੂਦੀ ਧਰਮ ਦੇ ਬਾਨੀ ਹਜ਼ਰਤ ਮੂਸਾ ਵੱਲੋਂ ਕੀਤੀ ਗਈ। ਪਰੰਤੂ ਨਵੀਆਂ ਇਤਿਹਾਸਕ ਲੱਭਤਾਂ ਅਨੁਸਾਰ ਇਕ ਰੱਬਵਾਦ ਦੀ ਸ਼ੁਰੂਆਤ 1350 ਬੀ.ਸੀ. ਦੇ ਨੇੜੇ ਰਾਜਾ ਮੀਸ਼ਾ (mesha king of mobite) ਵੱਲੋਂ ਕੀਤੀ ਗਈ। 'ਮੀਸ਼ਾ ਅਪਣੇ ਮਹਾਨ ਰੱਬ ਚੇਮੋਸ਼ (chomosh) ਦਾ ਵਰਨਣ ਉਸੇ ਤਰ੍ਹਾਂ ਕਰਦਾ ਹੈ ਜਿਸ ਤਰ੍ਹਾਂ ਓਲਡ ਟੈਸਟਾਮੈਂਟ ਵਿਚ ਯੇਵੇਹ (yahmeh) ਦਾ ਕੀਤਾ ਗਿਆਹੈ'[2]

ਤਕਰੀਬਨ 2200 ਸਾਲ ਪਹਿਲਾਂ ਹਜ਼ਰਤ ਮੂਸਾ ਨੇ ਅਪਣੇ ਚੇਲਿਆ ਨਾਲ ਮਿਸਰ ਦਾ ਪੁਰਾਤਨ ਪੰਥੀ ਮਾਹੌਲ ਛੱਡਕੇ ਮਿਸਰ ਵਿਚੋਂ ਬਾਹਰ ਆਕੇ ਅਜੋਕੇ ਇਜਰਾਈਲ ਵਿਚ ਜੇਰੂਸਲਮ ਵਿਖੇ ਅਪਣੇ ਇਕ ਰੱਬਵਾਦੀ ਧਰਮ ਯਹੂਦੀ ਧਰਮ (ਜਇਮ) ਦਾ ਪ੍ਰਚਾਰ ਸ਼ੁਰੂ ਕੀਤਾ। ਇਕ ਰੱਬਵਾਦੀ ਯਹੂਦੀ, ਇਸਾਈ ਤੇ ਇਸਲਾਮ ਨੇ ਕਰੋੜਾਂ ਦੇਵੀ ਦੇਵਤਿਆਂ ਦੇ ਕਾਲਪਨਿਕ ਸਿਧਾਂਤ ਨੂੰ ਤਿਆਗ ਕੇ ਇਕ ਹੋਰ ਨਵੇਂ ਕਾਲਪਨਿਕ ਸਿਧਾਂਤ ਇਕ ਰੱਬ ਦੇ ਸੰਕਲਪ ਦੀ ਸਥਾਪਨਾ ਕੀਤੀ। ਇਸ ਨਵੇਂ ਸੰਕਲਪ ਨੇ ਮਨੁੱਖ ਨੂੰ ਏਨਾ ਪ੍ਰਭਾਵਿਤ ਕੀਤਾ ਕਿ ਮਿਸ਼ਨਰੀਆਂ ਦੇ ਪ੍ਰਚਾਰ ਸਦਕਾ ਇਸਾਈ ਅਤੇ ਇਸਲਾਮ ਅਰਬ ਵਿਚੋਂ ਨਿਕਲ ਕੇ ਏਸ਼ੀਆ, ਅਫ਼ਰੀਕਾ ਤੇ ਯੂਰਪ ਤੱਕ ਫੈਲ ਗਏ। ਭਾਰਤ ਵਿਚ ਪੈਦਾ ਹੋਇਆ ਰੱਬਹੀਣ ਬੁੱਧ ਧਰਮ ਏਸ਼ੀਆ ਦੇ ਚੀਨ, ਜਾਪਾਨ, ਕੋਰੀਆ, ਵੀਅਤਨਾਮ, ਥਾਈਲੈਂਡ, ਬਰਮ੍ਹਾ ਤੱਕ ਫੈਲ ਗਿਆ। ਬਿਨਾ ਸ਼ਕ ਇਨ੍ਹਾਂ ਧਰਮਾਂ ਦੀਆਂ ਸਿੱਖਿਆਵਾਂ ਨੇ ਮਨੁੱਖ ਨੂੰ ਪੋਹਿਆਪਰ ਯਹੂਦੀ ਤੇ ਜੈਨ ਧਰਮ ਸਥਾਨਕ ਧਰਮ ਬਣੇ ਰਹੇ, ਇਹ ਵਿਸ਼ਵ ਧਰਮਾਂ ਦਾ ਦਰਜ਼ਾ ਹਾਸਿਲ ਨਾ ਕਰ ਸਕੇ।

ਵਿਸ਼ਵ ਧਰਮਾਂ ਨੇ ਕਬੀਲਿਆਂ ਤੱਕ ਸੀਮਿਤ ਰਹਿ ਰਹੇ ਮਨੁੱਖ ਨੂੰ ਇੱਕ ਰੱਬ ਦੇ ਸਿਧਾਂਤ ਰਾਹੀਂ ਪਹਿਲੀ ਵਾਰ ਆਪਸੀ ਸਾਂਝ ਦੇ ਰਿਸ਼ਤੇ ਵਿਚ ਬੰਨ੍ਹ ਦਿੱਤਾ। ਲੱਖਾਂ ਕਬੀਲੇ ਇਕ ਰੱਬ ਦੀ ਡੋਰ ਰਾਹੀ ਆਪਸ ਵਿਚ ਜੁੜ ਗਏ। ਦੂਜੇ ਪਾਸੇ ਇਸ ਦਾ ਨਾਂਹ ਪੱਖੀ ਪ੍ਰਭਾਵ ਇਹ ਪਿਆ ਕੀ ਇਕ ਰੱਬੀ ਧਰਮ ਦੇ ਪੈਰੋਕਾਰ ਦੂਸਰੇ ਫਿਰਕਿਆਂ ਪ੍ਰਤੀ ਅਸਹਿਨਸ਼ੀਲਤਾ ਨਾਲ ਭਰ ਗਏ। 'ਬਹੁਦੇਵਵਾਦੀ ਧਰਮਾਂ ਨੂੰ ਮੰਨਣਵਾਲੇ ਲੋਕ ਦੂਜੇ ਦੇਵੀ ਦੇਵਤਿਆਂ, ਰੀਤਾਂ ਤੇ ਰਸਮਾਂ ਨੂੰ ਮੰਨਣਵਾਲਿਆਂ ਪ੍ਰਤੀ ਪੂਰੀ ਤਰ੍ਹਾਂ ਸਹਿਨਸ਼ੀਲ ਹੁੰਦੇ ਸਨ। ਉਨ੍ਹਾਂ ਵਿਚ ਧਾਰਮਿਕ ਵਿਸ਼ਵਾਸ ਦੇ ਨਾਂ ਤੇ ਬਹੁਤ ਘੱਟ ਲੜਾਈਆਂ ਤੇ ਕਤਲ ਕੀਤੇ। ਇਸਦੇ ਮੁਕਾਬਲੇ ਇਕ ਰੱਬੀ ਧਰਮ ਵਾਲੇ ਇਹ ਮੰਨਦੇ ਰਹੇ ਕੀ ਉਨ੍ਹਾਂ ਦਾ ਰੱਬ ਹੀ ਇਕੋ ਇਕ ਰੱਬ ਹੈ, ਇਸ ਲਈ ਸਾਰੇ ਵਿਸ਼ਵ ਨੂੰ

ਉਸਦੀ ਆਗਿਆ ਮੰਨਣੀ ਚਾਹੀਦੀ ਹੈ। ਇਸ ਲਈ ਜਿਉਂਹੀ ਇਸਾਈ ਅਤੇ ਇਸਲਾਮ ਫੈਲਣੇ ਸ਼ੁਰੂ ਹੋਏ ਤਾਂ ਨਾਲ ਹੀ ਕਰੂਸੇਡ, ਜਹਾਦ, ਧਾਰਮਿਕ ਬੇਇਨਸਾਫੀਆਂ ਤੇ ਧਾਰਮਿਕ ਪੱਖਪਾਤ ਸ਼ੁਰੂ ਹੋ ਗਏ'[3] ਧਰਮ ਦੇ ਨਾਮ ਤੇ ਹੋਏ ਲੱਖਾਂ ਕਰੋੜਾਂ ਲੋਕਾਂ ਦੇ ਕਤ ਲਇ ਸੇ ਧਾਰਮਿਕ ਅਸਹਿਣਸ਼ੀਲ਼ਤਾ ਦੀ ਕਹਾਣੀ ਹੈ।

ਜਦੋਂ ਸਮਰਕੰਦ ਦੇ ਬਜ਼ਾਰਾਂ ਵਿਚ ਸੀਰੀਅਨ ਵਪਾਰੀ ਚੀਨੀ ਸਿਲਕ ਤੇ ਭਾਰਤੀ ਮਸਾਲੇ ਪਰਖ ਰਹੇ ਹੁੰਦੇ ਸਨ ਤਾਂ ਇਹ ਮਨੁੱਖਤਾ ਦੇ ਮਿਲਾਪ ਦੇ ਵਡੇਰੇ ਕੇਂਦਰ ਵੀ ਬਣ ਰਹੇ ਹੁੰਦੇ ਸਨ। ਉਸੇ ਵੇਲੇ ਪਵਿੱਤਰ ਮੱਕਾ ਦੇ ਸਥਾਨ ਤੇ ਅਫ਼ਗਾਨੀ, ਤੁਰਕਿਸ਼ ਤੇ ਮੈਸੋਪਟਾਮੀਆ ਦੇ ਲੋਕ ਆਪਣੀਆਂ ਦੁਆਵਾਂ ਕਰ ਰਹੇ ਹੁੰਦੇ ਸਨ।

ਕਿਸੇ ਧਰਮ ਦੇ ਵਿਸ਼ਵ ਧਰਮ ਬਣਨ ਲਈ ਉਸ ਵਿਚ ਦੋ ਵਿਸ਼ੇਸ਼ ਯੋਗਤਾਵਾਂ ਦਾ ਹੋਣਾ ਜ਼ਰੂਰੀ ਹੈ।' ਪਹਿਲੀ ਇਹ ਕੀ ਇਸ ਕੋਲ ਇਕ ਵਿਸ਼ਵਵਿਆਪੀ ਮਹਾਂਮਾਨਵੀਅ ਦੇਸ਼ ਦਾ ਹੋਣਾ ਜ਼ਰੂਰੀ ਹੈ ਜਿਹੜਾ ਹਮੇਸ਼ਾਂ ਤੇ ਹਰ ਥਾਂ ਲਾਗੂ ਹੋ ਸਕਦਾ ਹੋਵੇ। ਦੂਜਾ ਇਹ ਆਪਣੇ ਵਿਸ਼ਵਾਸਾਂ ਨੂੰ ਹਰ ਇਕ ਤੱਕ ਫੈਲਾਉਣ ਦੀ ਰੁਚੀ ਰੱਖਦਾ ਹੋਵੇ'[4]

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਦੇ ਰਾਹੀਂ ਸਿੱਖ ਧਰਮ ਦੇ ਇਕ ਵਿਸ਼ਵ ਧਰਮ ਵਜੋਂ ਸਥਾਪਿਤ ਹੋਣ ਦੀ ਨੀਂਹ ਰੱਖ ਦਿੱਤੀ ਸੀ। ਲੰਗਰ ਪ੍ਰਥਾ ਨੇ ਗੁਰੂ ਨਾਨਕ ਦੁਆਰਾ ਸ਼ੁਰੂ ਕੀਤੀ ਬਰਾਬਰੀ ਦੀ ਪ੍ਰਥਾ ਨੂੰ ਹੋਰ ਮਜ਼ਬੂਤੀ ਬਖ਼ਸ਼ੀ। ਪੰਜਵੇਂ ਗੁਰੂ ਅਰਜਨ ਦੇਵ ਜੀ ਨੇਗੁਰੂ ਗ੍ਰੰਥ ਸਾਹਿਬ ਵਿਚ ਭਾਸ਼ਾ, ਧਰਮ, ਜਾਤ ਤੇ ਇਲਾਕਾਵਾਦ ਤੋਂ ਉੱਪਰ ਉੱਠਕੇ ਸਿੱਖ ਧਰਮ ਦੇ ਵਿਸ਼ਵ ਧਰਮ ਬਣਨ ਦੀ ਦਿਸ਼ਾ ਵਿਚ ਇਕ ਅਜਿਹਾ ਕੰਮ ਕੀਤਾ ਜਿਹੜਾ ਇਤਿਹਾਸ ਵਿਚ ਇਕ ਮੀਲ ਪੱਥਰ ਸਾਬਤ ਹੁੰਦਾ ਹੈ।

ਵੀਹਵੀਂ ਸਦੀ ਦੇ ਪਿਛਲੇ ਅੱਧ ਵਿਚ ਆਕੇ ਸਿੱਖ ਧਰਮ ਦਾ ਫੈਲਾਉ ਰੁਕਦਾ ਹੀ ਨਹੀਂ ਬਲਕਿ ਇਹ ਸੁੰਗੜਨਾ ਸ਼ੁਰੂ ਹੋ ਜਾਂਦਾ ਹੈ। ਸਿੱਖ ਧਰਮ ਦਾ ਸੰਸਥਾਗਤ ਰੂਪ ਅਜਿਹੇ ਹੱਥਾਂ ਵਿਚ ਪਹੁੰਚ ਜਾਂਦਾ ਹੈ ਜਿਨ੍ਹਾਂ ਨੂੰ ਇਸਦੇ ਫੈਲਣ ਵਿਚ ਆਪਣੀ ਕੁਰਸੀ ਡਾਵਾਂਡੋਲ ਹੁੰਦੀ ਨਜ਼ਰ ਆਉਂਦੀ ਹੈ।

ਉਹ ਇਸਦੀ ਰਹਿਤ ਮਰਯਾਦਾ ਏਨੀ ਮੁਸ਼ਕਲ ਕਰ ਦਿੰਦੇ ਹਨ ਕਿ ਨਵੀਂ ਪੀੜ੍ਹੀ ਇਸਨੂੰ ਅਪਣਾਉਣ ਤੋਂ ਡਰਦੀ ਹੈ। ਉਹ ਅਪਣੀ ਹੋਂ ਦਬਣਾਈ ਰੱਖਣ ਲਈ ਕਿਸੇ ਵੀ ਨਵੀਂ ਦਖ਼ਲਅੰਦਾਜ਼ੀ ਨੂੰ ਸਵੀਕਾਰ ਨਹੀਂ ਕਰਦੇ। ਇਸੇ ਕਾਰਨ ਡਾ. ਭੀਮ ਰਾਉ ਅੰਬੇਦਕਰ ਜਦੋਂ ਅਪਣੇ ਵਿਸ਼ਾਲ ਅਨੁਯਾਈਆਂ ਨਾਲ ਸਿੱਖ ਧਰਮ ਵੱਲ ਆਹੁਲਦਾ ਹੈ ਤਾਂ ਉਸਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਰਾਜਸਥਾਨ ਅਤੇ ਗੁਜਰਾਤ ਵਿਚ ਵਸੇ ਗੁਰੂ ਨਾਨਕ ਨਾਮ ਲੇਵਾ ਵਣ ਜਾਰਿਆਂ ਤੇ ਸਿੰਧੀਆਂ ਨੂੰ ਗਲੇ ਨਾਲ ਨਹੀਂ ਲਗਾਇਆ ਜਾਂਦਾ।

ਗੁਰੂ ਨਾਨਕ ਦਾ ਕਾਵਿ ਪ੍ਰਵਚਨ ਮਨੁੱਖਤਾ ਨੂੰ ਬਰਾਬਰੀ ਦੀ ਪੱਧਰ ਤੇ ਜੋੜਨ ਦਾ ਯਤਨ ਕਰਦਾ ਹੈ। ਗੁਰੂ ਨਾਨਕ ਪੂਰੇ ਮਾਨਵ ਨੂੰ ਇਕ ਮੰਨਦੇ ਹਨ। 'ਮਾਨਵ ਦੀ ਤਾਤਵਿਕ ਹੋਂ ਦਬਾਰੇ ਗੁਰੂ ਨਾਨਕ ਦੇਵ ਜੀ ਦਾ ਮਤ ਜਾਣਨ ਲਈ ਮੁੱਢਲੀ ਲੋੜ ਉਨ੍ਹਾਂ ਦੇ ਵਿਸ਼ਵ ਦ੍ਰਿਸ਼ਟੀ ਕੋਣ ਨੂੰ ਸਮਝਣ ਦੀ ਹੈ। ਵਿਸ਼ਵ ਦ੍ਰਿਸ਼ਟੀ ਕੋਣ (world outlook) ਜੀਵਨ ਅਤੇ ਜਗਤ ਨੂੰ ਵੇਖਣ, ਪਰਖਣ ਅਤੇ ਸਮਝਣ ਲਈ ਅਪਣਾਇਆ ਗਿਆ ਦ੍ਰਿਸ਼ਟੀ ਕੋਣ ਹੁੰਦਾ ਹੈ। ਅਚੇਤ ਜਾਂ ਸੁਚੇਤ ਹਰ ਵਿਅਕਤੀ ਅਪਣੇ ਇਸ ਵਿਸ਼ੇਸ ਦ੍ਰਿਸ਼ਟੀ ਕੇਂਦਰ ਤੋਂ

ਹੀ ਯਥਾਰਥ ਦੇ ਦਰਸ਼ਨ ਕਰਦਾ ਹੈ ਅਤੇ ਇਸੇ ਦੀ ਰੋਸ਼ਨੀ ਵਿਚ ਸੰਸਾਰ ਦੀ ਹਰ ਵਸਤੂ ਉਸ ਲਈ ਸਾਰਥਿਕਤਾ ਗ੍ਰਹਿਣ ਕਰਦੀ ਹੈ।[5]

ਗੁਰੂ ਨਾਨਕ ਦਾ ਕਾਵਿ ਪ੍ਰਵਚਨ ਮਨੁੱਖ ਨੂੰ ਅਪਣਾ ਮੂਲ ਪਛਾਨਣ ਵੱਲ ਰੁਚਿਤ ਕਰਦਾ ਹੈ:
ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ॥ (ਪੰਨਾ 151)

ਧਰਤੀ ਉੱਪਰ ਮਨੁੱਖ ਹੀ ਇਕੋਇਕ ਜੀਵ ਹੈ ਜਿਸਨੇ ਭਾਸ਼ਾ ਚਿੰਤਨ ਵਿਕਸਿਤ ਕੀਤਾ ਹੈ। ਇਸ ਰਾਹੀਂ ਹੀ ਇਹ ਆਪਣਾ ਮੂਲ ਪਛਾਨਣ ਵੱਲ ਰੁਚਿਤ ਹੁੰਦਾ ਹੈ। ਇਸ ਰੁਚੀ ਨੂੰ ਨਾਰਵੇਜੀਅਨ ਭਾਸ਼ਾ ਦਾ ਲੇਖਕ ਜੋਸਟਿਨ ਗਾਰਡਰ ਜਗਿਆਸਾ ਆਖਦਾ ਹੈ ਧਰਤੀ ਉੱਪਰ ਇਸ ਸਮੇਂ ਜਿੰਨਾ ਵੀ ਗਿਆਨ ਵਿਗਿਆਨ ਉਪਲਭਧ ਹੈ, ਇਹ ਇਸੇ ਜਗਿਆਸਾ ਦੀ ਦੇਣ ਹੈ। ਸਤਾਰਵੀਂ ਸਦੀ ਦਾ ਚਿੰਤਕ ਰੈ ਨੇ ਦੇਕਾਰਤ ਜੀਵ ਜੰਤੂਆਂ ਨੂੰ ਇਕਹਿਰੇ ਜੀਵ ਮੰਨਦਾ ਹੈ ਜਿਹੜੇ ਸਿਰਫ਼ ਸਥਾਨ ਘੇਰਦੇ ਹਨ। ਜਾਨਵਰਾਂ ਦਾ ਜਿਉਣਾ ਤੇ ਚੱਲਣਾ ਫਿਰਨਾ ਮਸ਼ੀਨੀ ਹੁੰਦਾ ਹੈ। ਉਸ ਅਨੁਸਾਰ ਮਨੁੱਖ ਦੋਹਰਾ ਜੀਵ ਹੈ ਜੋ ਸੋਚਦਾ ਵੀ ਹੈ ਤੇ ਸਥਾਨ ਵੀ ਘੇਰਦਾ ਹੈ।

ਮਨੁੱਖੀ ਸੱਭਿਅਤਾ ਦਾ ਹੁਣ ਤੱਕ ਦਾ ਸਫ਼ਰ ਪਸ਼ੂ ਤੋਂ ਸਭਿਆਕ ਮਨੁੱਖ ਬਣਨ ਦਾ ਸਫ਼ਰ ਹੈ। ਮਨੁੱਖ ਦੀ ਸ਼ਖ਼ਸੀਅਤ ਦੀ ਲੜਾਈ ਪੰਜ ਵਿਕਾਰਾਂ ਨਾਲ ਹੈ, ਇਹ ਵਿਕਾਰ ਹਨ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ।

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ॥
(ਗਾਉੜੀ ਮ. ਪਹਿਲਾ ਪੰਨਾ 155)

ਇਹ ਪੰਜ ਵਿਕਾਰ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਵੀ ਹਨ। "ਇਹ ਪੰਜ ਵਿਕਾਰ ਮਾਨਵ ਵਿਚਲੇ ਪਸ਼ੂ ਦੇ ਪ੍ਰਤੀਕ ਹਨ ਜਿਸ ਨੂੰ ਚੇਤਨਾ ਅਤੇ ਗਿਆਨ ਦੀ ਅਗਵਾਈ ਵਿਚ ਸਾਧਿਆ ਜਾਣਾ ਜ਼ਰੂਰੀ ਹੈ। ਪਰ ਇਸ ਦਾ ਇਹ ਅਰਥ ਵੀ ਨਹੀਂ ਕਿ ਗੁਰੂ ਨਾਨਕ ਮਾਨਵ ਸ਼ਖ਼ਸੀਅਤ ਦੇ ਇਸ ਸਰੀਰਕ ਮਾਨਸਿਕ ਪੱਖ ਦੀ ਉਕਾ ਹੀ ਨਿਖੇਧੀ ਕਰਦੇ ਹਨ। ਸਰੀਰ ਅਤੇ ਮਨ ਜਿੱਥੇ ਵਿਕਾਰਾਂ ਵਿਚ ਫਸ ਕੇ ਮਾਨਵ ਲਈ ਬੰਧਨ ਦਾ ਕਾਰਨ ਬਣਦੇ ਹਨ ਉਥੇ ਇਨ੍ਹਾਂ ਨੂੰ ਅਗਵਾਈ ਵਿਚ ਤੋਰਿਆ ਮੋਖ ਦੀ ਪ੍ਰਾਪਤੀ ਵੀ ਸੰਭਵ ਹੈ।"[6]

ਗੁਰੂ ਨਾਨਕ ਕਾਵਿ ਮੱਧਕਾਲ ਦੇ ਜੀਵਨ ਯਥਾਰਥ ਦੀ ਪੇਸ਼ਕਾਰੀ ਕਰਦਾ ਹੈ। ਆਦਿਕਾਲ ਵਿਚ ਜਿੱਥੇ ਕਬੀਲਾਈ (forager) ਸੰਸਾਰ ਆਪਸ ਵਿਚ ਹਿੰਸਕ ਲੜਾਈਆਂ ਵਿਚ ਉਲਝਿਆ ਰਹਿੰਦਾ ਸੀ ਉੱਥੇ ਮੱਧਕਾਲ ਵਿਚ ਰਾਜੇ ਆਪਸ ਵਿਚ ਉਲਝਦੇ ਰਹਿੰਦੇ ਸਨ। ਇਨ੍ਹਾਂ ਲੜਾਈਆਂ ਵਿਚ ਲੱਖਾਂ ਬੰਦਿਆਂ ਦਾ ਮਾਰੇ ਜਾਣਾ ਆਮ ਗੱਲ ਸੀ। ਮੱਧਕਾਲ ਦੀ ਇਸ ਅਧੋ ਗਤੀ ਨੂੰ ਬਾਦਸ਼ਾਹ ਬਾਬਰ ਦੀਆਂ ਇਨ੍ਹਾਂ ਸਤਰਾਂ ਵਿਚ ਵੀ ਦੇਖਿਆ ਜਾ ਸਕਦਾ ਹੈ, 'ਸਮਰਕੰਦ ਨੂੰ ਜਿੱਤਣ ਲਈ ਮੇਰੇ ਕਈ ਸਾਲ ਲੱਗ ਗਏ। ਕਈ ਵਾਰ ਝੜਾਈ ਕਰਨੀ ਪਈ ਪਰ ਸੁਲਤਾਨ ਮਹਿਮੂਦ ਖਾਂ ਨੇ ਨਾਕ ਦੇ ਕੋਈ ਸੁਨੇਹਾ ਭੇਜਿਆ ਤੇ ਨਾ ਹੀ ਕੋਈ ਮਦਦ ਕੀਤੀ। ਸਮਰਕੰਦ ਦੀ ਜਿੱਤ ਪਿੱਛੋਂ ਉਹ ਮੇਰੇ ਤੋਂ ਅੰਦੀ ਜਾਨਦੀ ਮੰਗ ਕਰਨ ਲੱਗਾ। ਉਧਰ ਸਾਰੀ

ਫੌਜ ਦੇ ਜ਼ਿਆਦਾਤਰ ਲੋਕ ਅਤੇ ਲੱਗਭੱਗ ਸਾਰੇ ਮੁਗਲ ਆਖ਼ਸ਼ੀ ਅਤੇ ਅੰਦੀਜਾਨ ਚਲੇ ਗਏ ਸੀ[7] ਅਜਿਹੇ ਹਾਲਤ ਬਾਰੇ ਗੁਰੁ ਨਾਨਕ ਲਿਖਦੇ ਹਨ:

ਕਲਿ ਕਾਤੀ ਰਾਜੇ ਕਾ ਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹਿ ਕਹ ਚੜਿਆ॥

(ਮਾਝ ਮ: ਪਹਿਲਾ ਪੰਨਾ 145)

ਔਰਤ ਘਰ ਦੇ ਉੱਪਰ ਮਰਦ ਨਾਲੋਂ ਵਧੇਰੇ ਨਿਰਭਰ ਹੈ। ਇਥੋਂ ਹੀ ਮਰਦ ਬਾਹਰੀ ਕੰਮਾਂ ਤੇ ਕਾਬਜ਼ ਹੋ ਜਾਂਦਾ ਹੈ। ਔਰਤ ਦੀ ਘਰੇਲੂ ਸਥਿਤੀ ਉਸਨੂੰ ਘਰ ਦੀ ਗੁਲਾਮ ਬਣਾ ਦਿੰਦੀ ਹੈ। ਗੁਰੂ ਨਾਨਕ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੇ ਹੋਏ ਲਿਖਦੇ ਹਨ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀ ਆਹੁ।
ਸੋ ਕਿਉ ਮੰਦਾ ਆਖਿਐ ਜਿਤੁ ਜੰਮਹਿ ਰਾਜਾਨਿ।

(ਆਸਾ ਦੀ ਵਾਰ)

ਗੁਰੂ ਨਾਨਕ ਸਾਰੀ ਸ੍ਰਿਸ਼ਟੀ ਨੂੰ ਇਕ ਸਮਝਦੇ ਹਨ। ਰਾਜਿਆਂ ਤੋਂ ਬਾਅਦ ਵੱਡੇ ਸਾਮਰਾਜਾਂ ਨੇ ਦੁਨਿਆਂ ਨੂੰ ਇਕ ਨਰਕ ਵਿਚ ਰੋਲ ਅਦਾ ਕੀਤਾ। ਭਾਰਤ ਵਰਗੇ ਦੇਸ਼ ਵਿਚ ਜਿੱਥੇ ਪਹਿਲਾਂ ਕਬੀਲੇ ਲੜਦੇ ਸਨ ਫਿਰ ਰਾਜੇ ਆਪਸ ਵਿਚ ਲੜਦੇ ਰਹਿੰਦੇ ਸਨ। ਬ੍ਰਿਟਿਸ਼ ਸਾਮਰਾਜ ਦੇ ਅਧੀਨ ਭਾਰਤੀ ਰਾਜਿਆਂ ਦੀਆਂ ਆਪਸੀ ਲੜਾਈਆਂ ਬੰਦ ਹੋ ਗਈਆਂ। ਇਸ ਵੇਲੇ ਦੁਨੀਆਂ ਵਿਚ 200 ਦੇ ਕਰੀਬ ਦੇਸ਼ ਹਨ ਪਰ ਹਿੰਸਾ ਕੁਝ ਗਿਣਤੀ ਦੇ ਦੇਸ਼ਾਂ ਵਿਚ ਹੀ ਹੋ ਰਹੀ ਹੈ। ਆਉਣ ਵਾਲੇ ਸਮੇਂ ਵਿਚ ਹਿੰਸਾ ਬਹੁਤ ਘਟ ਜਾਣ ਵਾਲੀ ਹੈ ਤੇ ਮਨੁੱਖ ਗੁਰੂ ਨਾਨਕ ਦੇ ਸੁਪਨਿਆਂ ਦੇ ਹਾਣ ਦਾ ਬਣ ਜਾਣ ਵਾਲਾ ਹੈ।

## ਹਵਾਲੇ ਤੇ ਟਿੱਪਣੀਆਂ

1. 'commerce, empires and universal religions eventually brought virtually every sapiens on every continent into the global world me live in today.' Yuval Noah Harari, sapiens-A Brife History Of Humankind, Vintage books, London, 2011, page no. 264.
2. ਉਹੀ, ਪੰਨਾ 191.
3. Yuval Noah Harari, 21 Lessons for the 21st century, Jonathan cape, London, 2018, page no. 191.
4. Yuval Noah Harari, Sapiens, page no. 234.
5. ਜਗਬੀਰ ਸਿੰਘ ਐਮ.ਏ, ਗੁਰੂ ਨਾਨਕ ਬਾਣੀ ਵਿਚ ਮਾਨਵ ਦਾ ਸੰਕਲਪ, ਖੋਜ ਪਤ੍ਰਿਕਾ, ਨਵੰਬਰ 1969, ਪੰਨਾ 141.
6. ਉਹੀ, ਪੰਨਾ 143.
7. ਬਾਬਰ ਜਹੀਰੁਦੀਨ ਮੁਹੰਮਦ (ਅਨੁ. ਡਾ ਸਵਰਨਜੀਤ ਕੌਰ), ਬਾਬਰਨਾਮਾ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2019, ਪੰਨਾ 23.

**ਬਲਜਿੰਦਰ ਸਿੰਘ ਨਸਰਾਲੀ**

Email: bnasralidu@gmail.com

# ਬਹੁ-ਸਭਿਆਚਾਰਕ ਪ੍ਰਸੰਗ ਵਿਚ "ਸਿਧ ਗੋਸਟਿ" ਦੇ ਹਵਾਲੇ ਨਾਲ ਸੰਬਾਦ-ਮਾਡਲ

**(Nanak-model for conflict resolution in multicultural perspective)**

**ਬਲਕਾਰ ਸਿੰਘ (ਪ੍ਰੋਫੈਸਰ)**

1.1 ਧਰਮ-ਚਿੰਤਨ ਵਿਚ ਸਿਧਾਂਤ ਦੇ ਅਮਲ ਅਤੇ ਅਮਲ ਦੇ ਸਿਧਾਂਤ ਦੀਆਂ ਪੈੜਾਂ ਬਾਣੀ ਦੇ ਹਵਾਲੇ ਨਾਲ ਨੱਪੀਏ ਤਾਂ ਇਹ ਤੱਥ ਸਾਹਮਣੇ ਆ ਜਾਂਦੇ ਹਨ ਕਿ ਗੁਰੂ ਨਾਨਕ ਦੇਵ ਜੀ ਲੋੜ ਵੰਦਾਂ ਤੱਕ ਚੱਲਕੇ ਜਾਂਦੇ ਸਨ। ਇਸ ਪਿੱਛੇ ਭਾਵਨਾ ਇਹ ਨਜ਼ਰ ਆਉਂਦੀ ਹੈ ਕਿ ਚੇਤਨਾ ਨੂੰ ਚੁੱਪ ਨਹੀਂ ਰਹਿਣਾ ਚਾਹੀਦਾ। ਏਸੇ ਦਾ ਨਤੀਜਾ ਸੀ ਕਿ ਧਰਮ ਨੂੰ ਪੂਜਕਾਂ ਦੇ ਖੇਤਰ ਵਿਚੋਂ ਕੱਢਕੇ ਧਾਰਕਾਂ ਦੇ ਕਰਮ-ਖੇਤਰ ਵਿਚ ਲੈਕੇ ਜਾਣ ਦਾ ਗੁਰੂ ਨਾਨਕ ਦੇਵ ਜੀ ਦਾ ਏਜੰਡਾ, ਸਿੱਖ-ਧਰਮ ਦੇ ਨਾਮ ਨਾਲ 16ਵੀਂ ਸਦੀ ਦੇ ਪਹਿਲੇ ਚਾਰ ਦਹਾਕਿਆਂ ਵਿਚ ਸਥਾਪਤ ਹੋ ਗਿਆ ਸੀ। ਪੂਜਕਾਂ ਦੇ ਖੇਤਰ ਵਿਚ ਵਿਚਰਦੀਆਂ ਉਸ ਵੇਲੇ ਦੀ ਆਂਧਾਰਮਿਕ ਜਥੇ ਬੰਦੀਆਂ ਵਿਚ ਸਿੱਧ ਜੋਗੀਆਂ ਦੀ ਸਥਾਪਤੀ ਮਹੱਤਵਪੂਰਨ ਸੀ ਕਿਉਂਕਿ ਪੂਜਕਾਂ ਦੀ ਅਗਿਆਨੀ ਮਾਨਸਿਕਤਾ ਨੂੰ ਜਿਹੋ ਜਿਹੀ ਡੇਰੇ ਦਾਰੀ ਦੀ ਲੋੜ ਹੋ ਸਕਦੀ ਹੈ, ਉਸ ਤਰ੍ਹਾਂ ਦੇ ਡੇਰੇ ਜੋਗੀਆਂ ਨੇ ਥਾਂਥਾਂ ਸਥਾਪਤ ਕੀਤੇ ਹੋਏ ਸਨ। ਆਮ ਬੰਦੇ ਦੀ ਆਸਥਾ ਵਿਚ ਕੁਝ ਨਵਾਂ ਟਿਕਾਉਣ ਦੀ ਸ਼ੁਰੂਆਤ ਤਾਂ ਵੇਈਂ ਨਦੀ ਪਰਵੇਸ਼ (1499 ਈ.) ਤੋਂ ਹੋ ਚੁੱਕੀ ਸੀ ਅਤੇ ਏਸੇ ਨੂੰ ਜੋਗੀਆਂ ਨਾਲ ਸਾਂਝਾ ਕਰਨ ਦਾ ਮਨ ਗੁਰੂ ਨਾਨਕ ਦੇਵ ਜੀ ਨੇ ਬਣਾ ਲਿਆ ਸੀ। ਮਸਲਾ ਬੇਸ਼ੱਕ ਆਮ ਬੰਦੇ ਦੀ ਜਗਿਆਸੂ ਮਾਨਸਿਕਤਾ ਨਾਲ ਜੁੜਿਆ ਹੋਇਆ ਸੀ, ਪਰ ਇਸ ਮਾਨਸਿਕਤਾ ਵਿਚ ਜੋਗੀਆਂ ਵਰਗੀਆਂ ਧਾਰਮਿਕ ਜਥੇ ਬੰਦੀਆਂਦੀ ਧਾਰਮਿਕ ਪਹੁੰਚ ਵੀ ਕਿਸੇ ਨ ਕਿਸੇ ਰੂਪ ਵਿਚ ਟਿਕੀ ਹੋਈ ਸੀ। ਇਹੋ ਜਿਹੀ ਹਾਲਤ ਵਿਚ ਸ਼ਬਦ-ਗੁਰੂ ਦੀ ਕੀ ਭੂਮਿਕਾ ਹੋਸ ਕਦੀ ਹੈ, ਇਸ ਨਾਲ ਸਬੰਧਤ ਹੈ 'ਸਿਧ ਗੋਸਟਿ' ਬਾਣੀ ਵਿਚ ਵਰਤਿਆ ਗਿਆ ਸੰਬਾਦ-ਮਾਡਲ। ਧਰਮ ਚਿੰਤਨ ਦੇ ਖੇਤਰ ਵਿਚ ਸ਼ਾਸ਼ਤ੍ਰਾਰਥ ਰਾਹੀਂ ਦਿਗਵਿਜੈ ਸਥਾਪਤ ਕਰਣ ਦੀ ਥਾਂ ਸੰਬਾਦ ਰਾਹੀ ਇਕ ਦੂਜੇ ਨੂੰ ਸਮਝਣ ਦੀ ਵਿਧੀ ਦੇ ਮੋਢੀ ਵਜੋਂ ਗੁਰੂ ਨਾਨਕ ਦੇਵ ਜੀ ਹੋ ਗਏ ਸਨ ਹਨ। ਇਸ ਨੂੰ ਅੱਜ ਦੇ ਮੁਹਾਵਰੇ ਵਿਚ ਪ੍ਰਾਪਤ ਦਾ ਸਿਧਾਂ ਤਕ ਬਦਲ (alternative ideology) ਵੀ ਕਿਹਾ ਜਾ ਸਕਦਾ ਹੈ ਅਤੇ ਇਹੀ ਅੱਜ ਕਲ ਬਹੁਲਵਾਦ ਦੇ ਨਾਮ ਨਾਲ ਜਾਣਿਆ ਜਾਣ ਲੱਗ ਪਿਆ ਹੈ। ਇਸ ਪ੍ਰਸੰਗ ਵਿਚ 'ਸਿਧ ਗੋਸਟਿ' ਬਾਣੀ ਦਾ ਬਿਰ ਤਾਂ ਤਕ ਉਸਾਰ ਦਿਗਵਿਜੈ ਦੀ ਪ੍ਰਾਪਤ ਪਰੰਪਰਾ ਨਾਲੋਂ ਨਿਖੜਵਾਂ "ਕਿਛੁ ਕਹੀਐ ਕਿਛੁ ਸੁਣੀਐ..." (660) ਦੀ ਸੰਬਾਦੀ ਨੈਤਿਕਤਾ ਤੱਕ ਫੈਲਿਆ ਹੋਇਆ ਸਿੱਖ-ਉਸਾਰ ਹੋ ਗਿਆ ਹੈ।

1.2 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਬਾਦੀ ਜੁਗਤਾਂ ਦੀਆਂ ਸਾਰੀਆਂ ਪਰਤਾਂ ਦਾ ਆਧਾਰ ਸ਼ਬਦ-ਗੁਰੂ (ਗੁਰੂ ਮਾਨਿਓ ਗ੍ਰੰਥ..) ਨੂੰ ਪਰਵਾਨ ਕੀਤਾ ਹੋਇਆ ਹੈ। ਬਿਬੇਕੀ ਸਰੋਕਾਰ, ਮਾਨਵ ਮਾਨਸਿਕਤਾ ਵਿਚ ਬਿਲਕੁਲ ਤਾਂਕਦੇ ਵੀ ਨਹੀਂ ਮਰਦੇ, ਪਰ ਵੱਖ ਵੱਖ ਕਾਰਣਾ ਕਰਕੇ ਮੱਧਮ ਜ਼ਰੂਰ ਪੈਂਦੇ ਰਹਿ ਸਕਦੇ ਹਨ। ਗੁਰਮਤਿ ਵਿਚ ਇਹ ਸਚਾਈ ਸਥਾਪਤ ਹੈ ਕਿ ਜਿਵੇਂ ਜਿਵੇਂ ਮਨ, ਮਾਇਆ ਦੇ ਲਪੇਟੇ ਵਿਚ ਮਲੀਨ ਹੁੰਦਾ ਜਾਵੇਗਾ, ਤਿਵੇਂ ਤਿਵੇਂ ਬਿਬੇਕੀ ਸਰੋਕਾਰ ਵੀ ਮੱਧਮ ਤੋਂ ਮਲੀਨ ਹੁੰਦੇ ਜਾਣਗੇ:

**ਮਾਧੋ ਮਾਇਆ ਹਿਤ ਕੀਨ॥ ਬਿਬੇਕ ਦੀਪ ਮਲੀਨ॥ਰਹਾਉ॥486**

1.3 ਆਸਥਾ ਦੀ ਡੇਰੇਦਾਰੀ, ਕਿਸੇ ਨ ਕਿਸੇ ਰੂਪ ਵਿਚ ਆਸਥਾ ਦੀ ਸਿਆਸਤ ਵੀ ਹੁੰਦੀ ਹੈ। ਇਸ ਹਾਲਤ ਵਿਚ ਵਿਵਹਾਰਕਤਾ ਦਾ ਬੋਲਬਾਲਾ ਹੋਣ ਲੱਗ ਪੈਂਦਾ ਹੈ ਅਤੇ ਨੈਤਿਕਤਾ ਕਮਜ਼ੋਰ ਪੈਣੀ ਸ਼ੁਰੂ ਹੋ ਜਾਂਦੀ ਹੈ। ਵਿਵਹਾਰਕਤਾ, ਮਨ ਦਾ ਮਸਲਾ ਹੈ ਅਤੇ ਨੈਤਿਕਤਾ, ਰੂਹ ਦਾ ਮਸਲਾ ਹੈ। ਪਾਟੀ ਹੋਈ ਮਾਨਸਿਕਤਾ ਦਾ ਆਧਾਰ ਰੂਹ ਅਤੇ ਮਨ ਵਿਚਕਾਰ ਕਿਸੇ ਵੀ ਕਾਰਣ ਪੈਦਾ ਹੋਇਆ ਤਨਾਉ ਹੈ। ਸਮਾਜਿਕਤਾ ਨੂੰ ਇਸ ਦੀ ਬਲੀ ਚੜ੍ਹਨਾ ਪੈਂਦਾ ਹੈ ਅਤੇ ਰਿਸ਼ਤਿਆਂ ਦਾ ਸੁੱਚਮ, ਪ੍ਰਾਪਤੀਆਂ ਦੇ ਲਾਲਚ ਵਿਚ ਘਿਰ ਜਾਂਦਾ ਹੈ। ਜਿਹੜੀ ਵਿਵਸਥਾ ਨੂੰ ਗਲ ਪਏ ਢੋਲ ਵਾਂਗ ਵਜਾਉਣਾ ਤੇ ਹੰਢਾਉਣਾ ਪੈ ਜਾਵੇ, ਉਹ ਜਿਊਣ ਵਾਸਤੇ ਜਿਊਣ ਵਰਗੀ ਨਿਹਫਲਤਾ ਵਰਗਾ ਹੋ ਜਾਂਦਾ ਹੈ। ਇਹੋ ਜਿਹੀਆਂ ਹਾਲਤਾਂ ਵਿਚ ਗੁਰੂ ਜੀ ਨੇ ਜਿਊਣਾ ਸਿਖਾਉਣ ਦੀ ਮੁਹਿੰਮ ਸ਼ੁਰੂ ਕੀਤੀ ਸੀ। ਸੋਚਿਆ ਸਮਝਿਆ ਧਰਮ ਦਾ ਨਿਸ਼ਾਨਾ ਗੁਰੂ ਜੀ ਨੇ ਇਹ ਰੱਖਿਆ ਸੀ ਕਿਪ੍ਰਾ ਪਤ ਨਾਲ ਨਿਭਦਿਆਂ, ਲੋੜੀਂਦੇ ਦੀ ਪਛਾਣ ਅਤੇ ਇਸ ਪਛਾਣ ਨਾਲ ਜੁੜੀ ਹੋਈ ਨੈਤਿਕਤਾ, ਜਿਊਣ ਨਾਲ ਜੁੜੀ ਹੋਈ ਸਥਾਨਕਤਾ ਨੂੰ ਰਹਿਣ ਯੋਗ ਬਣਾ ਸਕਦੀ ਹੈ। ਗੁਰਮਤਿ ਦਾ ਇਹ ਗਾਡੀ ਰਾਹ ਗੁਰੂ ਨਾਨਕ ਦੇਵ ਜੀ ਦੀ ਅਗਵਾਈ ਵਿਚ ਮੁੱਢ ਤੋਂ ਹੀ ਆਮ ਬੰਦੇ ਦੇ ਧਰਮ ਵਾਂਗ ਸਾਹਮਣੇ ਆਉਣ ਲੱਗ ਪਿਆ ਸੀ। ਆਮ ਬੰਦੇ ਦਾ ਧਰਮ ਹੀ ਕਿਸੇ ਵੀ ਵਰਤਮਾਨ ਦਾ ਧਰਮ ਹੋ ਸਕਣਦਾ ਹੱਕਦਾਰ ਹੋ ਸਕਦਾ ਹੈ। ਨਾਨਕ-ਸੰਦੇਸ਼ ਨਾਲ ਇਹੀ ਸੱਚ, ਲਗਾਤਾਰ ਸਮਝਦਾ ਹਿੱਸਾ ਹੋਣ ਲੱਗ ਪਿਆ ਸੀ ਕਿ ਸੁਪਨਿਆਂ ਨੂੰ ਸਾਕਾਰ ਕਰਣ ਦੇ ਮੁਹੱਬਤੀ ਏਜੰਡੇ ਨਾਲ ਗਲ ਵੱਢ ਮੁਕਾਬਲਿਆਂ ਦੇਉ ਲਾਰ ਨਤੀਜਿਆਂ ਤੋਂ ਬਚਿਆ ਜਾ ਸਕਦਾ ਹੈ। ਗੁਰਮਤਿ ਨੇ ਏਹੋ ਜਿਹੇ ਭਰਪੂਰ ਜੀਵਨ ਦਾ ਪ੍ਰਗਟਾਵਾ, ਪ੍ਰਾਪਤ ਨਾਲ ਨਿਭਦਿਆਂ, ਵਿਰਾਸਤੀ ਪਹਿਰੇਦਾਰੀ ਵਿਚ ਕਰ ਵਿਖਾਇਆ ਸੀ ਕਿਉਂਕਿ ਸੰਭਾਵਨਾਵਾਂ ਦੇ ਸਾਖਸ਼ਾਤ ਪ੍ਰਗਟਾਵਿਆਂ ਨੂੰ ਕਿਸੇ ਵੀ ਵਰਤਮਾਨ ਦੀ ਹੋਣੀ ਪਰਵਾਨ ਕਰਕੇ ਹੀ ਗੁਰਮਤਿ ਦੇ ਮਾਰਗ ਤੇ ਤੁਰਿਆ ਜਾ ਸਕਦਾ ਹੈ। ਸਿੱਖ ਦੇ ਚੇਤਿਆਂ ਵਿਚ ਇਹ ਪ੍ਰਚੰਡ ਕੀਤਾ ਗਿਆ ਹੈ ਕਿ ਅਧਿਆਤਮਿਕਤਾ ਅਤੇ ਇਨਸਾਨੀ ਅਤਜੇਟਕਰਾ ਵਿਚ ਆ ਜਾਣ ਤਾਂ ਧਰਮ ਵੀ ਸਿਆਸਤ ਹੋ ਜਾਵੇਗਾ। ਸਮਾਜਿਕ ਪਛਾਣ, ਕਿੱਤੇ ਅਤੇ ਰੁਤਬੇ ਵਿਚਕਾਰ ਸੰਤੁਲਨ ਸਥਾਪਤੀ ਨੂੰ ਧਰਮ ਦਾ ਹਿੱਸਾ ਬਣਾਇਆ ਗਿਆ ਸੀ। ਇਸ ਨੂੰ ਨਾਮ ਜਪਣ, ਕਿਰਤ ਕਰਣ ਅਤੇ ਵੰਡ ਛਕਣ ਦੀ ਪਰਸ ਪਰ ਇਕ ਸੁਰਤਾ ਪਰਵਾਨ ਕੀਤਾ ਹੋਇਆ ਹੈ। ਗੁਰਮਤਿ ਦਾ ਇਹ ਸਹਿਜ-ਮਾਰਗ ਹੈ ਅਤੇ ਏਹੀ ਪਹੁੰਚ ਅਤੇ ਨਤੀਜਿਆਂ ਵਿਚ ਸੁਤੰਤ੍ਰ ਵੀ ਹੈ ਅਤੇ ਵਿਲੱਖਣ ਵੀ ਹੈ। ਏਸੇ ਲਈ ਗੁਰਮਤਿ, ਵਿਹਾਰਕ ਫਲਸਫੇ ਦੀ ਧਰੋਹਰ ਵਜੋਂ ਸਮਝੀ ਜਾਣੀ ਚਾਹੀਦੀ ਹੈ। ਇਹੋ ਜਿਹੇ ਨੁਕਤਿਆਂ ਦੇ ਇਰਦਗਿਰਦ ਬੁਣੀ ਹੋਈ ਸੁੱਚੀ ਵਿਹਾਰਕਤਾ ਦੇ ਸਹਾਇਕ ਹਨ, ਸ਼ਬਦ-ਤਕਨਾਲੋਜੀ, ਨਾਮ-ਵਿਧੀ, ਸਹਿਜ-ਸਥਾਪਨ ਅਤੇ ਹੁਕਮ ਦੀ ਧਰਮ-ਮੀਮਾਂਸਾ। ਏਸੇ ਦੀ ਜੀਵੰਤ ਸਕਰਮਕਤਾ ਨੂੰ ਰਜ਼ਾ ਦੁਆਰਾ ਸਮਝਿਆ ਜਾ ਸਕਦਾ ਹੈ।

2.1 ਪੂਰਬ ਨਾਨਕ-ਕਾਲ ਵਿਚ ਆਸਥਾ (faith) ਨੂੰ ਲੈਕੇ ਆਮ ਬੰਦੇ ਦੇ ਜੀਵਨ ਨਾਲ ਜੁੜੇ ਹੋਏ ਨਤੀਜਿਆਂ ਤੱਕ ਪਹੁੰਚਣ ਦੀਆਂ ਜਿਹੜੀਆਂ ਧਾਰਮਿਕ ਵਿਧੀਆਂ ਪ੍ਰਾਪਤ ਸਨ, ਉਹ ਜਗਿਆਸਾ ਨੂੰ ਆਸਥਾ ਤੱਕ ਹੀ ਲੈਕੇ ਜਾਂਦੀਆਂ ਲੱਗਣ ਲੱਗ ਪਈਆਂ ਸਨ ਅਤੇ ਇਸ ਨਾਲ ਸ਼ਰਧਾ ਦੇ ਭਾਰ ਹੇਠ ਸਮਝਦੇ ਦਬ ਜਾਣਦੀਆਂ ਸੰਭਾਵਨਾਵਾਂ ਪੈਦਾ ਹੋਣ ਲੱਗ ਪਈਆਂ ਸਨ। ਜੇ ਸ਼ਰਧਾ, ਸਿੱਖਣ ਦੇ ਰਾਹ ਵਿਚ ਰੁਕਾਵਟ

ਬਣਦੀ ਹੋਵੇ ਤਾਂ ਇਹ ਧਿਆਨ ਵਿਚ ਰੱਖਣ ਦੀ ਲੋੜ ਪਵੇਗੀ ਕਿ ਅਧਿਆਤਮ ਅਤੇ ਧਰਮ ਜਿਸ ਤਰ੍ਹਾਂ ਇਕ ਵੀ ਹਨ ਅਤੇ ਓਸੇ ਤਰ੍ਹਾਂ ਦੋ ਵੀ ਹਨ। ਮਿਸਾਲ ਦੇ ਤੌਰ ਤੇ ਜਿਵੇਂ ਦਿਮਾਗ਼ ਅਤੇ ਸਰੀਰ, ਇਕ ਵੀ ਹਨ ਅਤੇ ਦੋ ਵੀ ਹਨ। ਇਸ ਇਕ ਵਿਚ ਦੋ (two in one) ਨੂੰ ਇਕ ਸੁਰਤਾ ਵਿਚ ਢਾਲਣ ਲਈ ਬੰਦੇ ਨੂੰ ਦੋਹਰੀ ਪਛਾਣ (named and nameless) ਵਿਚਕਾਰ ਸਹਿਜ ਸਥਾਪਨ ਕਰਣ ਲਈ ਸ਼ਬਦ-ਤਕਨਾਲੋਜੀ ਨੂੰ ਅਮਲ ਵਿਚ ਸਿੱਖ-ਧਰਮ ਵੱਲੋਂ ਲਿਆਂਦਾ ਗਿਆ ਸੀ। ਇਹੀ ਅਧਿਆਤਮ ਦੇ ਰੰਗ ਵਾਲੀ ਬੌਧਿਕਤਾ (spiritual brain) ਹੈ ਅਤੇ ਇਹੀ ਆਸਥਾ-ਨਿਸ਼ਠ ਮਾਨਸਿਕਤਾ (religious body) ਦਾ ਇਕ ਸੁਰਤਾ ਵਿਚ ਆ ਜਾਣਾ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਧਰਮ, ਸਰੀਰ ਵਾਂਗਅ ਚੁੱਕਨ ਹੀਂ ਹੋ ਸਕਦਾ ਕਿਉਂਕਿ ਮਨ, ਆਸਥਾ ਅਰਥਾਤ ਧਰਮ ਦੀ ਓਵੇਂ ਹੀ ਚੂਲ ਹੈ, ਜਿਵੇਂ ਰੂਹ, ਅਧਿਆਤਮਕਤਾ ਦੀ ਚੂਲ ਹੈ। ਸੋ ਨਾਨਕ-ਚਿੰਤਨ ਵਿਚ ਮੂਲ, ਧਰਮ ਨਹੀਂ ਅਧਿਆਤਮ ਹੈ। ਏਸੇ ਰਾਹ ਦੇ ਪਾਂਧੀਆਂ ਨੂੰ ਗੁਰਮੁਖ ਅਤੇ ਮਨਮੁਖ ਰਾਹੀਂ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਇਸ ਰਾਹ ਤੇ ਸਿੱਖ ਹੋਏ ਬਿਨਾ ਵੀ ਜਗਿਆਸੂ ਚੱਲਦੇ ਰਹੇ ਹਨ ਅਤੇ ਇਸ ਨਾਲ ਸਿੱਖ ਹੋਏ ਬਿਨਾ ਸਿੱਖ ਹੋਸ ਕਣਦਾ ਰਾਹ, ਧਰਮ-ਚਿੰਤਨ ਦੇ ਖੇਤਰ ਵਿਚ ਪਹਿਲੀ ਵਾਰ ਸਿੱਖ-ਧਰਮ ਦੁਆਰਾ ਸਾਹਮਣੇ ਲਿਆਂਦਾ ਗਿਆ ਸੀ। ਏਸੇ ਨੂੰ ਭਾਈ ਗੁਰਦਾਸ ਜੀ ਨੇ "ਚੜ੍ਹਿਆ ਸੋ ਧਣ ਧਰਤ ਲੋਕਾਈ" ਕਿਹਾ ਸੀ। ਇਹੀ ਸਿੱਖ ਦੀ ਅਰਦਾਸ ਵਿਚ "ਸਰਬੱਤ ਦਾ ਭਲਾ" ਵਜੋਂ ਸੰਭਾਲਿਆ ਹੋਇਆ ਹੈ। ਤਾਂ ਤੇ ਅਧਿਆਤਮ, ਨਿਹਿਤ ਦਿੱਭਤਾ ਹੈ, ਜੋਤਿ ਸਰੂਪ ਹੈ, ਹੁਕਮ ਹੈ ਅਤੇ ਦੈਵੀ ਤੋਹਫਾ ਹੈ। ਇਸ ਦੇ ਅਹਿਸਾਸ ਨਾਲ ਜੁੜਣ ਦੀ ਸ਼ੁਰੂਆਤ ਧਰਮ ਤੋਂ ਹੋ ਤਾਂ ਸਕਦੀ ਹੈ, ਪਰ ਧਰਮ ਤੇ ਮੁਕਾਈ ਨਹੀਂ ਜਾ ਸਕਦੀ। ਇਨ੍ਹਾਂ ਕੋਮਲ ਪਹਿਲੂਆਂ ਨੂੰ ਫੜਣਾ, ਹੰਢਾਉਣਾ ਅਤੇ ਪ੍ਰਗਟਾਉਣਾ ਬੇਸ਼ਕ ਸੌ ਖਾਨ ਹੀਂ ਹੈ ਅਤੇ ਇਸ ਨੂੰ ਕਿਸੇ ਵੀ ਸਮਕਾਲ ਦੇ ਧਾਰਮਿਕ ਆਗੂ, ਵਿਵਹਾਰਕ ਚਲਾਕੀ ਦੁਆਰਾ ਦੁਕਾਨਦਾਰੀ ਵਾਂਗ ਵਰਤਣਾ ਸ਼ੁਰੂ ਕਰਦੇ ਰਹੇ ਹਨ। ਇਸ ਸ਼ੋਸ਼ਣੀ ਧਾਰਮਿਕਤਾ ਨੂੰ ਆਮ ਬੰਦੇ ਦੀ ਸਮਝ ਵਿਚ ਗੁਰੂ ਨਾਨਕ ਦੇਵ ਜੀ ਨੇ ਇਕ ਕਹਿਕੇ ਉਤਾਰਿਆ ਸੀ ਕਿ ਬੰਦੇ ਦੇ ਦੁੱਖਾਂ ਕਲੇਸ਼ਾਂ ਦੀ ਜੜ੍ਹ ਵਿਚ ਬੰਦੇ ਦੇ ਆਪਣੇ ਭਰਮ ਮੂਲਕ ਕਰਮ ਅਤੇ ਅਗਿਆਨ ਕਲਪਿਤ ਬੰਧਨ ਪਏ ਹੁੰਦੇ ਹਨ। ਇਹੋ ਜਿਹੀ ਸਥਿਤੀ ਵਿਚ ਬੰਦੇ ਦੀ ਨਿਹਿਤ ਨਾ ਬਰੀ ਵੀ ਗੁਲਾਮੀ ਵਿਚ ਘਿਰ ਜਾਂਦੀ ਹੈ। ਏਸੇ ਸਥਿਤੀ ਤੋਂ ਮੁਕਤ ਹੋ ਸਕਣ ਦੇ ਏਜੰਡੇ ਨੂੰ ਹੀ ਸਿੱਖ-ਧਰਮ ਵਜੋਂ ਸਾਹਮਣੇ ਲਿਆਂਦਾ ਗਿਆ ਸੀ।ਏਸੇ ਨੂੰ ਜਿਊਣ ਦੀ ਜਾਚ ਕਿਹਾ ਜਾ ਰਿਹਾ ਹੈ ਅਤੇ ਏਸੇ ਨੂੰ ਸੰਬਾਦੀ ਵਿਧੀ ਰਾਹੀਂ ਲੋੜਵੰਦਾਂ ਤੱਕ ਪਹੁੰਚਾਇਆ ਜਾਣਾ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦੀ ਪਹਿਰੇਦਾਰੀ ਹੈ। ਏਸੇ ਨੂੰ ਜੀਵਨ-ਮੁਕਤ ਕਹਿ ਕੇ ਭਵਿਖ ਦੇ ਲਾਰੇ ਦੀ ਥਾਂ ਵਰਤਮਾਨ ਦੇ ਸੱਚ ਨਾਲ ਜੋੜਿਆ ਗਿਆ ਸੀ। ਅਜਿਹਾ ਆਸਥਾ ਤੋਂ ਅੱਗੇ ਤੁਰ ਕੇ ਹੀ ਸੰਭਵ ਬਨਾਇਆ ਜਾ ਸਕਦਾ ਹੈ। ਆਸਥਾ ਦੀ ਆੜ ਵਿਚ ਧਰਮ ਦੇ ਨਾਮ ਤੇ ਬੰਦੇ ਹੀ ਪਹਿਲਾਂ ਦੈਵੀ ਪ੍ਰਤੀਨਿਧਾਂ ਵਾਂਗ ਅਤੇ ਫਿਰ ਦੈਵੀ- ਈਜਾਰੇਦਾਰਾਂ ਵਾਂਗ ਵਿਚਰਨ ਲੱਗ ਪੈਂਦੇ ਹਨ। ਏਸੇ ਨਾਲ ਜੁੜਿਆ ਹੋਇਆ ਹੈ ਉਹ ਸਿੱਖ-ਸੰਬਾਦ, ਜਿਸ ਬਾਰੇ ਚਰਚਾ 'ਸਿਧ ਗੋਸਟਿ' ਦ ਹਵਾਲੇ ਨਾਲ ਕੀਤੀ ਜਾ ਰਹੀ ਹੈ।

2.2 'ਸਿਧ ਗੋਸਟਿ' ਬਾਣੀ ਦੀ ਸ਼ੁਰੂਆਤ ਰਿਸ਼ੀ ਪਰੰਪਰਾ ਦੀ ਨਿਰੰਤਰਤਾ ਵਿਚ 'ਸਿਧ ਸਭਾ' ਨੂੰ ਮਾਨਤਾ ਅਤੇ ਸਤਿਕਾਰ ਦੇਣ ਨਾਲ ਹੁੰਦੀ ਹੈ ਅਤੇ ਰਹਾਉ ਰਾਹੀਂ ਨਾਨਕ-ਮਿਸ਼ਨ ਦੀ ਨਿਸ਼ਾਨਦੇਹੀ ਇਹ ਕਹਿਕੇ ਕਰ ਦਿੱਤੀ ਗਈ ਹੈ ਕਿ ਪ੍ਰਾਪਤ ਵਿਚ ਵਰਤੀਆਂ ਜਾ ਰਹੀ ਆਂਧਾਰਮਿਕ ਵਿਧੀਆਂ ਦਾ ਸਿੱਖ-ਬਦਲ, ਸ਼ਬਦ ਹੈ:

**ਕਿਆ ਭਵੀਐ ਸਚਿਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ ॥ਰਹਾਉ॥**

ਗੁਆਚ ਗਏ ਅਤੇ ਗੁਅਚ ਰਹੇ ਨੂੰ ਸੰਭਾਲਣ ਵਾਸਤੇ ਚੂਲਕ ਨੁਕਤਾ ਨਾਨਕ-ਚਿੰਤਨ ਦੀ ਜੜ੍ਹ, ਸ਼ਬਦ-ਗੁਰੂ ਨਾਲ ਜੁੜਿਆ ਹੋਇਆ ਹੈ। ਏਸੇ ਨਾਲ ਜੁੜਿਆ ਹੋਇਆ ਹੈ ਸਿੱਧਾਂ ਦਾ ਪਹਿਲਾ ਸਵਾਲ ਕਿਤੇਰਾ ਧਰਮ ਕੀ ਹੈ ਅਤੇ ਤੇਰੇ ਧਰਮ ਦਾ ਮਨੋਰਥ ਕੀ ਹੈ? ਸਵਾਲ ਇਸ ਅਹਿਸਾਸ ਵਿਚੋਂ ਕੀਤਾ ਜਾ ਰਿਹਾ ਸੀ ਕਿਉ ਨ੍ਹਾਂ ਕੋਲੋਂ ਧਾਰਮਿਕ ਸਪੇਸ ਖੋਹਣ ਦਾ ਦਾਹਵੇਦਾਰ ਉਨ੍ਹਾਂ ਦੇ ਸਾਹਮਣੇ ਹੈ। ਦਾਹਵੇਦਾਰੀ ਨੂੰ ਖਦੇੜਣ ਦੀ ਮਨਸ਼ਾ ਨਾਲ ਹੀ ਜੋਗੀਆਂ ਵੱਲੋਂ ਬਾਬਾ ਨਾਨਕ ਨੂੰ ਸਵਾਲ ਹੁੰਦੇ ਰਹੇ ਸਨ। ਏਸੇ ਕਰਕੇ ਜੋਗੀ ਚਰਪਟ ਨਾਥ ਨੇ ਇਕੋ ਸਾਹੇ ਤਿੰਨ ਪ੍ਰਸ਼ਨ ਉਠਾ ਦਿੱਤੇ ਸਨ ਕਿ ਨਾਨਕ-ਮਿਸ਼ਨ ਦੇ ਮਨੋਰਥ, ਵਿਧੀ ਅਤੇ ਸ੍ਰੋਤ (ਗੁਰੂ) ਬਾਰੇ ਦੱਸੋ। ਇਨ੍ਹਾਂ ਸੁਆਲਾਂ ਨਾਲ ਜੋ ਚਿੰਤਨਾਤਮਿਕ ਪ੍ਰਸੰਗ ਉਸਾਰਿਆਂ ਜਾ ਸਕਦਾ ਹੈ, ਉਹ ਇਹ ਹੈ ਕਿ ਜੋਗੀ, ਰਿਸ਼ੀ-ਪਰੰਪਰਾ ਦੀ ਨਿਰੰਤਰਤਾ ਵਿਚ ਸੰਤ-ਪਰੰਪਰਾ ਦੇ ਪ੍ਰਤੀਨਿਧ ਸਨ ਅਤੇ ਭਗਤੀ-ਪਰੰਪਰਾ ਨਾਲ ਪੈਦਾ ਹੋ ਗਈ ਨਵੀਨਤਾ ਨੂੰ ਨਾਲ ਲੈਕੇ ਨਹੀਂ ਤੁਰ ਰਹੇ ਸਨ। ਇਸ ਨਾਲ ਧਰਮ ਦਾ ਵਰਤਮਾਨ ਸਮੇਂ ਦੇ ਹਾਣ ਦਾ ਨ ਹੋਣ ਕਰਕੇ ਗੁਆਚ ਰਿਹਾ ਸੀ। ਇਸ ਹਾਲਤ ਵਿਚ ਗੁਰੂ ਨਾਨਕ ਦੇਵ ਜੀ ਭਗਤੀ-ਪਰੰਪਰਾ ਵਿਚੋਂ ਲੈਣ ਯੋਗ ਨੂੰ ਲੈਕੇ ਅਤੇ ਛੱਡਣ ਯੋਗ ਨੂੰ ਛੱਡਕੇ ਸਿੱਖ-ਧਰਮ ਦੀ ਨੀਂਹ ਰੱਖ ਰਹੇ ਸਨ। ਇਸ ਸਾਰੇ ਕੁਝ ਨੂੰ ਪਰੰਪਰਕ ਸ਼ੈਲੀ ਵਿਚ ਨਿਪਟਾਉਣ ਦੇ ਪ੍ਰਤਿਨਧ ਜੋਗੀਆਂ ਅਤੇ ਬਾਬਾ ਨਾਨਕ ਵਿਚਕਾਰ ਸੰਬਾਦ ਦੁਆਲੇ ਉਸਰੀ ਹੋਈ ਹੈ 'ਸਿਧ ਗੋਸਟਿ' ਬਾਣੀ। ਜੋਗੀਆਂ ਦੇ ਮੇਲੇ ਵਿਚ ਜੋ ਹੁੰਗਾਰਾ ਆਮ ਲੋਕਾਂ ਵੱਲੋਂ ਗੁਰੂ ਨਾਨਕ ਦੇਵ ਜੀ ਨੂੰ ਮਿਲ ਰਿਹਾ ਸੀ, ਉਸ ਨੇ ਜੋਗੀਆਂ ਵਾਸਤੇ ਵਿਵਹਾਰਕ ਵੰਗਾਰ ਪੈਦਾ ਕਰ ਦਿੱਤੀ ਸੀ। ਏਸੇ ਕਰਕੇ ਜੋਗੀਆਂ ਨੇ ਨਾਨਕ-ਪਹੁੰਚ ਨੂੰ 'ਤੁਹਿ ਦੁਧ ਵਿਚਿ ਕਿਉਂ ਕਾਂਜੀ ਪਾਈ' (ਗੁ, 40) ਕਹਿਕੇ ਇਹ ਸਾਬਤ ਕਰਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਬਾਬਾ ਨਾਨਕ ਦੀ ਨਵੀਂ ਪਹੁੰਚ ਨਾਲ ਕੋਈ ਸਾਰਥਕ ਨਤੀਜਾ ਨਿਕਲਣ ਵਾਲਾ ਨਹੀਂ ਹੈ। ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਜੋਗੀ ਫੈਸਲਾਕੁਨ ਸੁਰ ਵਿਚ ਗੱਲ ਮੁਕਾਂਦੇ ਹਨ ਅਤੇ ਬਾਬਾ ਨਾਨਕ ਸੰਬਾਦੀ ਸੁਰ ਵਿਚ ਨਤੀਜਿਆਂ ਨੂੰ ਨਿਖਾਰਨਾ ਚਾਹੁੰਦੇ ਹਨ। ਜੋਗੀਆਂ ਦੀ ਹਉਮੈ ਅਤੇ ਗੁੱਸਾ, ਈਰਖਾ ਦੇ ਭਾਂਬੜ ਵਾਂਗ ਸਾਹਮਣੇ ਆਗਿਆ ਸੀ। ਇਹ ਸਮਾਂ 1532 ਈ. ਤੋਂ ਪਿਛੋਂ ਦਾ ਹੈ ਕਿਉਂਕਿ ਭਾਈ ਗੁਰਦਾਸ ਜੀ ਮੁਤਾਬਿਕ ਇਸ ਵੇਲੇ ਤੱਕ ਭਾਈ ਲਹਿਣਾ ਜੀ ਕਰਤਾਪੁਰ ਆ ਚੁੱਕੇ ਸਨ। ਵਿਸਥਾਰ ਲਈ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀਆਂ 38 ਤੋਂ 45 ਪੌੜੀਆਂ ਵੇਖੀਆਂ ਜਾ ਸਕਦੀਆਂ ਹਨ।

2.3 ਗੁਰੂ ਨਾਨਕ ਦੇਵ ਜੀ ਦਾ ਸਿੱਧ ਜੋਗੀਆਂ ਪ੍ਰਤੀ ਵਤੀਰਾ "ਸੰਤ ਸਭਾ ਜੈ ਕਾਰੋ" ਵਾਲਾ ਹੈ ਕਿਉਂਕਿ ਰੱਬ ਦੇ ਪਿਆਰਿਆਂ ਦੀ ਸੰਗਤ ਵਿਚ ਪਰਮਾਤਮਾ ਦੇ ਦਰਸ਼ਨ ਦੀਦਾਰੇ ਹੋ ਸਕਣ ਦੀ ਨੈਤਿਕਤਾ ਵਿਚ ਯਕੀਨ ਰੱਖਦੇ ਸਨ ਬਾਬਾ ਨਾਨਕ। ਉਹ ਤਾਂ ਚਾਹੁੰਦੇ ਸਨ ਕਿ ਜੋਗੀਆਂ ਸਾਹਮਣੇ ਸੰਤ ਸਭਾ ਦੀ ਪਰੰਪਰਕ ਪਹੁੰਚਦੀ ਥਾਂ ਤੇ ਸਤਿਸੰਗ ਦੀ ਸੰਕਲਪੀ ਨਵੀਨਤਾ ਨੂੰ ਲੈਕੇ ਸੰਬਾਦ ਰਚਾਇਆ ਜਾਵੇ। ਇਸ ਮਨਸ਼ਾ ਨਾਲ ਗੁਰੂ ਜੀ ਤੀਰਥਾਂ ਜਾਂ ਪਵਿੱਤਰ ਧਾਰਮਿਕ ਸਥਾਨਾਂ ਦੀਆਂ ਸਥਾਨਕ ਵਿਧੀਆਂ ਦੀ ਥਾਂ ਤੇ ਸ਼ਬਦ-ਗੁਰੂ ਦਾ ਮਾਡਲ ਸਾਹਮਣੇ ਲਿਆਉਣਾ ਚਾਹੁੰਦੇ ਸਨ। ਇਸ ਵਿਚ ਗੁਆਚ ਰਹੇ ਨੂੰ ਸੰਭਾਲਣ ਵਾਸਤੇ ਲੋੜੀ ਦੇ ਮਾਧਿਅਮ ਸ਼ਾਮਲ ਸਨ। ਗੁਰੂ ਨਾਨਕ ਦੇਵ ਜੀ ਦੀ ਇਹ ਪਹੁੰਚ ਜੋਗੀਆਂ ਤੱਕ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਪਹੁੰਚੀ ਹੋਈ ਸੀ। ਸਮੱਸਿਆ ਇਹ ਸੀ ਕਿ ਜਿਹੜੀਆਂ ਗੱਲਾਂ ਬਾਬਾ ਨਾਨਕ ਵੱਲੋਂ ਆਮ ਬੰਦੇ ਦੀ

ਸਮਝ ਵਿਚ ਉਤਾਰੀਆਂ ਜਾ ਰਹੀਆਂ ਸਨ, ਉਹੀ ਜੋਗੀਆਂ ਨੂੰ ਹਜਮ ਨਹੀਂ ਹੋ ਰਹੀਆਂ ਸਨ। ਏਸੇ ਅਹਿਸਾਸ ਨਾਲ "ਸਿਧ ਗੋਸਟਿ" ਦੇ ਬਹੁਤੇ ਪ੍ਰਸ਼ਨ ਜੁੜੇ ਹੋਏ ਹਨ। ਕਰਾਮਾਤਾਂ ਦੇ ਮਾਲਕ ਹੋ ਕੇ ਵੀ ਜੋਗੀਆਂ ਨੂੰ ਅਦਿੱਖਦਾ ਤਲਿੱਸਮ ਵਿਚਲਿਤ ਕਰਦਾ ਰਹਿੰਦਾ ਸੀ ਅਤੇ ਉਹ ਜਾਨਣਾ ਚਾਹੁੰਦੇ ਸਨ ਕਿ ਗੁਰੂ ਨਾਨਕ ਦੇਵ ਤੇ ਇਸ ਦਾ ਅਸਰ ਕਿਉਂ ਨਹੀਂ ਹੈ? ਇਸ ਨਾਲ ਜੜਿਆ ਹੋਇਆ ਸੀ ਇਹ ਪ੍ਰਸ਼ਨ ਕਿ ਮਾਇਆ ਦੇ ਪਹਿਰੇ ਵਿਚ ਸ਼ਾਂਤ ਚਿੱਤ ਕਿਵੇਂ ਰਿਹਾ ਜਾ ਸਕਦਾ ਹੈ? ਦੁਨੀਆਂ ਦੇ ਸਮੁੰਦਰ ਨੂੰ ਕਿਵੇਂ ਤਰਿਆ ਜਾ ਸਕਦਾ ਹੈ? ਕਿਸੇ ਵੀ ਪ੍ਰਸ਼ਨ ਦਾ ਉਤਰ ਦੇਣ ਤੋਂ ਪਹਿਲਾਂ ਬਾਬਾ ਨਾਨਕ ਹਲੀਮੇ ਸੁਰ ਵਿਚ ਕਹਿੰਦੇ ਹਨ ਕਿ ਸਵਾਲਾਂ ਦੇ ਮਰਜੀ ਮੁਤਾਬਿਕ ਜਵਾਬ ਨਹੀਂ ਦਿੱਤੇ ਜਾ ਸਕਦੇ ਅਤੇ ਨਾ ਹੀ ਪ੍ਰਸ਼ਨਾਂ ਦੇ ਉਤਰ ਉਕਾਈਆਂ ਦੇ ਆਸਰੇ ਨਾਲ ਦਿੱਤੇ ਜਾ ਸਕਦੇ ਹਨ। ਸੱਚ ਇਹੀ ਹੈ ਕਿ ਗੁਰੂ ਦੇ ਸ਼ਬਦ (ਬਾਣੀ) ਵਿਚ ਸੁਰਤ ਨੂੰ ਟਿਕਾ ਕੇ ਅਤੇ ਸੰਸਾਰ ਵਿਚ ਰਹਿੰਦਿਆਂ ਨਿਰਲੇ ਪਤਾ ਹਾਸਲ ਕਰਕੇ, ਭਵ-ਸਾਗਰ ਨੂੰ ਤਰਿਆ ਜਾ ਸਕਦਾ ਹੈ:

**ਸੁਰਤਿ ਸਬਦਿ ਭਵਸਾਗਰੁ ਤਰੀਐ, ਨਾਨਕ ਨਾਮੁ ਵਖਾਣੇ॥**
**ਰਹਹਿ ਇਕਾਂਤਿ, ਏਕੋ ਮਨਿ ਵਸਿਆ, ਆਸਾ ਮਾਹਿ ਨਿਰਾਸੋ॥** 938

ਇਹ ਵੀ ਚਾਰਵਟਾਂਦਰਾ 'ਹਾਟੀਬਾਟੀ' ਅਤੇ ਨਿੱਤ ਦੇ ਜੀਵਨ ਦੇਹ ਵਾਲੇ ਨਾਲ ਹੁੰਦਾ ਰਿਹਾ ਸੀ ਅਤੇ ਇਸ ਵਿਚ ਹਰ ਰੰਗ ਅਤੇ ਰੁਤਬੇ ਦੇ ਜੋਗੀ ਹਿੱਸਾ ਲੈਂਦੇ ਰਹੇ ਸਨ। ਸਮਾਜਿਕ ਵਰਤਾਰਿਆਂ ਵੱਲ ਪਿੱਠ ਕਰਕੇ ਮਿਲਦੀ ਸ਼ਾਂਤੀ ਦੀ ਗੱਲ ਵੀ ਚੱਲਦੀ ਰਹੀ ਸੀ ਅਤੇ ਪ੍ਰਾਪਤ ਨਾਲ ਚੱਲਦਿਆਂ ਸਹਿਜ ਸਥਾਪਨ ਦੀ ਨਾਨਕ-ਪਹੁੰਚ ਬਾਰੇ ਵੀ ਚਰਚਾ ਹੁੰਦੀ ਰਹੀ ਸੀ। ਇਕ ਦੂਜੇ ਨੂੰ ਸੁਨਣ ਅਤੇ ਸਮਝਣ ਦੀ ਕੋਸ਼ਿਸ਼ ਵਿਚੋਂ ਨਿਕਲੇ ਹੋਏ ਨਤੀਜਿਆਂ ਨੂੰ 'ਸਿਧ ਗੋਸਟਿ' ਵਿਚ ਸੰਭਾਲਿਆ ਹੋਇਆ ਹੈ। ਬਾਬਾ ਨਾਨਕ ਨੂੰ ਸਪਸ਼ਟ ਸੀ ਕਿਛੇ ਭੇਖਾਂ ਵਿਚੋਂ ਜੋਗੀ ਇਕ ਪੰਥ ਹੈ, ਉਸ ਦੇ ਬਾਰਾਂ ਫਿਰਕੇ ਹਨ, ਉਨ੍ਹਾਂ ਵਿਚੋਂ ਇਕ 'ਆਈ ਪੰਥ' ਹੈ। ਜੋਗ ਦੀ ਪ੍ਰਾਪਤ ਜੁਗਤਿ ਅਤੇ ਪ੍ਰਸੰਗਕਤਾ ਨੂੰ ਸਮਝੇ ਜਾਣ ਦੀ ਲੋੜ ਹੈ। ਜਿਸ ਤਰ੍ਹਾਂ ਬਾਬਾ ਨਾਨਕ ਨੇ ਪਾਂਧੇ ਤੋਂ ਜਨੇਊ ਬਾਰੇ ਪੁੱਛਿਆ ਸੀ, ਓਸੇ ਸੁਰ ਵਿਚ ਬਾਬਾਜੀ ਜੋਗੀਆਂ ਤੋਂ ਪੁੱਛਦੇ ਵੀ ਹਨ ਅਤੇ ਦੱਸਦੇ ਵੀ ਹਨ ਕਿਮਨ ਵਿਚ ਗੁਰੂ ਦੇ ਸ਼ਬਦ ਨੂੰ ਵਸਾ ਲੈਣ ਨਾਲ ਉਹ ਨਤੀਜੇ ਪ੍ਰਾਪਤ ਹੋ ਸਕਦੇ ਹਨ, ਜਿਹੜੇ ਧਾਰਮਿਕ ਪਛਾਣ ਹਾਸਲ ਕਰ ਲੈਣ ਨਾਲ ਵੀ ਹਾਸਲ ਨਹੀਂ ਹੁੰਦੇ। ਧਰਮ ਨੂੰ ਧਾਰਨ ਕਰਣ ਦੀ ਕਸਵਟੀ ਇਸ ਪ੍ਰਸ਼ਨ ਦੇ ਉੱਤਰ ਨਾਲ ਜੁੜੀ ਹੋਈ ਹੈ ਕਿਹ ਉਮੈ, ਮੋਹ ਅਤੇ ਵਿਕਾਰ ਨਾਲ ਨਿਭਣ ਦੀ ਜਾਚ ਧਰਮ ਦੇ ਜਗਿਆ ਸੂਨੂੰ ਆ ਗਈ ਹੈ ਕਿ ਨਹੀਂ? ਜਿਨ੍ਹਾਂ ਨੂੰ ਇਹ ਜਾਚ ਆ ਜਾਂਦੀ ਹੈ, ਉਨ੍ਹਾਂ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਸਤਿਗੁਰੂ ਦਾ ਸੱਚਾ ਸ਼ਬਦ (ਬਾਣੀ) ਉਸ ਸੋਝੀ ਨਾਲ ਜੋੜ ਦਿੰਦਾ ਹੈ, ਜਿਸ ਨਾਲ ਕਿਸੇ ਵੀ ਕਿਸਮ ਦੀ ਥਿੜਕਣ ਤੋਂ ਬਚਿਆ ਜਾ ਸਕਦਾ ਹੈ:

**ਸਾਚਾ ਸਾਹਿਬ ਸਾਚੀ ਨਾਈ, ਪਰਖੈ ਗੁਰ ਕੀ ਬਾਤ ਖਰੀ॥**939

ਜਿਵੇਂ ਜਨੇਊ ਦੀ ਧਾਰਮਿਕਤਾ ਬਾਰੇ ਬਾਬਾ ਨਾਨਕ ਨੇ ਅਧਿਆਤਮਿਕ ਪ੍ਰਸੰਗ ਸਥਾਪਤ ਕੀਤਾ ਸੀ, ਉਸੇ ਸੁਰ ਵਿਚ ਜੋਗੀਆਂ ਦੀ ਰਹਿਤ ਦੀ ਅਧਿਆਤਮਿਕ ਸੁਰ ਇਸ ਤਰ੍ਹਾਂ ਸਥਾਪਤ ਕੀਤੀ ਹੋਈ ਪ੍ਰਾਪਤ ਹੈ:

**ਊਂਧਉ ਖਪਰੁ, ਪੰਚ ਭੂ ਟੋਪੀ॥ ਕਾਇਆ ਕੜਾਸਣੁ ਮਨੁਜਾ ਗੋਟੀ॥**
**ਸਤੁ ਸੰਤੋਖੁ ਸੰਜਮੁ ਹੈ ਨਾਲਿ॥ ਨਾਨਕ ਗੁਰਮੁਖਿ ਨਾਮੁ ਸਮਾਲਿ॥** 939

ਧਰਮ ਪ੍ਰਤੀ ਗੁਰੂ ਨਾਨਕ ਦੇਵ ਜੀ ਵਲੋਂ ਵਰਤੀ ਗਈ ਇਸ ਖੁਲ੍ਹੀ ਪਹੁੰਚਨੇ ਧਰਮ ਨੂੰ ਕੱਟੜਤਾ ਨਾਲ ਸਰਚਣ ਤੋਂ ਵਰਜ ਕੇ ਜੋ ਸਿਧਾਂਤਕਤਾ ਸਥਾਪਤ ਕੀਤੀ ਸੀ, ਉਸ ਨਾਲ ਧਰਮ, ਮੰਜ਼ਲ ਨਹੀਂ ਮਾਧਿਅਮ ਵਜੋਂ ਸਾਹਮਣੇ ਆ ਗਿਆ ਸੀ ਤੇ ਹੈ। ਇਸ ਆਧਾਰ ਤੇ ਜੋਗੀਆਂ ਨਾਲ ਰਚਾਏ ਗਏ ਸੰਬਾਦ ਵਿਚ ਸਰਗੁਣ ਅਤੇ ਨਿਰਗੁਣ ਦੇ ਹਵਾਲੇ ਨਾਲ ਸਵਾਲ ਪੈਦਾ ਹੋਏ ਸਨ। ਇਨ੍ਹਾਂ ਸਵਾਲਾਂ ਦੇ ਜਵਾਬ ਬੰਧਨ ਮੁਕਤ ਮਾਨਸਿਕਤਾ ਵਾਸਤੇ ਵਰਤੀ ਗਈ ਸ਼ਬਦ-ਤਕਨਾਲੋਜੀ ਰਾਹੀਂ ਦਿੱਤੇ ਗਏ ਸਨ। ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਸਮੱਸਿਆ ਨੂੰ ਦੇ ਹੀ ਸਰੋਕਾਰਾਂ ਤੋਂ ਪਾਰ ਜਾਕੇ ਅਬਿਨਸਨਹਾਰ ਅਗਵਾਈ ਨਾਲ ਜੋੜ ਕੇ ਸਾਹਮਣੇ ਲਿਆਂਦਾ ਸੀ ਅਤੇ ਸ਼ਬਦ-ਗੁਰੂ ਦੀ ਸਿਧਾਂਤਕਤਾ ਨੂੰ ਅਬਿਨਸਨਹਾਰ ਅਗਵਾਈ ਵਿਚ ਪੈਦਾ ਹੋਣ ਵਾਲੀ ਅਧਿਆਤਮਿਕਤਾ ਵਜੋਂ ਸਥਾਪਤ ਕੀਤਾ ਸੀ। ਪ੍ਰਾਪਤ ਪਰੰਪਰਕ ਪਹੁੰਚ, ਇਸ ਨਵੀਨਤਾ ਨਾਲ ਤੁਰਤ ਨਿਭਣ ਵਾਸਤੇ ਤਿਆਰ ਨਹੀਂ ਸੀ ਕਿਉਂਕਿ ਇਹ ਨੈਣ ਮੁੰਦੀ ਸਮਾਧੀ ਤੋਂ ਨੈਣ ਖੁਲ੍ਹੀ ਸਮਾਧੀ ਵਲ ਵਧਣ ਦੀ ਸੂਖਮਨ ਵੀਨ ਤਾਸੀ। ਇਹ ਭੂਤ ਦੇ ਭੈਅ ਅਤੇ ਭਵਿਖ ਦੇ ਲਾਰੇ ਤੋਂ ਉਪਰ ਉਠਕੇ ਅਤੇ ਪ੍ਰਾਪਤ ਨੂੰ ਨਾਲ ਲੈਕੇ ਤੁਰ ਦਿਆਂ ਵਰਤਮਾਨ ਦੇ ਧਰਮ ਦੀ ਸਥਾਪਨਾ ਵੱਲ ਸੇਧਤ ਸੀ ਤੇ ਹੈ। ਇਹ ਪਰੰਪਰਕ ਨਿਵੇਕਲੇਪਨ (exclusiveness) ਦੀ ਥਾਂ ਤੇ ਸੰਗਤੀ ਸ਼ਮੂਲੀਅਤ (inclusiveness) ਨਾਲ ਜੁੜੀ ਹੋਈ ਨਵੀਨਤਾ ਸੀ। ਇਸਦਾ ਆਧਾਰ ਇਹ ਹੈ ਕਿ ਜੋ ਸ਼ਬਦ-ਗੁਰੂ ਦੀ ਅਬਿਨਸਨਹਾਰਤਾ ਨਾਲ ਜੁੜਿਆ ਹੋਇਆ ਹੈ, ਉਸਨੇ ਮਨ ਅਤੇ ਤਨ ਦੀ ਬਿਨ ਸਨਹਾਰਤਾ ਨੂੰ ਹੁਕਮੀ ਦੇ ਹੁਕਮ ਦੀ ਅਬਿਨਸਨਹਾਰਤਾ ਵਾਲੇ ਪਾਸੇ ਤੋਰ ਲਿਆ ਹੈ। ਏਸੇ ਵਿਚੋਂ ਪੈਦਾ ਹੋਣ ਵਾਲੀ ਸੋਝੀ ਵਾਸਤੇ ਚੋਣ ਇਹ ਹੈ ਕਿ ਖੁਆਰੀ ਪੈਦਾ ਕਰਣ ਵਾਲੇ ਸਰੋਕਾਰਾਂ ਨਾਲ ਜੂਝਣਾ ਹੈ ਕਿ ਇਨ੍ਹਾਂ ਤੋਂ ਭੱਜਣ ਦੀ ਇਕਾਂਤਕਤਾ ਨਾਲ ਜੁੜਣਾ ਹੈ। ਪਹਿਲੇ ਦਾ ਪ੍ਰਤੀਨਿਧ ਗੁਰੂ ਨਾਨਕ ਦੇਵ ਜੀ ਹਨ ਅਤੇ ਦੂਜੇ ਦੇ ਪ੍ਰਤੀਨਿਧ ਜੋਗੀ ਹੋ ਗਏ ਸਨ।

3.1 ਜੋਗੀਆਂ ਦੇ ਟਿਕਾਣੇ ਅਤੇ ਸੰਬਾਦ ਵਾਲੀ ਥਾਂ ਤੇ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਆਮ ਲੋਕਾਂ ਦੀਆਂ ਨਿਗਾਹਾਂ ਵਿਚ ਜੋਗੀਆਂ ਦੀ ਸਰਦਾਰੀ ਵੰਗਾਰੀ ਗਈ ਸੀ। ਕਿਸੇ ਵੀ ਹਾਲਤ ਵਿਚ ਜੋਗੀ ਆਸਥਾ ਦੀ ਇਸ ਜੰਗ ਵਿਚ ਹਾਰਨਾ ਨਹੀਂ ਚਾਹੁੰਦੇ ਸਨ। ਇਸ ਸਥਿਤੀ ਵਿਚ ਜੋਗੀਆਂ ਨੇ ਇਹ ਸਵਾਲ ਪੈਦਾ ਕਰ ਦਿੱਤਾ ਸੀ ਕਿ ਗ੍ਰਹਿਸਥੀ ਹੋਕੇ ਉਦਾਸੀਆਂ ਵਾਲਾ ਬਾਣਾ ਧਾਰਨ ਕਿਉਂ ਕੀਤਾ ਅਤੇ ਫਿਰ ਧਾਰਨ ਕੀਤਾ ਬਾਣਾ ਤਿਆਗ ਕੇ ਫਿਰ ਗ੍ਰਿਹਸਥੀ ਹੋਕੇ ਧਰਮ ਨਾਲ ਜੁੜਣ ਵਾਲਿਆਂ ਜਗਿਆਸੂਆਂ ਨੂੰ ਕੀ ਸੁਨੇਹਾ ਦੇਣਾ ਚਾਹੁੰਦੇ ਹੋ?

**ਕਿਸੁ ਕਾਰਣਿ, ਗ੍ਰਿਹੁ ਤਜਿਓ ਉਦਾਸੀ॥ ਕਿਸੁ ਕਾਰਣਿ, ਇਹੁ ਭੇਖੁ ਨਿਵਾਸੀ॥**
**ਕਿਸੁ ਵਖਰ ਕੇ ਤੁਮ ਵਣਜਾਰੇ॥ ਕਿਉ ਕਰਿ ਸਾਥੁ ਲੰਘਾਵਹੁ ਪਾਰੇ॥939**

ਜਵਾਬਾਂ ਵਿਚੋਂ ਸਵਾਲ ਪੈਦਾ ਹੁੰਦੇ ਗਏ ਸਨ ਅਤੇ ਜੋਗੀਆਂ ਨੂੰ ਯਕੀਨ ਸੀ ਕਿ ਗੁਰੂ ਨਾਨਕ ਦੇਵ ਮੋਮ ਦੇ ਦੰਦਾਂ ਨਾਲ ਲੋਹਾ ਚੱਬਣ ਦੀ ਕੋਸ਼ਿਸ਼ ਕਰ ਰਹੇ ਹਨ। ਪਰੰਪਰਾ ਅਤੇ ਨਵੀਨਤਾ ਨੂੰ ਸਾਂਝੀ ਸਮਝ ਵੱਲ ਵਧਾਉਂਦਿਆਂ ਗੁਰੂ ਨਾਨਕ ਦੇਵ ਜੀ ਸ਼ਬ-ਗੁਰੂਦੁਆਰਾ ਠਲ੍ਹੇ ਹੋਏ ਉਲਾਰ ਨੂੰ ਬਖਸ਼ਿਸ਼ ਦੀ ਗੁਰਮਤਿ ਦੱਸਦੇ ਹੋਏ ਸਿੱਖ ਬਿਰਤਾਂਤ ਉਸਾਰ ਰਹੇ ਸਨ। ਜੋਗੀਆਂ ਵੱਲੋਂ ਅਧਿਆਤਮ ਦੀਆਂ ਸੂਖਮ ਪਰਤਾਂ ਨਾਲ ਜੁੜੇ ਪ੍ਰਸ਼ਨਾਂ ਨੂੰ ਅਚੁੱਕ ਹਥਿਆਰ ਵਾਂਗ ਵਰਤਣ ਦੀ ਕੋਸ਼ਿਸ਼ ਵਿਚ ਪ੍ਰਸ਼ਨ ਕੀਤਾ ਗਿਆ ਸੀ ਕਿ ਜੀਵ ਕਿਥੋਂ

ਆਉਂਦਾ ਹੈ, ਕਿਥੇ ਜਾਂਦਾ ਹੈ ਅਤੇ ਕਿਥੇ ਟਿਕਿਆ ਰਹਿੰਦਾ ਹੈ? ਗੁਰੂ ਜੀ ਵੱਲੋਂ ਹੁਕਮੀ ਅਤੇ ਹੁਕਮ ਦੇ ਹਵਾਲੇ ਨਾਲ ਦੱਸਿਆ ਜਾ ਰਿਹਾ ਸੀ ਕਿ ਸਾਰਾ ਕੁਝ ਦਿੱਭ ਨਿਯਮਾਂ ਮੁਤਾਬਿਕ ਹੋਈ ਜਾ ਰਿਹਾ ਹੈ ਅਤੇ ਇਸਦੀ ਸਮਝ ਗੁਰੂ ਦੇ ਸ਼ਬਦ ਰਾਹੀਂ ਆ ਸਕਦੀ ਹੈ:

**ਹੁਕਮੈ ਆਵੈ, ਹੁਕਮੈ ਜਾਵੈ, ਹੁਕਮੈ ਰਹੈ ਸਮਾਈ॥**
**ਸਾਚੁ ਕਮਾਵੈ, ਗਤਿ ਮਿਤਿ ਸਬਦੇ ਪਾਈ॥940**

23ਵੀਂ ਪਉੜੀ ਤੱਕ ਚੱਲੀ ਸੰਬਾਦੀ ਸੁਰ ਵਿਚ ਗੁਰੂ ਜੀ ਦੀ ਚੂਲਕ ਧਰਾਤਲ ਸ਼ਬਦ-ਗੁਰੂ ਸੀ। ਇਸ ਤੋਂ ਅਗਲੀਆਂ ਪਉੜੀਆਂ ਵਿਚ ਸਿੱਖ-ਉਸਾਰਦੀ ਸਿਧਾਂਤ ਕੀ ਸਥਾਪਤ ਕੀਤੀ ਗਈ ਹੈ। ਇਸਦਾ ਆਧਾਰ ਧਰਮੀ ਹੋਕੇ ਧਰਮੀ ਅਖ ਵਾਉਣ ਦੀ ਸਕਰਮਕਤਾ ਨੂੰ ਮੰਨਿਆ ਹੋਇਆ ਹੈ। ਏਥੋਂ ਸਿੱਖ ਸੁਰ ਵਿਚ ਜੀਵਨ-ਮੁਕਤ ਹੋ ਸਕਣ ਦੇ ਮਾਰਗ ਵੱਲ ਇਸ਼ਾਰਾ ਹੋ ਜਾਂਦਾ ਹੈ। ਇਸ ਦਾ ਆਧਾਰ ਮਾਨਵ ਦਾ ਜਗਦੀਸ਼ੈ-ਅੰਸ਼ ਹੋਣਾ ਹੈ ਅਤੇ ਏਸੇ ਅਹਿਸਾਸ ਨਾਲ ਜੁੜੀਆਂ ਹੋਈਆਂ ਹਨ ਨਿੱਤ ਦੀਆਂ ਮਾਨਵੀ ਕਦਰਾਂ ਕੀਮਤਾਂ:

**ਨਾਨਕ ਤਾ ਕਉ ਮਿਲੈ ਵਡਾਈ, ਆਪੁ ਪਛਾਣੈ ਸਰਬ ਜੀਆ॥940**

ਇਨ੍ਹਾਂ ਸਾਰੇ ਇਸ਼ਾਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇਹ ਵਾਲੇ ਨਾਲ ਹੀ ਸਮਝਿਆ ਜਾ ਸਕਦਾ ਹੈ। ਇਸ ਕਰਕੇ 'ਸਿਧ ਗੋਸਟਿ' ਕੇਵਲ ਮਾਤਰ ਦੋ ਧਿਰਾਂ ਅਰਥਾਤ ਦੋ ਸਿਧਾਂਤ ਕੀਆਂ ਵਿਚਕਾਰ ਹੋਇਆ ਸੰਬਾਦ ਹੀ ਨਹੀਂ ਹੈ, ਸਗੋਂ ਕਿਸੇ ਵੀ ਸਮਕਾਲ ਵਿਚ ਪਰੰਪਰਾ ਅਤੇ ਨਵੀਨਤਾ ਅਰਥਾਤ ਛੱਡਣ ਯੋਗ ਅਤੇ ਧਾਰਨ ਯੋਗ ਵਿਚਕਾਰ ਸਹਿਜ ਸਥਾਪਨ ਕਰ ਸਕਣ ਦਾ ਗੁਰਮਤਿ ਮਾਡਲ ਵੀ ਹੋ ਗਿਆ ਹੈ। ਇਸਦਾ ਆਧਾਰ ਗੁਰਬਾਣੀ ਹੈ ਅਤੇ ਇਸ ਦਾ ਰੋਲ ਮਾਡਲ ਗੁਰਮੁਖ ਹੋ ਗਿਆ ਹੈ। ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਗੁਰਮੁਖ, ਬੰਦਿਆਂ ਵਰਗੇ ਬੰਦਿਆਂ ਵਿਚੋਂ ਸਿੱਖ ਸਰੋਕਾਰਾਂ ਦਾ ਪ੍ਰਤੀਨਿਧ ਬੰਦਾ ਹੈ।

3.2 "ਸਿਧ ਗੋਸਟਿ", ਪੂਰਬੀ ਧਰਮ-ਚਿੰਤਨ ਨਾਲ ਜੁੜੀਆਂ ਹੋਈਆਂ ਚੂਲਕ ਵਿਧੀਆਂ ਦੁਆਲੇ ਉਸਰਿਆ ਹੋਇਆ ਸੰਬਾਦ ਹੈ। ਇਸਤੋਂ ਪਹਿਲਾਂ ਧਾਰਮਿਕ ਪਹੁੰਚ ਵਿਧੀਆਂ ਵਿਚਕਾਰ ਸ਼ਾਸ਼ਤ੍ਰਾਰਥ ਦੁਆਰਾ ਵੱਖ ਵੱਖ ਰੰਗਾਂ ਵਾਲਾ ਧਰਮ ਸਥਾਪਤ ਹੁੰਦਾ ਰਹਿੰਦਾ ਸੀ। ਏਸੇ ਕਰਕੇ "ਸਿੱਧ ਗੋਸਟਿ" ਬਾਣੀ, ਦੋ ਸਿਧਾਂਤ ਕੀਆਂ ਵਿਚਕਾਰ ਜੋਗੀਆਂ ਲਈ ਸ਼ਾਸ਼ਤ੍ਰਾਰਥ ਸੀ ਅਤੇ ਗੁਰੂ ਨਾਨਕ ਦੇਵ ਜੀ ਲਈ ਧਰਮ ਦੇ ਪ੍ਰਾਪਤ ਰੰਗਾਂ ਵਿਚਕਾਰ ਸੰਬਾਦ ਸੀ। ਏਸੇ ਨੂੰ ਅਵਤਾਵਾਦੀ ਪਹੁੰਚ ਅਤੇ ਗੁਰਮਤੀ ਪਹੁੰਚ ਵਜੋਂ ਵੀ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਜਿਸ ਤਰ੍ਹਾਂ ਭਾਰਤੀ ਪ੍ਰਸੰਗ ਵਿਚ ਅਵਤਾਰਵਾਦ ਦਰ ਅਵਤਾਰਵਾਦ ਦੀ ਸਿਧਾਂਤ ਕੀ ਗੁਰੂ ਨਾਨਕ ਦੇਵ ਜੀ ਦੇ ਧਿਆਨ ਵਿਚ ਸੀ, ਉਸ ਤਰ੍ਹਾਂ ਗੁਰਮਤੀ ਪਹੁੰਚ ਦੀ ਸਿਧਾਂਤ ਕੀ ਜੋਗੀਆਂ ਦੇ ਧਿਆਨ ਵਿਚ ਨਹੀਂ ਸੀ। ਜੋਗੀਆਂ ਨੂੰ ਏਨਾਂ ਪਤਾ ਤਾਂ ਸੀ ਕਿ ਬਾਬਾ ਨਾਨਕ ਨੇ ਆਮ ਜਗਿਆਸੂ ਨੂੰ ਧਰਮ ਦੀ ਸਨਾਤਨੀ ਨਿਰੰਤਰਤਾ ਵਿਚੋਂ ਕੱਢਣ ਵਾਸਤੇ ਮੁਹਿੰਮ ਆਰੰਭ ਕੀਤੀ ਹੋਈ ਹੈ ਅਤੇ ਏਸੇ ਨੂੰ ਸਿੱਖ-ਧਰਮ ਦੇ ਨਾਮ ਨਾਲ ਸਥਾਪਤ ਕੀਤਾ ਜਾ ਰਿਹਾ ਹੈ। ਇਸ ਨਾਲ ਇਹ ਸਥਾਪਤ ਕੀਤੇ ਜਾਣ ਦੀ ਸੋਅ ਵੀ ਜੋਗੀਆਂ ਤੱਕ ਪਹੁੰਚੀ ਹੋਈ ਸੀ ਕਿ ਅਧਿਆਤਮਿਕਤਾ ਵਿਚ ਦੇਹੀ-ਦਿੱਭਤਾ ਦੇਹ ਵਾਲੇ ਨਾਲ ਅਤੇ ਅਨੁਭਵੀ ਓਹਲਿਆਂ ਦੀ ਆੜ ਵਿਚ ਪੁਜਾਰੀਆਂ ਅਤੇ ਪੂਜਕਾਂ ਦੀਆਂ ਪੱਕੀਆਂ ਸ਼੍ਰੇਣੀਆਂ ਪੈਦਾ

ਹੋ ਗਈਆਂ ਹਨ। ਸਮਾਜਿਕ ਪ੍ਰਸੰਗ ਵਿਚ ਦੋਹਾਂ (ਪੁਜਾਰੀ ਤੇ ਪੂਜਕ) ਵਿਚਕਾਰ ਪਾੜਾ ਇਸ ਹੱਦ ਤੱਕ ਵੱਧਦਾ ਗਿਆ ਸੀ ਕਿ ਇਸ ਨੂੰ ਸਮਾਜਿਕਤਾ ਵਿਚ ਢਾਲਣ ਵਾਸਤੇ ਚਾਰ ਵਰਣ ਅਤੇ ਚਾਰ ਆਸ਼ਰਮ ਵਰਗੀਆਂ ਸੰਸਥਾਵਾਂ ਬਨਾਉਣੀਆਂ ਪੈ ਗਈਆਂ ਸਨ। ਜਿਵੇਂ ਜਿਵੇਂ ਸ਼ਰਧਾ-ਵਿਧੀਆਂ ਦਾ ਬੋਲਬਾਲਾ ਹੁੰਦਾ ਗਿਆ ਸੀ, ਤਿਵੇਂ ਤਿਵੇਂ ਮਰਯਾਦਾ-ਵਿਧੀਆਂ, ਧਰਮ ਦਾ ਬਦਲ ਬਣਦੀਆਂ ਗਈਆਂ ਸਨ। ਇਸ ਨਾਲ ਅਵਤਾਰਵਾਦੀ-ਸੰਸਥਾਵਾਂ ਸ਼ਰਧਾਲੂ ਪੈਦਾ ਕਰਣ ਦੀ ਹੋੜ ਵਿਚ ਲੋੜੀਂਦੀ ਧਾਰਮਿਕ-ਚੇਤਨਾ ਤੋਂ ਦੂਰ ਹੁੰਦੀਆਂ ਗਈਆਂ ਸਨ। ਨਤੀਜਾ ਇਹ ਹੋਇਆ ਸੀ ਕਿ ਅਵਤਾਰੀ-ਸਿੱਖਿਆ (ਸ਼ਬਦ) ਦੀ ਥਾਂ ਅਵਤਾਰ ਦਾ ਸਰੀਰ (ਮੂਰਤੀ) ਇਸ ਕਰਕੇ ਹਾਵੀ ਹੋ ਗਿਆ ਸੀ ਕਿਉਂਕਿ ਸਮਝਦੇ ਕੋਮਲ ਪਹਿਲੂਆਂ ਦੇ ਅਨੁਭਵੀ ਉਸਾਰ ਨਾਲੋਂ ਆਸਥਾ ਦੇ ਰੰਗ ਵਿਚ ਰਹਿਤ ਸਰੋਕਾਰ ਸੌਖੇ ਹੁੰਦੇ ਹਨ। ਮੂਰਤੀ ਪੂਜਾ ਦਾ ਇਹੋ ਆਧਾਰ ਸੀ ਅਤੇ ਏਸੇ ਕਰਕੇ ਸ੍ਰੀ ਕ੍ਰਿਸ਼ਨ ਦੀ ਗੀਤਾ ਨਾਲੋਂ ਸ੍ਰੀ ਕ੍ਰਿਸ਼ਨ ਦੀ ਮੂਰਤੀ ਵੱਧ ਪਰਵਾਨ ਹੋ ਗਈ ਸੀ। ਧਰਮ ਦੇ ਏਸ ਪੱਖ ਨੇ ਧਰਮ ਵਿਚ ਅਗਿਆਨਤਾ ਨੂੰ ਸ਼ਰਧਾ ਨਾਲ ਢਕਣ ਦੀ ਸੌਖ ਸਾਹਮਣੇ ਲੈ ਆਂਦੀ ਸੀ। ਇਸ ਨੂੰ ਆਮ ਸ਼ਰਧਾਵਾਨ ਦੀ ਮਾਨਸਿਕਤਾ ਵਿਚਰਾ ਜਾ ਅਰਥਾਤ ਸਿਆਸੀ ਮੁੱਖਧਾਰਾ ਅਤੇ ਪੁਜਾਰੀ ਸ਼੍ਰੇਣੀ ਅਰਥਾਤ ਧਾਰਮਿਕ ਮੁੱਖਧਾਰਾ ਵਜੋਂ ਉਤਾਰਿਆ ਗਿਆ ਸੀ। ਏਸੇ ਵਿਚੋਂ ਸਿਆਸਤ ਅਤੇ ਧਰਮ ਦਾਅ ਪਵਿੱਤਰ ਗਠਜੋੜ ਪੈਦਾ ਹੋ ਗਿਆ ਸੀ ਅਤੇ ਆਮ ਵਿਸ਼ਵਾਸ਼ੀ ਬੰਦੇ ਦੇ ਬਹੁ ਪਰਤੀ ਸ਼ੋਸ਼ਣ ਦਾ ਰਾਹ ਪੱਧਰਾ ਹੁੰਦਾ ਗਿਆ ਸੀ। ਇਸ ਸਥਿਤੀ ਵਿਚੋਂ ਆਮ ਜਗਿਆਸੂ ਨੂੰ ਕੱਢਣ ਦੀ ਜੋ ਮੁਹਿੰਮ ਗੁਰੂ ਨਾਨਕ ਦੇਵ ਜੀ ਨੇ ਚਲਾਈ ਸੀ, ਉਸਨੂੰ ਕਿਸੇ ਵੀ ਸਮਕਾਲ ਵਾਸਤੇ ਧਰਮ ਦੇ ਮੁਕਤੀ-ਮਾਰਗ ਹੋ ਸਕਣ ਵਜੋਂ ਸਮਝੇ ਜਾਣ ਦੀ ਲੋੜ ਹੈ। ਇਸ ਰਾਹ ਤੇ ਤੁਰਨ ਲਈ "ਅਗਿਆਨ ਅੰਧੇਰ ਵਿਨਾਸ਼" ਤੋਂ ਧਾਰਮਿਕ ਸਫਰ ਸ਼ੁਰੂ ਕੀਤਾ ਗਿਆਸੀ। ਵਿਧੀ, ਹਰੇਕ ਵਾਸਤੇ "ਸਾਚੇ ਸਬਦਿ ਸਮਾਇ" ਸੀ ਤੇ ਹੈ। ਕਲਪਿਤ ਮੁਕਤੀ ਦਾ ਬਦਲ ਜੀਵਨ-ਮੁਕਤੀ ਦੀ ਯਥਾਰਥਕਤਾ ਵਜੋਂ ਸਾਹਮਣੇ ਲਿਆਂਦਾ ਗਿਆ ਸੀ (ਆਵਾਗਉਣੁ ਮਿਟੈ ਗੁਰ ਸਬਦੀ..940)। ਇਹ ਮਾਰਗ, ਸ਼ਰਣ ਅਤੇ ਬਖਸ਼ਿਸ਼ ਦਾ ਸਿੱਖ-ਮਾਰਗ ਹੈ। ਰੰਗ ਰੱਤਿਆਂ ਦੀ ਇਹੋ ਜਿਹੀ ਮਾਨਸਿਕਤਾ ਨੂੰ "ਸਾ ਚਿਰ ਤੇ ਸੁਖੁ ਜਾਣਿ" ਦੱਸਿਆ ਹੋਇਆ ਹੈ। ਇਹੋ ਜਿਹੀ ਮਾਨਸਿਕਤਾ ਵਿਚ ਬਿਬੇਕੀ ਪਹੁੰਚ ਪੈਦਾ ਹੋ ਸਕਣ ਦਾ ਰਾਹ ਖੁਲ੍ਹ ਸਕਦਾ ਹੈ। ਇਸਦੀ ਨਿਸ਼ਾਨੀ ਇਹ ਹੈ ਕਿ ਸਾਰੇ ਜੀਵਾਂ ਵਿਚ ਆਪਣਾਪਨ ਨਜ਼ਰ ਆਉਣ ਲੱਗ ਸਕਦਾ ਹੈ। ਇਸ ਅਵਸਥਾ ਦਾ ਪ੍ਰਤੀਨਿਧ ਉਹੀ ਹੋ ਸਕਦਾ ਹੈ, ਜਿਹੜਾ ਸ਼ਬਦ-ਗੁਰੁਦੁਆਰਾ ਅਮੋੜ ਮਨ ਨਾਲ ਜੁੜੇ ਹੋਏ ਸਰੋਕਾਰਾਂ ਨਾਲ ਨਿਭਣਾ ਸਿੱਖ ਲੈਂਦਾ ਹੈ। ਸਿੱਖ ਲੈਣ ਵਾਲਾ ਹੀ ਸਿੱਖ ਹੈ। ਸਿੱਖਣਾ ਇਹ ਹੈ ਕਿ ਵਿਕਾਰ, ਮਨਦੀਆਂ ਅਲਾਮਤਾਂ ਹਨ। ਇਨ੍ਹਾਂ ਨਾਲ ਨਿਭ ਸਕਣ ਦਾ ਰੋਲਮਾਡਲ ਗੁਰਮੁਖ ਹੈ (ਵਿਸਥਾਰ ਲਈ ਵੇਖੋ 27-31 ਪੌੜੀਆਂ)। ਜਗਿਆਸੂ ਨੂੰ ਇਸ ਸਵੈ-ਵਿਸ਼ਵਾਸ਼ ਨਾਲ ਜੋੜਿਆ ਗਿਆ ਸੀ ਕਿ ਸ਼ਬਦ-ਗੁਰੂ ਦੇ ਰਾਹ ਤੇ ਤੁਰਨ ਵਾਲਾ ਆਮ ਬੰਦਾ, ਗੁਰਮੁਖ ਹੋ ਸਕਦਾ ਹੈ। ਇਹ ਪ੍ਰਾਪਤੀ, ਸਾਧਨਾ ਅਰਥਾਤ ਨਾਮ ਸਿਮਰਨ ਦੁਆਰਾ ਪਰਾਪਤ ਕੀਤੀ ਜਾ ਸਕਦੀ ਹੈ ਅਤੇ ਇਹੀ ਬਖਸ਼ਿਸ਼ ਵਾਂਗ ਆਮ ਬੰਦੇ ਦੀ ਮਾਨਸਿਕਤਾ ਵਿਚ ਉਤਰ ਸਕਦੀ ਹੈ। ਕਿਸੇ ਵੀ ਹਾਲਤ ਵਿਚ ਇਹ ਸ਼ਬਦ-ਗੁਰੂ ਦੇ ਰੰਗ ਵਿਚ ਰੰਗੇ ਜਾਣਾ ਹੈ। ਇਸ ਰਾਹ ਤੇ ਤੁਰਨ ਵਾਲਾ ਜਗਿਆਸੂ ਇਸ ਬਿਬੇਕ ਦਾ ਧਾਰਨੀ ਹੋ ਸਕਦਾ ਹੈ ਕਿ ਪ੍ਰਾਪਤ ਵਿਚੋਂ ਛੱਡਣਾ ਕੀ ਹੈ ਅਤੇ ਲੈਣਾ ਕੀ ਹੈ। ਇਹੀ ਜੋਗੀਆਂ ਦੀ ਅਸ਼ਟ-ਸਿੱਧੀ* ਦੇ ਬਦਲ ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਨਾਮ ਦੇ ਰੰਗ ਵਿਚ ਰੱਤਿਆਂ ਨੂੰ ਜੋ ਟਿਕਾਉ ਮਿਲ ਸਕਦਾ ਹੈ, ਉਹ ਇਨ੍ਹਾਂ ਸਿਧੀਆਂ ਨਾਲ ਜੁੜੇ ਹੋਏ ਆਮ ਬੰਦੇ ਵਾਸਤੇ ਉਸ ਤਰ੍ਹਾਂ ਸੰਭਵ ਨਹੀਂ ਹੈ, ਜਿਸ ਤਰ੍ਹਾਂ

ਨਾਮ ਰਸ ਦੇ ਨਤੀ ਜੇ ਸਾਰਿਆਂ ਲਈ ਸੰਭਵ ਹੋ ਸਕਦੇ ਹਨ। ਇਹੀ ਇਸ ਤਰ੍ਹਾਂ ਵਿਆਖਿਅਤ ਹੋ ਗਿਆ ਹੈ:

**ਨਾਮੇ ਰਾਤੇ ਹਉਮੈ ਜਾਇ॥ ਨਾਮਿ ਰਤੇ ਸਚਿ ਰਹੇ ਸਮਾਇ॥**
**ਨਾਮਿ ਰਤੇ ਜੋਗ ਜੁਗਤਿ ਬੀਚਾਰੁ॥ ਨਾਮਿ ਰਤੇ ਪਾਵਹਿ ਮੋਖ ਦੁਆਰੁ॥**
**ਨਾਮਿ ਰਤੇਤ੍ਰਿਭਵਣ ਸੋਝੀ ਹੋਇ॥ ਨਾਨਕ ਨਾਮਿ ਰਤੇ ਸਦਾ ਸੁਖੁਹੋਇ॥**941

4.1 ਨਾਨਕ-ਚਿੰਤਨ ਦੁਆਰਾ ਵਿਧੀ ਅਤੇ ਚਿੰਤਨ ਦਾ ਸਹਿਜ ਸਥਾਪਨ ਸ਼ਬਦ-ਗੁਰੂ ਰਾਹੀਂ ਸਾਹਮਣੇ ਲਿਆਂਦਾ ਜਾ ਰਿਹਾ ਸੀ। ਇਹ ਅਧਿਆਤਮ ਅਤੇ ਧਰਮ ਵਿਚਕਾਰ ਸਹਿਜ ਸਥਾਪਤ ਕਰਣ ਲਈ ਧਰਮ ਤੋਂ ਅੱਗੇ ਤੁਰਨ ਨਾਲ ਵੀ ਜੁੜਿਆ ਹੋਇਆ ਸੀ। ਧਰਮ, ਬਾਬਾ ਨਾਨਕ ਵਾਸਤੇ ਮਾਧਿਅਮ ਸੀ ਅਤੇ ਮਾਧਿਅਮ ਨੂੰ ਮੰਜ਼ਲ ਸਮਝ ਲੈਣ ਨਾਲ ਅਧਿਆਤਮ ਦੇ ਗੁਆਚ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਸਨ। ਇਸ ਨਾਲ ਧਰਮ ਅਤੇ ਅਧਿਆਤਮ, ਸਮਾਨਾਂਤਰਤਾ ਵਿਚ ਆ ਸਕਦੇ ਸਨ ਅਤੇ ਆ ਵੀ ਰਹੇ ਸਨ। ਏਸੇ ਨਾਲ ਜੁੜਿਆ ਹੋਇਆ ਹੈ, 'ਸਿਧ ਗੋਸਟਿ' ਬਾਣੀ ਦੁਆਰਾ ਕੀਤਾ ਜਾ ਰਿਹਾ ਸੰਬਾਦ। ਧਰਮ ਦੀਆਂ ਧਾਰਮਿਕ ਦਾ ਹਵੇਦਾਰੀਆਂ ਵਿਚ ਦੂਜੇ ਦੇ ਦੂਜੇਪਨ ਦੇ ਗੁਆਚ ਜਾਣਦੀਆਂ ਸੰਭਾਵਨਾਵਾਂ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ। ਏਸੇ ਕਰਕੇ ਪ੍ਰਾਪਤ ਧਰਮ-ਚਿੰਤਨ ਦੇ ਪ੍ਰਸੰਗ ਵਿਚ ਧਰਮ, ਸੋਝੀ-ਵਿਧਾ ਹੋਣ ਦੀ ਥਾਂ ਗਰੰਟੀਸ਼ੁਦਾ ਵਿਧੀ ਹੋ ਗਈ ਸੀ। ਇਸ ਨਾਲ ਧਰਮ ਦੁਆਰਾ ਅਧਿਆਤਮ ਦਾ ਸਮਾਜਿਕ ਪ੍ਰਗਟਾਵਾ ਰੁਕ ਗਿਆਸੀ ਅਤੇ ਏਸੇ ਨੂੰ ਲੈਕੇ ਚੇਤਨਾ ਲਹਿਰ ਦਾ ਆਗਾਜ਼ ਹੀ ਸਿੱਖ-ਧਰਮ ਹੋ ਗਿਆ ਸੀ। ਧਰਮ, ਇਹ ਕਰੋ ਤੇ ਇਹ ਨ ਕਰੋ ਅਤੇ ਇਹ ਲੈਣ ਵਾਸਤੇ ਇਹ ਕਰੋ ਦੇ ਭਰਮ ਦਾ ਸ਼ਿਕਾਰ ਹੋ ਕੇ ਜਗਿਆਸਾ ਨੂੰ ਪੂਜਕਤਾ ਵਿਚ ਬਦਲ ਰਿਹਾ ਸੀ। ਏਸੇ ਸਥਿਤੀ ਨਾਲ ਸਬੰਧਤ ਹੈ "ਭਵਜਲੁ ਸਬਦਿ ਲੰਘਾਵਣ ਹਾਰੁ"॥

4.2 ਜੋਗੀਆਂ ਵਿਚਕਾਰ ਤਪੱਸਵੀ ਇਕਾਂਤਕਤਾ ਦੁਆਰਾ ਪ੍ਰਾਪਤ ਹੋਣ ਵਾਲੀ ਵਿਅਕਤੀਗਤ ਉਤਮਤਾ ਨੂੰ ਵੰਗਾਰਨ ਦੀ ਪਹਿਲ ਗੁਰੂ ਨਾਨਕ ਦੇਵ ਜੀ ਨੇ ਇਹ ਕਹਿ ਕੇ ਕੀਤੀ ਸੀ ਕਿ ਸਮਾਜਿਕਤਾ ਨੂੰ ਤਿਆਗ ਕੇ ਤਾਂ ਸਮਾਜਿਕ ਮੁਕਤੀ ਦਾ ਏਜੰਡਾ ਨਹੀਂ ਅਪਨਇਆ ਜਾ ਸਕਦਾ। ਸਮਾਜਿਕ ਏਜੰਡੇ ਵਾਂਗ ਧਰਮ ਵੀ ਆਮ ਬੰਦੇ ਦਾ ਏਜੰਡਾ ਹੋਣਾ ਚਾਹੀਦਾ ਹੈ। ਗੁਰਮਤਿ ਦਾ ਸੱਚ, ਆਮ ਬੰਦੇ ਦੇ ਸੱਚ ਨਾਲ ਜੁੜਿਆ ਹੋਇਆ ਹੈ। ਇਹੀ ਸੁਰਤੀਆਂ ਤੇ ਬਿਰਤੀਆਂ ਦਾ ਸੱਚ ਹੈ। ਇਸ ਵਾਸਤੇ ਧਰਮ ਨੂੰ ਸੁਜੱਗਤਾ ਨਾਲ ਮਾਧਿਅਮ ਵਜੋਂ ਵਰਤਣ ਲਈ ਭਰਮ ਮੂਲਕ ਕਰਮਾਂ ਅਤੇ ਅਗਿਆਨ ਕਲਪਿਤ ਬੰਧਨਾ ਤੋਂ ਮੁਕਤ ਰੱਖ ਸਕਣਾ ਨਾਨਕ-ਚਿੰਤਨ ਦਾ ਮੂਲ ਸਰੋਕਾਰ ਹੈ। ਇਹ ਰਾਹ, ਸਿੱਖ-ਸਕਰਮਕਤਾ ਦਾ ਰਾਹ ਹੈ ਅਤੇ ਆਪੇ ਤੋਂ ਅੱਗੇ ਪਰਮ ਆਪੇ ਦੇ ਮੇਲ ਵੱਲ ਸੇਧਤ ਰਹਿੰਦਾ ਹੈ। ਇਹੀ ਆਪੇ ਦਾ ਪ੍ਰਬੰਧਨ ਹੈ। ਇਹੀ ਸ਼ਬਦ-ਗੁਰੂ ਦਾ ਚਿੰਤਨਾਤਮਿਕ ਪ੍ਰਸੰਗ ਹੈ। ਇਹੀ ਗੁਰਮੁਖਤਾਈ ਹੈ (ਬਿਨੁ ਸਬਦੈ ਨਾ ਹੀ ਪਤਿ ਸਾਖੈ॥944)।ਇਹੀ "ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ" ਹੈ। ਇਹ ਇਸ ਲਈ ਕਿਹਾ ਜਾ ਰਿਹਾ ਹੈ ਕਿਉਂਕਿ 'ਸਿਧ ਗੋਸਟਿ' ਦਾ ਕੇਂਦਰੀ ਸਰੋਕਾਰ ਸ਼ਬਦ-ਗੁਰੂ ਹੀ ਹੈ। ਇਸ ਦੀ ਨਿਰੰਤਰਤਾ ਵਿਚ ਹੀ "ਗੁਰੂ ਮਾਨਿਓ ਗ੍ਰੰਥ" ਨੂੰ ਸਮਝਿਆ ਜਾ ਸਕਦਾ ਹੈ- (ਸੁਸਬਦ ਕਾ ਕਹਾ ਵਾਸੁਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥944)। ਮਨ ਦੀਆਂ ਦੁਸ਼ਵਾਰੀਆਂ ਦਾ ਸਿਮਰਨ ਵਿਧੀ ਦੁਆਰਾ ਸਹਿਜ ਸਥਾਪਨ ਸ਼ਬਦ-ਗੁਰੂ ਦਾ ਸਮਾਜਿਕ

ਸਰੋਕਾਰ ਹੈ। ਮਨ ਦੀ ਮੱਤ ਅਰਥਾਤ ਹਉਮੈ, ਮਾਨਵੀ ਸਮੱਸਿਆਵਾਂ ਦਾ ਮੂਲ ਹੈ ਅਤੇ ਇਸ ਨਾਲ ਨਜਿੱਠਨ ਵਾਲੀਆਂ ਵਿਧੀਆਂ ਨੂੰ ਧਰਮ ਪਰਵਾਨ ਕੀਤਾ ਜਾਣਾ ਚਾਹੀਦਾ ਹੈ। ਧਰਮ ਦੇ ਬਿਨਸਣ ਹਾਰ ਪ੍ਰਸੰਗਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਸ਼ਬਦ-ਗੁਰੂ ਨੂੰ ਅਬਿਨਸਣ ਹਾਰ ਮਾਧਿਅਮ ਵਜੋਂ ਸਥਾਪਤ ਕੀਤਾ ਹੋਇਆ ਹੈ। ਏਸੇ ਪ੍ਰਸੰਗ ਵਿਚ ਸ਼ਬਦ-ਗੁਰੂ ਦੇ ਰੰਗ ਵਿਚ ਰੰਗੇ ਜਾਣ ਨੂੰ ਸਦਾ ਟਿਕਣ ਵਾਲਾ ਨਾਮ ਰਸ ਕਿਹਾ ਹੋਇਆ ਹੈ:

**ਬਿਨੁ ਸਬਦੈ ਰਸੁ ਨ ਆਵੈ ਅਉਧੂਹਿ ਉਮੈ ਪਿਆਸ ਨ ਜਾਈ॥**
**ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੈ ਰਹੇ ਅਘਾਈ॥**944

ਏਸੇ ਦੀ ਇਕ ਪਰਤ ਨਾਮ ਤਕਨਾਲੋਜੀ ਹੈ। ਨਾਮ, ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਪ੍ਰਗਟ ਹੋਗਿਆ ਹੈ:

**ਨਾਨਕ ਲਈ ਤਾਂ ਸਾਰੇ ਰੰਗ, ਨਾਮ ਦੇ ਹੀ ਅੰਗ ਹਨ।**
**ਨਾਮ ਵਿਚ ਹੀ ਮੇਰੀ ਸਾਰੀ, ਖੇਡ ਤੇ ਖੁਸ਼ੀ ਹੈ।**
**ਨਾਮ ਵਿਚ ਹੀ ਜੀਵਨ ਦੇ ਸਾਰੇ ਰੰਗ ਹਨ।**
**ਨਾਮ ਵਿਚ ਹੀ ਮੇਰੀਆਂ ਗਿਆਨ-ਇੰਦਰੀਆਂ (ਸੰਵੇਦਨਾਵਾਂ),**
**ਵੇਗਵਾਨ ਤੇ ਤੀਖਣ ਰੂਪ ਧਾਰਨ ਕਰ ਲੈਂਦੀਆਂ ਹਨ।**
**ਕਲਜੁਗ ਵਿਚ ਪ੍ਰਭੂ ਦਾ ਨਾਮ ਹੀ, ਦੁਖਾਂ-ਪੀੜਾਂ ਤੋਂ ਛੁਟਕਾਰਾ ਦੇਣ ਵਾਲਾ ਹੈ।**
**ਕੂੜ ਦੀ ਪਾਲ ਨੂੰ ਪਰੇ ਹਟਾਉਣ ਵਾਲਾ ਹੈ,**
**ਤੇ ਇਸ ਜੀਵਨ-ਯਾਤਰਾ ਨੂੰ ਸਫਲ ਕਰਣ ਵਾਲਾ ਹੈ।***[2]

**ਹਵਾਲਾ:**


1. ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਸੱਤਵੀਂ, ਪੰਨਾ 51- ਅੱਠ ਕਰਾਮਾਤੀ ਤਾਕਤਾਂ-ਅਣਮਾ (ਦੂਜੇ ਦਾ ਰੂਪ ਹੋ ਜਾਣਾ), ਮਹਿਮਾ (ਦੇਹ ਨੂੰ ਵਡਾ ਕਰ ਲੈਣਾ), ਲਘਿਮਾ (ਸਰੀਰ ਨੂੰ ਛੋਟਾ ਕਰ ਲੈਣਾ), ਗਰਿਮਾ (ਭਾਰੀ ਹੋ ਜਾਣਾ), ਪ੍ਰਾਪਤੀ (ਮਨ-ਇੱਛਤ ਭੋਗ ਹਾਸਲ ਕਰ ਲੈਣ ਦੀ ਸਮਰਥਾ), ਪ੍ਰਾਕਾਮਯ (ਹੋਰਨਾ ਦੇ ਦਿਲ ਦੀ ਜਾਣ ਲੈਣ ਦੀ ਤਾਕਤ), ਈਸ਼ਿਤਾ (ਆਪਣੀ ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ), ਵਸ਼ਿਤਾ (ਸਭ ਨੂੰ ਵਸ ਵਿਚ ਕਰ ਲੈਣਾ), ਸੁਧੀ (ਸ੍ਰੇਸ਼ਟ ਮੱਤ), ਅਪਸਰ (ਮੰਦਾ ਸਮਾਂ), ਸਰ (ਚੰਗਾ ਸਮਾਂ), ਪਰਵਿਰਤੀ (ਗ੍ਰਹਿਣ), ਨਰਵਿਰਤੀ (ਤਿਆਗ)।
2. ਗੁਰ ਸਿੱਖੀ ਦਾ ਸਿੱਖਣਾ, 2014, ਸੰਪਾਦਕ ਡਾ. ਅਬਿਨੀਸ਼ ਕੌਰ, ਪ੍ਰੋ. ਸ਼ਾਹਿਬ ਸਿੰਘ ਗੁਰਮਤਿ ਟਰੱਸਟ ਪਟਿਆਲਾ।



**ਬਲਕਾਰ ਸਿੰਘ**
balkarsingh@mail.com

# ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਅੰਤਰ-ਧਰਮ ਸੰਵਾਦ ਵਿਧੀ

**ਬਲਵੰਤ ਸਿੰਘ ਢਿੱਲੋਂ (ਡਾ.)**

ਗੁਰੂ ਨਾਨਕ ਦੇਵ ਜੀ ਨੇ ਆਪਣੇ ਦੈਵੀ ਮਿਸ਼ਨ ਦੀ ਪ੍ਰਾਪਤੀ ਲਈ ਭਾਰਤੀ ਉਪ-ਮਹਾਂਦੀਪ ਤੋਂ ਇਲਾਵਾ ਪੱਛਮੀ ਏਸ਼ੀਆਂ ਦੇ ਮੁਲਕਾਂ ਦਾ ਭ੍ਰਮਣ ਵੀ ਕੀਤਾ। ਭਾਵੇਂ ਇਨ੍ਹਾਂ ਯਾਤਰਾਵਾਂ ਦਾ ਕੋਈ ਇਤਿਹਾਸਕ ਕ੍ਰਮ ਨਿਸ਼ਚਿਤ ਕਰਨਾ ਕਠਿਨ ਹੈ ਪਰ ਜਨਮਸਾਖੀ ਪਰੰਪਰਾ ਸੁਝਾਉਂਦੀ ਹੈ ਕਿ ਗੁਰੂ ਸਾਹਿਬ ਨੇ ਲਗਭਗ ਪੰਦਰਾਂ ਵਰ੍ਹੇ ਪੰਜਾਬ ਤੋਂ ਬਾਹਰ ਦੇਸ਼ਾ-ਰਟਨ ਕਰਦਿਆਂ ਬਿਤਾਏ ਸਨ। ਇਕ ਅਨੁਮਾਨ ਦੇ ਮੁਤਾਬਕ ਇਹ ਯਾਤਰਾਵਾਂ ਸੋਲ੍ਹਵੀਂ ਸਦੀ ਦੇ ਅਰੰਭ ਵਿਚ ਕੀਤੀਆਂ ਗਈਆਂ ਸਨ। ਗੁਰੂ ਸਾਹਿਬ ਨੇ ਖੁਸ਼ਕੀ ਦੇ ਰਸਤੇ ਪੈਦਲ ਸਫ਼ਰ ਤੋਂ ਇਲਾਵਾ ਸਮੁੰਦਰੀ ਰਸਤੇ ਵੀ ਸਫ਼ਰ ਕੀਤਾ ਸੀ। ਸਪਸ਼ਟ ਹੈ ਕਿ ਐਸੀਆਂ ਲੰਮੀਆਂ ਯਾਤਰਾਵਾਂ ਲਈ ਗਰਮੀ-ਸਰਦੀ, ਭੁੱਖ-ਪਿਆਸ, ਸਰੀਰਕ ਥਕਾਵਟ ਤੇ ਬੇਅਰਾਮੀ ਨੂੰ ਬਰਦਾਸ਼ਤ ਕਰਨ ਲਈ ਦ੍ਰਿੜ ਇਰਾਦੇ ਤੇ ਸਖ਼ਤ ਮੁਸ਼ੱਕਤ ਦੀ ਲੋੜ ਸੀ। ਵਸੀਲਿਆਂ ਦੀ ਤੰਗੀ-ਤੁਰਸ਼ੀ, ਅਜਨਬੀ ਕਿਸਮ ਦੇ ਲੋਕਾਂ ਨਾਲ ਵਾਰਤਾਲਾਪ ਦੀਆਂ ਸੀਮਾਵਾਂ ਅਤੇ ਲੋਕਾਂ ਦੀ ਬੇਰੁਖੀ ਦੀਆਂ ਔਕੜਾਂ ਵੀ ਦਰਪੇਸ਼ ਸਨ। ਇਹੋ ਜਿਹੀਆਂ ਲੰਮੀਆਂ ਯਾਤਰਾਵਾਂ ਲਈ ਘਰੋਂ ਬੇਘਰ ਹੋ ਕੇ ਪਰਿਵਾਰ ਤੇ ਧਨ-ਦੌਲਤ ਦਾ ਮੋਹ ਤਿਆਗ ਕੇ ਇਕ ਵਿਰੱਕਤ ਦਰਵੇਸ਼ ਵਾਂਗ ਘੁੰਮਣ ਦੀ ਲੋੜ ਸੀ।ਸ਼ਾਇਦ ਏਸੇ ਕਰਕੇ ਗੁਰੂ ਸਾਹਿਬ ਦੀਆਂ ਉਕਤ ਯਾਤਰਾਵਾਂ ਨੂੰ ਇਤਿਹਾਸ ਵਿਚ ਉਦਾਸੀਆਂ ਕਰਕੇ ਜਾਣਿਆ ਜਾਂਦਾ ਹੈ।

ਗੁਰੂ ਬਾਬੇ ਦੀਆਂ ਇਨ੍ਹਾਂ ਯਾਤਰਾਵਾਂ ਦੀ ਅੰਤਰ-ਧਰਮ ਸੰਵਾਦ ਲਈ ਮਹੱਤਾ ਉਪਰ ਵਿਚਾਰ ਕਰਨ ਤੋਂ ਪੂਰਵ ਉਸ ਯੁਗ ਦੇ ਧਾਰਮਿਕ ਜੀਵਨ ਉਪਰ ਸੰਖੇਪ ਜਿਹਾ ਕਥਨ ਲੋੜੀਂਦਾ ਹੈ, ਇਸ ਤੋਂ ਗੁਰੂ ਸਾਹਿਬ ਨਾਲ ਸੰਪਰਕ ਵਿਚ ਆਏ ਧਾਰਮਿਕ ਪੁਰਸ਼ਾਂ ਦੇ ਸੁਭਾਵ ਤੇ ਅਕੀਦੇ ਨੂੰ ਸਮਝਣ ਵਿਚ ਆਸਾਨੀ ਹੋ ਜਾਵੇਗੀ। ਵਿਦਵਾਨਾਂ ਵਿਚ ਇਹ ਆਮ ਸਹਿਮਤੀ ਹੈ ਕਿ ਮੱਧ-ਯੁਗ ਵਿਚ ਵਿਚਰਨ ਵਾਲੇ ਲੋਕਾਂ ਦੀ ਸੋਚ ਅਧਿਆਤਮਵਾਦ ਤੋਂ ਪ੍ਰਭਾਵਿਤ ਸੀ। ਭਾਰਤੀ ਸਭਿਆਚਾਰ ਤੇ ਜਨ-ਜੀਵਨ ਵਿਚ ਸੰਪ੍ਰਦਾਇਕਤਾ ਦਾ ਬੋਲਬਾਲਾ ਸੀ। ਦੇਸ ਦੀ ਆਬਾਦੀ ਵਿਚ ਬਹੁ-ਗਿਣਤੀ ਇਸਲਾਮ ਤੇ ਹਿੰਦੂ ਮੱਤ ਦੇ ਪੈਰੋਕਾਰਾਂ ਦੀ ਸੀ। ਦੋਨ੍ਹਾਂ ਧਰਮਾਂ ਦੀ ਪੁਜਾਰੀ ਸ਼੍ਰੇਣੀ ਇਕ ਦੂਜੇ ਨੂੰ ਨਫ਼ਰਤ ਤੇ ਈਰਖਾ ਦੇ ਚਸ਼ਮੇ ਰਾਹੀਂ ਦੇਖਦੀ ਸੀ। ਚੁਨਾਂਚਿ ਸੰਕੀਰਣਤਾ ਤੇ ਘਿਰਣਾ ਦੇ ਇਸ ਮਾਹੌਲ ਵਿਚ ਦੋਨੋਂ ਧਰਮਾਂ ਦੇ ਲੋਕਾਂ ਵਿਚਕਾਰ ਗਹਿਰੀ ਸੰਪ੍ਰਦਾਇਕ ਖਾਈ ਪੈਦਾ ਹੋ ਗਈ ਸੀ ਜਿਸ ਨਾਲ ਆਪਸੀ ਮੇਲ-ਮਿਲਾਪ ਤੇ ਭਰਾਤਰੀ-ਭਾਵ ਬਾਰੇ ਕੋਈ ਬਹੁਤ ਵੱਡੀ ਸੰਭਾਵਨਾ ਨਜ਼ਰ ਨਹੀਂ ਸੀ ਆਉਂਦੀ। ਮੁਸਲਿਮ ਸਮਾਜ ਮੁੱਖ ਤੌਰ 'ਤੇ ਸੁੰਨੀ ਤੇ ਸ਼ੀਆ ਵਿਚਕਾਰ ਵਿਭਾਜਿਤ ਸੀ। ਮੁਸਲਮਾਨਾਂ ਦਾ ਧਾਰਮਿਕ-ਸਮਾਜਿਕ ਜੀਵਨ ਸ਼ਰ੍ਹਾ ਉਪਰ ਆਧਾਰਿਤ ਸੀ। ਸ਼ਰ੍ਹਾ ਨੂੰ ਦੈਵੀ ਕਾਨੂੰਨ ਦਾ ਦਰਜਾ ਹਾਸਿਲ ਸੀ ਅਤੇ ਮੌਲਾਣੇ ਆਪਣੇ ਆਪ ਨੂੰ ਇਸ ਦੇ ਰਖਵਾਲੇ ਸਮਝਦੇ ਸਨ।ਸ਼ਰ੍ਹਾ ਦੀ ਵਿਆਖਿਆ ਲਈ ਪ੍ਰਮੁੱਖ ਤੌਰ 'ਤੇ ਚਾਰ ਸਕੂਲ-ਹਨਫ਼ੀ, ਮਲਿਕੀ, ਸ਼ਾਅਫੀ ਤੇ ਹੰਬਲੀ ਪ੍ਰਧਾਨ ਸਨ। ਮੁਸਲਿਮ ਸਮਾਜ ਵਿਚ ਸੂਫ਼ੀ ਪੀਰਾਂ ਦੀ ਵੀ ਚੰਗੀ ਮਾਨਤਾ ਸੀ। ਭਾਰਤ ਦੇ ਵੱਖੋ-ਵਖਰੇ ਇਲਾਕਿਆਂ ਵਿਚ ਇਨ੍ਹਾਂ ਦੀਆਂ ਖਾਨਕਾਹਾਂ ਸਥਾਪਿਤ ਹੋ ਚੁੱਕੀਆਂ ਸਨ। ਕੱਟੜ ਸੁੰਨੀ ਮੌਲਾਣਿਆਂ ਦੀ ਨਿਸਬਤ ਸੂਫ਼ੀ ਸ਼ੈਖ਼ਾਂ

ਦਾ ਦੂਸਰੇ ਧਰਮ ਅਵਿਲੰਬੀਆਂ ਪ੍ਰਤੀ ਨਜ਼ਰੀਆਂ ਉਦਾਰਵਾਦੀ ਸੀ। ਨਤੀਜੇ ਵਜੋਂ ਸੂਫ਼ੀ ਪੀਰਾਂ ਖਾਸ ਕਰਕੇ ਚਿਸ਼ਤੀਆਂ ਤੇ ਕਾਦਰੀਆਂ ਨੇ ਭਾਰਤੀ ਸਮਾਜ ਵਿਚ ਮੁਸਲਿਮ ਹਾਕਿਮ ਸ਼੍ਰੇਣੀ ਤੇ ਕੱਟੜ ਮੌਲਾਣਿਆਂ ਨੇ ਜੋ ਸੰਪ੍ਰਦਾਇਕਤਾ ਦਾ ਜ਼ਹਿਰ ਘੋਲਿਆ ਸੀ, ਉਸ ਨੂੰ ਦੂਰ ਕਰਨ ਲਈ ਪ੍ਰੇਮ ਤੇ ਭਰਾਤਰੀ-ਭਾਵ ਦਾ ਸੁਨੇਹਾ ਵੀ ਦਿੱਤਾ।

ਦੂਜੇ ਪਾਸੇ ਹਿੰਦੂ ਸਮਾਜ ਅੰਦਰੂਨੀ ਤੌਰ 'ਤੇ ਕਈ ਪ੍ਰਕਾਰ ਦੇ ਮੱਤਾਂ-ਮਤਾਂਤਰਾਂ ਵਿਚ ਵਿਭਾਜਿਤ ਸੀ। ਜਾਤ-ਪਾਤ ਤੇ ਵਰਣ-ਆਸ਼ਰਮ-ਧਰਮ ਦੇ ਵਰਤਾਰੇ ਕਾਰਣ ਭਾਈਚਾਰੇ ਤੇ ਬਰਾਬਰੀ ਦੀਆਂ ਕਦਰਾਂ-ਕੀਮਤਾਂ ਜਨ-ਜੀਵਨ ਵਿਚੋਂ ਅਲੋਪ ਸਨ। ਇਸ ਨੇ ਅੱਗੋਂ ਭਿਟ--ਵਹਿਮ, ਛੂਆ-ਛਾਤ, ਸਮਾਜਿਕ-ਸ਼ੋਸ਼ਣ ਤੇ ਵਿਤਕਰਾ, ਆਦਿ ਦੀਆਂ ਸਮਾਜਿਕ ਬੁਰਾਈਆਂ ਪੈਦਾ ਕਰਨ ਦਿੱਤੀਆਂ ਸਨ। ਆਮ ਜਨਤਾ ਅਗਿਆਨਤਾ ਦੇ ਕਾਰਣ ਅੰਧ-ਵਿਸ਼ਵਾਸ ਤੇ ਫੋਕਟ ਕਿਸਮ ਦੇ ਕਰਮ-ਕਾਂਡਾਂ ਵਿਚ ਫਸੀ ਹੋਈ ਸੀ। ਭਾਵੇਂ ਹਿੰਦੂ ਸਮਾਜ ਵਿਚ ਇਸ ਦੀ ਪੁਜਾਰੀ ਸ਼੍ਰੇਣੀ (ਬ੍ਰਾਹਮਣਾਂ) ਨੂੰ ਪ੍ਰਧਾਨਤਾ ਸੀ ਪਰ ਹਿੰਦੂ ਮੱਤ ਦੀਆਂ ਵੱਖੋ-ਵੱਖਰੀਆਂ ਸੰਪ੍ਰਦਾਵਾਂ ਜਿਵੇਂ ਸ਼ੈਵ, ਵੈਸ਼ਨਵ ਤੇ ਸਾਕਤ ਮੱਤ ਦੇ ਸੰਨਿਆਸੀਆਂ ਦੀ ਪਕੜ ਤੋਂ ਇਲਾਵਾ ਨਾਥ-ਜੋਗੀਆਂ ਦਾ ਵੀ ਲੋਕਾਂ ਉਪਰ ਬੜਾ ਪ੍ਰਭਾਵ ਸੀ। ਭਗਤੀ ਲਹਿਰ ਨਾਲ ਸੰਬੰਧਿਤ ਭਗਤਾਂ ਤੇ ਸੂਫ਼ੀ ਸੰਤਾਂ ਨੇ ਭਾਰਤੀ ਸਮਾਜ ਵਿਚੋਂ ਧਾਰਮਿਕ ਤੇ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਪ੍ਰੇਮ ਤੇ ਭਰਾਤਰੀ-ਭਾਵ ਲਈ ਜਾਗ੍ਰਿਤੀ ਤਾਂ ਪੈਦਾ ਕੀਤੀ ਪਰ ਸਹਿਚਾਰ ਤੇ ਸਹਿਹੋਂਦ ਦੀ ਭਾਵਨਾ ਤੋਂ ਲੋਕ ਹਾਲੇ ਵੀ ਕੋਰੇ ਸਨ। ਧਾਰਮਿਕ ਪੁਰਸ਼ਾਂ ਦੀ ਦਿੱਬਤਾ ਦਾ ਸਭ ਤੋਂ ਵੱਡਾ ਪ੍ਰਮਾਣ ਰਿਧ-ਸਿਧ ਉਪਰ ਅਬੂਰ ਜਾਂ ਕਰਾਮਾਤ ਦਾ ਪ੍ਰਗਟਾਵਾ ਸੀ।ਕੱਟੜ ਸੁੰਨੀ ਮੁਸਲਿਮ ਹਾਕਿਮ ਸ਼੍ਰੇਣੀ ਗ਼ੈਰ-ਮੁਸਲਿਮ ਧਾਰਮਿਕ ਪੁਰਸ਼ਾਂ ਨਾਲ ਵਿਤਕਰਾ ਤੇ ਸੂਫ਼ੀ ਦਰਵੇਸ਼ ਜੋ ਸਰਕਾਰ ਦੀਆਂ ਨੀਤੀਆਂ ਦਾ ਸਮਰਥਨ ਨਹੀਂ ਸਨ ਕਰਦੇ, ਉਨ੍ਹਾਂ ਨੂੰ ਕਰਾਮਾਤ ਵਿਖਾਉਣ ਜਾਂ ਮੌਤ ਕਬੂਲ ਕਰਨ ਦੀ ਸਜ਼ਾ ਦੇ ਦਿੰਦੀ ਸੀ। ਗ਼ੈਰ-ਮੁਸਲਿਮ ਧਾਰਮਿਕ ਪੁਰਸ਼ਾਂ ਨੂੰ ਉਕਤ ਸਜ਼ਾ ਤੋਂ ਬਚਣ ਲਈ ਇਸਲਾਮ ਕਬੂਲ ਕਰਨਾ ਪੈਂਦਾ ਸੀ।

ਸੋਲ੍ਹਵੀਂ ਸ਼ਤਾਬਦੀ ਵਿਚ ਅੰਤਰ-ਧਰਮ ਸੰਵਾਦ ਨੂੰ ਕਿਸ ਪ੍ਰਕਾਰ ਦੀਆਂ ਸਮੱਸਿਆਵਾਂ ਦਰਪੇਸ਼ ਸਨ, ਇਸ ਬਾਰੇ ਮੁਗ਼ਲ ਬਾਦਸ਼ਾਹ ਅਕਬਰ ਦੇ ਦਰਬਾਰੀ ਤੇ ਪ੍ਰਸਿੱਧ ਇਤਿਹਾਸਕਾਰ ਅਬੁਲ ਫ਼ਜ਼ਲ ਦੇ ਕਥਨ ਉਪਰ ਸੰਖੇਪ ਵਿਚਾਰ ਬੜੀ ਢੁੱਕਵੀਂ ਪ੍ਰਤੀਤ ਹੁੰਦੀ ਹੈ। ਉਹ ਲਿਖਦਾ ਹੈ ਕਿ ਇਸ ਵਿਚ ਕੋਈ ਸੰਦੇਹ ਨਹੀਂ ਕਿ ਹਰੇਕ ਯੁਗ ਵਿਚ ਗਿਆਨਵਾਨ ਤੇ ਸਤਵਾਦੀ ਪੁਰਸ਼ ਸ਼ੁਭ-ਵਿਚਾਰ ਤੇ ਇਨ੍ਹਾਂ ਉੱਪਰ ਅਮਲ ਦੀ ਸਿੱਖਿਆ ਦਿੰਦੇ ਆਏ ਹਨ ਪਰ ਫਿਰ ਵੀ ਧਾਰਮਿਕ ਮੱਤ-ਭੇਦ ਤੇ ਗ਼ਲਤ-ਫ਼ਹਿਮੀਆਂ ਦੇ ਵਿਚ ਕੋਈ ਰੁਕਾਵਟ ਨਹੀਂ ਆਈ। ਧਾਰਮਿਕ ਮੱਤ-ਭੇਦ ਕਿਉਂ ਤੇ ਕਿਨ੍ਹਾਂ ਪਰਸਥਿਤੀਆਂ ਵਿਚ ਉਤਪੰਨ ਹੁੰਦੇ ਹਨ? ਇਸ ਦੇ ਮੁੱਖ ਤੌਰ 'ਤੇ ਸੱਤ ਕਾਰਣ ਹਨ।

ਅਬੁਲ ਫ਼ਜ਼ਲ ਲਿਖਦਾ ਹੈ ਕਿ ਇਸ ਦਾ ਸਭ ਤੋਂ ਪਹਿਲਾ ਕਾਰਣ ਵਾਰਤਾਲਾਪ ਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ ਭਾਸ਼ਾ ਦੀਆਂ ਸੀਮਾਵਾਂ ਹਨ। ਲੋਕ ਵਿਭਿੰਨ ਕਿਸਮ ਦੀਆਂ ਭਾਸ਼ਾਵਾਂ ਬੋਲਦੇ ਹਨ ਤੇ ਕਈ ਵਾਰ ਬੇਸਮਝੀ ਕਾਰਣ ਸਹੀ ਉਦੇਸ਼ ਸਮਝਣ ਵਿਚ ਗ਼ਲਤੀ ਲੱਗ ਜਾਂਦੀ ਹੈ। ਇਸ ਦੇ ਫਲਸਰੂਪ ਦੁਰਭਾਵਨਾ ਦਾ ਮੁਲੱਮਾ ਚੜ੍ਹ ਕੇ ਕਲੇਸ਼ ਦੀ ਹਨੇਰੀ ਝੁੱਲ ਪੈਂਦੀ ਹੈ। ਦੂਜੇ, ਹਿੰਦੂਸਤਾਨ ਤੇ ਹੋਰਨਾਂ ਕੌਮਾਂ ਦੇ

ਵਿਦਵਾਨਾਂ ਵਿਚਕਾਰ ਨਿਵਾਸ/ਆਵਾਸ ਦੇ ਪੱਖੋਂ ਬੜਾ ਵੱਡਾ ਫ਼ਾਸਲਾ ਹੈ, ਜਿਸ ਕਰਕੇ ਇਨ੍ਹਾਂ ਨੂੰ ਆਪਸੀ ਮੇਲ-ਮਿਲਾਪ ਦਾ ਮੌਕਾ ਹੀ ਨਹੀਂ ਮਿਲਦਾ। ਜੇਕਰ ਕਦੇ ਕੋਈ ਮੌਕਾ ਬਣ ਵੀ ਜਾਏ ਤਾਂ ਇਸ ਉਪਰ ਅਮਲ ਲਈ ਕਿਸੇ ਸਮਝਦਾਰ ਅਨੁਵਾਦਕ ਦੀ ਲੋੜ ਹੁੰਦੀ ਹੈ। ਐਸਾ ਭਾਸ਼ਾ ਵਿਗਿਆਨੀ ਜੋ ਇਕੋ ਸਮੇਂ ਸਾਇੰਸ ਦੀਆਂ ਮਾਨਤਾਵਾਂ ਤੋਂ ਇਲਾਵਾ ਤੱਤ-ਦਰਸ਼ਨੀ ਵਿਸ਼ਿਆਂ ਦਾ ਗਿਆਨੀ ਵੀ ਹੋਵੇ, ਤੇ ਉਸ ਪਾਸ ਇਸ ਦੇ ਅਰਥ ਸਮਝਾਉਣ ਦੀ ਪ੍ਰਤਿਭਾ ਤੇ ਹੁਨਰ ਵੀ ਹੋਵੇ, ਮਿਲਣਾ ਬੜਾ ਦੁਰਲੱਭ ਹੈ। ਭਾਵੇਂ ਬਾਦਸ਼ਾਹ ਵਿਚ ਸਾਰੇ ਧਰਮਾਂ ਦੇ ਫ਼ਲਸਫ਼ੀਆਂ ਤੇ ਗਿਆਨਵਾਨ ਪੁਰਸ਼ਾਂ ਨੂੰ ਇਕੱਠੇ ਕਰਕੇ ਸੱਚ ਨੂੰ ਖੋਜਣ ਦੀ ਇੱਛਾ ਹੈ ਪਰ ਸਮਝਦਾਰ ਤੇ ਗਿਆਨਵਾਨ ਪੁਰਸ਼ ਹੀ ਨਾਯਾਬ ਹਨ। ਸੱਚ ਦੀ ਖੋਜ ਤੇ ਗਿਆਨ ਦੇ ਚਸ਼ਮੇ ਤੋਂ ਸਰਸ਼ਾਰ ਹੋਣ ਲਈ ਕਈ ਤਲਬਗਾਰ ਆਪਣਾ ਘਰ-ਘਾਟ ਤੇ ਮੁਲਕ ਤਿਆਗ ਕੇ ਲੰਮੀਆਂ ਯਾਤਰਾਵਾਂ ਉਪਰ ਨਿਕਲ ਪੈਂਦੇ ਹਨ। ਐਸੀ ਅਸਾਧਾਰਣ ਲਗਨ ਤੇ ਮਿਹਨਤੀ ਸੁਭਾਅ ਦੇ ਇਨਸਾਨ, ਜਿਨ੍ਹਾਂ ਨੇ ਆਪਣਾ ਸਾਰਾ ਧਿਆਨ ਤੇ ਸ਼ਕਤੀ ਗਿਆਨ ਗ੍ਰਹਿਣ ਕਰਨ ਵਿਚ ਸਰਫ਼ ਕਰ ਦਿੱਤੀ ਹੋਵੇ, ਘੱਟ ਹੀ ਮਿਲਦੇ ਹਨ। ਦੂਸਰੀਆਂ ਕੌਮਾਂ ਸਬੰਧੀ ਨਿਰਪੱਖ ਹੋ ਕੇ ਬਿਨਾ ਕਿਸੇ ਭਿੰਨ-ਭੇਦ ਦੇ ਜਾਣਕਾਰੀ ਹਾਸਿਲ ਕਰਨ ਦੀ ਲੋੜ ਹੈ। ਭਾਵ ਕੌਮ, ਦੇਸ, ਧਰਮ, ਖਿੱਤੇ ਆਦਿ ਦੀਆਂ ਦੀਵਾਰਾਂ ਤੋਂ ਮੁਕਤ ਹੋਣਾ ਪਵੇਗਾ। ਇਸ ਸੰਬੰਧੀ ਅਬੁਲ ਫਜ਼ਲ ਤਿੰਨ ਵਿਅਕਤੀਆਂ ਮਸਲਨ ਈਰਾਨੀ ਹਕੀਮ ਬਰਜ਼ਵਾਹ, ਹਿੰਦੁਸਤਾਨੀ ਫ਼ਲਸਫੀ ਤੁਮਤੁਮ ਅਤੇ ਖ਼ੁਰਾਸਾਨੀ ਵਿਦਵਾਨ ਅਬੂ ਮਾਸ਼ਰ ਦੇ ਉਦਾਹਰਣ ਦਿੰਦਾ ਹੈ, ਜਿਨ੍ਹਾਂ ਨੇ ਨਿੱਜੀ ਸੁੱਖ-ਆਰਾਮ ਤਿਆਗ ਕੇ ਸਮੁੰਦਰ ਤੇ ਮਾਰੂਥਲ ਦੇ ਰਸਤੇ ਯਾਤਰਾਵਾਂ ਦੇ ਖਤਰਿਆਂ ਦੀ ਪਰਵਾਹ ਕੀਤੇ ਬਗ਼ੈਰ ਹਿੰਦੁਸਤਾਨ ਤੇ ਯੂਨਾਨ ਦੀਆਂ ਯਾਤਰਾਵਾਂ ਕੀਤੀਆਂ ਤੇ ਐਸਾ ਗਿਆਨ ਸੰਗ੍ਰਹਿਤ ਕੀਤਾ ਜੋ ਮਨੁੱਖ ਦੀ ਆਤਮਿਕ ਤੇ ਸਰੀਰਕ ਤੰਦਰੁਸਤੀ ਲਈ ਬੜਾ ਲਾਹੇਵੰਦ ਸਾਬਿਤ ਹੋਇਆ।

ਤੀਜਾ, ਮੁੱਖ ਕਾਰਣ ਮਨੁੱਖ ਦੀ ਆਪਣੀ ਨਿੱਜੀ ਰੁਚੀ ਤੇ ਸੁਭਾਉ ਹੈ।ਆਮ ਤੌਰ 'ਤੇ ਇਨਸਾਨ ਸੁੱਖ-ਆਰਾਮ ਤੇ ਐਸ਼ੋ-ਇਸ਼ਰਤ ਚਾਹੁੰਦਾ ਹੈ। ਨਾਸ਼ਵਾਨ ਦੁਨੀਆਂ ਤੋਂ ਪਰ੍ਹੇ ਅਲੌਕਿਕ/ਆਤਮਿਕ ਮੰਡਲ ਵਿਚ ਉਸ ਨੂੰ ਕੋਈ ਰੁਚੀ ਨਹੀਂ। ਦੂਜੇ ਸ਼ਬਦਾਂ ਵਿਚ ਦੁਨਿਆਵੀ ਵਸਤਾਂ ਦੇ ਮੋਹ ਨੂੰ ਤਿਆਗ ਕੇ ਇਨਸਾਨ ਪਰਮਾਰਥ ਤੇ ਤੱਤ-ਦਰਸ਼ਨੀ ਵਿਸ਼ਿਆਂ ਨੂੰ ਸਮਝਣ ਵਿਚ ਦਿਲਚਸਪੀ ਹੀ ਨਹੀਂ ਲੈਂਦਾ। ਘੁਣਤਰੀ ਮਿਜ਼ਾਜ ਕਾਰਣ ਵਿਦੇਸ਼ੀ ਲੋਕਾਂ ਦੇ ਫ਼ਲਸਫ਼ੇ ਤੇ ਨੀਤੀ-ਸ਼ਾਸ਼ਤਰ ਦੇ ਚੰਗੇ ਗੁਣਾਂ ਨੂੰ ਸਰਵਣ ਹੀ ਨਹੀਂ ਕਰਦਾ। ਇਖ਼ਲਾਕੀ ਦਸ਼ਾ ਐਸੀ ਵਿਗੜੀ ਹੈ ਕਿ ਮਨ ਨੂੰ ਨੈਤਿਕ ਸਿੱਖਿਆ ਭਾਉਂਦੀ ਹੀ ਨਹੀਂ। ਦੁਨੀਆਵੀ ਖਾਹਿਸ਼ਾਂ ਨੇ ਲੋਕਾਂ ਦੇ ਮਨਾਂ ਉੱਤੇ ਅਗਿਆਨਤਾ ਦਾ ਐਸਾ ਪਰਦਾ ਤਾਣ ਦਿੱਤਾ ਹੈ ਕਿ ਇਹ ਗਿਆਨ ਦਾ ਪਾਤਰ ਬਣਨ ਦੇ ਯੋਗ ਹੀ ਨਹੀਂ ਰਿਹਾ।

ਚੌਥਾ ਕਾਰਣ, ਆਲਸ ਤੇ ਸੁਸਤੀ ਹੈ। ਇਨਸਾਨ ਨੂੰ ਜੋ ਉਸ ਦੀ ਜੇਬ ਵਿਚ ਹੈ ਉਸ ਦੇ ਮੁੱਲ ਦਾ ਤਾਂ ਪਤਾ ਹੈ ਪਰ ਭਵਿੱਖ ਲਈ ਜੋ ਲਾਭਕਾਰੀ ਹੈ, ਉਸ ਦੀ ਪ੍ਰਾਪਤੀ ਲਈ ਮਿਹਨਤ ਕਰਨ ਦੀ ਇੱਛਾ ਨਹੀਂ। ਗਿਆਨ ਲਈ ਗ਼ਹਿਰੀ ਘੋਖ-ਪੜਤਾਲ ਦੀ ਬਜਾਇ ਸਤਹੀ ਪੱਧਰ ਦੀ ਪ੍ਰਾਪਤੀ ਨਾਲ ਸੰਤੁਸ਼ਟੀ ਹੋ ਜਾਂਦੀ ਹੈ। ਪ੍ਰਾਪਤ ਜਾਣਕਾਰੀ ਤੋਂ ਹੋਰ ਅਗੇਰੇ ਜਾਣਕਾਰੀ ਗ੍ਰਹਿਣ ਕਰਨ ਦੀ ਰੱਤੀ ਭਰ ਭੀ ਖੇਚਲ ਨਹੀਂ ਕੀਤੀ ਜਾਂਦੀ। ਗਿਆਨ ਦੀ ਪਰੰਪਰਾ ਨੂੰ ਤਾਂ ਇਨਸਾਨ ਹੀ ਅੱਗੇ ਤੋਰ ਸਕਦੇ ਹਨ। ਹੋਰ ਵਧੇਰੇ ਗਿਆਨ ਦੀ ਇੱਛਾ ਤੇ ਇਸ ਦੇ ਲਈ ਪੁਖ਼ਤਾ ਇਰਾਦਾ ਤੇ ਮਿਹਨਤ ਹੀ ਕਾਰਗਰ ਸੰਦ ਹਨ।

ਪੰਜਵਾਂ ਕਾਰਣ, ਰੂੜੀਵਾਦੀ ਰਵਾਇਤਾਂ ਦੀ ਅੰਧੇਰੀ ਕਾਰਣ ਛਾਇਆ ਅੰਧਕਾਰ ਤੇ ਗਿਆਨ ਦੇ ਦੀਪ ਦੀ ਮੱਧਮ ਰੌਸ਼ਨੀ ਹੈ। ਆਦਿ-ਕਾਲ ਤੋਂ ਹੀ ਰੂੜੀਵਾਦ ਤੇ ਅੰਧ-ਵਿਸ਼ਵਾਸ਼, ਖੋਜ ਦੀ ਪਰਵਿਰਤੀ ਵਿਚ ਵੱਡੀ ਰੁਕਾਵਟ ਬਣਦੇ ਰਹੇ ਹਨ। ਸੰਦੇਹ ਤੇ ਪੁੱਛ-ਪੜਤਾਲ ਦੀ ਬਿਰਤੀ ਨੂੰ ਕੁਫ਼ਰ ਦਾ ਅਗਰਦੂਤ ਤਸੱਵਰ ਕੀਤਾ ਜਾਂਦਾ ਹੈ। ਪਿਤਾ-ਪੁਰਖੀ ਤੇ ਧਾਰਮਿਕ ਉਸਤਾਦ ਪਾਸੋਂ ਪ੍ਰਾਪਤ ਗਿਆਨ ਨੂੰ ਦੈਵੀ-ਗਿਆਨ ਦਾ ਖਜ਼ਾਨਾ ਸਮਝਿਆ ਜਾਂਦਾ ਹੈ ਅਤੇ ਜੋ ਇਸ ਗਿਆਨ ਤੋਂ ਸੰਤੁਸ਼ਟ ਨਹੀਂ ਹੁੰਦਾ ਉਸ ਨੂੰ ਝਟਪਟ ਬੇਦੀਨਾ, ਭ੍ਰਿਸ਼ਟ, ਅਪਵਿੱਤਰ ਕਹਿ ਕੇ ਨਕਾਰਿਆ ਜਾਂਦਾ ਹੈ। ਭਾਵੇਂ ਗਿਆਨਵਾਨਾਂ ਦੀ ਮੌਜੂਦਾ ਪੀੜ੍ਹੀ ਵਿਚ ਬੇਦੀਨੇ ਬਹੁਤ ਥੋੜ੍ਹੇ ਹਨ ਪਰ ਵਿਦਵਾਨ, ਸਮਝਦਾਰ ਤੇ ਗਿਆਨਵਾਨ ਪੁਰਸ਼ ਅਮਲੀ ਤੌਰ 'ਤੇ ਅਗੇਰੇ ਕਦਮ ਪੁੱਟਣ ਤੋਂ ਝਿਜਕਦੇ ਹਨ।ਅਧਿਐਨ ਤੇ ਸੰਵਾਦ ਦੇ ਸਹਾਰੇ ਸਾਂਝੇ ਮੰਚ ਉੱਪਰ ਮਿਲ ਬੈਠ ਕੇ ਹੀ ਇਕ ਦੂਸਰੇ ਦੇ ਧਰਮ ਨੂੰ ਸਮਝਿਆ ਤੇ ਸਹੀ ਮੁੱਲ ਪਾਇਆ ਜਾ ਸਕਦਾ ਹੈ।

ਛੇਵੇਂ ਧਾਰਮਿਕ ਵੈਰ-ਵਿਰੋਧ ਤੇ ਅਤਿਆਚਾਰ ਦੇ ਉੱਠੇ ਤੂਫ਼ਾਨ ਵਿਚ ਸੱਚ ਦੇ ਖੋਜੀ ਇਕੱਠੇ ਹੋਣ ਤੇ ਆਪਣੇ ਨਿੱਜੀ ਵਿਚਾਰ ਪ੍ਰਗਟ ਕਰਨ ਤੋਂ ਸੰਕੋਚ ਕਰਦੇ ਹਨ। ਮਿੱਤਰਤਾਈ ਤੇ ਸਹਾਨਭੂਤੀ ਦੇ ਮਾਹੌਲ ਵਿਚ ਮਿਲ ਬੈਠ ਕੇ ਵਿਖਰੇਵੇਂ ਤੇ ਮੱਤ-ਭੇਦਾਂ ਨੂੰ ਖਤਮ ਕਰਨ ਲਈ ਰਿਸ਼ਤਿਆਂ ਦੀ ਸਾਂਝੀ ਤੰਦ ਲੱਭੀ ਜਾ ਸਕਦੀ ਹੈ, ਪਰ ਹਉਮੈ ਤੇ ਖ਼ੁਦਗਰਜ਼ੀ ਇਤਨੀ ਹੈ ਕਿ ਪਰਸਪਰ ਸੰਵਾਦ ਦੇ ਅਵਸਰ ਵੀ ਸੰਦੇਹ ਦੇ ਘੇਰੇ ਵਿਚ ਆ ਜਾਂਦੇ ਹਨ। ਚੁਨਾਂਚਿ ਕੁੱਝ ਗਿਆਨਵਾਨ ਚੁੱਪੀ ਸਾਧ ਗਏ ਹਨ, ਕੁਝ ਭਾਸ਼ਾ ਦੀ ਅਲਪੱਗਤਾ ਦਾ ਬਹਾਨਾ ਲਾ ਕੇ ਕਿਨਾਰਾ ਕਰ ਗਏ ਹਨ, ਤੇ ਕੁਝ ਸਿਰਫ ਲਿਹਾਜ਼ ਰੱਖਣ ਦੇ ਮੰਤਵ ਨਾਲ ਹੀ ਮੂੰਹ ਖੋਲ੍ਹਦੇ ਹਨ। ਜੇਕਰ ਹੁਕਮਰਾਨ ਸੰਵਾਦ ਵਿਚ ਵਿਸ਼ਵਾਸ ਕਰ ਲੈਂਦੇ ਤੇ ਇਸ ਬਾਰੇ ਉਤਪੰਨ ਹੋਈਆਂ ਸਾਰੀਆਂ ਸ਼ੰਕਾਵਾਂ ਨੂੰ ਦੂਰ ਕਰਨ ਦਾ ਵਿਸ਼ਵਾਸ ਦਿਵਾਉਂਦੇ ਤਾਂ ਯਕੀਨਨ ਬਹੁਤ ਸਾਰੇ ਗਿਆਨਵਾਨ ਇਨਸਾਨ ਠੰਢੇ ਦਿਮਾਗ ਨਾਲ ਆਜ਼ਾਦਾਨਾ ਵਿਚਾਰਾਂ ਦਾ ਪ੍ਰਗਟਾਉ ਕਰਦੇ । ਹਾਕਿਮ ਸ਼੍ਰੇਣੀ ਦੀ ਬੇਰੁੱਖੀ ਕਾਰਣ ਹਰੇਕ ਸੰਪ੍ਰਦਾਇ ਕੱਟੜਤਾ ਦਾ ਸ਼ਿਕਾਰ ਹੈ, ਜਿਸ ਨਾਲ ਮੱਤ-ਭੇਦਾਂ ਵਿਚ ਵਾਧਾ ਹੋਇਆ ਹੈ, ਹਰੇਕ ਵਿਅਕਤੀ ਆਪੋ-ਆਪਣੇ ਧਰਮ ਨੂੰ ਸੱਚਾ ਤਸੱਵਰ ਕਰੀ ਬੈਠਾ ਹੈ ਤੇ ਰੱਬ ਵਿਚ ਵਿਸ਼ਵਾਸ਼ ਕਰਨ ਵਾਲੇ ਹੋਰਨਾਂ ਧਰਮ-ਅਵਲੰਬੀਆ ਦੇ ਖ਼ਾਤਮੇ ਦਾ ਇੱਛੁਕ ਹੈ । ਖ਼ੂਨ-ਖਰਾਬਾ ਕਰਨਾ ਤੇ ਹੋਰਨਾਂ ਦੀ ਇਜ਼ਤ ਮਿੱਟੀ ਵਿਚ ਰੋਲਣਾ ਧਾਰਮਿਕ ਕੱਟੜਤਾ ਦਾ ਵਿਸ਼ੇਸ਼ ਖ਼ਾਸਾ ਹੈ। ਜੇਕਰ ਮਨ ਸ਼ੁਭ-ਵਿਚਾਰਾਂ ਦੀ ਆਮਦ ਲਈ ਖੋਲ੍ਹਿਆ ਹੁੰਦਾ ਤਾਂ ਇਕ-ਦੂਸਰੇ ਦੇ ਧਰਮ ਵਿਚ ਦਖ਼ਲ-ਅੰਦਾਜ਼ੀ ਦਾ ਰੁਝਾਨ ਪੈਦਾ ਹੀ ਨਹੀਂ ਸੀ ਹੋਣਾ। ਸੰਪ੍ਰਦਾਇਕਤਾ ਦੇ ਇਸ ਅਣ-ਸੁਖਾਵੇਂ ਮਾਹੌਲ ਵਿਚ ਅਸਲੀ ਮੁੱਦੇ ਤੋਂ ਭਟਕਣਾ ਤੇ ਦਲੀਲ/ਤਰਕ ਨੂੰ ਅਣਸੁਣੀ ਕਰਨਾ ਆਮ ਹੋ ਗਿਆ ਹੈ। ਗ਼ੈਰ-ਮੁਸਲਿਮ ਜੇਕਰ ਐਨੇ ਹੀ ਬੁਰੇ ਹਨ ਤਾਂ ਉਨ੍ਹਾਂ ਦੇ ਖ਼ੂਨ ਨਾਲ ਹੱਥ ਰੰਗਣੇ ਕਿਹੜੀ ਚੰਗੀ ਰਵਾਇਤ ਹੈ? ਗ਼ੈਰਾਂ ਨਾਲ ਦੁਸ਼ਮਣੀ ਨਹੀਂ ਬਲਕਿ ਹਮਦਰਦੀ ਤੇ ਦਯਾ ਦੇ ਸਲੂਕ ਦੀ ਲੋੜ ਹੈ।

ਸੱਤਵੇਂ ਜਾਦੂ ਵਿਚ ਮਾਹਿਰ ਜਾਦੂਗਰਾਂ/ਜਾਦੂਗਰਨੀਆਂ ਦਾ ਕੋਈ ਵੀ ਦੀਨ-ਧਰਮ ਨਹੀਂ ਹੁੰਦਾ। ਇਹ ਧੋਖੇ ਤੇ ਫ਼ਰੇਬ ਰਾਹੀਂ ਆਮ ਜਨਤਾ ਵਿਚ ਮਕਬੂਲ ਹੋ ਜਾਂਦੇ ਹਨ। ਇਨ੍ਹਾਂ ਦੀ ਪ੍ਰਸਿਧੀ ਉੱਚੀਆਂ ਇਖ਼ਲਾਕੀ ਕਦਰਾਂ-ਕੀਮਤਾਂ ਲਈ ਨੁਕਸਾਨਦੇਹ ਹੈ। ਐਸੀ ਕਿਸਮ ਦੇ ਵਿਅਕਤੀ ਸਮਾਜ ਲਈ ਬੜੇ ਹਾਨੀਕਾਰਕ ਹਨ ਕਿਉਕਿ ਇਹ ਸੱਚ ਨੂੰ ਪ੍ਰਗਟ ਹੋਣ ਤੇ ਰੋਕਦੇ ਹਨ।

ਆਉ ਹੁਣ ਅਬੁਲ ਫ਼ਜ਼ਲ ਦੀਆਂ ਉਪਰੋਕਤ ਟਿੱਪਣੀਆਂ ਦੀ ਰੌਸ਼ਨੀ ਵਿਚ ਅੰਤਰ-ਧਰਮ ਸੰਵਾਦ ਪ੍ਰਤੀ ਗੁਰੂ ਨਾਨਕ ਦੇਵ ਜੀ ਨੂੰ ਕਿਸ ਪ੍ਰਕਾਰ ਦੀਆਂ ਕਠਿਨਾਈਆਂ ਦਰਪੇਸ਼ ਸਨ ਤੇ ਇਨ੍ਹਾਂ ਦੀ ਨਵਿਰਤੀ ਲਈ ਉਨ੍ਹਾਂ ਨੇ ਕਿਸ ਪ੍ਰਕਾਰ ਦੀ ਪਹੁੰਚ-ਵਿਧੀ ਅਪਣਾਈ, ਉਸ ਉਪਰ ਵਿਚਾਰ ਕਰੀਏ।ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸ ਤੱਥ ਦੀ ਗਵਾਹ ਹੈ ਕਿ ਉਹ ਸੱਚ ਦੇ ਖੋਜੀ ਤੇ ਸੱਚ ਦੇ ਪਾਂਧੀ ਸਨ। ਜਨਮਸਾਖੀ ਪਰੰਪਰਾ ਤੋਂ ਸਪਸ਼ਟ ਹੈ ਕਿ ਉਹ ਬਚਪਨ ਤੋਂ ਹੀ ਅਧਿਆਤਮਿਕ ਰੁਚੀ ਦੇ ਮਾਲਕ ਸਨ। ਫੋਕਟ ਕਿਸਮ ਦੀਆਂ ਧਾਰਮਿਕ ਰਸਮਾਂ-ਰੀਤਾਂ, ਕਰਮ-ਕਾਂਡ, ਹਠ-ਯੋਗ ਸਾਧਨਾ ਆਦਿ ਤੋਂ ਉਨ੍ਹਾਂ ਦੀ ਆਤਮਿਕ ਤ੍ਰਿਪਤੀ ਨਹੀਂ ਸੀ ਹੁੰਦੀ। ਉਹ ਐਸੇ ਬ੍ਰਹਮ-ਗਿਆਨ ਦੇ ਤਲਬਗਾਰ ਸਨ ਜੋ ਦੀਨ-ਦੁਨੀਆਂ ਦੇ ਮਸਲਿਆਂ ਲਈ ਇਕੋ ਜਿਨਾ ਕਾਰਗਰ ਹੋਵੇ। ਗੁਰੂ ਸਾਹਿਬ ਦੀਆਂ ਭਿੰਨ-ਭਿੰਨ ਦੇਸ਼ਾਂ ਤੇ ਭਿੰਨ-ਭਿੰਨ ਕਿਸਮਾਂ ਦੇ ਲੋਕਾਂ ਨਾਲ ਹੋਈਆਂ ਗੋਸ਼ਟੀਆਂ ਤੋਂ ਸਾਫ਼ ਪ੍ਰਗਟ ਹੈ ਕਿ ਉਨ੍ਹਾਂ ਸਾਹਮਣੇ ਉਹ ਸਾਰੀਆਂ ਚੁਣੌਤੀਆਂ ਸਨ ਜਿਨ੍ਹਾਂ ਦਾ ਜ਼ਿਕਰ ਗੁਰੂ ਸਾਹਿਬ ਤੋਂ ਲਗਭਗ ਇਕ ਸਦੀ ਬਾਅਦ ਅਬੁਲ ਫ਼ਜ਼ਲ ਨੇ ਵੀ ਕੀਤਾ ਹੈ। ਭਾਸ਼ਾਵਾਂ ਦੀ ਵਿਭੰਨਤਾ ਕਾਰਣ ਵੱਖ-ਵੱਖਰੀਆਂ ਧਾਰਮਿਕ ਪਰੰਪਰਾਵਾਂ ਦੇ ਲੋਕਾਂ ਨਾਲ ਵਿਚਾਰ-ਵਿਮਰਸ਼ ਦੀ ਸਮੱਸਿਆ ਸ਼ਾਇਦ ਗੁਰੂ ਸਾਹਿਬ ਦੇ ਲਈ ਨਹੀਂ ਸੀ। ਗੁਰੂ ਸਾਹਿਬ ਦੇ ਪਰਿਵਾਰਿਕ ਪਿਛੋਕੜ ਤੇ ਸੁਲਤਾਨਪੁਰ ਵਿਚ ਉਨ੍ਹਾਂ ਦੁਆਰਾ ਮੋਦੀ ਦੀ ਨਿਭਾਈ ਜ਼ਿੰਮੇਵਾਰੀ ਅਤੇ ਉਨ੍ਹਾਂ ਦੀ ਬਾਣੀ ਵਿਚ ਬਹੁ-ਭਾਸ਼ਾਈ ਸ਼ਬਦਾਂ ਦੇ ਪ੍ਰਯੋਗ ਤੋਂ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਬਹੁ-ਭਾਸ਼ੀ ਗਿਆਨ ਰੱਖਦੇ ਸਨ। ਪੰਜਾਬ ਦੇ ਆਮ ਲੋਕਾਂ ਨਾਲ ਵਾਰਤਾਲਾਪ ਲਈ ਉਨ੍ਹਾਂ ਨੇ ਆਮ ਬੋਲਚਾਲ ਦੀ ਭਾਸ਼ਾ ਪ੍ਰਯੋਗ ਕੀਤੀ ਜਦੋਂ ਕਿ ਹਿੰਦੂ ਭਗਤਾਂ, ਸੰਨਿਆਸੀਆਂ, ਜੋਗੀਆਂ ਤੇ ਸੂਫ਼ੀਆਂ ਨਾਲ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ ਸਾਧੂਕੜੀ (ਸਾਧ ਭਾਖਾ) ਦੀ ਵਰਤੋਂ ਕੀਤੀ। ਉਦਾਸੀਆਂ ਦੇ ਦੌਰਾਨ ਉਹ ਹਿੰਦੂ, ਬੋਧੀ, ਜੈਨ, ਮੁਸਲਿਮ ਆਦਿ ਫਿਰਕਿਆਂ ਦੇ ਕੇਂਦਰਾਂ ਉਪਰ ਗਏ ਅਤੇ ਧਾਰਮਿਕ-ਸਮਾਜਿਕ ਮਸਲਿਆਂ ਬਾਰੇ ਗੋਸ਼ਟਾਂ ਵੀ ਕੀਤੀਆਂ। ਹੋਰਨਾਂ ਧਰਮਾਂ ਦੇ ਨੇਤਾਵਾਂ ਨਾਲ ਸੰਪਰਕ ਕਰਨ ਲਈ ਤੇ ਉਨ੍ਹਾਂ ਨੂੰ ਆਪਣੇ ਅਕੀਦੇ ਤੋਂ ਜਾਣੂੰ ਕਰਵਾਉਣ ਲਈ ਉਨ੍ਹਾਂ ਤੱਕ ਪਹੁੰਚ ਕਰਨ ਦੀ ਲੋੜ ਸੀ। ਚੁਨਾਂਚਿ ਇਸ ਉਪਰ ਅਮਲ ਲਈ ਸਿਰਫ਼ ਪੰਜਾਬ ਹੀ ਨਹੀਂ ਬਲਕਿ ਪੂਰੇ ਭਾਰਤੀ ਉਪ-ਮਹਾਂਦੀਪ ਤੇ ਪੱਛਮੀ-ਏਸ਼ੀਆ ਦੇ ਮੁਲਕਾਂ ਦੇ ਭਰਮਣ ਲਈ ਲੰਮੀਆਂ ਯਾਤਰਾਵਾਂ ਉਪਰ ਨਿਕਲਨਾ ਜ਼ਰੂਰੀ ਸੀ। ਸਪਸ਼ਟ ਹੈ ਕਿ ਗੁਰੂ ਸਾਹਿਬ ਇਕਾਂਤਵਾਸੀ ਹੋ ਕੇ ਕਾਲਪਨਿਕ (utopian) ਕਿਸਮ ਦੀ ਆਦਰਸ਼ਵਾਦੀ ਪਹੁੰਚ ਦੇ ਧਾਰਨੀ ਨਹੀਂ ਸਨ ਬਲਕਿ ਸਭਨਾਂ ਧਰਮਾਂ ਤੇ ਵਿਚਾਰਧਾਰਾਵਾਂ ਦੇ ਲੋਕਾਂ ਨਾਲ ਸੰਪਰਕ ਪੈਦਾ ਕਰਨ ਦੇ ਮੁਦੱਈ ਸਨ। ਸੋ ਜੇਕਰ ਆਧੁਨਿਕ ਯੁਗ ਵਿਚ ਧਾਰਮਿਕ ਨੇਤਾਵਾਂ ਨੇ ਅੰਤਰ-ਧਰਮ ਸੰਵਾਦ ਲਈ ਸੁਖਾਵਾਂ ਤੇ ਉਪਯੋਗੀ ਮਾਹੌਲ ਸਿਰਜਣਾ ਹੈ ਤਾਂ ਹੋਰਨਾਂ ਧਰਮਾਂ ਦੇ ਲੋਕਾਂ ਤੱਕ ਰਸਾਈ ਦਾ ਰਾਹ ਅਪਨਾਉਣ ਦੀ ਲੋੜ ਹੈ।

ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਉਪਰ ਤੁਰਨ ਤੋਂ ਪੂਰਵ ਜੋ ਕ੍ਰਾਂਤੀਕਾਰੀ ਸੰਦੇਸ਼ ਦਿੱਤਾ ਉਹ ਅੰਤਰ-ਧਰਮ ਸੰਵਾਦ ਦੀ ਇਕ ਕਿਸਮ ਨਾਲ ਕੁੰਜੀ ਹੈ। ਉਨ੍ਹਾਂ ਨਾਅਰਾ ਦਿੱਤਾ :

**ਨਾ ਕੋ ਹਿੰਦੂ ਨਾ ਕੋ ਮੁਸਲਮਾਨ।**

ਉਹ ਸਮਝਦੇ ਸਨ ਕਿ ਮਨੁੱਖ ਜਾਤੀ ਨੂੰ ਸੰਪ੍ਰਦਾਇਕ ਦ੍ਰਿਸ਼ਟੀ ਤੋਂ ਵੱਖੋ-ਵੱਖਰੇ ਵਰਗਾਂ ਵਿਚ

ਵੰਡਣਾ ਬਿਲਕੁਲ ਗ਼ੈਰ-ਮੁਨਾਸਿਬ ਹੈ। ਉਕਤ ਪਹੁੰਚ ਨੇ ਧਾਰਮਿਕ ਕੱਟੜਤਾ ਉੱਤੇ ਗਹਿਰਾ ਪਰਹਾਰ ਕੀਤਾ, ਜਿਸ ਦੇ ਫਲਸਰੂਪ ਸਮਾਜਿਕ ਬਰਾਬਰੀ, ਭਾਈਚਾਰੇ, ਸਹਿਹੋਂਦ ਤੇ ਮੇਲ--ਮਿਲਾਪ ਲਈ ਰਾਹ ਖੁੱਲ੍ਹਿਆ। ਉਹ ਸਮਝਦੇ ਸਨ ਕਿ ਕਿਸੇ ਧਰਮ ਨੂੰ ਵਡਿਆਉਣ ਲਈ ਦੂਜਿਆਂ ਨੂੰ ਨਿੰਦਣਾ ਉਚਿਤ ਨਹੀਂ। ਮੱਕੇ ਵਿਚ ਕਾਜ਼ੀਆਂ ਨੇ ਗੁਰੂ ਸਾਹਿਬ ਨੂੰ ਇਹੀ ਪ੍ਰਸ਼ਨ ਕੀਤਾ ਸੀ ਕਿ ਇਹ ਦੱਸੋ ਕਿ ਕੀ ਮੁਸਲਮਾਨ ਚੰਗੇ ਹਨ ਕਿ ਹਿੰਦੂ? ਗੁਰੂ ਸਾਹਿਬ ਦਾ ਉਨ੍ਹਾਂ ਨੂੰ ਉਤਰ ਸੀ ਕਿ ਸ਼ੁਭ ਅਮਲਾਂ ਬਿਨਾਂ ਦੋਨੋਂ ਹੀ ਨਿਰਾਰਥਕ ਹਨ। ਤੱਤ ਸਾਰ ਇਹ ਹੈ ਕਿ ਕਿਸੇ ਧਰਮਾਵਲੰਬੀ ਦੀ ਵਿਡਿਆਈ ਉਸ ਦੇ ਧਰਮ ਕਰਕੇ ਨਹੀਂ ਬਲਕਿ ਉਸ ਦੇ ਅਮਲੀ ਜੀਵਨ ਤੋਂ ਪਰਖੀ ਜਾਣੀ ਹੈ। ਉਚ ਇਖ਼ਲਾਕੀ ਜੀਵਨ-ਜਾਚ ਲਈ ਪ੍ਰੇਰਿਤ ਕਰਨ ਵਾਲੀਆਂ ਅਨੇਕਾਂ ਘਟਨਾਵਾਂ ਤੇ ਗੋਸ਼ਟਾਂ ਗੁਰੂ ਸਾਹਿਬ ਦੀਆਂ ਉਦਾਸੀਆਂ ਨਾਲ ਸੰਬੰਧਿਤ ਹਨ। ਤ੍ਰਿਆ ਰਾਜ ਦੀਆਂ ਇਸਤਰੀਆਂ ਗੁਰੂ ਬਾਬੇ ਨੂੰ ਵੱਸ ਕਰਨ ਵਿਚ ਵਿਫ਼ਲ ਰਹੀਆਂ, ਅਤੇ ਸ਼ਿਵਨਾਭ ਰਾਜੇ ਦੀਆਂ ਦਾਸੀਆਂ ਵੀ ਗੁਰੂ ਸਾਹਿਬ ਨੂੰ ਮੋਹਿਤ ਕਰਨ ਵਿਚ ਨਾਕਾਮ ਰਹੀਆਂ। ਏਸੇ ਤਰ੍ਹਾਂ ਕਲਿਜੁਗ ਨੇ ਗੁਰੂ ਸਾਹਿਬ ਨੂੰ ਆਪਣੇ ਰਸਤੇ ਤੋਂ ਭਟਕਾਉਣ ਲਈ ਅਨੇਕ ਪ੍ਰਕਾਰ ਦੀਆ ਭੇਟਾਵਾਂ ਭੇਟ ਕੀਤੀਆਂ ਪਰ ਖਾਲੀ ਹੱਥ ਹੀ ਮੁੜਦਾ ਰਿਹਾ। ਉਪਰੋਕਤ ਕਿਸਮ ਦੀਆਂ ਸਾਰੀਆਂ ਘਟਨਾਵਾਂ ਵਿਚ ਜੋ ਇਕ ਤੱਥ ਸਾਂਝਾ ਹੈ, ਉਹ ਇਹ ਹੈ ਕਿ ਸਿਰਫ਼ ਉਸੇ ਧਾਰਮਿਕ ਪਰੁਸ਼ ਦਾ ਧਾਰਮਿਕ ਪ੍ਰਵਚਨ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਜੋ ਖ਼ੁਦ ਉਚੇਇਖ਼ਲਾਕ ਦਾ ਧਾਰਨੀ ਭਾਵ ਨੇਕ ਤੇ ਪਾਕ ਜੀਵਨ-ਜਾਚ ਦੇ ਗਹਿਣੇ ਨਾਲ ਸੁਸਜਿਤ ਹੈ।

ਅੰਤਰ-ਧਰਮ ਸੰਵਾਦ ਕਠੋਰ ਤੇ ਉਗਰ ਮਾਹੌਲ ਵਿਚ ਮੁਮਕਿਨ ਨਹੀਂ। ਧਾਰਮਿਕ ਪੁਰਸ਼ਾਂ ਦੇ ਮੇਲ-ਮਿਲਾਪ ਨੂੰ ਕਿਸੇ ਉਪਯੋਗੀ ਸੰਵਾਦ ਵਿਚ ਬਦਲਣ ਲਈ ਹਰੇਕ ਨੂੰ ਉਦਾਰ ਤੇ ਲਚਕੀਲਾ ਰੁਖ ਧਾਰਨ ਕਰਨ ਦੀ ਲੋੜ ਹੁੰਦੀ ਹੈ। ਗੁਰੂ ਬਾਬੇ ਦੀ ਉਕਤ ਪਹੁੰਚ-ਵਿਧੀ ਨੂੰ ਨਿਰੂਪਤ ਕਰਨ ਵਾਲੀ ਬੜੀ ਸੁੰਦਰ ਸਾਖੀ ਉਨ੍ਹਾਂ ਦੀ ਮੁਲਤਾਨ ਦੀ ਉਦਾਸੀ ਨਾਲ ਸੰਬੰਧਿਤ ਹੈ। ਭਾਈ ਗੁਰਦਾਸ ਲਿਖਦੇ ਹਨ:

ਮੇਲਿਉਂ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ॥
ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਲਾਈ॥
ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧਿ ਵਿਚਿ ਮਿਲਾਈ॥
ਜਿਉ ਸਾਗਰਿ ਵਿਚਿ ਗੰਗ ਸਮਾਈ ॥(1.44)

ਜਿਵੇਂ ਕਿ ਅਬੁਲ ਫ਼ਜ਼ਲ ਦਾ ਕਥਨ ਹੈ ਕਿ ਜਾਦੂਗਰ/ਜਾਦੂਗਰਨੀਆਂ ਮੱਕਰ-ਫਰੇਬ ਰਾਹੀਂ ਲੋਕਾਂ ਵਿਚ ਆਪਣੀ ਸਾਖ ਬਣਾ ਲੈਂਦੇ ਹਨ ਜਿਸ ਨਾਲ ਸੱਚ ਦੀ ਜੀਵਨ-ਜਾਚ ਪ੍ਰਭਾਵਿਤ ਹੋ ਜਾਂਦੀ ਹੈ। ਉਕਤ ਕਿਸਮ ਦੀ ਸਥਿਤੀ ਗੁਰੂ ਸਾਹਿਬ ਨੂੰ ਤ੍ਰਿਆ ਰਾਜ ਦੀਆਂ ਇਸਤਰੀਆਂ ਦੇ ਸੰਬੰਧ ਵਿਚ ਅਤੇ ਖਾਸ ਕਰਕੇ ਸਿੱਧਾਂ-ਨਾਥਾਂ ਨਾਲ ਗੋਸਟਿ ਕਰਨ ਸਮੇਂ ਸਾਹਮਣੇ ਆਈ। ਗੁਰੂ ਸਾਹਿਬ ਦੀ ਅਚਲ ਬਟਾਲੇ ਵਿਚ ਸਿੱਧਾਂ ਨਾਲ ਗੋਸਟਿ ਤੋਂ ਇਹ ਸਬਕ ਮਿਲਦਾ ਹੈ ਕਿ ਰਿਧ-ਸਿਧ ਹਾਸਲ ਕਰਕੇ ਕਰਮਾਤਾਂ ਵਿਖਾਉਣ ਦੀ ਸ਼ਕਤੀ ਦਾ ਦਾਅਵਾ ਕਰਨਾ ਨਿਰਮੂਲ ਹੈ ਕਿਉਂਕਿ ਅਜਿਹੇ ਤਰੀਕੇ ਮਨੁੱਖਤਾ ਤੇ ਸਮਾਜ ਦੇ ਕਲਿਆਣ ਲਈ ਕੋਈ ਯੋਗਦਾਨ ਨਹੀਂ ਪਾ ਸਕਦੇ।

ਅੰਤਰ-ਧਰਮ ਸੰਵਾਦ ਵਿਚ ਤਰਕ/ਦਲੀਲ ਇਕ ਐਸਾ ਨਿਯਮ ਹੈ ਜਿਸ ਨੂੰ ਤਿਲਾਂਜਲੀ ਕਦੇ ਵੀ

ਨਹੀਂ ਦਿੱਤੀ ਜਾ ਸਕਦੀ। ਗੁਰੂ ਬਾਬੇ ਦੀਆਂ ਉਦਾਸੀਆਂ ਦੇ ਅਧਿਐਨ ਤੋਂ ਸਾਫ਼ ਜ਼ਾਹਿਰ ਹੈ ਕਿ ਉਨ੍ਹਾਂ ਨੇ ਲੋਕਾਂ ਨੂੰ ਅੰਧ-ਵਿਸ਼ਵਾਸ, ਅਗਿਆਨਤਾ, ਫੋਕਟ ਕਿਸਮ ਦੇ ਕਰਮ--ਕਾਂਡਾਂ, ਸਮਾਜਿਕ ਅਨਿਆਇ ਆਦਿ ਤੋਂ ਮੁਕਤ ਕਰਨ ਲਈ ਤਰਕ ਨੂੰ ਇਕ ਤੇਜ਼ ਹਥਿਆਰ ਵਾਂਗ ਪ੍ਰਯੋਗ ਕੀਤਾ। ਭਾਵੇਂ ਸੂਰਜ ਗ੍ਰਹਿਣ ਦੇ ਸਮੇਂ ਮਾਸ ਦੇ ਸੇਵਨ ਦਾ ਮਸਲਾ ਸੀ ਜਾਂ ਹਰਿਦੁਆਰ ਵਿਚ ਪਿਤਰਾਂ ਦੀ ਪੂਜਾ ਲਈ ਸੂਰਜ ਨੂੰ ਜਲ ਅਰਪਣ ਕਰਨ ਦੀ ਰਸਮ ਸੀ, ਗੁਰੂ ਸਾਹਿਬ ਨੇ ਆਪਣੇ ਸੰਦੇਸ਼ ਨੂੰ ਲੋਕਾਂ ਦੇ ਮਨਾਂ ਵਿਚ ਬੈਠਾਉਣ ਲਈ ਤਰਕਸੰਗਤ ਪਹੁੰਚ ਹੀ ਜ਼ਰੂਰੀ ਸਮਝੀ।

ਅੰਤਰ-ਧਰਮ ਸੰਵਾਦ ਦਾ ਆਮ ਲੋਕਾਂ ਉਪਰ ਉਚਿਤ ਪ੍ਰਭਾਵ ਤਾਂ ਹੀ ਪੈਂਦਾ ਹੈ ਜੇਕਰ ਇਸ ਵਿਚ ਸ਼ਾਮਿਲ ਹੋਏ ਧਾਰਮਿਕ ਨੇਤਾਵਾਂ/ਵਿਦਵਾਨਾਂ ਨੂੰ ਸਮਾਜ ਸਤਿਕਾਰ ਦੀਆਂ ਨਜ਼ਰਾਂ ਨਾਲ ਵੇਖਦਾ ਹੋਵੇ। ਦੂਜੇ ਸ਼ਬਦਾਂ ਵਿਚ ਕਿਸੇ ਵਿਸ਼ੇਸ਼ ਧਰਮ ਦੇ ਆਗੂ ਦੇ ਵਿਚਾਰਾਂ ਨੂੰ ਅਨਧਰਮੀ ਵੀ ਸਵੀਕਾਰ ਕਰਨ ਤੇ ਸਤਿਕਾਰ ਦੀਆਂ ਨਜ਼ਰਾਂ ਨਾਲ ਦੇਖਣ। ਗੁਰੂ ਸਾਹਿਬ ਦੀ ਪਾਕਪਟਨ ਦੇ ਸ਼ੈਖ ਬ੍ਰਹਮ ਨਾਲ ਗੋਸਟਿ ਵੇਲੇ ਗੁਰੂ ਜੀ ਤੇ ਸ਼ੈਖ ਅੰਤ ਵਿਚ ਬੜੀ ਸਦਭਾਵਨਾ ਤੇ ਹਮਦਰਦੀ ਦੇ ਬਚਨ ਬੋਲ ਕੇ ਇਕ ਦੂਜੇ ਤੋਂ ਵਿਦਾ ਹੁੰਦੇ ਹਨ। ਸਿੱਖ ਪਰੰਪਰਾ ਗੁਰੂ ਸਾਹਿਬ ਨੂੰ ਜਗਤ ਗੁਰੂ ਦੀ ਪਦਵੀ ਨਾਲ ਯਾਦ ਕਰਦੀ ਹੈ। ਉਨ੍ਹਾਂ ਦੀ ਹੋਰਨਾਂ ਧਰਮਾਂ ਦੇ ਲੋਕਾਂ ਵਿਚ ਸਵਿਕ੍ਰਿਤੀ ਤੇ ਸਤਿਕਾਰ ਦੇ ਬਾਰੇ ਨਿਮਨਲਿਖਤ ਵਾਕ ਫ਼ਾਰਸੀ ਦੀਆਂ ਬਹੁਤ ਸਾਰੀਆ ਲਿਖਤਾਂ ਵਿਚ ਉਧਰਿਤ ਕੀਤਾ ਹੋਇਆ ਮਿਲਦਾ ਹੈ :

ਨਾਨਕ ਅਜ਼ ਜਹਾਨ ਰਫਤ ਗ਼ੁਲ ਅਜ਼ ਬਾਗ਼ ਬੈਰੂਨ ਸ਼ੁਦ ਭਾਵ ਗੁਰੂ ਨਾਨਕ ਦਾ ਇਸ ਜਹਾਨ ਤੋਂ ਕੂਚ ਕਰ ਜਾਣਾ ਇਸ ਤਰ੍ਹਾਂ ਦਾ ਸੀ ਜਿਵੇਂ ਬਾਗ਼ ਵਿਚ ਗ਼ੁਲਾਬ ਦਾ ਕੋਈ ਫੁੱਲ ਹੀ ਨਾ ਰਿਹਾ ਹੋਵੇ।ਏਸੇ ਹੀ ਤਰ੍ਹਾਂ ਦੇ ਹਾਵ-ਭਾਵ ਨੂੰ ਪ੍ਰਗਟਾਉਂਦਾ ਇੱਕ ਹੋਰ ਖੂਬਸੂਰਤ ਕਥਨ ਜੋ ਲੋਕਾਂ ਦੀ ਜ਼ੁਬਾਨ ਉੱਤੇ ਬੜਾ ਆਮ ਸੀ:

**ਬਾਬਾ ਨਾਨਕ ਸ਼ਾਹ ਫਕੀਰ, ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ॥**

ਉਕਤ ਕਿਸਮ ਦੀ ਸ਼ਖ਼ਸੀਅਤ ਤੇ ਪ੍ਰਭਾਵ ਵਾਲੇ ਵਿਅਕਤੀ ਹੀ ਅੰਤਰ-ਧਰਮ ਸੰਵਾਦ ਨੂੰ ਕਿਸੇ ਉਸਾਰੂ ਨਤੀਜ਼ੇ 'ਤੇ ਪਹੁੰਚਾਉਣ ਦੇ ਸਮਰੱਥ ਹੁੰਦੇ ਹਨ। ਸਾਨੂੰ ਗੁਰੂ ਸਾਹਿਬ ਦੀ ਉਕਤ ਕਿਸਮ ਦੀ ਪਹੁੰਚ-ਵਿਧੀ ਅਨੁਸਾਰ ਅਜੋਕੇ ਪ੍ਰਸੰਗ ਵਿਚ ਸੰਵਾਦ ਰਚਾਉਣ ਦੀ ਲੋੜ ਹੈ।

**ਬਲਵੰਤ ਸਿੰਘ ਢਿੱਲੋਂ (ਡਾ.)**

E-mail : centresqqs@yahoo.com

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਾਬੀ ਸਾਹਿਤ ਨੂੰ ਦੇਣ

**ਦਲਜੀਤ ਸਿੰਘ**

ਅਸਲ ਵਿਚ ਪੰਜਾਬੀ ਸਾਹਿਤ ਦੇ ਜਨਮਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਜਿਨ੍ਹਾਂ ਨੇ ਨਾ ਕੇਵਲ ਆਕਾਰ ਪੱਖੋਂ ਵਰਨਣਯੋਗ ਰਚਨਾ ਕੀਤੀ ਹੈ, ਸਗੋਂ ਪੰਜਾਬੀ ਕਵਿਤਾ ਦੀ ਲੀਹ ਚਲਾਈ ਹੈ, ਜਿਸ ਨੂੰ ਭਗਤਾਂ, ਕਵੀਆਂ, ਸਾਹਿਤਕਾਰਾਂ  ਨੇ ਇਸ ਰੀਤ ਨੂੰ ਕਾਇਮ ਰੱਖਿਆ ਹੈ। ਪੰਜਾਬੀ ਬੋਲੀ ਦਾ ਪ੍ਰਭਾਵ ਨਾਥ ਜੋਗੀਆਂ ਅਤੇ ਬਾਬਾ ਫ਼ਰੀਦ ਜੀ ਵੇਲੇ ਤੋਂ ਚਲਦਾ ਆ ਰਿਹਾ ਹੈ ਪਰ ਉਸ ਦਾ ਸਾਹਿਤਕ ਰੂਪ ਅਸਲ ਵਿਚ ਗੁਰੂ ਨਾਨਕ ਦੇਵ ਜੀ ਦੇ ਹੱਥਾਂ ਵਿਚ ਹੀ ਬਣਦਾ ਹੈ। ਉਹਨਾਂ ਨੇ ਲੋਕ ਬੋਲੀ ਨੂੰ ਸਾਹਿਤਕ ਬੋਲੀ ਬਣਾਉਣ ਵਿਚ ਅਤੇ ਸਦੀਵੀ ਰੱਖਣ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਬੇਸ਼ਕ ਪੰਜਾਬੀ ਕਵਿਤਾ ਦੇ ਨਮੂਨੇ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਮਿਲਦੇ ਹਨ ਪਰ ਪੰਜਾਬੀ ਸਾਹਿਤ ਦੇ ਬਾਨੀ ਗੁਰੂ ਨਾਨਕ ਦੇਵ ਜੀ ਹਨ। "ਗੁਰੂ ਨਾਨਕ ਦੇਵ ਜੀ ਇਕ ਯੁਗ ਪੁਰਸ਼ ਸਨ ਤੇ ਬਹੁ-ਪੱਖੀ ਵਿਅਕਤਿਤਵ ਦੇ ਸੁਆਮੀ ਸਨ। ਉਨ੍ਹਾਂ ਦੇ ਵਿਅਕਤਿਤਵ ਵਿਚ ਇਕ ਮਹਾਨ ਆਗੂ, ਨਿਪੁੰਨ ਕਲਾਕਾਰ, ਨਿਧੜਕ ਸੁਧਾਰਕ, ਸੁਹਿਰਦ ਉਪਦੇਸ਼ਕ, ਅਣਥੱਕ ਸੈਲਾਨੀ, ਸਫ਼ਲ ਕਵੀ ਅਤੇ ਮਧੁਰ ਕੰਠ ਵਾਲੇ ਗਾਇਕ ਦੇ ਗੁਣਾਂ ਦਾ ਸਮਾਵੇਸ਼ ਸੀ।

ਗੁਰੂ ਨਾਨਕ ਸਾਹਿਬ ਨੇ 19 ਰਾਗਾਂ ਵਿਚ (974 ਸ਼ਬਦ) ਬਾਣੀ ਉਚਾਰਨ ਕੀਤੀ। ਗੁਰੂ ਨਾਨਕ ਸਾਹਿਬ ਦੁਆਰਾ ਰਚਿਤ ਵਿਸ਼ੇਸ਼ ਬਾਣੀਆਂ ਜਪੁ, ਸਿਧ ਗੋਸਟਿ, ਪਟੀ, ਦੱਖਣੀ ਓਅੰਕਾਰ, ਬਾਰਹਮਾਹਾ, ਥਿਤੀ, ਪਹਰੇ, (ਮਾਝ, ਮਲਾਰ ਤੇ ਆਸਾ) ਤਿੰਨ ਵਾਰਾਂ ਤੋਂ ਬਿਨ੍ਹਾਂ ਸ਼ਲੋਕ, ਸ਼ਬਦ, ਸੋਹਿਲੇ, ਅਲਾਹਣੀਆਂ ਆਦਿ ਵਰਨਣਯੋਗ ਰਚਨਾਵਾਂ ਹਨ। ਗੁਰੂ ਨਾਨਕ ਦੇਵ ਜੀ ਦੀ ਪ੍ਰਮਾਣਿਕ ਕਾਵਿ ਰਚਨਾ ਨੂੰ ਪ੍ਰਮੁੱਖ ਰੂਪ ਵਿਚ ਚਾਰ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ ਅਤੇ ਇਸ ਨੂੰ ਚਿੱਤਰ ਰਾਹੀਂ ਦਰਸਾਇਆ ਗਿਆ ਹੈ।

**ਚਾਰ ਵਰਗ**

| ਵੱਡੇ ਆਕਾਰ ਦੀ ਰਚਨਾ<br>ਤਿੰਨ ਹਿੱਸਿਆ | ਨਿੱਕੇ ਆਕਾਰ ਦੀ ਰਚਨਾ<br>ਛੇ | ਵਾਰਾਂ<br>ਤਿੰਨ | ਫੁਟਕਲ<br>ਪੰਜ |
|---|---|---|---|
| 1.**ਸਿੱਧਾਂਤ ਆਧਾਰਿਤ**<br>**ਜਪੁ** (ਰਾਗ ਰਹਿਤ)<br>**ਸਿਧ ਗੋਸਟਿ** (ਰਾਮਕਲੀ)<br>2.**ਵਰਣਮਾਲਾ ਆਧਾਰਿਤ**<br>**ਓਅੰਕਾਰ** (ਰਾਮਕਲੀ ਰਾਗ)<br>**ਪਟੀ** (ਵਰਣਾ ਆਧਾਰਿਤ)<br>3. **ਕਾਲ-ਮਾਨ-ਆਧਾਰਿਤ**<br>**ਬਾਰਹਮਾਹਾ** (ਤੁਖਾਰੀ ਰਾਗ)<br>**ਥਿਤੀ** (ਬਿਲਾਵਲ ਰਾਗ) | 1. **ਪਹਰੇ** (ਸਿਰੀ ਰਾਗ)<br>2. **ਸੋਦਰੁ** (ਆਸਾ ਰਾਗ)<br>3. **ਅਲਾਹਣੀਆ** (ਵਡਹੰਸ ਰਾਗ)<br>4. **ਆਰਤੀ** (ਧਨਾਸਰੀ ਰਾਗ)<br>5. **ਕੁਚਜੀ** (ਸੂਹੀ ਰਾਗ)<br>6. **ਸੁਚਜੀ** (ਸੂਹੀ ਰਾਗ) | 1. **ਮਾਝ ਦੀ ਵਾਰ**- ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ<br>2. **ਆਸਾ ਦੀ ਵਾਰ**- ਟੁੰਡੇ ਅਸਰਾਜੇ ਕੀ ਧੁਨੀ<br>3. **ਮਲਾਰ ਦੀ ਵਾਰ**-ਰਾਣਾ ਕੈਲਾਸ਼ ਤਥਾ ਮਾਲੇ ਦੇ ਕੀ ਧੁਨੀ | 1.**ਚਉਪਦੇ** (ਛੰਦ ਵਿਧਾਨ)<br>2. **ਅਸ਼ਟਪਦੀਆ** (ਛੰਦ ਪ੍ਰਬੰਧ<br>3. ਛੰਤ (ਗਉੜੀ, ਆਸਾ, ਵਡਹੰਸ, ਧਨਾਸਰੀ, ਸੂਹੀ, ਬਿਲਾਵਲ ਤੁਖਾਰੀ)<br>4. **ਸੋਲਹੇ** (ਮਾਰੂ ਰਾਗ)<br>5. **ਸ਼ਲੋਕ 260** (115 ਵਾਰਾਂ), 145 (107 ਹੋਰਨਾਂ ਗੁਰੂਆਂ) |

ਗੁਰੂ ਸਾਹਿਬ ਦੀ ਸ਼ਾਹਕਾਰ ਰਚਨਾ 'ਜਪੁ' ਜਿਸ ਨੂੰ ਅਸੀ ਸਤਿਕਾਰ ਨਾਲ 'ਜਪੁਜੀ ਸਾਹਿਬ' ਆਖਦੇ ਹਾਂ, ਨੂੰ ਗੁਰੁ ਸਾਹਿਬ ਨੇ ਪੰਜਾਬੀ ਸਾਹਿਤ ਵਿਚ ਪ੍ਰਬੰਧ ਕਾਵਿ ਦੀ ਉੱਤਮ ਕਿਰਤ ਵਜੋਂ ਰਚਿਆ ਹੈ।"'ਜਪੁ' ਸੂਤ੍ਰਿਕ ਸ਼ੈਲੀ ਦੀ ਰਚਨਾ ਹੈ। ਗਾਗਰ ਵਿਚ ਸਾਗਰ ਭਰਨ ਦੀ ਇਹ ਸੁੰਦਰ ਉਦਾਹਰਣ ਹੈ।" ਜਿਸ ਲਈ ਉਹਨਾਂ ਨੇ ਹਰਮਨ ਪਿਆਰੇ ਲੋਕ-ਛੰਦ ਪਉੜੀ ਦੀ ਵਰਤੋਂ ਕੀਤੀ ਹੈ ਅਤੇ ਬਿਨਾਂ ਕਿਸੇ ਰਾਗ ਤੋਂ ਉਚਾਰਿਆ ਹੈ। ਇਸ ਵਿਚ ਇਕ ਬਹੁਤ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਆਰੰਭਕ ਪਉੜੀ ਵਿਚ ਆਏ ਮੂਲ ਮੰਤਰ ਦੀ ਵਿਆਖਿਆ ਪੂਰੀ ਜਪੁਜੀ ਸਾਹਿਬ ਰਚਨਾ ਦੇ ਵਿਚੋਂ ਦੇਖੀ ਜਾ ਸਕਦੀ ਹੈ ਅਤੇ ਜਪੁਜੀ ਸਾਹਿਬ ਦਾ ਪੂਰਾ ਵਿਸਥਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਰਚਨਾ ਵਿਚ ਵੇਖਿਆ ਜਾ ਸਕਦਾ ਹੈ। "ਇਸ ਰਚਨਾ ਦੇ ਆਰੰਭ ਵਿਚ 14 ਸ਼ਬਦਾਂ ਦਾ ਬ੍ਰਹਮ ਪਰਿਚਾਇਕ ਇਕ ਮੰਗਲਾਚਰਣ ਹੈ, ਜਿਸ ਵਿਚ ਸਿੱਖ ਧਰਮ ਦੇ ਸਿੱਧਾਤਾਂ ਦਾ ਬੀਜ ਮਿਲ ਜਾਂਦਾ ਹੈ।" ਪਰ ਇਸ ਦੀ ਪ੍ਰਾਪਤੀ ਲਈ ਮੂਲਮੰਤਰ ਵਿਚ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੀ ਵਿਆਖਿਆ ਕਰਦਿਆਂ ਕੇਵਲ ਅਤੇ ਕੇਵਲ ਇਕ ਸੱਚੇ ਗੁਰੂ ਰਾਹੀਂ ਹੀ ਪਰਮਾਤਮਾ ਤੱਕ ਪਹੁੰਚਣ ਦੇ ਰਾਹ ਨੂੰ ਵੀ ਦ੍ਰਿੜ੍ਹ ਕੀਤਾ ਹੈ। ਨਾਮ ਅਤੇ ਨਾਮੀ ਵਿਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਨਹੀਂ ਹੈ, ਦੋਵੇਂ ਇਕ ਹਨ। ਨਾਮ ਨਾਮੀ ਦਾ ਪ੍ਰਤੀਕ ਹੈ। ਸਤਿਨਾਮ ਹੀ ਕਰਤਾ ਪੁਰਖ, ਇਕ ਅਤੇ ਓਅੰਕਾਰ ਹੈ।

**੧ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

ਗੁਰੂ ਸਾਹਿਬ ਨੇ ਇਸ ਬਾਣੀ ਦੀ ਰਚਨਾ ਵਿਚ ਅਤੇ ਕਈ ਹੋਰ ਬਾਣੀਆਂ ਦੀ ਰਚਨਾ ਵਿਚ ਪ੍ਰਸ਼ਨੋਤਰੀ ਵਿਧੀ ਦੀ ਵੀ ਵਰਤੋਂ ਕੀਤੀ ਹੈ। ਖੂਬਸੂਰਤੀ ਇਸ ਗੱਲ ਵਿਚ ਹੈ ਕਿ ਜਗਿਆਸੂ ਵਾਂਗ ਗੁਰੂ ਸਾਹਿਬ ਆਪਣੀ ਰਚਨਾ ਵਿਚ ਪ੍ਰਸ਼ਨ ਕਰਦੇ ਹਨ ਅਤੇ ਨਾਲ ਦੀ ਨਾਲ ਸੰਵਾਦ ਰਚਾਉਂਦੇ ਉੱਤਰ ਵੀ ਦੇ ਜਾਂਦੇ ਹਨ। ਮਨੁੱਖੀ ਆਤਮਾ ਸੱਚੇ ਆਚਰਣ ਵਿਚ ਆਪਣੇ ਆਪ ਨੂੰ ਢਾਲ ਕੇ ਹੀ ਉਸ ਸਚਿਆਰ ਨਾਲ, ਜੋ ਆਦਿ ਸੱਚ ਹੈ, ਜੁਗਾਦਿ ਸੱਚ ਹੈ, ਹੁਣ ਵੀ ਸੱਚ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਸੱਚ ਹੀ ਰਹੇਗਾ, ਸਦੀਵੀ ਪ੍ਰਭੂ ਨਾਲ ਮੇਲ ਕਰ ਸਕਦੀ ਹੈ। ਆਮ ਕਰਕੇ ਮੁੱਖ ਸਮੱਸਿਆ ਇਹ ਹੈ ਕਿ ਮਨੁੱਖੀ ਆਤਮਾ ਦਾ ਸਚਿਆਰ ਨਾਲ ਕਿਸ ਤਰ੍ਹਾਂ ਮੇਲ ਹੋਵੇ ਅਤੇ ਵਿਕਾਰ ਕਿਵੇਂ ਦੂਰ ਕੀਤੇ ਜਾ ਸਕਣ। ਇਸ ਦਾ ਵੇਰਵਾ ਬਾਣੀ ਵਿਚ ਵਿਅਕਤ ਕੀਤਾ ਗਿਆ ਹੈ।

**ਕਿਵ ਸਚਿਆਰਾ ਹੋਈਐ, ਕਿਵ ਕੂੜੇ ਤੁਟੇ ਪਾਲਿ॥**

ਗੁਰੂ ਜੀ ਨੇ ਇਸ ਦਾ ਉੱਤਰ ਅਗਲੀ ਹੀ ਪੰਗਤੀ ਵਿਚ ਦੇ ਕੇ ਸਾਰੇ ਵਹਿਮ ਭਰਮ ਦੂਰ ਕਰ ਦਿੱਤੇ ਹਨ।

**ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ॥**

"ਸਦਾਚਾਰ ਨੀਤੀ ਆਤਮਿਕ ਭਵਨ ਦਾ ਆਧਾਰ ਹਨ। ਜਦ ਤਕ ਕਿ ਸਦਾਚਾਰਕ ਗੁਣ ਪੈਦਾ ਨਾ ਕੀਤੇ ਜਾਣ , ਜਿਗਿਆਸੂ ਆਤਮਿਕ ਸੱਤਾ ਦੀ ਉੱਚੀ ਪੱਧਰ ਤੇ ਨਹੀਂ ਪਹੁੰਚ ਸਕਦਾ। ਕਰਮ, ਗਿਆਨ ਅਤੇ ਸ਼ਰਧਾ ਦੇ ਸੰਤੁਲਿਤ ਮੇਲ ਦੀ ਜਰੂਰਤ ਹੈ।" ਗੁਰੂ ਸਾਹਿਬ ਨੇ ਸੱਚ ਨੂੰ ਸਭ ਤੋਂ ਅਹਿਮ ਮੰਨਿਆਂ, ਪਰ ਸੱਚੇ ਸੁੱਚੇ ਵਿਹਾਰ ਨੂੰ ਸੱਚ ਤੋਂ ਵੀ ਅੱਵਲ ਥਾਂ ਦਿੱਤਾ ਹੈ।

**ਸਚਹੁ ਓਰੈ ਸਭ ਕੋ ਊਪਰਿ ਸਚੁ ਆਚਾਰੁ॥**

ਇਸੇ ਰਚਨਾ ਰਾਹੀ ਹਰ ਸ਼ਰਧਾਲੂ ਸਿੱਖ ਨੂੰ ਪਰਮਾਤਮਾ ਤੱਕ ਪਹੁੰਚਣ ਦਾ ਮਾਰਗ ਦ੍ਰਿੜ ਕੀਤਾ ਹੈ। ਉਹਨਾਂ ਅਨੁਸਾਰ ਧਰਮ ਦੇ ਸਹੀ ਮਾਰਗ ਤੇ ਚੱਲਣ ਵਾਲਾ, ਗਿਆਨ ਨੂੰ ਅਮਲੀ ਰੂਪ ਵਿਚ ਢਾਲਣ ਵਾਲਾ, ਸੁੱਚੇ ਅਤੇ ਨੇਕ ਕਰਮ ਕਰਨ ਵਾਲਾ, ਮਾਨਸਿਕ ਉੱਚਤਾ ਅਤੇ ਸੁੱਚਤਾ ਭਾਵ ਸਰਮ ਤਾ ਧਾਰਨੀ ਹੀ ਸੱਚ ਖੰਡ ਦੀ ਪ੍ਰਾਪਤੀ ਕਰਨ ਤੇ ਕਾਬਲ ਹੋ ਜਾਂਦਾ ਹੈ। ਉਦਾਸੀਆਂ ਦੌਰਾਨ ਆਪ ਜਿਥੇ ਵੀ ਜਾਂਦੇ ਰਹੇ ਲੋਕਾਂ ਨੂੰ ਕਰਮ-ਕਾਂਡਾ, ਵਹਿਮ-ਭਰਮ, ਰਸਮ-ਰਿਵਾਜ਼ ਅਤੇ ਵਿਖਾਵੇ ਤੇ ਭੇਖਾਂ ਨੂੰ ਤਿਆਗ ਕੇ ਸੱਚਾ ਤੇ ਸੁੱਚਾ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੰਦੇ ਹਨ। ਸੱਚ ਦੀ ਪਛਾਣ ਕਰਨ ਲਈ ਹਉਮੈ ਨੂੰ ਤਿਆਗ ਕੇ ਨਿਰੋਲ ਜੀਵਨ ਵਿਚ ਰਹਿ ਕੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਜਾਲ ਵਿਚ ਨਾ ਫਸੇ, ਅੰਦਰੂਨੀ ਤੌਰ' ਤੇ ਸਦਾਚਾਰਕ ਗੁਣ ਅਖਤਿਆਰ ਕਰੇ। ਇਕੋ ਪਰਮਾਤਮਾ ਨੂੰ ਮੰਨ ਕੇ ਉਸ ਦੀ ਭਗਤੀ ਕਰੇ, ਕਿਉਂਕਿ ਉਸ ਅਕਾਲ ਪੁਰਖ ਤੋਂ ਵੱਡਾ ਹੋਰ ਕੋਈ ਨਹੀਂ ਹੈ।

**ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ॥**
**ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇਇ॥**
**ਤੁਧੁ ਬਾਝੁ ਪਿਆਰੇ ਕੇਵ ਰਹਾ॥**
**ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗ ਰਹਾ॥**

"ਇਸ ਰਚਨਾ ਦੇ ਅੰਤ ਵਿਚ ਪੰਜ ਖੰਡਾਂ ਜਾਂ ਅਵਸਥਾਵਾਂ ਦੀ ਕਲਪਨਾ ਕੀਤੀ ਗਈ ਹੈ। ਇਹ ਗੁਰੂ ਨਾਨਕ ਦੀ ਮੌਲਿਕ ਕਲਪਨਾ ਹੈ ਅਤੇ ਇਹ ਪੰਜੇ ਖੰਡ ਉਤਰੋਤਰ ਸੂਖਮ ਹੁੰਦੇ ਗਏ ਹਨ। ਸੂਫ਼ੀਆਂ ਦੀਆਂ ਚਾਰ ਅਵਸਥਾਵਾਂ (ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਹਕੀਕਤ) ਜਾਂ ਪੰਜ ਲੋਕਾਂ (ਨਾਸੂਤ, ਮਲਕੂਤ, ਜਬਰੂਤ, ਲਾਹੂਤ ਅਤੇ ਹਾਹੂਤ) ਤੋਂ ਇਹ ਖੰਡ ਬਿਲਕੁਲ ਭਿੰਨ ਹਨ ਅਤੇ ਭਾਰਤੀ ਦਰਸ਼ਨ ਦੀਆਂ ਚਾਰ ਅਵਸਥਾਵਾਂ (ਜਾਗ੍ਰਿਤ, ਸੁਪਨ, ਸੁਖਪਤੀ ਅਤੇ ਤਰੀਆਂ) ਨਾਲ ਵੀ ਇਨ੍ਹਾਂ ਦਾ ਕੋਈ ਮੇਲ ਨਹੀਂ ਹੈ।

**ਸਚਖੰਡਿ ਵਸੈ ਨਿਰੰਕਾਰੁ ਕਰਿ ਕਰਿ ਵੇਖੈ ਨਦਰਿ ਨਿਹਾਲ॥**

ਇਸ ਬਾਣੀ ਦੇ ਅੰਤ ਵਿਚ ਬੜੇ ਸੁੱਚਜੇ ਢੰਗ ਨਾਲ ਸ਼ਰਧਾਲੂ ਦੀ ਜਿੱਤ ਦੀ ਉਸਤਤ ਇਸ ਪ੍ਰਕਾਰ ਕੀਤੀ ਗਈ ਹੈ

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ,**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥**

ਸਿਧ ਗੋਸਟਿ ਸ਼ਬਦਾਰਥ ਦੀ ਦ੍ਰਿਸ਼ਟੀ ਤੋਂ ਭਲੀ ਭਾਂਤ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਵਿਚ ਸਿੱਧਾਂ ਨਾਲ ਹੋਇਆ ਗੁਰੂ ਨਾਨਕ ਜੀ ਦਾ ਸੰਵਾਦ ਹੈ, ਪਰ ਅੰਦਰੂਨੀ ਤੌਰ' ਤੇ ਪੂਰਣ ਰੂਪ ਮਿਲਾਪ ਵੀ ਹੋ ਸਕਦਾ ਹੈ। ਜਿਵੇਂ "ਨਾਮਿ ਰਤੇ ਸਿਧ ਗੋਸਟਿ ਹੋਇ"। ਇਸ ਤੋਂ ਭਾਵ ਇਹ ਹੈ ਕਿ ਪ੍ਰਭੂ ਭਗਤੀ ਵਿਚ ਲੀਨ ਹੋਣ ਉਪਰੰਤ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ। ਬਾਰਹਮਾਹਾ ਵਿਚ ਜੀਵਾਤਮਾ ਦੀ ਪਰਮਾਤਮਾ ਨਾਲ ਇਕਾਤਮਕਤਾ ਦੀ ਪ੍ਰਕ੍ਰਿਆ ਨੂੰ ਦਰਸਾਇਆ ਗਿਆ ਹੈ ਇਹ ਪ੍ਰਕ੍ਰਿਆ ਵਿਯੋਗ ਤੋਂ

ਸੰਯੋਗ ਵੱਲ ਸਹਿਜਤਾ ਨਾਲ ਨਿਰੰਤਰ ਵਿਕਾਸ ਕਰਦੀ ਨਜ਼ਰ ਆਉਂਦੀ ਹੈ। ਇਹ ਇਕ ਅਜਿਹਾ ਕਾਵਿ ਰੂਪ ਹੈ ਜੋ ਪਹਿਲਾਂ 11 ਮਹੀਨਿਆਂ ਵਿਚ ਵਿਯੋਗ ਅਤੇ ਅੰਤਿਮ ਪੜਾਅ ਵਿਚ ਸੰਯੋਗ ਸੁਖ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਜੀ ਦੱਸਦੇ ਹਨ "ਤਾਂ ਮਿਲੀਐ ਪ੍ਰਭ ਮੇਲੇ ਦੂਜੇ ਭਾਇ ਖੁਈ" ਬਾਰਹਮਾਹਾ ਨੂੰ ਸਾਲ ਦੇ ਬਾਰਾਂ ਮਹਿਨਿਆਂ ਦੌਰਾਨ ਪ੍ਰਭੂ ਪ੍ਰੀਤਮ ਤੋਂ ਵਿਛੜੀ ਆਤਮਾ ਦੇ ਬਿਰਹੋਂ ਦੀ ਸੰਵੇਦਨਾ ਲਈ ਰਚਿਆ ਸੀ। ਥਿਤੀ ਨੂੰ ਦਿਨਾਂ ਤੇ ਆਧਾਰ ਤੇ ਰਚਿਆ ਹੈ ਕਿਉਂਕਿ ਲੋਕਾਂ ਵਿਚ ਅੰਧ ਵਿਸ਼ਵਾਸ਼ ਹੋਣ ਕਾਰਨ ਦਿਨਾਂ, ਵਾਰਾਂ, ਥਿਤੀਆਂ ਆਦਿ ਸੰਬੰਧੀ ਕਈ ਤਰ੍ਹਾਂ ਦੇ ਭੁਲੇਖੇ ਪ੍ਰਚਲਿਤ ਸਨ, ਪਰ ਗੁਰੂ ਨਾਨਕ ਦੇਵ ਜੀ ਇਹਨਾਂ ਧਾਰਨਾਵਾਂ ਦੇ ਵਿਰੋਧੀ ਸਨ। ਕਹਿਣ ਤੋਂ ਭਾਵ ਇਹ ਹੈ ਕਿ ਉਹ ਸਭ ਘੜੀਆਂ, ਥਿਤੀਆਂ ਨੂੰ ਇਕ ਸਮਾਨ ਰੂਪ ਵਿਚ ਦਰਸਾਉਂਦੇ ਸਨ। ਇਸ ਪ੍ਰਕਾਰ ਇਹ ਸਾਰੇ ਕਾਵਿ ਰੂਪ ਪਹਿਲੀ ਵਾਰ ਕਿਸੇ ਸਾਹਿਤਕਾਰ ਦੀ ਕਲਮ ਦਾ ਸ਼ਿੰਗਾਰ ਬਣੇ ਹਨ।

ਜਿਨ੍ਹਾਂ ਸਾਹਿਤ ਰੂਪਾਂ ਨੂੰ ਕਦੇ ਕਿਸੇ ਨੇ ਹੱਥ ਨਹੀਂ ਪਾਇਆ, ਗੁਰੂ ਸਾਹਿਬ ਨੇ ਆਪਣੀ ਰਚਨਾ ਦਾ ਮਾਧਿਅਮ ਬਣਾ ਲਿਆ, ਇਸ ਤਰ੍ਹਾਂ ਪਹਰੇ ਦਿਨ ਦੇ ਪਹਿਰਾਂ ਦੇ ਅਧਾਰਿਤ ਰਚਨਾ ਹੈ। ਸਿਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੇ ਦੋ ਪਹਰੇ ਰਚਿਤ ਹਨ। ਪਹਿਲੇ ਪਹਰੇ ਵਿਚ ਗੁਰੂ ਸਾਹਿਬ ਨੇ ਚਾਰ ਪਹਿਰਾਂ ਨੂੰ ਗਰਭ, ਬਾਲ, ਯੁਵਾ ਅਤੇ ਬੁਢਾਪਾ ਅਵਸਥਾਵਾਂ ਅਤੇ ਦੂਜੇ ਪਹਰੇ ਬਾਲ, ਯੁਵਾ, ਪ੍ਰੌੜ੍ਹ ਅਤੇ ਬੁਢਾਪਾ ਚਾਰੇ ਅਵਸਥਾਵਾਂ ਦਰਸਾਈਆਂ ਗਈਆਂ ਹਨ। ਸੋਦਰੁ 'ਆਦਿ ਗ੍ਰੰਥ' ਵਿਚ ਆਸਾ ਰਾਗ ਵਿਚ ਰਚਿਆ ਹੈ। ਭਾਈ ਕਾਨ੍ਹ ਸਿੰਘ ਅਨੁਸਾਰ, "ਇਸ ਦੇ ਮੁੱਢ - ਸੋਦਰੁ ਕੇਹਾ ਸੋ ਘਰੁ ਕੇਹਾ- ਪਾਠ ਹੋਣ ਕਰਕੇ ਇਹ ਸੰਗਯਾ ਹੋ ਗਈ ਹੈ। ਜਿਵੇਂ ਈਸ਼ ਸ਼ਬਦ ਆਦਿ ਹੋਣ ਕਾਰਣ ਉਪਨਿਸ਼ਦ ਦਾ ਨਾਉਂ ਈਸ਼ਵਾਸ੍ਯ ਹੋ ਗਿਆ ਹੈ, ਕੇਨੇਸ਼ਿਤੰ ਪਦ ਕਰਕੇ ਕੇਨ ਉਪਨਿਸ਼ਦ ਸਦਾਉਂਦੀ ਹੈ।" ਇਸ ਵਿਚ ਪ੍ਰਭੂ ਦੇ ਦੁਆਰ ਦੀ ਪ੍ਰਸ਼ੰਸਾ ਕੀਤੀ ਗਈ ਹੈ ਜਿਥੇ ਹਰ ਕੋਈ ਨਿਉਂ ਕੇ ਪ੍ਰਭੂ ਦਾ ਗੁਣਗਾਨ ਕਰ ਰਿਹਾ ਹਨ। ਅਤੇ ਪਰਮਾਤਮਾ ਆਪਣੀ ਦ੍ਰਿਸ਼ਟੀ ਸਭ ਤੇ ਬਣਾ ਕੇ ਰੱਖ ਰਿਹਾ ਹੈ। ਇਹ ਸ਼ਬਦ ਜਪੁ ਦੀ 27 ਵੀਂ ਪਉੜੀ ਨਾਲ ਕਾਫ਼ੀ ਸਮਾਨਤਾ ਰੱਖਦਾ ਪ੍ਰਤੀਤ ਹੋ ਰਿਹਾ ਹੈ।

ਅਲਾਹੁਣੀਆਂ ਵਿਚ ਵਿਰਾਗਮਈ ਵਿਚਾਰਾਂ ਦਾ ਵਰਨਣ ਉਹਨਾਂ ਤੋਂ ਪਹਿਲਾਂ ਹੋਇਆ ਨਹੀਂ ਲੱਭਦਾ। ਇਹ ਪੰਜਾਬੀ ਦੇ ਸੋਗਮਈ ਲੋਕ ਗੀਤਾਂ ਦੀ ਇਕ ਵਿਧਾ ਹੈ। ਇਸ ਵਿਚ ਆਮ ਕਰਕੇ ਮ੍ਰਿਤ ਵਿਅਕਤੀ ਦੇ ਗੁਣਾਂ ਨੂੰ ਆਧਾਰ ਬਣਾ ਕੇ ਦੁਖਦਾਇਕ ਸੁਰ ਵਿਚ ਉਸਤਤ ਕੀਤੀ ਜਾਂਦੀ ਹੈ। "ਜਨਮ ਤੇ ਮੌਤ ਜੀਵਨ ਦੀਆਂ ਅਟੱਲ ਸਚਾਈਆਂ ਹਨ। ਇਸ ਦਾ ਵਿਆਪਕ ਖੇਤਰ ਹੋਣ ਕਾਰਨ ਸੰਸਾਰ ਦੀ ਕੋਈ ਵਸਤੂ ਇਸ ਤੋਂ ਬਚ ਨਹੀਂ ਸਕੀ। ਭਾਵ ਮੌਤ ਇਕ ਸੱਚ ਹੈ। ਗੁਰੂ ਨਾਨਕ ਦੇਵ ਜੀ ਨੇ ਵੀ 'ਅਲਾਹਣੀਆਂ' ਸਿਰਲੇਖ ਹੇਠ ਪੰਜ ਸ਼ਬਦਾਂ ਦੀ ਰਚਨਾ ਕੀਤੀ ਹੈ। ਇਹ ਸ਼ਬਦ ਵਡਹੰਸ ਰਾਗ ਵਿਚ ਹਨ, ਜਿਸ ਦਾ ਦਰਜਾ ਸ੍ਰੀ ਗੁਰੂ ਗ੍ਰੰਥ ਵਿਚ ਅੱਠਵਾਂ ਹੈ। ਇਹ ਜਗ ਇਕ ਛਲਾਵਾ ਹੈ। ਅਸਲੀ ਸਥਾਨ ਕੇਵਲ ਉਸ ਪਰਮੇਸ਼ਰ ਦੀ ਭਗਤੀ ਕਰਨ ਉਪਰੰਤ ਪ੍ਰਾਪਤ ਹੁੰਦਾ ਹੈ। ਜੇਕਰ ਮਨੁੱਖ ਇਸ ਜਨਮ ਵਿਚ ਵੀ ਵਿਸ਼ੇ ਵਿਕਾਰਾਂ ਵਿਚ ਜਕੜਿਆ ਰਹਿੰਦਾ ਹੈ ਤਾਂ ਉਸ ਦੀ ਸਹੁਰੇ ਘਰ ਭਾਵ ਪਰਲੋਕ ਵਿਚ ਵੀ ਕੋਈ ਬਾਂਹ ਨਹੀਂ ਫੜਦਾ। ਪਰਮਾਤਮਾ ਦੇ ਘਰ ਵਿਚ ਅਜਿਹੇ ਵਿਅਕਤੀ ਲਈ ਕੋਈ ਜਗ੍ਹਾ ਨਹੀਂ ਹੁੰਦੀ। ਉਸਦੀ ਹਾਲਤ ਇੱਕ ਕਾਂ ਦੇ ਸਮਾਨ ਹੁੰਦੀ ਹੈ ਜੋ ਸੁੰਞੇ ਘਰ ਆਉਂਦਾ ਤਾਂ ਹੈ ਪਰ ਬਿਨ ਬੁਲਾਇਆ ਕਾਂ-ਕਾਂ ਕਰਦਾ ਉੱਡ ਜਾਂਦਾ ਹੈ।

**ਬਾਬਾ ਆਇਆ ਹੈ ਉਠਿ ਚਲਣਾ, ਇਹ ਜਗੁ ਝੂਠ ਪਸਾਰੋਵਾ॥**
**ਸਚਾ ਘਰੁ ਸਚੜੈ ਸੇਵੀਐ, ਸਚੁ ਖਰਾ ਸਚਿਆਰੋਵਾ॥**
**ਕੂੜਿ ਲਬਿ ਜਾਂ ਥਾਇ ਨਾ ਪਾਸੀ, ਆਗੈ ਲਹੈ ਨ ਠਾਉ॥**
**ਅੰਤਰਿ ਆਉ ਨ ਬੈਸਹੁ ਕਹੀਐ, ਜਿਉ ਸੁੰਞੈ ਘਰ ਕਾਉ॥**

ਪਰਮਾਤਮਾ ਸਾਰੇ ਜੀਵ ਜੰਤੂਆਂ ਨੂੰ ਆਪ ਪੈਦਾ ਕਰਦਾ ਹੈ ਅਤੇ ਪੈਦਾ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਭੋਜਨ ਦਾ ਵੀ ਪ੍ਰਬੰਧ ਕਰਦਾ ਅਤੇ ਰੱਖਿਆ ਵੀ ਆਪ ਕਰਦਾ ਹੈ। ਉਹ ਜਿਥੇ ਇਹਨਾਂ ਨੂੰ ਪੈਦਾ ਕਰਦਾ ਹੈ, ਉਥੇ ਉਨ੍ਹਾਂ ਦਾ ਨਾਸ਼ ਵੀ ਆਪ ਹੀ ਕਰਦਾ ਹੈ। ਉਹ ਹਰ ਗੱਲ ਤੋਂ ਜਾਣੂ ਹੈ। ਇਸ ਸੰਸਾਰ ਦੀ ਖੇਡ ਉਸ ਦੇ ਹੁਕਮ ਅਧੀਨ ਚਲ ਰਹੀ ਹੈ।

**ਨਾਨਕ ਜੰਤ ਉਪਾਇਕੈ, ਸੰਮਾਲੇ ਸਭਨਾਹ॥**
**ਜਿਨਿ ਕਰਤੇ ਕਰਣਾ ਕੀਆ, ਚਿੰਤਾ ਭੀ ਕਰਨੀ ਤਾਹ॥**

ਇਸ ਸ੍ਰਿਸ਼ਟੀ ਦੀ ਹਰ ਵਸਤੂ ਭਾਵ ਕਣ-ਕਣ ਉਸ ਦੇ ਹੁਕਮ ਅਥਵਾ ਭੈ ਵਿਚ ਵਿਚਰ ਰਹੀ ਹੈ ਹਵਾ, ਪਾਣੀ, ਅਗਨੀ, ਧਰਤੀ, ਸੂਰਜ, ਚੰਦ ਆਦਿ ਉਸ ਅਧੀਨ ਆਪਣਾ ਫਰਜ਼ ਨਿਭਾ ਰਹੀ ਹੈ।

**ਭੈ ਵਿਚਿ ਪਵਨ ਵਹੈ ਸਦ ਵਾਉ॥**
**ਭੈ ਵਿਚਿ ਚਲਹਿ ਲਖ ਦਰੀਆਉ॥**

ਆਰਤੀ ਧਨਾਸਰੀ ਰਾਗ ਵਿਚ ਰਚਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ 1566 ਬਿ. ਵਿਚ ਜਗਨ ਨਾਥ ਪੁਰੀ ਦੇ ਮੰਦਿਰ ਦੇ ਪਾਂਡੇ ਨੂੰ ਉਪਦੇਸ਼ ਦੇਣ ਦੇ ਨਿਮਿਤ ਉਚਾਰਿਆ ਸੀ।

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥**

ਇਸ ਆਰਤੀ ਵਿਚ ਗੁਰ ਜੀ ਨੇ ਬਨਾਵਟੀ ਆਰਤੀ ਦਾ ਤਿਆਗ ਕਰਨ ਉਪਰੰਤ ਕੁਦਰਤੀ ਤੇ ਸਹਿਜ ਸੁਭਾਵਿਕ ਆਰਤੀ ਦੀ ਮਹਿਮਾ ਦਾ ਗੁਣ ਗਾਇਨ ਅਤੇ ਆਰਤੀ ਵਿਚ ਲੀਨ ਹੋਣ ਲਈ ਜਿਗਿਆਸੂਆਂ ਨੂੰ ਪ੍ਰੇਰਨਾ ਦਿੱਤੀ ਹੈ। ਇਸੇ ਤਰ੍ਹਾਂ ਕੁਚਜੀ ਅਤੇ ਸੁਚੱਜੀ ਵਿਚ ਜੀਵਾਤਮਾ ਰੂਪੀ ਬੁਰੇ ਆਚਰਣ ਅਤੇ ਚੰਗੇ ਆਚਰਣ ਵਾਲੀ ਇਸਤਰੀ ਦਾ ਸਰੂਪ ਵਿਅਕਤ ਕੀਤਾ ਹੈ।

ਪੰਜਾਬੀ ਸਾਹਿਤ ਨੂੰ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਵੱਡੀ ਦੇਣ ਲੋਕ-ਕਾਵਿ ਰੂਪ ਵਿਚ ਰਚਨਾ ਕਰਨਾ ਹੈ। ਜਿਹੜੀ ਰਚਨਾ ਉਹਨਾਂ ਤੋਂ ਪਹਿਲਾ ਕੇਵਲ ਲੋਕ ਸਾਹਿਤ ਵਿਚ ਹੀ ਮਿਲਦੀ ਹੈ। ਇਹਨਾਂ ਰੂਪਾਂ ਵਿਚ ਤੁਖਾਰੀ ਰਾਗ ਵਿਚ ਲਿਖਿਆ ਬਾਰਹਮਾਹਾ, ਅਲਾਹਣੀਆ, ਵਾਰਾਂ (ਮਾਝ, ਮਲਾਰ ਤੇ ਆਸਾ) ਆਦਿ। ਗੁਰੂ ਸਾਹਿਬ ਨੇ ਅਜਿਹਾ ਕਰਦੇ ਸਮੇਂ ਲੋਕ ਧੁਨਾਂ ਦਾ ਵੀ ਖਿਆਲ ਰੱਖਿਆ ਹੈ। ਜਿਸ ਦਾ ਵੇਰਵਾ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਬਾਣੀ ਦੇ ਨਾਲ ਵੀ ਕੀਤਾ ਹੈ। ਜਿਵੇਂ

ਕਿ "ਟੁੰਡੇ ਅਸਰਾਜੇ ਕੀ ਧੁਨੀ ਪਰ ਗਾਵਨਾ ਜੀ" ਕਿਉਂਕਿ ਆਸਾ ਦੀ ਵਾਰ ਦੀ ਰਚਨਾ ਹੀ ਲੋਕਾਂ ਵਿਚ ਪ੍ਰਚੱਲਿਤ 'ਟੁੰਡੇ ਅਸਰਾਜੇ' ਦੀ ਤਰਜ਼ ਤੇ ਕੀਤੀ ਗਈ ਸੀ। ਇਥੇ ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਬਾਣੀ ਦੀ ਰਚਨਾ ਕਰਨ ਸਮੇਂ ਗੁਰੂ ਸਾਹਿਬ ਨੇ ਲੋਕ ਮੁਹਾਂਦਰੇ ਨੂੰ ਪਹਿਲ ਦਿੱਤੀ ਸੀ। ਪ੍ਰਭੂ ਪ੍ਰੀਤਮ ਨੇ ਆਪ ਹੀ ਸਾਰੀ ਸ੍ਰਿਸ਼ਟੀ ਦੀ ਉਸਾਰੀ ਕੀਤੀ ਹੈ ਅਤੇ ਆਪ ਹੀ ਉਸ ਦੀ ਦੇਖ ਭਾਲ ਪ੍ਰਤੀ ਆਪਣੀ ਰਚਨਾ ਵਿਚ ਦਰਸਾਇਆ ਹੈ। ਇਸ ਤਰ੍ਹਾਂ ਤਿੰਨੇ ਹੀ ਵਾਰਾਂ ਵਿਚ ਸਮਾਨਤਾ ਨਜ਼ਰ ਆ ਰਹੀ ਹੈ। ਜਿਵੇਂ

**ਆਸਾ ਦੀ ਵਾਰ–** ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ
ਦੁਯੀ ਕੁਦਰਤਿ ਸਾਜੀਐ ਥਰਿ ਆਸਣੁ ਡਿਠੋ ਚਾਉ (ਪਉੜੀ 1)

**ਮਲਾਰ ਦੀ ਵਾਰ–** ਆਪੀਨ੍ਹੈ ਆਪੁ ਸਾਜਿ ਆਪੁ ਪਛਾਣਿਆ (ਪਉੜੀ 1)

**ਮਾਝ ਦੀ ਵਾਰ–** ਤੁਧੁ ਆਪੇ ਜਗਤੁ ਉਪਾਇਕੈ ਤੁਧੁ ਆਪੇ ਧੰਧੇ ਲਾਇਆ,
ਮੋਹ ਠਗਵੁਲੀ ਪਾਇਕੈ ਤੁਧੁ ਆਪਹੁ ਜਗੁਤ ਖੁਆਇਆ (ਪਉੜੀ 2)

ਉਹਨਾਂ ਦੇ ਰਚੇ ਸਾਹਿਤ ਵਿਚ ਪਹਿਲੀ ਵਾਰ ਅਜਿਹਾ ਹੋਇਆ ਕਿ ਮਰਦ ਪ੍ਰਧਾਨ ਸਮਾਜ ਵਿਚ ਤ੍ਰਿਸਕਾਰ ਦਾ ਪਾਤਰ ਬਣੀ ਇਸਤਰੀ ਨੂੰ ਰਾਜਿਆਂ, ਮਹਾਰਾਜਿਆਂ ਦੀ ਜਨਨੀ ਆਖਿਆ ਗਿਆ। ਉਹਨਾਂ ਦੇ ਸਮਕਾਲੀ ਅਤੇ ਪੂਰਬਲੇ ਸਾਹਿਤਕਰਾਂ ਵਿਚ ਇਹ ਗੁਣ ਵਿਦਮਾਨ ਨਹੀਂ ਸੀ। ਕਿਸੇ ਨੇ ਬਾਘਣ ਕਿਹਾ, ਕਿਸੇ ਨੇ ਪੈਰ ਦੀ ਜੁੱਤੀ ਅਤੇ ਕਿਸੇ ਨੇ ਜਾਨਵਰਾਂ ਦੇ ਬਰਾਬਰ ਤੁਲਨਾ ਕੀਤੀ ਹੈ, ਪਰ ਗੁਰੂ ਸਾਹਿਬ ਨੇ ਇਸਤਰੀ ਵਰਗ ਪ੍ਰਤੀ ਆਪਣਾ ਸਤਿਕਾਰ ਪ੍ਰਗਟਾਇਆ ਅਤੇ ਆਪਣੀ ਕ੍ਰਾਂਤੀਕਾਰੀ ਸੋਚ ਅਧੀਨ ਇਸ ਸ਼ਬਦ ਦੀ ਰਚਨਾ ਕੀਤੀ।

**ਭੰਡਿ ਜੰਮੀਐ ਭੰਡਿ ਨਿਮੀਐ, ਭੰਡਿ ਮੰਗਣੁ ਵਿਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥**

ਗੁਰੂ ਸਾਹਿਬ ਨੇ ਲਗਭਗ 280000 ਕਿਲੋਮੀਟਰ ਦਾ ਲੰਮਾ ਪੈਂਡਾ ਅਰਬ ਦੇਸ਼ਾਂ, ਚੀਨ, ਪਰਸ਼ੀਆ, ਸ੍ਰੀ ਲੰਕਾ ਅਤੇ ਸੁਮੱਚੇ ਭਾਰਤ ਵਿਚ ਚਾਰ ਉਦਾਸੀਆਂ ਰਾਹੀ ਸੰਪੂਰਨ ਕੀਤਾ ਅਤੇ ਤਿੰਨ ਕੀਮਤੀ ਰਤਨ ਸਮਾਜ ਨੂੰ ਪ੍ਰਦਾਨ ਕੀਤੇ। "ਕਿਰਤ ਕਰੋ, ਵੰਡ ਛਕੋ, ਨਾਮ ਜਪੋ" ਅਤੇ ਇਸ ਕਾਰਜ ਲਈ ਆਪਣੀ ਰਚਨਾ ਵਿਚ ਕਿਰਤ ਨੂੰ ਸਭ ਤੋਂ ਅੱਗੇ ਰੱਖਿਆ। ਗੁਰੂ ਸਾਹਿਬ ਨੇ ਉਚ ਨੀਚ ਦਾ ਭੇਦ ਭਾਵ ਖਤਮ ਕਰਦਿਆਂ ਨਾ ਸਿਰਫ਼ ਭਾਈ ਲਾਲੋ ਦੇ ਭੋਜਨ ਨੂੰ ਸਤਿਕਾਰ ਦਿੱਤਾ ਸਗੋਂ ਉਹਨਾਂ ਦਾ ਜ਼ਿਕਰ ਬਾਣੀ ਵਿਚ ਕਰਕੇ ਇਸ ਅੰਤਰ ਨੂੰ ਖਤਮ ਹੀ ਕਰ ਛੱਡਿਆ। ਮੈਂ ਇਹ ਗੱਲ ਸਾਂਝੀ ਕਰਦਿਆ ਮਾਣ ਮਹਿਸੂਸ ਕਰਦਾ ਹਾਂ ਕਿ ਗੁਰੂ ਸਾਹਿਬ ਨੇ ਕਿਰਤ ਵਡਿਆਉਦਿਆ ਕਿ ਅਖੌਤੀ ਨਿਮਨ ਸ਼੍ਰੇਣੀ ਨੂੰ ਬਰਾਬਰੀ ਦਾ ਦਰਜਾ ਦਿੰਦਿਆ ਆਪਣੇ ਮੁਖਾਰਬਿੰਦ ਤੋਂ ਇਹ ਸ਼ਬਦ ਉਚਾਰਣ ਕੀਤਾ ਸੀ

**ਜੈਸੀ ਮੈ ਆਵੇ, ਖਸਮ ਕੀ ਬਾਣੀ॥**
**ਤੈਸੜਾ ਕਰੀ ਗਿਆਨ ਵੇ ਲਾਲੋ॥**

ਗੁਰੂ ਸਾਹਿਬ ਨੇ ਨਿਮਰਤਾ, ਮਿਠ ਬੋਲਣ ਵਾਲਾ ਸੁਭਾਅ, ਦਲੇਰੀ ਅਤੇ ਨਿਰਮਾਣਤਾ ਨੂੰ ਸਭ ਗੁਣਾਂ ਦੀ ਕੁੰਜੀ ਦੱਸਿਆ ਹੈ। ਇਸ ਨਾਲ ਸਾਧਕ ਦਾ "ਮਨ ਨੀਵਾਂ ਤੇ ਮਤ ਉੱਚੀ" ਹੋ ਜਾਂਦੀ ਹੈ। ਮਿੱਠਾ ਬੋਲਣ ਨੂੰ ਗੁਰੂ ਜੀ ਨੇ ਸਭ ਚੰਗਿਆਈਆਂ ਦਾ ਨਿਚੋੜ ਕਿਹਾ ਹੈ। ਹੰਕਾਰ ਭਰੇ ਵਿਅਕਤੀ ਨੂੰ ਗੁਣਾਂ ਤੋਂ ਸੱਖਣਾ ਅਤੇ ਖੋਖਲਾ ਦਰਸਾਇਆ ਹੈ। ਗੁਰੂ ਸਾਹਿਬ ਨੇ ਸਿੰਮਲ ਵਰਗੇ ਵੱਡੇ ਰੁੱਖ ਦਾ ਬਿੰਬ ਲੈ ਕੇ ਮਨੁੱਖ ਨੂੰ ਆਮ ਜੀਵਨ ਵਿਚ ਮਿੱਠਤ ਲਿਆਉਣ ਦੀ ਸਿੱਖਿਆ ਦਿੱਤੀ ਹੈ।

**ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥**
**ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੈ ਕਿਤੁ॥**
**ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥**
**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ॥**

ਪੰਜਾਬੀ ਸਾਹਿਤ ਨੂੰ ਇਕ ਹੋਰ ਬਹੁਤ ਵੱਡੀ ਦੇਣ ਗੁਰੂ ਨਾਨਕ ਸਾਹਿਬ ਦੀ ਇਹ ਹੈ ਕਿ ਉਹਨਾਂ ਨੇ ਪ੍ਰਚੱਲਿਤ ਭਾਸ਼ਾ ਦੀ ਜਗ੍ਹਾ ਪੰਜਾਬ ਦੀ ਆਪਣੀ ਅਤੇ ਸਾਰਥਕ ਭਾਸ਼ਾ ਨੂੰ ਮਹੱਤਵ ਦਿੱਤਾ ਅਤੇ ਇਹੋ ਕਾਰਨ ਹੈ ਉਹਨਾਂ ਨੂੰ ਇਹ ਆਖਣਾ ਪੈ ਗਿਆ। ਘਰਿ ਘਰਿ ਮੀਆ ਸਭਨਾ ਜੀਆ, ਬੋਲੀ ਅਵਰ ਤੁਮਾਰੀ॥ ਇਥੇ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਗੁਰੂ ਸਾਹਿਬ ਦੀ ਪਹਿਲਕਦਮੀ ਕਾਰਨ ਹੀ ਅੱਜ ਪੰਜਾਬੀ ਪੰਜਾਬ ਵਿਚ ਜ਼ਿੰਦਾ ਹੈ ਨਹੀਂ ਤਾਂ ਅੱਜ ਵੀ ਸਾਰੇ ਪੰਜਾਬੀ ਉਰਦੂ ਜਾਂ ਫ਼ਾਰਸੀ ਬੋਲਦੇ ਹੁੰਦੇ। ਗੁਰੂ ਸਾਹਿਬ ਨੇ ਕਿਰਦਾਰ ਦੀ ਉੱਚਤਾ ਲਈ ਮਾਨਵੀ ਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਅਤੇ ਇਸ ਕਾਰਜ ਲਈ ਮਨ ਅਤੇ ਜ਼ੁਬਾਨ ਨੂੰ ਇਕਸਾਰਤਾ ਵਿਚ ਲਿਆਉਣ ਦੀ ਸਿੱਖਿਆ ਵੀ ਦਿੱਤੀ। ਉਹ ਫੁਰਮਾਨ ਕਰਦੇ ਹਨ ਕਿ ਮੰਦੇ ਮਨ ਵਿਚ ਮੰਦੇ ਵਿਚਾਰ ਅਤੇ ਮੰਦੇ ਅਲਫਾਜ਼ ਸਿਰਜੇ ਜਾਂਦੇ ਹਨ ਪਰ ਜੇਕਰ ਹਰ ਇਨਸਾਨ ਅੰਦਰ ਇਕੋ ਖਾਲਕ ਦਾ ਵਸੇਬਾ ਹੈ ਤਾਂ ਫਿਰ ਮੰਦਾ ਅਸੀ ਕਿਸ ਨੂੰ ਬੋਲ ਰਹੇ ਹੁੰਦੇ ਹਾਂ। ਅਜਿਹਾ ਵਿਹਾਰ ਸਾਡੇ ਵਜੂਦ ਨੂੰ ਖੋਖਲਾ ਕਰ ਜਾਂਦਾ ਹੈ। ਅਜਿਹੇ ਮਨੁੱਖ ਨੂੰ ਦਰਗਾਹ ਵਿਚ ਦੁਰਕਾਰਿਆ ਜਾਂਦਾ ਹੈ ਤੇ ਗੁਰੂ ਜੀ ਫੁਰਮਾਨ ਕਰਦੇ ਹਨ।

**ਨਾਨਕ ਫਿਕੈ ਬੋਲੀਐ, ਤਨੁ ਮਨੁ ਫਿਕਾ ਹੋਇ॥**
**ਫਿਕੋ ਫਿਕਾ ਸਦੀਐ, ਫਿਕੇ ਫਿਕੀ ਸੋਇ॥**
**ਫਿਕਾ ਦਰਗਹ ਸਟੀਐ, ਮੁਹਿ ਥੁਕਾ ਫਿਕਾ ਪਾਇ॥**
**ਫਿਕਾ ਮੂਰਖੁ ਆਖੀਐ, ਪਾਣਾ ਲਹੈ ਸਜਾਇ॥**

ਉਹਨਾਂ ਅਨੁਸਾਰ ਸਾਡੇ ਵਿਚਾਰ ਜਾਂ ਗੱਲਾਂ ਤਾਂ ਬਹੁਤ ਉੱਚੀਆਂ ਹੁੰਦੀਆਂ ਹਨ ਪਰ ਇਹ ਥੋਥਾ ਵਿਹਾਰ ਹੈ ਕਿਉਂਕਿ ਲੋਕਾਂ ਨਾਲ ਸਾਡਾ ਵਿਹਾਰ ਬਹੁਤ ਮਾੜਾ ਹੁੰਦਾ ਹੈ। ਗੱਲ ਤਾਂ ਇਹ ਹੋਣੀ ਚਾਹੀਦੀ ਹੈ ਕਿ ਵਿਚਾਰ ਅਤੇ ਵਿਹਾਰ ਇਕ ਹੋਣ ਅਤੇ ਇਨਸਾਨ ਕੇਵਲ ਵਿਹਾਰ ਦਾ ਚੰਗਾ ਹੋਵੇ, ਪਰ ਸਥਿਤੀ ਇਹ ਹੈ।

**ਗਲੀ  ਅਸੀ ਚੰਗੀਆਂ ਆਚਾਰੀ ਬੁਰੀਆਹਿ॥**

ਮੁਸਲਮਾਲ ਹਕੂਮਤ ਵਿਚ ਹਿੰਦੂ ਭਾਈਚਾਰੇ ਉਤੇ ਬਹੁਤ ਜ਼ਿਆਦਾ ਅਤਿਆਚਾਰ ਕੀਤੇ ਜਾ ਰਹੇ ਸਨ। ਇਸ ਡਰ ਕਾਰਨ ਬਹੁਤ ਹਿੰਦੂ ਅੰਦਰੂਨੀ ਦਿਖ ਤੋਂ ਹਿੰਦੂ ਹੀ ਸਨ ਪਰ ਬਾਹਰਲੀ ਦਿੱਖ ਵਜੋਂ ਉਹ ਮੁਸਲਮਾਨਾਂ ਨਾਲ ਰਾਬਤਾ ਰੱਖ ਕੇ ਉਨ੍ਹਾਂ ਵਰਗੀ ਪਛਾਣ ਬਣਾ ਰਹੇ ਸਨ। ਇਸ ਸਥਿਤੀ ਵਿਚ ਗੁਰੂ ਨਾਨਕ ਦੇਵ ਜੀ ਨੇ ਪਖੰਡ ਭਰੇ ਇਸ ਦੂਹਰੇ ਜੀਵਨ ਨੂੰ ਤਿਆਗਣ ਦਾ ਉਪਦੇਸ਼ ਦਿੱਤਾ ਤੇ ਫੁਰਮਾਇਆ, ਕਿ ਸਿਰਫ਼ ਵਾਹਿਗੁਰੂ ਦਾ ਨਾਮ ਜਪਣ ਨਾਲ ਹੀ ਮੁਕਤੀ ਮਿਲ ਸਕਦੀ ਹੈ।

**ਅੰਤਰਿ ਪੂਜਾ ਪੜਹਿ ਕਤੇਬਾ, ਸੰਜਮ ਤੁਰਕਾ ਭਾਈ॥**
**ਛੋਡੀਲੇ ਪਾਖੰਡਾ, ਨਾਮਿ ਲਇਐ ਜ਼ਾਹਿ ਤਰੰਦਾ॥**

ਸਮੱਚੇ ਰੂਪ ਵਿਚ ਅਸੀਂ ਇਹ ਆਖ ਸਕਦੇ ਹਾਂ ਕਿ ਗੁਰੂ ਸਾਹਿਬ ਨੇ ਆਪਣੀ ਰਚਨਾ ਰਾਹੀਂ ਸਮਾਜ ਦੇ ਸਾਰੇ ਲੋਕਾਂ ਨੂੰ ਬਿਨਾਂ ਕਿਸੇ ਧਾਰਮਿਕ ਵਖਰੇਵੇਂ ਤੋ਼ ਉਪਦੇਸ਼ ਦਿੱਤਾ ਅਤੇ ਸਹੀ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਉਹਨਾਂ ਦੀ ਰਚਨਾ ਵਿਚ ਮਾਰਗ ਦਰਸ਼ਨ ਭਲੀ ਭਾਂਤ ਨਜ਼ਰ ਆ ਰਿਹਾ ਹੈ।

**ਸਚੈ ਮਾਰਿਗ ਚਲਦਿਆਂ ਉਸਤਤਿ ਕਰੇ ਜਹਾਨ॥**

ਉਨ੍ਹਾਂ ਦੀ ਸਮੁੱਚੀ ਰਚਨਾ ਲੋਕ ਭਲਾਈ ਲਈ ਸੀ, ਇਸੇ ਲਈ ਉਹ ਕਿਸੇ ਲਈ ਗੁਰੂ, ਕਿਸੇ ਲਈ ਸਤਿਗੁਰੂ ਨਾਨਕ, ਕਿਸੇ ਲਈ ਨਾਨਕ ਸ਼ਾਇਰ ਅਤੇ ਕਿਸੇ ਲਈ ਨਾਨਕ ਸ਼ਾਹ ਫਕੀਰ ਸਨ। ਗੁਰੂ ਸਾਹਿਬ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਦਾ ਦਰਜਾ ਦੇ ਕੇ ਇਸ ਕੁਦਰਤ ਦੇ ਮਨੁੱਖ ਜੀਵਨ ਲਈ ਮਹੱਤਵ ਤੋਂ ਜਾਣੂ ਕਰਵਾਇਆ। ਇਸ ਲਈ ਸਾਨੂੰ ਸਭ ਨੂੰ ਇਸਦੀ ਸਾਂਭ ਸੰਭਾਲ ਪ੍ਰਤੀ ਸੰਜੀਦਾ ਹੋਣਾ ਚਾਹੀਦਾ ਹੈ। ਅੱਜ ਦੇ ਸੁਆਰਥਪੂਰਨ ਦੌਰ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸਾਹਿਤ ਨੂੰ ਦੇਣ, ਵਿਚਾਰਧਾਰਾ ਤੇ ਉਪਦੇਸ਼ ਸਮੁੱਚੀ ਮਨੁੱਖ ਜਾਤੀ ਨੂੰ ਅਗਵਾਈ ਪ੍ਰਦਾਨ ਕਰਨ ਵਾਲਾ ਅਤੇ ਮਨੁੱਖੀ ਮਨ ਦੀਆਂ ਭਟਕਣਾਂ ਨੂੰ ਮਿਟਾਉਣ ਵਾਲਾ ਵਡਮੁੱਲਾ ਖਜ਼ਾਨਾ ਹੈ। ਉਨ੍ਹਾਂ ਦੀ ਪਾਵਨ ਬਾਣੀ ਵਿਚ ਸਮੁੱਚੇ ਬ੍ਰਹਿਮੰਡ ਦੀਆਂ ਸਮੂਹ ਸਮੱਸਿਆਵਾਂ ਦਾ ਹੱਲ ਹੈ।

ਆਓ ਗੁਰੂ ਸਾਹਿਬ ਦੀ ਸੋਚ ਤੇ ਪਹਿਰਾ ਦੇਈਏ ਅਤੇ ਅੱਜ ਦੀ ਪੀੜ੍ਹੀ ਦੇ ਸਾਥੀਆਂ ਦੀ ਮਦਦ ਲੈ ਕੇ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਵਿਚਾਰਾ ਨੂੰ ਧਾਰਨ ਕਰਕੇ ਸਮਾਜ ਦਾ ਨਕਸ਼ਾ ਬਦਲੀਏ ਅਤੇ ਵੱਡਾ ਹੰਭਲਾ ਮਾਰਦਿਆਂ ਨਵੀਂ ਪੀੜ੍ਹੀ ਨੂੰ ਇਸ ਰਾਹੇ ਤੋਰਨ ਲਈ ਇਕ ਰੋਲ ਮਾਡਲ ਬਣਨ ਦਾ ਯਤਨ ਕਰੀਏ।

**ਦਲਜੀਤ ਸਿੰਘ**
sidhudaljeet55@gmail.com

# ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਵਾਤਾਵਰਣ (Environment) ਦੇ ਸੰਕਲਪ ਦਾ ਪ੍ਰਚਾਰ ਅਤੇ ਪਾਸਾਰ

**ਡਾ. ਦਲਜੀਤ ਸਿੰਘ ਭਗਤਾ**

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਦੀ ਮਹਿਮਾਂ ਵਿੱਚ,ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ:

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।**
**ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੈ ਅੰਧੇਰੁ ਪਲੋਆ।**

(ਵਾਰ ਪਹਿਲੀ-ਪਉੜੀ 27)

ਭਾਵ, (ਜਦ) ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ (ਤਾਂ ਅਗਿਆਨਤਾ ਦੀ) ਧੁੰਧ (ਹਨੇਰਾ) ਮਿਟ ਕੇ ਜਗ ਵਿਚ ਚਾਨਣ ਹੋ ਗਿਆ।ਜਿਵੇਂ ਸੂਰਜ ਦੇ ਨਿਕਲਣ ਨਾਲ, ਤਾਰੇ ਲੁਕ ਜਾਂਦੇ ਤੇ ਹਨੇਰਾ ਦੂਰ ਹੋ ਜਾਂਦਾ ਹੈ।[1*]

ਗੁਰੂ ਨਾਨਕ ਦੇਵ ਜੀ,ਇਨਕਲਾਬੀ ਧਰਮ 'ਸਿੱਖ ਧਰਮ' ਦੇ ਮੋਢੀ ਵਜੋਂ,ਮਹਾਨ ਇਨਕਲਾਬੀ ਵਿਚਾਰਧਾਰਾ ਅਤੇ ਤਰਕਸ਼ੀਲਤਾ ਦੇ ਮਹਾਨ ਪ੍ਰਚਾਰਕ ਹੋਏ ਹਨ। ਸਭ ਤੋਂ ਵੱਡਾ,ਸੱਚਾ-ਸੁੱਚਾ ਅਤੇ ਇਨਕਲਾਬੀ ਧਰਮ,ਲੋਕਾਈ ਦੀ ਭਲਾਈ ਦੀ ਸੇਵਾ ਵਿੱਚ ਨਿਹਿਤ ਹੁੰਦਾ ਹੈ।ਗੁਰੂ ਜੀ ਨੇ ਇਸ ਸੱਚੇ-ਸੁੱਚੇ ਧਰਮ ਦੀ ਅਗਵਾਈ ਹਿਤ,ਆਪਣਾ ਸੁਖ-ਅਰਾਮ ਤਿਆਗ ਕੇ, ਜਨਤਾ ਨੂੰ ਸਿੱਧੇ ਰਸਤਾ ਪਾਉਣ,ਸੱਚ ਵੱਲ ਮੋੜਨ ਅਤੇ ਮਾਨਵਤਾ ਨੂੰ ਸ਼ਾਂਤੀ ਦਾ ਸੰਦੇਸ਼ ਦੇਣ ਲਈ,ਆਪਣਾ ਪੂਰਾ ਜੀਵਨ ਲੇਖੇ ਲਾ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ,ਮਨੁੱਖੀ ਬਰਾਬਰਤਾ, ਲਿੰਗ-ਸਮਾਨਤਾ,ਕਿਰਤ ਦੀ ਭਾਵਨਾ ਦੇ ਸਤਿਕਾਰ, ਸ਼ਹਿਣਸ਼ੀਲਤਾ, ਸਮਾਜ ਵਿੱਚ ਔਰਤ ਦੇ ਉੱਚ-ਰੁਤਬੇ,ਕਰਮ-ਕਾਂਡਾਂ ਦੇ ਖੰਡਨ, ਮਾਨਵੀ ਹੱਕਾਂ ਆਦਿ ਪੱਖਾਂ ਦਾ ਨਿੱਡਰਤਾ ਨਾ਼ਲ ਪ੍ਰਗਟਾਵਾ ਕੀਤਾ ਹੈ। ਗੁਰੂ ਜੀ ਨੇ ਪੂਰੀ ਦ੍ਰਿੜ੍ਹਤਾ ਅਤੇ ਬੇਬਾਕੀ ਨਾ਼ਲ, ਨਿੱਘਰਦੇ ਸਮਾਜ ਨੂੰ ਸਹੀ ਦਿਸ਼ਾ ਵਿਖਾ ਕੇ, ਲੋਕਾਈ ਨੂੰ ਸਚਾਈ ਦੇ ਰਸਤੇ ਤੋਰਨ ਵਿੱਚ ਆਪਣਾ ਮਹਾਨ ਅਤੇ ਅਕਹਿ ਯੋਗਦਾਨ ਪਾਇਆ।

ਗੁਰੂ ਜੀ ਨੇ ਮਾਨਵੀ ਜੀਵਨ ਦੇ ਉਕਤ ਅਨੇਕ ਪਾਸਾਰਾਂ ਦੇ ਨਾ਼ਲ-ਨਾ਼ਲ,ਮਨੁੱਖ ਅਤੇ ਵਾਤਾਵਰਣ (Human being and Environment) ਬਾਰੇ ਆਪਣੇ ਅਨਮੋਲ ਵਿਚਾਰਾਂ ਦਾ ਪ੍ਰਗਟਾਵਾ ਵੀ ਪੂਰੀ ਸਮੱਰਪਿਤ-ਭਾਵਨਾ ਨਾ਼ਲ ਕੀਤਾ ਹੈ।ਗੁਰੂ ਜੀ ਨੇ ਵਾਤਾਵਰਣ ਦੀ ਮਹੱਤਤਾ ਅਤੇ ਸ਼ੁੱਧ ਵਾਤਾਵਰਣ ਦੀ ਜ਼ਰੂਰਤ ਬਾਰੇ ਬਹੁਤ ਹੀ ਸੁਚੇਤ ਪੱਧਰ 'ਤੇ ਆਪਣੇ ਅਨਮੋਲ ਬਚਨਾਂ ਰਾਹੀਂ ਲੋਕਾਈ ਨੂੰ ਦਰੁਸਤ ਸੇਧ ਪ੍ਰਦਾਨ ਕੀਤੀ।

### ਹਵਾ,ਪਾਣੀ ਅਤੇ ਮਿੱਟੀ:

ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਬਾਣੀ 'ਜਪੁ', ਮਾਨਵਤਾ ਦੇ ਆਤਮਿਕ-ਵਿਕਾਸ ਲਈ

ਚਾਨਣ-ਮੁਨਾਰੇ ਵਾਂਗ ਪ੍ਰਵਾਨ ਕੀਤੀ ਗਈ ਹੈ।ਇਹ 'ਧੁਰ ਕੀ ਬਾਣੀ',ਮਾਨਵ-ਕਲਿਆਣ ਹਿਤ ਪ੍ਰਗਟ ਹੋਈ ਹੈ।ਜਪੁ ਜੀ ਸਾਹਿਬ ਵਿੱਚ ਦਰਜ 38 ਪਉੜੀਆਂ, 2 ਸਲੋਕ ਅਤੇ ਮੰਤ੍ਰ ਵਿੱਚੋਂ ਗੁਰੂ ਜੀ ਜਪੁ ਜੀ ਦੇ ਅਖ਼ੀਰ/ਅੰਤਲੇ ਸਲੋਕ ਵਿੱਚ ਵਾਤਾਵਰਣ ਦੀ ਮਹਾਨਤਾ ਸੰਬੰਧੀ, ਇੰਞ ਫੁਰਮਾਉਂਦੇ ਹਨ:

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥**

ਭਾਵ,ਪਵਣੁ ਜਾਂ ਪ੍ਰਾਣ (ਸਰੀਰਾਂ ਲਈ ਇਉਂ ਹਨ,ਜਿਵੇਂ) ਗੁਰੂ (ਜੀਵਾਂ ਦੀ ਆਤਮਾ ਲਈ) ਹੈ। ਪਾਣੀ (ਸਭ ਜੀਵਾਂ ਦਾ) ਪਿਤਾ ਹੈ ਅਤੇ ਧਰਤੀ (ਸਭ ਦੀ) ਵੱਡੀ ਮਾਂ ਹੈ।ਦਿਨ ਅਤੇ ਰਾਤ ਦੋਵੇਂ ਖਿਡਾਵਾ ਅਤੇ ਖਿਡਾਵੀ ਹਨ। ਸਾਰਾ ਸੰਸਾਰ ਖੇਡ ਰਿਹਾ ਹੈ।

ਵਾਤਾਵਰਣ ਦੀ ਸਾਂਭ-ਸੰਭਾਲ਼ ਦੀ ਜ਼ਰੂਰਤ ਬਾਰੇ,ਗੁਰੂ ਨਾਨਕ ਦੇਵ ਜੀ, 'ਆਸਾ ਦੀ ਵਾਰ' ਵਿੱਚ ਫ਼ੁਰਮਾਉਂਦੇ ਹਨ :

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥**

ਗੁਰੂ ਜੀ,ਪਾਣੀ ਨੂੰ ਜੀਵਨ ਦਾ ਸ੍ਰੋਤ ਮੰਨਦੇ ਹਨ। ਜੇ ਜੀਵਨ ਦਾ ਸੋਮਾ ਹੀ ਪਲੀਤ ਹੋ ਜਾਵੇ, ਖ਼ਤਮ ਹੋ ਜਾਵੇ, ਤਾਂ ਜੀਵਨ ਦਾ ਕਾਇਮ ਰਹਿਣਾ ਅਸੰਭਵ ਹੈ।

ਆਧੁਨਿਕ ਵਿਗਿਆਨੀ ਵੀ ਮੰਨਦੇ ਹਨ ਕਿ ਪਾਣੀ ਤੋਂ ਬਿਨਾਂ ਧਰਤੀ ਉੱਤੇ ਜੀਵਨ ਸੰਭਵ ਹੀ ਨਹੀਂ ਸੀ। ਚੰਨ ਅਤੇ ਹੋਰ ਗ੍ਰਹਿਆਂ ਉੱਤੇ ਜੀਵਨ ਦੀ ਅਣਹੋਂਦ ਦਾ ਮੁੱਖ ਕਾਰਣ ਪਾਣੀ ਦੀ ਅਣਹੋਂਦ ਹੀ ਹੈ।ਇਸ ਤਰ੍ਹਾਂ,ਪਾਣੀ ਦੀ ਮਲੀਨਤਾ/ਅਸ਼ੁੱਧਤਾ ਨੂੰ ਘੱਟ ਕਰਨਾ ਅਤੇ ਉਸ ਦੀ ਸ਼ੁੱਧਤਾ/ਪਵਿੱਤਰਤਾ ਨੂੰ ਬਣਾਈ ਰੱਖਣਾ ਵੀ ਮਨੁੱਖਤਾ ਦਾ ਮੁੱਢਲਾ ਫ਼ਰਜ਼ ਹੈ।

ਭਗਤ ਕਬੀਰ ਜੀ (1440-1518) ਨੇ ਵੀ ਪਾਣੀ ਦੀ ਮਹੱਤਤਾ ਬਾਰੇ ਗਉੜੀ ਕਬੀਰ ਜੀ ਵਿੱਚ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇੰਞ ਕੀਤਾ ਹੈ:

**ਤੂੰ ਜਲਨਿਧਿ ਹਉ ਹਲ ਕਾ ਮੀਨੁ॥**
**ਜਲ ਮਹਿ ਰਹਉ ਜਲਹਿ ਬਿਨੁ ਖੀਨੁ॥1॥**

ਪਹਿਲਾਂ,ਭਗਤ ਕਬੀਰ ਜੀ ਵੀ ਪਾਣੀ ਦੀ ਮਹੱਤਤਾ ਬਾਰੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਬਹੁਤ ਬਰੀਕੀ ਨਾਲ਼ ਕਰ ਚੁੱਕੇ ਹਨ। ਉਹਨਾਂ ਅਨੁਸਾਰ,ਪ੍ਰਭੁ ਜਲ ਦਾ ਖ਼ਜ਼ਾਨਾ (ਸਮੁੰਦਰ) ਹੈ ਅਤੇ ਮਨੁੱਖ ਓਸ ਸਮੁੰਦਰ ਵਿੱਚ ਰਹਿਣ ਵਾਲ਼ੇ ਮੱਛਾਂ ਦੇ ਤੁਲ ਹਨ।ਪਾਣੀ ਦੀ ਬਦੌਲਤ ਹੀ,ਮਨੁੱਖੀ-ਜੀਵਨ ਸੰਭਵ ਹੈ ਅਤੇ ਪਾਣੀ ਦੀ ਅਣਹੋਂਦ ਵਿੱਚ,ਪੂਰੀ ਜੀਵ ਸ੍ਰਿਸ਼ਟੀ ਖ਼ਤਮ ਹੋ ਜਾਂਦੀ ਹੈ।

ਇਸ ਤਰ੍ਹਾਂ,ਗੁਰੂ ਨਾਨਕ ਦੇਵ ਜੀ ਨੇ ਜਲ ਦੀ ਮਹੱਤਤਾ ਬਾਰੇ ਆਪਣੇ ਸਮਕਾਲੀਆਂ/ਆਪਣੇ ਤੋਂ ਪਹਿਲਾਂ ਦੇ ਭਗਤਾਂ ਦੀ ਵਿਚਾਰਧਾਰਾ ਨੂੰ ਹੋਰ ਵੀ ਦ੍ਰਿੜ੍ਹਤਾ ਅਤੇ ਸਪੱਸ਼ਟਤਾ ਨਾਲ, ਲੋਕਾਈ ਨੂੰ ਨਿੱਗਰ ਸੇਧ ਦੇਣ ਹਿਤ, ਆਪਣੀ ਬਾਣੀ ਨੂੰ ਮਾਧਿਅਮ ਬਣਾਇਆ ਹੈ।

ਗੁਰੂ ਨਾਨਕ ਦੇਵ ਜੀ ਪ੍ਰਭਾਤੀ ਵਿੱਚ ਆਪਣੇ ਵਿਚਾਰਾਂ ਨੂੰ ਹੋਰ ਪਰਪੱਕਤਾ ਨਾਲ ਇੰਝ ਪੇਸ਼ ਕੀਤਾ ਹੈ:

**ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ॥**
**ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ॥6॥**

(ਅੰਗ:1345)[2]

ਗੁਰੂ ਜੀ ਅਨੁਸਾਰ,ਪ੍ਰਮਾਤਮਾ ਨੇ ਆਪ ਹੀ ਪਾਣੀ,ਅੱਗ,ਹਵਾ (ਆਦਿਕ) ਤੱਤ ਪੈਦਾ ਕੀਤੇ ਅਤੇ ਇਹਨਾਂ ਤਿੰਨਾਂ ਤੱਤਾਂ ਨੇ ਮਿਲ਼ ਕੇ ਹੀ ਜਗਤ/ਸ੍ਰਿਸ਼ਟੀ ਨੂੰ ਪੈਦਾ ਕੀਤਾ ਹੈ।

ਬਨਾਸਪਤੀ: ਗੁਰੂ ਜੀ, 'ਕੁਦਰਤ ਦਾ ਕਾਨੂੰਨ ਸਪੱਸ਼ਟ ਕਰਦਿਆਂ ਫੁਰਮਾਉਂਦੇ ਹਨ:

**ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰ ਪੰਡੈ ਪਾਇਆ॥**
**ਚੰਦ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨ ਨ ਪਾਇਆ॥2॥**

(ਬਸੰਤ ਹਿੰਡੋਲ,ਮਹਲਾ 1,ਅੰਗ:1171)[3]

ਅਰਥਾਤ,ਬਨਾਸਪਤੀ ਦੇ ਅੰਦਰ ਹੀ ਅੱਗ,ਜਲ਼ ਅਤੇ ਮਿੱਟੀ ਦੇ ਤੱਤ ਨਿਹਿਤ ਹੁੰਦੇ ਹਨ ਅਤੇ ਚੰਦ ਅਤੇ ਸੂਰਜ (ਸੀਤਲਤਾ ਅਤੇ ਗ਼ਰਮਾਇਸ) ਵੀ ਬਨਾਸਪਤੀ ਵਿੱਚ ਹੀ ਮੌਜੂਦ ਹਨ।

ਭਗਤ ਪੀਪਾ ਜੀ (1425-1498), ਬ੍ਰਹਿਮੰਡ ਬਾਰੇ ਲਿਖਦੇ ਹਨ :

**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥**

(ਧਨਾਸਰੀ,ਅੰਗ:695)[4]

ਅਰਥਾਤ, ਜਿਹੜੇ ਤੱਤ ਬ੍ਰਹਿਮੰਡ ਵਿੱਚ ਮੌਜੂਦ ਹਨ, ਓਹੀ ਤੱਤ ਮਨੁੱਖ ਦੇ ਸਰੀਰ ਵਿੱਚ ਵੀ ਮੌਜੂਦ ਹਨ। ਇਸ ਸੱਚਾਈ ਦੀ ਸਮਝ ਖੋਜੀ ਪ੍ਰਵਿਰਤੀ ਵਾਲ਼ੇ ਮਨੁੱਖ ਹੀ ਪ੍ਰਾਪਤ ਕਰ ਸਕਦੇ ਹਨ।

ਇਹ ਇੱਕ ਵਿਗਿਆਨਿਕ ਤੱਥ ਹੈ ਕਿ ਮਨੁੱਖੀ ਸਰੀਰ ਵਿੱਚ, ਆਕਸੀਜ਼ਨ, ਕਾਰਬਨ, ਹਾਈਡ੍ਰੋਜ਼ਨ, ਨਾਈਟ੍ਰੋਜ਼ਨ ਕੈਲਸ਼ੀਅਮ ਤੱਤ ਮੌਜੂਦ ਹਨ।ਇਹੀ ਤੱਤ ਪ੍ਰਕਿਰਤੀ ਵਿੱਚ ਵੀ ਮੌਜੂਦ ਹਨ।

ਗੁਰੂ ਨਾਨਕ ਦੇਵ ਜੀ, ਇਹਨਾਂ ਤੱਥਾਂ ਨੂੰ ਹੋਰ ਦ੍ਰਿੜ੍ਹ ਕਰਦਿਆਂ ਫ਼ੁਰਮਾਉਂਦੇ ਹਨ:

**ਜੋ ਬ੍ਰਹਿਮੰਡ ਖੰਡਿ ਸੋ ਜਾਣਹੁ ਗੁਰਮੁਖਿ ਬੂਝਹੁ ਸਬਦਿ ਪਛਾਣਹੁ॥**

{Microcosm is reflected in Macrocosm}

(ਮਾਰੂ ਮਹਲਾ 1; ਅੰਗ:1040)

ਇਸ ਤਰ੍ਹਾਂ, ਗੁਰੂ ਜੀ, ਭਗਤ ਪੀਪਾ ਜੀ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਵਧੇਰੇ ਸਪੱਸ਼ਟਤਾ ਨਾਲ਼, ਓਹੀ ਭਾਵ ਦ੍ਰਿੜ੍ਹ ਕਰਦਿਆਂ ਫ਼ੁਰਮਾਉਂਦੇ ਹਨ ਕਿ ਤਮਾਮ ਤੱਤ, ਜਿਹੜੇ ਬ੍ਰਹਿਮੰਡ ਵਿੱਚ ਮੌਜੂਦ ਹਨ, ਉਹ ਤੱਤ ਬ੍ਰਹਿਮੰਡ ਦੇ ਤਮਾਮ ਅੰਸ਼ਾਂ ਵਿੱਚ ਵੀ ਮੌਜੂਦ ਹੁੰਦੇ ਹਨ।

ਪਾਣੀ, ਬਨਾਸਪਤੀ ਅਤੇ ਜੀਵ-ਜੰਤੂ (ਪਾਣੀ-ਪਹਿਲਾ ਤੱਤ): ਪਾਣੀ ਦੀ ਮਹੱਤਤਾ ਨੂੰ ਹੋਰ ਦ੍ਰਿੜ੍ਹ ਕਰਦਿਆਂ,ਗੁਰੂ ਜੀ ਫ਼ੁਰਮਾਉਂਦੇ ਹਨ:

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥**

(ਆਸਾ ਮਹਲਾ 1; ਅੰਗ 1472)

ਅਰਥਾਤ, ਪਾਣੀ ਆਪ ਭੀ ਜੀਵ ਹੈ, ਕਿਉਂਕਿ ਇਸ ਨਾ਼ਲ ਹਰੇਕ ਜੀਵ ਜ਼ਿੰਦ ਵਾ਼ਲਾ ਹੁੰਦਾ ਹੈ।

{First there is life in the water, by which everything else is made green}

ਇੱਸੇ ਤੱਥ ਨੂੰ ਹੋਰ ਪਰਪੱਕਤਾ ਬਖਸ਼ਦਿਆਂ, ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਰਾਹੀਂ, ਮਨੁੱਖਤਾ ਨੂੰ ਇਓਂ ਸੰਬੋਧਿਤ ਹੁੰਦੇ ਹਨ:

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ॥**
**ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤ ਸਮੋਇ॥**

(ਸਿਰੀਰਾਗ ਮਹਲਾ 1; ਅੰਗ:19)

ਅਰਥਾਤ, ਪਰਮ+ਆਤਮਾ ਤੋਂ ਪਵਣੁ (ਸੂਖ਼ਮ ਤੱਤ) ਬਣਿਆਂ; ਪਵਨ ਤੋਂ ਜਲ ਹੋਂਦ ਵਿੱਚ ਆਇਆ ਅਤੇ ਜਲ ਤੋਂ ਸਾਰਾ ਜਗਤ ਰਚਿਆ ਗਿਆ ਅਤੇ ਇਸ ਰਚੇ ਸੰਸਾਰ ਵਿੱਚ ਹੀ ਮੋੜਵੇਂ ਰੂਪ ਵਿੱਚ, ਪਰਮ+ਆਤਮਾ ਦੀ ਜੋਤ ਸਮਾਈ ਹੋਈ ਹੈ।

{First there is life in the water, by which everything else is made green}

ਗੁਰੂ ਜੀ ਏਸ ਸੰਕਲਪ ਨੂੰ ਹੋਰ ਗ਼ਹਿਰਾਈ ਬਖਸ਼ਦਿਆਂ ਫ਼ੁਰਮਾਉਂਦੇ ਹਨ:

**ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥**
**ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥3॥**

(ਸਿਰੀਰਾਗ ਮਹਲਾ 1; ਅੰਗ:17)

ਅਰਥਾਤ, ਬੇਅੰਤ ਜੀਵ ਦਿਨ-ਰਾਤ ਕੁਦਰਤ ਦੀਆਂ ਸਿਫ਼ਤਾਂ ਕਰ ਰਹੇ ਹਨ।ਕੁਦਰਤ ਦੇ ਬੇਅੰਤ ਹੀ ਰੂਪ ਰੰਗ ਹਨ,ਓਸ ਕੁਦਰਤ ਦੇ ਪੈਦਾ ਕੀਤੇ ਬੇਅੰਤ ਜੀਵ ਹਨ, ਜੋ ਕਿ ਵੱਖ-ਵੱਖ ਜਾਤਾਂ ਨਾ਼ਲ ਸੰਬੰਧ ਰੱਖਦੇ ਹਨ।

ਚੌਥੇ ਪਾਤਸ਼ਾਹ,ਗੁਰੂ ਰਾਮਦਾਸ ਜੀ (1534-1581) ਨੇ,ਬਾਅਦ ਵਿੱਚ,ਗੁਰੂ ਨਾਨਕ ਦੇਵ ਜੀ ਦੀ ਏਸੇ ਵਿਚਾਰਧਾਰਾ ਨੂੰ ਮਹਾਨਤਾ ਬਖ਼ਸ਼ਦਿਆਂ, ਸੂਹੀ ਰਾਗ ਵਿੱਚ ਸ਼ਬਦ ਉਚਾਰਿਆ ਹੈ:

**ਵਿਚੇ ਧਰਤੀ ਵਿਚੇ ਪਾਣੀ ਵਿਚੇ ਕਾਸਟ ਅਗਨਿ ਧਰੀਜੈ॥**

(ਸੂਹੀ ਮਹਲਾ 4; ਅੰਗ:735)

ਅਰਥਾਤ,ਪਾਣੀ ਦੇ ਵਿੱਚ ਹੀ ਧਰਤੀ ਹੈ ਅਤੇ ਧਰਤੀ ਵਿੱਚ ਹੀ ਪਾਣੀ ਹੈ।ਇਸੇ ਤਰ੍ਹਾਂ ਲੱਕੜ ਵਿੱਚ ਹੀ ਅੱਗ ਦਾ ਵਾਸਾ ਹੁੰਦਾ ਹੈ।

ਇਸ ਤਰ੍ਹਾਂ, ਗੁਰੂ ਰਾਮਦਾਸ ਜੀ ਨੇ ਧਰਤ,ਪਾਣੀ ਤੋਂ ਇਲਾਵਾ ਸਮੇਤ ਅੱਗ-ਰੂਪੀ ਤੱਤਾਂ ਦੇ ਹੋਂਦ ਦਾ, ਬਨਾਸਪਤੀ ਨਾਲ ਸੁੰਦਰ ਸੁਮੇਲ ਵੀ ਕੀਤਾ ਹੈ।

**ਬ੍ਰਹਿਮੰਡ ਦੀ ਵਿਸ਼ਾਲਤਾ:**

ਗੁਰੂ ਨਾਨਕ ਦੇਵ ਜੀ ਨੇ ਆਪਣੀ ਸ਼ਾਹਕਾਰ ਬਾਣੀ ਜਪੁਜੀ ਵਿੱਚ ਬ੍ਰਹਿਮੰਡ ਦੀ ਵਿਸ਼ਾਲਤਾ ਬਾਰੇ ਆਪਣੇ ਵਿਚਾਰਾਂ ਨੂੰ ਪੇਸ਼ ਕਰਦਿਆਂ, ਫ਼ੁਰਮਾਇਆ ਹੈ:

**ਧਰਤੀ ਹੋਰੁ ਪਰੈ ਹੋਰੁ ਹੋਰੁ॥**

ਅਤੇ

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥**
**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥**

(ਅੰਗ:5)

ਭਾਵ, ਸਾਰੇ ਵੇਦ ਇੱਕ ਜ਼ੁਬਾਨ ਹੋ ਕੇ ਆਖਦੇ ਹਨ,ਪਾਤਾਲਾਂ ਦੇ ਹੇਠ ਹੋਰ ਲੱਖਾਂ ਪਾਤਾਲ ਹਨ ਅਤੇ ਆਕਾਸ਼ਾਂ ਦੇ ਉੱਤੇ ਹੋਰ ਲੱਖਾਂ ਆਕਾਸ਼ ਹਨ। ਬੇਅੰਤ ਰਿਸ਼ੀ-ਮੁਨੀ ਜਾਂ ਵਿਦਵਾਨ,ਇਹਨਾਂ ਦੇ ਅਖ਼ੀਰਲੇ ਬੰਨਿਆਂ ਦੀ ਭਾਲ਼ ਕਰ ਕੇ ਥੱਕ ਗਏ ਹਨ,ਪਰ ਲੱਭ ਨਹੀਂ ਸਕੇ।

ਇਸੇ ਤਰ੍ਹਾਂ,ਗੁਰੂ ਜੀ ਫ਼ੁਰਮਾਉਂਦੇ ਹਨ:

**ਅੰਤ ਨ ਜਾਪੈ ਕੀਤਾ ਆਕਾਰ॥ ਅੰਤ ਨ ਜਾਪੈ ਪਾਰਾਵਾਰੁ॥**
**ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥**

ਭਾਵ, ਇਸ ਸ੍ਰਿਸ਼ਟੀ ਦਾ ਅਖ਼ੀਰ,ਇਸ ਦਾ ਉਰਲਾ ਅਤੇ ਪਾਰਲਾ ਬੰਨਾ ਕੋਈ ਨਹੀਂ ਦਿਸਦਾ। ਕਈ ਮਨੁੱਖ,ਇਸ ਸਿਰਜਣਾ ਦਾ ਹੱਦ-ਬੰਨਾ ਲੱਭਣ ਲਈ ਤਰਲੇ ਲੈ ਰਹੇ ਹਨ (ਯਤਨਬੱਧ ਹਨ),ਪਰ ਉਸ ਦੇ ਹੱਦ-ਬੰਨੇ ਨਹੀਂ ਲੱਭੇ ਜਾ ਸਕੇ।

ਸਿੱਖ ਧਰਮ ਦੇ ਮਹਾਨ ਵਿਦਵਾਨ ਅਤੇ ਗੁਰਮਤਿ ਦੇ ਵਿਆਖਿਆਕਾਰ,ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ,ਜਗਤ ਪਸਾਰੇ ਬਾਰੇ,ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਨੂੰ ਇੰਝ ਵਡਿਆਉਂਦੇ ਹਨ:

**ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ॥**
**ਪੰਜ ਤੱਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ॥**
**ਕਾਦੁਰ ਕਿਨੇ ਨ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ॥**
**ਇਕ ਦੂ ਕੁਦਰਤਿ ਲਖ ਕਰਿ ਲਖ ਬਿਅੰਤ ਅਸੰਖ ਅਪਾਰਾ॥**

**ਰੋਮਿ ਰੋਮਿ ਵਿਚਿ ਰਖਿਓਨਿ ਕਰਿ ਬ੍ਰਹਿਮੰਡਿ ਕਰੋੜਿ ਸੁਮਾਰਾ॥**
**ਇਕਸਿ ਇਕਸਿ ਬ੍ਰਹਮੰਡਿ ਵਿਚ ਦਸਿ ਦਸਿ ਕਰਿ ਅਵਤਾਰ ਉਤਾਰਾ॥**
**ਕੇਤੇ ਬੇਦਿ ਬਿਆਸ ਕਰਿ ਕਈ ਕਤੇਬ ਮਹੁੰਮਦ ਯਾਰਾ॥**
**ਕੁਦਰਤਿ ਇਕੁ ਏਤਾ ਪਾਸਾਰਾ॥4॥**

(ਵਾਰ 1 ;ਪਉੜੀ 4)

ਅਰਥਾਤ,ਇਹ ਜਗਤ ਪਾਸਾਰਾ,ਕੁਦਰਤ ਦੀ ਸ਼ਕਤੀ ਹੈ; ਜਿਸ ਤੋਂ ਏਨਾ ਵੱਡਾ ਪਸਾਰਾ ਪਸਰ ਗਿਆ ਹੈ।[5*]

ਗੁਰੂ ਨਾਨਕ ਦੇਵ ਜੀ ਨੇ ਬ੍ਰਹਿਮੰਡੀ-ਸਿਰਜਣਾ ਨੂੰ 'ਕੁਦਰਤ' ਦਾ ਨਾਂਅ ਦੇ ਕੇ, ਇਸ ਸੰਬੰਧੀ ਆਪਣੇ ਵਿਚਾਰ ਪ੍ਰਗਟਾਏ ਹਨ:

**ਕੁਦਰਤਿ ਦਿਸੈ ਕੁਦਰਤਿ ਸੁਣਿਐ ਕੁਦਰਤਿ ਭਉ ਸੁਖ ਸਾਰੁ॥**
**ਕੁਦਰਤਿ ਪਾਤਾਲੀ ਅਕਾਸ਼ੀ ਕੁਦਰਤਿ ਸਰਬ ਆਕਾਰੁ॥**
**ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥**
**ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ॥**
**ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨੁ॥**
**ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥**
**ਕੁਦਰਤਿ ਪਉਣੁ ਪਾਣੀ ਬੈਸੰਤਰ ਕੁਦਰਤਿ ਧਰਤੀ ਖਾਕੁ॥**

(ਵਾਰ ਆਸਾ ਮੁਹਲਾ ਪਹਿਲਾ,ਅੰਗ 464)

ਬ੍ਰਹਿਮੰਡ ਦੀ ਵਿਸ਼ਾਲਤਾ ਬਾਰੇ ਗੁਰੂ ਨਾਨਕ ਦੇਵ ਜੀ, ਈਸਾਈ ਧਰਮ ਅਤੇ ਇਸਲਾਮ ਧਰਮ ਦੇ ਚੌਦਾਂ ਤਬਕਾਂ (ਸੱਤ ਅੰਬਰ ਅਤੇ ਸੱਤ ਪਾਤਾਲ ਪੁਰੀਆਂ) ਅਤੇ ਹਿੰਦੂ ਧਰਮ ਅਨੁਸਾਰ ਚੌਦਾਂ ਲੋਕਾਂ ਜਾਂ ਤਲਾਂ ਦੀ ਗੱਲ ਕਰਨ ਦੀ ਬਜਾਇ,ਇਓਂ ਫ਼ੁਰਮਾਉਂਦੇ ਹਨ:

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥**

(ਜਪੁਜੀ ਸਾਹਿਬ,॥22॥,ਅੰਗ 5){2}

**ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥2॥**

(ਮਾਰੂ ਮੁਹਲਾ ਪਹਿਲਾ, ਅੰਗ 1035)

**ਸ੍ਰਿਸ਼ਟੀ ਰਚਨਾ:**

**ਅਰਬਦ ਨਰਬਦ ਧੁੰਧੂ ਕਾਰਾ॥ਧਰਨਿ ਨ ਗਗਨਾ ਹੁਕਮੁ ਅਪਾਰਾ॥**
**ਨਾ ਦਿਨੁ ਰੈਨਿ ਨ ਚੰਦ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥**

{(ਮਾਰੂ ਮਹਲਾ ਪਹਿਲਾ, ਅੰਗ 1035)}{3}

**ਪਸਰੀ ਕਿਰਣਿ ਜੋਤਿ ਉਜਿਆਲਾ॥**
**ਕਰਿ ਕਰਿ ਦੇਖੈ ਆਪਿ ਦਇਆਲਾ॥**

(ਮਾਰੂ ਮਹਲਾ ਪਹਿਲਾ ਦਖਣੀ॥, ਅੰਗ-1033)

ਅਤੇ

**ਧਰਤਿ ਉਪਾਇ ਧਰੀ ਧਰਮ ਸਾਲਾ॥ਉਤਪਤਿ ਪਰਲਉ ਆਪਿ ਨਿਰਾਲਾ॥**

(ਮਾਰੂ ਮਹਲਾ ਪਹਿਲਾ ਦਖਣੀ॥,ਅੰਗ-1033)

**ਬਲਿਹਾਰੀ ਕੁਦਰਤਿ ਵਸਿਆ :**

ਗੁਰੂ ਨਾਨਕ ਦੇਵ ਜੀ, ਆਪਣੀ ਬਾਣੀ ਵਿੱਚ ਰੁੱਖਾਂ ਦੀ ਵਿਸ਼ੇਸ਼ਤਾ/ਬਲਿਹਾਰੀ ਕੁਦਰਤਿ ਵਸਿਆ ਬਾਰੇ ਇੰਝ ਫ਼ੁਰਮਾਉਂਦੇ ਹਨ:

**ਕੋਕਿਲ ਹੋਵਾ ਅੰਬਿ ਬਸਾ ਸਹਜਿ ਸ਼ਬਦ ਬੀਚਾਰੁ॥**
**ਸਹਿਜ ਸੁਭਾਇ ਮੇਰਾ ਸਹੁ ਮਿਲੈ ਦਰਸੁਨਿ ਰੂਪਿ ਅਪਾਰੁ॥**

ਅਤੇ

**ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥**
**ਗੁਰ ਪਰਸਾਦੀ ਮੇਰਾ ਸਹੁ ਮਿਲੇ ਵਾਰਿ ਹਉ ਜਾਉ ਜੀਉ॥**

(ਗਉੜੀ ਬੈਰਾਗਣਿ ਮਹਲਾ 1;ਅੰਗ:157)

ਇਸ ਤਰ੍ਹਾਂ, ਗੁਰੂ ਨਾਨਕ ਦੇਵ ਜੀ ਨੇ, ਕੋਇਲ ਵਾਂਗ ਆਪਣਾ ਬਸੇਰਾ ਰੁੱਖਾਂ ਉੱਤੇ ਕਰ ਕੇ, ਕੁਦਰਤ ਨਾਲ਼ ਇਕਮਿਕਤਾ ਦੀ ਤਮੰਨਾ ਪ੍ਰਗਟ ਕੀਤੀ ਹੈ ਅਤੇ ਸਰੀਰ ਨੂੰ ਬਿਰਖੁ ਦਾ ਰੂਪ ਬਣਾਉਣ ਲਈ ਉਪਦੇਸ਼ ਦਿੱਤਾ ਹੈ।

ਗੁਰੂ ਜੀ ਨੇ, ਆਪਣੇ ਤੋਂ 300 ਸਾਲ ਪਹਿਲਾਂ ਹੋਏ ਸੂਫ਼ੀ ਸੰਤ,ਬਾਬਾ ਫ਼ਰੀਦ (1173-1265) ਦੇ ਇਹਨਾਂ ਵਿਚਾਰਾਂ:

**ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥**
**ਦਰਵੇਸ਼ਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥**

(ਸਲੋਕ 60;ਅੰਗ:1380)

ਅਰਥਾਤ, 'ਰੁੱਖਾਂ ਦਾ ਸੰਗ ਹਰੇਕ ਦਰਵੇਸ਼ ਨੇ ਲੋੜਿਆ ਹੈ। ਰੁੱਖਾਂ ਸੰਗ ਬੈਠ ਕੇ, ਰੁੱਖਾਂ ਦੇ ਗੁਣ ਗ੍ਰਹਿਣ ਹੁੰਦੇ ਹਨ। ਰੁੱਖ ਦੂਜਿਆਂ ਦਾ ਸਦਾ ਭਲ਼ਾ ਹੀ ਮੰਗਦੇ ਹਨ; ਆਪਣੇ ਲਈ ਉਹਨਾਂ ਕੋਈ ਲੋਚਾ ਨਹੀਂ ਕੀਤੀ। ਜੇਕਰ ਉਹਨਾਂ ਨੂੰ ਕੋਈ ਦੁੱਖ ਦਿੰਦਾ ਹੈ,ਉਸ ਨੂੰ ਵੀ ਉਹ ਫ਼ਲ਼, ਪੱਤੇ, ਫ਼ੁੱਲ਼, ਲੱਕੜੀ ਆਦਿ ਦਾ ਉਪਹਾਰ ਦਿੰਦੇ ਹਨ।' ਨੂੰ ਵੀ ਵਡਿਆਈ ਪ੍ਰਦਾਨ ਕੀਤੀ ਹੈ।

**ਵਾਤਾਵਰਣ ਦੀ ਪ੍ਰਦੂਸ਼ਤਤਾ:**

ਗੁਰੂ ਨਾਨਕ ਦੇਵ ਜੀ, ਵਾਤਾਵਰਣ ਦੀ ਪ੍ਰਦੂਸ਼ਤਤਾ ਬਾਰੇ, ਆਪਣੀ ਢੁੱਕਵੀਂ ਅਤੇ ਵਿਲੱਖਣ-ਵਿਚਾਰਧਾਰਾ ਨੂੰ, ਲੋਕਾਈ ਦੇ ਸਨਮੁਖ ਇਉਂ ਪ੍ਰਸਤੁਤ ਕਰਦੇ ਹਨ:

**ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ॥**
**ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥**

(ਸਲੋਕ ਵਾਰਾਂ ਤੇ ਵਧੀਕ, ਮਹਲਾ ਪਹਿਲਾ; ਅੰਗ:1412)

ਅਰਥਾਤ,ਹੇ ਸਰੋਵਰ! ਤੂੰ (ਕਦੇ) ਚੁਫ਼ੇਰੇ ਹਰਾ ਹੀ ਹਰਾ ਸੈਂ, (ਤੇਰੇ ਅੰਦਰ) ਸੋਨੇ ਦੇ ਰੰਗ ਵਾਲ਼ੇ (ਚਮਕਦੇ) ਕੌਲ-ਫ਼ੁੱਲ (ਖਿੜੇ ਹੋਏ ਸਨ)।

ਗੁਰੂ ਨਾਨਕ ਦੇਵ ਜੀ ਦੇ ਇਹਨਾਂ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ, ਗੁਰੂ ਅਮਰਦਾਸ ਜੀ/ਬਾਬਾ ਫ਼ਰੀਦ ਜੀ ਫ਼ੁਰਮਾਉਂਦੇ ਹਨ:

**ਕਲਰ ਕੇਰੀ ਛਪੜੀ ਆਇ ਉਲਥੇ ਹੰਝ॥**
**ਚਿੰਜੂ ਬੋੜਨਿ ਨਾ ਪੀਵਹਿ ਉਡਣ ਸੰਦੀ ਡੰਝ॥64॥**

(ਅੰਗ:1381)

ਅਰਥਾਤ,ਕੱਲਰ ਦੀ ਛੱਪੜੀ ਵਿੱਚ ਹੰਸ ਆ ਉਤਰਦੇ ਹਨ।(ਹੰਸ ਛੱਪੜੀ ਵਿੱਚ ਆਪਣੀ) ਚੁੰਝ ਡੋਬਦੇ ਹਨ,(ਪਰ,ਉਹ ਮੈਲ਼ਾ ਪਾਣੀ) ਨਹੀਂ ਪੀਂਦੇ; ਉਹਨਾਂ ਨੂੰ ਉੱਥੋਂ ਉੱਡ ਜਾਣ ਦੀ ਤਾਂਘ ਲੱਗੀ ਰਹਿੰਦੀ ਹੈ॥64॥

**ਸੂਰਜ ਪਰਿਵਾਰ/ਪ੍ਰਿਥਵੀ ਦੀ ਵਾਰਸ਼ਿਕ ਗਤੀ ਬਾਰੇ:**

ਗੁਰੂ ਨਾਨਕ ਦੇਵ ਜੀ, ਸੂਰਜ ਦੇ ਰਥ-ਚੱਕਰ ਦੀ ਸਮਝ ਪ੍ਰਦਾਨ ਕਰਦਿਆਂ,ਆਪਣੇ ਮਹਾਨ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ:

**ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝ ਬਾਰੇ॥**

(ਰਾਗ ਤੁਖਾਰੀ;ਮਹਲਾ 1; ਅੰਗ:1107)

ਅਰਥਾਤ,ਜਦੋਂ ਸੂਰਜ ਆਪਣੀ ਚਰਮ-ਸੀਮਾ 'ਤੇ ਤਪਦਾ ਹੈ,ਤਾਂ ਉਸ ਵੇਲ਼ੇ, ਕਮਜ਼ੋਰ ਜਿੰਦ ਕਿਤੇ ਛਾਂਅ ਦੀ ਓਟ ਲੈਂਦੀ ਹੈ, ਬੀਂਡਾ ਵੀ ਬਾਹਰ ਜੂਹ ਵਿੱਚ,ਰੁੱਖ ਦੀ ਛਾਵੇਂ ਟੀਂ-ਟੀਂ ਪਿਆ ਕਰਦਾ ਹੈ। ਭਾਵ,ਰੁੱਤਾਂ ਦੀ ਤਬਦੀਲੀ/ਪ੍ਰਿਥਵੀ ਦੀਆਂ ਗਤੀਆਂ ਬਾਰੇ ਨੂੰ ਰਥ-ਫ਼ਿਰਨ ਦੀ ਪ੍ਰਕਿਰਿਆ ਦੇ ਮਾਧਿਅਮ ਨਾਲ਼ ਪੇਸ਼ ਕਰਦੇ ਹਨ। ਗੁਰੂ ਜੀ ਦੇ ਇਸ ਰਥ-ਫ਼ਿਰਨ ਦੀ ਪ੍ਰਕਿਰਿਆ ਨੂੰ ਆਧਾਰ ਬਣਾ ਕੇ, ਵਿਦਵਾਨਾਂ ਨੇ ਜੰਤਰੀਆਂ/ਕੈਲੰਡਰਾਂ ਦੀ ਸਿਰਜਣਾ ਕੀਤੀ ਹੈ। {ਉਦਾਹਰਣ ਵਜੋਂ,ਈ.ਸੰਮਤ ਦੇ 21 ਜੂਨ/ਵੱਡੇ ਤੋਂ ਵੱਡਾ ਦਿਨ ਦੇ ਮੁਤਾਬਕ,ਨਾਨਕਸ਼ਾਹੀ ਸੰਮਤ ਇਹ ਮਿਤੀ ਹਾੜ੍ਹ 7 ਨਿਰਧਾਰਿਤ ਕਰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ,ਬ੍ਰਹਿਮੰਡ ਵਿਗਿਆਨ ਦੀ ਸਮਾਨਾਰਥਕ ਅਤੇ ਸੱਚੀ ਭਾਵਨਾ ਨੂੰ

ਪੇਸ਼ ਕਰਦੀ ਹੈ।ਜਿਵੇਂ ਇੱਕ ਵਿਗਿਆਨਿਕ-ਦ੍ਰਿਸ਼ਟੀਕੋਣ, ਅਥਵਾ ਬਾਹਰਮੁਖੀ ਵਿਸ਼ਵ-ਦ੍ਰਿਸ਼ਟੀਕੋਣ ਦੇ ਅਨੁਸਾਰ ਕੁਦਰਤ/ਸ੍ਰਿਸ਼ਟੀ ਦਾ ਸਮੁੱਚਾ ਭਾਵ ਅਤੇ ਪ੍ਰਭਾਵ, ਬ੍ਰਹਿਮੰਡ ਦੇ ਹੈਰਾਨ ਕਰ ਦੇਣ ਵਾਲ਼ੇ ਰਹੱਸ ਹਨ।

ਇਸ ਬ੍ਰਹਿਮੰਡ ਵਿੱਚ, ਸਾਡਾ ਗ੍ਰਹਿ, ਪ੍ਰਿਥਵੀ, ਇਸ ਦੀ ਸਤਹ ਅਤੇ ਸਤਹ ਹੇਠਲਾ ਲਾਵਾ, ਇਸਦੇ ਦਰਿਆ, ਪਹਾੜ, ਸਮੁੰਦਰ, ਜੀਵ-ਜੰਤੂ, ਵਾਯੂਮੰਡਲ, ਬਨਸਪਤੀ, ਜਗਤ, ਹੋਰ ਅਨੇਕਾਂ ਗ੍ਰਹਿ, ਚੰਨ, ਸੂਰਜ, ਤਾਰੇ, ਧੂਮਕੇਤੂ, ਆਕਾਸ਼-ਗੰਗਾਵਾਂ, ਨੋਵਾ, ਸੁਪਰਨੋਵਾ, ਬਲੈਕ-ਹੋਲਜ਼,ਵਾਈਟ ਡਵਾਰਫ਼ ਅਤੇ ਪਲਸਰਜ਼ ਆਦਿ ਮੌਜੂਦ ਹਨ। ਪੁਲਾੜ (ਸਮਾਂ, ਧੁਨੀ ਅਤੇ ਈਥਰ ਸੰਗ), ਹਵਾ, ਅੱਗ, ਪਾਣੀ ਅਤੇ ਧਰਤੀ, ਕੁਦਰਤ ਦੇ ਇਹੋ ਤੱਤ ਮਿਲ਼ ਕੇ, ਸਜੀਵ-ਨਿਰਜੀਵ ਚੀਜ਼ਾਂ ਦੀ ਲੜੀ ਨੂੰ ਪੈਦਾ ਕਰਦੇ ਹਨ।

ਇਸ ਤਰ੍ਹਾਂ,ਉਪਰੋਕਤ ਤੁਲਾਨਤਮਿਕ ਅਧਿਐਨ-ਵਿਸ਼ਲੇਸ਼ਣ ਤੋਂ ਇਹ ਤੱਥ ਸਵੈ-ਸਪੱਸ਼ਟ ਹੁੰਦੇ ਹਨ ਕਿ

* ਸ਼੍ਰੀ ਗੁਰੂ ਨਾਨਕ ਦੇਵ ਜੀ, ਇੱਕ ਮਹਾਨ ਸਮਾਜ-ਸੁਧਾਰਕ ਸਨ,ਜਿਨ੍ਹਾਂ ਨੇ ਇਸ ਲੌਕਿਕ ਸੰਸਾਰ ਨੂੰ ਹੋਰ ਬੇਹਤਰ ਬਣਾਉਣ ਵਿੱਚ ਆਪਣੀ ਇਤਿਹਾਸਿਕ ਭੂਮਿਕਾ ਨਿਭਾਈ।
* ਗੁਰੂ ਜੀ ਨੇ ਕਰਮ-ਕਾਂਡਾਂ, ਕਰਾਂਮਾਤਾਂ ਚਮਤਕਾਰਾਂ, ਵਹਿਮਾਂ-ਭਰਮਾਂ, ਪਖੰਡਾਂ ਨੂੰ ਨਿਖੇਧਣ ਵਿੱਚ, ਆਪਣੀ ਬਾਣੀ/ਵਿਚਾਰਧਾਰਾ,ਲੋਕਾਈ ਦੇ ਹਿਤ ਵਿੱਚ ਸੇਧਤ ਕੀਤੀ।
* ਗੁਰੂ ਜੀ, ਵਿਗਿਆਨਿਕ, ਤਰਕਸ਼ੀਲ ਅਤੇ ਇਨਕਲਾਬੀ ਵਿਚਾਰਧਾਰਾ ਦੇ ਮਹਾਨ ਪ੍ਰਚਾਰਕ ਹੋਏ ਹਨ, ਜਿਨ੍ਹਾਂ ਨੇ ਇਸ ਵਿਚਾਰਧਾਰਾ ਦੇ ਪ੍ਰਚਾਰ ਅਤੇ ਪਾਸਾਰ ਵਿੱਚ ਅਹਿਮ ਭੂਮਿਕਾ ਨਿਭਾਈ।
* ਗੁਰੂ ਜੀ ਨੇ, ਮਾਨਵਤਾ ਦੇ ਕਲਿਆਣ, ਬਰਾਬਰੀ, ਔਰਤ ਦੇ ਉੱਚ-ਰੁਤਬੇ ਬਾਰੇ ਸਿੱਧਾਂਤਕ ਅਤੇ ਵਿਵਹਾਰਕ ਪੱਧਰਾਂ 'ਤੇ ਅਭੂਤਪੂਰਵ ਕਾਰਜ ਕੀਤਾ।

ਇਸ ਖੋਜ-ਕਾਰਜ ਦੇ ਆਧਾਰ ਉੱਤੇ,ਜਿਹੜਾ ਪੱਖ ਸਰਬ-ਅਧਿੱਕ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ,ਉਹ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਤਮਾਮ-ਕਾਰਜ ਇਸ ਦਿਸ਼ਾ ਵਿੱਚ ਸੇਧਤ ਹੁੰਦੇ ਹਨ ਕਿ ਉਹਨਾਂ ਨੇ ਆਪਣੀ ਬਾਣੀ ਰਾਹੀਂ ਵਾਤਾਵਰਣ (Environment) ਬਾਰੇ ਸੋਝੀ, ਚੇਤਨਾ, ਵਿਗਿਆਨਿਕ-ਵਿਚਾਰਧਾਰਾ ਦਾ ਪਾਸਾਰ ਕਰ ਕੇ, ਇਸ ਅਹਿਮ ਪੱਖ ਵਿੱਚ ਆਪਣੀ ਬਹੁਤ ਹੀ ਮਹੱਤਵਪੂਰਣ ਭੂਮਿਕਾ ਨਿਭਾਈ ਹੈ।ਗੁਰੂ ਜੀ ਨੇ ਵਾਤਾਵਰਣ ਅਤੇ ਮਨੁੱਖ,ਵਾਤਾਵਰਣ ਦੀ ਪ੍ਰਦੂਸ਼ਿਤਤਾ ਦੇ ਮਾੜੇ ਪ੍ਰਭਾਵਾਂ,ਵਾਤਾਵਰਣ ਦੀ ਸ਼ੁੱਧਤਾ ਪ੍ਰਤੀ ਚੇਤਨਤਾ ਅਤੇ ਹਰੇਕ ਮਨੁੱਖ ਨੂੰ ਵਾਤਾਵਰਣ ਦੀ ਸ਼ੁੱਧਤਾ ਬਣਾਈ ਰੱਖਣ ਵਿੱਚ ਆਪਣਾ ਯੋਗਦਾਨ ਪਾਉਣ ਦੀ ਨਸੀਹਤ ਦੇਣ ਹਿਤ, ਮਹਾਨ ਕਾਰਜ ਕੀਤਾ ਹੈ। ਗੁਰੂ ਜੀ ਦਾ ਸਰਬਉੱਤਮ ਕਾਰਜ,ਅਜਿਹਾ ਸ਼ੁੱਧ/ਨਿਰਮਲ ਵਾਤਾਵਰਣ ਸਿਰਜਣ ਹਿਤ, ਵਿਗਿਆਨਿਕ-ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਅਤੇ ਕੁਦਰਤ ਦੇ ਰਹੱਸਾਂ ਦਾ ਵਿਗਿਆਨਿਕ ਆਧਾਰ 'ਤੇ ਵਿਸ਼ਲੇਸ਼ਣ ਕਰਨ ਵਿੱਚ ਨਿਹਿਤ ਹੈ।

ਉਪਰੋਕਤ,ਅਧਿਐਨ-ਵਿਸ਼ਲੇਸ਼ਣ ਦੇ ਆਧਾਰ 'ਤੇ ਮੁੱਲਾਂਕਣ ਕਰਦਿਆਂ, ਇਹ ਸਿੱਟਾ ਪ੍ਰਸਤੁਤ ਹੁੰਦਾ ਹੈ ਕਿ ਗੁਰੂ ਜੀ ਵੱਲੋਂ ਵਿਖਾਏ ਸੱਚ ਦੇ ਰਾਹ 'ਤੇ ਚਲਦਿਆਂ ਹੀ ਅਸੀਂ, ਚੰਗੇ ਮਨੁੱਖ ਵਜੋਂ ਸਮਾਜ ਦੀ ਬੇਹਤਰੀ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਾਂ।

ਆਓ! ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈ ਕੇ, ਉਹਨਾਂ ਵਲੋਂ ਚਿਤਵੇ ਬਰਾਬਰੀ ਵਾਲ਼ਾ ਸਮਾਜ ਸਿਰਜਣ ਵਿੱਚ ਆਪਣਾ ਯੋਗਦਾਨ ਪਾਈਏ!!

**ਦਲਜੀਤ ਸਿੰਘ ਭਗਤਾ (ਡਾ.)**
bhagta2006diljeet@gmail.com

# ਗੁਰੂ ਨਾਨਕ ਸਾਹਿਬ ਤੇ ਔਰਤ ਮਰਦ ਦੀ ਬਰਾਬਰੀ

**ਦਲਜੀਤ ਸਿੰਘ ਰਤਨ**

''ਆਸਾ ਦੀ ਵਾਰ'' ਵਿਚ ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦ ਅਕਸਰ ਦੁਹਰਾਏ ਜਾਂਦੇ ਹਨ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ', ਪਰ ਇਹ ਗੱਲ ਧਿਆਨ ਵਿਚ ਘੱਟ ਹੀ ਆਉਂਦੀ ਹੈ ਕਿ ਔਰਤ-ਮਰਦ ਦੇ ਰਿਸ਼ਤੇ ਬਾਰੇ ਗੁਰਮਤਿ ਨੇ ਇਸ ਧਾਰਨਾ ਤੋਂ ਵੀ ਕਿਤੇ ਅਗੇ ਜਾ ਕੇ ਬੜੀ ਗੰਭੀਰ ਚਰਚਾ ਕੀਤੀ ਹੈ। ਗੁਰਮਤਿ ਨੇ ਔਰਤ-ਮਰਦ ਦੇ ਕੁਦਰਤੀ ਰਿਸ਼ਤੇ ਦੀ, ਹੁਣ ਤੱਕ ਦੀ ਸਭ ਤੋਂ ਖ਼ੂਬਸੂਰਤ ਵਿਆਖਿਆ ਕੀਤੀ ਹੈ। ਗੁਰਮਤਿ ਅਨੁਸਾਰ ਔਰਤ-ਮਰਦ ਨਾ ਸਿਰਫ ਇਕ ਦੂਜੇ ਦੇ ਬਰਾਬਰ ਹਨ ਸਗੋਂ ਦੋਵੇਂ ਇਕ-ਦੂਜੇ ਦੇ ਅਰਧ-ਸਰੀਰੀ ਭਾਵ ਇਕ-ਦੂਜੇ ਦੇ ਪੂਰਕ ਹਨ। ਕੁਦਰਤੀ ਨੇਮਾਂ ਅਨੁਸਾਰ ਔਰਤ-ਮਰਦ ਦੇ ਰਿਸ਼ਤੇ ਤੋਂ ਬਗੈਰ ਮਨੁੱਖੀ ਨਸਲ ਅੱਗੇ ਨਹੀਂ ਤੋਰੀ ਜਾ ਸਕਦੀ। ਇਸ ਲਈ ਔਰਤ-ਮਰਦ ਇਕ-ਦੂਜੇ ਤੋਂ ਆਜ਼ਾਦ ਨਹੀਂ, ਜਿਵੇਂ ਕਿ ਪੱਛਮੀ ਸਭਿਆਚਾਰ ਪ੍ਰਚਾਰਦਾ ਹੈ। ਬਲਕਿ ਇਹ ਦੋਵੇਂ ਹੋਂਦਾਂ ਇਕ-ਦੂਜੇ ਦੀਆਂ ਪੂਰਕ ਹਨ। ਭਾਵ ਇਕ-ਦੂਜੇ ਤੋਂ ਬਗੈਰ ਦੋਵੇਂ ਅਧੂਰੇ ਹਨ।

ਗੁਰੂ ਸਾਹਿਬ ਨੇ ਔਰਤ ਮਰਦ ਦੇ ਰਿਸ਼ਤੇ ਨੂੰ ਉਸ ਅਨੁਭਵੀ ਸਿਖਰ ਉਤੇ ਪਹੁੰਚਾਇਆ ਹੈ ਜਿਥੇ ਅਜੇ ਤੱਕ ਕਿਸੇ ਫਿਲਾਸਫਰ ਜਾਂ ਧਰਮ ਗੁਰੂ ਨੇ ਕਿਆਸਿਆ ਵੀ ਨਹੀਂ। ਕਮਾਲ ਦੀ ਗੱਲ ਇਹ ਹੈ ਕਿ ਇਹ ਸਿਖਰ ਹੁਣ ਤਕ ਦੇ ਹੋਏ ਪੂਰੇ ਸਮਾਜੀ ਤੇ ਸਭਿਆਚਾਰਕ ਵਿਕਾਸ ਦਾ ਸਿੱਟਾ ਹੈ ਅਤੇ ਭਵਿੱਖ ਦਾ ਖ਼ੂਬਸੂਰਤ ਸਮਾਜ ਅਜਿਹਾ ਹੋਣਾ ਤਹਿ ਹੈ।

ਗੁਰੂ ਸਾਹਿਬ ਦਾ ਫ਼ੁਰਮਾਨ ਹੈ -

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥**

(ਗੁਰੂ ਗ੍ਰੰਥ ਸਾਹਿਬ, ਪੰਨਾ 788)

ਔਰਤ ਮਰਦ ਦੀ ਬਰਾਬਰੀ ਦੀ ਹਮਾਇਤ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਨੇ ਦੋਹਾਂ ਨੂੰ ਇਕ-ਦੂਜੇ ਦੇ ਪੂਰਕ ਮੰਨਿਆ ਹੈ। ਔਰਤ-ਮਰਦ ਦਾ ਰਿਸ਼ਤਾ ਦੋ ਵੱਖ-ਵੱਖ ਸਰੀਰਾਂ ਦਾ ਨਹੀਂ ਸਗੋਂ ਇਸ ਤੋਂ ਕਿਤੇ ਵੱਡਾ ਆਤਮਿਕ ਰਿਸ਼ਤਾ ਹੈ। ਜਿਸ ਰਿਸ਼ਤੇ ਵਿਚ ਦੋਵੇਂ ਇਕ-ਦੂਜੇ ਦੇ ਪੂਰਕ ਹਨ। ਔਰਤ-ਮਰਦ ਦੇ ਰਿਸ਼ਤੇ ਬਾਰੇ ਗੁਰੂ ਸਾਹਿਬ ਦੀ ਇਹ ਧਾਰਨਾ ਅੱਜ ਦੇ ਰਾਜਸੀ-ਸਮਾਜੀ ਮਾਹੌਲ ਵਿਚ ਖਾਸ ਤੌਰ ਉਤੇ ਮਹੱਤਵਪੂਰਨ ਹੈ। ਕਿਉਂਕਿ ਬ੍ਰਾਹਮਣਵਾਦ ਨੇ ਜੇ ਔਰਤ ਮਰਦ ਨੂੰ ਦੇਹ ਦੀ ਹੋਂਦ ਤਕ ਸੁੰਗੇੜ ਦਿੱਤਾ ਸੀ ਤਾਂ ਪਛਮੀ ਸਭਿਆਚਾਰ ਦੇ ਬਾਜ਼ਾਰੀਕਰਨ ਨੇ ਔਰਤ-ਮਰਦ ਦੇ ਰਿਸ਼ਤੇ ਨੂੰ ਕੁਝ ਕੁ ਅੰਗਾਂ ਤੱਕ ਸੀਮਤ ਕਰ ਦਿਤਾ ਹੈ। ਮਨੁੱਖੀ ਰਿਸ਼ਤਿਆਂ ਦੇ ਇਸ ਬਾਜ਼ਾਰੀਕਰਨ ਨੇ ਔਰਤ-ਮਰਦ ਦੇ ਰਿਸ਼ਤਿਆਂ ਵਿਚ ਜ਼ਹਿਰ ਘੋਲ ਦਿੱਤੀ ਹੈ।

ਹਜ਼ਾਰਾਂ ਸਾਲਾਂ ਵਿਚ ਹੰਢਾਏ ਅਨੁਭਵੀ ਅਮਲ ਤੋਂ ਬਾਅਦ ਹੀ ਬੰਦੇ ਨੂੰ ਸਮਝ ਆਈ ਕਿ ਔਰਤ-

ਮਰਦ ਦਾ ਰਿਸ਼ਤਾ ਬਾਕੀ ਸਾਰੇ ਰਿਸ਼ਤਿਆਂ ਦੀ ਖੂਬਸੂਰਤੀ ਦਾ ਆਧਾਰ ਹੈ। ਦੋਵੇਂ ਮਿਲ ਕੇ ਇਕ ਮਨੁੱਖੀ ਇਕਾਈ ਬਣਦੇ ਹਨ। ਮਨੁੱਖੀ ਨਸਲ ਚੱਲਦੀ ਰੱਖਣ ਲਈ ਇਨ੍ਹਾਂ ਦੋਹਾਂ ਦਾ ਮਿਲਣ ਅਤਿ ਜ਼ਰੂਰੀ ਹੈ। ਦੋਵੇਂ ਇਕ-ਦੂਜੇ ਬਿਨਾਂ ਅਧੂਰੇ ਹਨ। ਪਰ ਕਿਉਂਕਿ ਬੱਚੇ ਨੂੰ ਜਨਮ ਮਾਂ ਦਿੰਦੀ ਹੈ, ਇਸ ਲਈ ਸਮਾਜੀ ਤੌਰ ਉਤੇ ਔਰਤ ਦੀ ਅਹਿਮੀਅਤ ਮਰਦ ਨਾਲੋਂ ਵੱਧ ਹੈ। ਇਹ ਸਮਝ ਆਉਣ ਤੋਂ ਬਾਅਦ ਹੀ ਅਨੁਭਵ ਹੋਇਆ ਕਿ ਇਕ ਔਰਤ ਅਤੇ ਇਕ ਮਰਦ ਦਾ ਸਥਾਈ ਰਿਸ਼ਤਾ ਪਰਿਵਾਰ ਦੀ ਸਥਿਰਤਾ ਲਈ ਜ਼ਿਆਦਾ ਗੁਣਕਾਰੀ ਹੈ। ਇਸ ਰਿਸ਼ਤੇ ਵਾਸਤੇ ਇਕ-ਦੂਜੇ ਦੇ ਦੁੱਖ-ਸੁੱਖ ਵਿਚ ਭਾਈਵਾਲ ਹੋਣ ਲਈ ਵਧੇਰੇ ਸੰਵੇਦਨਸ਼ੀਲਤਾ ਦੀ ਲੋੜ ਹੈ। ਸੰਵੇਦਨਸ਼ੀਲਤਾ ਲਈ ਦੋਹਾਂ ਦੇ ਬੌਧਿਕ ਵਿਕਾਸ ਦੀ ਜ਼ਰੂਰਤ ਹੈ। ਔਰਤ-ਮਰਦ ਦੇ ਰਿਸ਼ਤੇ ਦੀ ਖੂਬਸੂਰਤੀ ਦਾ ਆਧਾਰ ਸਰੀਰਕ ਨਾਲੋਂ ਆਤਮਿਕ ਜ਼ਿਆਦਾ ਹੈ। ਭਾਵੇਂ ਇਹ ਰਿਸ਼ਤਾ ਸਰੀਰੀ ਵੀ ਹੈ ਪਰ ਇਨ੍ਹਾਂ ਰਿਸ਼ਤਿਆਂ ਵਿਚ ਖੂਬਸੂਰਤੀ ਭਰਨ ਲਈ ਦੋਹਾਂ ਦੇ ਆਤਮਿਕ ਤੇ ਸਭਿਆਚਾਰਕ ਵਿਕਾਸ ਦੀ ਲੋੜ ਹੈ।

ਮਸਲਨ ਪਰ-ਨਾਰੀ ਦੀ ਸੇਜ ਸੁਪਨੇ ਵਿਚ ਵੀ ਨਾ ਜਾਣ ਦੀ ਨਸੀਹਤ ਕੋਈ ਧਾਰਮਿਕ ਉਪਦੇਸ਼ ਨਹੀਂ, ਬਲਕਿ ਇਸ ਦਾ ਆਧਾਰ ਸਮਾਜੀ ਚੇਤਨਾ ਤੇ ਅਨੁਭਵੀ ਸਿਆਣਪ ਹੈ ਕਿ ਸੁਪਨਿਆਂ ਵਿਚ ਪਰ-ਨਾਰੀਆਂ ਦੀ ਸੇਜ ਮਾਣਨ ਵਾਲਾ ਮਨੁੱਖ ਕਦੀ ਵੀ, ਔਰਤ-ਮਰਦ ਦੇ ਰਿਸ਼ਤਿਆਂ ਨੂੰ ਆਤਿਮਕ ਪੱਧਰ ਉਤੇ ਜਾ ਕੇ ਨਹੀਂ ਮਾਣ ਸਕਦਾ। ਅਜਿਹਾ ਮਰਦ ਕਦੀ ਵੀ ਆਪਣੀ ਔਰਤ ਨਾਲ ਅਤੇ ਔਰਤ ਆਪਣੇ ਮਰਦ ਨਾਲ ਆਤਮਿਕ (ਭਾਵ ਰੂਹ ਦੀ) ਪੱਧਰ ਉਤੇ ਜਾ ਕੇ ਰਿਸ਼ਤਾ ਕਾਇਮ ਨਹੀਂ ਕਰ ਸਕਦੇ। ਨਾ ਹੀ ਉਹ ਸੁਚੇਤ ਰੂਪ ਵਿਚ ਆਪਣੇ ਸਰੀਰ ਦੀਆਂ ਇੰਦ੍ਰਿਆਵੀ, ਜਜ਼ਬਾਤੀ ਤੇ ਆਤਮਿਕ ਲੋੜਾਂ ਦੀ ਪਛਾਣ ਕਰ ਸਕਦੇ ਹਨ। ਕਿਉਂਕਿ ਸੁਪਨਿਆਂ ਵਿਚ ਪਰਾਈਆਂ ਔਰਤਾਂ ਭੋਗਣ ਵਾਲਾ ਮਨੁੱਖ ਯਥਾਰਥ ਤੋਂ ਟੁੱਟੀ ਹੋਈ ਮਾਨਸਿਕ ਭਟਕਣਾ ਦਾ ਸ਼ਿਕਾਰ ਹੁੰਦਾ ਹੈ। ਇਹੀ ਭਟਕਣਾ ਅਜੋਕੇ ਪੱਛਮੀ ਮਾਇਆਵੀ ਸਭਿਆਚਾਰ ਦੇ ਸ਼ਿਕਾਰ ਮਨੁਖ ਦੀ ਹੋਣੀ ਬਣੀ ਹੋਈ ਹੈ। ਗੁਰਮਤਿ ਆਪਣੀ ਧਾਰਨਾ ਵਿਚ ਇਹ ਆਤਮਿਕ ਗਿਆਨ ਦੇ ਰਹੀ ਹੈ -

**ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ ॥**
**ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥**

(ਪੰਨਾ 672)

ਭਾਵ ਕਾਮ ਵਾਸ਼ਨਾ ਵਿਚ ਗ੍ਰਸੇ ਮਰਦ ਕੋਲ ਭਾਵੇਂ ਜਿੰਨੀਆਂ ਮਰਜ਼ੀ ਔਰਤਾਂ ਹੋਣ ਪਰ ਉਸ ਦੀ ਹੋਰ-ਹੋਰ ਪਰਾਈਆਂ ਔਰਤਾਂ ਭੋਗਣ ਦੀ ਭੁਖ ਕਦੇ ਤ੍ਰਿਪਤ ਨਹੀਂ ਹੁੰਦੀ। ਉਹ ਦਿਨ-ਰਾਤ ਕਾਮ ਵਿਚ ਗ੍ਰਸਿਆ ਰਹਿ ਕੇ ਪਛਤਾਉਂਦਾ ਵੀ ਹੈ, ਕਿਉਂਕਿ ਸਰੀਰਕ ਸਮਰਥਾ ਸੀਮਤ ਹੈ, ਪਰ ਫਿਰ ਵੀ ਹੋਰ-ਹੋਰ ਔਰਤਾਂ ਭੋਗਣ ਦੀ ਭਟਕਣਾ ਵਿਚ ਮਰਦਾ ਜਾਂਦਾ ਹੈ।

**ਜੇ ਲਖ ਇਸਤਰੀਆਂ ਭੋਗ ਕਰਹਿ ਨਵ ਖੰਡ ਰਾਜ ਕਮਾਹਿ ॥**
**ਬਿਨੁ ਸਤਗੁਰ ਸੁਖ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ ॥**

(ਪੰਨਾ 26)

ਭਾਵ ਮਨੁੱਖ ਜੇ ਲੱਖ ਔਰਤਾਂ ਨਾਲ ਵੀ ਭੋਗ ਕਰ ਲਵੇ ਅਤੇ ਸਾਰੀ ਦੁਨੀਆਂ ਉਤੇ ਰਾਜ ਕਮਾ ਲਵੇ, ਪਰ ਫਿਰ ਵੀ ਸੱਚੇ ਗੁਰੂ ਦੇ ਦਿੱਤੇ ਆਤਮਿਕ ਗਿਆਨ ਬਿਨਾਂ ਮਨ ਵਿਚੋਂ ਵਾਰ ਵਾਰ ਜੰਮਣ ਮਰਣ ਦਾ ਭਰਮ ਨਹੀਂ ਮਿਟਦਾ ਅਤੇ ਇਸ ਕਰਕੇ ਮਨ ਦੀ ਸ਼ਾਂਤੀ ਭਾਵ ਸੁੱਖ ਨਹੀਂ ਮਿਲ ਸਕਦਾ। ਅਰਥਾਤ ਆਪਣੀ ਨਾਸ਼ਵੰਤ ਹੋਂਦ ਦੀ ਅਸਲੀਅਤ ਨੂੰ ਜਾਣੇ ਬਗੈਰ ਬੰਦਾ ਆਪਣੇ ਸੰਤੁਲਿਤ, ਸੰਜਮੀ, ਸਹਿਜ ਜੀਵਨ ਦਾ ਸੁੱਖ ਨਹੀਂ ਮਾਣ ਸਕਦਾ।

ਅਜੋਕੇ ਸਾਰੇ ਟੀਵੀ ਚੈਨਲ ਤੇ ਲਗਪਗ ਸਾਰੀਆਂ ਅਖ਼ਬਾਰਾਂ ਇਸ ਧਾਰਨਾ ਦਾ ਦਿਨ-ਰਾਤ ਪ੍ਰਚਾਰ ਕਰਦੀਆਂ ਹਨ ਅਤੇ ਇਸ ਨੂੰ ਉਹ ਇਕ ਕੁਦਰਤੀ ਨੇਮ ਦੇ ਤੌਰ ਉਤੇ ਪ੍ਰਚਾਰਦੀਆਂ ਹਨ, ਕਿ ਮਨੁੱਖ ਜਮਾਂਦਰੂ ਹੀ ਬਹੁਨਾਰੀ ਜਾਂ ਬਹੁਪੁਰਖ ਗਾਮੀ ਹੈ। ਇਹ ਮਨੁੱਖ ਦੀ ਕੁਦਰਤੀ ਫਿਤਰਤ ਹੈ ਅਤੇ ਉਸ ਦੇ ਸੁਭਾਅ ਦਾ ਇਕ ਆਮ ਲਛਣ ਹੈ। ਪਰ ਉਹ ਇਹ ਜਾਣਕਾਰੀ ਕਦੀ ਨਹੀਂ ਦਿੰਦੀਆਂ ਕਿ ਇਹ ਇਕ ਪਸ਼ੂ ਦੀ ਪੱਧਰ ਉਤੇ ਜਿਊਣ ਵਾਲੇ ਮਨੁੱਖ ਦਾ ਲੱਛਣ ਹੈ। ਜਿਸ ਨੇ ਅਜੇ ਆਪਣੀ ਸਮਾਜੀ ਚੇਤਨਾ ਅਤੇ ਸਦਾਚਾਰ ਨੂੰ ਵਿਕਸਿਤ ਨਹੀਂ ਕੀਤਾ ਅਤੇ ਜਿਸ ਨੂੰ ਸਦੀਆਂ ਵਿਚ ਵਿਕਸਿਤ ਹੋਏ ਇਸ ਅਨੁਭਵੀ ਗਿਆਨ ਦੀ ਜਾਣਕਾਰੀ ਨਹੀਂ ਕਿ ਕਾਮੁਕ ਰਿਸ਼ਤਿਆਂ ਸਮੇਤ, ਔਰਤ ਮਰਦ ਦੇ ਖ਼ੂਬਸੂਰਤ ਰਿਸ਼ਤਿਆਂ ਦਾ ਅਨੰਦ ਸਿਰਫ ਆਤਮਿਕ ਪੱਧਰ ਉਤੇ ਜਾ ਕੇ ਹੀ ਮਾਣਿਆ ਜਾ ਸਕਦਾ ਹੈ, ਨਿਰੋਲ ਸਰੀਰਕ ਪੱਧਰ ਉਤੇ ਨਹੀਂ। ਨਿਰੋਲ ਸਰੀਰਕ ਪਧਰ ਉਤੇ ਬਣਾਏ ਕਾਮੁਕ ਰਿਸ਼ਤੇ ਨਿਰੀ ਭਟਕਣਾ ਦਾ ਕਾਰਨ ਬਣਦੇ ਹਨ।

ਅਜੋਕੀ ਨੌਜਵਾਨ ਪੀੜ੍ਹੀ ਇਹੀ ਭਟਕਣਾ ਹੰਢਾਅ ਰਹੀ ਹੈ ਅਤੇ ਮਾਨਸਿਕ ਰੋਗਾਂ ਦੀ ਹੱਦ ਤੱਕ ਜਾ ਕੇ ਬਿਮਾਰ ਹੈ। ਔਰਤ-ਮਰਦ ਦੇ ਪਸ਼ੂ ਦੀ ਪੱਧਰ ਉਤੇ ਜਾ ਕੇ ਕਾਇਮ ਕੀਤੇ ਇਹ ਕਾਮੁਕ ਰਿਸ਼ਤੇ, ਨਾ ਸੰਤੁਲਿਤ ਪਰਿਵਾਰ ਯਕੀਨੀ ਬਣਾ ਸਕਦੇ ਹਨ, ਨਾ ਮਾਨਸਿਕ ਅਤੇ ਸਰੀਰਕ ਤੌਰ ਉਤੇ ਤੰਦਰੁਸਤ ਪੀੜ੍ਹੀਆਂ ਪੈਦਾ ਕਰ ਸਕਦੇ ਹਨ ਅਤੇ ਨਾ ਹੀ ਸੰਤੁਲਿਤ ਮਨੁਖੀ ਸਮਾਜ ਕਾਇਮ ਕੀਤਾ ਜਾ ਸਕਦਾ ਹੈ। ਇਨ੍ਹਾਂ ਪਸ਼ੂ-ਰਿਸ਼ਤਿਆਂ ਦੀ ਲਲ੍ਹਕ ਨੇ ਹੀ ਅੱਜ ਦੁਨੀਆ ਭਰ ਵਿਚ ਅਸ਼ਲੀਲ ਭੜਕਾਊ ਕਾਮੁਕਤ ਦੇ ਨੀਚ ਧੰਦੇ, ਵੇਸਵਾਗਿਰੀ ਅਤੇ ਸਮਲਿੰਗਕਤਾ ਦੀ ਮੰਡੀ ਤਿਆਰ ਕੀਤੀ ਹੈ ਅਤੇ ਜਿਸ ਨੂੰ ਵਹਿਸ਼ਤ ਦੀ ਹਦ ਤਕ ਜਾ ਕੇ ਕਾਨੂੰਨੀ ਰੂਪ ਦੇਣ ਦੇ ਯਤਨ ਕੀਤੇ ਜਾ ਰਹੇ ਹਨ।

ਅਜੋਕੇ ਰਾਜਪ੍ਰਬੰਧ ਦੀ ਬੁਨਿਆਦ ਪੁਰਸ਼ ਪ੍ਰਧਾਨ ਸਮਾਜ ਹੈ। ਇਹ ਬੁਨਿਆਦ ਬ੍ਰਾਹਮਣਵਾਦੀ ਭਰਮਜਾਲ ਅਤੇ ਪੈਸੇ ਉਤੇ ਟਿਕੀ ਹੋਈ ਹੈ। ਨਿੱਜੀ ਜਾਇਦਾਦ ਅਤੇ ਇਸ ਦੇ ਪ੍ਰਗਟ ਰੂਪ ਪੈਸੇ ਉਤੇ ਮੁਕੰਮਲ ਮਨੁੱਖੀ ਨਿਰਭਰਤਾ ਕਾਰਨ ਬਣੀ ਮਨੁਖੀ ਸੋਚ ਅਤੇ ਇਸ ਸੋਚ ਕਾਰਨ ਬਣੇ ਸਾਰੇ ਮਨੁੱਖੀ-ਸਮਾਜੀ ਰਿਸ਼ਤੇ, ਇਸ ਪੁਰਸ਼ ਪ੍ਰਧਾਨ ਸਮਾਜ ਦਾ ਪ੍ਰਗਟ ਰੂਪ ਹਨ। ਪੈਸੇ ਦਾ ਗਲਬਾ ਅਤੇ ਪੁਰਸ਼ ਪ੍ਰਧਾਨ ਸੋਚ, ਇਕੋ ਹੀ ਸਮਾਜੀ ਪ੍ਰਬੰਧ ਦੀਆਂ ਦੋ ਕੜੀਆਂ ਹਨ ਇਨ੍ਹਾਂ ਕੜੀਆਂ ਨੂੰ ਤੋੜੇ ਬਗੈਰ ਗੁਰੂ ਸਾਹਿਬ ਦੇ ਕਿਆਸੇ ਔਰਤ-ਮਰਦ ਦੀ ਬਰਾਬਰੀ ਤੇ ਇਕ-ਦੂਜੇ ਦੇ ਪੂਰਕ ਹੋਣ ਦੇ ਰਿਸ਼ਤੇ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਦਾ।

ਗੁਰੂ ਸਾਹਿਬ ਤਾਂ ਇਸ ਤੋਂ ਵੀ ਵਡਾ ਕੁਦਰਤੀ ਸਚ ਬਿਆਨ ਕਰਦੇ ਹਨ -

**ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ ॥**
**ਨਾਨਕ ਭੰਡੈ ਬਾਹਰਾ ਏਕੋ ਸਾਚਾ ਸੋਇ ॥**

(ਗੁਰੂ ਗ੍ਰੰਥ ਸਾਹਿਬ ਪੰਨਾ 473)

ਭਾਵ ਔਰਤ ਤੋਂ ਹੀ ਔਰਤ ਪੈਦਾ ਹੁੰਦੀ ਹੈ ਅਤੇ ਔਰਤ ਤੋਂ ਬਿਨਾਂ ਕੋਈ ਮਨੁੱਖੀ ਜੀਵਨ ਕਿਆਸਿਆ ਵੀ ਨਹੀਂ ਜਾ ਸਕਦਾ। ਸਿਰਫ ਇਕ ਵੱਡਾ ਸੱਚ ਕਰਤਾ ਹੀ ਇਸ ਵਰਤਾਰੇ ਤੋਂ ਬਾਹਰ ਹੈ। ਭਾਵ ਇਹ ਇਕ ਕੁਦਰਤੀ ਸੱਚ ਹੈ, ਕਿ ਔਰਤ ਜੀਵਨ ਦਾਤੀ ਹੈ। ਮਨੁੱਖੀ ਜੀਵਨ ਦਾ ਆਧਾਰ ਔਰਤ ਦੀ ਕੁੱਖ ਹੈ। ਮਰਦ ਇਸ ਪ੍ਰਕਿਰਿਆ ਵਿਚ ਸ਼ਾਮਿਲ ਹੈ, ਪਰ ਅੰਤਿਮ ਤੌਰ ਉਤੇ ਬੱਚੇ ਨੂੰ ਜਨਮ ਔਰਤ ਹੀ ਦਿੰਦੀ ਹੈ। ਇਸੇ ਕਰਕੇ ਗੁਰੂ ਸਾਹਿਬ ਨੇ ਧਰਤੀ ਨੂੰ ਮਾਂ ਕਿਹਾ ਹੈ। ਕਿਉਂਕਿ ਧਰਤੀ ਹੀ ਮਨੁੱਖੀ ਜੀਵਨ ਦਾ ਆਧਾਰ ਹੈ। ਗੁਰੂ ਸਾਹਿਬ ਨੇ ਇਸ ਸਮਾਜੀ ਸੱਚ ਉਤੇ ਵੀ ਮੋਹਰ ਲਾਈ ਹੈ ਕਿ ਇਸ ਧਰਤੀ ਉਤੇ ਸਾਰੇ ਰਿਸ਼ਤਿਆਂ ਦੀ ਖੂਬਸੂਰਤੀ ਦਾ ਆਧਾਰ ਔਰਤ ਮਰਦ ਦਾ ਰਿਸ਼ਤਾ ਹੈ। ਬਾਕੀ ਸਾਰੇ ਸਮਾਜੀ-ਆਤਮਿਕ ਰਿਸ਼ਤੇ ਇਸ ਦੇ ਦੁਆਲੇ ਘੁੰਮਦੇ ਹਨ। ਇਥੋਂ ਤਕ ਕਿ ਸਾਰਾ ਆਤਮਿਕ ਰਹੱਸ ਅਤੇ ਸੁੰਦਰਤਾ ਇਸ ਰਿਸ਼ਤੇ ਰਾਹੀਂ ਹੀ ਪ੍ਰਗਟ ਹੁੰਦੀ ਹੈ। ਸਾਰੀ ਮਨੁੱਖੀ ਖੂਬਸੂਰਤੀ ਇਸ ਰਿਸ਼ਤੇ ਦੁਆਲੇ ਕੇਂਦਰਿਤ ਹੈ।

ਇਸ ਸਭ ਦੇ ਦੂਜੇ ਪਾਸੇ ਅੱਜ ਪਦਾਰਥਵਾਦੀ ਯੁੱਗ ਵਿਚ ਜਿਥੇ ਔਰਤ ਹਰ ਥਾਂ ਮਰਦ ਦੇ ਬਰਾਬਰ ਕੰਮ ਕਰਦੀ ਹੈ ਅਤੇ ਹਰ ਖੇਤਰ ਵਿਚ ਔਰਤਾਂ ਨੇ ਨਾਮਣਾ ਖੱਟਿਆ ਹੈ। ਦੁਨੀਆਂ ਦੇ ਹਰ ਕੋਨੇ ਵਿਚ ਔਰਤਾਂ ਨੇ ਵੱਖ-ਵੱਖ ਖੇਤਰਾਂ 'ਚ ਬੁਲੰਦੀਆਂ ਦੇ ਝੰਡੇ ਗੱਡ ਕੇ ਇਹ ਸਾਬਤ ਕੀਤਾ ਹੈ ਕਿ ਔਰਤ ਪੈਰ ਦੀ ਜੁੱਤੀ ਨਹੀਂ ਹੈ। ਪਰ ਫਿਰ ਵੀ ਸਾਡੇ ਆਲੇ ਦੁਆਲੇ ਇਹੋ ਜਿਹੇ ਕਈ ਪਰਿਵਾਰ ਮਿਲ ਜਾਂਦੇ ਹਨ ਜਿਥੇ ਧੀ ਜੰਮਣ 'ਤੇ ਮੱਥੇ ਵੱਟ ਪਾਈ ਜਾਂਦੀ ਹੈ। ਉਤੋਂ-ਉਤੋਂ ਅਸੀਂ ਭਾਵੇਂ ਕਹਿੰਦੇ ਰਹੀਏ ਕਿ ਲੜਕੇ ਅਤੇ ਲੜਕੀ ਵਿਚ ਕੋਈ ਫਰਕ ਨਹੀਂ ਰਹਿ ਗਿਆ ਪਰ ਅਮਲ ਵਿਚ ਜਦੋਂ ਦੇਖਦੇ ਹਾਂ ਕਿਤੇ ਨਾ ਕਿਤੇ ਅਸੀਂ ਫਰਕ ਜ਼ਰੂਰ ਰੱਖਦੇ ਹਾਂ। ਮੇਰੇ ਇਕ ਵਾਕਫਕਾਰ ਦੇ ਵਿਆਹ ਨੂੰ ਦਸ ਸਾਲ ਹੋ ਗਏ ਸਨ ਪਰ ਕੋਈ ਬੱਚਾ ਨਾ ਹੋਣ ਕਰਕੇ ਉਹ ਪ੍ਰੇਸ਼ਾਨ ਸਨ। ਬੇਸ਼ੱਕ ਉਹ ਕਨੇਡਾ ਦੀ ਧਰਤੀ 'ਤੇ ਰਹਿੰਦੇ ਸਨ ਪਰ ਫਿਰ ਵੀ ਉਨ੍ਹਾਂ ਇੰਡੀਆ ਜਾ ਕੇ ਮਹਿੰਗੇ ਤੋਂ ਮਹਿੰਗੇ ਡਾਕਟਰ ਕੋਲੋਂ ਬੱਚੇ ਦੀ ਪ੍ਰਾਪਤੀ ਲਈ ਇਲਾਜ ਕਰਵਾਇਆ। ਉਦੋਂ ਉਸ ਪਰਿਵਾਰ ਦਾ ਕਹਿਣਾ ਸੀ ਕਿ ਜਿੰਨੇ ਮਰਜ਼ੀ ਪੈਸੇ ਲੱਗ ਜਾਣ ਪ੍ਰਮਾਤਮਾ ਸਾਡੀ ਗੋਦੀ ਬੱਚਾ ਜ਼ਰੂਰ ਪਾਵੇ। ਖੈਰ, ਦਸ ਸਾਲ ਬਾਅਦ ਉਨ੍ਹਾਂ ਦੀ ਪ੍ਰਮਾਤਮਾ ਨੇ ਸੁਣੀ ਅਤੇ ਉਨ੍ਹਾਂ ਦੇ ਘਰ ਇਕ ਬੱਚੀ ਨੇ ਜਨਮ ਲਿਆ। ਬਜਾਏ ਇਸ ਦੇ ਉਹ ਪਰਿਵਾਰ ਖੁਸ਼ੀਆਂ ਮਨਾਉਂਦਾ ਕਿ ਪਰਿਵਾਰ ਵਿਚ ਵਾਧਾ ਹੋਇਆ ਹੈ ਪਰ ਉਨ੍ਹਾਂ ਦੇ ਸਾਰੇ ਮੈਂਬਰਾਂ ਦੇ ਮੱਥੇ ਵੱਟ ਪੈ ਗਏ ਕਿ ਬੱਚੀ ਕਿਉ ਹੋਈ ਹੈ? ਹੁਣ ਇਹੋ ਜਿਹੇ ਲੋਕਾਂ ਨੂੰ ਸਮਝਾਉਣ ਅਤੇ ਜਾਗਰੂਕ ਕਰਨ ਦੀ ਲੋੜ ਹੈ ਕਿ ਔਰਤ ਅਤੇ ਮਰਦ ਦਾ ਰਿਸ਼ਤਾ ਪ੍ਰਮਾਤਮਾ ਵੱਲੋਂ ਬਣਾਇਆ ਹੁੰਦਾ ਹੈ। ਜੇਕਰ ਸਮਾਜ ਵਿਚ ਮਰਦ ਦਾ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ ਤਾਂ ਔਰਤ ਵੀ ਓਨੀ ਹੀ ਬਰਾਬਰ ਦੀ ਭਾਈਵਾਲ ਹੈ ਤਾਂ ਹੀ ਜ਼ਿੰਦਗੀ ਦਾ ਪਹੀਆ ਚੱਲੇਗਾ। ਜੇਕਰ ਔਰਤ ਨੂੰ ਸੰਸਾਰ ਦੇਖਣ ਤੋਂ ਪਹਿਲਾਂ ਹੀ ਕੁੱਖ ਵਿਚ ਮਾਰ ਦੇਣਾ ਜਾਰੀ ਰਿਹਾ ਤਾਂ ਜ਼ਿੰਦਗੀ ਦਾ ਪਹੀਆ ਰੁਕ ਜਾਵੇਗਾ। ਪੀੜ੍ਹੀ ਵਾਧੇ ਲਈ ਦੋਵਾਂ ਦਾ ਹੋਣਾ ਜ਼ਰੂਰੀ ਹੈ। ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਉਪਦੇਸ਼ਾਂ 'ਤੇ ਚੱਲਣ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਾਂ ਪਰ ਉਸ ਨੂੰ ਅਮਲੀ ਰੂਪ ਕਿੰਨਾ ਕੁ ਦਿੰਦੇ ਹਾਂ ਇਹ ਕਿਸੇ ਤੋਂ ਲੁਕਿਆ ਛੁਪਿਆ ਨਹੀਂ ਹੈ।

ਆਪਣੀਆਂ ਮੰਜ਼ਿਲਾਂ 'ਤੇ ਕਾਮਯਾਬੀ ਦੇ ਝੰਡੇ ਬੁਲੰਦ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਭਾਵੇਂ ਜਿੰਨੀ ਵੀ ਹੈ ਇਹ ਉਨ੍ਹਾਂ ਰੂੜੀਵਾਦੀ ਲੋਕਾਂ ਦੀ ਸੋਚ 'ਤੇ ਕਰਾਰੀ ਚਪੇੜ ਹੈ। ਇਤਿਹਾਸ ਗਵਾਹ ਹੈ ਕਿ ਇਹ ਔਰਤ ਸਾਨੂੰ ਕਦੇ ਜੁਝਾਰੂ ਰੂਪ ਵਿਚ ਮਾਈ ਭਾਗੋ ਬਣ ਕੇ ਨਜ਼ਰ ਆਉਂਦੀ ਹੈ, ਕਦੇ ਕੁਰਬਾਨੀ ਦੀ ਮੂਰਤ ਬਣ ਕੇ ਮਾਤਾ ਗੁਜਰੀ ਬਣ ਦਿਖਦੀ ਹੈ ਅਤੇ ਕਦੇ ਰਾਣੀ ਝਾਂਸੀ ਬਣ ਨਜ਼ਰ ਆਉਂਦੀ ਹੈ। ਇਹੋ ਜਿਹੇ ਮਹਾਨ ਇਤਿਹਾਸਕ ਕਿੱਸੇ ਹਨ, ਜਿਨ੍ਹਾਂ ਵਿਚ ਔਰਤ ਦੀ ਬੇਮਿਸਾਲ ਭੂਮਿਕਾ ਰਹੀ ਹੈ। ਅਸੀਂ ਰੂੜੀਵਾਦੀ ਸਮਾਜ ਵਿਚ ਬੈਠ ਕੇ ਔਰਤਾਂ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਨ ਲੱਗੇ ਤਾਂ ਇਸ ਗੱਲ ਦੀ ਤਸੱਲੀ ਹੁੰਦੀ ਹੈ ਕਿ ਅੱਜ ਦੀ ਔਰਤ, ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਦੇ ਯੋਗ ਹੋ ਗਈ ਹੈ। ਪਰ ਫਿਰ ਵੀ ਇਹ ਸਾਰੀਆਂ ਪ੍ਰਾਪਤੀਆਂ ਤੇ ਤਰੱਕੀਆਂ ਸਿੱਕੇ ਦੇ ਇਕ ਪਹਿਲੂ ਵਾਂਗ ਹੀ ਹਨ ਕਿਉਂਕਿ ਸਿੱਕੇ ਦਾ ਦੂਜਾ ਪਹਿਲੂ ਅੱਜ ਵੀ ਕੁਝ ਅਜਿਹਾ ਬਿਆਨ ਕਰਦਾ ਹੈ ਕਿ ਔਰਤ ਦੀ ਦੁਰਦਸ਼ਾ ਵੇਖ ਕੇ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।

ਜੇ ਭਾਰਤ ਦੀ ਗੱਲ ਕਰੀਏ ਤਾਂ ਆਜ਼ਾਦੀ ਤੋਂ ਬਾਅਦ ਭਾਰਤ ਦੀ ਤਰੱਕੀ ਵਿੱਚ ਔਰਤਾਂ ਨੇ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਹਰ ਕੰਮ ਕੀਤਾ। ਔਰਤਾਂ ਨੂੰ ਹਰੇਕ ਖੇਤਰ ਵਿੱਚ ਕਈ ਹੱਕ ਹਕੂਕ ਅਤੇ ਤਰੱਕੀ ਦੇ ਮੌਕੇ ਮਿਲੇ ਹਨ। ਭਾਰਤ ਨੂੰ ਆਜ਼ਾਦ ਹੋਏ 71 ਵਰ੍ਹੇ ਹੋ ਗਏ ਹਨ, ਪਰ ਜਿਸ ਨਰੋਏ ਸਮਾਜ ਦੀ ਕਲਪਨਾ ਕੀਤੀ ਗਈ ਸੀ, ਉਹ ਹਕੀਕੀ ਰੂਪ ਵਿੱਚ ਕਿਤੇ ਵਿਖਾਈ ਨਹੀਂ ਦਿੰਦੀ। ਸਾਡੇ ਦੇਸ਼ ਨੇ ਗੁਲਾਮੀ ਅਤੇ ਜਾਗੀਰਦਾਰੀ ਦਾ ਕਾਫੀ ਵੱਡਾ ਦੌਰ ਹੰਢਾਇਆ ਹੈ। ਅਜੇ ਵੀ ਜਾਗੀਰਦਾਰੀ ਮਾਨਸਿਕਤਾ ਪੂਰੀ ਤਰ੍ਹਾਂ ਨਹੀਂ ਬਦਲੀ। ਇਸ ਕਰਕੇ ਔਰਤਾਂ ਨੂੰ ਘਰ ਅਤੇ ਬਾਹਰ ਵਿਤਕਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੋਰ ਤਾਂ ਹੋਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਬੀਬੀਆਂ ਨੂੰ ਕੀਰਤਨ ਕਰਨ ਤੋਂ ਮਨਾਹੀ ਹੈ। ਆਪਣੇ ਆਪ ਨੂੰ ਗੁਰੂ ਸਾਹਿਬ ਦੇ ਪੈਰੋਕਾਰ ਅਖਵਾਉਣ ਵਾਲੇ ਜੇਕਰ ਇਸ ਤਰ੍ਹਾਂ ਦੀ ਸੰਕੀਰਣ ਮਾਨਸਿਕਤਾ ਦੇ ਧਾਰਨੀ ਹੋਣਗੇ ਤਾਂ ਉਹ ਕੌਮਾਂ ਪਿੱਛੇ ਰਹਿ ਜਾਣਗੀਆਂ। ਗੁਰੂ ਦੇ ਆਸ਼ੇ ਅਨੁਸਾਰ ਚੱਲਣ ਵਾਲੇ ਜੇਕਰ ਖੁਦ ਹੀ ਇਸ ਤਰ੍ਹਾਂ ਦਾ ਵਤੀਰਾ ਔਰਤ ਪ੍ਰਤੀ ਅਪਨਾਉਣਗੇ ਤਾਂ ਦੂਜਿਆਂ ਨੂੰ ਕੀ ਸੇਧ ਦਿੱਤੀ ਜਾ ਸਕਦੀ ਹੈ।

ਜੇਕਰ ਗੱਲ ਕਰੀਏ ਵਪਾਰੀਕਰਨ ਦੀ ਤਾਂ ਇਸ ਦੌਰ ਵਿੱਚ ਇਸ਼ਤਿਹਾਰ ਭਾਵੇਂ ਕਿਸੇ ਕਿਸਮ ਦਾ ਹੋਵੇ ਉਥੇ ਔਰਤ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਜਿਵੇਂ ਉਸ ਤੋਂ ਬਗੈਰ ਉਨ੍ਹਾਂ ਦਾ ਉਤਪਾਦਨ ਵਿਕਣਾ ਹੀ ਨਹੀਂ ਹੈ। ਔਰਤ ਦੇ ਸਰੀਰ ਨੂੰ ਵਸਤ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ ਤਾਂ ਜੋ ਗਾਹਕ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਸਾਰੀਆਂ ਕੰਪਨੀਆਂ ਨਿੱਤ ਵਰਤੋਂ ਵਿੱਚ ਆਉਣ ਵਾਲੀਆਂ ਆਮ ਵਸਤਾਂ ਤੋਂ ਲੈ ਕੇ ਵਿਸ਼ੇਸ਼ ਕਿਸਮ ਦੇ ਉਤਪਾਦਾਂ ਤਕ ਇਸਤਰੀ ਨੂੰ ਇਸ਼ਤਿਹਾਰਾਂ ਵਿਚ ਪ੍ਰਮੁੱਖਤਾ ਨੂੰ ਉਭਾਰਦੀਆਂ ਹਨ। ਇਹ ਵੀ ਦੇਖਿਆ ਜਾਂਦਾ ਹੈ ਕਿ ਮਰਦਾਂ ਦੀ ਵਰਤਣ ਵਾਲੀ ਵਸਤੂ 'ਤੇ ਵੀ ਔਰਤਾਂ ਦੀਆਂ ਆਕਰਸ਼ਕ ਤਸਵੀਰਾਂ ਲਾਈਆਂ ਜਾਂਦੀਆਂ ਹਨ। ਇਹ ਕਿਥੋਂ ਦੀ ਸਿਆਣਪ ਹੈ। ਅਸੀਂ ਕਿਥੋਂ ਤੱਕ ਬਾਬੇ ਨਾਨਕ ਦੀ ਬਾਣੀ 'ਤੇ ਪਹਿਰਾ ਦਿੰਦੇ ਹਾਂ। ਜਿੰਨਾ ਮੰਦਾ ਬੋਲਣਾ ਗੁਨਾਹ ਹੈ ਓਨਾ ਹੀ ਵੱਡਾ ਮੰਦਾ ਦੇਖਣਾ ਵੀ ਗੁਨਾਹ ਹੈ।

ਕਮਿਊਨਿਸਟ ਵਿਚਾਰਧਾਰਾ ਦਾ ਬਾਨੀ ਕਾਰਲ ਮਾਰਕਸ ਔਰਤ-ਮਰਦ ਦੇ ਰਿਸ਼ਤੇ ਬਾਰੇ ਗੁਰਮਤਿ ਦੀ ਇਸ ਧਾਰਨਾ ਦੀ ਪੁਸ਼ਟੀ ਕਰਦਾ ਹੈ। ਉਸ ਦਾ ਕਹਿਣਾ ਹੈ, ''ਔਰਤ ਨੂੰ ਪੈਰ ਦੀ ਜੁਤੀ, ਦਾਸੀ ਤੇ ਸਾਂਝੀ

ਹਵਸ ਦੀ ਪੁਤਲੀ ਸਮਝਣ ਵਾਲੀ ਸੋਚ-ਮਰਦ ਦੇ ਉਸ ਅੰਤਹੀਣ ਨਿਘਾਰ ਦਾ ਪ੍ਰਗਟਾਵਾ ਹੈ, ਜਿਸ ਨਿਘਾਰ ਵਿਚ ਉਸ ਨੇ ਆਪਣੀ ਜ਼ਿੰਦਗੀ ਨੂੰ ਲਿਜਾ ਸੁਟਿਆ ਹੈ। ਅਜਿਹੀ ਸੋਚ ਦਾ ਕਾਰਨ ਇਸ ਸਿਧੇ ਤੇ ਕੁਦਰਤੀ ਨਸਲੀ ਰਿਸ਼ਤੇ ਨੂੰ ਭੁੱਲ ਕੇ ਇਸ ਰਿਸ਼ਤੇ ਬਾਰੇ ਬਣੇ ਗਲਤ ਵਿਚਾਰ ਤੇ ਵਿਹਾਰ ਹੈ। ਵਿਅਕਤੀ ਤੋਂ ਵਿਅਕਤੀ ਦਾ ਸਿੱਧਾ, ਕੁਦਰਤੀ ਤੇ ਲੋੜੀਂਦਾ ਰਿਸ਼ਤਾ-ਔਰਤ-ਮਰਦ ਦਾ ਰਿਸ਼ਤਾ ਹੈ। ... ਇਸ ਲਈ ਔਰਤ-ਮਰਦ ਦੇ ਰਿਸ਼ਤੇ ਤੋਂ ਮਨੁੱਖੀ ਵਿਕਾਸ ਦਾ ਸਮੁੱਚਾ ਪੱਧਰ ਜਾਣਿਆ ਜਾ ਸਕਦਾ ਹੈ। ਇਸ ਰਿਸ਼ਤੇ ਦੇ ਪੱਧਰ ਤੋਂ ਪਤਾ ਲਗਦਾ ਹੈ ਕਿ ਇਕ ਨਸਲੀ ਹੋਂਦ ਵਜੋਂ ਮਨੁੱਖ ਕਿੰਨਾ ਕੁ ਮਨੁੱਖ ਬਣਿਆ ਹੈ ਅਤੇ ਉਸਨੇ ਮਨੁੱਖ ਵਜੋਂ ਆਪਣੇ-ਆਪ ਨੂੰ ਕਿੰਨਾ ਕੁ ਆਪਣੀ ਅਨੁਭਵੀ ਪਕੜ ਵਿਚ ਲਿਆਂਦਾ ਹੈ।''

ਕਾਰਲ ਮਾਰਕਸ ਦੀ ਉਕਤ ਧਾਰਨਾ ਅਨੁਸਾਰ ਵੀ ਔਰਤ-ਮਰਦ ਦਾ ਰਿਸ਼ਤਾ ਸਾਰੇ ਮਨੁੱਖੀ ਰਿਸ਼ਤਿਆਂ ਦਾ ਮੂਲ ਹੈ ਤੇ ਇਹ ਨਸਲੀ ਭਾਵ ਮਨੁੱਖੀ ਨਸਲ ਚੱਲਦੀ ਰੱਖਣ ਲਈ ਸਭ ਤੋਂ ਬੁਨਿਆਦੀ ਕੁਦਰਤੀ ਰਿਸ਼ਤਾ ਹੈ।

ਜਿਥੇ ਵਿਸ਼ਵ ਪੱਧਰ 'ਤੇ ਇਸ ਵਰ੍ਹੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਉਥੇ ਸਾਨੂੰ ਸਿਰ ਜੋੜ ਕੇ ਇਸ ਗੱਲ 'ਤੇ ਵਿਚਾਰਨ ਦੀ ਲੋੜ ਹੈ ਕਿ ਔਰਤ ਨੂੰ ਮਰਦ ਦੇ ਬਰਾਬਰ ਸਤਿਕਾਰ ਕਿਵੇਂ ਦਿਵਾਉਣਾ ਹੈ। ਬੇਸ਼ੱਕ ਬਹੁਤ ਸਾਰੀਆਂ ਸੰਸਥਾਵਾਂ ਹਨ ਜੋ ਔਰਤ ਦੀ ਆਜ਼ਾਦੀ, ਬਰਾਬਰੀ ਅਤੇ ਉਨ੍ਹਾਂ ਦੇ ਹੱਕਾਂ ਦੀ ਗੱਲ ਕਰਦੀਆਂ ਹਨ ਪਰ ਫਿਰ ਵੀ ਕਿਤੇ ਨਾ ਕਿਤੇ ਔਰਤ ਪਿੱਛੇ ਹੀ ਰਹਿ ਜਾਂਦੀ ਹੈ।

**ਦਲਜੀਤ ਸਿੰਘ ਰਤਨ**

E-mail : daljit444@yahoo.co.in,
daljit444111@gmail.com

# ਗੁਰੂ ਨਾਨਕ ਦੇਵ ਜੀ ਦਾ ਦੁਨੀਆਂ ਤੇ ਪ੍ਰਭਾਵ

**ਦਲਵਿੰਦਰ ਸਿੰਘ ਗ੍ਰੇਵਾਲ (ਡਾ.)**

ਪੰਜਾਹ ਕੁ ਸਾਲ ਤੋਂ ਇਹ ਲੇਖਕ ਗੁਰੁ ਨਾਨਕ ਦੇਵ ਜੀ ਦੇ ਚਰਨ-ਛੋਹ ਸਥਾਨਾਂ ਦੀ ਖੋਜ ਵਿਚ ਲੱਗਿਆ ਹੋਇਆ ਹੈ ਤੇ ਦੇਖਿਆ ਹੈ ਕਿ ਦੁਨੀਆਂ ਦੇ ਹਰ ਕੋਨੇ ਵਿਚ ਗੁਰੁ ਨਾਨਕ-ਨਾਮ ਲੇਵਾ ਹਨ ਜਿਨਾਂ ਦੀ ਗਿਣਤੀ 14 ਕ੍ਰੋੜ ਤੋਂ ਉਪਰ ਦਸੀਂਦੀ ਹੈ। ਇਨਾਂ ਮੰਨਣ ਵਾਲਿਆਂ ਵਿਚ ਸਿਖ ਹੀ ਨਹੀਂ, ਹਿੰਦੂ, ਬੋਧੀ, ਜੈਨੀ, ਮੁਸਲਿਮ ਤੇ ਈਸਾਈ ਮਤਾਂ ਦੇ ਲੋਕ ਵੀ ਸ਼ਾਮਿਲ ਹਨ। ਵਡੀ ਗਿਣਤੀ ਵਿਚ ਸਿਕਲੀਗਰ, ਵਣਜਾਰੇ, ਸਤਨਾਮੀਏਂ, ਜੌਹਰੀ, ਥਾਰੂ, ਸਿੰਧੀ, ਲਾਮੇ, ਯੋਗੀ ਹਰਭਜਨ ਸਿੰਘ ਨਾਲ ਜੁੜੇ ਗੋਰੇ ਤੇ ਅਫਰੀਕਣ ਸਿਖ ਵੀ ਹਨ। ਇਹ ਸਭ ਇਸ ਲਈ ਜੁੜੇ ਹਨ ਕਿਉਂਕਿ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਂ ਕਿਸੇ ਇਕ ਇਲਾਕੇ ਜ੍ਹ ਫਿਰਕੇ ਲਈ ਨਹੀਂ ਸਗੋਂ ਸਾਰੇ ਵਿੱਵ ਦੇ ਪ੍ਰਾਣੀਓ੍ਹ ਲਈ ਹਨ। ਕਈਆਂ ਨੇ ਗੁਰੁ ਨਾਨਕ ਦੇਵ ਜੀਨੂੰ ਅਪਣੇ ਨਾਲ ਜੋੜਣ ਲਈ ਨਵੇਂ ਨਾਮ ਦੇ ਰਖੇ ਹਨ ਜਿਵੇਂ ਕਿ ਅਰਬ ਦੇਸ਼ਾਂ ਵਿਚ ਵਲੀ-ਹਿੰਦ, ਲਾਮਿਆਂ ਵਿਚ ਗੁਰੁ ਰਿੰਪੋਸ਼ਾਂ ਤੇ ਭਦਰਾ ਗੁਰੁ, ਨੇਪਾਲ ਵਿਚ ਨਾਨਕ ਰਿੱਸ਼ੀ, ਤੁਰਕਿਸਤਾਨ ਤੇ ਉਜ਼ਬੇਕਿਸਤਾਨ ਵਿਚ ਨਾਨਕ ਕਲੰਦਰ, ਅਫਗਾਨਿਸਤਾਨ ਵਿਚ ਬਾਲਗਦਾਂ ਤੇ ਚੀਨ ਵਿਚ ਬਾਬਾ ਫੂ ਸਾ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਅਨੇਕਾਂ ਪਿੰਡ ਗਰਾਂ ਵਸ ਗਏ ਹਨ ਜਿਵੇਂ ਕਿ ਪਾਕਿਸਤਾਨ ਵਿਚ ਨਾਨਕਾਣਾ ਸਾਹਿਬ ਤੇ ਨਾਨਕਸਰ (ਹੜਪਾ), ਯੂ ਪੀ ਵਿਚ ਨਾਨਕ ਮਤਾ, ਗੁਜਰਾਤ ਵਿਚ ਨਾਨਕ ਲੋਧੀਆਂ ਢੋਲਕਾ, ਯੁਗੰਡਾਤ ਵਿਚ ਬਾਬ ਨਾਨਕਾ, ਹਾਂਗਕਾਂਗ ਵਿਚ ਨਾਨਕਫੁੰਗੀ, ਚੀਨ ਵਿਚ ਨਾਨਕਿਆਂਗ, ਭਾਰਤ-ਤਿਬਤ ਹਦ ਤੇ ਨਾਨਕੇਨ-ਥਾਗਲਾ-ਰਿਜ, ਨੇਪਾਲ ਵਿਚ ਨਾਨਕੀ ਲਾ, ਕਰਨਾਟਕ ਵਿਚ ਨਾਨਕ-ਝਰਾ, ਪੰਜਾਬ ਵਿਚ ਡੇਰਾ ਬਾਬਾ ਨਾਨਕ ਆਦਿ।

ਗੁਰੁ ਨਾਨਕ ਦੇਵ ਜੀ ਦੇ ਸਰੀਰਕ ਅੰਗਾਂ ਦੀਆਂ ਛਾਪਾਂ ਨੂੰ ਵੀ ਕਈ ਥਾਂ ਸੰਭਾਲ ਕੇ ਰਖਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਚਰਨ-ਚਿੰਨ੍ਹ ਕਰਨਾਟਕ ਵਿਚ ਨਾਨਕ ਝੀਰਾ ਬਿਦਰ, ਲਾਚਿਨ ਦੇ ਗੋਫਾ ਵਿਚ, ਚੁੰਗਥਾਂਗ ਪਥਰ ਸਾਹਿਬ ਉਪਰ, ਹਜੋ ਆਸਾਮ ਵਿਚ, ਗੁਜਰਾਤ ਵਿਚ ਜੂਨਾਗੜ੍ਹ ਦੀ ਪਹਾੜੀ ਉਪਰ, ਉਤਰਾਖੰਡ ਵਿਚ ਕੋਟਦਵਾਰ ਤੇ ਸ੍ਰੀਨਗਰ ਵਿਚ ਬਲੋਚਿਸਤਾਨ ਵਿਚ, ਕਠਮੰਡੂ ਨੇਪਾਲ ਵਿਚ, ਵਾਟ ਸਰਕਾਟ ਬੰਗਕੌਕ ਥਾਈਲੈਂਡ ਵਿਚ ਬੰਗਲਾ ਦੇਸ਼ ਦੇ ਢਾਕਾ ਤੇ ਸੁਜਾਤਪੁਰ ਵਿਚ ਗੁਰੁ ਨਾਨਕ ਦੇਵ ਜੀ ਦੇ ਹਥਾਂ ਦੇ ਨਿਸ਼ਾਨ ਪੰਜਾ ਸਾਹਿਬ ਵਿਚ, ਸਰੀਰ ਦੇ ਨਿਸ਼ਾਨ ਨਿਮੋ-ਲੇਹ ਲਦਾਖ ਤੇ ਮੰਚੂਖਾ ਅਰੁਣਾਂਚਲ਼ ਪ੍ਰਦੇਸ਼ ਵਿਚ ਹਨ।

ਗੁਰੁ ਨਾਨਕ ਦੇਵ ਜੀ ਨਾਲ ਸਬੰਧਤ ਤਲਾ, ਦਰਖਤ ਤੇ ਥੜੇ ਵੀ ਸਾਰੀ ਦੁਨੀਆਂ ਵਿਚ ਹਨ। ਰੀਠਾ ਸਾਹਿਬ ਉਤਰਾਖੰਡ ਤੇ ਸ੍ਰੀ ਲੰਕਾ ਵਿਚ, ਨਾਨਕ ਬਗੀਚੀ ਯੂ ਪੀ ਵਿਚ, ਖੂੰਡੀ ਸਾਹਿਬ ਤੇ ਚੌਲਾਂ ਦੀ ਖੇਤੀ ਚੁੰਗਥਾਂਗ ਸਾਹਿਬ, ਨਾਨਕ ਥੜਾ ਨੈਨੀਤਾਲ ਵਿਚ, ਥੜਾ ਸਾਹਿਬ ਦਿਲੀ ਵਿਚ, ਵਾਹਿਗੁਰੂ ਮਠ ਤੇ ਬਾਉਲੀ ਮਠ ਜਗਨਨਾਥ ਪੁਰੀ ਵਿਚ, ਗੁਰੁ ਕਾ ਬਾਗ (ਮਾਲਦਾ, ਬੰਗਾਲ ਵਿਚ) ਨਾਨਕ ਘਰ ਹਜੋ ਗੁਹਾਟੀ ਵਿਚ, ਮਾਲ-ਟੇਕਰੀ ਨਾਦੇੜ ਵਿਚ, ਗੁਰੁ ਘਾਟੀ ਅਜਮੇਰ ਵਿਚ, ਰਾਮ-ਟੇਕਰੀ ਪੁਣੇ ਵਿਚ ਹਨ।

ਲਦਾਖ, ਉਤਰਾਖੰਡ, ਸਿਕਿਮ, ਭੁਟਾਨ, ਨੇਪਾਲ, ਅਰੁਣਾਚਲ ਪ੍ਰਦੇਸ਼ ਤੇ ਤਿਬਤ ਦੇ ਕਰਮਾਪਾ ਬੋਧ ਮਠਾਂ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਮੂਰਤੀਆਂ ਸਥਾਪਿਤ ਹਨ। ਗੁਰੂ ਨਾਨਕ ਦੇਵ ਜੀ ਦੇ ਸੰਗਤੀ ਅਸਥਾਨ ਵਿਚ ਨਾਨਕਸ਼ਾਹੀ ਸੰਗਤ, ਨਾਨਕ ਪੰਥੀ, ਮੁਰੀਦ ਨਾਨਕੀ ਆਦਿ ਨਾਮ ਲੇਵਾ ਹਨ।

ਗੁਰੁ ਨਾਨਕ ਦੇਵ ਜੀ ਦੀ ਫਿਲਾਸਫੀ ਤੇ ਸਿਖਿਆਵਾਂ ਨੂੰ ਵਧਾਉਣ ਫੈਲਾਉਣ ਵਿਚ ਬਾਕੀ ਨੌਂ ਗੁਰੁ ਸਾਹਿਬਾਨ ਦਾ ਬਹੁਤ ਵਡਾ ਯੋਗਦਾਨ ਹੈ। ਗੁਰੁ ਨਾਨਕ ਦੇਵ ਜੀ ਦੀ ਫ਼ਾਸਫੀ ਨੂੰ ਉਨ੍ਹਾਂ ਪਰਚਾਰਿਆ ਪਰਸਾਰਿਆ ਹੀ ਨਹੀਂ ਸਗੋਂ ਬਾਣੀ ਵੀ ਰਚੀ ਤੇ ਅਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਮਹਲ ਹੀ ਜਣਾਇਆ ਤੇ ਅਪਣੀ ਬਾਣੀ ਵਿਚ ਨਾਨਕ ਨਾਮ ਹੀ ਵਰਤਿਆ ਜਿਵੇਂ ਕਿ ਮਹਲ ਦੂਜਾ ਗੁਰੁ ਅੰਗਦ ਦੇਵ ਜੀ, ਮਹਲ ਤੀਜਾ ਗੁਰੁ ਅਮਰਦਾਸ ਜੀਸ਼ੱਮਹਲ ਨੌਵਾਂ ਗੁਰੁ ਤੇਗ ਬਹਾਦੁਰ ਜੀ ਆਦਿ। ਇਸਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਜੋਤ ਅਗੇ ਫੇਲਦੀ ਚਲੀ ਗਈ ਤੇ ਜਗਤ ਦਾ ਹਨੇਰਾ ਕਟਦੀ ਚਲੀ ਗਈ। ਗੁਰੂ ਅਰਜਨ ਦੇਵ ਜੀ ਨੇ ਪੰਜ ਗੁਰੂ ਸਾਹਿਬਾਨ ਤੇ ਗੁਰੂ ਨਾਨਕ ਫਿਲਾਸਫੀ ਅਨੁਸਾਰ ਹੋਰ ਸੰਤਾ ਭਗਤਾਂ ਦੀ ਬਾਣੀ ਨੂੰ ਸੰਪਾਦ ਕਰਕੇ ਆਦਿ ਗ੍ਰੰਥ ਰਚਿਆ ਜਿਸ ਨੂੰ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਹੋਰ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦਾ ਲਈ ਗੁਰੂ ਸਥਾਪਿਤ ਕਰ ਦਿਤਾ।

ਲਖਾਂ ਗੁਰਦੁਆਰੇ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਜਲਾਈਆਂ ਇਹ ਸਦੀਵੀ ਜੋਤਾਂ ਗਿਆਨ ਬਣ ਬਣ ਬਣ ਦਲਾਂ-ਮਨਾਂ ਨੂੰ ਜਗਾਉਂਦੀਆਂ-ਹਲੂਣਦੀਆਂ-ਟੁੰਭਦੀਆਂ ਤੇ ਸਚ ਦੇ ਰਸਤੇ ਪਾਉਂਦੀਆਂ ਹਨ। ਹਰ ਰੋਜ਼ ਪ੍ਰਮੁਖ ਗੁਰਦੁਆਰਿਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੰਗੀਤਬਧ ਕਰਕੇ ਸੰਗਤਾਂ ਤਕ ਪਹੁੰਚਦੀ ਹੈ; ਹਜ਼ਾਰਾਂ ਕੀਰਤਨੀਏ ਲਗਾਤਾਰ ਗੁਰਬਾਣੀ ਗਾਣ ਕਰਦੇ ਹਨ ਤੇ ਸੰਗਤਾਂ ਗੁਰੂ ਨਾਨਕ ਬਾਣੀ ਦੀ ਚਰਚਾ ਕਰਦੀਆਂ ਹਨ।

ਪਰਸੋਂ ਮੈਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਿਆ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿ ਸ਼ੋਭਿਤ ਹਨ ਤੇ ਗੁਰਬਾਣੀ ਦੇ ਕੀਰਤਨ ਦਾ ਪਰਵਾਹ ਲਗਾਤਾਰ ਹੁੰਦਾ ਹੈ। ਇਤਨੀ ਸੰਗਤ ਸੀ ਕਿ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਨਤਮਸਤਕ ਹੋਣ ਲਈ ਢਾਈ ਘੰਟੇ ਲਗ ਗਏ। ਹੁਣ ਤੁਸੀਂ ਖੁਦ ਹੀ ਸਮਝ ਲਉ ਕਿ ਕਿਤਨੇ ਨਾਮ ਲੇਵਾ ਹਰ ਰੋਜ਼ ਸ੍ਰੀ ਦਰਬਾਰ ਸਾਹਿਬ ਪਹੁੰਚਦੇ ਹਨ ਤੇ ਫਿਰ ਤਿਥ ਤਿਉਹਾਰ ਤੇ ਜਦੋਂ ਤਿਲ ਧਰਨ ਦੀ ਥਾਂ ਵੀ ਨਹੀਂ ਹੁੰਦੀ ਕਿਤਨੇ ਕੁ ਦਰਸ਼ਨ ਵਭਿਲਾਸ਼ੀ ਹਾਜ਼ਰ ਹੁੰਦੇ ਹੋਣਗੇ। ਤੁਹਾਨੂੰ ਸਭ ਨੂੰ ਯਾਦ ਹੋਵੇਗਾਕਿ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤਿੰਨ ਸੌ ਸਾਲਾ ਸਥਾਪਨਾ ਦਿਵਸ ਮਨਾਇਆ ਗਿਆ ਸੀ ਤਾਂ ਸਾਰੇ ਹਿੰਦੁਸਤਾਨ ਵਿਚ 'ਤਿੰਨ ਸੌ ਸਾਲ ਗੁਰੂ ਦੇ ਨਾਲ ਗੂੰਜ ਰਿਹਾ ਸੀ ਤੇ ਦੀਦ ਪਾਉਣ ਵਾਲੀਆਂ ਸੰਗਤਾਂ ਦੀ ਲੰਬੀ ਕਤਾਰ ਹਰ ਥਾਂ ਹੂੰਦੀ ਸੀ। ਇਸੇ ਤਰ੍ਹਾਂ ਸਾਰੀ ਦੁਨੀਆਂ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਥਾਪਨਾ ਦਿਵਸ ਮਨਾਇਆ ਗਿਆ ਸੀ। ਇਸ ਤੋਂ ਭਾਵ ਗੁਰੁ ਨਾਨਕ ਦੇਵ ਜੀ ਦੀ ਵਿਚਾਰਧਾਰਾ, ਫਿਲਾਸਫੀ ਸਾਰੀ ਦੁਨੀਆਂ ਵਿਚ ਗੂੰਜ ਰਹੀ ਹੈ ਤੇ ਨਾਨਕ ਨਾਮ ਲੇਵਾ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ।

ਸਚ ਦਾ ਚਾਨਣ, ਹਕ ਦਾ ਚਾਨਣ, ਇਨਸਾਫ ਦਾ ਚਾਨਣ ਜੋ ਗੁਰੂ ਨਾਨਕ ਦੇਵ ਜੀ ਤੋਂ ਚਲ ਕੇ ਦਸ ਗੁਰੂ ਸਾਹਿਬਾਨ ਤੇ ਫਿਰ ਸਦੀਵੀ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਿਹਬ ਰਾਹੀਂ ਘਰ ਘਰ ਪਹੁੰਚ ਰਿਹਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ 957 ਸ਼ਬਦ ਮੁਖ ਚਾਨਣ ਮੁਨਾਰਾ ਹਨ। ਜੇ ਸ੍ਰੀ ਗੁਰੂ

ਗ੍ਰੰਥ ਸਾਹਿਬ ਦੀ ਫਿਲਾਸਫੀ ਦਾ ਸਾਰ ਕਰਨਾ ਹੋਵੇ ਤਾਂ ਜਪੁਜੀ ਵਿਚ ਮਿਲ ਜਾਵੇਗਾ ਤੇ ਜੇ ਇਕ ਅਖਰ ਵਿਚ ਕਹੀਏ ਤਾਂ ਹੀ ਸਾਰੀ ਬਾਣੀ ਦਾ ਸਾਰ ਹੈ ਜੋ ਗੁਰੂ ਨਾਨਕ ਦੇਵ ਜੀ ਦੀ ਰਚਨਾ ਹਨ। ਅਗੇ ਸਾਰਾ ਗੁਰੂ ਗ੍ਰੰਥ ਸਾਹਿਬ ਸਮੁਚੇ ਤੌਰ ਤੇ ਇਸੇ ਫਿਲਾਸਫੀ ਨੂੰ ਅਗੇ ਵਧਾਉਂਦਾ ਹੈ ਜੋ ਮੁਢਲੀ ਫਿਲਾਸਫੀ ਗੁਰੂ ਨਾਨਕ ਦੇਵ ਜੀ ਦੀ ਹੀ ਹੈ।

ਲਖਾਂ ਪੁਸਤਕਾਂ ਗੁਰੂ ਨਾਨਕ ਦੇਵ ਜੀ ਬਾਰੇ ਤੇ ਉਨ੍ਹਾ ਦੇ ਦਿਤੇ ਸੁਨੇਹੜਿਆ ਬਾਰੇ ਸਾਰੇ ਵਿੱਵ ਵਿਚ ਪਹੁੰਚ ਗਈਆਂ ਹਨ। ਹਜ਼ਾਰਾਂ ਸੈਮੀਨਾਰਾਂ ਵਿਚ ਕਵੀ ਦਰਬਾਰਾਂ ਵਿਚ ਗੁਰੂ ਨਾਨਕ ਦੇਵ ਜੀ ਬਾਰੇ ਚਰਚਾ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦਾ ਪਰਚਾਰ ਪਰਸਾਰ ਕਰਨ ਲਈ ਦੋ ਯੂਨੀਵਰਸਿਟੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਨਕਾਣਾ ਸਾਹਿਬ ਹੋਂਦ ਵਿਚ ਆ ਚੁਕੀਆਂ ਹਨ। ਕਈ ਕਾਲਿਜ ਤੇ ਸੰਸਥਾਂਵਾਂ ਨੇ ਅਪਣਾ ਨਾਮ ਗੁਰੂ ਨਾਨਕ ਦੇਵ ਜੀ ਨਾਲ ਜੋੜ ਰਖਿਆ ਹੈ। ਕਈ ਯੂਨੀਵਰਸਿਟੀਆਂ ਨੇ ਗੁਰੂ ਨਾਨਕ ਦੇਵ ਜੀ ਉਪਰ ਖੋਜ ਕਰਨ ਲਈ ਗੁਰੂ ਨਾਨਕ ਦੇਵ ਚੇਆਰ ਸਥਾਪਿਤ ਕੀਤੀਆ ਹਨ। ਗੁਰੂ ਨਾਨਕ ਦੇਵ ਜੀ ਉਪਰ ਖੋਜ ਕਰਕੇ ਕਈ ਵਿਦਿਆਰਥੀ ਪੀ ਐਚ ਡੀ ਦੀਆਂ ਡਿਗਰੀਆਂ ਪ੍ਰਾਪਤ ਕਰ ਚੁਕੇ ਹਨ ਕਰ ਰਹੇ ਹਨ ਤੇ ਕਰਨਗੇ ਵੀ। ਲਖਾਂ ਲੇਖ ਗੁਰੂ ਨਾਨਕ ਦੇਵ ਜੀ ਉਪਰ ਲਿਖੇ ਜਾ ਚੁਕੇ ਹਨ ਬੜੀਆਂ ਕਿਤਾਬਾਂ ਛਪ ਚੁਕੀਆਂ ਹਨ। ਕਈ ਫਿਲਮਾਂ ਤੇ ਵਿਡੀਅ ਗੁਰੂ ਨਾਨਕ ਦੇਵ ਜੀ ਨਾਲ ਉਨ੍ਹਾਂ ਦੇ ਸਥਾਨਾਂ ਨਾਲ ਸਬੰਧਿਤ ਬਣ ਚੁਕੇ ਹਨ। ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ੱਤਾਬਦੀ ਸਮਾਰੋਹ ਧੂੰ ਧਾਮ ਨਾਲ ਮਨਾਇਆ ਗਿਆ ਤੇ ਹੁਣ 550 ਸਾਲਾ ਅਧ-ਸ਼ਤਾਬਦੀ ਨੂੰ ਦੁਨੀਆਂ ਦੇ ਸਾਰੇ ਸਫਾਰਤ ਖਾਨਿਆਂ ਤੋਂ ਇਲਾਵਾ ਹਰ ਦੇਂ ਵਿਚ ਮਨਾਏ ਜਾਣਗੇ। ਹੋਰ ਤਾਂ ਹੋਰ ਵਪਾਰੀ ਵਰਗ ਨੇ ਵੀ ਕਈ ਦੁਕਾਨਾਂ ਤੇ ਵਪਾਰਕ ਕੇਂਦਰ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਰਖੇ ਹਨ। ਕਈ ਮਾਵਾਂ ਨੇ ਵੀ ਅਪਣੇ ਪੁਤਰਾਂ ਦੇ ਨਾਮ ਨਾਨਕ ਨਾਮ ਨਾਲ ਰਖੇ ਹਨ।

**ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ:**

ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ ਗੁਰੂ ਜੀ ਦੀ ਫਿਲਾਸਫੀ ਦਾ ਧੁਰਾ ਮੂਲ ਮੰਤਰ ਹੈ।

**ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।**

(ਪੰਨਾ 1)

ਸਭ ਤੋਂ ਵਡਾ, ਸਭ ਨੂੰ ਰਚਣ, ਪਾਲਣ, ਵਿਸਥਾਰਨ ਤੇ ਸੰਘਾਰਣ ਵਾਲਾ ਸਿਰਫ ਪ੍ਰਮਾਤਮਾ ਹੀ ਹੈ। ਉਸੇ ਦਾ ਨਾਮ ਸਚਾ ਹੈ ਸਥਾਂਈ ਹੈ ਕਿਉਂਕਿ ਉਹ ਬਦਲਣਹਾਰ ਨਹੀਨ। ਬਾਕੀ ਸਾਰੀ ਰਚਨਾ ਬਦਲਣਹਾਰ ਹੈ ਇਸ ਲਈ ਝੂਟੀ ਹੈ। ਸਾਰੀ ਦੁਨੀਆ ਦਾ ਕਰਤਾ ਹੀ ਵਿਸ਼ਵ ਦਾ ਪੁਰਖਾ ਹੈ ਜਿਸ ਦਾ ਹੁਕਮ ਸਭ ਨੇ ਮੰਨਣਾ ਹੇ। ਉਸ ਦੇ ਹੁਕਮੋਂ ਬਗੈਰ ਪਤਾ ਵੀ ਨਹੀਂ ਹਿਲਦਾ। ਉਹ ਕਿਸੇ ਤੋਂ ਨਾ ਡਰਦਾ ਹੈ ਤੇ ਨਾਂ ਹੀ ਕਿਸੇ ਦੇ ਨਾਲ ਵੈਰ ਰਖਦਾ ਹੈ ਕਿਉਂਕਿ ਉਸ ਦੇ ਬਰਾਬਰ ਦਾ ਹੈ ਹੀ ਕੋਈ ਨਹੀਂ ਇਹ ਰਾਜੇ ਮਹਾਰਾਜੇ, ਸੁਲਤਾਨ ਖਾਨ ਵੀ ਨਹੀਂ ਜੋ ਉਸੇ ਦੇ ਹੀ ਬਣਾਏ ਹੋਏ ਹਨ। ਇਹ ਜੋ ਰਾਜੇ ਮਹਾਰਾਜੇ ਪਰਜਾ ਉਪਰ ਇਤਨੇ ਜ਼ੁਲਮ ਕਰਦੇ ਹਨ ਇਨ੍ਹਾ ਸਭ ਨੇ ਮਿਟ ਜਾਣਾ ਹੈ। ਇਹ ਸਭ ਤੋਂ ਵਡੇ ਨਹੀਂ ਇਨ੍ਹਾ ਤੋਂ ਵਡਾ ਪਰਮਾਤਮਾ ਹੈ ਤੇ ਸਭ

ਉਸੇ ਹੁਕਮ ਵਿਚ ਚਲਦੇ ਹਨ ਉਸ ਦੇ ਹੁਕਮ ਬਿਨਾ ਕੁਝ ਨਹੀਂ ਕਰ ਸਕਦੇ। ਉਸਦੀ ਜੁ ਨਜ਼ਰ ਪੁਠੀ ਹੋ ਜਾਵੇ ਤਾਂ ਸਾਰੇ ਖਾਨ ਸੁਲਤਾਨ ਮਾਰੇ ਜਾਣਗੇ ਜਾਂ ਮੰਗਣ ਤੇ ਆ ਜਾਣਗੇ।

**ਸੋ ਪਾਤਸਾਹੁ, ਸਾਹਾ ਪਾਤਿਸਾਹਿਬ, ਨਾਨਕ ਰਹਿਣ ਰਜਾਈ।** (ਜਪੁ ਪੰਨਾ 6)
**ਨਾਵ ਜਿਨਾ ਸੁਲਤਾਨ ਖਾਨ ਹੋਂਦੇ ਡਿਠੇ ਖੇਹ।** (ਸਿਰੀ 16)
**ਨਦਰਿ ਉਪਠੀ ਜੇ ਕਰੇ ਸੁਲਤਾਨਾਂ ਘਾਉ ਕਰਾਇਦਾ।** (ਆਸਾ 472)
**ਭਾਣੈ ਤਖਤਿ ਵਡਾਈਆ, ਭਾਣੈ ਭੀਖ ਉਦਾਸਿ ਜੀਉ।** (ਸੂਹੀ 762)

ਉਸ ਇਕੋ ਦਾ ਹੁਕਮ ਸਾਰੇ ਵਿਸ਼ਵ ਉਤੇ ਚਲਦਾ ਹੈ। ਉਸ ਇਕ ਤੋਂ ਹੀ ਤਾਂ ਸਾਰੇ ਪੈਦਾ ਹੋਏ ਹਨ;

**ਏਕੋ ਹੁਕਮੁ ਵਰਤੈ ਸਭ ਲੋਈ, ਏਕਸੁ ਤੇ ਸਭ ਅਪਤਿ ਹੋਈ।** (ਗਉੜੀ, 223)
**ਹੁਕਮੁ ਚਲਾਇ, ਰਹਿਆ ਭਰਪੂਰੇ।** (ਮਾਰੂ, 1042)
**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।** (ਜਪੁ 1)
**ਸਭ ਦੁਨੀਆਂ ਆਵਣ ਜਾਵਣੀ ਮੁਕਾਮੁ ਏ ਰਹੀਮੁ।** (ਸਿਰੀ 64)
**ਸੋ ਉਸਾਰੇ ਸੋ ਢਾਹਿਸੀ, ਤਿਸੁ ਬਿਨੁ ਅਵਰੁ ਨ ਕੋਇ।** (ਰਾਮਕਲੀ 934)
**ਮੰਗਣ ਵਾਲੇ ਕੇਤੜੇ, ਦਾਤਾ ਏਕੋ ਸੋਇ।** (ਸਿਰੀ, ਪੰਨਾ 18)
**ਜੀਆਂ ਮਾਰਿ ਜੀਵਾਲੇ ਸੋਈ, ਅਵਰੁ ਨ ਕੋਈ ਰਖੇ।** (ਮਾਝ ਪੰਨਾ 150)
**ਜੋ ਕਰਤਾ ਕਾਦਰ ਕਰੀਮੁ, ਦੇ ਜੀਆ ਰਿਜਕ ਸੰਬਾਹਿ।** (ਆਸਾ ਪੰਨਾ 475)
**ਵਡਹੁ ਵਡਾ ਵਡ ਮੇਦਨੀ, ਸਿਰਿ ਸਿਰਿ ਧੰਧੇ ਲਾਇਦਾ।** (ਆਸਾ 472)

ਪ੍ਰਮਾਤਮਾ ਤਾਂ ਸਦੀਵੀ ਹੈ ਕਾਲ ਰਹਿਤ ਹੈ, ਕਿਸੇ ਜੂਨ ਵਿਚ ਨਹੀਂ ਪੈਂਦਾ। ਉਸ ਦਾ ਰਚਣ ਵਾਲਾ ਕੋਈ ਨਹੀਂ ਉਹ ਤਾਂ ਅਪਣੇ ਆਪ ਤੋਂ ਹੀ ਉਜਾਗਰ ਹੋਇਆ ਹੈ। ਬ੍ਰਹਮਾ, ਵਿਸ਼ਨੂ, ਮਹੇਸ਼ ਵੀ ਨਹੀਂ ਜੋ ਸਭ ਉਸੇ ਦੇ ਰਚੇ ਹੋਏ ਹਨ ਤੇ ਜਨਮ ਮਰਨ ਦੇ ਚੁੱਕਰ ਵਿਚ ਹਨ:

**ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ, ਆਪੇ ਕਰਤਾ ਕਾਰੀ।**
(ਰਾਮਕਲੀ ਪੰਨਾ 908)

ਜੋ ਪਥਰ ਦੇ ਦੇਵੀ ਦੇਵਤਿਆਂ ਨੂੰ ਪੂਜਦੇ ਹਨ ਇਨ੍ਹਾਂ ਨੇ ਬੁਤ ਪੂਜਕਾਂ ਨੂੰ ਕੀ ਦੇ ਦੇਣਾ ਹੈ ਜਦ ਉਨ੍ਹਾ ਕੋਲ ਹੈ ਹੀ ਕੁਝ ਨਹੀਂ; ਜਿਹੜੇ ਪਥਰ ਨਵਾ ਧੁਲਾ ਕੇ ਪਾਣੀ ਵਿਚ ਛਡੇ ਸਨ ਉਹ ਤਾਂ ਪਾਣੀ ਵਿਚ ਹੀ ਡੁੱਬ ਗਏ ਉਨ੍ਹਾ ਨੇ ਇਨਸਾਨ ਨੂੰ ਭਵ ਸਾਗਰ ਤੋਂ ਕੀ ਪਾਰ ਕਰਾਉਣਾ ਹੈ? ਇਸ ਲਈ ਮੰਨਣਾ, ਪੂਜਣਾ ਜਪਣਾ ਤਾਂ ਸਿਰਫ ਇਕ ਪ੍ਰਮਾਤਮਾਂ ਨੂੰ ਹੀ ਹੈ ਜੋ ਵਡਾ ਦਾਤਾ ਹੈ ਜਿਸ ਘਰ ਕਦੇ ਦਾਤਾ ਦਾ ਅੰਤ ਨਹੀਂ ਸਾਰੇ ਹੀ ਉਸ ਤੋਂ ਪਾਉਂਦੇ ਹਨ ਹੋਰ ਕਿਸੇ ਤੋਂ ਨਹੀਂ

**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ।**
**ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ॥**
(ਸੋਰਠਿ ਪੰਨਾ 637)

ਉਸ ਨੂੰ ਪ੍ਰਾਪਤ ਕਰਨਾ ਹੀ ਇਨਸਾਨੀ ਜੀਵਨ ਦਾ ਅਸਲ ਮਕਸਦ ਹੈ ਪਰ ਇਸ ਲਈ ਸਚੇ ਸਤਿਗੁਰ ਨਦਰ ਮਿਹਰ ਜ਼ਰੁਰੀ ਹੈ।

ਵਾਹਿਗੁਰੂ ਤੇ ਉਸ ਦੀ ਰਚਨਾ ਨਾਲ ਸਮੁਚੇ ਪਿਆਰ ਦੀ ਹੈ। ਇਕੋ ਪਿਤਾ ਦੀ ਸਾਰੀ ਰਚਨਾ ਹੋਣ ਕਰਕੇ ਬਰਾਬਰਤਾ ਤੇ ਭਰਾਤਰੀਵਾਦ ਨੂੰ ਮੁਖ ਰਖਿਆ ਹੈ। ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ ਨਾਮ-ਦਾਨ-ਇਸ਼ਨਾਨ, ਸੇਵਾ-ਸਿਮਰਨ ਤੇ ਸਰਬਤ ਦਾ ਭਲਾ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦੇ ਪਰੈਕਟੀਕਲ ਹਨ। ਉਸੇ ਦਾ ਨਾਮ ਦਾ ਸਹਾਰਾ ਲੈਣਾ ਚਾਹੀਦਾ ਹੈ ਬਤੇ ਉਸ ਸਚੇ ਤੇ ਹੀ ਆਸ ਰਖਣੀ ਚਾਹੀਦੀ ਹੈ:

**ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥1॥ ਰਹਾਉ ॥**(ਪੰਨਾ 24)।

ਗੁਰੂ ਸਾਹਿਬ ਦੇ ਸ਼ਬਦਾਂ ਵਿਚ ਅੰਤਾਂ ਦੀ ਰਾਹਨੁਮਾਈ ਸਿਆਣਪ ਹੈ:

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥5॥** (ਪੰਨਾ 62)
**ਮੀਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥** (ਪੰਨਾ 470)
**ਘਾਲਿ ਖਾਇ ਕਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥1॥** (ਪੰਨਾ 1245)
**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥2॥** (ਪੰਨਾ 953)
**ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ ॥8॥3॥** (ਪੰਨਾ, 636)
**ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥ ਮੂਰਖੈ ਨਾਲਿ ਨ ਲੁਝੀਐ ॥19॥**
**ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥1॥** (ਪੰਨਾ। 464)
**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥** (ਪੰਨਾ 473)
**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥**
**ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹਿ ਸਚਾ ਨਾਉ ॥** (ਪੰਨਾ 730)
**ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥1॥** (ਪੰਨਾ, 467)
**ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥** (ਪੰਨਾ। 356)

**ਯਾਤਰਾਵਾਂ**

ਹਕ, ਸਚ, ਇਨਸਾਫ, ਬਰਾਬਰੀ, ਭਾਈਵਾਲਤਾ ਸ਼ਾਂਤੀ, ਪ੍ਰੇਮ ਦੀ ਇਸ ਫਿਲਾਸਫੀ ਦੇ ਪਰਚਾਰ ਪ੍ਰਸਾਰ ਲਈ ਗੁਰੂ ਨਾਨਕ ਦੇਵ ਜੀ ਨੇ ਲਗਭਗ ਸਾਰੇ ਵਿਸ਼ਵ ਦੀ ਯਾਤਰਾ ਕੀਤੀ ਤੇ ਹਰ ਵਰਗ ਰਾਜੇ, ਵਜੀਰ, ਮੁਕਦਮ, ਮੌਲਵੀ, ਮੁਲਾਂ, ਬ੍ਰਾਹਮਣ। ਪੰਡਿਤ, ਹਰ ਧਰਮ ਤੇ ਹਰ ਵਰਗ ਦੇ ਆਮ ਲੋਕ ਸਭਨਾਂ ਨੂੰ ਮੁਹੋਏ ਤੇ ਉਨ੍ਹਾ ਦੀ ਸਤਿਤੀ ਅਨੁਸਾਰ ਉਨ੍ਹਾਂ ਨੂੰ ਇਸ ਵਿਚਾਰ ਧਾਰਾ ਤੋਂ ਜਾਣੂ ਕਰਵਾ ਕੇ ਸਚ ਨਾਲ ਜੋੜਿਆ ਤੇ ਕੂੜ ਕੁਸਤ ਤੋ ਮੋੜਿਆ। ਪਹਿਲੀ ਉਦਾਸੀ ਵਿਚ ਉਹ ਸੁਲਤਾਨਪੁਰ ਲੋਧੀ ਤੋਂ ਚਲ ਕੇ ਪੰਜਾਬ ਗਾਹ ਕੇ ਅਜੋਕੇ ਹਰਿਆਣਾ, ਦਿਲੀ, ਉਤਰ ਪਰਦੇਸ਼, ਬਿਹਾਰ, ਬੰਗਾਲ ਸਮੇਤ ਅਜੋਕਾ ਬੰਗਲਾ ਦੇਸ਼, ਆਸਾਮ ਤੇ ਫਿਰ ਪੂਰਬੀ ਏਸ਼ੀਆ ਦੇ ਦੀਪਾਂ ਵਿਚੋਂ ਦੀ ਵਿਚਰਦੇ ਹੋਏ ਮੁੜ ਬੰਗਾਲ ਰਾਹੀਂ ਬਿਹਾਰ,

ਉੜੀਸਾ, ਮਧ ਪ੍ਰਦੇਸ਼, ਪਛਮੀ ਯੂ ਪੀ, ਤੇ ਹਰਿਆਣਾ ਹੁੰਦੇ ਹੋਏ ਸੁਲਤਾਨਪੁਰ ਲੋਧੀ ਪੰਜਾਬ ਪਰਤੇ। ਦੂਜੀ ਉਦਾਸੀ ਵੀ ਸੁਲਤਾਨਪੁਰੋਂ ਸ਼ੁਰੂ ਕਰ ਰਾਜਿਸਥਾਨ। ਪਛਮੀ ਮਧ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ, ਤਮਿਲਨਾਡ, ਸ੍ਰੀ ਲੰਕਾ, ਪਹੁੰਚੇ ਜਿਥੋਂ ਕੇਰਲ, ਕਰਨਾਟਕ ਪਛਮੀ ਮਹਾਰਾਸ਼ਟਰ, ਗੁਜਰਾਤ ਹੁੰਦੇ ਹੋਏ ਸਿੰਧ ਰਾਹੀਂ ਪੰਜਾਬ ਪਹੁੰਚੇ ਤੇ ਕਰਤਾਰਪੁਰ ਵਸਾਇਆ। ਤੀਜੀ ਉਦਾਸੀ ਕਰਤਾਰਪੁਰੋਂ ਚੱਲ ਹਿਮਾਚਲ, ਉਤਰਾਂਚਲ, ਮਾਨਸਰੋਵਰ, ਨੇਪਾਲ, ਸਿਕਿਮ, ਭੁਟਾਨ, ਤਿਬਤ, ਅਰੁਣਾਚਲ ਪ੍ਰਦੇਸ਼ ਹੁੰਦੇ ਹੋਏ ਚੀਨ, ਉਤਰੀ ਤਿਬਤ ਰਾਹੀਂ ਲਦਾਖ, ਕਸ਼ਮੀਰ ਜੰਮੂ ਹੁੰਦੇ ਹੋਏ ਕਰਤਾਰ ਪੁਰ ਪਹੁੰਚੇ। ਚੌਥੀ ਉਦਾਸੀ ਪੰਜਾਬ ਵਿਚੋਂ ਦੀ ਸਿੰਧ ਹੁੰਦੇ ਹੋਏ ਸਮੁੰਦਰੀ ਜਹਾਜ਼ ਰਾਹੀਂ ਯਮਨ, ਯੂਗੰਡਾ, ਮਿਸਰ, ਸਊਦੀ ਅਰਬ, ਇਜ਼ਰਾਈਲ, ਸਰੀਆ, ਤੁਰਕੀ, ਗਰੀਸ ਹੁੰਦੇ ਹੋਏ ਇਟਲੀ ਰੋਮ ਪਹੁੰਚੇ ਤੇ ਵਾਪਸੀ ਤੇ ਆਜ਼ਰਬਾਇਜਨ ਰਾਹੀਂ ਇਰਾਕ, ਇਰਾਨ ਤੇ ਮਧ ਪੂਰਬ ਏਸ਼ੀਆ ਦੀ ਰਿਆਸਤਾਂ ਵਿਚੋਂ ਦੀ ਅਫਗਾਨਿਸਤਾਨ ਹੁੰਦੇ ਹੋਏ ਕਰਤਾਰ ਪੁਰ ਪਹੁੰਚੇ। ਅਖੀਰਲੀ ਉਦਾਸੀ ਦਖਣੀ ਤੇ ਪੂਰਬੀ ਅਫਗਾਨਿਸਤਾਨ ਦੀ ਹੈ। ਗੁਰੂ ਜੀ ਨੇ ਲੱਖਾ ਮੀਲਾਂ ਦਾ ਸਫਰ ਕੀਤਾ ਬਹੁਤ ਪੈਦਲ ਤੇ ਕੁਝ ਸਮੁੰਦਰੀ ਜਹਾਜਾਂ ਤੇ ਹੋਰ ਸਾਧਨਾਂ ਰਾਹੀਂ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਜ਼ਿਆਦਾ ਤਰ ਪਰਚਾਰ ਸੰਗਤਿਕ ਸ਼ਬਦਾਂ ਨਾਲ ਕੀਤਾ ਜਿਸ ਵਿਚ ਭਾਈ ਮਰਦਾਨਾ ਉਸ ਨਾਲ ਰਬਾਬ ਨਾਲ ਸੰਗਤ ਕਰਦੇ ਸਨ। ਸ਼ਬਦ ਸਿਧੇ ਸ਼ਪਸਟ ਰੂਹਾਂ ਝੰਝੋੜ ਦੇਣ ਵਾਲੇ ਸਨ। ਉਨ੍ਹਾਂ ਦੇ ਇਹ ਸਾਰੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

**ਦਲਵਿੰਦਰ ਸਿੰਘ ਗ੍ਰੇਵਾਲ (ਡਾ.)**

E-mail : dalvinder45@yahoo.co.in

# ਗੁਰੂ ਨਾਨਕ ਦੇਵ ਜੀ ਦੀ ਸਮਾਜਿਕ ਸੰਵੇਦਨਸ਼ੀਲਤਾ ਤੇ ਅੰਤਰ-ਧਰਮ ਸੰਵਾਦ

**ਡਾ: ਦਲਵਿੰਦਰ ਸਿੰਘ ਗ੍ਰੇਵਾਲ**

**ਪਿਛੋਕੜ:**

ਗੁਰੂ ਨਾਨਕ ਕਾਲ (1469-1539) ਰਾਜਸੀ ਜ਼ੁਲਮ-ਜਬਰ, ਆਤੰਕ, ਭੈ, ਧਾਰਮਿਕ-ਅਸਹਿਸ਼ੀਲਤਾ ਤੇ ਵਿਚਾਰਧਾਰਕ-ਦਵੰਧ ਦਾ ਸਮਾਂ ਸੀ। ਇਸ ਦਸ਼ਾ ਦਾ ਗਿਆਨ ਗੁਰੂ ਨਾਨਕ ਦੇਵ ਜੀ ਨੂੰ ਬਚਪਨ ਵਿਚ ਅਪਣੇ ਆਪਸ ਵਿਚ ਹੋ ਰਹੇ ਵਰਤਾਰੇ ਨੂੰ ਵੇਖ ਕੇ ਹੀ ਹੋ ਗਿਆ ਸੀ । ਗੁਰੂ ਨਾਨਕ ਦੇਵ ਜੀ ਦੀ ਬਚਪਨ ਤੋਂ ਹੀ ਸੰਵੇਦਨਸ਼ੀਲਤਾ, ਚਿੰਤਨਸ਼ੀਲਤਾ ਤੇ ਪਰਮਾਤਮਾ ਪ੍ਰਤੀ ਪ੍ਰੇਮ ਦਾ ਪਤਾ ਜਨਮ ਸਾਖੀ ਤੋਂ ਲਗਦਾ ਹੈ:

"ਵਡਾ ਹੋਆ ਤਾਂ ਲਗਾ ਬਾਲਕਾਂ ਨਾਲ ਖੇਡਣ ਪਰ ਬਾਲਕਾਂ ਤੇ ਇਸ ਦੀ ਦ੍ਰਿਸਟੀ ਅਉਰ ਆਵੇ, ਆਤਮੇ ਅਭਿਆਸ ਪ੍ਰਮੇਸਰ ਕਾ ਕਰੇ। ਜਬ ਬਾਬਾ ਬਰਸਾਂ ਪੰਜਾਂ ਕਾ ਹੋਇਆ ਤਾਂ ਲਗਾ ਬਾਤਾਂ ਅਗਮ ਨਿਗਮ ਕੀਆ ਕਰਨ; ਜੋ ਕਿਛ ਬਾਤ ਕਰੇ ਸੋ ਸਮਝਿ ਕਰੇ ਤਿਸਤੇ ਸਭਸੁ ਕਿਸੇ ਦੀ ਨਿਸ਼ਾ ਹੋਇ ਆਵੈ। ਹਿੰਦੂ ਕਹਨਿ ਜੋ ਕੋਈ ਦੇਵਤਾ ਸਰੂਪ ਪੈਦਾ ਹੋਯਾ ਹੈ ਓੱਤੇ ਮੁਸਲਮਾਨ ਕਹਨਿ ਜੋ ਕੋਈ ਖੁਦਾਇ ਕਾ ਸਾਇਰ ਪੈਦਾ ਹੋਇਆ ਹੈ।(ਪੁਰਾਤਨ ਜਨਮਸਾਖੀ, ਸੰਪਾਦਿਤ ਭਾਈ ਵੀਰ ਸਿੰਘ, 1926 ਪੰਦ੍ਰਵੀ ਛਾਪ 2006, ਪੰਨਾ 17)

ਉਸ ਸਮੇਂ ਭਾਰਤ ਵਿਚ ਦੋ ਮੁਖ ਧਰਮ ਸਨ ਹਿੰਦੂ ਤੇ ਮੁਸਲਮਾਨ ਤੇ ਦੋਨਾਂ ਦਾ ਕਰਤਾ ਇਕੋ ਪਰਮਾਤਮਾਂ ਹੈ ਜਿਸ ਦਾ ਗਿਆਨ ਬਾਲ ਨਾਨਕ ਨੂੰ ਬਚਪਨ ਵਿਚ ਹੀ ਅਪਣੇ ਆਲੇ ਦੁਆਲੇ ਵਿਚ ਹੋਏ ਸੰਵਾਦਾਂ ਨਾਲ ਹੀ ਹੋ ਗਿਆ ਸੀ।

ਇਸ ਗਿਆਨ ਦਾ ਵਾਧਾ ਵਿਦਿਆ ਪ੍ਰਾਪਤੀ ਵੇਲੇ ਅਪਣੇ ਅਧਿਆਪਕਾਂ ਨਾਲ ਹੋਏ ਸੰਵਾਦਾਂ ਰਾਹੀਂ ਹੋਇਆ।'ਗੁਰੂ ਨਾਨਕ ਦੇਵ ਜੀ ਦਾ ਪਾਂਧੇ ਨਾਲ ਸੰਵਾਦ ਸਭ ਤੋਂ ਮੁਢਲੇ ਸੰਵਾਦਾਂ ਵਿਚੋਂ ਹੈ ਜੋ ਪੁਰਾਤਨ ਜਨਮਸਾਖੀ (ਪੰਨਾ 21) ਵਿਚ ਇਉਂ ਦਰਜ ਹੈ :

'ਤਬ ਗੁਰੂ ਨਾਨਕ ਜੀ ਇਕ ਦਿਨ ਚੁਪ ਕਰ ਰਹਿਆ। ਜਾਂ ਚੁਪ ਕਰ ਰਹਿਆ ਤਾਂ ਪਾਂਧੇ ਪੁਛਿਆ: 'ਨਾਨਕ! ਤੂੰ ਪੜ੍ਹਦਾ ਕਿਉਂ ਨਹੀਂ?' ਤਬ ਗੁਰੂ ਨਾਨਕ ਕਹਿਆ, "ਪਾਂਧਾ ਤੂੰ ਕਿਛ ਪੜ੍ਹਿਆ ਹੈਂ ਜੋ ਮੇਰੇ ਤਾਈਂ ਪੜਾਉਂਦਾ ਹੈਂ?' ਤਾਂ ਪਾਂਧੇ ਕਹਿਆ , "ਮੈਂ ਸਭੋ ਕਿਛ ਪੜ੍ਹਿਆ ਹਾਂ ਜੋ ਕਿਛ ਹੈ, ਬੇਦ ਸ਼ਾਸ਼ਤ੍ਰ ਪੜ੍ਹਿਆ ਹਾਂ, ਜਮਾਂ. ਖਰਚ, ਰੋਜ਼ ਨਾਵਾਂ, ਖਾਤਾ, ਲੇਖਾ, ਮੈਂ ਸਭ ਕਿਛ ਪੜ੍ਹਿਆ ਹਾਂ'। ਤਬ ਬਾਬੇ ਕਹਿਆ, 'ਪਾਂਧਾ! ਇਨ੍ਹੀਂ ਪੜ੍ਹ ਗਲ ਫਾਹੇ ਪਾਉਂਦੇ ਹੈਨ, ਇਹ ਜੇ ਪੜ੍ਹਣਾ ਸਭ ਬਾਦ ਹੈ'।ਤਬ ਗੁਰੁ ਨਾਨਕ ਇਹ ਸਬਦ ਉਠਾਇਆ,

**ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥**
**ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥**
**ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥1॥**
**ਬਾਬਾ ਏਹੁ ਲੇਖਾ ਲਿਖਿ ਜਾਣੁ ॥**
**ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥1॥**

(ਸਿਰੀਰਾਗੁ ਮਹਲੁ 1, ਪੰਨਾ 16)

ਤਬ ਗੁਰੁ ਕਹਿਆ: 'ਹੇ ਪੰਡਿਤ! ਹੋਰਿ ਜਿਤਨਾ ਪੜਿਨਾ ਸੁਣਿਨਾ ਸਭੁ ਬਾਦਿ ਹੈ। ਬਿਨਾ ਪਰਮੇਸੁਰਿ ਕੇ ਨਾਮਿ ਸਭੁ ਬਾਦਿ ਹੈ॥'

'ਤਬਿ ਪਾਂਧੇ ਕਹਿਆ: 'ਨਾਨਕੁ ਹੋਰ ਪੜਿਣਾ ਮੇਰੇ ਤਾਈ ਬਤਾਈ ਵਿਖਾ ਜਿਤੁ ਪੜਿਐ ਛੁਟੀਦਾ ਹੈ।' ਤਬ ਨਾਨਕ ਕਹਿਆ: 'ਸੁਣਿ ਹੇ ਸੁਆਮੀ! ਇਹ ਜੁ ਸੰਸਾਰਿ ਕਾ ਪੜਿਆ ਹੈ ਐਸਾ ਹੈ; ਜੋ ਮਸੁ ਦੀਵੇ ਕੀ ਅਰੁ ਕਾਗਦੁ ਸਣੀ ਕਾ ਅਰ ਕਲਮ ਕਾਨੇ ਕੀ ਅਰੁ ਮਨੁ ਲਿਖਣਹਾਰੁ ਅਰ ਲਿਖਿਆ ਸੋ ਕਿਆ ਲਿਖਿਆ? ਮਾਇਆ ਕਾ ਜੰਜਾਲ ਲਿਖਿਆ। ਜਿਤੁ ਲਿਖਿਐ ਸਭ ਵਿਕਾਰ ਹੋਵਨਿ। ਓਹੁ ਜਿ ਲਿਖਣੁ ਸਭੁ ਸਚੁ ਕਾ ਹੈ ਸੋ ਐਸਾ ਹੈ: ਜੋ ਮਾਇਆ ਕਾ ਮੋਹੁ ਜਾਲਿ ਕਰਿ ਮਸੁ ਕਰੀਐ ਅਰ ਤਪਸਿਆ ਕਾਗਦੁ ਕਰੀਐ। ਅਰੁ ਜੋ ਕਛੁ ਇਛਿਆ ਅੰਤੁ ਕਛੁ ਭਾਉ ਹੈ ਤਿਸਕੀ ਕਲਮ ਕਰੀਐ। ਅਰੁ ਚਿਤੁ ਲਿਖਣਹਾਰੁ ਕਰਹੁ ਅਰੁ ਲਿਖੀਐ; ਸੋ ਕਿਆ ਲਿਖੀਐ। (ਪਰਮੇਸਰ ਕਾ ਨਾਮੁ ਲਿਖੀਐ, ਸਲਾਹੁ ਲਿਖੀਐ, ਜਿਤੁ ਲਿਖੇ ਸਭ ਵਿਕਾਰ ਮਿਟਿ ਜਾਹਿ।ਬੇਅੰਤ ਸੋਭਾ ਲਿਖੇ, ਜੈਤ ਲਿਖੈ ਤਨ ਸੁਖੀ ਹੋਇ। ਤਿਸਕਾ ਅੰਤੁ ਪਾਰਾਵਾਰੁ ਕਿਛੁ ਪਾਯਾ ਨਹੀ ਜਾਤਾ' ਤਬ ਉਨ ਪੰਡਿਤ ਕਹਿਆ....'ਏਹੁ ਜੁ ਪਰਮੇਸਰ ਕਾ ਨਾਮ ਲੇਤੇ ਹੈਂ ਤਿਨ ਕਉ ਕਵਨ ਫਲ ਲਗਤੇ ਹੈਂ? ਥਬ ਗੁਰੁ ਨਾਨਕ ਦੂਜੀ ਪਉੜੀ ਕਹੀ: (ਪੁਰਾਤਨ ਜਨਮਸਾਖੀ, ਪੰਨਾ 21-22)

**ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥**
**ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥**
**ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥2॥**

(ਪੰਨਾ 16)

ਫਿਰਿ ਉਨਿ ਪੰਡਿਤੁ ਕਹਿਆ: 'ਏ ਨਾਨਕ! ਏਹੁ ਜੋ ਪਰਮੇਸਰੁ ਕਾ ਨਾਮੁ ਲੇਤੇ ਹੈ ਤਿਨ ਕੋ ਕੋਈ ਨਹੀ ਜਾਣਤਾ, ਉਨ ਕਉ ਤਾਂ ਰੋਟੀਆਂ ਭੀ ਨਾਹੀ ਜੁੜਿ ਆਵਤੀਆਂ, ਅਰੁ ਇਕ ਜੋ ਪਾਤਸਾਹੀ ਕਰਦੇ ਹੈਨਿ ਸੋ ਬੁਰਿਆਈਆਂ ਭੀ ਕਰਦੇ ਹੈਨਿ ਅਰੁ ਪਰਮੇਸਰੁ ਭੀ ਨਾਹੀ ਸਿਮਰਦੇ; ਕਹੁ ਦੇਖਾ ਓਨਿ ਕਵਨ ਪਾਪ ਕੀਤੇ ਹੈਨਿ ਜੋ ਪਾਤਸਾਹੀ ਭੀ ਡਰਹਿ ਅਰੁ ਪਰਮੇਸਰ ਤੋ ਭੀ ਨਾ ਡਰਹਿ? ਤਬ ਫਿਰ ਗੁਰੁ ਨਾਨਕ ਤੀਜੀ ਪਉੜੀ ਕਹੀ:

**ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥**
**ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ॥**
**ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥3॥**

(ਪੰਨਾ 16)

ਤਬ ਪੰਡਿਤ ਹੈਰਾਨ ਹੋਇ ਗਇਆ ਕਹਿਓਸੁ:'ਏਹੁ ਕੋਈ ਵਡਾ ਭਗਤ ਹੈ'। ਤਬ ਫਿਰਿ ਪੰਡਿਤ ਕਹਿਆ: 'ਨਾਨਕ! ਤੂ ਐਸੀ ਬਾਤ ਕਰਦਾ ਹੈ, ਸੋ ਕਿਉ ਕਰਦਾ ਹੈ? ਤਬ ਗੁਰੁ ਨਾਨਕ ਚੌਥੀ ਪਉੜੀ ਕਹੀ:

**ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥**
**ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥**
**ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥4॥6॥**

(ਪੰਨਾ 16)

'ਸੁਣਿ ਹੇ ਪੰਡਿਤੁ! ਓਸੁ ਸਾਹਿਬ ਕਾ ਐਸਾ ਡਰੁ ਹੈ ਜੋ ਮੇਰੀ ਦੇਹ ਭੈਮਾਨ ਹੋਇ ਗਈ ਹੈ। ਜੋ ਈਹਾਂ ਖਾਨ ਸੁਲਤਾਨ ਕਹਾਇਦੇ ਥੇ ਸੋ ਭੀ ਮਰਿ ਖਾਕ ਹੋਇ ਗਏ। ਜਿਨਕਾ ਅਮਰ ਮਨੀਤਾ ਥਾ, ਜਿਨਕੈ ਡਰਿ ਪ੍ਰਿਥਵੀ ਭੈਮਾਨ ਹੋਤੀ ਥੀ ਸੋ ਭੀ ਮਰਿ ਖਾਕ ਹੋਇ ਗਏ।

ਸੁਣਹੋ ਪੰਡਿਤਾ! ਮੈਂ ਕੂੜਾ ਨੇਹੁ ਕਿਸ ਸੌ ਕਰਉਂ, ਹਮ ਭੀ ਉਠਿ ਜਾਹਿਗੇ, ਖਾਕ ਦਰ ਖਾਕ ਜੋਇ ਜਾਹਿਗੰਗੇ, ਹਮ ਤਿਸਕੀ ਬੰਦਗੀ ਕਰਹਿੰਗੇ ਜੋ ਜੀਅ ਲਏਗਾ ਫਿਰਿ ਇਸ ਸੰਸਾਰ ਸਉ ਕੂੜਾ ਨੇਹੁ ਕਰਹਿੰ?' ਤਬ ਪੰਡਿਤ ਹੈਰਾਨ ਹੋਇ ਗਇਆ, ਨਮਸਕਾਰੁ ਕੀਤੋਸੁ, ਜੋ ਕੋਈ ਪੂਰਾ ਹੈ:

**'ਜੋ ਤੇਰੇ ਆਤਮੇ ਆਉਂਦੀ ਹੈ ਸੋ ਕਰਿ'।**

(ਪੁਰਾਤਨ ਜਨਮਸਾਖੀ, ਪੰਨਾ 21-25)

ਇਸ ਸੰਵਾਦ ਤੋਂ ਸਪਸ਼ਟ ਹੋ ਜਾਂਦਾ ਹੈ ਕਿ:

1. ਜਗਤ ਵਿਚ ਮਾਇਆ ਦਾ ਪ੍ਰਭਾਵ ਹੈ ਜਿਸ ਸਦਕਾ ਰਿਸ਼ਤੇ ਨਾਤਿਆਂ ਦਾ ਰੱਬ ਦੇ ਡਰ ਦਾ, ਬਰਾਬਰਤਾ ਤੇ ਸਾਂਝੀਵਾਲਤਾ ਦਾ ਲੋਕਾਂ ਵਿਚ ਕੋਈ ਗਿਆਨ ਨਹੀਂ।
2. ਉਸ ਸਮੇ ਦੇ ਸਮਾਜ ਵਿਚ ਊਚ ਨੀਚ ਦਾ ਡੂੰਘਾ ਪ੍ਰਭਾਵ ਸੀ।
3. ਰਾਜੇ ਨਿਆਂ ਕਰਨ ਦੀ ਥਾਂ ਜ਼ੁਲਮ ਕਰਦੇ ਸਨ ਤੇ ਰਾਜਿਆਂ ਨੇ ਪਰਜਾ ਵਿਚ ਡਰ ਪੈਦਾ ਕੀਤਾ ਹੋਇਆ ਹੈ।
4. ਰਾਜੇ ਵੱਡੇ ਨਹੀਂ ਉਨ੍ਹਾਂ ਉੱਪਰ ਉਨ੍ਹਾਂ ਤੋਂ ਉਚਾ ਪਰਮਾਤਮਾਂ ਹੈ ਜੋ ਸਾਰੇ ਵਿਸ਼ਵ ਦਾ ਮਾਲਿਕ ਹੈ।
5. ਗੁਰੂ ਨਾਨਕ ਦੇਵ ਜੀ ਮੰਨਦੇ ਸਨ ਕਿ ਪਰਮਾਤਮਾਂ ਇਕ ਹੈ, ਸਾਰੇ ਉਸੇ ਦੇ ਹੀ ਰਚੇ ਹਨ ਸੋ ਬਰਾਬਰ ਹਨ ਤੇ ਆਪਸ ਵਿਚ ਕੋਈ ਦੂਈ ਦਵੈਤ ਨਹੀਂ ਹੋਣੀ ਚਾਹੀਦੀ।
6. ਸਭਨਾ ਦੀ ਮੁਕਤੀ ਇਕੋ ਇਕ ਪਰਮਾਤਮਾਂ ਦੀ ਭਗਤੀ ਵਿਚ ਹੈ।
7. ਮਨਾਂ ਵਿਚ ਪਏ ਫਾਸਲਿਆਂ ਨੂੰ ਤੇਗ ਤਲਵਾਰ ਨਹੀਂ ਗੱਲਬਾਤ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ।

**ਉਸ ਸਮੇਂ ਦੇ ਹਾਲਾਤ**

ਬਹਿਲੋਲ ਲੋਧੀ (1451-1489), ਸਿਕੰਦਰ ਲੋਧੀ (1486-1517), ਇਬਰਾਹੀਮ ਲੋਧੀ (1517-1526) ਦਿੱਲੀ ਤੇ ਕਾਬਜ਼ ਸਨ ਤੇ ਦੌਲਤ ਖਾਨ ਲੋਧੀ ਪੰਜਾਬ ਦੇ ਸੁਲਤਾਨਪੁਰ ਲੋਧੀ ਸੂਬੇ ਤੇ ਕਾਬਜ਼ ਸੀ।ਬਾਬਰ (1483-1530) ਨੇ ਹਿੰਦ ਨੂੰ ਲੁੱਟਣ ਤੇ ਲੋਧੀਆਂ ਨੂੰ ਖਤਮ ਕਰਕੇ ਅਪਣਾ ਰਾਜ ਸਥਾਪਤ ਕਰਨ ਲਈ ਹਮਲੇ ਸ਼ੁਰੂ ਕਰ ਦਿਤੇ ਸਨ।ਯੂਰੋਪੀਅਨਾਂ ਨੇ ਅਪਣਾ ਵਪਾਰ ਤੇ ਪ੍ਰਭਾਵ ਵਧਾਉਣ ਲਈ ਕੋਲੰਬਸ (ਜਿਸਨੇ ਅਮਰੀਕਾ ਨੂੰ 1442 ਈ: ਵਿਚ ਲੱਭਿਆ), ਪੁਰਤਗਾਲ ਦਾ ਵਾਸਕੋ-ਡੀ-ਗਾਮਾ (1460-1524 ਈ:) ਜਿਸ ਨੇ ਭਾਰਤ ਨੂੰ 1498 ਈ: ਵਿਚ ਯੂਰਪ ਲਈ ਭਾਲਿਆ, ਅਲਬੂਕਰਕ (1469-1515 ਈ:) ਜਿਸਨੇ ਇਸ ਲੱਭਤ ਦਾ ਲਾਭ ਲੈ ਕੇ ਭਾਰਤ ਤੇ ਪੁਰਤਗੇਜ਼ੀ ਬਸਤੀਵਾਦ ਦੀ ਨੀਂਹ ਰੱਖੀ, ਦੀਆਂ ਕਾਮਯਾਬੀਆਂ ਨੂੰ ਭਾਰਤ ਲੁੱਟ ਕੇ ਅਪਣੇ ਖਜ਼ਾਨੇ ਭਰਨ ਦਾ ਸਾਧਨ ਬਣਾ ਲਿਆ।ਇਸ ਪਿੱਠਭੂਮੀ ਵਿਚ ਗੁਰੂ ਨਾਨਕ ਦੇਵ ਜੀ ਦੇ ਪਾਏ ਨਵੇਂ ਰਾਹ ਦਾ ਪਿਛੋਕੜ ਜਾਣ ਲੈਣਾ ਜ਼ਰੂਰੀ ਹੈ।ਮੱਧ-ਏਸ਼ੀਆ ਤੋਂ ਧਾੜਵੀ ਭਾਰਤ ਉਪਰ ਲਗਾਤਾਰ ਹਮਲੇ ਕਰਦੇ, ਲੁੱਟ ਖਸੁੱਟ ਮਚਾਉਂਦੇ ਤੇ ਇਨਸਾਨੀਅਤ ਨੂੰ ਸ਼ਰਮਸ਼ਾਰ ਕਰ ਰਹੇ ਸਨ। ਇਨ੍ਹਾਂ ਧਾੜਵੀਆਂ ਦਾ ਦਿੱਲੀ ਵਲ ਵਧਣ ਲੱਗੇ ਪਹਿਲਾ ਟਾਕਰਾ ਪੰਜਾਬ ਨਾਲ ਹੁੰਦਾ ਸੀ ਤੇ ਜਿਸ ਵਿਰੋਧ ਦਾ ਸਭ ਤੋਂ ਵੱਧ ਖਮਿਆਜ਼ਾ ਪੰਜਾਬੀਆਂ ਨੂੰ ਹੀ ਭੁਗਤਣਾ ਪੈਂਦਾ ਹੈ।

ਇਸ ਜਬਰ-ਜ਼ੁਲਮ, ਮਾਰ ਧਾੜ ਤੇ ਲੁੱਟ-ਘਸੁੱਟ ਤੋਂ ਡਰੇ ਹਿੰਦੁਸਤਾਨੀਆਂ ਨੂੰ ਰਾਹ ਦਿਖਾਉਣ ਲਈ ਗੁਰੂ ਨਾਨਕ (1469-1538 ਈ:) ਨੇ ਬੀੜਾ ਚੁਕਿਆ।ਇਸ ਹਾਲਤ ਨੂੰ ਹੋਰ ਜਾਨਣ ਲਈ ਉਸ ਸਮੇਂ ਦੀ ਪੂਰੀ ਸਥਿਤੀ ਦਾ ਸੰਗਿਆਨ ਲੈਣਾ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਇਸ ਦਾ ਵਰਨਣ ਹੈ।'ਕਲਿਯੁਗ ਦੇ ਇਸ ਕਾਲ ਵਿਚ ਰਾਜੇ ਕਸਾਈ ਬਣ ਗਏ ਸਨ ਤੇ ਧਰਮ ਖੰਭ ਲਾ ਕੇ ਉੱਡ ਗਿਆ ਸੀ। ਝੂਠ ਦਾ ਅੰਧਕਾਰ ਸੀ ਜਿਸ ਵਿਚ ਸੱਚ ਦੀ ਰੋਸ਼ਨੀ ਗੁਆਚ ਗਈ ਸੀ। ਲੱਭਣ ਤੇ ਵੀ ਇਸ ਹਨੇਰੇ ਵਿਚ ਕੋਈ ਰਾਹ ਨਹੀਂ ਸੀ ਲਭਦਾ। ਸਭ ਵਿਚ ਹਉਮੈ ਦਾ ਇਸ ਤਰ੍ਹਾਂ ਦਾ ਗਲਬਾ ਸੀ ਕਿ ਕੋਈ ਦੂਸਰੇ ਦੇ ਦੁਖਾਂ ਦੇ ਰੋਣੇ ਬਾਰੇ ਸੋਚਦਾ ਹੀ ਨਹੀਂ ਸੀ ਇਸ ਹਾਲਤ ਵਿਚੋਂ ਛੁਟਕਾਰਾ ਕੌਣ ਦਿਵਾਵੇ?' ਗੁਰੂ ਨਾਨਕ ਦੇਵ ਜੀ ਨੇ ਇਸ ਦਸ਼ਾ ਨੂੰ ਇਉ ਬਿਆਨਿਆ:

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**
**ਹਉ ਭਾਲਿ ਵਿਕੁੰਨੀ ਹੋਈ ॥**
**ਆਧੇਰੈ ਰਾਹੁ ਨ ਕੋਈ ॥**
**ਵਿਚਿ ਹਉਮੈ ਕਰਿ ਦੁਖੁ ਰੋਈ ॥**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥1॥**

(ਸਲੋਕੁ ਮ: 1, ਪੰਨਾ 145)

ਸਮਾਜ ਨੂੰ ਸੁਰਖਿਆ ਦੇਣ ਵਾਲੇ ਰਾਜੇ ਜੰਤਾ ਉਪਰ ਸ਼ੇਰ ਬਣਕੇ ਝਪਟਦੇ ਤੇ ਵਜ਼ੀਰ-ਮੁਸੱਦੀ ਕੁਤਿਆਂ ਵਾਂਗ ਪਾੜ ਪਾੜ ਖਾਂਦੇ ਸਨ।

ਨੌਕਰ ਚਾਕਰ ਜ਼ਖਮਾਂ ਵਿਚੋਂ ਸਿੰਮਦੇ ਖੂਨ ਨੂੰ ਪੀਣ ਤੇ ਮਾਸ ਨੂੰ ਚੂੰਡਣ ਭਾਵ ਬਚਿਆ ਖੁਚਿਆ ਲੁਟਣ-ਖੋਹਣ ਤੇ ਲੱਗੇ ਹੋਏ ਸਨ:

**ਰਾਜੇ ਸੀਹ ਮੁਕਦਮ ਕੁਤੇ॥**
**ਜਾਇ ਜਗਾਇਨਿ ਬੈਠੇ ਸੁਤੇ॥**
**ਚਾਕਰ ਨਹਦਾ ਪਾਇਨਿ ਘਾਉ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ॥**

(ਪੰਨਾ 1288)

ਇਸ ਕਾਲੇ ਯੁਗ ਵਿਚ ਜਿਨ੍ਹਾਂ ਨੇ ਰਾਹ ਵਿਖਾਉਣਾ ਸੀ ਉਹ ਖੁਦ ਹੀ ਵਗਦੀ ਗੰਗਾ ਵਿਚ ਹੱਥ ਧੋਣ ਦੇ ਮਕਸਦ ਨਾਲ ਲੋਕਾਈ ਨੂੰ ਭੰਬਲ-ਭੁਸੇ ਵਿਚ ਪਾਕੇ ਲੁਟਣ ਲੱਗੇ ਹੋਏ ਸਨ। 'ਲਾਲਚ ਤੇ ਪਾਪ ਦੋਮੋਂ ਪਾਤਸ਼ਾਹ ਤੇ ਵਜ਼ੀਰ ਸਨ ਤੇ ਝੂਠ ਟਕਸਾਲ ਦਾ ਸਰਦਾਰ ਸੀ।ਭੋਗ-ਵਿਲਾਸ ਛੋਟੇ ਹਾਕਮਾਂ ਦੇ ਰੂਪ ਵਿਚ ਸਲਾਹਕਾਰੀ ਸਨ। ਸਾਰੇ ਇਕਠੇ ਬੈਠ ਕੇ ਬੁਰੇ ਦਾਉ ਪੇਚਾਂ ਬਾਰੇ ਸੋਚਦੇ ਰਹਿੰਦੇ ਸਨ।ਹਨਰੇ ਵਿਚ ਪਰਜਾ ਸਿਆਣਪ ਤੋਂ ਸੱਖਣੀ ਸੀ ਅਤੇ ਹਾਕਮ ਦੀ ਲਾਲਚ ਦੀ ਅੱਗ ਨੂੰ ਵੱਢੀ ਦੇ ਕੇ ਸ਼ਾਂਤ ਕਰਦੀ ਸੀ। ਵਿਚਾਰਵਾਨ ਅੱਗੇ ਨਚਦੇ ਸਨ ਤੇ ਸੰਗੀਤਕ ਸਾਜ਼ ਵਜਾਉਂਦ ਸਨ ਅਤੇ ਭੇਸ ਧਾਰਕੇ ਹਾਰ ਸ਼ਿੰਗਾਰ ਲਾਉਂਦੇ ਸਨ ਭਾਵ ਖੁਸਰੇ ਬਣੇ ਹਾਰ ਸ਼ਿੰਗਾਰ ਕਰਕੇ ਗਿੱਧੇ ਪਾਉਂਦੇ ਮੰਗਦੇ ਸਨ ਜਾਂ ਭਟਾਂ ਵਾਂਗ ਹਾਕਮਾਂ ਨੂੰ ਸੂਰਮੇ ਬਣਾ ਕੇ ਉਚੀ ਉਚੀ ਵਾਰਾਂ ਗਾ ਕੇ ਖੁਸ਼ ਕਰਦੇ ਸਨ। ਬੇਵਕੂਫ ਪੰਡਿਤ ਅਪਣੇ ਆਪ ਨੂੰ ਵਿਦਵਾਨ ਘੋਸ਼ਿਤ ਕਰਕੇ ਚਾਲਾਕੀਆਂ ਤੇ ਢੁਚਰਾਂ ਨਾਲ ਧਨ ਇਕੱਤਰ ਕਰਨ ਨਾਲ ਉਨ੍ਹਾਂ ਦਾ ਪ੍ਰੇਮ ਸੀ। ਧਰਮੀ ਅਪਣਾ ਧਰਮ ਧਰਮ ਅਸਥਾਨਾਂ ਵਿਚ ਮਾਇਆ ਭੇਟ ਕਰਕੇ ਪ੍ਰਾਰਥਨਾ ਕਰਦੇ ਹੋਏ ਸ਼ਪਣੀ ਨੇਕੀ ਪਾਣੀ ਵਿਚ ਵਹਾ ਰਹੇ ਸਨ। ਬ੍ਰਹਮਚਾਰੀ ਅਪਣਾ ਘਰ ਬਾਰ ਛੱਡ ਬੈਠੇ ਹਨ ਪਰ ਇਹ ਨਹੀਨ ਜਾਣਦੇ ਕਿ ਪ੍ਰਮਾਤਮਾਂ ਪ੍ਰਾਪਤੀ ਦੀ ਜੁਗਤ ਕੀ ਹੈ।ਹਰ ਕੋਈ ਅਪਣੇ ਆਪ ਨੂੰ ਪੂਰਨ ਸਮਝਦਾ ਸੀ ਤੇ ਅਪਣੇ ਆਪ ਨੂੰ ਘੱਟ ਨਹੀ ਸੀ ਅਖਵਾਉਂਦਾ ਉਨ੍ਹਾਂ ਦੀ ਘਾਟ ਵਾਧ ਦਸਣ ਵਾਲਾ ਤੇ ਠੀਕ ਰਾਹ ਤੇ ਪਾਉਣ ਵਾਲਾ ਕੋਈ ਨਹੀਂ ਸੀ:

**ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥**
**ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥**
**ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥**
**ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥**
**ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥**
**ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥**
**ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥**
**ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥**
**ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥**
**ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥2॥ ਮ:1॥**

(ਮ: 1, ਪੰਨਾ 468-469)

ਮੁਸਲਮਾਨ ਹਿੰਦੂਆਂ ਨੂੰ ਅਪਣੇ ਗੁਲਾਮ ਸਮਝਦੇ ਸਨ ਤੇ ਹਿੰਦੂਆਂ ਨੂੰ ਜ਼ੋਰੀ ਮੁਸਲਮਾਨ ਬਣਾਉਣ ਜਾਂ ਮੁਸਲਮਾਨੀ ਰਹੁ ਰੀਤਾਂ ਅਪਣਾਉਣ ਲਈ ਜੁਟੇ ਹੋਏ ਸਨ। ਪੰਡਿਤ ਤੇ ਬ੍ਰਾਹਮਣ ਵੀ

**ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥**
**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥**

(ਪੰਨਾ 470)

ਆਦਮੀ ਖਾਣ ਵਾਲੇ ਨਮਾਜ਼ ਪੜ੍ਹਦੇ ਸਨ। ਜਿਨ੍ਹਾਂ ਦੇ ਗਲੀ ਜਨੇਊ ਸੀ ਉਨ੍ਹਾਂ ਦੇ ਗਲੀਂ ਛੁਰੀ ਚਲਾਉਂਦੇ ਸਨ। ਉਨ੍ਹਾਂ ਦੇ ਘਰੀਂ ਜਾ ਕੇ ਬ੍ਰਾਹਮਣਾਂ ਨੂੰ ਸੰਖ ਵਜਾਉਣਾ ਪੈਂਦਾ ਸੀ ਜਿਸ ਨੂੰ ਉਹ ਬੜੇ ਸੁਆਦ ਨਾਲ ਸੁਣਦੇ ਸਨ। ਇਸ ਤਰ੍ਹਾਂ ਦੀ ਕੀਤੀ ਕਮਾਈ ਝੂਠੀ ਹੈ ਤੇ ਇਹ ਕਰਮ ਵੀ ਝੂਠੇ ਹਨ। ਝੂਠ ਕਮਾਕੇ ਭੋਜਨ ਛਕਣ ਦਾ ਗੁਨਾਹ ਕਰਦੇ ਸਨ। ਲੱਜਿਆ ਤੇ ਪਵਿਤਰਤਾ ਕੋਹਾਂ ਦੂਰ ਸੀ। ਝੂਠ ਦਾ ਚਾਰੇ ਪਾਸੇ ਬੋਲਬਾਲਾ ਸੀ।

**ਮਾਣਸ ਖਾਣੇ ਕਰਹਿ ਨਿਵਾਜ ॥**
**ਛੁਰੀ ਵਗਾਇਨਿ ਤਿਨ ਗਲਿ ਤਾਗ ॥**
**ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥**
**ਉਨਾ ਭਿਆਵਹਿ ਓਈ ਸਾਦ ॥**
**ਕੂੜੀ ਰਾਸਿ ਕੂੜਾ ਵਾਪਾਰੁ ॥**
**ਕੂੜੁ ਬੋਲਿ ਕਰਹਿ ਆਹਾਰੁ ॥**
**ਸਰਮ ਧਰਮ ਕਾ ਡੇਰਾ ਦੂਰਿ ॥**
**ਨਾਨਕ ਕੂੜੁ ਰਹਿਆ ਭਰਪੂਰਿ ॥**

(ਸਲੋਕੁ ਮਃ 1, ਪੰਨਾ 471)

ਭਰਹਮਣ ਦੇ ਮੱਥੇ ਤੇ ਟਿਕਾ ਹੈ ਤੇ ਲੱਕ ਭਗਵੀਂ ਧੋਤੀ ਪਰ ਹੱਥ ਵਿਚ ਚਾਕੂ ਹੈ। ਇਹ ਧਰਮਾਂ ਕੀ ਸੰਸਾਰ ਦਾ ਕਸਾਈ ਹੈ। ਨੀਲੇ ਬਸਤਰ ਪਹਿਨ ਕੇ ਉਹ ਮੁਸਲਮਾਨਾਂ ਦੀਆਂ ਅੱਖਾਂ ਵਿਚ ਮਕਬੂਲ ਹੋ ਜਾਂਦਾ ਹੈ। ਮੁਸਲਮਾਨਾਂ ਤੋਂ ਟੁੱਕਰ ਲੈ ਕੇ ਉਹ ਪੁਰਾਣਾਂ ਨੂੰ ਪੂਜਦਾ ਹੈ। ਵਿਦੇਸ਼ੀ ਸ਼ਬਦ ਉਚਾਰਨ ਕਰਕੇ ਹਲਾਲ ਬਕਰੇ ਦਾ ਮਾਸ ਖਾਂਦਾ ਹੈ। ਅਪਣੇ ਛੌਂਕੇ ਤੇ ਉਹ ਕਿਸੇ ਨੂੰ ਵਢਣ ਨਹੀਨ ਦਿੰਦਾ। ਭੋਇੰ ਨੂੰ ਲਿੱਪ ਕੇ ਉਸ ਉਦਾਲੇ ਲਕੀਰ ਖਿਚਦਾ ਹੈ। ਉਸ ਥਾਂ ਖਾਣ ਵਾਲੇ ਸਭ ਝੂਠੇ ਆ ਬੈਠਦੇ ਹਨ। ਆਖਦੇ ਹਨ ਦੂਰ ਰਹਿ, ਕਿਤੇ ਭਿਟ ਨਾ ਦੇਈਂ, ਸਾਡਾ ਭੋਜਨ ਭਿਟਿਆ ਜਾਏਗਾ। ਇਸ ਪਲੀਤ ਦੇਹ ਨਾਲ ਉਹ ਮੰਦੇ ਕਰਮ ਕਮਾਉਂਦੇ ਹਨ। ਅਪਵਿਤਰ ਹਿਰਦੇ ਨਾਲ ਉਹ ਚੂਲੀਆਂ ਭਰਦੇ ਹਨ।

**ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥**
**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥**
**ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥**
**ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥**

**ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥**
**ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥**

(ਸਲੋਕੁ ਮਃ 1, ਪੰਨਾ 471)

ਗਊ ਤੇ ਬ੍ਰਹਮਣ ਉਪਰ ਟੈਕਸ ਲਗਿਆ ਹੋਇਆ ਸੀ। ਬ੍ਰਹਮਣ ਦੀ ਸਮਝ ਛੋਟੀ ਹੋ ਗਈ ਸੀ ਜੋ ਸਮਝਦਾ ਸੀ ਗੋਬਰ ਉਸ ਨੂੰ ਭਵਸਾਗਰ ਤਰਨ ਵਿਚ ਮਦਦ ਕਰੇਗਾ। ਉਹ ਪਾਉਂਦਾ ਧੋਤੀ ਤੇ ਲਾਉਂਦਾ ਟਿਕਾ ਸੀ ਪਰ ਮਲੇਛਾਂ (ਮੁਸਲਮਾਨਾਂ) ਦੇ ਦਿਤੇ ਤੇ ਗੁਜ਼ਾਰਾ ਕਰਦਾ ਸੀ।ਪੂਜਾ ਘਰ ਅੰਦਰ ਬਹਿ ਕੇ ਕਰਦਾ ਸੀ ਤੇ ਕੁਰਾਨ ਦੀਆਂ ਆਇਤਾਂ ਦਸ ਕੇ ਤੁਰਕਾਂ ਨੂੰ ਸੰਜਮ ਰਖਣ ਦੀ ਦਲੀਲ ਦਿੰਦਾ ਸੀ।

**ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥**
**ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥**
**ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥**

(ਸਲੋਕੁ ਮਃ 1, ਪੰਨਾ 471)

ਇਸੇ ਦਸ਼ਾ ਦੀ ਸ਼ਾਹਦੀ ਭਾਈ ਗੁਰਦਾਸ ਜੀ ਅਪਣੀ ਪਹਿਲੀ ਵਾਰ ਵਿਚ ਵੀ ਭਰਦੇ ਲਿਖਦੇ ਹਨ ਕਿ ਕੁਤੇ-ਮੂਹਾਂ ਕਲਿਯੁਗ ਮੁਰਦਾਰਾਂ ਦੇ ਖਾਜੇ ਖਾਂਦਾ ਹੈ। ਰਾਜੇ ਪਾਪ ਕਮਾਉਂਦੇ ਹਨ ਜਦ ਕਿ ਉਨ੍ਹਾਂ ਦਾ ਕੰਮ ਪਰਜਾ ਦੀ ਰਖਿਆ ਹੈ। ਇਹ ਤਾਂ ਉਹ ਗੱਲ ਹੋਈ ਜਿਵੇਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ।ਪਰਜਾ ਗਿਆਨ ਬਿਨਾ ਅੰਧਕਾਰ ਵਿਚ ਹੈ ਤੇ ਕੂੜ-ਕੁਸੱਤ ਹੀ ਮੁਖੋਂ ਕਢਦੀ ਹੈ। ਗੁਰੂ ਚੇਲਿਆਂ ਦੇ ਵਜਾਏ ਸਾਜ਼ਾਂ ਤੇ ਤਰ੍ਹਾਂ ਤਰ੍ਹਾਂ ਦੇ ਨਾਚ ਨਚਦੇ ਹਨ ਭਾਵ ਗੁਰੂਆਂ ਨੂੰ ਚੇਲੇ ਨਚਾਈ ਫਿਰਦੇ ਹਨ ਤੇ ਉਨ੍ਹਾਂ ਦੇ ਸੇਵਕ ਘਰੀਂ ਬੈਠੇ ਹਨ ਤੇ ਗੁਰੂ ਉਨ੍ਹਾਂ ਦੇ ਘਰੀਂ ਜਾ ਕੇ ਸੇਵਾ ਕਰਦੇ ਹਨ। ਕਾਜ਼ੀ ਇਨਸਾਫ ਦੇਣ ਦੀ ਥਾਂ ਵੱਢੀ ਲੈ ਕੇ ਹੱਕੀ ਦਾ ਹੱਕ ਹੋਰਾਂ ਨੂੰ ਦੇ ਦਿੰਦੇ ਹਨ।ਇਸਤ੍ਰੀ ਨੂੰ ਪੁਰਖ ਪੈਸੇ ਖਾਤਰ ਬਿਗਾਨੇ ਘਰੀਂ ਭੇਜਦਾ ਹੈ ਇਹ ਨਹੀਨ ਦੇਖਦਾ ਉਹ ਕਿਸ ਘਰ ਜਾਂਦੀ ਹੈ ਕਿਸ ਘਰ ਨਹੀਂ। ਸਾਰੇ ਜਗਤ ਵਿਚ ਪਾਪ ਦਾ ਵਰਤਾਰਾ ਹੈ:

**ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।**
**ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।**
**ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।**
**ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ**
**ਸੇਵਕ ਬੈਠਨਿ ਘਰਾ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।**
**ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕ ਗਵਾਈ।**
**ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ।**
**ਵਰਤਿਆ ਪਾਪ ਸਭਸ ਜਗ ਮਾਂਹੀ ॥30॥**

ਵਾਰਾਂ ਭਾਈ ਗੁਰਦਾਸ:ਵਾਰ 1 ਪਉੜੀ 30 ਪੰ. 8

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਨਿਰੀ ਜੁਗਗਰਦੀ ਸੀ ਪਾਪ ਨੇ ਸੰਸਾਰ ਨੂੰ ਭ੍ਰਿਸ਼ਟ ਕੀਤਾ ਹੋਇਆ ਸੀ।

ਵਰਨਾ-ਧਰਮਾਂ ਵਿਚ ਖਹਿ ਬਾਜ਼ੀ ਸੀ ਤੇ ਬਾਸਾਂ ਦੇ ਖਹਿਣ ਤੇ ਲੱਗੀ ਅੱਗ ਵਾਂਗੂ ਇਸ ਖਹਿ ਬਾਜ਼ੀ ਦੀ ਅੱਗ ਵਿਚ ਸੜ ਰਹੇ ਸਨ। ਵੇਦਾਂ ਦੀ ਨਿੰਦਿਆ ਹੁੰਦੀ ਸੀ ਤੇ ਅਗਿਆਨੀਆਂ ਨੂੰ ਇਹ ਗਿਆਨ ਨਹੀ ਸੀ ਕਿ ਵੇਦਾਂ-ਗ੍ਰੰਥਾਂ ਵਿਚ ਹੀ ਉਹ ਗਿਆਨ ਹੈ ਜਿਸ ਨਾਲ ਦੁਨੀਆਂ ਦੇ ਇਸ ਭਵਸਾਗਰ ਵਿਚੋਂ ਪਾਰ ਹੋਣਾ ਹੈ ਤੇ ਇਹ ਗਿਆਨ ਕਿਸੇ ਸੱਚੇ ਗੁਰੂ ਤੋਂ ਬਿਨਾਂ ਪ੍ਰਾਪਤ ਨਹੀ ਹੋ ਸਕਦਾ ਤੇ ਸੱਚਾ ਗੁਰੂ ਉਹ ਜਿਸ ਵਿਚ ਪਰਮਾਤਮਾਂ ਦਾ ਅਪਣਾ ਰੂਪ ਹੋਵੇ। ਭਾਵ ਗੁਰੂ ਤੇ ਪਰਮਾਤਮਾਂ ਹੀ ਸੱਦੀਵੀ ਸੱਚ ਹਨ ਤੇ ਇਹ ਸਾਰਾ ਸੰਸਾਰ ਤਾਂ ਆਉਣ ਜਾਣ ਦੇ ਚੱਕਰ ਵਿਚ ਹੈ। ਇਸ ਸੱਚੇ ਗੁਰੂ ਸਦਕਾ ਹੀ ਅਗਿਆਨ ਦਾ ਹਨੇਰਾ ਮਿਟਣਾ ਹੈ ਤੇ ਗੁਰੂ ਰਾਹੀ ਹੀ ਮੁਕਤੀ ਮਿਲਣੀ ਹੈ:

**ਜੁਗ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।**
**ਉਠੇ ਗਿਲਾਨੀ ਜਗਤਿ ਵਿਚ ਵਰਤੇ ਪਾਪ ਭ੍ਰਿਸਟਿ ਸੰਸਾਰਾ।**
**ਵਰਨਾਵਰਨ ਨਾ ਭਾਵਨੀ ਖਹਿ ਖਹਿਜਲਨ ਬਾਂਸ ਅੰਗਿਆਰਾ।**
**ਨਿੰਦਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨਿ ਗੁਬਾਰਾ।**
**ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।**
**ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।**
**ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਵਣਜਾਰਾ।**
**ਚੜ ਸੂਰ ਮਿਟ ਜਾਇ ਅੰਧਾਰਾ ॥17॥**

ਉਸ ਸਮੇਂ ਦੇ ਧਰਮਾਂ ਬਾਰੇ ਲਿਖਦੇ ਹੋਏ ਭਾਈ ਗੁਰਦਾਸ ਜੀ ਨੇ ਬੁੱਧ ਧਰਮ ਦੇ ਮੰਨਣ ਵਾਲਿਆਂ ਵਿਚ ਅਬੋਧ ਫੈਲ ਜਾਣ ਦਾ ਜ਼ਿਕਰ ਕੀਤਾ ਹੈ ਤੇ ਲਿਖਿਆ ਹੈ ਕਿ ਬਾਕੀ ਵੀ ਕੋਈ ਪੱਥਰ ਪੂਜ ਹੈ ਕੋਈ ਕਬਰ ਪੂਜਦਾ ਹੈ ਤੇ ਕੋਈ ਮੜ੍ਹੀ-ਮਸਾਣ। ਤੰਤ੍ਰ ਮੰਤਰ ਦੇ ਪਾਖੰਡਾਂ ਨਾਲ ਲੋਕਾਂ ਵਿਚ ਕਲਹਿ ਕਲੇਸ਼ ਤੇ ਝਗੜੇ ਵਧਾਏ ਜਾਂਦੇ ਹਨ; ਸਾਰਿਆ ਨੂੰ ਆਪੋ ਧਾਪੀ ਪਈ ਹੋਈ ਹੈ ਤੇ ਆਪੋ ਅਪਣੇ ਵੱਖਰੇ-ਨਿਆਰੇ ਧਰਮ ਚਲਾਈ ਜਾ ਰਹੇ ਹਨ। ਕੋਈ ਚੰਦ ਪੂਜਦਾ ਹੈ ਤੇ ਕੋਈ ਸੂਰਜ, ਧਰਤੀ ਜਾਂ ਆਕਾਸ਼। ਕੋਈ ਪੌਣ, ਕੋਈ ਪਾਣੀ, ਕੋਈ ਅੱਗ ਤੇ ਕੋਈ ਧਰਮਰਾਜ ਨੂੰ ਖੁਸ਼ ਕਰਨ ਵਿਚ ਲਗਿਆ ਹੋਇਆ ਹੈ। ਭਰਮਾਂ ਵਿਚ ਭੁੱਲੇ ਲੋਕੀ ਫੋਕਟ ਧਰਮਾਂ-ਕਰਮਾਂ ਵਿਚ ਗੁਆਚੇ ਹੋਏ ਹਨ:

**ਕਲਿਜੁਗਿ ਬੌਧੁ ਅਉਤਾਰੁ ਹੈ ਬੋਧ ਅਬੋਧੁ ਨ ਦ੍ਰਿਸਟੀ ਆਵੈ।**
**ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।**
**ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ।**
**ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।**
**ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ।**
**ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।**
**ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ।**
**ਫੋਕਟਿ ਧਰਮੀ ਭਰਮਿ ਭੁਲਾਵੈ ॥18॥**

(ਪੰਨਾ 8)

ਹਿੰਦੂਆਂ ਨੂੰ ਵੀ ਚਾਰ ਵਰਨ ਆਸ਼ਰਮ ਵਿਚ ਵੰਡ ਕੇ ਆਪਸ ਵਿਚ ਨਫਰਤ ਵਧਾਈ ਹੋਈ ਹੈ। ਦਸ ਤਰ੍ਹਾ ਦੇ ਸੰਨਿਆਸੀ ਹਨ ਤਾਂ ਜੋਗੀਆਂ ਨੇ ਬਾਰਾਂ ਪੰਥ ਚਲਾ ਲਏ ਹਨ। ਜੈਨੀਆਂ ਵਿਚ ਜੰਗਮ, ਸਰੇਵੜੇ ਤੇ ਦਿਗੰਬਰ ਮਤਾਂ ਦਾ ਆਪਸੀ ਵਾਦ ਵਿਵਾਦ ਹੈ। ਬਰਾਹਮਣਾਂ ਵਿਚ ਵੀ ਕਈ ਕਿਸਮ ਦੇ ਵੇਦ, ਸ਼ਾਸ਼ਤ੍ਰ, ਪੁਰਾਣ ਤੇ ਸਿਮ੍ਰਿਤੀਆਂ ਕਰਕੇ ਝਗੜੇ ਵਧੇ ਹਨ। ਛੇ ਦਰਸ਼ਨਾਂ ਵਿਚ ਵੀ ਬੁਤ ਵਿਰੋਧਾਭਾਸ ਹੈ ਜਿਨਾਂ ਵਿਚ ਵੀ ਛੱਤੀ ਤਰ੍ਹਾਂ ਭਾਵ ਬੜੇ ਹੀ ਪਾਖੰਡ ਰਲਾ ਦਿਤੇ ਗਏ ਹਨ। ਤੰਤਰ, ਮੰਤ੍ਰ, ਰਸਾਇਣ, ਕਰਾਮਾਤ ਦੀ ਕਾਲਿਖ ਵਿਚ ਲੋਕੀ ਲਿਪਟਾਏ ਜਾ ਰਹੇ ਹਨ। ਉਸ ਇਕ ਪ੍ਰਮਾਤਮਾਂ ਨੂੰ ਬੜੇ ਹੀ ਰੂਪਾਂ ਵਿਚ ਪੇਸ਼ ਕਰਕੇ ਬੜੇ ਹੀ ਵਿਕ੍ਰਾਲ ਤੇ ਘਿਨੌਣੇ ਰੂਪ ਪੈਦਾ ਕਰ ਦਿਤੇ ਗਏ ਹਨ। ਇਸ ਕਲਿਯੁਗ ਵਿਚ ਲੋਕੀ ਭਰਮਾਂ ਵਿਚ ਆਪਾ ਭੁਲ ਗਏ ਹਨ।

**ਭਈ ਗਿਲਾਨੀ ਜਗਤ ਵਿਚ ਚਾਰਿ ਵਰਨ ਆਸ੍ਰਮ ਉਪਾਏ।**
**ਦਸ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।**
**ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।**
**ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿਲੜਾਏ।**
**ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।**
**ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ**
**ਇਕਸਿ ਤੇ ਬਹੁ ਰੂਪਿ ਕਰਿ ਰੂਪ ਕਰੂਪੀ ਘਣੇ ਦਿਖਾਏ।**
**ਕਲਿਜੁਗਿ ਅੰਦਰਿ ਭਰਮਿ ਭੁਲਾਏ ॥19॥**

ਵਾਰਾਂ ਭਾਈ ਗੁਰਦਾਸ : ਵਾਰ 1 ਪਉੜੀ 19 ਪੰ. 8

ਮੁਸਲਿਮ ਧਰਮ ਦੀ ਦਸ਼ਾ ਦਸਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਜਦ ਬੜੇ ਹੀ ਵੱਖ ਵੱਖ ਰਸਤਿਆਂ ਤੇ ਜੱਗ ਚੱਲ ਪਿਆ ਤਾਂ ਮੁਹੰਮਦ ਵੀ ਪੈਗੰਬਰ ਬਣ ਗਏ ਤੇ ਇਸਲਾਮ ਧਰਮ ਚਲਾਇਆ। ਪਰ ਇਸਲਾਮ ਦੇ ਵੀ ਬਹੱਤਰ ਤਰ੍ਹਾਂ ਦੇ ਫਿਰਕੇ ਬਣ ਗਏ ਜਿਨ੍ਹਾਂ ਵਿਚ ਆਪਸੀ ਵੈਰ ਵਿਰੋਧ ਫੈਲਦਾ ਗਿਆ। ਰੋਜ਼ੇ, ਈਦ ਤੇ ਨਿਮਾਜ਼ ਦੇ ਕਰਮਾਂ ਵਿਚ ਇਨਸਾਨ ਨੂੰ ਬੰਨ੍ਹ ਦਿਤਾ ਤੇ ਕਈ ਪੀਰ, ਪੈਗੰਬਰ, ਔਲੀਏ, ਗੌਸ, ਕੁਤਬ ਨਵੇਂ ਭੇਸ ਬਣਾ ਕੇ ਧਾਰਮਕ ਆਗੂ ਬਣ ਬੈਠੇ।ਅਪਣੇ ਧਰਮ ਨੂੰ ਫੈਲਾਉਣ ਦੀ ਹੋੜ ਵਿਚ ਉਨ੍ਹਾਂ ਨੇ ਹਿੰਦੂਆਂ ਦੇ ਮੰਦਿਰ-ਠਾਕੁਰਦੁਆਰੇ ਢਾਹ ਕੇ ਮਸੀਤਾਂ ਉਸਾਰ ਦਿਤੀਆਂ।ਗਊ ਤੇ ਗਰੀਬ ਨੂੰ ਮਾਰ ਮਾਰ ਧਰਤੀ ਤੇ ਪਾਪ ਤੇ ਆਤੰਕ ਫੈਲਾ ਦਿਤਾ। ਜੋ ਇਨ੍ਹਾਂ ਦਾ ਧਰਮ ਨਹੀਂ ਸੀ ਮੰਨਦੇ ਉਨ੍ਹਾਂ ਨੂੰ ਕਾਫਿਰ, ਮੁਲਹਦ, ਇਰਮਨੀ, ਰੂਮੀ, ਜੰਗੀ ਦਾ ਨਾਮ ਦੇ ਕੇ ਦੁਸ਼ਮਣਾਂ ਵਾਲਾ ਵਰਤਾਉ ਕਰਦੇ ਭਾਵ ਦੁਰਕਾਰ ਕੇ, ਤਸੀਹੇ ਦੇ ਕੇ ਮੌਤ ਦੇ ਘਾਟ ਤਕ ਉਤਾਰ ਦਿੰਦੇ। ਇਸ ਤਰ੍ਹਾ ਪਾਪ ਦਾ ਚਾਰੇ ਪਾਸੇ ਵਰਤਾਰਾ ਹੋ ਗਿਆ ਸੀ:

**ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ।**
**ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।**
**ਰੋਜੇ, ਈਦ, ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।**
**ਪੀਰ ਪੈਕੰਬਰ ਅਉਲੀਏ ਗਉਸ ਕੁਤਬ ਬਹੁ ਭੇਖ ਸਵਾਰਾ।**

ਠਾਕੁਰ ਦੁਆਰੇ ਢਾਹਿਕੈ ਤਿਹ ਠਉੜੀ ਮਾਸੀਤ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।
ਕਾਫਰ ਮੁਲਹਦ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।
ਪਾਪੇ ਦਾ ਵਰਤਿਆ ਵਰਤਾਰਾ ॥20॥

ਵਾਰਾਂ ਭਾਈ ਗੁਰਦਾਸ : ਵਾਰ 1 ਪਉੜੀ 20 ਪੰ. 8

ਇਸਤਰ੍ਹਾਂ ਜਗ ਵਿਚ ਚਾਰ ਵਰਨਾਂ, ਚਾਰ ਮਜ਼ਹਬਾਂ ਵਿਚ ਹਿੰਦੂ ਮੁਸਲਮਾਨ ਵੰਡੇ ਗਏ ।ਹਉਮੈਂ, ਝਗੜਾ ਤੇ ਅਸ਼ਾਂਤੀ ਨੇ ਸੰਸਾਰ ਵਿਚ ਖਿਚੋਤਾਣ ਵਧਾ ਦਿਤੀ ਸੀ। ਹਿੰਦੂਆਂ ਦਾ ਧਰਮ ਗੰਗਾ ਤੇ ਬਨਾਰਸ ਤਕ ਸੀਮਿਤ ਹੋ ਕੇ ਰਹਿ ਗਿਆ ਸੀ ਮੁਸਲਮਾਨਾਂ ਦਾ ਕਾਬੇ ਤੱਕ। ਮੁਸਲਮਾਨ ਅਪਣੇ ਆਪ ਨੂੰ ਸੁੰਨਤ ਨਾਲ ਜੋੜਕੇ ਦੇਖ ਰਹੇ ਸਨ ਤੇ ਹਿੰਦੂ ਜੰਝੂ ਨਾਲ।ਪਰਮਾਤਮਾਂ ਦਾ ਇਕੋ ਨਾਮ ਨੂੰ ਦੋ ਨਾਵਾਂ ਰਾਮ ਤੇ ਰਹੀਮ ਪੁਕਾਰਕੇ ਰੱਬ ਵੀ ਵੰਡ ਲਿਆ ਸੀ ਤੇ ਦੋਨੋਂ ਅਪਣਾ ਅਸਲੀ ਰਾਹ ਭੁੱਲ ਗਏ ਸਨ।ਵੇਦਾਂ ਤੇ ਕੁਰਾਨ ਨੂੰ ਭੁਲਕੇ ਦੁਨੀਆਂ ਦੇ ਮੋਹ-ਮਾਇਆ ਦੇ ਲਾਲਚ ਵਿਚ ਗੁਆਚ ਗਏ ਸਨ।ਸੱਚ ਨੂੰ ਛਿਕੇ ਟੰਗ ਦਿਤਾ ਗਿਆ ਸੀ ਤੇ ਬ੍ਰਾਹਮਣ ਤੇ ਮੁਲਾਂ ਧਰਮ ਦੀਆਂ ਆਪੋ ਆਪਣੀਆਂ ਰੀਤੀ ਰਿਵਾਜਾਂ ਨੂਮ ਵਧੀਆ ਦੱਸ ਕੇ ਆਪਸ ਵਿਚ ਕੜ ਲੜ ਮਰਦੇ ਸਨ।ਇਸ ਤਰ੍ਹਾਂ ਕਿਸੇ ਦਾ ਵੀ ਆਉਣ ਜਾਣ ਤੋਂ ਛੁਟਕਾਰਾ ਸੰਭਵ ਨਹੀਂ ਸੀ।

ਚਾਰਿ ਵਰਨ ਚਾਰਿ ਮਜਹਬਾ ਜਗ ਵਿਚ ਹਿਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ ਖਿਚੋਤਾਣ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋ ਨ ਮਿਟੇ ਆਵਣ ਜਾਣੇ ॥21॥

ਵਾਰਾਂ ਭਾਈ ਗੁਰਦਾਸ : ਵਾਰ 1 ਪਉੜੀ 21 ਪੰ. 8

ਇਸ ਸਮੇਂ ਗੁਰੁ ਨਾਨਕ ਦੇਵ ਜੀ ਦਾ ਜਗ ਤੇ ਪ੍ਰਗਟ ਹੋਣਾ ਸ਼ੁਭ ਸੰਦੇਸ਼ ਸੀ ਇਕ ਆਸ਼ਾ ਦੀ ਕਿਰਨ ਸੀ।

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ।

ਗੁਰੂ ਨਾਨਕ ਦੇਵ ਜੀ ਨੇ ਧਿਆਨ ਧਰ ਕੇ ਸੋਚਿਆ ਵਿਚਾਰਿਆ ਕਿ ਸਾਰੀ ਦੁਨੀਆਂ ਝਗੜਿਆਂ ਬਿਖੇੜਿਆਂ ਵਿਚ ਉਲਝੀ ਹੋਈ ਹੈ ਤੇ ਧਰਮਾਂ ਦੀਆਂ ਲਾਈਆਂ ਹੋਈਆਂ ਅੱਗਾਂ ਵਿਚ ਸੜ ਰਹੀ ਹੈ।'ਹੈ, ਹੈ' ਕਰਦੀ ਇਸ ਲੋਕਾਈ ਨੂੰ ਇਸ ਧੁੰਦੂਕਾਰ ਵਿਚ ਰੋਸ਼ਨੀ ਦੇਣ ਵਾਲਾ, ਧਰਾਸ ਦੇਣ ਵਾਲਾ, ਰਸਤਾ ਦੇਣ ਵਾਲਾ ਕੋਈ ਗੁਰੂ ਨਹੀਂ ਹੈ।ਇਸ ਲਈ ਗੁਰੂ ਨਾਨਕ ਦੇਵ ਜੀ ਨੇ ਅਪਣੇ ਪਰਿਵਾਰ ਤੋਂ ਉਦਾਸੀਨ ਹੋ ਕੇ, ਅਪਣੇ ਸੁੱਖ ਚੈਨ ਨੂੰ ਛੱਡ ਕੇ ਸਾਰੀ ਦੁਨੀਆਂ ਨੂੰ ਸੱਚ ਦਾ ਰਸਤਾ ਦਿਖਾਉਣ ਨਿਕਲ ਪਏ:

**ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ।**
**ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ ॥24॥**

ਸ਼ਾਰੇ ਵਿਸ਼ਵ ਨੂੰ ਰਾਹ ਦਿਖਾਉਣ ਲਈ ਜੋ ਸੰਦੇਸ਼ ਗੁਰੂ ਜੀ ਨੂੰ ਬੇਈਂ ਵਿਚ ਪ੍ਰਾਪਤ ਹੋਇਆ ਉਹ ਇਉਂ ਸੀ:

'ਨਾਨਕੁ ਮੈਂ ਤੇਰੇ ਨਾਲਿ ਹਾਂ। ਮੈਂ ਤੇਰੇ ਤਾਈਂ ਨਿਹਾਲ ਕੀਆ ਹੈ, ਅਰੁ ਜੋ ਤੇਰਾ ਨਾਉ ਲੇਵੈਗਾ ਸੋ ਸਭ ਮੈ ਨਿਹਾਲੁ ਕੀਤੇ ਹੈਨਿ। ਤੂ ਜਾਇ ਕਰਿ ਮੇਰਾ ਨਾਮ ਜਪਿ, ਅਰੁ ਲੋਕਾਂ ਥੀਂ ਭੀ ਜਪਾਇ। ਅਰੁ ਸੰਸਾਰ ਥੀਂ ਨਿਰਲੇਪੁ ਰਹੁ ਨਾਮ, ਦਾਨੁ, ਇਸਨਾਨੁ, ਦਸੇਵਾ ਸਿਮਰਨ ਵਿਚਿ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮੁ ਦੀਆਂ ਹੈ। ਤੂ ਏਹ ਕਿਰਤਿ ਕਰਿ।(ਵਲਾਇਤ ਵਾਲੀ ਜਨਮਸਾਖੀ, ਜਨਮਸਾਖੀ ਪਰੰਪਰਾ, ਸੰ: ਕਿਰਪਾਲ ਸਿੰਘ, ਪੰਨਾ 9)

ਇਸ ਵਰਨਾਂ-ਧਰਮਾਂ ਦੇ ਬਖੇੜੇ ਦੂਰ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਬੇਂਈਂ ਵਿਚ ਰੱਬੀ-ਇਲਹਾਮ ਪ੍ਰਾਪਤ ਕਰਨ ਤੋਂ ਪਿਛੋਂ ਹੋਕਾ ਦਿਤਾ, 'ਨਾ ਕੋਈ ਹਿੰਦੂ, ਨ ਮੁਸਲਮਾਨ', ਭਾਵ ਇਹ ਕਿ ਧਰਮ ਪ੍ਰਮਾਤਮਾਂ ਦੇ ਨਹੀਂ ਇਨਸਾਨਾਂ ਦੇ ਬਣਾਏ ਹਨ।

**ਦਲਵਿੰਦਰ ਸਿੰਘ ਗ੍ਰੇਵਾਲ (ਡਾ.)**
Email: dalvinder45@yahoo.co.in

# ਗੁਰੂ ਨਾਨਕ ਬਾਣੀ ਵਿੱਚ ਸਮਾਜਿਕ ਨਾ ਬਰਾਬਰੀ ਦਾ ਖੰਡਨ

**ਗੁਰਸਾਹਿਬ ਸਿੰਘ**

ਗੁਰੂ ਨਾਨਕ ਦੇਵ ਜੀ ਦੀ ਸਖਸ਼ੀਅਤ ਮਨੁਖਤਾ ਦੇ ਗੌਰਵਸ਼ਾਲੀ ਇਤਿਹਾਸ ਵਿੱਚ ਇੱਕ ਵਿਸ਼ੇਸ ਮੱਹਤਵ ਰਖਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ।ਗੁਰੂ ਸਾਹਿਬ ਨੇ ਸਮੁੱਚੀ ਬਾਣੀ ਕਿਸੇ ਗੁਫਾ ਜਾਂ ਇਕਾਂਤ ਸਥਾਨ ਤੇ ਬਹਿ ਕੇ ਨਹੀ ਉਚਾਰੀ ਸਗੋ ਇਹ ਤਾਂ ਜੀਵਨ ਪ੍ਰਤੀ ਅਜਿਹਾ ਉੱਚਾ-ਸੁੱਚਾ ਸਮਾਜਿਕ ਦ੍ਰਿਸ਼ਟੀਕੋਣ ਹੈ ਜੋ ਜੀਵਨ ਵਿੱਚੋਂ ਉਭਰਿਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਜਿਸ ਸੱਚ ਨੂੰ ਆਪਣੇ ਅੱਖੀਂ ਵੇਖਿਆ, ਹੰਢਾਇਆ ਉਸ ਨੂੰ ਆਪਣੀ ਬਾਣੀ ਰਾਹੀਂ ਵਿਅਕਤ ਕੀਤਾ।ਇਹ ਬਾਣੀ ਮਨੁੱਖ ਦੀ ਧਾਰਮਿਕ ਅਤੇ ਨੈਤਿਕ ਅਗਵਾਈ ਕਰਨ ਦੇ ਨਾਲ-ਨਾਲ ਮਨੁੱਖ ਨੂੰ ਸਮਾਜਿਕ, ਸਭਿਆਚਾਰਕ ਤੇ ਰਾਜਨਿਤਿਕ ਤੌਰ ਤੇ ਵਿਹਾਰਕ ਸੂਝ ਪ੍ਰਦਾਨ ਕਰਨ ਦੇ ਸਮਰਥ ਹੈ।ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਸਮੁੱਚੇ ਭਾਰਤੀ ਸਮਾਜ ਅਤੇ ਇਸ ਦੇ ਵੱਖ-ਵੱਖ ਪਹਿਲੂਆਂ ਉੱਤੇ ਕਲਮ ਚਲਾਈ। ਉਹਨਾਂ ਦੀ ਤਿੱਖੀ ਨਜ਼ਰ ਤੋਂ ਸਮਾਜ ਦਾ ਕੋਈ ਅੰਗ ਨਹੀ ਬਚ ਸਕਿਆ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀ ਹਰ ਪ੍ਰਕਾਰ ਦੀ ਸਮਾਜਿਕ ਨਾ ਬਰਾਬਰੀ ਦਾ ਖੰਡਨ ਕੀਤਾ ਭਾਵੇ ਇਹ ਧਾਰਮਿਕ ਤੌਰ ਤੇ ਹੋਵੇ ਜਾਂ ਹਾਕਮ ਸ਼੍ਰੇਣੀ ਦਾ ਜਾਂ ਵਰਣ ਵੰਡ ਜਾਂ ਫਿਰ ਔਰਤ ਮਰਦਾ ਦਾ ਸਮਾਜਿਕ ਸਥਾਨ ਦਾ ਹੋਵੇ।ਇਸੇ ਦਾ ਸੰਦੇਸ਼ ਦੇਣ ਲਈ ਉਹ ਉੱਤਰ, ਦੱਖਣ, ਪਰੂਬ, ਪੱਛਮ ਚਾਰੇ ਦਿਸ਼ਾਵਾ ਵੱਲ ਗਏ ਅਤੇ ਉਹਨਾਂ ਨੇ ਆਪਣੀ ਬਾਣੀ ਦਾ ਉਚਾਰਨ ਗਾਇਨ ਰੂਪ ਵਿੱਚ ਕੀਤਾ ਅਤੇ ਭਾਈ ਮਰਦਾਨਾ ਜੀ ਨੂੰ ਉਹਨਾਂ ਨੇ ਸਾਰੀਆਂ ਯਾਤਰਾਵਾਂ ਵੇਲੇ ਨਾਲ ਰੱਖਿਆਂ ਜੋ ਕਿ ਮਰਾਸੀ ਖਾਨਦਾਨ ਵਿਚੋਂ ਸਨ। ਮਰਾਸੀ ਕੁੱਲ ਵੀ ਅਖੌਤੀ ਨੀਵੀਆਂ ਜਾਤਾਂ ਵਿਚੋਂ ਹੀ ਸੀ ਤੇ ਬਾਬੇ ਨਾਨਕ ਦਾ ਹਰ ਵੇਲੇ ਉਹਨਾਂ ਨੂੰ ਨਾਲ ਰੱਖਣਾ ਤੇ ਇਹ ਕਹਿਣਾ ਮਰਦਾਨਿਆ ਰਬਾਬ ਵਜਾ, ਬਾਣੀ ਆਈ ਹੈ।ਸਮਾਜਿਕ ਪਰਿਪੇਖ ਵਿੱਚ ਨਿਮਾਣੇ ਤੇ ਨਿਤਾਣੇ ਲੋਕਾਂ ਦਾ ਪੱਖ ਪੂਰਨਾ ਵੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਸਮੁੱਚੀ ਬਾਣੀ ਰਾਹੀਂ ਮਾਨਵਤਾ ਦੇ ਇੱਕ ਹੋਣ ਦਾ ਸੰਦੇਸ਼ ਦਿੱਤਾ। ਉਹਨਾਂ ਨੇ ਆਪਣੀ ਬਾਣੀ ਦੀ ਸ਼ੁਰੂਆਤ ਤੋਂ ਕਰ ਕੇ ਪ੍ਰਮਾਤਮਾ ਦੇ ਇੱਕ ਹੋਣ ਦੀ ਹਾਮੀ ਭਰੀ ਅਤੇ ਉਸ ਇੱਕ ਪ੍ਰਮਾਤਮਾ ਦੁਆਰਾ ਬਣਾਈ ਗਈ ਮਾਨਵਤਾ ਵਿੱਚ ਨਾ ਬਰਾਬਰੀ ਹੋ ਹੀ ਨਹੀਂ ਸਕਦੀ।ਗੁਰੂ ਸਾਹਿਬ ਅਨੁਸਾਰ ਪ੍ਰਮਾਤਮਾ ਦੀ ਸ਼ਰਨ ਵਿੱਚ ਵਿਅਕਤੀ ਵਰਗ ਜਾਂ ਵਰਣ-ਵੰਡ ਨਾਲ ਕਿਵੇ ਆ ਸਕਦਾ ਹੈ? ਕਿਉਕਿ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਕਿਸੇ ਵਿਸ਼ੇਸ ਵਰਗ, ਜਾਤ, ਜਨਮ ਆਧਾਰਿਤ ਵਿਤਕਰੇ ਨੂੰ ਨਹੀਂ ਮੰਨਦੀ।ਉਹ ਤਾਂ ਜੋਤਿ ਸਰੂਪ ਆਪ ਸਾਰਿਆਂ ਵਿੱਚ ਵਿਦਮਾਨ ਹੈ।

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥**

ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਵਿੱਚ ਵਰਣ- ਵੰਡ ਦਾ ਬੋਲ-ਬਾਲਾ ਸੀ।ਜਿਸ ਦਾ ਵਿਰੋਧ ਗੁਰੂ ਸਾਹਿਬ ਨੇ ਡੱਟ ਕੇ ਕੀਤਾ।ਉਹਨਾਂ ਨੇ ਸਮਾਜ ਵਿੱਚ ਹੀਣ ਸਮਝੇ ਜਾਂਦੇ ਤਬਕੇ ਦੇ ਹੱਕ ਦੀ ਗੱਲ ਕੀਤੀ ਅਤੇ ਆਪਣੇ ਆਪ ਨੂੰ ਉੱਚਾ ਸਮਝਣ ਵਾਲਿਆਂ ਨੂੰ ਨਸੀਹਤ ਵੀ ਦਿੱਤੀ:-

**ਨੀਚਾ ਅੰਦਰਿ ਨੀਚ ਜਾਤਿ ਨੀਚਿ ਹੂ ਅਤਿ ਨੀਚੁ॥**

**ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ॥**

(ਆਦਿ ਗ੍ਰੰਥ, ਪੰਨਾ-15)

ਗੁਰੂ ਸਾਹਿਬ ਦੇ ਸਮੇਂ ਵਿੱਚ ਵਰਣ-ਵੰਡ ਰਾਹੀਂ ਆਪਣੇ-ਆਪ ਨੂੰ ਸਰਵਉੱਚ ਸ੍ਰੇਣੀ ਦਸਦਿਆਂ ਬ੍ਰਾਹਮਣ ਸ਼੍ਰੇਣੀ ਨੇ ਆਪਣੇ-ਆਪ ਨੂੰ ਸਮਾਜ ਦਾ ਠੇਕੇਦਾਰ ਸਮਝਿਆ ਹੋਇਆ ਸੀ। ਗੁਰੂ ਸਾਹਿਬ ਨੇ ਇਸ ਸ਼੍ਰੇਣੀ ਜੋ ਦੂਸਰੇ ਮਨੁੱਖਾਂ ਨੂੰ ਤ੍ਰਾਸਦਿਕ ਸਥਿਤੀ ਵਿੱਚ ਜਿਉਣ ਲਈ ਮਜ਼ਬੂਰ ਕਰਦੀ ਸੀ, ਨੂੰ ਸੱਟ ਮਾਰਦਿਆਂ ਇਸ ਸ਼੍ਰੇਣੀ ਵੰਡ ਨੂੰ ਰੱਦ ਕੀਤਾ ਅਤੇ ਇਸ ਸ਼੍ਰੇਣੀ ਦੇ ਦੋਗਲੇ ਅਤੇ ਲੋਕ ਵਿਰੋਧੀ ਚਿਹਰੇ ਨੂੰ ਲੋਕਾਂ ਸਾਹਮਣੇ ਲਿਆਦਾ-

**ਸਰਮ ਧਰਮ ਕਾ ਡੇਰਾ ਦੂਰਿ ॥**
**ਨਾਨਕ ਕੂੜ ਰਹਿਆ ਭਰਪੂਰਿ॥**
**ਮਥੈ ਟਿੱਕਾ ਤੇੜਿ ਧੋਤੀ ਕਖਾਈ॥**
**ਹਥਿ ਛੁਰੀ ਜਗਤ ਕਾਸਾਈ ॥**

(ਆਦਿ ਗ੍ਰੰਥ, ਪੰਨਾ-471)

ਵਰਣ-ਵੰਡ ਰਾਹੀਂ ਬ੍ਰਾਹਮਣ ਲੋਕ ਭੋਲੇ-ਭਾਲੇ ਲੋਕਾਂ ਨੂੰ ਡਰਾ ਕੇ ਉਹਨਾਂ ਦਾ ਸ਼ੋਸਣ ਕਰਦੇ ਸਨ। ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀਂ ਇਸ ਵਰਗ ਦੁਆਰਾ ਫੈਲਾਏ ਅੰਧ ਵਿਸ਼ਵਾਸ ਤੇ ਤੇ ਗੁਮਰਾਹਕੁਨ ਰਸਮਾਂ ਨੂੰ ਦਲੀਲਮਈ ਢੰਗ ਰਾਹੀਂ ਨਕਾਰਿਆਂ ਅਤੇ ਲੋਕਾਂ ਦੇ ਮਨਾਂ ਵਿਚੋਂ ਇਹਨਾਂ ਦੇ ਭੈਅ ਨੂੰ ਕੱਢ ਕੇ ਇਸ ਵਿਖਾਵੇ, ਅੰਧ-ਵਿਸ਼ਵਾਸ ਪਿੱਛੇ ਲੁੱਕੇ ਹੋਏ ਬ੍ਰਾਹਮਣ ਵਰਗ ਦੇ ਸਵਾਰਥ ਨੂੰ ਨੰਗਾ ਕੀਤਾ। ਗੁਰੁ ਸਾਹਿਬ ਨੇ ਧਰਮ ਦੇ ਨਾਂ ਉੱਪਰ ਜੋ ਬ੍ਰਾਹਮਣਵਾਦ ਨੇ ਝੂਠ ਤੇ ਫੋਕੀਆਂ ਰਸਮਾਂ ਫੈਲਾਇਆਂ ਹੋਇਆ ਸਨ ਉਹਨਾਂ ਦਾ ਤਰਕਮਈ ਢੰਗ ਨਾਲ ਵਿਰੋਧ ਕੀਤਾ:-

**ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆਂ ਅੰਦਰਿ ਫੈਲੁ॥**
**ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥**

(ਆਦਿ ਗ੍ਰੰਥ, ਪੰਨਾ-473)

ਸਮਾਜਿਕ ਨਾ ਬਰਾਬਰੀ ਕਿਸੇ ਵੀ ਸਮਾਜ ਦੀ ਅਜਿਹੀ ਵਡੀ ਕੁਰੀਤੀ ਹੈ, ਜੋ ਹੋਰ ਅਨੇਕਾਂ ਸਮਸਿਆਵਾਂ ਨੂੰ ਜਨਮ ਦਿੰਦੀ ਹੈ।ਵਰਣ-ਵੰਡ ਕਾਰਨ ਛੁਤ-ਛਾਤ ਦੀ ਸਮਾਜਿਕ ਕੁਰੀਤੀ ਦਾ ਬਹੁਤ ਪ੍ਰਭਾਵ ਸੀ।ਨੀਵੀਆਂ ਸ਼੍ਰੇਣੀਆਂ ਨਾਲ ਸੰਬਧਿਤ ਲੋਕਾਂ ਨੂੰ ਸਮਾਜਿਕ ਹੀਣਤਾ ਸਹਿਣੀ ਪੈਦੀਂ ਸੀ।ਗਰੂ ਸਾਹਿਬ ਨੇ ਆਪਣੀ ਬਾਣੀ ਰਾਹੀ ਉਸ ਸਮੇਂ ਦੇ ਸਮਾਜ ਦੀ ਇਸ ਛੁਤ-ਛਾਤ ਵਰਗੀ ਕੁਰੀਤੀ ਜੋ ਬਹੁਤ ਬੁਰੀ ਤਰ੍ਹਾਂ ਲੋਕਾਂ ਨੂੰ ਆਪਣੀ ਪਕੜ ਵਿੱਚ ਲੈ ਚੁੱਕੀ ਸੀ ਅਤੇ ਲੋਕਾਂ ਨੂੰ ਇਹਨਾਂ ਕੁਰੀਤੀਆਂ ਤੋਂ ਤਰਕਪੂਰਨ ਵਿਧੀ ਨਾਲ ਬਾਹਰ ਕੱਢਣ ਦਾ ਯਤਨ ਕੀਤਾ ਅਤੇ ਆਪਣੀ ਦਾਰਸ਼ਨੀਕ ਵਿਚਾਰਧਾਰਾ ਨਾਲ ਲੋਕਾਂ ਨੂੰ ਅਵਗਤ ਕਰਵਾਇਆ ਅਤੇ ਸਮਾਜ ਦੀ ਇਸ ਕੁਰੀਤੀ ਕਾਰਨ ਮਨੁੱਖਤਾ ਦੇ ਘੱਟਦੇ ਹੋਏ ਗੌਰਵ ਨੂੰ ਵਿਕਾਸ ਦੇ ਰਾਹ ਵੱਲ ਮੋੜਿਆ ਅਤੇ ਲੋਕਾਂ ਨੂੰ ਸੱਚ ਦਾ ਗਿਆਨ ਕਰਵਾਇਆ:-

**ਚਉਕੇ ਉਪਰ ਕਿਸੈ ਨਾ ਜਾਣਾ॥**
**ਦੇ ਕੈ ਚਉਕਾ ਕਢੀ ਕਾਰ॥**
**ਉਪਰ ਆਇ ਬੈਠੇ ਕੂੜਿਆਰ॥**
**ਮਤੁ ਭਿਟੈ ਵੇ ਮਤੁ ਭਿਟੈ॥**
**ਇਹੁ ਅੰਨੁ ਅਸਾਡਾ ਫਿਟੈ॥**

(ਆਦਿ ਗ੍ਰੰਥ- ਪੰਨਾ-472)

ਉਸ ਸਮੇਂ ਦੇ ਰਾਜਿਆਂ ਵਿੱਚ ਵੀ ਨੈਤਿਕ ਮਰਿਆਦਾ ਦੇ ਨਾਂ ਦੀ ਕੋਈ ਚੀਜ ਨਹੀਂ ਸੀ।ਹਰ ਪਾਸੇ ਅਧਰਮ ਅਤੇ ਉਚ-ਨੀਚ ਦਾ ਬੋਲ-ਬਾਲਾ ਸੀ।ਜਗੀਰਦਾਰ ਆਪਣੇ ਭੋਗ ਵਿਲਾਸ ਲਈ ਆਮ ਲੋਕਾਂ ਨੂੰ ਲੁੱਟ ਰਹੇ ਸਨ ਅਤੇ ਉਸ ਸਮੇਂ ਦੀ ਰਾਜਨੀਤਿਕ ਸਥਿਤੀ ਵਿੱਚ ਮੌਲਵੀਆਂ ਤੇ ਕਾਜੀਆਂ ਨੂੰ ਸਮਾਜ ਵਿੱਚ ਵਿਸ਼ੇਸ ਥਾਂ ਪ੍ਰਾਪਤ ਸੀ।ਗੁਰੁ ਨਾਨਕ ਦੇਵ ਜੀ ਨੇ ਨਿੱਡਰ ਅਤੇ ਨਿਰਪੱਖ ਆਗੂ ਵਾਂਗ ਆਪਣੀ ਬਾਣੀ ਰਾਹੀਂ ਆਪਣੇ ਸਮੇਂ ਦੀ ਰਾਜਸੀ ਤਸਵੀਰ ਨੂੰ ਉਭਾਰਦਿਆਂ ਹੋਇਆਂ ਉਸ ਸਮੇਂ ਦੇ ਜਾਲਮ ਤੇ ਨਿਰਦਈ ਰਾਜਿਆਂ ਦਾ ਅਸਲੀ ਚਿਹਰਾ ਬੇਨਕਾਬ ਕਰਦਿਆਂ ਉਹਨਾਂ ਦੇ ਛਿੱਪੇ ਹੋਏ ਕਸਾਈ, ਸੀਂਹ, ਬਘਿਆੜ, ਕੁੱਤੇ, ਮਾਣਸ-ਖਾਣੇ ਚਰਿਤਰ ਨੂੰ ਲੋਕਾਂ ਸਾਹਮਣੇ ਲਿਆਦਾ:-

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**

(ਆਦਿ ਗ੍ਰੰਥ, ਪੰਨਾ-145)

ਗੁਰੁ ਸਾਹਿਬ ਨੇ ਕੇਵਲ ਹਾਕਮ ਵਰਗ ਦੇ ਜਾਲਮਪੁਨੇ ਨੂੰ ਹੀ ਨਹੀ ਨਿੰਦਿਆ ਸਗੋਂ ਉਸ ਸਮੇਂ ਦੇ ਲੋਕ ਜੋ ਅੱਤਿਆਚਾਰ ਸਹਿ ਕੇ ਗੈਰਤਹੀਨ ਜੀਵਨ ਜਿਉ ਰਹੇ ਸਨ, ਨੂੰ ਵੀ ਕੋਸਿਆ ਹੈ ਅਤੇ ਹਾਕਮ ਧਿਰ ਦੀ ਗੁਲਾਮੀ ਸਹਿ ਰਹੇ ਲੋਕਾਂ ਨੂੰ ਫਿਟਕਾਰਾਂ ਪਾਈਆਂ ਅਤੇ ਉਹਨਾਂ ਦੀ ਸੁੱਤੀ ਅੱਣਖ ਨੂੰ ਜਗਾਇਆ।ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀਂ ਰਾਜਸੀ ਨਾ ਬਰਾਬਰੀ ਦੇ ਨਾਲ-ਨਾਲ ਆਰਥਿਕ ਨਾ ਬਰਾਬਰੀ ਦੀ ਸਥਿਤੀ ਨੂੰ ਵੀ ਅਧਿਐਨ ਦੇ ਕੇਂਦਰ ਵਿੱਚ ਲਿਆਂਦਾ ਹੈ। ਉਸ ਸਮੇਂ ਜਾਗੀਰਦਾਰੀ ਪ੍ਰੰਬਧ ਹੋਣ ਕਰਕੇ ਪੂੰਜੀਪਤੀ ਲੋਕ ਮਨਮਰਜੀ ਕਰਦੇ ਸਨ। ਸਾਧਾਰਨ ਲੋਕਾਂ ਦੀ ਲੁਟੱ ਹੋ ਰਹੀ ਸੀ।ਇਸ ਆਰਥਿਕ ਸ਼ੋਸਣ ਦੀ ਸਥਿਤੀ ਲਈ ਗਰੂ ਸਾਹਿਬ ਹਾਕਮ ਧਿਰ ਅਤੇ ਵਜ਼ੀਰ ਦੋਹਾਂ ਨੂੰ ਫਿਟਕਾਰਾ ਪਾਈਆ ਹਨ। ਇਸ ਧਿਰ ਦੀ ਆਰਥਿਕ ਬੇਈਮਾਨੀ ਨੂੰ ਰੋਕਣ ਲਈ ਗੁਰੁ ਜੀ ਨੇ ਧਾਰਮਿਕ ਅਪੀਲ ਨੂੰ ਬੜੇ ਕਲਾਮਈ ਢੰਗ ਨਾਲ ਵਰਤਿਆ ਹੈ:-

**ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ॥**

(ਆਦਿ ਗ੍ਰੰਥ, ਪੰਨਾ ਨੰ.141)

ਗੁਰੂ ਨਾਨਕ ਦੇਵ ਜੀ ਨੇ ਦੂਜੇ ਦਾ ਹੱਕ ਮਾਰ ਕੇ ਖਾਣ ਨੂੰ ਪਾਪ ਦੱਸਿਆ ਅਤੇ 'ਕਿਰਤ ਕਰੋ, ਨਾਮ ਜਪੋ, ਵੰਡ ਛੱਕੋ' ਦਾ ਹੋਕਾ ਦਿੱਤਾ।ਗਰੂ ਸਾਹਿਬ ਨੇ ਹੱਥੀ ਕਿਰਤ ਕਰਨ ਵਾਲੇ ਅਤੇ ਦੂਜੇ ਦੀ ਸਹਾਇਤਾ ਕਰਨ ਵਾਲੇ ਨੂੰ ਹੀ ਸਹੀ ਰਾਹ ਦਾ ਪਾਂਧੀ ਦਸਿਆ ਹੈ।

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥**

(ਆਦਿ ਗ੍ਰੰਥ, ਪੰਨਾ-1245)

ਉਸ ਸਮੇਂ ਦੇ ਸਮਾਜ ਵਿੱਚ ਇਹਨਾ ਸਾਰੀਆਂ ਕੁਰੀਤੀਆਂ ਦੇ ਨਾਲ-ਨਾਲ ਔਰਤ-ਮਰਦ ਦੀ ਸਮਾਜਿਕ ਸਥਿਤੀ ਵਿੱਚ ਵੀ ਬਹੁਤ ਨਾ ਬਰਾਬਰੀ ਸੀ, ਬਲਕਿ ਕਿਹਾ ਜਾ ਸਕਦਾ ਹੈ ਕਿ ਔਰਤ ਨੂੰ ਮਰਦ ਪ੍ਰਧਾਨ ਸਮਾਜ ਵਿੱਚ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ।ਇਸਤਰੀ ਦਾ ਤ੍ਰਿਸਕਾਰ ਜੋਰਾਂ ਤੇ ਸੀ।ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀਂ ਔਰਤ ਪ੍ਰਤੀ ਸਥਾਪਿਤ ਸੋਚ ਨੂੰ ਨਕਾਰਿਆ ਅਤੇ ਸਮਾਜ ਦੇ ਇਸ ਵਰਗ ਦੇ ਗੋਰਵ ਦੀ ਬਹਾਲੀ ਲਈ ਸਮਾਜ ਵਿੱਚ ਮੱਹਤਵ ਤੇ ਬਰਾਬਰੀ ਦੇ ਹੱਕ ਵਿਚੱ ਅਜਿਹੇ ਤਰਕ ਦਿੱਤੇ ਜੋ ਔਰਤ ਪਤ੍ਰੀ ਲੋਕਾਂ ਦੇ ਮਨਾਂ ਵਿੱਚ ਉਸਾਰੂ ਵਿਚਾਰ ਪੈਦਾ ਕਰਦੇ ਹਨ:-

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥**
**ਭੰਡਹੁ ਹੀ ਭੰਡ ਉਪਜੈ ਭੰਡੈ ਬਾਝੁ ਨ ਕੋਇ॥**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥**
**ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰ॥**
**ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥**

ਗੁਰੂ ਨਾਨਕ ਬਾਣੀ ਜਿੰਨਾ ਯਥਾਰਥਕ ਤੇ ਕਰੁਣਾਮਈ ਢੰਗ ਨਾਲ ਇਸਤਰੀਆਂ ਦੀ ਮੰਦੀ ਦਸ਼ਾ ਦਾ ਜਿਕਰ ਕਰਦੀ ਹੈ ਉਹੋ ਜਿਹੀ ਉਦਾਹਰਣ ਹੋਰ ਕਿਤੇ ਨਹੀਂ ਮਿਲਦੀ।ਉਸ ਸਮੇਂ ਵਿੱਚ ਜੰਗ ਯੁਧਾਂ ਵਿੱਚ ਜੇਤੂ ਸਭ ਤੋਂ ਵੱਧ ਅਤਿਆਚਾਰ ਇਸਤਰੀਆਂ ਤੇ ਹੀ ਕਰਦੇ ਸਨ। ਜੰਗਾਂ ਵਿੱਚ ਇਸਤਰੀਆਂ ਦੇ ਸਿਰ ਦੇ ਸਾਈਂ ਕਤਲ ਕਰ ਦਿੱਤੇ ਜਾਂਦੇ ਅਤੇ ਜੇਤੂ ਫੌਜ਼ ਉਹਨਾਂ ਨਾਲ ਧੱਕਾ ਕਰਦੀ। ਜਬਰ-ਜਨਾਹ ਕਰਨੋਂ ਵੀ ਗੁਰੇਜ ਨਹੀਂ ਕਰਦੇ। ਗੁਰੂ ਸਾਹਿਬ ਨੇ ਬਾਬਰ ਦੇ ਹਮਲੇ ਦੌਰਾਨ ਦੇਸ਼ ਵਾਸੀਆਂ ਦੀ ਮੰਦੀ ਹਾਲਤ ਦਾ ਜਿਕਰ ਬੜੇ ਦਰਦ ਨਾਲ ਕੀਤਾ ਹੈ ਅਤੇ ਔਰਤ ਦੀ ਕਰੁਣਾਮਈ ਸਥਿਤੀ ਦਾ ਵਰਨਣ ਕੀਤਾ ਹੈ:-

**ਜਿਨ ਸਿਰਿ ਸੋਹਨਿ ਪਟੀਆਂ ਮਾਗੀ ਪਾਇ ਸੰਧੂਰੁ॥**
**ਸੋ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ॥**

(ਅਦਿਗ੍ਰੰਥ, ਪੰਨਾ - 417)

ਪਰਿਵਾਰਕ ਜ਼ਬਰਾਂ ਤੋਂ ਵੀ ਉਸ ਸਮੇਂ ਦੀ ਔਰਤ ਦੁੱਖੀ ਸੀ।ਪਰਿਵਾਰਾਂ ਵਿੱਚ ਨੈਤਿਕ ਪਤਨ ਦਿਸਦਾ ਸੀ, ਮਰਦ ਪਾਸ ਆਰਥਿਕਤਾ ਸਰਦਾਰੀ ਹੋਣ ਕਰਕੇ ਇਸਤਰੀ ਜਾਤੀ ਦੀ ਅਧੋਗਤੀ ਹੁੰਦੀ ਸੀ।ਕੁੜੀਆਂ ਨੂੰ ਮਾਰ ਦਿੱਤਾ ਜਾਂਦਾ ਸੀ ਵੇਚਿਆ ਜਾਂਦਾ ਸੀ।ਗੁਰੂ ਸਾਹਿਬ ਨੇ ਇਸ ਸਾਰੇ ਉੱਪਰ ਆਪਣੀ ਬਾਣੀ ਨਾਲ ਵਿਰਾਮ ਲਾਉਣ ਦੀ ਕੋਸ਼ਿਸ ਕੀਤੀ।

ਗੁਰੂ ਨਾਨਕ ਕਾਲ ਸਮੇਂ ਅਨੇਕਾਂ ਧਰਮ ਪ੍ਰਚਲਿਤ ਸਨ, ਜਿਵੇਂ ਇਸਲਾਮ ਮਤ, ਹਿੰਦੂ ਮਤ, ਨਾਥ ਮਤ, ਜੈਨ ਮਤ ਆਦਿ ਅਤੇ ਵੱਖ-ਵੱਖ ਤਰੀਕੇ ਨਾਲ ਜਨਤਾ ਨੂੰ ਆਪਣੇ-ਆਪਣੇ ਜਾਲ ਵਿੱਚ ਫਸਾ ਰਹੇ ਸਨ।ਕੁੱਝ ਲੋਕ ਜੋ ਆਪਣੇ-ਆਪ ਨੂੰ ਆਪਣੇ ਆਪਣੇ ਧਰਮ ਦੇ ਠੇਕੇਦਾਰ ਕਹਾਉਂਦੇ ਸਨ।ਇਹ ਸਾਰੇ ਹੀ ਧਰਮ ਆਪਣੇ-ਆਪ ਨੂੰ ਇੱਕ ਦੂਜੇ ਤੋਂ ਉੱਚਾ ਸਾਬਤ ਕਰ ਰਹੇ ਸਨ ਅਤੇ ਦੂਸਰੇ ਨੂੰ ਨੀਵਾਂ ਵਿਖਾ ਰਹੇ ਸਨ।ਉਸ ਸਮੇਂ ਵਿੱਚ ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀ ਸਾਰੇ ਧਰਮਾਂ ਤੋਂ ਉੱਚ ਮਾਨਵਤਾ ਦੇ ਧਰਮ ਦੀ ਗੱਲ ਕੀਤੀ ਅਤੇ ਤਤਕਾਲੀਨ ਧਾਰਮਿਕ ਉੱਚ ਮਾਨਵਤਾ ਦੇ ਠੇਕੇਦਾਰਾਂ ਦਾ ਵਿਰੋਧ ਕੀਤਾ ਅਤੇ ਉਹਨਾਂ ਦੁਆਰਾ ਫੈਲਾਏ ਗਏ ਮੂਰਤੀ ਪੂਜਾ ਅਤੇ ਬਾਹਰੀ ਪਾਖੰਡਾ ਦਾ ਵੀ ਡੱਟ ਕੇ ਵਿਰੋਧ ਕੀਤਾ ਅਤੇ ਸਮਾਜ ਦੇ ਹਰ ਮਨੁੱਖ ਦੀ ਬਰਾਬਰੀ ਦੀ ਗੱਲ ਕੀਤੀ। ਸਮਾਜਿਕ ਨਾ ਬਰਾਬਰੀ ਕਿਸੇ ਵੀ ਸਮਾਜ ਦੀ ਅਜਿਹੀ ਵੱਡੀ ਕੁਰੀਤੀ ਹੈ, ਜੋ ਹੋਰ ਅਨੇਕਾਂ ਸੱਮਸਿਆਵਾਂ ਨੂੰ ਜਨਮ ਦਿੰਦੀ ਹੈ।ਇਹ ਨਾ ਬਰਾਬਰੀ ਭਾਵੇਂ ਜਾਤ-ਪਾਤ ਆਧਾਰਿਤ ਹੋਵੇ ਭਾਵੇਂ ਰੰਗ-ਨਸਲ ਆਧਾਰਿਤ ਹੋਵੇ ਤੇ ਭਾਵੇਂ ਅਮੀਰੀ-ਗਰੀਬੀ ਜਾਂ ਔਰਤ-ਮਰਦ ਦੀ ਸਥਿਤੀ ਆਧਾਰਿਤ ਹੋਵੇ, ਹਰ ਤਰਾਂ ਨਾਲ ਮਾਨਵੀ ਸਮਾਜ ਲਈ ਘਾਤਕ ਸਿੱਧ ਹੁੰਦੀ ਹੈ।ਗਰੂ ਨਾਨਕ ਬਾਣੀ ਹਰ ਤਰਾਂ ਦੀ ਨਾ ਬਰਾਬਰੀ ਦਾ ਖੰਡਨ ਕਰਦੀ ਹੈ ਅਤੇ ਇਹ ਬਾਣੀ ਬ੍ਰਹਮੰਡ ਦੇ ਸਾਰੇ ਪ੍ਰਾਣਧਾਰੀਆਂ ਨੂੰ ਇੱਕ ਨੂਰ ਤੋਂ ਉਪਜਿਆ ਮੰਨਦੀ ਹੈ।ਅਜੋਕੇ ਸਮੇਂ ਵਿੱਚ ਜਦੋਂ ਸਮੁੱਚਾ ਵਿਸ਼ਵ ਭਿੰਨ-ਭੇਦਾਂ ਦੀ ਦਲਦਲ ਵਿੱਚ ਪੂਰੀ ਤਰਾਂ ਗ੍ਰਸਿਆ ਪਿਆ ਹੈ ਤਾਂ ਅਜਿਹੇ ਸਮੇਂ ਵਿੱਚ ਗੁਰੂ ਸਾਹਿਬ ਦੀ ਬਾਣੀ ਦਾ ਸੰਦੇਸ਼ ਸਾਰੇ ਵਿਸ਼ਵ ਲਈ ਲਾਹੇਵੰਦ ਹੋ ਸਕਦਾ ਹੈ। ਗੁਰੂ ਨਾਨਕ ਬਾਣੀ ਜਿਹੜੀ ਜੀਵਨ ਜਾਂਚ ਪੇਸ਼ ਕਰਦੀ ਹੈ,ਉਹ ਕਿਸੇ ਇੱਕ ਧਰਮ ਜਾਂ ਭਾਈਚਾਰੇ ਨਾਲ ਸੰਬਧਿਤ ਨਾ ਹੋ ਸਕੇ ਸਾਰੀ ਮਾਨਵਤਾ ਦੇ ਲਈ ਕਲਿਆਣਕਾਰੀ ਹੈ, ਜਿਸ ਤੋਂ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦੀ ਸਾਰਥਕਤਾ ਵੀ ਭਲੀ-ਭਾਤ ਸਪਸ਼ਟ ਹੋ ਜਾਂਦੀ ਹੈ।ਗੁਰੂ ਸਾਹਿਬ ਨੇ ਜਿਨ੍ਹਾਂ ਸਮਾਜਿਕ ਮਾਨਤਾਵਾਂ ਦਾ ਉਲੇਖ ਆਪਣੀ ਬਾਣੀ ਵਿੱਚ ਕੀਤਾ ਹੈ, ਉਹ ਪਰੰਪਰਾਗਤ ਰੂੜੀਵਾਦੀ ਮਾਨਤਾਵਾਂ ਤੋਂ ਪੂਰੀ ਤਰ੍ਹਾਂ ਭਿੰਨ ਹਨ ਅਤੇ ਸਮੁੱਚੀ ਮਾਨਵਤਾ ਦੀ ਇੱਕ ਹੋਣ ਦੀ ਹਾਮੀ ਭਰਦੀਆਂ ਹਨ।ਗੁਰੂ ਨਾਨਕ ਬਾਣੀ ਮਾਨਵੀ ਸਮਾਜ ਨੂੰ ਇੱਕਰੂਪਤਾ ਵੱਲ ਲੈ ਕੇ ਜਾਣ ਦਾ ਇੱਕ ਵਿਹਾਰਕ ਉਪਰਾਲਾ ਹੈ।

**ਗੁਰਸਾਹਿਬ ਸਿੰਘ**

E-mail : goldy.sidhusirsa@gmail.com

# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਵਾਤਾਵਰਣ ਦੀ ਮਹੱਤਤਾ

## (ਬਾਰਾਮਾਹ ਤੁਖਾਰੀ ਦੇ ਪ੍ਰਸੰਗ ਵਿੱਚ)

**ਹਰਿੰਦਰਪਾਲ ਕੌਰ (ਡਾ.)**

ਬਾਰਾਮਾਹ ਲੋਕ ਗੀਤਾਂ ਦੀ ਇਕ ਅਜਿਹੀ ਵੰਨਗੀ ਹੈ ਜਿਸ ਵਿੱਚ ਵਿਯੋਗ ਦੀ ਪ੍ਰਧਾਨਤਾ ਹੁੰਦੀ ਹੈ। ਪਤਨੀ-ਪਤੀ ਦੇ ਵਿਛੋੜੇ ਨੂੰ ਮਹਿਸੂਸ ਕਰਦੀ ਹੈ। ਬਦਲਦੀਆਂ ਰੁੱਤਾਂ ਦਾ ਮਨੁੱਖੀ ਮਨ ਤੇ ਗਹਿਰਾ ਪ੍ਰਭਾਵ ਪੈਂਦਾ ਹੈ। ਪਤਨੀ ਵਿਯੋਗ ਵਿੱਚ ਤੜਪ ਰਹੀ ਨਾਰੀ ਦੇ ਮਨ ਨੂੰ ਵੱਖ-ਵੱਖ ਮਹੀਨਿਆਂ ਵਿੱਚ ਬਦਲ ਰਹੀਆਂ ਰੁੱਤਾਂ ਦਾ ਅਨਮੋਲ ਅਹਿਸਾਸ ਹੁੰਦਾ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ "ਬਾਰਾਮਾਹ ਲੋਕ ਗੀਤਾਂ ਦਾ ਹੀ ਇੱਕ ਭੇਦ ਹੈ। ਇਸ ਵਿੱਚ ਕਿਸੇ ਬਿਰਹਣ ਦੀਆਂ ਉਨ੍ਹਾਂ ਮਨੋ-ਵੇਦਨਾਵਾਂ ਨੂੰ ਉਜਾਗਰ ਕੀਤਾ ਜਾਂਦਾ ਹੈ, ਜਿਨ੍ਹਾਂ ਦਾ ਉਸ ਨੂੰ ਵਰ੍ਹੇ ਦੇ ਹਰ ਮਹੀਨੇ ਵਿੱਚ ਅੱਡੋ-ਅੱਡੀ ਅਨੁਭਵ ਹੁੰਦਾ ਹੈ। ਇਨ੍ਹਾਂ ਗੀਤਾਂ ਵਿੱਚ ਕਿਉਂਕਿ ਸਾਲ ਦੇ ਬਾਰ੍ਹਾਂ ਮਹੀਨਿਆਂ ਦਾ ਦੁੱਖ ਵਰਣਨ ਕੀਤਾ ਜਾਂਦਾ ਹੈ, ਇਸ ਲਈ ਇਸ ਕਾਵਿ ਰੂਪ ਨੂੰ ਬਾਰਾਮਾਹ ਆਖਿਆ ਜਾਂਦਾ ਹੈ।"[1] ਪੋ: ਪਿਆਰਾ ਸਿੰਘ ਪਦਮ ਅਨੁਸਾਰ "ਕਵਿਤਾ ਰਾਣੀ ਦੀ ਕੁਦਰਤ ਤੇ ਮੁਹੱਬਤ ਨਾਲ ਦੋਸਤੀ ਜੁਗਾ ਜੁਗਾ ਹੈ ਕਿਤੇ ਇਸ ਦਾ ਜੀਵਨ-ਆਧਾਰ ਪ੍ਰਾਕ੍ਰਿਤੀ-ਚਿਤ੍ਰਣ ਬਣਦਾ ਹੈ ਤੇ ਕਿਧਰੇ ਪ੍ਰੀਤ-ਚ੍ਰਿਤਣ ਪਰੰਤੂ ਬਾਰਾਮਾਹ ਕਾਵਿ-ਰੂਪ ਐਸਾ ਹੈ ਜਿੱਥੇ ਕਵਿਤਾ ਨੂੰ ਕੁਦਰਤ ਤੇ ਮੁਹੱਬਤ ਦੀ ਦੇਵੀ ਦੋਵੇਂ ਕਲਿੰਗੜੀ ਪਾ ਕੇ ਮਿਲਦੀਆਂ ਹਨ ਤੇ ਅਜਿਹਾ ਰੋਮਾਂਸ- ਭਰਿਆ ਕੋਰਸ ਗੀਤ ਗਾਉਂਦੀਆਂ ਹਨ ਜੋ ਬਾਰਾਂ ਮਹੀਨਿਆਂ ਦੇ ਪ੍ਰਾਕ੍ਰਿਤੀ-ਰੰਗਾਂ ਦੇ ਆਧਾਰ ਤੇ ਬਿਰਹਾ ਦੀਆਂ ਸੁਰਾਂ ਛੇੜਦਾ ਹੋਇਆ ਮਿਲਾਪ ਦਾ ਨਗਮਾ ਗਾਉਂਦਾ ਹੈ।ਗੱਲ ਵਿਯੋਗ ਤੋਂ ਸ਼ੁਰੂ ਹੋ ਕੇ ਸੰਯੋਗ ਵੱਲ ਨੂੰ ਲਿਜਾਈ ਜਾਂਦੀ ਹੈ, ਜੈਸਾ ਭਾਰਤੀ ਸੰਸਕ੍ਰਿਤੀ ਦਾ ਵਿਸ਼ੇਸ਼ ਕਿਰਦਾਰ ਹੈ। ਦੂਜੇ ਸ਼ਬਦਾਂ ਵਿੱਚ ਇਉਂ ਵੀ ਕਹਿ ਸਕਦੇ ਹਾਂ ਕਿ ਬਾਰਾਮਾਹ ਦਾ ਤਾਣਾ ਪੇਟਾ ਤਾਂ ਬਿਰਹੁ ਵਿਯੋਗ ਦਾ ਹੁੰਦਾ ਹੀ ਹੁੰਦਾ ਹੈ ਪਰ ਅੰਤ ਕੱਪੜਾ ਸੰਯੋਗ ਦਾ ਬੁਣਿਆ ਜਾਂਦਾ ਹੈ।"[(2)]

ਬਾਰਾਮਾਹ ਤੁਖਾਰੀ ਦਾ ਪ੍ਰਧਾਨ ਜੀਵਨ ਮੁੱਲ ਅਕਾਲ ਪੁਰਖ ਨਾਲ ਪ੍ਰੀਤ ਹੈ।ਇਸ ਵਿਚ ਪ੍ਰਭੂ ਪਤੀ ਦੇ ਵਿਛੋੜੇ ਦੀ ਤੜਪ ਤੇ ਜੀਵ ਇਸਤਰੀ ਅੰਦਰਲੀ ਪਵਿੱਤਰ ਸਥਿਤੀ ਦਾ ਸੰਚਾਰ ਕਰਦੀ ਹੈ।ਪ੍ਰਭੂ ਤੋਂ ਮਿਲੀ ਯੋਗ ਅਗਵਾਈ ਮਨ ਨੂੰ ਧੀਰਜ ਅਤੇ ਸੱਚਾ ਅਨੰਦ ਪ੍ਰਦਾਨ ਕਰਦੀ ਹੈ ਇਸ ਨਾਲ ਜੀਵਨ ਵਿੱਚ ਬਹੁਪੱਖੀ ਜੀਵਨ ਮੁੱਲਾਂ ਦਾ ਸੰਚਾਰ ਹੁੰਦਾ ਹੈ।'ਬਾਰਾਮਾਹੱ ਵਿੱਚ ਪ੍ਰੀਤ ਵਿੱਚ ਰੰਗੀ ਗੁਰੂ ਲਿਵ "ਪ੍ਰਿਅ ਬਾਝ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤ ਪੀਵਾਂ (ਗੁਰ. ਗ੍ਰੰ ਪੰ. 1107) ਦਾ ਸੱਚ ਮੂਰਤੀਮਾਨ ਕਰਦੀ ਹੈ।ਬਾਰਾਮਾਹ ਤੁਖਾਰੀ ਦੇ ਕੁੱਲ 17 ਬੰਦ ਹਨ। ਹਰ ਬੰਦ 6 ਪੰਗਤੀਆਂ ਦਾ ਹੈ। ਪਹਿਲੇ 4 ਬੰਦ 'ਸਾਜਨੱ (ਅਕਾਲ ਪੁਰਖ) ਤੋਂ ਦੂਰੀ ਦਾ ਭਾਵਕ ਅਹਿਸਾਸ ਕਰਵਾਉਂਦੇ ਹਨ।ਪੰਜਵੇਂ ਬੰਦ ਤੋਂ ਲੈ ਕੇ ਸੋਲਵੇਂ ਬੰਦ ਤੱਕ ਮਹੀਨਿਆਂ ਅਨੁਸਾਰ ਬਦਲਦੀਆਂ ਰੁੱਤਾਂ ਵਿੱਚ ਪ੍ਰਭੂ ਪਰਮਾਤਮਾ ਤੋਂ ਵਿਛੜੀ ਜੀਵ ਇਸਤਰੀ ਦੇ ਬਿਰਹਾ ਦੀ ਤੜਪ ਬਿਆਨਦੀ ਹੈ।17 ਵੇਂ ਬੰਦ ਵਿੱਚ ਉਸ ਦਸ਼ਾ ਦਾ ਵਰਣਨ ਹੈ ਜਦੋਂ ਜੀਵ ਇਸਤਰੀ ਦਾ ਪ੍ਰਭੂ ਪ੍ਰੀਤਮ ਨਾਲ ਮਿਲਾਪ ਹੋ ਜਾਂਦਾ ਹੈ।ਉਸੇ ਲਈ ਇਹ ਰੁੱਤਾਂ, ਮਹੀਨੇ, ਦਿਨ ਭਾਗਾਂ ਭਰੇ ਹੋ ਜਾਂਦੇ ਹਨ। ਪ੍ਰੋ: ਅੰਮ੍ਰਿਤਪਾਲ ਕੌਰ ਅਨੁਸਾਰ: "ਇਸ ਕਾਵਿ ਰੂਪ ਵਿੱਚ ਛੰਤ ਅਤੇ ਬਾਰਾਮਾਹ ਦੋਹਾਂ ਦਾ ਸੁਮੇਲ ਹੈ।

ਇਹਨਾਂ ਦਾ ਸੰਮਿਲਤ ਅਤੇ ਸੰਯੁਕਤ ਸਰੂਪ ਇਸ ਕਾਵਿ ਰੂਪ ਨੂੰ ਵਿਲੱਖਣਤਾ ਪ੍ਰਦਾਨ ਕਰਵਾਉਂਦਾ ਹੈ। ਛੰਤ ਸ਼ਿੰਗਾਰ-ਕਾਵਿ ਦਾ ਰੂਪ ਹਨ ਅਤੇ ਬਾਰਾਮਾਹ ਵਿਯੋਗ ਦਾ ਰੂਪ ਹੈ। ਪਰੰਤੂ ਗੁਰੂ ਸਾਹਿਬ ਨੇ ਇਸ ਕਾਵਿ-ਰੂਪ ਵਿੱਚ ਵਿਯੋਗ ਅਤੇ ਮਿਲਾਪ ਦੋਹਾਂ ਦਾ ਸੰਮਲਿਤ ਪ੍ਰਯੋਗ ਕਰਕੇ ਇਸ ਨੂੰ ਸੰਚਾਰ ਦਾ ਉਤਕ੍ਰਿਸ਼ਟ ਰੂਪ ਬਣਾਇਆ ਹੈ।"[3]

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਪਣੇ ਸ਼ਬਦ ਸੰਸਾਰ ਵਿਚ ਜਿੱਥੇ ਕੁਦਰਤ, ਸ੍ਰਿਸ਼ਟੀ, ਵਾਤਾਵਰਣ ਦਾ ਵਰਣਨ ਪੇਸ਼ ਕੀਤਾ ਹੈ ਉਥੇ ਉਨ੍ਹਾਂ ਨੇ ਕੁਝ ਬਾਣੀਆਂ ਦੀ ਰਚਨਾ ਹੀ ਵਾਤਾਵਰਣ ਤੇ ਆਧਾਰਿਤ ਕੀਤੀ ਜਿਵੇਂ ਕਿ 'ਬਾਰਾਂਮਾਹ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਇਸ ਰਚਨਾ ਵਿਚ 12 ਮਹੀਨਿਆਂ ਦਾ ਵਰਣਨ ਕਰਦੇ ਹੋਏ ਵੱਖ-ਵੱਖ ਰੁੱਤਾਂ ਨੂੰ ਵੀ ਬਿਆਨਿਆ ਹੈ ਅਤੇ ਇਨ੍ਹਾਂ ਦਾ ਮਨੁੱਖ ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਵੀ ਵਿਸਥਾਰਿਆ ਹੈ।

**ਸੂਰਜ ਏਕੋ ਰੁਤਿ ਅਨੇਕ।**
**ਨਾਨਕ ਕਰਤੇ ਤੇ ਕੇਤੇ ਵੇਸ।**

(ਸੋਹਿਲਾ, ਰਾਗ ਆਸਾ ਮ. 1,22 ਗੁਰੂ ਗ੍ਰੰਥ ਪੰ. 425)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਾਣੀ ਸੰਸਾਰ ਵਿਚ ਸਿਰਫ਼ ਕੁਦਰਤ, ਸ੍ਰਿਸ਼ਟੀ, ਵਾਤਾਵਰਣ ਦੀ ਉਪਮਾ ਹੀ ਨਹੀਂ ਕੀਤੀ ਬਲਕਿ ਉਨ੍ਹਾਂ ਨੇ ਇਸ ਪ੍ਰਤੀ ਆਪਣੀ ਸੰਵੇਦਨਸ਼ੀਲਤਾ ਨੂੰ ਵੀ ਪ੍ਰਗਟਾਇਆ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ ਵਾਤਾਵਰਣ/ਪ੍ਰਕਿਰਤੀ ਲਈ ਕੁਦਰਤ ਸ਼ਬਦ ਨੂੰ ਵਰਤਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਦਰਤ ਨੂੰ ਪਰਮਾਤਮਾ ਦੇ ਅਧੀਨ ਦੱਸਿਆ ਹੈ:

**ਸਚੀ ਤੇਰੀ ਕੁਦਰਤਿ ਸਚੇ ਪਾਤਿਸ਼ਾਹ।**

(ਗੁਰੂ ਗ੍ਰੰਥ ਸਾਹਿਬ, ਪੰ. 463)

ਬਾਰਾਮਾਹ ਦਾ ਸਭ ਤੋਂ ਪਹਿਲਾ ਮਹੀਨਾ ਚੇਤ ਹੈ।ਇਹ ਬਸੰਤ ਦੀ ਰੁੱਤ ਨਾਲ ਸੰਬੰਧਤ ਹੈ। ਸੋਹਣੇ ਖਿੜੇ ਫੁੱਲਾਂ ਤੇ ਭੌਰੇ ਮਡਰਾਉਂਦੇ ਹਨ। ਅੰਬਾਂ ਤੇ ਕੋਇਲ ਮਿੱਠਾ ਰਾਗ ਅਲਾਪਦੀ ਹੈ। ਅਜਿਹੀ ਸੋਹਣੀ ਰੁੱਤੇ ਜੀਵ ਇਸਤਰੀ ਪ੍ਰਭੂ ਪ੍ਰੀਤਮ ਤੋਂ ਵਿਛੜੀ ਹੋਣ ਕਰਕੇ ਸੁੱਖ ਆਨੰਦ ਦੀ ਪ੍ਰਾਪਤੀ ਨਹੀਂ ਕਰ ਸਕਦੀ ਤੇ ਉਸ ਜੀਵ ਇਸਤਰੀ ਨੂੰ ਕੁਝ ਵੀ ਚੰਗਾ ਪ੍ਰਤੀਤ ਨਹੀਂ ਹੁੰਦਾ।

**ਚੇਤ ਬਸੰਤ ਭਲਾ ਭਵਰ ਸੁਹਾਵੜੇ॥**
**ਬਨ ਫੂਲੇ ਮੰਝ ਬਾਰਿ ਮੈ ਪਿਰ ਘਰਿ ਬਾਹੁੜੈ॥**
**ਪਿਰ ਘਰਿ ਨਹੀ ਆਵੈ ਧਨ ਕਿਉ ਸੁਖ ਪਾਵੈ ਬਿਰਹਿ ਬਿਰੋਧ ਤਨ ਛੀਜੈ॥**
**ਕੋਇਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥**
**ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰ ਮਾਏ॥**
**ਨਾਨਕ ਚੇਤਿ ਸਹਜ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥**

(ਗੁ. ਗ੍ਰੰ. ਪੰ. 1107-08)

ਜੇਠ ਦਾ ਮਹੀਨਾ ਪੂਰੀ ਤਰ੍ਹਾਂ ਤਪਦਾ ਹੈ। ਤਨ ਨੂੰ ਤਪਾਉਣ ਵਾਲੀ ਤਪਸ਼ ਪ੍ਰਭੂ ਪ੍ਰੀਤਮ ਤੋਂ ਵਿਛੜੀ ਹੋਈ ਜੀਵ ਇਸਤਰੀ ਦੇ ਮਨ ਨੂੰ ਹੋਰ ਵੀ ਬਿਹਬਲ ਕਰ ਦਿੰਦੀ ਹੈ। ਧਨ ਪ੍ਰਭੂ ਪ੍ਰੀਤਮ ਦੇ ਗੁਣਾਂ ਦਾ ਸਿਮਰਨ ਕਰਦੀ ਹੋਈ ਉਸ ਦੇ ਗੁਣਾਂ ਨੂੰ ਯਾਦ ਕਰਦਿਆਂ ਆਪਣੇ ਪ੍ਰਭੂ-ਪ੍ਰੀਤਮ ਦੇ ਮਿਲਾਪ ਦਾ ਸੁੱਖ ਹਾਸਿਲ ਕਰਨਾ ਲੋਚਦੀ ਹੈ:-

**ਮਾਹੁ ਜੇਠੁ ਭਲਾ ਪ੍ਰੀਤਮ ਕਿਉ ਬਿਸਰੈ॥**
**ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥**
**ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥**
**ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿਤ ਆਵਾ॥**
**ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥**
**ਨਾਨਕ ਜੇਠਿ ਜਾਣੈਤਿਸੁ ਜੈਸੀ ਕਰਮਿ ਮਿਲੈ ਗੁਣ ਗਹਲੀ॥**

(ਗੁ. ਗ੍ਰੰ. ਪੰ. 1108)

ਆਸਾੜ ਦੇ ਮਹੀਨੇ ਵਿੱਚ ਸੂਰਜ ਦੀ ਤਪਸ਼ ਆਪਣੀ ਚਰਮ ਸੀਮਾ ਤੇ ਪਹੁੰਚ ਜਾਂਦੀ ਹੈ।ਉਸ ਦੀ ਬਰਸਦੀ ਅੱਗ ਦਾ ਦੁੱਖ ਧਰਤੀ ਸਹਿਣ ਕਰਦੀ ਹੈ।ਔਗੁਣਾਂ ਦੀ ਧਾਰਨੀ ਜੀਵ ਇਸਤਰੀ ਦੁੱਖਾਂ ਨੂੰ ਪ੍ਰਾਪਤ ਹੁੰਦੀ ਹੈ, ਪ੍ਰੰਤੂ ਸੱਚ ਨੂੰ ਸੰਭਾਲਣ ਵਾਲੀ ਸੁੱਖਾਂ ਦੇ ਦਰਵਾਜੇ ਖੁੱਲਦੇ ਹਨ:

**ਆਸਾੜੁ ਭਲਾ ਸੂਰਜ ਗਗਨਿ ਤਪੈ॥**
**ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥**
**ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤ ਨ ਹਾਰੇ॥**
**ਰਥੁ ਫਿਰੈ ਛਾਇਆ ਧਨ ਤਾਕੈਟੀਡੁ ਲਵੈ ਮੰਝਿ ਬਾਰੇ॥**
**ਅਵਗਣ ਬਾਧਿ ਚਲੀ ਦੁਖੁ ਆਗੈ ਸੁਖ ਤਿਸੁ ਸਾਚੁ ਸਮਾਲੇ॥**
**ਨਾਨਕ ਜਿਸ ਨੋ ਇਹ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥**

(ਗੁ. ਗ੍ਰੰ. ਪੰ. 1108)

ਆਸਾੜ ਦੇ ਤਪਦੇ ਮਹੀਨੇ ਦੇ ਉਲਟ ਸਾਵਣ ਦਾ ਮਹੀਨਾ ਬਹੁਤ ਹੀ ਸੁਹਾਵਣਾ ਹੁੰਦਾ ਹੈ। ਇਸ ਮਹੀਨੇ ਵਿੱਚ ਬੱਦਲ ਬਰਸਦੇ ਹਨ। 'ਪਿਰੱ (ਪ੍ਰਭ ਪਰਮਾਤਮਾ) ਨੂੰ ਮਿਲਣ ਦੀ ਇੱਛਾ ਚਰਮ ਤੇ ਪਹੁੰਚ ਜਾਂਦੀ ਹੈ।ਉਸ ਨਾਲ ਮਿਲਾਪ ਨਾ ਹੋਣ ਸਦਕਾ ਅਸਮਾਨ ਵਿੱਚ ਚਮਕਦੀਆਂ ਬਿਜਲੀਆਂ ਡਰ ਪੈਦਾ ਕਰਦੀਆਂ ਹਨ ਧਨ ਨੂੰ ਵਿਛੋੜੇ ਦਾ ਦੁੱਖ ਮੌਤ ਵਾਂਗੂ ਪ੍ਰਤੀਤ ਹੁੰਦਾ ਹੈ।ਉਸ ਨੂੰ ਸੋਹਣੇ ਕੱਪੜੇ ਪਾਉਣੇ ਚੰਗੇ ਨਹੀਂ ਲੱਗਦੇ, ਸਭ ਰੀਝਾਂ, ਖਵਾਹਿਸ਼ਾਂ ਖ਼ਤਮ ਹੋ ਗਈਆ ਜਾਪਦੀਆਂ ਹਨ।ਦੁਨਿਆਵੀ ਮੋਹ ਪਿਆਰ ਵਿੱਚ ਡੁੱਬੇ ਪ੍ਰੇਮੀਆਂ ਵਾਂਗ ਇਸ ਬੰਦ ਵਿੱਚ ਪ੍ਰਭੂ-ਪ੍ਰੀਤਮ ਦੀ ਪ੍ਰੀਤ ਵਿੱਚ ਡੁੱਬੀ ਜੀਵ ਇਸਤਰੀ ਦਾ ਪ੍ਰਗਟਾਵਾ ਕੀਤਾ ਗਿਆ ਹੈ:-

**ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥**
**ਮੈ ਮਨਿ ਤਨਿ ਸਹੁ ਭਾਵੈ ਪਰ ਪਰਦੇਸਿ ਸਿਧਾਏ॥**
**ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥**

**ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥**
**ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥**
**ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥**

(ਗੁ. ਗ੍ਰੰ. ਪੰ. 1108)

ਇਨ੍ਹਾਂ ਸੋਹਣੇ ਬਿੰਬਾਂ, ਪ੍ਰਤੀਕਾਂ ਰਾਹੀਂ ਸਾਵਣ ਦੇ ਮਹੀਨੇ ਦੀ ਬਰਸਾਤ ਵਿਚ ਚਮਕਦੀਆਂ ਬਿਜਲੀਆਂ ਦੇ ਸੋਹਣੇ ਚਿੱਤਰ ਸਮਾਏ ਹੋਏ ਹਨ। 'ਪਿਰੁ' ਦੇ ਵਿਛੋੜੇ ਵਿਚ ਸੋਹਣਾ ਮੌਸਮ ਮੌਤ ਦੇ ਬਰਾਬਰ ਜਾਪਦਾ ਹੈ। ਆਖਰੀ ਪੰਗਤੀ ਵਿਚ 'ਸੋਹਾਗਣਿ' ਦਾ ਬਿੰਬ ਉਸਾਰਿਆ ਗਿਆ ਹੈ ਜਿਸ ਦਾ 'ਪਿਰੁ' ਨਾਲ ਮਿਲਾਪ ਹੋਇਆ ਹੈ। ਇਹ ਬਿੰਬ ਅਸਾੜੁ ਦੇ ਮਹੀਨੇ ਵਿਚ 'ਅਵਗੁਣ ਬਾਧਿ ਚਲੀ' ਦੇ ਵਿਰੋਧੀ ਗੁੱਟ ਵਜੋਂ ਉਭਰਦਾ ਹੈ। ਇਹ ਸੋਹਾਗਣਿ ਪ੍ਰੀਤ ਸਦਕਾ ਗੁਣਵੰਤੀ ਹੋ ਕੇ 'ਪਿਰੁ' ਦੇ 'ਅੰਕ' ਸਮਾਉਂਦੀ ਹੈ। ਬਾਰਾਮਾਹ ਵਿਚ ਵਿਛੋੜੇ ਦੀ ਸਿਖਰ ਦੇ ਨਾਲ ਵਸਲ ਦੀ ਉਮੀਦ ਵੀ ਕਾਇਮ ਰਹਿੰਦੀ ਹੈ।

ਮੱਘਰ ਦੇ ਮਹੀਨੇ ਵਿਚ ਮੌਸਮ ਖੁਸ਼ਗਵਾਰ ਹੁੰਦਾ ਹੈ। ਇਹ ਸਖਤ ਗਰਮੀ ਜਾਂ ਸਖ਼ਤ ਸਰਦੀ ਤੋਂ ਮੁਕਤ ਹੁੰਦਾ ਹੈ। ਇਸ ਮਹੀਨੇ ਨਾਲ ਸੰਬੰਧਤ ਬੰਦ ਵਿਚ ਮੌਸਮ ਦੇ ਹਾਲਾਤਾਂ ਦਾ ਜ਼ਿਕਰ ਨਹੀਂ ਹੋਇਆ ਹੈ, ਇਸ ਦੀ ਥਾਂ ਗੁਣਾਂ ਦੇ ਮਹੱਤਵ ਨੂੰ ਰੂਪਮਾਨ ਕੀਤਾ ਗਿਆ ਹੈ। ਮੱਘਰ ਦਾ ਮਹੀਨਾ ਉਸ ਧਨ ਲਈ ਸੁਹਾਵਣਾ ਹੈ ਜੋ 'ਪਿਰੁ' ਦੇ ਗੁਣ ਆਪਣੇ ਅੰਦਰ ਸਮਾ ਲੈਂਦਾ ਹੈ। ਗੁਣਵੰਤੀ ਨਾਰ 'ਪਿਰੁ' ਦੇ ਗੁਣਾਂ ਦਾ ਸਿਮਰਨ ਗੀਤ, ਕਵਿਤਾ, ਰਾਹੀਂ ਕਰਦੀ ਅਤੇ ਦੁੱਖਾਂ ਤੋਂ ਖਲਾਸੀ ਹਾਸਿਲ ਕਰਦੀ ਹੈ।

**ਮੱਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥**
**ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥**
**ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ॥**
**ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ॥**

(ਗੁ. ਗ੍ਰੰ. ਪੰ. 1109)

ਇਸ ਬੰਦ ਰਾਹੀਂ ਜੀਵ ਇਸਤਰੀ ਨੂੰ ਆਪਣੇ ਪ੍ਰਭੂ ਪ੍ਰੀਤਮ ਦੇ ਗੁਣ, ਸਿਮਰਨ ਕਰਕੇ ਗਿਆਨ, ਧਿਆਨ, ਦੂਰ ਅੰਦੇਸੀ ਜਿਹੇ ਗੁਣਾਂ ਦੀ ਧਾਰਨੀ ਬਣਨ ਦੀ ਪ੍ਰੇਰਨਾ ਜਗਾਈ ਹੈ।

ਮਾਘ ਦੇ ਮਹੀਨੇ ਦਾ ਜ਼ਿਕਰ ਕਰਦਿਆਂ ਕਰਮਕਾਂਡ ਤੋਂ ਇਸ ਨੂੰ ਮੁਕਤ ਕਰਕੇ ਅਕਾਲ ਪੁਰਖ ਦੇ ਗੁਣਾਂ ਦਾ ਜ਼ਿਕਰ ਇਸ ਮਹੀਨੇ ਵਿਚ ਕੀਤਾ ਗਿਆ ਹੈ। ਮਾਘ ਦੇ ਮਹੀਨੇ ਵਿਚ ਤੀਰਥਾਂ ਦੇ ਇਸ਼ਨਾਨ ਨੂੰ ਮਹੱਤਵ ਸਮਝਿਆ ਜਾਂਦਾ ਹੈ ਜੋ ਮਨੁੱਖੀ ਸੋਚ ਸੁਧਾਰ ਦੀ ਜਗ੍ਹਾਂ ਸਿਰਫ਼ ਇਕ ਕਰਮਕਾਂਡ ਬਣ ਕੇ ਰਹਿ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਰਸਮੀ ਇਸ਼ਨਾਨ ਦੀ ਥਾਂ ਅਕਾਲ ਪੁਰਖ ਦੇ ਪ੍ਰੇਮ ਵਿਚ ਭਿੱਜ ਕੇ ਆਪਣੇ ਅੰਦਰ ਤੀਰਥਾਂ ਨੂੰ ਅਨੁਭਵ ਕਰਨ ਦੀ ਜੁਗਤ ਸਮਝਾਈ ਹੈ। ਇਸ ਤਰ੍ਹਾਂ ਇਹ ਰਸਮਾਂ ਦੇ ਘੇਰੇ ਤੋਂ ਮੁਕਤ ਹੋ ਕੇ ਪਵਿੱਤਰਤਾ ਨਾਲ ਜਾ ਜੁੜਦੀ ਹੈ।

ਬਾਰਾਮਾਹ ਵਿਚ ਪ੍ਰਤੀਕ, ਬਿੰਬ ਅਤੇ ਸੰਬੋਧਨ ਜੁਗਤ ਰਾਹੀਂ ਸੋਹਣੇ ਵਾਤਾਵਰਣ ਦੀ ਉਸਾਰੀ ਹੋਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਬਾਣੀ ਵਿਚ ਆਪਣੇ ਆਪ ਨੂੰ ਇਸਤਰੀ ਰੂਪ ਵਿਚ ਪ੍ਰਗਟਾਇਆ ਹੈ। ਇਸਤਰੀ ਰੂਪ ਵਿਚ ਕੀਤਾ ਸੰਬੋਧਨ ਪਿਆਰ ਦੇ ਨਿੱਘੇ ਭਾਵ ਜਗਾਉਂਦਾ ਹੈ :-

**ਨਾਨਕ ਪੰਥ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ॥**

(ਗੁ. ਗ੍ਰੰ. ਪੰ. 1107)

**ਸਭ ਤੇਰੀ ਤੂੰ ਮੇਰਾ ਪ੍ਰੀਤਮੁ ਨਿਸਿ ਬਾਸਰੁ ਰੰਗਿ ਰਾਵੈ॥**

(ਗੁ. ਗ੍ਰੰ. ਪੰ. 1107)

**ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥**

(ਗੁ. ਗ੍ਰੰ. ਪੰ. 1109)

ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ : "ਬੰਗਲਾ ਭਗਤੀ ਸਹਿਤ ਦੇ "ਬਾਰਾਮਾਸੀ" ਵਿਚ ਜੀਵ-ਨਾਇਕਾ ਮਹੀਨਿਆਂ ਅਤੇ ਰੁੱਤਾਂ ਦੇ ਗੇੜ ਵਿਚ ਖਿਝਦੀ-ਕ੍ਰਿਝਦੀ ਅਤੇ ਕੁਦਰਤ ਨੂੰ ਬੁਰਾ ਭਲਾ ਕਹਿੰਦੀ, ਚਿਤ੍ਰਤ ਕੀਤੀ ਗਈ ਹੈ। ਤੁਲਸੀ ਜੀ ਦੇ ਰਿਤੂ ਵਰਣਨ ਵਿਚ ਸਮਝਾਉਣੀਆਂ ਤੇ ਉਪਦੇਸ਼ਾਂ ਦਾ ਰੰਗ ਪ੍ਰਧਾਨ ਹੈ। ਮੀਰਾ ਦੇ ਪਦਿਆਂ ਵਿਚ ਸਬਰ ਵਾਲੀ ਉਡੀਕ ਨਾਲੋਂ ਧੁਖਦੀ ਤੜਪ ਵਧੇਰੇ ਹੈ। ਪਰ ਗੁਰੂ ਨਾਨਕ ਦੇਵ ਦਾ ਬਾਰਾਮਾਹ ਇਨ੍ਹਾਂ ਤੋਂ ਵੱਖ ਅਧਿਆਤਮਿਕ ਵਾਤਾਵਰਣ ਨੂੰ ਸਿਰਜਦਾ ਹੈ। ਉਥੇ ਸ਼ਾਂਤੀ ਠਰੰਮਾ ਤਸਕੀਨ ਤੇ ਸਿਦਕ ਦਾ ਵਾਯੂਮੰਡਲ ਹੈ, ਜਿਸ ਵਿਚ ਦਾਖਲ ਹੋ ਕੇ ਪਾਠਕ ਅਡੋਲ ਸਹਿਜ ਬਿਰਤੀ ਦਾ ਅਨੁਭਵ ਕਰਦਾ ਹੈ। ਨਾ ਸੋਚਾਂ ਹਨ ਨਾ ਨਘੋਚਾਂ ਹਨ, ਬਲਕਿ ਮਹੀਨਿਆਂ ਦੇ ਚੱਕਰ ਨਾਲ ਬਦਲ ਰਹੇ ਕੁਦਰਤੀ ਪਿਛੋਕੜਾਂ ਉਤੇ ਅੰਕਿਤ ਕੀਤੀਆਂ ਜੀਵ ਆਤਮਾ ਦੀਆਂ ਸੱਧਰਾਂ ਹਨ, ਜਿਨ੍ਹਾਂ ਨੂੰ ਸ਼ਾਂਤਮਈ ਮਧੁਰ ਸ਼ਬਦਾਂ ਰਾਹੀਂ ਵਿਅਕਤ ਕੀਤਾ ਹੈ।"[(4)] ਬਾਰਾਮਾਹ ਵਿਚ ਪ੍ਰਧਾਨ ਜੀਵਨ ਮੁੱਲ ਪ੍ਰੇਮ ਹੈ। ਇਸ ਵਿਚ ਕਰਮਕਾਂਡ ਤੇ ਕਰਾਰੀ ਸੱਟ ਮਾਰੇ ਬਿਨਾਂ ਹੀ ਉਸਦਾ ਰੂਪਾਂਤਰਨ ਜੀਵਨ ਮੁੱਲਾਂ ਦੇ ਰੂਪ ਵਿਚ ਹੋਇਆ ਹੈ। ਜੀਵ ਇਸਤਰੀ ਦੀ ਸੁੰਦਰਤਾ ਦਾ ਮਾਪਦੰਡ ਉਸ ਦੇ ਅੰਦਰ ਜੀਵਨ ਮੁੱਲਾਂ ਨੂੰ ਵਿਕਸਤ ਕਰਨ ਦੇ ਨਾਲ-ਨਾਲ ਉਸ ਦੀ ਸੋਚ ਨੂੰ ਤੰਗ ਵਲਗਣਾਂ ਵਿੱਚੋਂ ਕੱਢ ਦੇ ਵਿਸ਼ਾਲ ਅਰਥਾਂ ਦੀ ਧਾਰਨੀ ਬਣਾਓਂਦਾ ਹੈ।

## ਹਵਾਲੇ ਤੇ ਟਿੱਪਣੀਆਂ


1. (ਪ੍ਰੋ.) ਪ੍ਰੇਮ ਪ੍ਰਕਾਸ਼ ਸਿੰਘ,ਬਾਰਾਮਾਹ ਤੁਖਾਰੀ, ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ,(ਡਾ.) ਸੁਰਿੰਦਰ ਸਿੰਘ ਕੋਹਲੀ,(ਸੰਪਾ.) ਪੰਨਾ 209
2. (ਪ੍ਰੋ:) ਪਿਆਰਾ ਸਿੰਘ ਪਦਮ, ਗੁਰੂ ਨਾਨਕ ਸਾਗਰ, 1993, ਪੰਨਾ 133
3. (ਪ੍ਰੋ.) ਅੰਮ੍ਰਿਤਪਾਲ ਕੋਰ, ਸ਼ਬਦ ਸੰਚਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2003, ਪੰਨਾ 110-111
4. (ਪ੍ਰੋ.) ਪ੍ਰੇਮ ਪ੍ਰਕਾਸ਼ ਸਿੰਘ, ਬਾਰਾਮਾਹ ਤੁਖਾਰੀ, ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ, ਪੰਨਾ 210



**ਡਾ. ਹਰਿੰਦਰਪਾਲ ਕੌਰ**

E-mail : harinder9982@gmail.com

# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਅਦਵੈਤਵਾਦ

**ਹਰਕਿੰਦਰ ਸਿੰਘ**

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਗਣਿਤ ਦੇ ਅੰਕ ਇੱਕ ਤੋਂ ਅਰੰਭ ਹੁੰਦੀ ਹੈ। ਇਹ 'ਇੱਕ' ਬੇਹੱਦ ਵਿਲੱਖਣ ਘਟਨਾ ਹੈ। ਕਿਉਂਕਿ ਸੰਸਾਰ ਦੇ ਕਿਸੇ ਵੀ ਧਾਰਮਿਕ ਗ੍ਰੰਥ ਦਾ ਆਰੰਭ ਗਣਿਤ ਤੋਂ ਨਹੀਂ ਹੁੰਦਾ, ਭਾਸ਼ਾ ਤੋਂ ਹੁੰਦਾ ਹੈ। ਅੰਕ 'ਇੱਕ' ਤੋਂ ਅਗਲਾ ਹਿੱਸਾ ਵੀ ਵਿਲੱਖਣ ਹੈ ਕਿਉਂਕਿ ਉਹ ਪੰਜਾਬੀ ਭਾਸ਼ਾ ਦੀ ਵਰਣਮਾਲਾ ਦਾ ਪਹਿਲਾ ਅੱਖਰ ਹੈ। ਸਾਰੇ ਗੁਰੂ ਗਰੰਥ ਸਾਹਿਬ ਵਿੱਚ ਇਸ ਤੋਂ ਅੱਗੇ ਸਿਰਫ ਇਸ ਇੱਕ ਦਾ ਨਿਰੰਤਰ ਵਿਸਥਾਰ ਹੈ। ਇਸ ਪੇਪਰ ਵਿੱਚ ਅਸੀ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਅਨੇਕਤਾ ਦੇ ਬਾਵਜੂਦ ਇਸ 'ਇੱਕ' ਨੂੰ ਹੀ ਵਿਦਮਾਨ ਹੁੰਦਾ ਦੇਖਾਂਗੇ। ਅਦਵੈਤਵਾਦ ਦਾ ਨਿਰਾਲਾ ਰੂਪ ਇਸੇ ਇੱਕ ਵਿੱਚ ਹਰ ਥਾਂ ਸਾਡੀ ਦਰਿਸ਼ਟੀ ਗੋਚਰ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਦੇ ਦਵੈਸ਼ ਰਹਿਤ, ਅਦਵੈਤ ਸਿਧਾਂਤ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਸ਼ੁਸ਼ਕ ਤੇ ਚੁੰਚ ਗਿਆਨ ਦੀ ਇਸ ਵਿੱਚ ਕੋਈ ਥਾਂ ਨਹੀਂ। ਅਸੀਂ ਇਸ ਪੇਪਰ ਵਿੱਚ ਇਹ ਵੀਚਾਰਾਂਗੇ ਕਿ ਗੁਰੂ ਨਾਨਕ ਸਾਹਿਬ ਦਾ ਅਦਵੈਤ ਸਿਧਾਂਤ ਇੱਕ ਐਸੇ ਰਸ ਭਰਪੂਰ ਵਰਤਾਰੇ ਨੂੰ ਪ੍ਰਗਟ ਕਰਦਾ ਹੈ ਜੋ ਮਨੁੱਖੀ ਚੇਤਨਾ ਨੂੰ ਬ੍ਰਹਮੰਡ ਦੇ ਮੁਕੰਮਲ ਪਸਾਰੇ ਦੀ ਬਹੁਰੰਗੀ ਤੇ ਬਹੁਰੂਪੀ ਰਚਨਾ ਵਿਚ ਖਿੰਡਣ ਨਹੀਂ ਦਿੰਦਾ, ਸਗੋਂ ਸਰਿਸ਼ਟੀ ਦੇ ਭੌਤਿਕ ਤੇ ਅਭੌਤਿਕ ਦ੍ਰਿਸ਼ਾਂ ਦੇ ਸੁਆਦਮਈ ਰਹੱਸ ਨਾਲ ਨਿਰੰਤਰ ਜੋੜੀ ਰੱਖਦਾ ਹੈ ਤੇ ਮਨੁੱਖ ਦੀ ਸੰਵੇਦਨਸ਼ੀਲਤਾ ਪ੍ਰਚੰਡ ਰੂਪ ਵਿੱਚ ਉਦੇਮਾਨ ਹੁੰਦੀ ਹੈ।

ਇਸ ਨੁਕਤੇ ਨੂੰ ਉਜਾਗਰ ਕਰਨ ਲਈ ਅਸੀਂ ਗੁਰੂ ਸਾਹਿਬ ਦੇ ਦ੍ਰਿਸ਼ਟਮਾਨ ਪਸਾਰੇ ਦੇ ਵਿਸ਼ਲੇਸ਼ਣ ਕਰਨ ਦੇ ਢੰਗ ਵਿੱਚ ਝਾਤ ਮਾਰਾਂਗੇ। ਸਾਨੂੰ ਵਿੱਦਿਤ ਹੋਵੇਗਾ ਕਿ ਮਨੁੱਖ ਨੂੰ ਕੁਦਰਤ ਦੀ ਅਨੇਕਤਾ ਵਿੱਚੋਂ ਏਕਤਾ ਦੇਖਣ ਵਿੱਚ ਸਭ ਤੋਂ ਵੱਡੀ ਰੁਕਾਵਟ ਮਨੁੱਖ ਦੀ ਹਉਂ ਹੀ ਹੈ। ਇਸ ਹਉਮੈ ਵਾਲੇ ਨੁਕਤੇ ਨੂੰ ਗੁਰੂ ਸਾਹਿਬ ਆਪਣੀ ਬਾਣੀ ਜਪੁ ਨੀਸਾਣੁ ਵਿੱਚ ੧ ਤੋਂ ਤੁਰੰਤ ਬਾਅਦ ਹੀ ਸਾਡੀ ਦ੍ਰਿਸ਼ਟੀ ਗੋਚਰ ਕਰ ਦਿੰਦੇ ਹਨ। ਗੁਰੂ ਸਾਹਿਬ ਜਿਸ ਅਦਵੈਤ ਦ੍ਰਿਸ਼ਟੀ ਦੀ ਗੱਲ ਕਰਦੇ ਹਨ ਉਸ ਨੂੰ ਸਮਝਣ ਲਈ ਪਾਠਕ ਨੂੰ ਦਿਮਾਗ ਉਪਰ ਬਹੁਤਾ ਜ਼ੋਰ ਨਹੀਂ ਪਾਉਣਾ ਪੈਂਦਾ। ਗੁਰੂ ਸਾਹਿਬ ਮਨੁੱਖ ਨੂੰ ਗਿਆਨ ਇੰਦਰੀਆਂ ਦੀ ਖੂਬਸੂਰਤੀ ਤੋਂ ਸੁਚੇਤ ਕਰਦੇ ਹੋਏ, ਬੜੇ ਸੌਖੇ ਤੇ ਸਹਿਜ ਢੰਗ ਨਾਲ ਜਗਿਆਸੂ ਨੂੰ ਦਵੈਸ਼ ਬਿਰਤੀ ਦੇ ਨੁਕਸਾਨ ਸਮਝਾ ਦਿੰਦੇ ਹਨ। ਗੁਰੂ ਸਾਹਿਬ ਦੀ ਬਾਣੀ ਦਾ ਇਹ ਪ੍ਰਧਾਨ ਅੰਗ ਹੈ ਕਿ ਅਦਵੈਤ ਸਿਧਾਂਤ ਨੂੰ ਸਮਝਣ ਲਈ ਉਨ੍ਹਾਂ ਦੀ ਬਾਣੀ ਸਹਿਜ ਅਤੇ ਅਛੋਪ ਰੂਪ ਵਿੱਚ ਅਸਰ-ਅੰਦਾਜ਼ ਹੁੰਦੀ ਹੈ।

ਅਸੀ ਵਿਚਾਰਾਂਗੇ ਕਿ ਗੁਰੂ ਸਾਹਿਬ ਦੀ ਸਮੁੱਚੀ ਬਾਣੀ ਨੂੰ ਜਿੱਥੋਂ ਮਰਜ਼ੀ ਦੇਖਣ ਦਾ ਯਤਨ ਕਰੀਏ ਤਾਂ ਇਸ ਵਿੱਚੋਂ ਅਨੇਕਤਾ ਦੇ ਬਾਵਜੂਦ, ਹਰ ਰੂਪ ਤੇ ਭੇਦ ਦੇ ਪਿੱਛੇ, ਇਕ ਰਸ ਏਕਤਾ ਮੁੜ ਮੁੜ ਪਰਗਟ ਹੁੰਦੀ ਚਲੀ ਜਾਂਦੀ ਹੈ।

**ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ॥**

ਸਾਡੇ ਅੰਦਰ ਸਹਿਜ ਸੁਭਾ ਇਹ ਅਨੁਭਵ ਪਰਗਟ ਹੁੰਦਾ ਹੈ ਕਿ ਅਨੇਕਤਾ ਵਿੱਚਲੀ ਏਕਤਾ ਇੱਕ ਰਸਮਈ ਰੱਹਸ ਹੈ ਜੋ ਪਿਆਰ ਨਾਲ ਪਰੀਪੂਰਨ ਤੇ ਅਸਚਰਜਮਈ ਹੈ। ਇਥੇ ਦਵੈਸ਼ ਦਾ ਮੁਕੰਮਲ ਅਭਾਵ ਹੈ।

ਗੁਰੂ ਨਾਨਕ ਸਾਹਿਬ ਤਾਂ ਇੱਥੋਂ ਤੱਕ ਕਹਿ ਦਿੰਦੇ ਹਨ ਕਿ ਜੋ ਮੇਰੇ ਸ਼ਬਦ ਦੇ ਅਰਥ ਨੂੰ ਸਮਝ ਲਵੇ ਤਾਂ ਮੈਂ ਉਸ ਨੂੰ ਆਪਣਾ ਗੁਰ ਮੰਨਦਾ ਹਾਂ:

**ਇਸ ਪਦ ਜੋ ਅਰਥਾਇ ਲਏ ਸੁ ਗੁਰੂ ਹਮਾਰਾ॥**
**ਨਾਨਕ ਚੀਨੈ ਆਪ ਕਓ ਸੁ ਅਪਾਰ ਅਪਾਰਾ॥**

ਆਪਾ ਚੀਨਣ ਵਾਲੀ ਗੱਲ ਮਨੁੱਖ ਨੂੰ ਖੁਸ਼ਕ ਅਦਵੈਤਵਾਦ ਤੋਂ ਮੁਕਤ ਕਰਦੀ ਹੈ. ਗੁਰੂ ਸਾਹਿਬ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਫੋਕੀ ਸ਼ੂਨਯ ਤੇ ਸ਼ੁਸ਼ਕ ਗਿਆਨ ਚਰਚਾ ਵਾਲੀ ਅਦਵੈਤ ਅਵਸਥਾ ਵਿੱਚ ਹਉਮੈਂ ਦਾ ਅੰਸ਼ ਕਿਸੇ ਨਾ ਕਿਸੇ ਰੂਪ ਵਿਚ ਬਣਿਆ ਰਹਿੰਦਾ ਹੈ। ਜੇ ਹਉਮੈਂ ਹੈ, ਤਾਂ ਦਵੈਸ਼ ਤੋਂ ਅਸੀਂ ਮੁਕਤ ਨਹੀਂ ਹੋ ਸਕਦੇ।

ਗੁਰੂ ਸਾਹਿਬ ਨੇ ਦਵੈਸ਼ ਨੂੰ ਹਰ ਮੁਸ਼ਕਲ ਦਾ ਕਾਰਨ ਮੰਨਿਆ ਹੈ। ਦਵੈਸ਼ ਕਾਰਨ ਹੀ ਹਉਮੈ ਦੀ ਧੁੰਦ ਮਨੁੱਖ ਨੂੰ ਆਪਣੇ ਸਵੈ ਸਰੂਪ ਨੂੰ ਜਾਨਣ ਵਿੱਚ ਰੁਕਾਵਟ ਪਾਉਂਦੀ ਹੈ। ਅਸੀਂ ਗੁਰੂ ਸਾਹਿਬ ਦੀ ਬਾਣੀ ਵਿੱਚ ਇਹ ਸਪਸ਼ਟ ਹੁੰਦਾ ਦੇਖਾਂਗੇ ਕਿ ਜਦੋਂ ਮਨੁੱਖ ਦਵੈਸ਼ ਤੋਂ ਪੂਰੀ ਤਰ੍ਹਾਂ ਮੁਕਤ ਹੁੰਦਾ ਹੈ ਤਾਂ ਹੀ ਉਸ ਦਾ ਇਹ ਭਰਮ ਖਤਮ ਹੋ ਜਾਂਦਾ ਹੈ ਕਿ ਉਹ ਸਰਿਸ਼ਟੀ ਤੇ ਪਰਮਾਤਮਾ ਤੋਂ ਅਲੱਗ ਹੈ। ਮਨੁੱਖ ਬ੍ਰਹਿਮੰਡ ਵਿੱਚ ਦੇ ਸਦੀਵੀ ਅਨੰਦ ਵਿੱਚ ਲੀਨ ਹੁੰਦਾ ਹੈ ਤੇ ਜਨਮ ਮਰਨ ਦੇ ਚੱਕਰ ਵਿੱਚ ਨਹੀਂ ਪੈਂਦਾ। ਇਸ ਪੇਪਰ ਵਿਚ ਮਨੁੱਖ ਦੇ ਮਨ ਵਿੱਚ ਦਵੈਸ਼ ਭਾਵਨਾ ਕਾਰਨ ਪੈਦਾ ਹੋਏ ਦਵੰਦਾਂ ਦੇ ਸੂਖਮ ਪਰਤਾਂ ਨੂੰ ਖੋਹਲਣ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ ਜਾਵੇਗਾ।

**ਹਰਕਿੰਦਰ ਸਿੰਘ**
harinder9982@gmail.com

# ਸੁਣਿਐ....

**ਹਰਸ਼ਿੰਦਰ ਕੌਰ (ਡਾ.)**
ਐਮ.ਡੀ.

ਗੁਰਬਾਣੀ ਵਿਚ ਸੁਣਨ ਉੱਤੇ ਕਾਫ਼ੀ ਜ਼ੋਰ ਪਾਇਆ ਗਿਆ ਹੈ। ਸੁਣਨ ਵਾਲੇ ਨੂੰ ਬਹੁਤ ਉੱਚਾ ਦਰਜਾ ਵੀ ਦਿੱਤਾ ਗਿਆ ਹੈ।

**ਸੁਣਿਐ ਸਿਧ ਪੀਰ ਸੁਰਿ ਨਾਥ।**
**ਸੁਣਿਐ ਧਰਤਿ ਧਵਲ ਆਕਾਸ।**
**ਸੁਣਿਐ ਦੀਪ ਲੋਅ ਪਾਤਾਲ।**
**ਸੁਣਿਐ ਪੋਹਿ ਨ ਸਕੈ ਕਾਲੁ।**
**ਨਾਨਕ ਭਗਤਾ ਸਦਾ ਵਿਗਾਸੁ।**
**ਸੁਣਿਐ ਦੂਖ ਪਾਪ ਕਾ ਨਾਸੁ੩**
**ਸੁਣਿਐ ਈਸਰੁ ਬਰਮਾ ਇੰਦੁ।**
**ਸੁਣਿਐ ਮੁਖਿ ਸਾਲਾਹਣ ਮੰਦੁ।**
**ਸੁਣਿਐ ਜੋਗ ਜੁਗਤਿ ਤਨਿ ਭੇਦ।**
**ਸੁਣਿਐ ਸਾਸਤ ਸਿਮ੍ਰਿਤਿ ਵੇਦ।**
**ਨਾਨਕ ਭਗਤਾ ਸਦਾ ਵਿਗਾਸੁ।**
**ਸੁਣਿਐ ਦੂਖ ਪਾਪ ਕਾ ਨਾਸੁ੩**
**ਸੁਣਿਐ ਸਤੁ ਸੰਤੋਖੁ ਗਿਆਨੁ।**
**ਸੁਣਿਐ ਅਠਸਠਿ ਕਾ ਇਸਨਾਨੁ।**
**ਸੁਣਿਐ ਪੜਿ ਪੜਿ ਪਾਵਹਿ ਮਾਨੁ।**
**ਸੁਣਿਐ ਲਾਗੈ ਸਹਜਿ ਧਿਆਨੁ।**
**ਨਾਨਕ ਭਗਤਾ ਸਦਾ ਵਿਗਾਸੁ।**
**ਸੁਣਿਐ ਦੂਖ ਪਾਪ ਕਾ ਨਾਸੁ੩**
**ਸੁਣਿਐ ਸਰਾ ਗੁਣਾ ਕੇ ਗਾਹ।**
**ਸੁਣਿਐ ਸੇਖ ਪੀਰ ਪਾਤਿਸਾਹੁ।**
**ਸੁਣਿਐ ਅੰਧੇ ਪਾਵਹਿ ਰਾਹੁ।**
**ਸੁਣਿਐ ਹਾਥ ਹੋਵੈ ਅਸਗਾਹੁ**
**ਨਾਨਕ ਭਗਤਾ ਸਦਾ ਵਿਗਾਸੁ।**
**ਸੁਣਿਐ ਦੂਖ ਪਾਪ ਕਾ ਨਾਸੁ੩"**

(ਅੰਗ-3, 4)

ਸੁਣਨ ਵਾਲਾ ਪੱਖ ਕਿੰਨਾ ਜ਼ਰੂਰੀ ਹੈ, ਇਸ ਬਾਰੇ ਵਿਗਿਆਨਿਕ ਖੋਜਾਂ ਰਾਹੀਂ ਉਜਾਗਰ ਹੋਏ ਤੱਥਾਂ ਵੱਲ ਧਿਆਨ ਕਰਦੇ ਹਾਂ।

1. ਬੱਚੇ ਦੇ ਦਿਮਾਗ਼ ਦੇ ਕੁੱਝ ਹਿੱਸਿਆਂ ਦੇ ਵਿਕਾਸ ਅਤੇ ਜ਼ਬਾਨ ਦੇ ਆਧਾਰ ਵਾਸਤੇ ਸੁਣਨ ਦੀ ਸ਼ਕਤੀ ਦਾ ਬਹੁਤ ਵੱਡਾ ਰੋਲ ਹੈ।

2. ਹਾਰਵਾਰਡ ਯੂਨੀਵਰਸਿਟੀ ਵਿਖੇ ਕੀਤੀ ਗਈ ਖੋਜ ਵਿਚ ਸਪਸ਼ਟ ਹੋਇਆ ਕਿ ਜਿੰਨੀ ਛੋਟੀ ਉਮਰ ਵਿਚ ਬੱਚਾ ਸੁਣਨ ਵੱਲ ਧਿਆਨ ਦੇਣ ਲੱਗ ਪਵੇ ਓਨਾ ਹੀ ਉਸ ਦਾ ਮਾਨਸਿਕ ਵਿਕਾਸ ਵੱਧ ਹੁੰਦਾ ਹੈ।

3. ਮਾਂ ਦੇ ਢਿੱਡ ਅੰਦਰ ਵੀ ਭਰੂਣ ਆਵਾਜ਼ ਦੀਆਂ ਤਰੰਗਾਂ ਸੁਣ ਸਕਦਾ ਹੈ।

4. ਜੇ ਬੱਚਾ ਜਮਾਂਦਰੂ ਬੋਲਾ ਹੋਵੇ ਤਾਂ ਉਸ ਦੀ ਬੋਲਣ ਦੀ ਸ਼ਕਤੀ ਵੀ ਖ਼ਤਮ ਹੋ ਜਾਂਦੀ ਹੈ ਜਦ ਤਕ ਕਿ ਉਸ ਨੂੰ ਕੋਈ ਆਵਾਜ਼ ਸੁਣਨੀ ਸ਼ੁਰੂ ਨਾ ਹੋ ਜਾਏ।

5. ਜੇ ਧਿਆਨ ਨਾਲ ਸੁਣਿਆ ਨਾ ਜਾਵੇ ਤਾਂ ਦਿਮਾਗ਼ ਦੇ ਪ੍ਰਾਈਮਰੀ ਸੁਣਨ ਦੇ ਸੈਂਟਰ ਤੋਂ ਸੈਕੰਡਰੀ ਸੁਣਨ ਦੇ ਸੈਂਟਰ (ਆਡੀਟਰੀ ਸੈਂਟਰ) ਤਕ ਕੋਈ ਸੁਨੇਹਾ ਨਹੀਂ ਪਹੁੰਚਦਾ। ਸੈਕੰਡਰੀ ਸੈਂਟਰ ਦਾ ਕੰਮ ਹੁੰਦਾ ਹੈ ਸੁਣੀ ਗੱਲ ਨੂੰ ਸੋਚਣ ਸਮਝਣ ਤੇ ਗ੍ਰਹਿਣ ਕਰ ਕੇ ਬਾਕੀ ਦਿਮਾਗ਼ ਵੱਲ ਨਿਚੋੜ ਭੇਜਣਾ ਜਿਸ ਉੱਤੇ ਕਿਸੇ ਦੀ ਸ਼ਖ਼ਸੀਅਤ ਆਧਾਰਿਤ ਹੁੰਦੀ ਹੈ ਤੇ ਇਹੀ ਜਾਣਕਾਰੀ ਦਿਮਾਗ਼ ਦੀ ਬਣਤਰ, ਜੋੜ ਤੋੜ ਤੇ ਉਸ ਦੀ ਸਮਝ ਸ਼ਕਤੀ ਵਧਾਉਣ ਦਾ ਕੰਮ ਵੀ ਕਰਦੀ ਹੈ।

ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਗੁਰਬਾਣੀ ਵਿਚ "ਸੁਣਿਐ ਸਿਧ ਪੀਰ ਸੁਰਿ ਨਾਥ" ਵਿਚ ਕਿੰਨੀ ਡੂੰਘੀ ਤੇ ਵਿਦਵਤਾ ਭਰਪੂਰ ਗੱਲ ਕੀਤੀ ਗਈ ਹੈ। ਰਬ ਦੀ ਸਿਫ਼ਤ ਸਲਾਹ ਸੁਣਨ ਨਾਲ ਸਾਧਾਰਨ ਮਨੁੱਖ ਵੀ ਉੱਚੇ ਆਤਮਕ ਮਰਾਤਬੇ ਉੱਤੇ ਪਹੁੰਚ ਜਾਂਦੇ ਹਨ।

6. ਜਦੋਂ ਕੁੱਝ ਚੰਗਾ ਸੁਣਿਆ ਜਾਵੇ ਤਾਂ ਸਾਡੇ ਕੰਨਾਂ ਰਾਹੀਂ ਉਹ ਤਰੰਗਾਂ ਦਿਮਾਗ਼ ਵੱਲ ਜਾਂਦੀਆਂ ਹਨ ਅਤੇ ਸੁਖਦ ਇਹਸਾਸ ਦਿੰਦੀਆਂ ਹਨ। ਇਹ ਤਰੰਗਾਂ ਸਾਡਾ ਮਨੋਬਲ ਉੱਚਾ ਚੁੱਕਦੀਆਂ ਹਨ ਤੇ ਹਿਲੋਰਾ ਦਿੰਦੀਆਂ ਹਨ। ਜਿਉ ਹੀ ਕੋਈ ਚੰਗੀ ਗੱਲ ਸੁਣੀ ਜਾਵੇ, ਦਿਮਾਗ਼ ਦੇ ਓਕਸੀਪਿਟਲ (ਪਿਛਲੇ) ਹਿੱਸੇ ਵਿਚ ਲਹੂ ਵੱਧ ਜਾਂਦਾ ਹੈ ਤੇ ਨਾਲ ਹੀ 'ਸਲੋ ਪਾਜ਼ਿਟਿਵ ਤਰੰਗ' ਸੱਜੇ ਪਾਸੇ ਦੇ ਪੈਰਾਈਟਲ ਹਿੱਸੇ ਵੱਲ ਲੰਘ ਜਾਂਦੀ ਹੈ। ਇਹ ਤਰੰਗਾਂ ਜੇ ਚਾਰ ਤੋਂ ਪੰਜ ਸਾਲ ਦੇ ਬੱਚਿਆਂ ਵਿਚ ਵਾਰ-ਵਾਰ ਲੰਘਦੀਆਂ ਰਹਿਣ, ਤਾਂ ਇੰਗਲੈਂਡ ਵਿਚ ਹੋਈ ਖੋਜ ਅਨੁਸਾਰ ਉਨ੍ਹਾਂ ਦੀ ਭਾਵਨਾਤਮਕ ਤੇ ਸੋਚਣ ਸਮਝਣ ਦੇ ਨਾਲ ਤਰਕ ਕਰਨ ਦੀ ਸ਼ਕਤੀ ਕਾਫ਼ੀ ਵੱਧ ਜਾਂਦੀ ਹੈ। ਅਜਿਹੇ ਬੱਚੇ ਵਧੀਆ ਰਿਸ਼ਤੇ ਗੰਢਦੇ ਹਨ ਤੇ ਛੇਤੀ ਕੀਤਿਆਂ ਦੁਸ਼ਮਨੀਆਂ ਨਹੀਂ ਪਾਲਦੇ।

ਇਸ ਖੋਜ ਨੇ ਇਹ ਵੀ ਸਪਸ਼ਟ ਕਰ ਦਿੱਤਾ ਕਿ ਜਿਹੜੇ ਬੱਚੇ ਨੂੰ ਨਕਾਰਿਆ ਜਾਂਦਾ ਹੋਵੇ ਤੇ ਮਾੜੀ ਸ਼ਬਦਾਵਲੀ ਨਾਲ ਬੁਲਾਇਆ ਜਾਂਦਾ ਹੋਵੇ, ਉਸ ਦਾ ਮਾਨਸਿਕ ਵਿਕਾਸ ਪੂਰਾ ਨਹੀਂ ਹੁੰਦਾ।

7. ਜੇ ਇਹੀ ਕੁੱਝ ਬਣ ਚੁੱਕੇ ਦਿਮਾਗ਼ ਨਾਲ ਹੋਵੇ ਤਾਂ ਨਤੀਜੇ ਵੱਖ ਹੁੰਦੇ ਹਨ। ਜੇ ਕੋਈ ਲਗਾਤਾਰ ਆਪਣੇ

ਬਾਰੇ ਮਾੜਾ ਹੀ ਸੁਣਦਾ ਰਹੇ ਤਾਂ ਬੰਦਾ ਵਿਦਰੋਹ ਉੱਤੇ ਉਤਰ ਸਕਦਾ ਹੈ ਜਾਂ ਨਕਾਰਾਤਮਕ ਸੋਚ ਪਾਲ ਕੇ ਖ਼ੁਦਕੁਸ਼ੀ ਤਕ ਵੀ ਕਰ ਸਕਦਾ ਹੈ।

ਜੇ ਇਸ ਦੇ ਉਲਟ ਕਿਸੇ ਨਕਾਰੇ ਜਾ ਚੁੱਕੇ ਬੰਦੇ ਦੀ ਸਿਫ਼ਤ ਕੀਤੀ ਜਾਏ ਤਾਂ ਉਸ ਦੇ ਦਿਮਾਗ਼ ਦੀ ਮੈਪਿੰਗ ਕਰਨ ਉੱਤੇ ਦਿਮਾਗ਼ ਦੇ ਕਈ ਹਿੱਸਿਆਂ ਵਿਚ ਲਹੂ ਦਾ ਵਹਾਓ ਵਧਿਆ ਹੋਇਆ ਲੱਭਿਆ। ਯਾਨੀ ਕਿਸੇ ਨੂੰ ਲੋੜੀਂਦੇ ਹੋਣ ਦਾ ਇਹਸਾਸ ਹੀ ਉਸ ਅੰਦਰ ਕਈ ਤਰ੍ਹਾਂ ਦੇ ਹਾਰਮੋਨ ਵਧਾ ਕੇ ਜੀਉਣ ਦੀ ਚਾਹ ਪੈਦਾ ਕਰ ਸਕਦਾ ਹੈ।

8. ਬਿਲਕੁਲ ਮੌਤ ਦੇ ਨੇੜੇ ਅਪੜੇ ਅਨੇਕ ਬੰਦਿਆਂ ਉੱਤੇ ਕੀਤੀ ਖੋਜ ਨੇ ਵੀ ਸਪਸ਼ਟ ਕੀਤਾ ਹੈ ਕਿ ਨਰਸ ਵੱਲੋਂ ਅਜਿਹੇ ਕਿਸੇ ਬੰਦੇ ਦੀ ਕੀਤੀ ਸੇਵਾ, ਉਸ ਨਾਲ ਮੁਸਕੁਰਾ ਕੇ ਬੋਲਣ ਤੇ ਹਿੰਮਤ ਵਧਾਉਂਦੇ ਰਹਿਣ ਨਾਲ ਅਜਿਹੇ ਮਰੀਜ਼ਾਂ ਦੇ ਸਰੀਰ ਅੰਦਰ ਓਪੀਆਇਡ ਦੀ ਮਾਤਰਾ ਵਧਣ ਨਾਲ ਉਨ੍ਹਾਂ ਨੂੰ ਪੀੜ ਘੱਟ ਮਹਿਸੂਸ ਹੋਈ ਤੇ ਉਨ੍ਹਾਂ ਦੀ ਢਹਿੰਦੀ ਕਲਾ ਵੀ ਘੱਟ ਗਈ।

ਇਹ ਵੀ ਵੇਖਣ ਵਿਚ ਆਇਆ ਕਿ ਜਿੰਨੇ ਸੀਰੀਅਸ ਮਰੀਜ਼ ਐਮਰਜੈਂਸੀ ਵਿਚ ਦਾਖਲ ਹੁੰਦੇ ਸਨ, ਉਹ ਸਾਰੇ ਹੀ ਡਾਕਟਰ ਦੇ ਚਿਹਰੇ ਉੱਪਰਲੀ ਮੁਸਕਾਨ ਤੇ ਉਸ ਵੱਲੋਂ ਮਿਲੇ ਹੌਸਲੇ ਨਾਲ ਅੱਧੀ ਬੀਮਾਰੀ ਘਟੀ ਹੋਈ ਮਹਿਸੂਸ ਕਰਦੇ ਸਨ। ਅਜਿਹੇ ਨੁਕਤੇ ਦੇ ਪਤਾ ਲੱਗਣ ਬਾਅਦ ਦਿਮਾਗ਼ ਦੀ ਮੈਪਿੰਗ ਕਰ ਕੇ ਵੇਖਿਆ ਗਿਆ।

ਕੈਂਸਰ, ਸ਼ੱਕਰ ਰੋਗ ਤੇ ਹਾਰਟ ਅਟੈਕ ਦੇ ਰੋਗੀਆਂ ਉੱਤੇ ਕਰਟਿਨ ਯੂਨੀਵਰਸਿਟੀ ਵਿਖੇ ਖੋਜ ਕੀਤੀ ਗਈ ਜੋ ਸਾਈਕੋਲੌਜੀਕਲ ਬੁਲੇਟਨ ਵਿਚ ਛਪੀ। ਡਾ. ਜੌਨ ਕਰਟਨ ਤੇ ਪ੍ਰੋ. ਮਾਰਟਿਨ ਹੈਗਰ ਨੇ ਦੱਸਿਆ ਕਿ ਡਾਕਟਰ ਵੱਲੋਂ ਉਮੀਦ ਦੀ ਕਿਰਨ ਦਿਖਾਏ ਜਾਣ ਨਾਲ ਮਰੀਜ਼ ਛੇਤੀ ਠੀਕ ਹੋ ਕੇ ਘਰ ਪਰਤੇ, ਹਸਪਤਾਲ ਵਿਚ ਵੀ ਘੱਟ ਪੀੜ ਦੇ ਟੀਕੇ ਲਾਉਣੇ ਪਏ ਤੇ ਉਨ੍ਹਾਂ ਨੂੰ ਘਬਰਾਹਟ ਤੇ ਤਣਾਓ ਵੀ ਘੱਟ ਹੋਇਆ। ਦੋ ਸੌ ਸੱਤਰ ਅਜਿਹੇ ਮਰੀਜ਼ਾਂ ਵਿੱਚੋਂ ਜਿਨ੍ਹਾਂ ਨੂੰ ਡਾਕਟਰ ਵੱਲੋਂ ਉਮੀਦ ਨਾ ਦਰਸਾਈ ਗਈ, ਉਨ੍ਹਾਂ ਵਿੱਚੋਂ ਕਈਆਂ ਦੀ ਮੌਤ ਵੀ ਹੋਈ ਤੇ ਬਾਕੀ ਢਹਿੰਦੀ ਕਲਾ ਵੱਲ ਵੀ ਚਲੇ ਗਏ। ਅਜਿਹੇ ਮਰੀਜ਼ਾਂ ਨੂੰ ਪੀੜ ਵੀ ਵੱਧ ਮਹਿਸੂਸ ਹੁੰਦੀ ਰਹੀ ਤੇ ਪੀੜ ਦੇ ਟੀਕੇ ਵੀ ਵੱਧ ਲਾਉਣੇ ਪਏ।

9. ਜਿਨ੍ਹਾਂ ਨੂੰ ਕਰੌਨਿਕ ਪੀੜ ਹੁੰਦੀ ਸੀ, ਉਨ੍ਹਾਂ ਨੂੰ ਅਮਰੀਕਨ ਅਕੈਡਮੀ ਆਫ ਪੇਨ ਮੈਡੀਸਿਨ ਵਿਭਾਗ ਵਿਚ ਇਕ ਖੋਜ ਵਿਚ ਸ਼ਾਮਲ ਕੀਤਾ ਗਿਆ। ਇਨ੍ਹਾਂ ਵਿਚ ਖੇਡਾਂ ਵਿਚ ਲੱਗੀਆਂ ਸੱਟਾਂ, ਟੁੱਟੀਆਂ ਹੱਡੀਆਂ ਵਾਲੇ, ਸੜੀ ਚਮੜੀ ਵਾਲੇ, ਤਿੱਖੀ ਸਿਰ ਪੀੜ, ਆਦਿ ਵਾਲੇ ਮਰੀਜ਼ ਸਨ।

ਇਨ੍ਹਾਂ ਵਿੱਚੋਂ ਕੁੱਝ ਦਾ ਅਪਰੇਸ਼ਨ ਹੋ ਚੁੱਕਿਆ ਸੀ, ਕੁੱਝ ਦੇ ਟੀਕੇ ਲੱਗ ਰਹੇ ਸਨ ਤੇ ਕੁੱਝ ਲਗਾਤਾਰ ਦਰਦ ਦੀਆਂ ਦਵਾਈਆਂ ਖਾ ਰਹੇ ਸਨ। ਇਨ੍ਹਾਂ ਸਾਰਿਆਂ ਦੀ ਸਾਈਕੌਲੋਜਿਸਟ ਨਾਲ ਹਫ਼ਤੇ ਵਿਚ ਤਿੰਨ ਵਾਰ ਘੰਟੇ-ਘੰਟੇ ਦੀ ਬੈਠਕ ਕਰਵਾਈ ਗਈ।

ਨਤੀਜੇ ਕਮਾਲ ਦੇ ਸਨ। 'ਪੇਨ ਮੈਨੇਜਮੈਂਟ' ਨਾਂ ਹੇਠ ਹੁਣ ਤਾਂ ਇਨ੍ਹਾਂ ਨਤੀਜਿਆਂ ਨੂੰ ਡਾਕਟਰੀ ਪੜ੍ਹਦੇ ਵਿਦਿਆਥੀ ਨੂੰ ਵੀ ਇਹ ਸਮਝਾਇਆ ਜਾਂਦਾ ਹੈ ਕਿ ਸਿਰਫ਼ ਚੰਗੇ ਬੋਲਾਂ ਨਾਲ ਤੇ ਨਰਮੀ ਨਾਲ ਬੋਲਣ ਨਾਲ

ਮਰੀਜ਼ ਦੇ ਕੰਨਾਂ ਰਾਹੀਂ ਜੋ ਤਰੰਗਾਂ ਦਿਮਾਗ਼ ਅੰਦਰ ਪਹੁੰਚਦੀਆਂ ਹਨ, ਉਹ ਉਸ ਦੀ ਸੋਚ ਸ਼ਕਤੀ, ਭਾਵਨਾਤਮਕ ਤੇ ਵਰਤਾਰੇ ਉੱਤੇ ਡੂੰਘਾ ਅਸਰ ਛੱਡਦੀਆਂ ਹਨ ਜਿਸ ਨਾਲ ਮਰੀਜ਼ ਨੂੰ ਬੀਮਾਰੀ ਓਨੀ ਹੀ ਹੁੰਦਿਆਂ ਵੀ ਪੀੜ ਘੱਟ ਮਹਿਸੂਸ ਹੋਣ ਲੱਗ ਪੈਂਦੀ ਹੈ ਤੇ ਉਹ ਕਾਫੀ ਚਿਰ ਸਹਿਜ ਹੋ ਕੇ ਪਿਆ ਰਹਿੰਦਾ ਹੈ। ਪੀੜ ਨਾਲ ਚੀਕਾਂ ਮਾਰਦਾ ਮਰੀਜ਼ ਵੀ ਆਪਣੇ ਮਨ ਅੰਦਰਲੀ ਤਬਦੀਲੀ ਸਦਕਾ ਤੇ ਸਰੀਰ ਅੰਦਰ ਨਿਕਲਦੇ ਹਾਰਮੋਨਾਂ ਵਿਚਲੇ ਬਦਲਾਓ ਸਦਕਾ ਉਸੇ ਪੀੜ ਨੂੰ ਕਾਫ਼ੀ ਘੱਟ ਮਹਿਸੂਸ ਕਰਨ ਲੱਗ ਪੈਂਦਾ ਹੈ। ਇਸ ਦੇ ਨਾਲੋ ਨਾਲ ਉਸ ਅੰਦਰ ਸਕਾਰਾਤਮਕ ਸੋਚ ਤੇ ਊਰਜਾ ਵੀ ਉਪਜ ਪੈਂਦੀ ਹੈ।

ਇਸੇ ਲਈ ਇਸ ਨੁਕਤੇ ਨੂੰ 'ਟਰੀਟਮੈਂਟ ਪਲੈਨ' ਵਿਚ ਸ਼ਾਮਲ ਕਰ ਲਿਆ ਗਿਆ ਹੈ ਕਿ ਡਾਕਟਰ ਵੱਲੋਂ ਸੁਖਦ ਸ਼ਬਦ ਪ੍ਰਯੋਗ ਵਿਚ ਲਿਆਏ ਜਾਣ ਜੋ ਇਲਾਜ ਦਾ ਹਿੱਸਾ ਮੰਨੇ ਜਾਣ। ਇਹੀ ਸੁਖਦ ਸ਼ਬਦ ਮਰੀਜ਼ ਦਾ ਧਿਆਨ ਪੀੜ ਵੱਲੋਂ ਘਟਾ ਕੇ ਹੋਰ ਪਾਸੇ ਲਾ ਦਿੰਦੇ ਹਨ। ਇਹ ਹੋਰ ਪਾਸਾ ਧਾਰਮਿਕ ਪ੍ਰਵਿਰਤੀ ਵੀ ਹੋ ਸਕਦੀ ਹੈ ਜਾਂ ਕਿਸੇ ਬੈਠ ਕੇ ਖੇਡਣ ਵਾਲੀ ਖੇਡ ਜਾਂ ਮਧੁਰ ਸੰਗੀਤ ਵੀ।

10. ਸਭ ਤੋਂ ਹੈਰਾਨੀਜਨਕ ਨਤੀਜਾ ਇਹ ਸੀ ਕਿ ਕੁੱਝ ਕੈਂਸਰ ਦੇ ਮਰੀਜ਼ ਚੰਗੇ ਵਿਚਾਰ ਸੁਣ ਕੇ ਤੇ ਡਾਕਟਰ ਵੱਲੋਂ ਮਿਲੀ ਹੱਲਾਸ਼ੇਰੀ ਨਾਲ ਆਪਣੀ ਇੱਛਾਸ਼ਕਤੀ ਉਜਾਗਰ ਕਰ ਕੇ ਸਰੀਰ ਅੰਦਰ ਅਜਿਹੀ ਤਬਦੀਲੀ ਲੈ ਆਏ ਜਿਸ ਨਾਲ ਦਵਾਈਆਂ ਦਾ ਅਸਰ ਵੀ ਵਧਿਆ ਹੋਇਆ ਲੱਭਿਆ, ਸੈੱਲਾਂ ਦਾ ਟੁੱਟਣਾ ਘੱਟ ਗਿਆ ਤੇ ਕਈਆਂ ਦਾ ਕੈਂਸਰ ਫੈਲ ਹੀ ਨਹੀਂ ਸਕਿਆ। ਕੁੱਝ ਮਰੀਜ਼ਾਂ ਦੇ 'ਸਲੋ ਕੈਂਸਰ' ਜਾਂ ਤਾਂ ਪੂਰੀ ਤਰ੍ਹਾਂ ਲੋਪ ਹੀ ਹੋ ਗਏ ਜਾਂ ਉੱਥੇ ਹੀ ਰੁਕ ਗਏ!

ਹੁਣ ਧਿਆਨ ਕਰੀਏ-'ਸੁਣਿਐ ਪੋਹਿ ਨ ਸਕੈ ਕਾਲੁ। ਨਾਨਕ ਭਗਤਾ ਸਦਾ ਵਿਗਾਸੁ। ਸੁਣਿਐ ਦੂਖ ਪਾਪ ਕਾ ਨਾਸੁ।'

''ਸਿਫ਼ਤਿ ਸਾਲਾਹ ਸੁਣਨ ਨਾਲ ਦੁਖਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ ਤੇ ਮੌਤ ਦਾ ਡਰ ਵੀ ਪੋਹ ਨਹੀਂ ਸਕਦਾ।''

ਜਿਸ ਦੇ ਮਨ ਵਿਚ ਪ੍ਰਭੂ ਦੇ ਓਟ ਆਸਰੇ ਦਾ ਟਿਕਾਅ ਹੋ ਜਾਏ, ਉਸ ਨੂੰ ਸੋਝੀ ਹੋ ਜਾਂਦੀ ਹੈ ਤੇ ਇੰਜ ਸਾਧਾਰਨ ਮਨੁੱਖ ਵੀ ਸਿੱਧਾਂ, ਪੀਰ ਦੇਵਤਿਆਂ ਦੇ ਨਾਥਾਂ ਦੀ ਪਦਵੀ ਪਾ ਲੈਂਦੇ ਹਨ।

11. ਇਕ ਨਹੀਂ ਅਨੇਕ ਮਰੀਜ਼ਾਂ ਵਿਚ ਇਹ ਵੇਖਣ ਨੂੰ ਮਿਲਿਆ ਹੈ ਕਿ ਖ਼ੁਦਕੁਸ਼ੀ ਕਰਨ ਜਾਂਦੇ ਦੇ ਰਾਹ ਵਿਚ ਸਕਾਰਾਤਮਕ ਸੋਚ ਕੰਨੀਂ ਪੈ ਜਾਏ ਤਾਂ ਬਹੁਤ ਸਾਰੇ ਲੋਕ ਖ਼ੁਦਕੁਸ਼ੀ ਕਰਨ ਤੋਂ ਟਲ ਜਾਂਦੇ ਹਨ। 'ਸੂਈਸਾਈਡ ਪਰੀਵੈਨਸ਼ਨ ਹੈਲਪਲਾਈਨ' ਰਾਹੀਂ ਅਨੇਕ ਮੁਲਕਾਂ ਵਿਚ ਇਹ ਹੁਣ ਵੀ ਜਾਰੀ ਹੈ। ਕੁੱਝ ਪਲ ਗੱਲ ਕਰਨ ਨਾਲ ਵੀ ਅਜਿਹੀ ਡਿਗੂੰ-ਡਿਗੂੰ ਕਰਦੀ ਸੋਚ ਖਿੰਡ ਪੁੰਡ ਜਾਂਦੀ ਹੈ ਤੇ ਬੰਦਾ ਨਾਰਮਲ ਹੋ ਜਾਂਦਾ ਹੈ। ਅਨੇਕ ਜਾਨਾਂ ਸਿਰਫ਼ ਟੈਲੀਫੂਨ ਉੱਤੇ ਲਈ ਸਲਾਹ ਨਾਲ ਹੀ ਬਚਾਈਆਂ ਜਾ ਚੁੱਕੀਆਂ ਹਨ। ਸਿਰਫ਼ ਸੁਣੇ ਹੋਏ ਸ਼ਬਦਾਂ ਦੇ ਜਾਦੂ ਸਦਕਾ ਇਹ ਸੰਭਵ ਹੋ ਸਕਿਆ ਹੈ।

ਗੁਰਬਾਣੀ ਵਿਚ ਸਪਸ਼ਟ ਕਰ ਦਿੱਤਾ ਗਿਆ ਹੈ-''ਸੁਣਿਐ, ਅਠਸਠਿ ਕਾ ਇਸਨਾਨੁ। ਸੁਣਿਐ, ਪੜਿ ਪੜਿ ਪਾਵਹਿ ਮਾਨੁ। ਸੁਣਿਐ, ਲਾਗੈ ਸਹਜਿ ਧਿਆਨੁ।''

ਸੁਣਨ ਨਾਲ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ। ਜੋ ਸਤਿਕਾਰ ਵਿਦਿਆ ਪੜ੍ਹ ਕੇ ਹਾਸਲ ਹੁੰਦਾ ਹੈ, ਓਨਾ ਹੀ ਨਾਮ ਸੁਣ ਕੇ ਮਿਲਦਾ ਹੈ ਤੇ ਨਾਮ ਸੁਣਨ ਸਦਕਾ ਹੀ ਅਡੋਲਤਾ ਵਿਚ ਚਿਤ ਦੀ ਬਿਰਤੀ ਟਿਕਦੀ ਹੈ।

ਅਜਿਹੀ ਅਵਸਥਾ ਵਿਚ ਮਨ ਸਹਿਜ ਹੋ ਜਾਂਦਾ ਹੈ ਤੇ ਮਗਨ ਵੀ। ਫੇਰ ਨਾ ਕੋਈ ਇੱਛਾ ਬਚਦੀ ਹੈ ਤੇ ਨਾ ਹੀ ਮਾਣ ਆਦਰ ਦੀ ਪਰਵਾਹ ਰਹਿ ਜਾਂਦੀ ਹੈ।

ਅਜਿਹਾ ਮਨੁੱਖ ਹੀ ਅਸਲ ਮਹਿਣਿਆਂ ਵਿਚ ਦਾਨੀ ਤੇ ਸੰਤੋਖੀ ਬਣ ਸਕਦਾ ਹੈ।

ਰਤਾ ਠਰੰਮੇ ਨਾਲ ਸੋਚ ਕੇ ਵੇਖੀਏ ਕਿ ਗੁਰੂ ਜੀ ਦੇ ਸਮੇਂ ਵਿਚ ਏਨੀਆਂ ਖੋਜਾਂ ਤੇ ਏਨੇ ਟੈਸਟ ਕਰਨ ਵਾਲੇ ਜੰਤਰ ਨਹੀਂ ਸਨ ਈਜਾਦ ਹੋਏ। ਇਸ ਦਾ ਮਤਲਬ ਹੈ ਕਿ ਸਿਰਫ਼ ਜ਼ਿੰਦਗੀ ਦੇ ਨਿਚੋੜ ਤੇ ਆਪਣੀ ਉੱਚ ਪੱਧਰੀ ਬੁੱਧੀ ਸਦਕਾ ਹੀ ਏਨੀ ਡੂੰਘੀ ਗੱਲ ਕੀਤੀ ਗਈ ਜਿਸ ਨੂੰ ਅੱਜ ਵਿਗਿਆਨ ਪ੍ਰਮਾਣਿਕ ਕਰ ਰਿਹਾ ਹੈ।

ਰਤਾ ਹੋਰ ਧਿਆਨ ਕਰੀਏ ਕਿ ਅਸੀਂ ਕਿੰਨਾ ਕੁ ਸੁਣਨ ਵਿਚ ਯਕੀਨ ਕਰਦੇ ਹਾਂ? ਕਿਸੇ ਦੂਜੇ ਨੂੰ ਪੂਰੀ ਗੱਲ ਵੀ ਨਹੀਂ ਕਰਨ ਦਿੰਦੇ। ਜੇ ਮੰਦਰਾਂ ਜਾਂ ਗੁਰਦੁਆਰਿਆਂ ਵਿਚ ਬਹਿੰਦੇ ਹਾਂ ਤਾਂ ਵੀ ਆਪਣੇ ਕੰਮਾਂ ਦੀਆਂ ਲਿਸਟਾਂ ਵਿਚ ਮਗਨ ਆਪਣੇ ਫ਼ੋਨਾਂ ਉੱਤੇ ਸੁਣੇਹੇ ਭੇਜਦੇ ਝਟਪਟ ਭੱਜਣ ਲਈ ਤਿਆਰ ਹੁੰਦੇ ਹਾਂ ਕਿ ਕਿਤੇ ਗ਼ਲਤੀ ਨਾਲ ਵੀ ਕੋਈ ਚੰਗੀ ਗੱਲ ਕੰਨ ਅੰਦਰ ਵੜ ਨਾ ਜਾਏ।

ਨਤੀਜਾ ਹੈ ਤਣਾਓ ਦਾ ਵਾਧਾ, ਕਾਹਲ ਸਦਕਾ ਐਕਸੀਡੈਂਟਾਂ ਤੇ ਹਾਰਟ ਅਟੈਕ ਨਾਲ ਵਧਦੀਆਂ ਮੌਤਾਂ, ਤਣਾਓ ਦੇ ਵਾਧੇ ਸਦਕਾ ਹੁੰਦੇ ਸ਼ੱਕਰ ਰੋਗ, ਬਲੱਡ ਪ੍ਰੈਸ਼ਰ, ਜੋੜਾਂ ਦਾ ਦਰਦ, ਐਲਰਜੀ ਤੇ ਹੋਰ ਅਨੇਕ ਰੋਗਾਂ ਦਾ ਸਰੀਰ ਨੂੰ ਜਕੜਨਾ! ਇਨ੍ਹਾਂ ਨਾਲ ਅਸੀਂ ਆਪਣੇ ਕਾਲ ਨੂੰ ਖਿੱਚ ਕੇ ਨੇੜੇ ਲਿਆ ਰਹੇ ਹਾਂ।

ਜੇ ਗੱਲ ਸਮਝ ਆ ਗਈ ਹੋਵੇ ਤਾਂ ਅੱਜ ਤੋਂ ਹੀ ਸੁਣਨ ਦੀ ਆਦਤ ਪਾਈਏ ਜਿਸ ਨਾਲ ਅਨੇਕ ਤਰ੍ਹਾਂ ਦੀਆਂ ਦੁੱਖ ਤਕਲੀਫ਼ਾਂ ਤੋਂ ਛੁਟਕਾਰਾ ਤਾਂ ਪਾਵਾਂਗੇ ਹੀ ਪਰ ਨਿੱਘੀਆਂ ਦੋਸਤੀਆਂ ਵੀ ਗੰਢ ਲਵਾਂਗੇ ਤੇ ਲੰਮੀ ਉਮਰ ਵੀ ਭੋਗ ਸਕਾਂਗੇ! ਘੱਟੋ ਘੱਟ ਇੱਕ ਵਾਰ ਤਾਂ ਮੇਰੀ ਗੱਲ ਧਿਆਨ ਨਾਲ ਸੁਣ ਲਓ ਜੀ।

**ਡਾ. ਹਰਸ਼ਿੰਦਰ ਕੌਰ**

Email: drharshpatiala@yahoo.com

# ਸਮੁੱਚੀ ਮਾਨਵਤਾ ਲਈ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼

**ਇਕਬਾਲ ਸਿੰਘ ਹਮਜਾਪੁਰ**

ਪੰਜਾਬ ਦਾ ਬਾਂਗਰ ਤੇ ਬਾਗੜ ਦਾ ਇਲਾਕਾ ਅੱਜ ਹਰਿਆਣਾ ਅਖਵਾਉਂਦਾ ਹੈ। ਹਰਿਆਣਾ ਨੂੰ ਦੇਵੀ-ਦੇਵਤਿਆਂ ਤੇ ਪੀਰਾਂ-ਫਕੀਰਾਂ ਦੀ ਧਰਤੀ ਦੀ ਸੰਗਿਆ ਦਿੱਤੀ ਗਈ ਹੈ। ਇਸੇ ਧਰਤੀ ’ਤੇ ਮਹਾਭਾਰਤ ਦਾ ਯੁੱਧ ਹੋਇਆ ਸੀ। ਇਸੇ ਧਰਤੀ ’ਤੇ ਕਪਿਲਮੁਨੀ, ਚਵਨ, ਵਿਸ਼ਵਾਮਿੱਤਰ ਤੇ ਵੇਦ ਵਿਆਸ ਜਿਹੇ ਰਿਸ਼ੀ ਤੇ ਹੋਰ ਸੰਤ-ਮਹਾਤਮਾ ਤਪ ਕਰਦੇ ਰਹੇ ਹਨ। ਇਥੇ ਦੇਵੀ-ਦੇਵਤਿਆਂ ਤੇ ਪੀਰਾਂ-ਫਕੀਰਾਂ ਨਾਲ ਜੁੜੀਆਂ ਅਨੇਕਾਂ ਮਿੱਥਾਂ ਪ੍ਰਚਲਿਤ ਹਨ।

ਬਾਂਗਰ ਤੇ ਬਾਗੜ ਭਾਵੇਂ ਪੰਜਾਬ ਦਾ ਹੀ ਇਕ ਹਿੱਸਾ ਰਿਹਾ ਹੈ, ਫਿਰ ਵੀ ਇਸ ਦੀ ਵੱਖਰੀ ਸੰਸਕ੍ਰਿਤੀ ਤੇ ਵੱਖਰਾ ਸਭਿਆਚਾਰ ਹੈ। ਇਹ ਉਹ ਇਲਾਕਾ ਹੈ, ਜਿੱਥੇ ਜਾਤ-ਬਰਾਦਰੀ ਦਾ ਭੇਦ ਅੱਜ ਵੀ ਜਿਉਂ ਦਾ ਤਿਉਂ ਹੈ। ਇਥੇ ਤੰਬਾਕੂ ਸੇਵਨ ਨੂੰ ਅਹਾਰ ਦਾ ਹਿੱਸਾ ਸਮਝਿਆ ਜਾਂਦਾ ਹੈ। ਤੰਬਾਕੂ ਸੇਵਨ ਦੇ ਨਾਲ-ਨਾਲ ਪਰਦਾ ਪ੍ਰਥਾ, ਔਰਤ ਦੀ ਅਜ਼ਾਦੀ, ਪਿਤਰ ਪੂਜਾ, ਪਿੱਤਰ ਭੋਜ ਤੇ ਮੂਰਤੀ ਪੂਜਾ ਇਸ ਇਲਾਕੇ ਦੀਆਂ ਸਦੀਆਂ ਤੋਂ ਚੱਲੀਆਂ ਆ ਰਹੀਆਂ ਹੋਰ ਅਲਾਮਤਾਂ ਹਨ।

ਬਾਂਗਰ ਤੇ ਬਾਗੜ ਵਿੱਚ ਸਦੀਆਂ ਤੋਂ ਪਾਣੀ ਦੀ ਘਾਟ ਰਹੀ ਹੈ। ਪਾਣੀ ਦੀ ਲੋੜ ਪੂਰਨ ਹਿਤ ਇਥੇ ਛੱਪੜ, ਸਰੋਵਰ, ਖੂਹ ਤੇ ਬਾਉਲੀਆਂ ਬਣਾਈਆਂ ਜਾਂਦੀਆਂ ਰਹੀਆਂ ਹਨ। ਪਰ ਇਨ੍ਹਾਂ ਲੋਕਾਂ ਨੇ ਕਦੇ ਪਾਣੀ ਦੀ ਸਵਛਤਾ ਵੱਲ ਧਿਆਨ ਨਹੀਂ ਦਿੱਤਾ। ਪਾਣੀ ਨੂੰ ਮਲੀਨ ਕਰਨਾ, ਇਨ੍ਹਾਂ ਲੋਕਾਂ ਦੀ ਇਕ ਹੋਰ ਅਲਾਮਤ ਹੈ। ਅਲਾਮਤਾਂ ਵਿੰਨੇ ਬਾਂਗਰ ਤੇ ਬਾਗੜ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਵੇਸ਼ ਇਕ ਵੱਡੀ ਕ੍ਰਾਂਤੀ ਦਾ ਲਖਾਇਕ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਂਗਰ ਤੇ ਬਾਗੜ ਦੀ ਯਾਤਰਾ ਕਈ ਪੱਖਾਂ ਤੋਂ ਮਹੱਤਵਪੂਰਨ ਹੈ। ਗੁਰੂ ਨਾਨਕ ਦੇਵ ਜੀ ਇਥੇ ਸਮਕਾਲੀ ਸਾਧੂ-ਸੰਤਾਂ ਨਾਲ ਗੋਸ਼ਟਾਂ ਕਰਦੇ ਹਨ। ਗੁਰੂ ਨਾਨਕ ਦੇਵ ਜੀ ਇਥੇ ਮੇਲਿਆਂ ਸਮੇਂ ਆਉਂਦੇ ਹਨ। ਗੁਰੂ ਜੀ ਇਥੇ ਮੇਲਿਆਂ ਵਿੱਚ ਇਕ ਸ਼ਰਧਾਲੂ ਵਜੋਂ ਪ੍ਰਵੇਸ਼ ਕਰਦੇ ਹਨ। ਗੁਰੂ ਨਾਨਕ ਦੇਵ ਜੀ ਬੜੇ ਮੌਲਿਕ ਤੇ ਵਿਲੱਖਣ ਢੰਗ ਨਾਲ ਸ਼ਰਧਾ ਨੂੰ ਸੰਦੇਸ਼ ਦਿੰਦੇ ਹਨ। ਗੁਰੂ ਜੀ ਕਿਧਰੇ ਵੀ ਬਾਂਗਰ ਤੇ ਬਾਗੜ ਦੇ ਮੇਲਿਆਂ ਨਾਲ ਜੁੜੀਆਂ ਮਿੱਥਾਂ ਨੂੰ ਚੈਲੰਜ ਨਹੀਂ ਕਰਦੇ ਤੇ ਮੇਲਿਆਂ ਸਮੇਂ ਜੁੜੀ ਸ਼ਰਧਾ ਦੀਆਂ ਭਾਵਨਾਵਾਂ ਨੂੰ ਠੇਸ ਪਹੁਚਾਉਂਦੇ ਨਜ਼ਰ ਨਹੀਂ ਆਉਂਦੇ। ਗੁਰੂ ਨਾਨਕ ਦੇਵ ਜੀ ਬੜੇ ਸਹਿਜ ਢੰਗ ਨਾਲ ਬਾਣੀ ਉਚਾਰਦੇ ਹੋਏ ਪ੍ਰਚਲਿਤ ਮਾਨਤਾਵਾਂ ਵਿੱਚ ਛੁਪੀਆਂ ਕੁਰੀਤੀਆਂ ਤੇ ਸਮੇਂ ਨਾਲ ਆਏ ਵਿਕਾਰਾਂ ਦਾ ਪਰਦਾਫਾਸ਼ ਕਰਦੇ ਹਨ।

ਬਾਂਗਰ ਤੇ ਬਾਗੜ ਦੀ ਯਾਤਰਾ ਦੇ ਮਹੱਤਵ ਨੂੰ ਵੇਖਦਿਆਂ ਹਰਿਆਣਾ ਸਰਕਾਰ ਨੇ ਵੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਵਰ੍ਹੇ ਨੂੰ ਸਰਕਾਰੀ ਪੱਧਰ ’ਤੇ ਮਨਾਉਣ ਦਾ ਐਲਾਨ ਕੀਤਾ ਹੈ। ਆਓ ਬਾਂਗਰ ਤੇ ਬਾਗੜ ਦੇ ਮੇਲਿਆਂ ਨਾਲ ਜੁੜੀਆਂ ਮਿੱਥਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਇਸ ਇਲਾਕੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਵੇਸ਼ ਨਾਲ ਹੋਏ ਕ੍ਰਾਂਤੀਕਾਰੀ ਬਦਲਾਅ ਦੀ ਨਿਸ਼ਾਨਦੇਹੀ ਕਰਦੇ ਹਾਂ।

ਸਾਖੀ ਸਾਹਿਤ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ (ਯਾਤਰਾਵਾਂ) ਦਾ ਪ੍ਰਮਾਣਿਕ ਸਰੋਤ ਸਵੀਕਾਰ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਬਾਂਗਰ ਤੇ ਬਾਗੜ ਦੇ ਇਲਾਕੇ ਵਿੱਚ ਆਉਣ ਦੇ ਪ੍ਰਮਾਣ ਸਾਖੀ ਸਾਹਿਤ ਵਿੱਚੋਂ ਮਿਲਦੇ ਹਨ। ਗੁਰੂ ਜੀ ਦੇ ਚਰਣ ਛੋਹ ਪ੍ਰਾਪਤ ਸਥਾਨਾਂ ਦੀ ਨਿਸ਼ਾਨ ਦੇਹੀ ਕਰਨ ਹਿਤ ਆਮ ਤੌਰ 'ਤੇ ਪੁਰਾਤਨ ਜਨਮ ਸਾਖੀ, ਸੋਢੀ ਮਿਹਰਬਾਨ ਵਾਲੀ ਜਨਮ ਸਾਖੀ, ਭਾਈ ਬਾਲੇ ਵਾਲੀ ਜਨਮ ਸਾਖੀ ਤੇ ਭਾਈ ਗੁਰਦਾਸ ਰਚਿਤ ਸਾਹਿਤ ਦੇ ਪ੍ਰਮਾਣ ਦਿੱਤੇ ਜਾਂਦੇ ਹਨ।

ਗੁਰੂ ਜੀ ਦੀਆਂ ਉਦਾਸੀਆਂ ਸੰਬੰਧੀ ਸਾਰੇ ਸਾਖੀਕਾਰ ਇਕ ਮਤ ਨਹੀਂ ਹਨ। ਹਰ ਸਾਖੀਕਾਰ ਨੇ ਗੁਰੂ ਜੀ ਦੀਆਂ ਯਾਤਰਾਵਾਂ ਦਾ ਵੱਖੋ-ਵੱਖਰਾ ਰਾਹ ਵਿਖਾਇਆ ਹੈ। ਉਨ੍ਹਾਂ ਉਦਾਸੀਆਂ ਅਤੇ ਗੁਰੂ ਜੀ ਦੇ ਚਰਨ ਛੋਹ ਪ੍ਰਾਪਤ ਥਾਂਵਾਂ ਦੀ ਗਿਣਤੀ ਵਿੱਚ ਵੀ ਫ਼ਰਕ ਕੀਤਾ ਹੈ। ਮਿਹਰਬਾਨ ਵਾਲੀ ਜਨਮ ਸਾਖੀ ਵਿਚ ਗੁਰੂ ਜੀ ਦੀ ਪੂਰਬ ਤੇ ਦੱਖਣ ਦੀ ਇੱਕੋ ਉਦਾਸੀ ਹੈ ਪਰ ਪੁਰਾਤਨ ਜਨਮ ਸਾਖੀ ਅਨੁਸਾਰ ਅੱਡੋ-ਅੱਡ। ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਜੀ ਬਾਂਗਰ ਤੇ ਬਾਗੜ ਵਿੱਚ ਸਿਰਫ਼ ਪਾਣੀਪਤ ਪਧਾਰੇ ਹਨ ਤੇ ਮਿਹਰਬਾਨ ਅਨੁਸਾਰ ਸਿਰਫ਼ ਕੁਰਕਸ਼ੇਤਰ। ਬਾਂਗਰ ਤੇ ਬਾਗੜ ਵਿੱਚ ਗੁਰੂ ਜੀ ਦੇ ਚਰਣ ਛੋਹ ਪ੍ਰਾਪਤ ਹੋਰ ਅਸਥਾਨਾਂ ਦਾ ਇਨ੍ਹਾਂ ਸਾਖੀਕਾਰਾਂ ਨੇ ਵੇਰਵਾ ਨਹੀਂ ਦਿੱਤਾ। ਗੁਰੂ ਨਾਨਕ ਦੇਵ ਜੀ ਦੇ ਪਹਿਲੀ ਉਦਾਸੀ ਸਮੇਂ ਬਾਂਗਰ ਵਿੱਚ ਕਰਾ, ਪੇਹਵਾ, ਕੁਰਕਸ਼ੇਤਰ, ਕਰਨਾਲ ਤੇ ਪਾਣੀਪਤ ਆਉਣ ਦੇ ਵੇਰਵੇ ਮਿਲਦੇ ਹਨ। ਗੁਰੂ ਜੀ ਵਾਪਸੀ ਸਮੇਂ ਫਿਰ ਮਥੁਰਾ ਤੋਂ ਬਾਂਗਰ ਵਿੱਚ ਪ੍ਰਵੇਸ਼ ਕਰਦੇ ਹਨ। ਗੁਰੂ ਨਾਨਕ ਦੇਵ ਜੀ ਬਾਂਗਰ ਤੇ ਬਾਗੜ ਵਿੱਚ ਸਰੋਵਰਾਂ, ਬਾਗ-ਬਗੀਚਿਆਂ ਤੇ ਨਿਰਮਲ ਪਾਣੀਆਂ ਕੰਢੇ ਡੇਰਾ ਜਮਾਉਂਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਦੇਸ਼ ਵਿਦੇਸ਼ ਦੇ ਤੀਰਥਾਂ ਦਾ ਭ੍ਰਮਣ ਕਰਕੇ ਜੁੜਨ ਵਾਲੀ ਸਰਧਾ ਨੂੰ ਤੀਰਥਾਂ ਦੀ ਮਰਿਆਦਾ ਕਾਇਮ ਰੱਖਣ ਦਾ ਉਪਦੇਸ਼ ਦਿੱਤਾ ਸੀ। ਨਾਲ ਹੀ ਗੁਰੂ ਜੀ ਨੇ ਤੀਰਥਾਂ ਉਪਰ ਜੁੜਨ ਵਾਲੀ ਭੋਲੀ-ਭਾਲੀ ਸ਼ਰਧਾ ਨੂੰ ਪਾਖੰਡੀਆਂ ਦੀ ਲੁਟ-ਖਸੁਟ ਤੋਂ ਵੀ ਬਚਾਇਆ ਹੈ। ਗੁਰੂ ਨਾਨਕ ਦੇਵ ਜੀ 1561 ਬਿਕ੍ਰਮੀ ਸੰਮਤ ਭਾਵ 1504 ਈਸਵੀ ਵਿਚ ਪ੍ਰਥੂਦਕ ਤੀਰਥ ਪੇਹਵਾ ਵਿਖੇ ਆਉਂਦੇ ਹਨ।

ਪ੍ਰਥੂਦਕ ਤੋਂ ਵਿਗੜ ਕੇ 'ਪੇਹਵਾ' ਸ਼ਬਦ ਹੋਂਦ ਵਿਚ ਆਇਆ ਹੈ। ਪ੍ਰਥੂ ਰਾਜੇ ਵੇਨ ਦੇ ਰਾਜਕੁਮਾਰ ਦਾ ਨਾਂ ਸੀ ਤੇ 'ਉਦਕ' ਪਾਣੀ ਨੂੰ ਕਿਹਾ ਜਾਂਦਾ ਹੈ। ਪ੍ਰਥੂ ਕੋੜ੍ਹ ਨਾਲ ਪੀੜਤ ਸੀ। ਪ੍ਰਥੂ ਨੇ ਅਨੇਕਾਂ ਵੈਦਾਂ ਕੋਲੋਂ ਇਲਾਜ ਕਰਵਾਇਆ ਸੀ ਪਰ ਉਸਦਾ ਕੋੜ੍ਹ ਦੂਰ ਨਹੀਂ ਸੀ ਹੋਇਆ। ਅਚਾਨਕ ਇਕ ਦਿਨ ਪ੍ਰਥੂ ਨੇ ਸਰਸਵਤੀ ਨਦੀ ਵਿਚ ਇਸ਼ਨਾਨ ਕੀਤਾ ਸੀ ਤੇ ਉਸਨੂੰ ਕੋੜ੍ਹ ਤੋਂ ਕੁਝ ਰਾਹਤ ਮਿਲ ਗਈ ਸੀ। ਫਿਰ ਪ੍ਰਥੂ ਲਗਾਤਾਰ ਸਰਸਵਤੀ ਵਿਚ ਇਸ਼ਨਾਨ ਕਰਨ ਲੱਗਾ ਸੀ ਤੇ ਉਸਦਾ ਕੋੜ੍ਹ ਠੀਕ ਹੋ ਗਿਆ ਸੀ। ਬਾਅਦ ਵਿਚ ਜਦੋਂ ਰਾਜਾ ਵੇਨ ਪਰਲੋਕ ਸਿਧਾਰ ਗਿਆ ਸੀ, ਰਾਜੇ ਦੀਆਂ ਅੰਤਿਮ ਕਿਰਿਆਵਾਂ ਨਿਪਟਾ ਕੇ ਪ੍ਰਥੂ ਸਰਸਵਤੀ ਕੰਢੇ ਆਣ ਬੈਠਾ। ਪ੍ਰਥੂ ਨੇ ਰਾਜੇ ਵੇਨ ਦੀ ਆਤਮਿਕ ਸ਼ਾਂਤੀ ਲਈ ਕੁਝ ਚੰਗਾ ਤੇ ਵੱਖਰਾ ਕਰਨ ਦੀ ਸੋਚੀ। ਪ੍ਰਥੂ ਲਗਾਤਾਰ ਬਾਰ੍ਹਾਂ ਦਿਨ ਸਰਸਵਤੀ ਦੇ ਕੰਢੇ ਬੈਠਾ ਰਿਹਾ ਤੇ ਸਰਸਵਤੀ ਦੇ ਜਲ ਦੇ ਮਹੱਤਵ ਨੂੰ ਵੇਖਦਿਆਂ ਆਉਣ ਜਾਣ ਵਾਲਿਆਂ ਨੂੰ ਸਰਸਵਤੀ ਦਾ ਜਲ ਛਕਾਉਂਦਾ ਰਿਹਾ। ਰਾਜੇ ਵੇਨ ਦੀ ਯਾਦ ਵਿਚ ਜਿਸ ਥਾਂ ਪ੍ਰਥੂ ਨੇ ਛਬੀਲ ਲਗਾਈ ਸੀ ਤੇ ਜਿਸ ਥਾਂ ਇਸ਼ਨਾਨ ਕਰਨ ਸਦਕਾ ਪ੍ਰਥੂ ਦਾ ਕੋੜ੍ਹ ਠੀਕ ਹੋਇਆ ਸੀ, ਬਾਅਦ ਵਿਚ ਉਸ ਥਾਂ 'ਤੇ ਸੰਗਤ ਜੁੜਨ ਲੱਗੀ ਤੇ ਉਹ ਥਾਂ ਤੀਰਥ ਬਣ ਗਈ। ਪੇਹਵਾ ਵਿਖੇ

ਸਰਸਵਤੀ ਕੰਢੇ ਸ਼ਰਧਾ ਜੁੜਨ ਦਾ ਕ੍ਰਮ ਸਦੀਆਂ ਤੋਂ ਜਾਰੀ ਹੈ। ਹਰ ਮਹੀਨੇ ਚੌਦਸ ਨੂੰ ਸਰਸਵਤੀ ਵਿੱਚ ਟੁੱਭੀ ਲਗਾ ਕੇ ਸੰਗਤ ਆਪਣੇ-ਆਪ ਨੂੰ ਵਡਭਾਗੀ ਸਮਝਦੀ ਹੈ।

1561 ਬਿਕ੍ਰਮੀ ਸੰਮਤ ਵਿਚ ਚੇਤਰ ਦੀ ਚੌਦਸ ਨੂੰ ਗੁਰੂ ਨਾਨਕ ਦੇਵ ਜੀ ਵੀ ਸਰਧਾ ਵਿਚ ਸ਼ਾਮਲ ਹੋ ਕੇ ਸਰਸਵਤੀ ਦੇ ਇਸ ਘਾਟ ਉੱਪਰ ਆਣ ਬੈਠੇ ਸਨ। ਗੁਰੂ ਜੀ ਨੇ ਸੰਗਤ ਨੂੰ ਸਰਸਵਤੀ ਦੇ ਪਵਿੱਤਰ ਜਲ ਨੂੰ ਮਲੀਨ ਨਾ ਕਰਨ ਦਾ ਸੰਦੇਸ਼ ਦੇਣ ਤੋਂ ਬਾਅਦ ਵੇਖਿਆ ਕਿ ਘਾਟ ਦੇ ਆਲੇ-ਦੁਆਲੇ ਕੁਝ ਪਾਖੰਡੀ ਸਾਧੂਆਂ ਨੇ ਡੇਰਾ ਜਮਾਇਆ ਹੋਇਆ ਹੈ। ਪਾਖੰਡੀ ਸਾਧੂ ਦਾਨ ਦੇ ਨਾਂ ਤੇ ਤਰ੍ਹਾਂ-ਤਰ੍ਹਾਂ ਦੇ ਪਾਖੰਡ ਕਰਕੇ ਸ਼ਰਧਾਲੂਆਂ ਨੂੰ ਲੁਟ ਰਹੇ ਸਨ। ਸਾਧੂ ਦਾਨ ਦੇ ਰੂਪ ਵਿਚ ਇਕੱਠੇ ਕੀਤੇ ਧਨ ਨੂੰ ਕਿਸੇ ਧਰਮ ਦੇ ਕੰਮ ਤੇ ਨਾ ਲਾ ਕੇ ਸਗੋਂ ਲੁੱਟੇ ਧਨ ਨਾਲ ਮੀਟ ਖਾਂਦੇ ਸਨ ਤੇ ਸ਼ਰਾਬਾਂ ਪੀਂਦੇ ਸਨ।

ਪਾਖੰਡੀ ਸਾਧੂਆਂ ਨੇ ਇਕ ਕੰਨ ਦੀ ਵਾਲ਼ੀ ਰੱਥ ਦੇ ਪਹੀਏ ਜਿੱਡੀ ਬਣਾ ਕੇ ਪਵਿੱਤਰ ਸਰਸਵਤੀ ਵਿਚ ਸੁੱਟੀ ਹੋਈ ਸੀ। ਸਾਧੂ ਸ਼ਰਧਾ ਨੂੰ ਰੱਥ ਦੇ ਪਹੀਏ ਜਿੱਡੀ ਵਾਲ਼ੀ ਵਿਖਾਉਂਦੇ ਹੋਏ ਆਖਦੇ:

'ਇਹ ਇਕ ਬੁੱਢੀ ਮਾਈ ਦੇ ਕੰਨ ਦੀ ਵਾਲ਼ੀ ਹੈ। ਬੁੱਢੀ ਮਾਈ ਕਲ੍ਹ ਹੀ ਆਪਣੇ ਕੰਨੋਂ ਲਾਹ ਕੇ ਸਰਸਵਤੀ ਨੂੰ ਦਾਨ ਕਰਕੇ ਗਈ ਸੀ ਤੇ ਅੱਜ ਰੱਥ ਦੇ ਪਹੀਏ ਜਿੱਡੀ ਬਣ ਗਈ ਹੈ। ਇਸ ਵਾਲ਼ੀ ਵਾਂਗ ਦਾਨ ਦੇਣ ਵਾਲੇ ਦਾ ਧਨ ਵੀ ਵਧਦਾ ਹੈ।'

ਗੁਰੂ ਜੀ ਨੇ ਸਾਧੂਆਂ ਦੇ ਪਾਖੰਡ ਨੂੰ ਵੇਖਿਆ ਤੇ ਫਰਮਾਇਆ-'ਜੋ ਇਸ ਪਵਿੱਤਰ ਤੀਰਥ ਉਪਰ ਪਾਪ ਕਮਾਉਂਦੇ ਹਨ, ਉਨ੍ਹਾਂ ਦਾ ਪਾਪ ਵੀ ਬੁੱਢੀ ਮਾਈ ਦੇ ਵਾਲ਼ੇ ਵਾਂਗ ਵਧੇਗਾ।' ਤੇ ਸਾਧੂ ਬਾਬੇ ਨਾਨਕ ਦੀ ਦਲੀਲ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਗੁਰੂ ਜੀ ਦੇ ਚਰਣ ਆਣ ਫੜ੍ਹੇ ਤੇ ਭੁੱਲ ਬਖਸ਼ਾਈ।

ਗੁਰੁ ਨਾਨਕ ਜੀ ਹਰਿਦੁਆਰ ਤੋਂ ਸਹਾਰਨਪੁਰ ਹੁੰਦੇ ਹੋਏ ਬਿਕ੍ਰਮੀ ਸੰਮਤ 1584 ਨੂੰ ਯਮੁਨਾਨਗਰ ਜ਼ਿਲੇ ਦੇ ਕਪਾਲਮੋਚਨ ਅਸਥਾਨ ਤੇ ਪੁੱਜੇ ਸਨ। ਕਪਾਲਮੋਚਨ ਵਿਖੇ ਗੁਰੂ ਜੀ ਦੀ ਆਮਦ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ 'ਤਵਾਰੀਖ ਗੁਰੂ ਖਾਲਸਾ' ਤੇ ਗਿਆਨੀ ਤਰਲੋਕ ਸਿੰਘ ਨੇ ਆਪਣੀ ਪੁਸਤਕ 'ਜੀਵਨ ਦਸ ਗੁਰੂ ਸਾਹਿਬਾਨ' ਵਿਚ ਵੀ ਕੀਤਾ ਹੈ।

ਇਕ ਮਿੱਥ ਅਨੁਸਾਰ ਵਿਸ਼ਨੂੰ ਦੇ ਅੱਠਵੇਂ ਅਵਤਾਰ ਸ਼੍ਰੀ ਰਾਮ ਚੰਦਰ ਜਦੋਂ ਰਾਖਸ਼ਾਂ ਨੂੰ ਮਾਰ ਰਹੇ ਸਨ ਤਾਂ ਇਕ ਰਾਖਸ਼ ਦਾ ਸਿਰ, ਧੜ ਨਾਲੋਂ ਵੱਖ ਹੋਕੇ ਮਦੋਦਰ ਰਿਸ਼ੀ ਦੇ ਧੜ ਨਾਲ ਜੁੜ ਗਿਆ ਸੀ। ਬਾਅਦ ਵਿਚ ਮਦੋਦਰ ਰਿਸ਼ੀ ਨੇ ਸਿਰ, ਧੜ ਨਾਲੋਂ ਵੱਖ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਹੱਥ-ਕੰਢੇ ਅਪਣਾਏ। ਪਰ ਸਿਰ, ਧੜ ਨਾਲੋਂ ਵੱਖ ਨਾ ਹੋਇਆ। ਮਦੋਦਰ ਰਿਸ਼ੀ ਦੇ ਕਪਾਲਮੋਚਨ ਤੀਰਥ 'ਤੇ ਇਸ਼ਨਾਨ ਕਰਨ ਦੀ ਦੇਰ ਸੀ ਕਿ ਸਿਰ, ਧੜ ਨਾਲੋਂ ਵੱਖ ਹੋ ਗਿਆ। ਇਸੇ ਮਿੱਥ ਅਧੀਨ ਹੀ ਇਸ ਅਸਥਾਨ ਦਾ ਨਾਮਕਰਣ 'ਕਪਾਲਮੋਚਨ' ਹੋਇਆ ਹੈ। 'ਕਪਾਲ' ਸਿਰ ਨੂੰ ਕਿਹਾ ਜਾਂਦਾ ਹੈ ਤੇ 'ਮੋਚਨ' ਤੋਂ ਭਾਵ ਹੈ-ਵੱਖ ਹੋਣਾ। ਇਸ ਤੀਰਥ ਦਾ ਪ੍ਰਾਚੀਨ ਨਾਂ 'ਔਸ਼ਨਮ ਤੀਰਥ' ਸੀ। ਸਿਰ, ਧੜ ਨਾਲੋਂ ਵੱਖ ਹੋਣ ਤੇ 'ਔਸ਼ਨਮ ਤੀਰਥ' ਨੂੰ ਕਪਾਲਮੋਚਨ ਕਿਹਾ ਜਾਣ ਲੱਗਾ।

ਕਿਹਾ ਜਾਂਦਾ ਹੈ ਕਿ ਬ੍ਰਹਮ-ਹਤਿਆ ਦੇ ਪਾਪ ਤੋਂ ਮੁਕਤ ਹੋਣ ਲਈ ਸ਼ਿਵ ਜੀ ਨੇ ਚਾਰਾਂ ਧਾਮਾਂ ਤੇ

ਚੌਰਾਸੀ ਤੀਰਥਾਂ ਤੇ ਜਾਕੇ ਇਸ਼ਨਾਨ ਕੀਤਾ ਸੀ ਪਰ ਉਨ੍ਹਾਂ ਦਾ ਪਾਪ ਨਹੀਂ ਉਤਰਿਆ ਸੀ। ਫਿਰ ਸ਼ਿਵ ਜੀ ਘੁੰਮਦੇ-ਘੁਮਾਉਂਦੇ ਕਪਾਲਮੋਚਨ ਵਿਖੇ ਪੁੱਜੇ ਸਨ। ਸ਼ਿਵ ਜੀ ਨੇ ਕਪਾਲਮੋਚਨ ਤੀਰਥ ਵਿਖੇ ਇਸ਼ਨਾਨ ਕੀਤਾ ਸੀ ਤੇ ਸ਼ਿਵ ਜੀ ਸਿਰ ਚੜ੍ਹਿਆ ਬ੍ਰਹਮ-ਪਾਪ ਉੱਤਰ ਗਿਆ ਸੀ। ਮਹਾਭਾਰਤ ਦੇ ਯੁੱਧ ਤੋਂ ਬਾਅਦ ਕ੍ਰਿਸ਼ਨ ਤੇ ਬਲਰਾਮ ਨਾਲ ਪਾਂਡਵਾਂ ਨੇ ਵੀ ਪਾਪਾਂ ਤੋਂ ਮੁਕਤੀ ਪਾਉਣ ਦੇ ਇਰਾਦੇ ਨਾਲ ਇਥੇ ਇਸ਼ਨਾਨ ਕੀਤਾ ਸੀ।

ਸ਼ਰਧਾ, ਕਪਾਲਮੋਚਨ ਵਿਖੇ ਹਰ ਵਰ੍ਹੇ ਕੱਤਕ ਦੀ ਪੂਰਨਮਾਸ਼ੀ ਨੂੰ ਦੂਜ ਦੇ ਚੰਦ ਦੀ ਸ਼ਕਲ ਵਿੱਚ ਬਣੇ ਸਰੋਵਰਾਂ ਵਿੱਚ ਇਸ਼ਨਾਨ ਕਰਕੇ ਆਪਣੇ ਆਪ ਨੂੰ ਵਡਭਾਗੀ ਸਮਝਦੀ ਹੈ। ਗੁਰੂ ਨਾਨਕ ਦੇਵ ਜੀ ਵੀ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਇਨ੍ਹਾਂ ਸਰੋਵਰਾਂ ਕੰਢੇ ਡੇਰਾ ਜਮਾਉਂਦੇ ਹਨ। ਗੁਰੂ ਨਾਨਕ ਦੇਵ ਜੀ ਉਪਰੋਕਤ ਮਿੱਥਾਂ ਵਿੱਚ ਛਿਪੇ ਸੰਦੇਸ਼ ਨੂੰ ਮਹੱਤਵਪੂਰਨ ਸਮਝਦੇ ਹਨ ਪਰ ਗੁਰੂ ਜੀ ਸ਼ਰਧਾ ਦੀ ਇਕ ਹੋਰ ਕੁਰੀਤ ਨੂੰ ਤੋੜਦੇ ਹਨ।

ਕਪਾਲਮੋਚਨ ਮੇਲੇ ਸਮੇਂ ਤੇ ਇਥੇ ਗੁਰੂ ਜੀ ਦੇ ਪੜਾਅ ਵੇਲੇ ਇਕ ਸੱਜਣ ਨੇ ਲੰਗਰ ਦਾ ਪ੍ਰਬੰਧ ਕੀਤਾ ਹੋਇਆ ਸੀ ਤੇ ਲੰਗਰ ਦੇ ਚੱਲਦਿਆਂ ਉਕਤ ਸੱਜਣ ਦੇ ਘਰ ਪੁੱਤਰ ਦਾ ਜਨਮ ਹੋਇਆ। ਪੁੱਤਰ ਦੇ ਜਨਮ ਦੀ ਖ਼ਬਰ ਸੁਣ ਕੇ ਲੰਗਰ ਛੱਕਣ ਲਈ ਜੁੜੇ ਸਾਰੇ ਪੰਡਤਾਂ ਨੇ ਸੂਤਕ ਕਹਿ ਕੇ ਭੋਜਨ ਖਾਣਾ ਛੱਡ ਦਿੱਤਾ ਸੀ। ਕਪਾਲਮੋਚਨ ਵਿਖੇ ਉਸ ਵਕਤ ਗੁਰੂ ਨਾਨਕ ਦੇਵ ਜੀ ਨੇ ਸਲੋਕ ਉਚਾਰਦੇ ਹੋਏ ਸੂਤਕ ਦਾ ਭਰਮ ਨਾ ਕਰਨ ਦਾ ਉਪਦੇਸ਼ ਦਿੱਤਾ ਸੀ। ਗੁਰੂ ਜੀ ਨੇ ਫਰਮਾਇਆ ਸੀ।

**ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥**
**ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥**
**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥**
**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥**

ਗੁਰੂ ਜੀ ਬਿਕ੍ਰਮੀ ਸੰਮਤ 1558 (ਗੁਰਦੁਆਰਾ ਸਾਹਿਬ ਦੇ ਸਰੋਤਾਂ ਅਨੁਸਾਰ) ਨੂੰ ਵਿਸਾਖ ਦੀ ਅਮਾਵਸ ਤੇ ਸੂਰਜ ਗ੍ਰਹਿਣ ਸਮੇਂ ਕੁਰਕਸ਼ੇਤਰ ਪਧਾਰੇ ਸਨ। ਗੁਰੂ ਜੀ ਨੇ ਇਥੇ ਬ੍ਰਹਮ ਸਰੋਵਰ ਨੇੜੇ ਪੜਾਅ ਕੀਤਾ ਸੀ। ਇਥੋਂ ਦੇ ਲੋਕਾਂ ਵਿੱਚ ਇਹ ਵਹਿਮ ਪ੍ਰਚਲਿਤ ਸੀ ਕਿ ਗ੍ਰਹਿਣ ਸਮੇਂ ਭੋਜਨ ਨਹੀਂ ਪਕਾਉਣਾ। ਗ੍ਰਹਿਣ ਸਮੇਂ ਭੋਜਨ ਪਕਾਉਣ ਤੇ ਪਾਪ ਲਗਦਾ ਹੈ। ਗੁਰੂ ਜੀ ਨੇ ਅੱਗ ਬਾਲ਼ੀ ਤੇ ਭੋਜਨ ਤਿਆਰ ਕਰਨ ਦਾ ਆਦੇਸ਼ ਦੇ ਕੇ ਸੰਗਤ ਦਾ ਉਪਰੋਕਤ ਵਹਿਮ ਦੂਰ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਬਾਂਗਰ ਤੇ ਬਾਗੜ ਦੀ ਲੋਕਾਈ ਨੂੰ ਸੰਦੇਸ਼ ਦਿੱਤਾ ਸੀ ਕਿ ਕਰਾਮਾਤ ਸਿਰਫ਼ ਪਰਮਾਤਮਾ ਹੀ ਕਰ ਸਕਦੇ ਹਨ ਤੇ ਤਪ-ਸੰਤੋਖ ਦੀ ਕੋਈ ਥਾਹ ਨਹੀਂ ਹੁੰਦੀ। ਗੁਰੂ ਜੀ ਕਰਾਮਾਤ ਕਰਨ ਵਾਲੇ ਸਿਰਸਾ ਵਿਖੇ ਸਿੱਧਾਂ, ਕਰਨਾਲ ਵਿਖੇ ਅਬੂ ਅਲੀ ਕਲੰਦਰ ਤੇ ਪਾਣੀਪਤ ਵਿਖੇ ਸ਼ੇਖ ਸ਼ਰਫ਼ ਨਾਲ ਗੋਸ਼ਟਾਂ ਕਰਦੇ ਹੋਏ ਭੁੱਲੀ ਭਟਕੀ ਲੋਕਾਈ ਨੂੰ ਸਿੱਧੇ ਰਾਹ ਪਾਉਂਦੇ ਹਨ।

14 ਹਾੜ ਬਿਕ੍ਰਮੀ ਸੰਮਤ 1567 ਨੂੰ ਗੁਰੂ ਨਾਨਕ ਦੇਵ ਜੀ ਸਿੱਧਾ ਦੇ ਮੇਲੇ ਵਿਚ ਸ਼ਰਧਾਲੂ ਬਣ ਕੇ

ਸਿਰਸਾ ਪਹੁੰਚਦੇ ਹਨ। ਗੁਰੂ ਜੀ ਇਥੇ ਆਣ ਕੇ ਭਾਈ ਮਰਦਾਨੇ ਨੂੰ ਰਬਾਬ ਵਜਾਉਣ ਲਈ ਆਖਦੇ ਹਨ ਤੇ ਭੀੜ ਨੂੰ ਉਪਦੇਸ਼ ਦਿੰਦੇ ਹਨ:

'ਨਾ ਕੋਈ ਹਿੰਦੂ ਹੈ ਤੇ ਨਾ ਮੁਸਲਮਾਨ। ਬੰਦੇ ਨੂੰ ਹਮੇਸ਼ਾ ਖੁਦਾ ਨੂੰ ਯਾਦ ਰੱਖਣਾ ਚਾਹੀਦਾ ਤੇ ਮੁਹਬਤ, ਨੇਕੀ ਅਤੇ ਸਚਾਈ ਦੀ ਰਾਹ 'ਤੇ ਚੱਲਣ ਵਾਲੇ ਨੂੰ ਮੁਕਤੀ ਮਿਲਦੀ ਹੈ। ਮੈਂ ਰੱਬ ਦਾ ਬੰਦਾ ਰੱਬ ਦਾ ਉਪਦੇਸ਼ ਦੇਣ ਲਈ ਇੱਥੇ ਮੇਲੇ ਵਿਚ ਆਇਆ ਹਾਂ।'

ਕਹਿੰਦੇ ਹਨ ਕਿ ਉਸ ਵਕਤ ਸ਼ਰਧਾ, ਗੁਰੂ ਜੀ ਦੇ ਵਿਚਾਰਾਂ ਤੋਂ ਏਨਾ ਪ੍ਰਭਾਵਿਤ ਹੋਈ ਸੀ ਕਿ ਸਿੱਧਾਂ ਦੇ ਮੇਲੇ ਵਿਚ ਜੁੜੀ ਸ਼ਰਧਾ ਦਾ ਝੁਕਾ ਗੁਰੂ ਨਾਨਕ ਦੇਵ ਜੀ ਵੱਲ ਹੋ ਗਿਆ ਸੀ।

ਸ਼ਰਧਾ ਦਾ ਝੁਕਾ ਗੁਰੂ ਜੀ ਵੱਲ ਵੇਖ ਕੇ ਸਿੱਧ ਗੁੱਸੇ ਵਿਚ ਆ ਗਏ ਤੇ ਸਿੱਧਾਂ ਨੇ ਗੁਰੂ ਜੀ ਦੀ ਪ੍ਰੀਖਿਆ ਲੈਣੀ ਸ਼ੁਰੂ ਕਰ ਦਿੱਤੀ। ਸਿੱਧਾਂ ਨੇ ਗੁਰੂ ਜੀ ਨੂੰ ਸਿੱਧ ਬਾਬਾ ਅਬਦੁਲ ਸ਼ੁਕਰ ਤੇ ਪੀਰ ਬਹਾਵਲ ਨਾਲ ਗੁਫ਼ਾ ਵਿਚ ਬਹਿ ਕੇ ਚਾਲ੍ਹੀ ਦਿਨਾਂ ਤਕ ਤਪ ਕਰਨ ਲਈ ਕਿਹਾ। ਸ਼ਰਤ ਇਹ ਸੀ ਕਿ ਇਨ੍ਹਾਂ ਚਾਲ੍ਹੀ ਦਿਨਾਂ ਵਿਚ ਸਿਰਫ਼ ਚਾਲ੍ਹੀ ਜੌਆਂ ਦੇ ਦਾਣੇ ਤੇ ਚਾਲ੍ਹੀ ਘੁਟ ਪਾਣੀ ਨਾਲ ਗੁਜ਼ਾਰਾ /ਕਰਨਾ ਸੀ। ਪਰ ਗੁਰੂ ਜੀ ਨੇ ਅੱਤ ਦੀ ਗਰਮੀ ਦੇ ਇਨ੍ਹਾਂ ਚਾਲ੍ਹੀ ਦਿਨਾਂ ਵਿਚ ਜੌਆਂ ਦਾ ਇਕ ਵੀ ਦਾਣਾ ਨਾ ਖਾ ਕੇ ਤੇ ਇਕ ਘੁਟ ਵੀ ਪਾਣੀ ਨਾ ਪੀ ਕੇ ਆਪਣੀ ਤਪੱਸਿਆ ਦਾ ਲੋਹਾ ਮਨਵਾਇਆ। ਉਸ ਵਕਤ ਸ਼ਰਧਾ ਦੇ ਨਾਲ-ਨਾਲ ਸਿੱਧਾਂ ਦਾ ਵੀ ਗੁਰੂ ਜੀ ਸਨਮੁਖ ਸਿਰ ਝੁਕ ਗਿਆ ਸੀ ਤੇ ਸਿੱਧਾਂ ਨੇ ਗੁਰੂ ਜੀ ਨੂੰ ਆਪਣੇ ਤੋਂ ਵੀ ਵੱਡਾ ਤਪੀ ਹੋਣ ਦਾ ਖ਼ਿਤਾਬ ਦਿੱਤਾ। ਜਿਸ ਅਸਥਾਨ 'ਤੇ ਬਹਿ ਕੇ ਗੁਰੂ ਜੀ ਨੇ ਤਪ ਕੀਤਾ ਸੀ, ਉਸ ਅਸਥਾਨ ਨੂੰ 'ਚਿੱਲਾ ਗੁਰੂ ਨਾਨਕ' ਕਿਹਾ ਜਾਂਦਾ ਹੈ।

ਕਰਨਾਲ ਦੇ ਸਰਾਫਾ ਬਜ਼ਾਰ ਵਿੱਚ ਗੁਰੂ ਜੀ ਭਾਈ ਮਰਦਾਨਾ ਨਾਲ 1515 ਈਸਵੀ ਵਿੱਚ ਆਉਂਦੇ ਹਨ। ਇਸ ਤੋਂ ਪਹਿਲਾਂ ਗੁਰੂ ਜੀ ਇਸੇ ਜ਼ਿਲੇ ਦੇ ਪਿੰਡ ਸ਼ਾਮਗੜ੍ਹ ਵਿੱਚ ਰੁੱਕੇ ਸਨ। ਇਥੇ ਗੁਰੂ ਜੀ ਨੇ ਠਠੇਰਿਆਂ ਦੇ ਬਗੀਚੇ ਵਿੱਚ ਪੜਾਅ ਕੀਤਾ ਸੀ। ਸ਼ਰਧਾ ਦਾ ਝੁਕਾਅ ਗੁਰੂ ਜੀ ਵੱਲ ਵੇਖਕੇ ਬਗੀਚੇ ਦਾ ਮਾਲਕ ਮੁਬਾਰਕ ਅਲੀ ਸ਼ਾਹ ਨਰਾਜ ਹੋ ਗਿਆ ਸੀ। ਉਸਨੇ ਆਪਣੇ ਗੁਰੂ ਅਬੂ ਅਲੀ ਕਲੰਦਰ ਕੋਲ ਸ਼ਿਕਾਇਤ ਕੀਤੀ ਸੀ। ਅਬੂ ਅਲੀ ਕਲੰਦਰ ਵੀ ਪਹੁੰਚਿਆ ਹੋਇਆ ਫ਼ਕੀਰ ਸੀ। ਕਲੰਦਰ ਕਈ ਤਰ੍ਹਾਂ ਦੀਆਂ ਕਰਾਮਾਤਾਂ ਕਰਕੇ ਗੁਰੂ ਜੀ ਨੂੰ ਆਕ੍ਰਸ਼ਿਤ ਕਰਨ ਲੱਗਾ ਪਰ ਗੁਰੂ ਜੀ ਦੇ ਸ਼ਬਦ ਸਿਮਰਨ ਸਾਹਮਣੇ ਉਸਦੀ ਇਕ ਨਾ ਚੱਲੀ ਤੇ ਗੁਰੂ ਜੀ ਦੇ ਚਰਣੀਂ ਆਣ ਲੱਗਾ।

ਪਾਣੀਪਤ ਵਿਖੇ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਪੜਾਅ ਕੀਤਾ ਸੀ, ਉਥੇ ਸ਼ੇਖ ਸ਼ਰਫ਼ ਦੇ ਮੁਰੀਦ ਸ਼ੇਖ ਟਟੀਹਰ ਪਾਣੀ ਭਰਨ ਆਇਆ ਸੀ। ਸ਼ੇਖ ਟਟੀਹਰ ਨੇ 'ਸਲਾਮਾ ਲੇਕ ਦਰਵੇਸ਼' ਆਖਦੇ ਹੋਏ ਗੁਰੂ ਜੀ ਨੂੰ ਸਲਾਮ ਪਾਇਆ। ਪਰ ਗੁਰੂ ਜੀ ਨੇ ਜਵਾਬ ਵਿੱਚ ਆਖਿਆ ਕਿ 'ਅਲੇਖ ਕਉ ਸਲਾਮੁ ਹੈ, ਪੀਰ ਕੇ ਦਸਤ ਪੇਸ਼।'

ਗੁਰੂ ਜੀ ਦਾ ਜਵਾਬ ਸੁਣ ਕੇ ਸੇਖ ਟਟੀਹਰ ਹੈਰਾਨ ਰਹਿ ਗਿਆ। ਅੱਜ ਤਕ ਉਸਦੀ ਸਲਾਮ ਦਾ ਜਵਾਬ ਕਿਸੇ ਨੇ ਇਸ ਤਰ੍ਹਾਂ ਨਹੀਂ ਸੀ ਦਿੱਤਾ। ਉਸਨੇ ਆਪਣੇ ਗੁਰੂ ਸ਼ੇਖ ਸ਼ਰਫ ਨਾਲ ਗੁਰੂ ਜੀ ਦੀ ਆਮਦ

ਦੀ ਗੱਲ ਕੀਤੀ। ਸ਼ੇਖ ਸ਼ਰਫ਼ ਵੀ ਗੁਰੂ ਜੀ ਦਾ ਦੀਦਾਰ ਕਰਨ ਤੇ ਗੁਰੂ ਜੀ ਨਾਲ ਵਿਚਾਰ-ਵਟਾਂਦਰਾ ਕਰਨ ਆਪ ਚੱਲ ਕੇ ਆਇਆ। ਗੁਰੂ ਜੀ ਨਾਲ ਵਿਚਾਰ ਵਟਾਂਦਰਾ ਕਰਕੇ ਸ਼ੇਖ ਸ਼ਰਫ਼ ਏਨਾ ਪ੍ਰਭਾਵਿਤ ਹੋਇਆ ਕਿ ਉਸਨੇ ਗੁਰੂ ਜੀ ਦੇ ਚਰਣ ਚੁੰਮ ਲਏ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ, ਬਾਂਗਰੂਆਂ ਤੇ ਬਾਗੜੀਆਂ ਦੀ ਨਜ਼ਰ ਵਿੱਚ ਵੱਡੇ ਚਿੰਤਕ, ਵੱਡੇ ਤਪੀ, ਵੱਡੇ ਸੰਤੋਖੀ ਤੇ ਵੱਡੇ ਸਮਾਜ ਸੁਧਾਰਕ ਬਣਦੇ ਹਨ। ਬਾਂਗਰ ਤੇ ਬਾਗੜ ਵਿੱਚ ਪ੍ਰਚਲਿਤ ਕੁਰੀਤਾਂ ਨੂੰ ਖਤਮ ਕਰਨ ਹਿਤ ਗੁਰੂ ਨਾਨਕ ਦੇਵ ਜੀ ਬੇਮਿਸਾਲ ਰੋਲ ਨਿਭਾਉਂਦੇ ਹਨ। ਗੁਰੂ ਜੀ ਸਮੁੱਚੀ ਮਾਨਵਤਾ ਦਾ ਭਲਾ ਕਰਦੇ ਜਾਪਦੇ ਹਨ।

**ਇਕਬਾਲ ਸਿੰਘ ਹਮਜਾਪੁਰ**
Email: Iqbalhamjapur@gmail.com

# ਗੁਰੂ ਨਾਨਕ ਬਾਣੀ ਦਾ ਵਿਸ਼ਵ-ਵਿਆਪੀ ਵਾਤਾਵਰਣਕ ਨਜ਼ਰੀਆ

**ਜਗਜੀਤ ਕੌਰ (ਡਾ.)**

ਕਿਸੇ ਵੀ ਦੇਸ਼, ਕੌਮ ਦਾ ਸਭਿਆਚਾਰਕ ਵਿਕਾਸ ਉਥੋਂ ਦੇ ਪੌਣ-ਪਾਣੀ, ਰੁਤਾਂ, ਵਾਯੂਮੰਡਲ ਦੇ ਤਾਪਮਾਨ, ਸਮੇਂ ਦੀ ਵੰਡ, ਬਨਸਪਤੀ ਆਦਿ ਕੁਦਰਤੀ ਸੋਮਿਆਂ 'ਤੇ ਅਧਾਰਤ ਹੁੰਦਾ ਹੈ। ਆਦਿ ਮਨੁਖ ਤੋਂ ਲੈ ਕੇ ਹੁਣ ਤਕ ਚੇਤਨ-ਜੀਵਨ ਸਦਾ ਹੀ ਭੌਤਿਕ ਤਤਾਂ ਅਤੇ ਜੜ੍ਹ ਪ੍ਰਕਿਰਤੀ ਅਨੁਸਾਰ ਵਾਪਰਦਾ ਆਇਆ ਹੈ।

ਗੁਰੂ ਨਾਨਕ ਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ ਵਾਤਾਵਰਣਕ ਵਰਣਨ ਵਿਚਲੀਆਂ ਉਪਮਾਵਾਂ ਰਾਹੀਂ ਆਪਣੇ ਅਧਿਆਤਮਕ ਦ੍ਰਿਸ਼ਟੀਕੋਣ ਨੂੰ ਵਿਅਕਤ ਕੀਤਾ ਹੈ। ਆਤਮਾ ਪਰਮਾਤਮਾ ਦੇ ਪਿਆਰ ਨੂੰ ਦਰਸਾਉਣ ਲਈ ਚੰਦ-ਚਕੋਰ, ਪਾਣੀ-ਮਛੀ, ਕੁਰੰਗ ਨਾਦ, ਸੁਆਂਤੀ-ਚਾਤ੍ਰਿਕ, ਕੰਵਲ-ਭੌਰਾ ਆਦਿ ਉਪਮਾਵਾਂ ਵਿਸ਼ੇਸ਼ ਸਥਾਨ ਰਖਦੀਆਂ ਹਨ।

ਗੁਰੂ ਨਾਨਕ ਬਾਣੀ ਦਾ ਵਿਸ਼ਵ-ਵਿਆਪੀ ਵਾਤਾਵਰਣਕ ਨਜ਼ਰੀਆ ਅਤੇ ਵਿਸ਼ਵ-ਵਿਧਾਨ ਵਿਸ਼ਾਲਤਾ ਵਾਲਾ ਹੈ। ਗੁਰੂ ਨਾਨਕ ਸਾਹਿਬ ਨੇ ਕਾਦਰ ਦੀ ਕੁਦਰਤ ਨੂੰ ਹੀ ਆਪਣੇ ਵਿਸ਼ਵ-ਵਿਆਪੀ ਵਾਤਾਵਰਣਕ ਨਜ਼ਰੀਏ ਰਾਹੀਂ ਪੇਸ਼ ਕੀਤਾ ਹੈ। ਗੁਰੂਵਾਕ ਹੈ:

**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।**[1]

ਕੁਦਰਤੀ ਵਾਤਾਵਰਣ ਵਿਚੋਂ ਕਾਦਰ ਦਾ ਜਲਵਾ, ਉਸ ਦੀ ਰਚਨਾ ਦੀ ਵਿਸ਼ਾਲਤਾ, ਵਿਸਮਾਦੀ ਅਸਚਰਜਤਾ, ਵੰਨ ਸੁਵੰਨਤਾ ਸਚਮੁਚ ਹੀ ਅਚੰਭੇ ਭਰਿਆ ਤਥ ਹੈ। ਇਸੀ ਕੁਦਰਤੀ ਵਾਤਾਵਰਣ ਵਿਚੋਂ ਕਾਦਰ ਦੀ ਸ਼ਿਨਾਖਤ ਹੁੰਦੀ ਹੈ।

**ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ।**[2]

ਗੁਰੂ ਸਾਹਿਬ ਦਾ ਵਾਤਾਵਰਣ ਸਬੰਧੀ ਵਿਸ਼ਵ-ਵਿਆਪੀ ਨਜ਼ਰੀਆ ਸੀਮਤ ਨਹੀਂ। ਜ਼ਰੇ ਜ਼ਰੇ ਵਿਚ ਰਮਿਆ ਕਾਦਰ ਸਭ ਨਾਲ ਇਕੋ ਜਿਹਾ ਸਾਂਝਾ ਵਤੀਰਾ ਰਖਦਾ ਹੈ। ਇਸੇ ਲਈ ਗੁਰੂ ਸਾਹਿਬ ਨੇ ਕੁਦਰਤ ਨੂੰ ਕਾਦਰ ਦਾ ਸਿੰਘਾਸਨ ਦਸਿਆ ਹੈ।

**ਧਰਤਿ ਅਕਾਸੁ ਕੀਏ ਬੈਸਣ ਕਉ ਥਾਉ।**[3]

ਕੁਦਰਤੀ ਵਿਧਾਨ ਦੀ ਵਿਲੱਖਣਤਾ ਇਹੀ ਹੈ ਕਿ ਕੁਦਰਤ ਸੁੰਦਰਤਾ ਵਾਲੀ ਹੈ। ਇਹ ਧਰਤੀ ਤੋਂ ਆਕਾਸ਼ ਤਕ ਖਿੜਾਉ ਵਿਚ ਹੈ। ਪਰ ਅਜਿਹੇ ਖਿੜਾਉ ਤੋਂ ਪਹਿਲਾਂ ਕਾਦਰ ਆਪ ਖਿੜਿਆ। ਉਸ ਦੇ ਖਿੜਾਉ ਤੋਂ ਹੀ ਬਸੰਤ ਖਿੜਦੀ ਹੈ ਪਰ ਉਸ ਨੂੰ ਖਿੜਾਉਣ ਵਾਲਾ ਕੋਈ ਨਹੀਂ ਉਹ ਆਪ ਹੀ ਹੈ:

**ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ ।**
**ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ।**[4]

ਖਿੜਾਉ ਪੈਦਾ ਕਰਨ ਵਾਲੇ ਕਾਦਰ ਦੀ ਪਛਾਣ ਗੁਰੂ ਸਾਹਿਬ ਆਪਣੇ ਵਿਸ਼ਵ ਦੇ ਹੋਂਦ ਸਿਧਾਂਤ ਵਿਚ ਕਰਵਾਉਂਦੇ ਹਨ।

**ਗੁਰੂ ਨਾਨਕ ਬਾਣੀ ਦਾ ਵਿਸ਼ਵ-ਸਿਧਾਂਤ:**

ਗੁਰੂ ਨਾਨਕ ਦਾ ਵਿਸ਼ਵ/ਬ੍ਰਹਿਮੰਡੀ ਸਿਧਾਂਤ ਸਚਾ ਹੈਮ਼ ਇਸ ਦੇ ਖੰਡ ਸਚੇ ਹਨ, ਆਕਾਰ ਸਚੇ ਹਨ। ਬ੍ਰਹਿਮੰਡ ਦੀ ਅਨੇਕ ਭਾਂਤੀ ਰਚਨਾ ਕੁਦਰਤ ਦੇ ਨਿਯਮਾਂ ਅਨੁਸਾਰ ਕਰਮਸ਼ੀਲ ਹੁੰਦੀ ਹੈ। ਪਰ ਅਜਿਹੀ ਬ੍ਰਹਿਮੰਡੀ ਰਚਨਾ ਦਾ ਸੁਆਮੀ ਉਹ ਸਰਬ ਗੁਣ ਸੰਪੰਨ ਹਸਤੀ ਹੈ ਜਿਸ ਦੀ ਰਚਨਾ ਪ੍ਰਕਿਰਿਆ ਪ੍ਰਤੀ ਤਿੰਨ ਸਿਧਾਂਤ ਵਿਸੇਸ਼ ਤੌਰ 'ਤੇ ਸਾਹਮਣੇ ਆਉਂਦੇ ਹਨ:

| | | | |
|---|---|---|---|
| i. | ਹੁਕਮ ਦੁਆਰਾ ਵਿਸ਼ਵ ਰਚਨਾ | :- | ਹੁਕਮਿ ਹੁਕਮੁ ਚਾਲਾਏ ਰਾਹੁ |
| ii. | ਓਅੰਕਾਰ ਦੁਆਰਾ ਵਿਸ਼ਵ ਰਚਨਾ | :- | ਓਅੰਕਾਰਿ ਸੈਲ ਜੁਗ ਭਏ। |
| iii. | ਹਉਮੈ ਦੁਆਰਾ ਵਿਸ਼ਵ ਰਚਨਾ | :- | ਹਉਮੈ ਵਿਚਿ ਜਗ ਉਪਜੈ ਪੁਰਖਾ |

ਜਿਸ ਦਾ ਹੁਕਮ ਸਾਰੇ ਬ੍ਰਹਿਮੰਡ ਉਤੇ ਲਾਗੂ ਹੁੰਦਾ ਹੈ। ਗੁਰੂ ਸਾਹਿਬ ਨੇ 'ਹੁਕਮ' ਸ਼ਬਦ ਨੂੰ ਪ੍ਰਭੂ ਦੀ ਰਜ਼ਾ ਅਤੇ ਕੁਦਰਤ ਦੇ ਨਿਯਮਾਂ ਦੇ ਅਰਥਾਂ ਵਿਚ ਲਿਆ ਹੈ।

**ਹੁਕਮੀ ਹੁਕਮੁ ਚਲਾਏ ਰਾਹੁ। ਨਾਨਕ ਵਿਗਸੈ ਵੇਪਰਵਾਹੁ।**[5]

ਵਿਸ਼ਵ ਵਿਧਾਨ ਦੀ ਵਿਸ਼ਾਲਤਾ ਵਿਚ ਅਣਗਿਣਤ ਪਦਾਰਥ ਹਨ ਜਿਨ੍ਹਾਂ ਦੀ ਕੋਈ ਥਾਹ ਨਹੀਂ ਪਾ ਸਕਦਾ।

i. ਪਾਤਾਲਾ ਪਾਤਾਲ ਲਖ ਆਗਾਸ ਆਗਾਸ    ii . ਖੰਡ ਪਾਤਾਲਾ ਅਸੰਖ ਮੈ ਗਣਤ ਨ ਹੋਇ

ਤਕ ਇਹ ਬ੍ਰਹਿਮੰਡੀ ਪਾਸਾਰਾ ਪਸਰਿਆ ਹੋਇਆ ਹੈਮ਼ ਇਹ ਪਸਾਰਾ ਕਦੋਂ ਹੋਂਦ ਵਿਚ ਆਇਆ, ਇਸ ਬਾਰੇ ਕਰਤਾ ਆਪ ਹੀ ਜਾਣਦਾ ਹੈ:

**ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।**[6]

ਗੁਰੂ ਸਾਹਿਬ ਨੇ ਅਜਿਹੀ ਸਿਰਜਨਹਾਰੀ ਸ਼ਕਤੀ ਨੂੰ 'ਸਚ' ਕਿਹਾ ਹੈ ਜਿਸ ਨੇ ਆਪਣੀ ਸ਼ਕਤੀ ਰਾਹੀਂ ਹਵਾ, ਜਲ, ਸਗਲ ਬਨਸਪਤੀ, ਜੀਵ-ਜੰਤੂ ਹੋਂਦ ਵਿਚ ਲਿਆਂਦੇਮ਼ ਵਿਸ਼ਵ-ਵਿਧਾਨ ਦਾ ਇਹ ਵਰਤਾਰਾ ਨਿਰਾਕਾਰ ਹਸਤੀ ਦੀ ਅੁਰ ਸਮਾਧੀ ਤੋਂ ਬਾਅਦ ਸਿਰਜਨਾਤਮਕ ਰੂਪ ਹੋ ਕੇ ਵਰਤਿਆ ਹੈ। ਗੁਰੂ ਸਾਹਿਬ ਰਮਾਉਂਦੇ ਹਨ:

**ਅਰਬਦ ਨਰਬਦ ਧੁੰਧੂਕਾਰਾ।**[7]

ਫਿਰ ਮਹਾਂ-ਸੁੰਨ ਵਿਚੋਂ ਬ੍ਰਹਿਮੰਡ ਦੀ ਉਤਪਤੀ ਹੋਈ ਅਤੇ ਵਿਕਾਸਮਈ ਕਿਰਿਆ ਦਾ ਅਮਲੀ ਰੂਪ ਸਾਹਮਣੇ ਆਇਆ।

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।**[8]

**ਵਿਸ਼ਵ-ਵਿਆਪੀ ਵਾਤਾਵਰਣ ਦਾ ਵਿਸਥਾਰ:**

ਵਾਤਾਵਰਣ ਤੋਂ ਭਾਵ ਹੈ: ਆਲਾ ਦੁਆਲਾ ਜਾਂ ਚੌਗਿਰਦਾਮ੍ਹ ਜਿਸ ਵਿਚ ਭੌਤਿਕ ਵਾਤਾਵਰਣ, ਜੈਵਿਕ ਵਾਤਾਵਰਣ ਅਤੇ ਮਨੁਖੀ ਕ੍ਰਿਤ ਸਭਿਆਚਾਰ ਵਾਤਾਵਰਣ, ਤਿੰਨ ਪ੍ਰਮੁਖ ਪਾਸਾਰ (Dimensions) ਮੌਜੂਦ ਹਨ। ਅਰਥਾਤ ਅੰਬਰ ਤੋਂ ਧਰਤੀ ਤਕ ਵਾਤਾਵਰਣ ਦਾ ਵਿਸ਼ਾਲ ਘੇਰਾ ਜਲ ਮੰਡਲ, ਥਲ ਮੰਡਲ ਅਤੇ ਵਾਯੂਮੰਡਲ ਦੀ ਅਥਾਹ ਗਹਿਰਾਈ ਤਕ ਫੈਲਿਆ ਹੋਇਆ ਹੈ। ਇਨ੍ਹਾਂ ਮੰਡਲਾਂ ਵਿਚ ਵਾਪਰਦਾ ਸਭ ਕੁਝ ਵਾਤਾਵਰਣ ਦਾ ਹਿਸਾ ਹੈ। ਸੂਰਜ, ਜਲਵਾਯੂ, ਨਮੀ, ਵਰਖਾ, ਬਨਸਪਤੀ, ਕੁਲ ਪ੍ਰਾਣੀ ਸੰਸਾਰ ਇਸ ਵਿਸ਼ਾਲ ਵਾਤਾਵਰਣ ਵਿਚ ਸੰਮਿਲਤ ਹੈ। ਜਿਸ ਨੂੰ ਕੁਦਰਤੀ ਵਾਤਾਵਰਣ ਵੀ ਕਿਹਾ ਜਾਂਦਾ ਹੈ।

**ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ**[9]
**ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ**[10]

ਵਾਤਾਵਰਣ ਦੇ ਸ਼ਬਦੀ ਅਰਥ ਉਪਰੰਤ ਵਾਤਾਵਰਣ ਦੇ ਪਰਿਭਾਸ਼ਤ ਸੰਕਲਪਗਤ ਅਰਥਾਂ ਪ੍ਰਤੀ ਕਿਹਾ ਜਾ ਸਕਦਾ ਹੈ ਕਿ ਵਿਸ਼ਵ ਦੀ ਹਰ ਵਸਤੂ ਉਤੇ ਵਾਤਾਵਰਣ ਦਾ ਇਕੋ ਜਿਹਾ ਪ੍ਰਭਾਵ ਨਹੀਂ ਪੈਂਦਾ ਕਿਉਂਕਿ ਵਾਤਾਵਰਣ ਵਿਚ ਮੌਜੂਦ ਕਈ ਚੀਜ਼ਾਂ ਸਾਰਿਆਂ ਨੂੰ ਵਾਤਾਵਰਣ ਪ੍ਰਤੀ ਇਕੋ ਜਿਹੀ ਪ੍ਰਤਿਕਿਰਿਆ ਜਾਂ ਕੁਝ ਵੀ ਕਰਨ ਲਈ ਉਤੇਜਤ ਨਹੀਂ ਕਰਦੀਆਂ। ਪਰਿਭਾਸ਼ਤ ਰੂਪ ਵਿਚ ਇਹ ਤਥ ਕਾਫੀ ਉਲੇਖ ਭਰਪੂਰ ਹੈ ਕਿ ਵਾਤਾਵਰਣ ਉਨ੍ਹਾਂ ਪ੍ਰਸਥਿਤੀਆਂ ਵਿਚ ਹੀ ਪ੍ਰਭਾਵਕਾਰੀ ਸਿਧ ਹੁੰਦਾ ਹੈ ਜਦ ਉਹ ਵਿਸ਼ੇਸ਼ ਤੌਰ ਉਤੇ ਕਿਸੇ ਦੀ ਲੋੜ, ਰੁਚੀ ਜਾਂ ਪ੍ਰਵਿਰਤੀ ਨੂੰ ਟੁੰਭਦਾ ਹੈ ਅਤੇ ਕਿਸੇ ਪ੍ਰਕਾਰ ਦੀ ਪ੍ਰਤਿਕਿਰਿਆ ਕਰਨ ਲਈ ਉਤੇਜਤ ਕਰਦਾ ਹੈ। ਠੀਕ ਉਸੇ ਪ੍ਰਕਾਰ ਪ੍ਰਭਾਵਕਾਰੀ ਦੀ ਦਿਲਚਸਪੀ ਉਸ ਵਾਤਾਵਰਣ ਪ੍ਰਤੀ ਬਣਦੀ ਹੈ। ਉਦਾਹਰਣ ਵਜੋਂ ਘਾਹ ਦੇ ਮੈਦਾਨ ਵਿਚ ਸ਼ੇਰ ਨੂੰ ਕੋਈ ਦਿਲਚਸਪੀ ਨਹੀਂ ਪਰ ਉਹ ਘੋੜੇ ਅਤੇ ਖਰਗੋਸ਼ ਦਾ ਖੁਰਾਕੀ ਤਤ ਜ਼ਰੂਰ ਹੈ।

ਇਸੇ ਲਈ ਵਾਤਾਵਰਣ ਕਿਸੇ ਨੂੰ ਵੀ ਆਪਣੇ ਢਾਂਚੇ ਵਿਚ ਨਹੀਂ ਢਾਲਦਾ ਸਗੋਂ ਪ੍ਰਭਾਵਕਾਰੀ ਨੂੰ ਵਿਕਸਤ ਕਰਨ ਲਈ ਅਵਸਰ ਅਤੇ ਉਤੇਜਨਾ ਪ੍ਰਦਾਨ ਕਰਦਾ ਹੈ। ਵਾਤਾਵਰਣ ਦੀ ਕਿਹੜੀ ਵਸਤੂ ਕਿਸ ਲਈ ਕਿਸ ਹਦ ਤਕ ਪ੍ਰਭਾਵ ਪਾਉਣ ਵਾਲੀ ਸਿਧ ਹੁੰਦੀ ਹੈ ਇਹ ਉਸ ਦੀਆਂ ਲੋੜਾਂ, ਪ੍ਰਵਿਰਤੀਆਂ ਅਤੇ ਸਮਰਥਾਵਾਂ ਉਤੇ ਨਿਰਭਰ ਕਰਦਾ ਹੈ। ਕਿਉਂਕਿ ਕੁਦਰਤੀ ਵਾਤਾਵਰਣ ਅਨੁਸਾਰ ਹੀ ਵਿਸ਼ਵੀ ਜੀਵਾਂ ਜਾਂ ਨਿਰਜੀਵ ਵਸਤੂਆਂ ਦੀ ਘਾੜਤ ਘੜੀ ਜਾਂਦੀ ਹੈ। ਕਿਸੇ ਇਕ ਲਈ ਅਨੁਕੂਲ, ਸਾਰਥਕ ਵਾਤਾਵਰਣ ਦੂਜੇ ਲਈ ਪ੍ਰਤੀਕੂਲ ਸਿਧ ਹੋ ਸਕਦਾ ਹੈ ਕਿਉਂਕਿ ਅਜਿਹਾ ਬਦਲਦੀਆਂ ਪ੍ਰਸਥਿਤੀਆਂ ਕਾਰਨ ਵੀ ਵਾਪਰਦਾ ਹੈ।

ਗੁਰੂ ਨਾਨਕ ਸਾਹਿਬ ਦਾ ਮੁਖ ਉਦੇਸ਼ ਮਨੁਖ ਨੂੰ ਕੁਦਰਤ ਦੇ ਮਾਧਿਅਮ ਰਾਹੀਂ ਮੂਲ ਸਰੋਤ ਨਾਲ ਜੋੜਨ ਦਾ ਸੀ। ਵਾਤਾਵਰਣਕ ਪਸਾਰੇ ਦਾ ਮੂਲ ਸਰੋਤ ਕਾਦਰ ਆਪ ਹਮੇਸ਼ਾ ਕੁਦਰਤ ਵਿਚ ਬਿਰਾਜਮਾਨ ਹੋ ਕੇ ਸਮੁਚੀ ਕਾਇਨਾਤ ਨੂੰ ਨਿਹਾਰਦਾ ਹੈ। ਕੁਦਰਤੀ ਵਾਤਾਵਰਣ-ਪੌਣਾਂ, ਜਲਵਾਯੂ, ਰੁਤਾਂ, ਦਰਿਆਵਾਂ, ਰੁਖਾਂ, ਤਟਾਂ, ਮੇਘਾਂ, ਖੇਤਾਂ ਆਦਿ ਦਿਸਦੇ ਸੰਸਾਰ ਦਾ ਆਨੰਦ ਉਨ੍ਹਾਂ ਨੇ ਆਪਣੇ ਰੂਹਾਨੀ ਸੰਸਾਰ ਰਾਹੀਂ ਖੁਦ ਅੰਦਰੋਂ ਅੰਤਹਕਰਣ ਤਕ ਮਾਣਿਆ ਜਿਸ ਦਾ ਕੋਈ ਥਾਹ ਨਹੀਂ ਪਾ ਸਕਦਾ।

**ਬਲਿਹਾਰੀ ਕੁਦਰਤਿ ਵਸਿਆ।**
**ਤੇਰਾ ਅੰਤੁ ਨ ਜਾਈ ਲਖਿਆ।**[11]

ਗੁਰੂ ਨਾਨਕ ਬਾਣੀ ਅਨੁਸਾਰ ਕੁਦਰਤ ਦੀ ਵਿਸ਼ਾਲਤਾ, ਅਸੀਮਤਾ ਦਾ ਕੋਈ ਪ੍ਰਯੋਜਨ ਜ਼ਰੂਰ ਹੈ। ਕੁਦਰਤ ਦੀ ਅਨੁਸ਼ਾਸਨਬਧਤਾ ਸਾਰੀ ਕਾਇਨਾਤ ਨੂੰ ਰਬੀ ਗਾਇਨ ਵਿਚ ਲੀਨ ਹੋਇਆ ਵਿਅਕਤ ਕਰਦੀ ਹੈ। ਇਹ ਪਰਿਵਰਤਨਸ਼ੀਲ ਜ਼ਰੂਰ ਹੈ ਪਰ ਨਾਸ਼ਵਾਨ ਨਹੀਂ। ਕਾਦਰ ਵਾਂਗ ਹੀ ਸਚੀ ਹੈ ਕੁਦਰਤ ਜਿਸ ਨੂੰ ਕਾਦਰ ਨੇ ਆਪ ਸਾਜਿਆ ਹੈ। ਵਸਤਾਂ ਦੇ ਵਡੇ ਆਕਾਰ (ਕੁਦਰਤ ਆਕਾਸੀ ਪਾਤਾਲੀ) ਉਸ ਦੀ ਵਡਆਕਾਰੀ ਸਿਰਜਨਾਤਮਕ ਸ਼ਕਤੀ ਨੂੰ ਵਿਅਕਤ ਕਰਦੇ ਹਨ:

**ਕਰਿ ਕਰਿ ਵੇਖੈ ਸਿਰਜਣਹਾਰੁ।**
**ਨਾਨਕ ਸਚੇ ਕੀ ਸਾਚੀ ਕਾਰ।**[12]

ਕੁਦਰਤ ਉਤਨੀ ਹੀ ਵਡੀ ਹੈ ਜਿਤਨਾ ਕਾਦਰ। ਅਨੰਤ ਕੁਦਰਤੀ ਵਰਤਾਰੇ ਵਖੋ-ਵਖਰੇ ਤਰੀਕਿਆਂ ਨਾਲ ਕਾਦਰ ਦਾ ਗੁਣਗਾਨ ਕਰ ਰਹੇ ਹਨ। ਜਪੁ ਬਾਣੀ ਵਿਚ ਸੋਦਰ ਦੀ ਪਉੜੀ, ਅਸੰਖ ਅਮੁਲ ਦੀਆਂ ਪਉੜੀਆਂ, ਕੇਤੇ ਪਉਣ ਪਾਣੀ ਬੈਸੰਤਰ ਦੀਆਂ ਪੰਗਤੀਆਂ, ਇਸ ਤੋਂ ਇਲਾਵਾ 'ਆਰਤੀ' ਸਿਰਲੇਖ ਦੀ ਬਾਣੀ ਵਿਚ ਗੁਰੂ ਸਾਹਿਬ ਨੇ ਕੁਦਰਤ ਦਾ ਵਿਵਰਣ ਬੜੀ ਸੌਂਦਰਯਮਈ ਰੂਪ ਵਿਚ ਪੇਸ਼ ਕੀਤਾ ਹੈ:

**ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ।**

ਇਸ ਤੋਂ ਇਲਾਵਾ ਗੁਰੂ ਸਾਹਿਬ ਦੀ ਮਾਰੂ ਰਾਗ ਦੀ ਬਾਣੀ ਵਿਚ ਬਹੁਭਾਂਤੀ ਵਾਤਾਵਰਣਕ ਨਜ਼ਾਰਾ ਅਚੰਭਤ ਕਰਨ ਵਾਲਾ ਹੈ। ਕਾਦਰ ਦੀ ਸੁੰਨ ਅਵਸਥਾ ਵਿਚੋਂ ਕੁਦਰਤ ਦੀ ਵਿਭਿੰਨਤਾ ਦਾ ਪਸਾਰਾ, ਉਸ ਦੇ ਬੁਨਿਆਦੀ ਤਤਾਂ ਤੇ ਸ਼ਕਤੀਆਂ ਦਾ ਵਰਣਨ ਕੀਤਾ ਗਿਆ ਹੈ:

**ਸੁੰਨ ਕਲਾ ਅਪਰੰਪਰਿ ਧਾਰੀ।**
**ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ।**[13]

**ਵਾਤਾਵਰਣ ਦੇ ਭੌਤਿਕ, ਜੈਵਿਕ, ਸਮਾਜਕ (ਤਿੰਨ ਪਾਸਾਰ) ਅਤੇ ਕਾਰਜ ਖੇਤਰ:**

ਵਾਤਾਵਰਣ ਦੇ ਜ਼ਰੂਰੀ ਤਤਾਂ, ਗੁਣਾਂ, ਸੁਭਾਅ ਅਤੇ ਪ੍ਰਭਾਵਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਜਾਂ ਵਾਤਾਵਰਣ ਦਾ ਸਹੀ ਮੁਲਾਂਕਣ ਕਰਨ ਲਈ ਇਸ ਨੂੰ ਉਪਰੋਰਤ ਤਿੰਨ ਪਾਸਾਰ-ਭੌਤਿਕ, ਜੈਵਿਕ ਅਤੇ ਸਮਾਜਕ ਵਾਤਾਵਰਣ ਵਿਚ ਵਰਗ-ਵੰਡ ਕਰ ਲੈਣੀ ਕੁਝ ਸੁਖੈਲੀ ਜਾਪਦੀ ਹੈ।

**ਭੌਤਿਕ ਪਾਸਾਰ:**

ਧਰਤੀ ਦਾ ਭੌਤਿਕ ਵਾਤਾਵਰਣ ਸਿèਧੇ ਜਾਂ ਅਸਿਧੇ ਰੂਪ ਵਿਚ ਪੌਣਪਾਣੀ, ਤਾਪਮਾਨ, ਮਿੱਟੀ, ਧਰਾਤਲੀ ਦ੍ਰਿਸ਼ (ਪਰਬਤ, ਮੈਦਾਨ ਤੇ ਪਠਾਰ) ਵਰਖਾ ਉਤੇ ਨਿਰਭਰ ਹੈ ਜਿਹੜਾ ਕਿ ਪ੍ਰਾਣੀ ਮੰਡਲ ਨੂੰ ਪ੍ਰਭਾਵਿਤ ਕਰਦਾ ਹੈ। ਭੌਤਿਕ ਪਾਸਾਰ ਅਗੋਂ ਤਿੰਨ ਅੰਗਾਂ ਵਿਚ ਵੰਡਿਆ ਗਿਆ ਹੈ:

(I) ਵਾਯੂਮੰਡਲ
(ii) ਜਲਮੰਡਲ
(iii) ਥਲਮੰਡਲ

ਵਾਯੂਮੰਡਲ ਧਰਤੀ ਦੇ ਆਲੇ-ਦੁਆਲੇ ਪਸਰਿਆ ਹੋਇਆ ਉਹ ਗਿਲਾਫ ਹੈ ਜਿਸ ਵਿਚ ਆਕਸੀਜਨ ਅਤੇ ਕਾਰਬਨਡਾਈਆਕਸਾਈਡ ਜਿਹੀਆ ਜੀਵਨ ਦੀ ਰਖਿਆ ਕਰਨ ਵਾਲੀਆਂ ਗੈਸਾਂ ਮੌਜੂਦ ਹਨ। ਮਨੁਖ ਸਮੇਤ ਹੋਰ ਜੀਵ-ਜੰਤੂ ਲੋੜੀਂਦੀ ਊਰਜਾ ਪ੍ਰਾਪਤੀ ਹਿਤ ਆਕਸੀਜਨ ਦੀ ਵਰਤੋਂ ਕਰਦੇ ਹਨ। ਬਨਸਪਤੀ ਆਪਣਾ ਭੋਜਨ ਤਿਆਰ ਕਰਨ ਲਈ ਕਾਰਬਨਡਾਇਆਕਸਾਈਡ ਦੀ ਵਰਤੋਂ ਕਰਦੀ ਹੈ।

ਜਲਮੰਡਲ ਭੌਤਿਕ ਵਾਤਾਵਰਣ ਦਾ ਦੂਜਾ ਅੰਗ ਜੀਵਾਂ ਲਈ ਬੜਾ ਮਹਤਵਪੂਰਣ ਹੈ। ਜਲਮੰਡਲ ਵਿਚ ਧਰਤੀ ਦੀ ਸਤਹ ਉਪਰ ਮੌਜੂਦ ਹੋਰ ਜਲ ਸਰੋਤਾਂ ਦੇ ਰੂਪ ਵਿਚ ਮਿਲਣ ਵਾਲਾ ਪਾਣੀ ਸ਼ਾਮਲ ਹੈ। ਜਿਹੋ ਜਿਹਾ ਜਲਵਾਯੂ ਹੋਵੇਗਾ ਬਨਸਪਤੀ ਅਤੇ ਫਸਲਾਂ ਦੀ ਪੈਦਾਵਾਰ ਵੀ ਉਹੋ ਜਿਹੀ ਹੀ ਉਪਜਦੀ ਹੈ। ਗੁਰੂ ਵਾਕ ਹੈ:

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।**[14]

ਥਲਮੰਡਲ ਮੂਲ ਰੂਪ ਵਿਚ ਧਰਤੀ ਦਾ ਜੀਵਨ ਖੇਤਰ ਹੈ। ਕਿਉਂਕਿ ਥਲਮੰਡਲ ਕੁਦਰਤੀ ਵਾਤਾਵਰਣ ਦੇ ਜੀਵਾਂ ਦੀਆਂ ਤਿੰਨੇ ਜ਼ਰੂਰਤਾਂ ਹਵਾ, ਪਾਣੀ ਅਤੇ ਅੰਨ ਪੂਰੀਆਂ ਕਰਦਾ ਹੈ।

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।**[15]

**ਜੈਵਿਕ ਵਾਤਾਵਰਣ ਦਾ ਪਾਸਾਰ:**

ਜੈਵਿਕ ਵਾਤਾਵਰਣ ਵਿਚ ਹਰ ਪ੍ਰਕਾਰ ਦੇ ਜੀਵਤ ਪ੍ਰਾਣੀ ਸ਼ਾਮਲ ਹਨ। ਇਨ੍ਹਾਂ ਜੈਵਿਕ ਜੀਵਾਂ ਨੂੰ ਖੁਰਾਕ ਦੇ ਆਧਾਰ ਉਤੇ ਉਤਪਾਦਕ ਜਿਵੇਂ ਕਿ ਪੌਦੇ (ਸਵੈ-ਆਹਾਰੀ) ਖਪਤਕਾਰੀ (ਪਰ-ਆਹਾਰੀ) ਅਤੇ ਤੀਜੀ ਸ਼੍ਰੇਣੀ ਨਿਖੇੜਕਾਂ ਦੀ ਹੈ ਜਿਸ ਵਿਚ ਸੂਖਮ ਜੀਵਾਂ ਦਾ ਇਕ ਵਡਾ ਹਿੱਸਾ (ਬੈਕਟੀਰੀਆ ਅਤੇ ਉਲੀ) ਹਨ।

**ਸਮਾਜਕ ਵਾਤਾਵਰਣ:**

ਸਮਾਜਕ ਵਾਤਾਵਰਣ ਦੇ ਪਾਸਾਰ ਨੂੰ ਮਨੁਖੀ ਸਭਿਆਚਾਰਕ ਵਾਤਾਵਰਣ ਵੀ ਕਿਹਾ ਜਾਂਦਾ ਹੈ। ਇਸ ਵਾਤਾਵਰਣ ਦਾ ਪਾਸਾਰ ਉਦੋ ਹੋਂਦ ਵਿਚ ਆਇਆ ਜਦੋਂ ਮਨੁਖ ਨੇ ਸ਼ਿਕਾਰੀ ਕਿਤਿਆ ਦਾ ਤਿਆਗ ਕਰਕੇ ਸਥਾਈ ਵਸਤੂਆਂ ਵਿਚ ਖੇਤੀ ਕਰਨੀ ਆਰੰਭ ਕੀਤੀ। ਖੇਤੀ ਪ੍ਰਕਿਰਿਆ, ਪਸ਼ੂ ਪਾਲਣ ਆਦਿ ਦੀ ਜਾਚ-ਸਿਖੀਮ੍ਹ ਆਪਣੇ ਸਥਾਈ ਜੀਵਨ ਦੇ ਨਾਲ-ਨਾਲ ਮਨੁਖ ਨੇ ਧਰਮ, ਕਲਾ, ਸਾਹਿਤ, ਸਦਾਚਾਰ, ਕਾਨੂੰਨ ਅਤੇ ਰਾਜ ਪ੍ਰਬੰਧ ਬਾਰੇ ਸੋਚਣਾ ਸ਼ੁਰੂ ਕੀਤਾ।

ਭੌਤਿਕ ਵਾਤਾਵਰਣ ਕਾਰਨ ਮਨੁਖ ਦਾ ਰਹਿਣ-ਸਹਿਣ, ਮੂਲ ਧੰਦੇ ਅਤੇ ਮਕਾਨਾਂ ਦੀ ਬਨਾਵਟ ਉਸੇ ਮੁਤਾਬਕ ਢਲੀ ਹੁੰਦੀ ਹੈਮ਼ ਅਰਥਾਤ ਹਰ ਇਲਾਕੇ ਦਾ ਆਪਣਾ ਵਾਤਾਵਰਣ ਅਤੇ ਜਲਵਾਯੂ ਹੋਣ ਕਰਕੇ ਉਨ੍ਹਾਂ ਦੀ ਕੁਲੀ, ਗੁਲੀ, ਜੁਲੀ ਵੀ ਉਸੇ ਅਨੁਸਾਰ ਹੁੰਦੀ ਹੈ। ਇਸੇ ਕਾਰਨ ਵਖੋਂ ਵਖਰੇ ਇਲਾਕਿਆਂ ਦੇ ਲੋਕ ਆਪਣੇ ਵਖਰੇ ਸਭਿਆਚਾਰਕ ਲਛਣਾਂ ਕਾਰਨ ਆਪਣੇ ਇਲਾਕਿਆਂ ਦੇ ਨਾਮ ਉਤੇ ਆਪਣੀ ਵਖਰੀ ਪਹਿਚਾਣ ਕਾਇਮ ਕਰ ਲੈਂਦੇ ਹਨਮ਼ ਗੁਰੂ ਨਾਨਕ ਬਾਣੀ ਵਿਚ ਮਨੁਖੀ ਸਭਿਆਚਾਰ ਨੂੰ ਵਡਿਆਈ ਬਖਸ਼ ਕੇ ਮਨੁਖ ਨੂੰ ਧਰਤੀ ਉਤੇ ਦੂਜੇ ਜੀਵਾਂ ਦਾ ਸਿਕਦਾਰ ਵੀ ਗਰਦਾਨਿਆ ਹੈ।

**ਲਖ ਚਉਰਾਸੀਹ ਜੋਨਿ ਸਬਾਈ। ਮਾਣਸ ਕਉ ਪ੍ਰਭਿ ਦੀਈ ਵਡਿਆਈ।**[16]

**ਇਕਾਲੋਜੀ: ਆਪਸੀ ਸਾਂਝੇਦਾਰੀ:**

ਇਕਾਲੋਜੀ ਮਨੁਖ ਦਾ ਨਵਾਂ ਗਿਆਨ-ਖੇਤਰ ਹੈ। ਜਰਮਨ ਦੇ ਪ੍ਰਸਿਧ ਪ੍ਰਾਣ-ਵਿਗਿਆਨੀ ਅਰਨਸਟ ਹੀਗਲ ਨੇ ਪਹਿਲੀ ਵਾਰ ਓਕੋਲੋਜੀ (Oekologei) ਸ਼ਬਦ ਨੂੰ ਜੀਵੀ-ਪ੍ਰਾਣੀਆਂ ਅਤੇ ਅਜੀਵੀ ਵਾਤਾਵਰਣ ਦੀ ਆਪਸੀ ਸਾਂਝੇਦਾਰੀ ਜਾਂ ਸੰਬੰਧ ਲਈ ਵਰਤਿਆ ਸੀ। ਉਂਜ ਇਸ ਸ਼ਬਦ ਦਾ ਮੁਢ ਯੂਨਾਨੀ ਭਾਸ਼ਾ ਓਇਕਸ (Oikos) ਤੋਂ ਵਿਉਤਪਤ ਹੋਇਆ ਮੰਨਿਆ ਜਾਂਦਾ ਹੈ, ਜਿਸ ਦਾ ਅਰਥ ਹੈ- ਪ੍ਰਿਥਵੀ ਉਪਰ ਵਸਦਾ ਪ੍ਰਾਣੀ ਮੰਡਲ ਆਪਣੇ ਘਰ ਦੇ ਚੌਗਿਰਦੇ ਵਿਚ ਕਿਵੇਂ ਵਿਚਰ ਰਿਹਾ ਹੈ। ਅਰਥਾਤ ਇਕਾਲੋਜੀ ਸ਼ਬਦ ਇੰਜ ਵਾਤਾਵਰਣ ਨਾਲ ਪਰਸਪਰ ਸੰਬੰਧਾਂ ਨੂੰ ਦਰਸਾਉਣ ਵਾਲਾ ਗਿਆਨ-ਖੇਤਰ ਬਣਿਆ।

**ਈਕੋ-ਪ੍ਰਣਾਲੀ ਭੋਜਨ-ਕੜੀ:**

ਜੀਵੀ-ਮੰਡਲ ਦਾ ਵਖੋ-ਵਖਰੇ ਭੌਤਿਕ ਵਾਤਾਵਰਣ ਵਿਚ ਵਿਚਰਨ ਕਰਕੇ ਇਸ ਦਾ ਵਾਤਾਵਰਣ ਨਾਲ ਅਟੁਟ ਰਿਸ਼ਤਾ ਹਮੇਸ਼ਾ ਬਣਿਆ ਰਹਿੰਦਾ ਹੈ। ਮਨੁਖ ਵੀ ਇਸ ਵਿਸ਼ਾਲ ਕੁਦਰਤ ਦਾ ਅੰਗ ਹੈ, ਜਿਸ ਨੂੰ ਵਾਤਾਵਰਣ ਤੋਂ ਨਿਖੇੜਿਆ ਨਹੀਂ ਜਾ ਸਕਦਾ ਪਰ ਇਸ ਦੀ ਭੋਜਨ ਕੜੀ ਸਮੁਚੇ ਪ੍ਰਾਣੀ ਮੰਡਲ ਦੀ ਤਰ੍ਹਾਂ ਇਕ ਨਿਯਮਬਧ ਪ੍ਰਣਾਲੀ ਨਾਲ ਜੁੜੀ ਹੋਈ ਹੈ। ਅਜਿਹੇ ਸਾਂਝੇ ਵਾਤਾਵਰਣ ਅੰਦਰ ਵਿਚਰਦੇ ਪੌਦਿਆਂ ਅਤੇ ਜੀਵਾਂ ਨੂੰ ਈਕੋ-ਪ੍ਰਣਾਲੀ ਕਿਹਾ ਜਾਂਦਾ ਹੈ। ਭੂਮੀ ਉਪਰਲੇ ਕੁਦਰਤੀ ਖੰਡ-ਧਰੁਵੀ ਸ਼ੀਤ ਪ੍ਰਦੇਸ, ਪਤਝੜੀ ਜੰਗਲ, ਮਾਰੂਥਲ, ਵਰਖੀਲੇ ਜੰਗਲ ਆਦਿ, ਕੁਦਰਤੀ ਖਿਤੇ ਦਾ ਹਰੇਕ ਪ੍ਰਾਣੀ ਆਪਣੇ ਵਾਤਾਵਰਣ ਨਾਲ ਵਿਸ਼ੇਸ਼ ਪ੍ਰਕਾਰ ਦਾ ਅਨੁਕੂਲਣ ਕਰਕੇ ਆਪਸੀ ਸਹਿਹੋਂਦ ਦਾ ਪ੍ਰਗਟਾਵਾ ਕਰਦਾ ਹੈ ਅਤੇ ਵਾਤਾਵਰਣ ਤੋਂ ਪ੍ਰਭਾਵਿਤ ਵੀ ਹੁੰਦਾ ਹੈ। ਈਕੋ ਪ੍ਰਣਾਲੀ ਭੋਜਨ ਕੜੀ ਅਨੁਸਾਰ - ਜਿਵੇਂ ਕੁਦਰਤੀ ਉਗੀ ਹੋਈ ਘਾਹ ਉਪਰ ਖਰਗੋਸ਼ ਦਾ ਜ਼ਿੰਦਾ ਰਹਿਣਾ ਸੁਭਾਵਕ ਹੈ ਤੇ ਇਹੋ ਖਰਗੋਸ਼ ਮਾਸਾਹਾਰੀ ਜਾਨਵਰ ਦਾ ਆਹਾਰ ਬਣਦਾ ਹੈ। ਮਨੁਖ ਮਾਸਾਹਾਰੀ ਜੀਵਾਂ ਦਾ ਸ਼ਿਕਾਰ ਕਰਦਾ ਹੈ।

ਭੋਤਿਕ ਵਾਤਾਵਰਣ ਅਨੁਸਾਰ ਪ੍ਰਿਥਵੀ ਉਪਰ ਕੁਦਰਤੀ ਊਰਜਾ ਦਾ ਪ੍ਰਮੁਖ ਸਰੋਤ ਸੂਰਜ ਹੈ। ਬਨਸਪਤੀ ਸੂਰਜੀ ਊਰਜਾ ਨੂੰ ਪ੍ਰਕਾਸ਼ ਸੰਸਲੇਸ਼ਣ ਕਿਰਿਆ ਰਾਹੀਂ ਗ੍ਰਹਿਣ ਕਰਕੇ ਭੋਜਨ ਦਾ ਉਤਪਾਦਨ ਕਰਦੀ ਰਹਿੰਦੀ ਹੈ। ਇਸ ਤਰ੍ਹਾਂ ਸੂਰਜੀ ਊਰਜਾ ਦਾ ਰਸਾਇਣਕ ਊਰਜਾ ਵਿਚ ਰੂਪਾਂਤਰਣ ਹੁੰਦਾ ਰਹਿੰਦਾ ਹੈ। ਇਹੋ ਊਰਜਾ ਹਰੇ ਚਾਰੇ ਜਾਂ ਘਾਹ ਦੇ ਰੂਪ ਵਿਚ ਘਾਹ ਖਾਣ ਵਾਲੇ ਪਸ਼ੂਆਂ ਤਕ ਪਹੁੰਚਦੀ ਹੈ। ਊਰਜਾ

ਦਾ ਕੁਝ ਹਿੱਸਾ ਉਨ੍ਹਾਂ ਦੀ ਨਿੱਤ ਕਿਰਿਆ (ਪੇਟ ਦੀ ਭੁਖ) ਲਈ ਵਰਤੋਂ ਵਿਚ ਆ ਕੇ ਬਾਕੀ ਊਰਜਾ ਘਾਹ ਖਾਣੇ ਜਾਨਵਰਾਂ ਦੀ ਮਾਸ ਅਤੇ ਚਰਬੀ ਬਣਾਉਣ ਵਿਚ ਸਹਾਇਤਾ ਕਰਦੀ ਹੈ। ਜਿਨ੍ਹਾਂ ਉਤੇ ਮਾਸ-ਖੋਰੇ ਜਾਨਵਰ ਪਲਦੇ ਹਨ੍ਹ ਸੂਖਮ ਜੀਵ (ਬੈਕਟੀਰੀਆ ਅਤੇ ਉਲੀ) ਮਰੇ ਹੋਏ ਪੌਦਿਆਂ ਅਤੇ ਜੀਵਾਂ ਤੋਂ ਆਪਣਾ ਆਹਾਰ ਪ੍ਰਾਪਤ ਕਰਦੇ ਹਨ ਤੇ ਮੁੜ ਧਰਤੀ ਦੀ ਉਪਜਾਊ ਸ਼ਕਤੀ ਬਣਾਉਣ ਵਿਚ ਸਹਾਇਕ ਬਣਦੇ ਹਨ। ਮਿਟੀ ਵਿਚੋਂ ਫਿਰ ਦੁਬਾਰਾ ਪੌਦਾ (ਬਨਸਪਤੀ) ਉਗ ਕੇ ਉਸੇ ਭੋਜਨ - ਕੜੀ ਦਾ ਹਿਸਾ ਬਣ ਜਾਂਦਾ ਹੈ। ਇਸ ਤਰ੍ਹਾਂ ਕੁਦਰਤੀ ਵਾਤਾਵਰਣ ਦੀ ਇਹ ਆਹਾਰ-ਪ੍ਰਣਾਲੀ ਹਮੇਸ਼ਾ ਕਿਰਿਆਸ਼ੀਲ ਰਹਿੰਦੀ ਹੈ। ਇਸ ਭੋਜਨ-ਸੰਗਲੀ ਵਿਚੋਂ ਮਨੁਖ ਨੂੰ ਅਲਗ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬ ਅਨੁਸਾਰ ਜੀਵਾਂ ਦੇ ਸੰਜੋਗ ਵਜੋਗ ਦੀ ਪ੍ਰਕਿਰਿਆ ਹਮੇਸ਼ਾ ਚਲ ਰਹੀ ਹੈ। ਗੁਰੂਵਾਕ ਹੈ: **ਸੰਜੋਗ ਵਿਜੋਗ ਦੁਇ ਕਾਰ ਚਲਾਵੈ।**

**ਮਨੁਖ ਦਾ ਕੁਦਰਤ ਨਾਲ ਸੰਬੰਧ:**

ਮਨੁਖ ਕੁਦਰਤ ਦੀ ਇਕ ਅਦਭੁਤ ਸਿਰਜਨਾ ਹੈ ਜਿਸ ਨੇ ਆਪਣੀ ਵਿਵੇਕੀ ਪ੍ਰਵਿਰਤੀ ਕਾਰਨ ਦੂਜੀਆਂ ਜੀਵ-ਸ਼ਰੇਣੀਆਂ ਵਿਚੋਂ ਸਿਰਮੌਰ ਦਰਜਾ ਹਾਸਲ ਕੀਤਾ ਹੈ। ਮਨੁਖ ਦੀ ਦੂਜੀਆਂ ਜੀਵ-ਜਾਤੀਆਂ ਦੇ ਮੁਕਾਬਲੇ ਵਿਲਖਣਤਾ ਇਹ ਹੈ ਕਿ ਇਸ ਨੇ ਆਪਣੀ ਬੋਧਿਕ ਯੋਗਤਾ ਅਤੇ ਸਮਰਥਾ ਸਦਕਾ ਆਪਣੇ ਆਲੇ-ਦੁਆਲੇ ਦੇ ਭੌਤਿਕ ਵਰਤਾਰਿਆਂ ਅਤੇ ਬ੍ਰਹਿਮੰਡ ਦੇ ਅਣਸੁਲਝੇ ਗੁਝੇ ਭੇਦਾਂ, ਨਿਯਮਾਂ ਅਤੇ ਰਹਸਾਂ ਨੂੰ ਜਾਣਿਆ ਅਤੇ ਬੁਝਿਆ ਅਤੇ ਆਪਣੀ ਸ਼ਕਤੀ ਤੇ ਸਮਰਥਾ ਅਨੁਸਾਰ ਖੋਜ ਕਰਕੇ ਜੀਵਨ ਦੀਆਂ ਸੁਖ-ਸਹੂਲਤਾਂ ਲਈ ਵਰਤਿਆ ਹੈ।

ਮਨੁਖ ਕੀ ਹੈ? ਮਨੁਖ ਸ਼ਬਦ ਨੂੰ ਅਜ ਮਾਨਵ, ਮਾਨਸ, ਵਿਅਕਤੀ, ਇਨਸਾਨ, ਬੰਦਾ, ਹਿਉਮੈਨ (human) ਆਦਿ ਲਿੰਗ-ਨਿਰਪਖ ਅਰਥਾਂ ਵਿਚ ਵਰਤਿਆ ਜਾ ਰਿਹਾ ਹੈ। ਅਰਥਾਤ ਮਨੁਖ ਸ਼ਬਦ ਮਾਨਵ-ਜਾਤੀ ਦੇ ਸਾਰੇ ਲਿੰਗਕ ਵਰਗਾਂ (ਨਰ, ਮਾਦਾ, ਨਿਪੁੰਸਕ-ਲਿੰਗ) ਨੂੰ ਸੰਕੇਤ ਕਰਦਾ ਹੈ।

ਮਨੁਖ ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਮਨੁਸਯ' ਦਾ ਪੰਜਾਬੀ ਸਮਾਨਰਥੀ ਸ਼ਬਦ ਹੈ ਜਿਸ ਦਾ ਅਰਥ ਹੈ ਮਨ (ਮਨਿਦ) ਰਖਣ ਵਾਲਾ ਅਥਵਾ ਮਨਧਾਰੀ ਜੀਵ। ਮਨ ਦਾ ਅਰਥ ਹੈ - ਸੋਚ ਵਿਚਾਰ ਅਤੇ ਚਿੰਤਨ ਜਾਂ ਅਨੁਭਵ ਕਰਨ ਦੀ ਪ੍ਰਬਲ ਸ਼ਕਤੀ।

ਵਿਗਿਆਨਕ ਭਾਸ਼ਾ ਵਿਚ ਮਨੁਖ ਨੂੰ ਹੋਮੋਸੇਪੀਅਨਜ਼ ਦਾ ਨਾਮ ਦਿਤਾ ਗਿਆ ਹੈ। ਇਹ ਦੋ-ਸ਼ਬਦੀ ਨਾਮ ਕਾਰਲ ਲਿਨੀਅਸ (Carl Linnaeus) ਨੇ ਅਠਾਰਵੀ ਸਦੀਂ ਵਿਚ ਮਨੁਖ ਜਾਤੀ ਲਈ ਵਰਤਣਾ ਸ਼ੁਰੂ ਕੀਤਾ। ਹੋਮੋ ਸੇਪੀਅਨਜ਼ ਦਾ ਅਰਥ ਹੈ ਸਿਆਣਾ ਜਾਂ ਬੁਧੀਮਾਨ ਮਾਨਵ। ਪੁਰਾਣੀ ਲਾਤੀਨੀ ਭਾਸ਼ਾ ਦੇ ਹੀਮੋ (hemo) ਤੋਂ ਵਿਕਸਤ ਹੋਇਆ ਹੋਮੋ ਸ਼ਬਦ ਦਾ ਅਰਥ ਹੈ ਧਰਤੀ ਦਾ ਜੀਵ, ਸੇਪੀਅਨਜ਼ ਦਾ ਅਰਥ ਹੈ ਵਾਈਜ਼ (wise) ਅਰਥਾਤ ਬੁਧੀਮਾਨ, ਸੂਝਵਾਨ ਜਾਂ ਬਿਬੇਕੀ। ਇਸ ਤਰ੍ਹਾਂ ਮਨੁਖ ਸ਼ਬਦ ਧਰਤੀ ਦੇ ਬੁਧੀਮਾਨ ਜੀਵ ਦੇ ਅਰਥਾਂ ਵਿਚ ਪਰਿਭਾਸ਼ਤ ਹੋ ਰਿਹਾ ਪ੍ਰਤੀਤ ਹੁੰਦਾ ਹੈ ਕਿਉਂਕਿ ਜੀਵ ਵਿਗਿਆਨਕ, ਦ੍ਰਿਸ਼ਟੀ ਅਨੁਸਾਰ ਮਨੁਖ ਕੁਦਰਤ ਦੇ ਜੀਵ-ਮੰਡਲ ਵਿਚੋਂ ਆਪਣੀ ਮੁਢਲੀ ਪੂਰਵਜ਼ੀ ਅਵਸਥਾ ਵਿਚੋਂ ਇਕ ਲੰਮੇਰੀ ਵਿਕਾਸ ਪ੍ਰਕਿਰਿਆ ਦੁਆਰਾ ਵਿਕਸਤ ਹੁੰਦਾ ਹੋਇਆ ਹੋਮੋਸੇਪੀਅਨਜ਼ ਦੀ ਪਦਵੀ ਤਕ ਪਹੁੰਚਿਆ ਹੈ।

ਕੁਦਰਤ ਦਾ ਰੂਪ ਬੜ੍ਹਾ ਵਿਸ਼ਾਲ ਹੈ ਇਹ ਦ੍ਰਿਸ਼ਟਮਾਨ ਹੋ ਕੇ ਦਿਸਦੀ ਸੁਣਦੀ ਹੈ, ਬ੍ਰਹਿਮੰਡੀ ਹੋ ਕੇ ਪਾਤਾਲ, ਆਕਾਸ਼ ਤਕ ਫੈਲੀ ਹੋਈ ਹੈ, ਤਤ ਰੂਪ ਵਿਚ ਪਉਣ, ਪਾਣੀ, ਧਰਤੀ, ਬੈਸੰਤਰ ਹੈ, ਜੈਵਿਕ ਰੂਪ ਵਿਚ ਕਿੰਨੀਆਂ ਹੀ ਵੰਨ-ਸੁਵੰਨੀਆਂ ਜਾਤੀਆਂ, ਜਿਨਸੀਆਂ ਵਿਚ ਬਿਰਾਜਮਾਨ ਹੈ। ਨੈਤਿਕ ਰੂਪ ਵਿਚ ਨੇਕੀਆਂ, ਬਦੀਆਂ ਪੈਦਾ ਕੀਤੀਆਂ। ਮਨੁਖ ਆਪ ਵੀ ਕੁਦਰਤ ਦੀਆਂ ਇਨ੍ਹਾਂ ਸਾਰੀਆਂ ਬਰਕਤਾਂ ਨੂੰ ਵੇਖ ਕੇ ਮਾਣਦਾ ਵੀ ਹੈ। ਮਨੁਖ ਜਾਤੀ ਨੇ ਕੁਦਰਤ ਵਿਚੋਂ ਤਰਕ ਵੀ ਵੇਖਿਆ ਹੈ ਰਹਸ ਵੀ। ਇਸ ਦਾ ਦੈਵੀ ਪਿਆਰ ਵੀ ਮਹਿਸੂਸ ਕੀਤਾ ਹੈ ਕਾਦਰ ਦੀ ਹੋਂਦ ਨੂੰ ਵੀ ਪਹਿਚਾਣਿਆ ਹੈ:

**ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।**
**ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ।**[17]

ਇਕ ਕਵਾਉ ਨਾਲ ਕਿੰਨੀਆਂ ਹੀ ਕਾਰਜ ਪ੍ਰਣਾਲੀਆਂ ਹੋਂਦ ਵਿਚ ਆਈਆਂ ਅਤੇ ਅਗੇ ਤੋਂ ਅਗੇ ਵਿਗਸਤ ਹੋਈਆਂ, ਮਨੁਖ ਇਸੇ ਵਿਕਾਸ ਦਾ ਸਿਖਰ ਹੈ।

**ਮਨੁਖਾ ਜਨਮ ਇਕ 'ਅਉਸਰ' ਹੈ:**

ਕੁਦਰਤ ਦੀਆਂ ਅਣਗਿਣਤ ਜੂਨਾਂ ਵਿਚੋਂ ਮਨੁੱਖ ਦੀ ਹੀ ਇਕ ਅਜਿਹੀ ਜੂਨ ਹੈ ਜੋ ਆਪਣੇ ਇਸ ਜਨਮ ਨੂੰ ਇਕ 'ਅਉਸਰ' ਸਮਝ ਕੇ ਕਾਦਰ ਦੀ ਕੁਦਰਤ ਨਾਲ ਨਿਯਮਬਧ ਤਰੀਕੇ ਨਾਲ ਇਕ ਹੋ ਸਕਦਾ ਹੈ ਕਿਉਂਕਿ ਮਨੁਖ ਇਹ ਸਭ ਕੁਝ ਵਿਚਾਰਨ ਦੀ ਸਮਰਥਾ ਰਖਦਾ ਹੈ। ਗੁਰੂ ਨਾਨਕ ਸਾਹਿਬ ਨੇ ਇਸੇ ਸੰਕਲਪ ਨੂੰ 'ਵਖਤ ਵੀਚਾਰਨਾ' ਕਿਹਾ ਹੈ। 'ਵਖਤ ਵਿਚਾਰਨ ਦਾ ਗੁਣ ਹੀ ਆਦਮੀ ਨੂੰ ਆਦਮੀ ਬਣਾਉਂਦਾ ਹੈ:

**ਵਖਤੁ ਵੀਚਾਰੇ ਸੁ ਬੰਦਾ ਹੋਇ।**[18]

ਪਰ ਮਨੁਖ ਕੁਦਰਤ ਉਤੇ ਹਾਵੀ ਹੋਣ ਲਈ ਤਤਪਰ ਹੈ। 'ਸਗਲ ਜਮਾਤੀ' ਹੋਣ ਦੀ ਬਜਾਇ ਧਰਤੀ ਨੂੰ ਆਪਣੀਆਂ ਨਾਕਾਰਾਤਮਕ ਬਿਰਤੀਆਂ ਰਾਹੀਂ ਮਲੀਂ ਬੈਠਾ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਧਰਤੀ ਤਾਂ ਧਰਮਸ਼ਾਲ ਹੈ ਜਿਥੇ ਮਨੁਖ ਨੇ ਕਿਰਤ ਕਰਕੇ ਆਪਣਾ ਨਿਰਬਾਹ ਕਰਦਿਆਂ ਦੂਜਿਆਂ ਨਾਲ ਵੰਡ ਕੇ ਖਾਣਾ ਹੈ ਤੇ ਕੁਦਰਤ ਦੇ ਕਾਦਰ ਨਾਲ ਵੀ ਸੰਬੰਧ ਬਣਾਉਣੇ ਹਨ।

ਕਾਦਰ ਤਕ ਪਹੁੰਚਣ ਲਈ ਜਪੁ ਬਾਣੀ ਦੇ ਪੰਜ ਖੰਡ ਮਹਤਵਪੂਰਨ ਹਨ। ਇਹ ਆਤਮਕ ਵਿਕਾਸ ਦੀਆਂ ਪੰਜ ਮੰਜ਼ਿਲਾਂ ਜਾਂ ਪੜਾਅ ਹਨ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਆਪਣੇ ਰਹਸਮਈ ਅਨੁਭਵ ਦੁਆਰਾ ਗ੍ਰਹਿਣ ਕੀਤਾ ਹੈ।

ਇਸ ਲਈ ਗੁਰੂ ਨਾਨਕ ਸਾਹਿਬ ਬਾਣੀ ਦਾ ਉਪਰੋਕਤ ਵਿਚਾਰ ਮਨੁਖ ਅੰਦਰ ਸਚ ਪ੍ਰਤੀ ਜਗਿਆਸਾ ਜਗਾਉਣ ਦੇ ਸਮਰਥ ਹੈ। ਜਗਿਆਸਾ ਤੋਂ ਹੀ ਜੀਵਨ ਦੇ ਮਨੋਰਥ ਦੀ ਭਾਲ ਹੁੰਦੀ ਹੈ। ਜਗਿਆਸਾ ਉਹ ਹੈ ਜਿਸ ਨੂੰ ਆਪਣੇ ਅਗਿਆਨ ਦਾ ਗਿਆਨ ਹੋ ਜਾਵੇ। ਬਾਹਰਲਾ ਜਗਤ ਦਰਅਸਲ ਦੁਖਾਂ ਕਲੇਸ਼ਾਂ ਦਾ ਘਰ ਹੈ। ਆਨੰਦ ਦੀ ਪ੍ਰਾਪਤੀ ਲਈ ਅੰਦਰਲਾ ਸਫਰ ਇਕਲਿਆਂ ਹੀ ਕਰਨਾ ਪੈਂਦਾ ਹੈ। ਪਰੰਤੂ ਇਹ ਬਾਹਰੀ ਭੌਤਿਕ ਵਾਤਾਵਰਣ ਨਾਲ ਜੁੜਨ ਤੋਂ ਬਿਨਾਂ ਸੰਭਵ ਨਹੀਂ। ਜਗਿਆਸਾ ਸਿਰਜਣਾਤਮਕ ਅਤੇ ਵਿਸਮਾਦਕ ਹੋ ਕੇ ਸਚ (ਪਰਮ ਹਸਤੀ) ਨਾਲ ਸੰਬੰਧਾਂ ਨੂੰ ਸੰਵਾਰਦੀ ਹੈ, ਨਿਹਾਰਦੀ

ਹੈ। ਜਗਿਆਸਾ ਦੀ ਪੂਰਤੀ ਲਈ ਆਲਸ ਤਿਆਗ ਕੇ ਜਤਨਸ਼ੀਲ ਹੋਣਾ ਜਰੂਰੀ ਹੈ। ਜਗਿਆਸਾ ਆਰੰਭਕ ਅਸਚਰਜਤਾ ਵਿਚੋਂ ਉਤਪੰਨ ਹੋ ਕੇ ਵਿਸਮਾਦ ਤਕ ਪਹੁੰਚਦੀ ਹੈ। ਵਿਸਮਾਦ ਕਿਸੇ ਘਟਨਾ ਦਾ ਨਾਮ ਨਹੀਂ, ਅਵਸਥਾ ਦਾ ਨਾਮ ਹੈ।

ਵਿਸਮਾਦ, ਕੁਦਰਤ ਤੋਂ ਕਾਦਰ ਵਲ ਨੂੰ ਪਰਤਣਾ, ਦ੍ਰਿਸ਼ਟਮਾਨ ਤੋਂ ਅਦ੍ਰਿਸ਼ਟ ਵਲ ਨੂੰ ਪਰਤਣ ਦਾ ਉਪਰਾਲਾ ਹੈ। ਇਹ ਉਹ ਉਦਾਤ ਅਨੁਭਵ ਹੈ ਜਿਸ ਵਿਚ ਕਿਸੇ ਮਹਾਨਤਾ ਦਾ ਚਮਤਕਾਰ, ਕਿਸੇ ਵਡੀ ਵਸਤੂ ਦੇ ਗੁਣ ਅਤੇ ਲਿਸ਼ਕਾਰ ਹੋਵੇ। ਵਡਿਤਣ, ਵਡਿਆਈ ਤੇ ਵਿਡਾਣ ਇਸ ਦੀਆਂ ਤਿੰਨ ਵਿਸ਼ੇਸ਼ਤਾਵਾਂ ਹਨ:

**ਜੇਵਡੁ ਆਪਿ ਜਾਣੈ ਆਪਿ ਆਪਿ। (ਵਡਿਤਣ)**[19]
**ਵਡੀ ਵਡਿਆਈ ਜਾ ਆਪੇ ਆਪ।(ਵਡਿਆਈ)**[20]
**ਭੀ ਤੇਰੀ ਕੀਮਤ ਨਾ ਪਵੈ। (ਵਿਡਾਣ)**[21]

**ਗੁਰੂ ਨਾਨਕ ਸਾਹਿਬ ਦਾ ਵਾਤਾਵਰਣ ਪ੍ਰਤੀ ਨਿਰਣਾਇਕ ਦ੍ਰਿਸ਼ਟੀਕੋਣ:**

ਗੁਰੂ ਨਾਨਕ ਸਾਹਿਬ ਨੇ ਕਾਦਰ ਦੀ ਸਿਰਜਨਾ ਕੁਦਰਤ ਵਿਚੋਂ ਬਾਹਰੀ ਅਨੁਭਵ ਪ੍ਰਾਪਤ ਕਰਕੇ ਆਪਣੀ ਅੰਦਰਲੀ ਵਿਸਮਾਦੀ ਅਵਸਥਾ ਨੂੰ ਬਿਆਨ ਕੀਤਾ ਹੈ। ਜਿਸ ਵਿਚ ਆਪਣੇ ਪਿਆਰੇ ਲਈ ਅਤਿਅੰਤ ਪਿਆਰ ਉਛਾਲੇ ਮਾਰਦਾ ਹੈ। ਅਜਿਹੇ ਸੁਹਜਮਈ ਵਾਤਾਵਰਣ ਨੂੰ ਗੁਰੂ ਸਾਹਿਬ ਨੇ ਆਪਣੀ ਬਾਣੀ 'ਬਾਰਾਮਾਹ ਤੁਖਾਰੀ' ਦੇ ਸਿਰਲੇਖ ਹੇਠ ਬੜੇ ਬਹਿਬਲਤਾ ਭਰੇ ਵਲਵਲੇ ਵਿਚ ਪੇਸ਼ ਕੀਤਾ ਹੈ।

**ਹਰਿ ਬਿਨ ਨੀਦ ਭੂਖ ਕਹੁ ਕੈਸੀ...।**

ਵਲਵਲਾ ਪ੍ਰਧਾਨ ਇਸ ਰਚਨਾ ਵਿਚ ਦੁਨਿਆਵੀ ਪਧਰ ਦੇ ਖੂਬਸੂਰਤ ਸ਼ਬਦ ਆਪਣੇ ਪਿਆਰੇ ਲਈ ਵਰਤ ਕੇ ਨਾਇਕ ਦੇ ਸਰੂਪ ਨੂੰ ਬਿਆਨ ਕੀਤਾ ਹੈ ਕਿਉਂਕਿ ਇਹ ਨਾਇਕਾ (ਜੀਵ ਇਸਤਰੀ) ਲਈ ਸਾਰੀਆਂ ਮੁਹਬਤਾਂ ਦਾ ਕੇਂਦਰ ਹੈ। ਕੁਦਰਤੀ ਚਿਤਰਣ ਅਤੇ ਬਿਰਹੋਂ ਵਰਣਨ ਵਿਚੋਂ ਭੌਰਿਆਂ ਦੀ ਗੂੰਜ, ਕੋਕਿਲਾਂ ਦੇ ਬੋਲ, ਫੁਲਾਂ ਦਾ ਖਿੜਾਉ ਸਭ ਕੁਝ ਰਵਾਇਤੀ ਵਰਤ ਕੇ ਇਸ ਦਾ ਪ੍ਰਭਾਵ ਅਧਿਆਤਮਕ ਰੂਪ ਵਿਚ ਪ੍ਰਗਟਾਇਆ ਹੈ। ਬਾਰਾਮਾਹ ਤੁਖਾਰੀ ਦੀ ਇਹੀ ਵਿਸ਼ੇਸ਼ਤਾ ਹੈ ਕਿ 'ਹਿਜਰ' ਅਤੇ 'ਵਸਲ' ਨੂੰ ਇਕੋ ਰਚਨਾ ਵਿਚ ਪ੍ਰਗਟ ਕਰਕੇ ਨਾਇਕਾ ਦੀ ਧੁਖਦੀ ਵਿਥਿਆ ਅਤੇ ਤੜਫਦੀ ਵੇਦਨਾ ਨੂੰ (ਨਾਰ-ਭਤਾਰ ਵਾਲੇ ਦੰਪਤੀ ਕਾਵਿ ਰਾਹੀਂ) ਅੰਤ ਮਹਾਂ-ਮਿਲਾਪ ਨਾਲ ਰੰਗ ਮਾਨਣ ਵਾਲੀ ਦਰਸਾ ਕੇ ਸੁਹਜਰਸ ਪੈਦਾ ਕੀਤਾ ਹੈ, ਜਿਥੇ ਸ਼ਾਂਤੀ, ਠਰ੍ਹੰਮਾ ਅਤੇ ਸਿਦਕ ਦਾ ਵਾਯੂਮੰਡਲ ਹੈ। ਗੁਰੂ ਸਾਹਿਬ ਦੀ ਸਾਰੀ ਬਾਣੀ-ਸਿਰਜਨਾ ਪ੍ਰਤੀਕ ਸ਼ੈਲੀ ਵਿਚ ਗੁੰਦੀ ਹੋਈ ਹੈ। ਅਨੇਕਾਂ ਰੂਪਕਾਂ, ਚਿੰਨ੍ਹਾਂ, ਪ੍ਰਤੀਕਾਂ ਰਾਹੀਂ ਸਾਨੂੰ ਭੌਤਿਕ ਵਾਯੂਮੰਡਲ ਤੋਂ ਆਤਮਕ ਵਾਯੂਮੰਡਲ ਤਕ ਪਹੁੰਚਾਂਦੀ ਹੈ। ਗੁਰੂ ਸਾਹਿਬ ਕੁਦਰਤੀ ਵਾਤਾਵਰਣ ਉਤੇ ਲੋੜੀਂਦਾ ਜ਼ੋਰ ਇਸ ਲਈ ਦਿੰਦੇ ਹਨ ਤਾਂ ਕਿ ਕੁਦਰਤ ਦੇ ਰਚਨਹਾਰੇ 'ਕਾਦਰ' ਨਾਲ ਜੁੜਿਆ ਜਾਵੇ ਕਿਉਂਕਿ ਕੁਦਰਤ ਕਾਦਰ ਨਾਲ ਜੁੜਨ ਦਾ ਇਕ ਮਾਧਿਅਮ ਹੈ। ਗੁਰੂ ਸਾਹਿਬ ਦਾ ਵਾਤਾਵਰਣ ਸੰਬੰਧੀ ਵਿਸ਼ਵ ਵਿਆਪੀ ਨਜ਼ਰੀਆ ਵੀ ਇਹੀ ਹੈ ਕਿ ਜ਼ਿੰਦਗੀ ਦਾ ਸਹੀ ਮਨੋਰਥ ਤੇ ਮੁਲਾਂਕਣ ਉਹੀ ਹੈ ਜਦੋਂ ਪ੍ਰਭੂ-ਮਿਲਾਪ ਲਈ ਮਨ 'ਰੁੰਨੜੀ' ਅਵਸਥਾ ਵਿਚ ਹੋਵੇ ਤਾਂ ਵਿਛੋੜਾ ਕਦੇ ਨਹੀਂ ਹੋਵੇਗਾ।

## ਹਵਾਲੇ ਤੇ ਟਿਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 464
2. ਉਹੀ, ਪੰਨਾ 141
3. ਉਹੀ, ਪੰਨਾ 839
4. ਉਹੀ, ਪੰਨਾ 791
5. ਉਹੀ, ਪੰਨਾ 02
6. ਉਹੀ, ਪੰਨਾ 04
7. ਉਹੀ, ਪੰਨਾ 1035
8. ਉਹੀ, ਪੰਨਾ 19
9. ਉਹੀ, ਪੰਨਾ 466
10. ਉਹੀ, ਪੰਨਾ 596
11. ਉਹੀ, ਪੰਨਾ 469
12. ਉਹੀ, ਪੰਨਾ 07
13. ਉਹੀ, ਪੰਨਾ 1037
14. ਉਹੀ, ਪੰਨਾ 472
15. ਉਹੀ, ਪੰਨਾ 08
16. ਉਹੀ, ਪੰਨਾ 1075
17. ਉਹੀ, ਪੰਨਾ 464
18. ਉਹੀ, ਪੰਨਾ 84
19. ਉਹੀ, ਪੰਨਾ 05
20. ਉਹੀ, ਪੰਨਾ 463
21. ਉਹੀ, ਪੰਨਾ 14



**ਡਾ. ਜਗਜੀਤ ਕੌਰ**

Email: sehajmn@gmail.com

# ਸਮੁੱਚੀ ਮਾਨਵਤਾ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼

**ਜਸਵੀਰ ਕੌਰ (ਡਾ.)**

ਪੰਦਰਵੀਂ ਸਦੀ ਦੌਰਾਨ ਭਾਰਤ ਦੀ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਸਥਿਤੀ ਬਹੁਤ ਹੀ ਆਗਿਆਨਤਾ ਦੇ ਹਨੇਰੇ ਅਤੇ ਵਿਸ਼ੇ-ਵਿਕਾਰਾਂ ਦੇ ਬੰਧਨਾਂ ਵਿਚ ਜਕੜੀ ਹੋਈ ਸੀ। ਇਸ ਲੁਕਾਈ ਨੂੰ ਇਹਨਾਂ ਬੁਰਾਈਆਂ ਤੋਂ ਮੁਕਤ ਕਰਨ ਲਈ ਸੰਤ-ਮਹਾਤਮਾ, ਪੀਰ-ਪੈਗ਼ੰਬਰ ਸੰਸਾਰ ਵਿਚ ਅਵਤਾਰ ਧਾਰਦੇ ਰਹੇ ਅਤੇ ਇਨਕਲਾਬ ਲਿਆਉਂਦੇ ਰਹੇ ਹਨ। ਜਿੰਨੀਆਂ ਵੀ ਤਬਦੀਲੀਆਂ ਦੁਨੀਆਂ ਵਿਚ ਹੁੰਦੀਆਂ ਰਹੀਆਂ ਹਨ, ਉਹ ਕਿਸੇ ਇਕ ਪੱਖ ਤੋਂ ਅਤੇ ਸੀਮਤ ਖੇਤਰ ਵਿਚ ਹੀ ਹੋਈਆਂ ਹਨ। ਪਰ ਸਮੁੱਚੀ ਮਨੁੱਖਤਾ ਦੇ ਸਾਰੇ ਪੱਖਾਂ ਨੂੰ ਆਪਣੇ ਘੇਰੇ ਵਿਚ ਨਹੀਂ ਲਿਆਂਦਾ। ਇਸ ਕਰਕੇ ''ਕੁਝ ਲੋਕ ਇਕੱਲੇ ਵਿਅਕਤੀ ਦੀ ਜੁਗ ਪਲਟਾਉ ਸ਼ਕਤੀ ਤੋਂ ਸ਼ਾਇਦ ਇਨਕਾਰੀ ਹੋਣ, ਪਰ ਸੰਸਾਰ ਦੇ ਸਮੁੱਚੇ ਸਮਾਜ ਦਾ ਇਤਿਹਾਸ ਦੱਸਦਾ ਹੈ ਕਿ ਸਮਾਜ ਦੀ ਅੱਧੋਗਤੀ ਵੇਲੇ ਕਿਸੇ ਮੌਕੇ ਕੋਈ ਅਜਿਹਾ ਵਿਅਕਤੀ ਸਾਹਮਣੇ ਆਉਂਦਾ ਹੈ ਜੋ ਸਮਾਜਕ ਪਰਿਵਰਤਨ ਵਿਚ ਵਿਸ਼ੇਸ਼ ਸ਼ਲਾਘਾਯੋਗ ਅਤੇ ਮਹਾਨ ਹਿੱਸਾ ਪਾਉਂਦਾ ਹੈ।''

ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੇ ਬਿਰਤਾਂਤ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ:

**ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ॥**

ਉਹਨਾਂ ਦੇ ਅਨੁਸਾਰ ਗੁਰੂ ਨਾਨਕ ਦੇਵ ਜੀ ਇੱਕ ਅਜਿਹੇ ਮਹਾਨ ਕ੍ਰਾਂਤੀਕਾਰੀ ਅਤੇ ਧਾਰਮਿਕ ਆਗੂ ਸਨ, ਜਿਹਨਾਂ ਦੀ ਵਿਚਾਰਧਾਰਾ ਸਮੇਂ, ਸਥਾਨ ਦੇ ਪੱਖ ਤੋਂ ਬਹੁਤ ਹੀ ਵਿਸ਼ਾਲ ਘੇਰੇ ਵਾਲੀ ਸੀ। ਉਹਨਾਂ ਦੀ ਸ਼ਖਸੀਅਤ ਦਾ ਪ੍ਰਭਾਵ ਕਈ ਪੀੜ੍ਹੀਆਂ ਤੀਕ ਸ਼ਕਤੀਸ਼ਾਲੀ ਪ੍ਰਥਾ ਦੇ ਰੂਪ ਵਿਚ ਕਾਇਮ ਰਹਿੰਦਾ ਹੈ। ਅਜਿਹੇ ਮਹਾਨ ਆਗੂ ਹਰ ਦੇਸ਼ ਅਤੇ ਧਰਮ ਵਿਚ ਹੁੰਦੇ ਰਹੇ ਹਨ। ਸਮਾਜ ਇਨ੍ਹਾਂ ਨੂੰ ਮਸੀਹਾ, ਅਵਤਾਰ, ਪੈਗੰਬਰ, ਗੁਰੂ ਸਵੀਕਾਰ ਕਰ ਲੈਂਦਾ ਹੈ। ਕ੍ਰਿਸ਼ਨ, ਹਜ਼ਰਤ ਮਹੁੰਮਦ, ਈਸਾ, ਗੁਰੂ ਨਾਨਕ ਆਪਣੇ-ਆਪਣੇ ਸਮੇਂ ਵਿਚ ਲੋਕਾਂ ਲਈ ਇਸ ਪਦ-ਪਦਵੀ ਦੇ ਧਾਰਨੀ ਬਣ ਕੇ ਆਏ। ਇਹਨਾਂ ਦਾ ਸੰਸਾਰ ਵਿਚ ਜਨਮ ਹੋਇਆ ਜਦੋਂ ਦੁਨੀਆਂ 'ਚੋਂ ਸੱਚਾ ਧਰਮ ਖੰਭ ਲਾ ਕੇ ਉੱਡ ਚੁੱਕਾ ਸੀ। ਇਹਨਾਂ ਨੇ ਹੀ ਸਾਰੀ ਮਨੁੱਖਤਾ ਨੂੰ ਇੱਕ ਸੰਪੂਰਨ ਫ਼ਲਸਫ਼ਾ ਦਿੱਤਾ ਜਿਸਦਾ ਉਪਦੇਸ਼ ਮਨੁੱਖ ਦੀ ਸੰਪੂਰਨ ਕਾਇਆਕਲਪ ਕਰਨਾ ਅਤੇ ਸਰਬਪੱਖੀ ਇਨਕਲਾਬ ਲਿਆਉਣਾ ਸੀ। ਕੀ ਹਿੰਦੂ ਅਤੇ ਕੀ ਮੁਸਲਿਮ, ਦੋਵੇਂ ਹੀ ਕਰਮ-ਕਾਂਡ, ਰਸਮਾਂ-ਰਿਵਾਜ਼ਾਂ ਜਾਂ ਸ਼ਰੀਅਤ ਨੂੰ ਹੀ ਸੱਚਾ ਧਰਮ ਸਮਝਣ ਲੱਗ ਪਏ ਸਨ। ਧਾਰਮਿਕ ਆਗੂ ਭੋਲੀ-ਭਾਲੀ ਜਨਤਾ ਉੱਪਰ ਜ਼ੁਲਮ ਕਰ ਰਹੇ ਸਨ। ਅਜਿਹੀ ਦੁਰਦਸ਼ਾ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਬਹੁਤ ਹੀ ਸੁੱਚਜੇ ਤਰੀਕੇ ਨਾਲ ਪੇਸ਼ ਕੀਤਾ ਹੈ:

**ਰਾਜੇ ਸ਼ੀਹ ਮੁਕਦਮ ਕੁਤੇ॥**
**ਜਾਇ ਜਗਾਇਨਿ ਬੈਠੇ ਸੁਤੇ॥**

ਗੁਰੂ ਨਾਨਕ ਦੇਵ ਜੀ ਤਿੰਨ ਦਿਨ ਵੇਈਂ ਨਦੀ ਵਿਚ ਅਲੋਪ ਰਹਿਣ ਉਪਰੰਤ ਜਦੋ ਪ੍ਰਗਟ ਹੋਏ ਤਾਂ ਉਹਨਾਂ ਨੇ ਸਭ ਤੋਂ ਪਹਿਲਾ ਕਿਹਾ "ਨਾ ਕੋ ਹਿੰਦੂ ਨਾ ਮੁਸਲਮਾਨ"। ਹਿੰਦੂ ਅਤੇ ਮੁਸਲਮਾਨ ਦੋਵੇਂ ਆਪਣੇ ਧਰਮ ਵਿਚ ਪੱਕੇ ਨਾ ਹੋਣ ਕਾਰਨ ਜ਼ੁਲਮ ਸਹਿਣ ਕਰ ਰਹੇ ਸੀ ਅਤੇ ਉਹਨਾਂ ਨੂੰ ਧਰਮ ਦੀ ਵੀ ਪੂਰੀ ਪਛਾਣ ਨਹੀਂ ਸੀ। ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਪਹਿਲਾ ਉਪਦੇਸ਼ ਏਕਤਾ ਦਾ ਸੀ, ਜਿਸ ਕਾਰਨ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਗੁਰੂ ਜੀ ਦਾ ਸਤਿਕਾਰ ਕਰਨ ਲੱਗ ਪਏ। ਮੁਗਲ ਹਕੂਮਤ ਵਿਚ ਹਿੰਦੂ ਭਾਈਚਾਰੇ ਉਤੇ ਬਹੁਤ ਜਿਆਦਾ ਅੱਤਿਆਚਾਰ ਕੀਤੇ ਜਾ ਰਹੇ ਸਨ। ਇਸ ਡਰ ਕਾਰਨ ਬਹੁਤ ਹਿੰਦੂ ਅੰਦਰੂਨੀ ਦਿਖ ਤੋਂ ਹਿੰਦੂ ਹੀ ਸਨ ਪਰ ਬਾਹਰਲੀ ਦਿੱਖ ਵਜੋਂ ਉਹ ਮੁਸਲਮਾਨਾਂ ਨਾਲ ਰਾਵਤਾ ਰੱਖ ਕੇ ਉਨ੍ਹਾਂ ਵਰਗੀ ਪਛਾਣ ਬਣਾ ਰਹੇ ਸਨ। ਇਸ ਸਥਿਤੀ ਵਿਚ ਗੁਰੂ ਨਾਨਕ ਦੇਵ ਜੀ ਨੇ ਪਖੰਡ ਭਰੇ ਇਸ ਦੂਹਰੇ ਜੀਵਨ ਨੂੰ ਤਿਆਗਣ ਦਾ ਉਪਦੇਸ਼ ਦਿੱਤਾ ਤੇ ਫੁਰਮਾਇਆ ਕਿ ਕੇਵਲ ਵਾਹਿਗੁਰੂ ਦਾ ਨਾਮ ਜਪਣ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ:

**ਅੰਤਰਿ ਪੂਜਾ ਪੜਹਿ ਕਤੇਬਾ, ਸੰਜਮ ਤੁਰਕਾ ਭਾਈ॥**
**ਛੋਡੀਲੇ ਪਾਖੰਡਾ, ਨਾਮਿ ਲਇਐ ਜਾਹਿ ਤਰੰਦਾ॥**

ਗੁਰੂ ਸਾਹਿਬ ਨੇ ਲਗਭਗ 28,000 ਕਿਲੋਮੀਟਰ ਦਾ ਲੰਮਾ ਪੈਂਡਾ ਅਰਬ ਦੇਸ਼ਾਂ, ਚੀਨ, ਪਰਸ਼ੀਆ, ਸ਼੍ਰੀ ਲੰਕਾ ਅਤੇ ਸੁਮੱਚੇ ਭਾਰਤ ਵਿਚ ਚਾਰ ਉਦਾਸੀਆਂ ਰਾਹੀ ਸੰਪੂਰਨ ਕੀਤਾ ਅਤੇ ਤਿੰਨ ਕੀਮਤੀ ਰਤਨ ਸਮਾਜ ਨੂੰ ਪ੍ਰਦਾਨ ਕੀਤੇ:

**"ਕਿਰਤ ਕਰੋ, ਵੰਡ ਛਕੋ, ਨਾਮ ਜਪੋ"**

ਅਤੇ ਇਸ ਕਾਰਜ ਲਈ ਆਪਣੀ ਰਚਨਾ ਵਿਚ ਕਿਰਤ ਨੂੰ ਸਭ ਤੋਂ ਅੱਗੇ ਰੱਖਿਆ। ਅੱਜ ਦੇ ਪਖੰਡੀ ਸਾਧ ਸੰਤ ਕਿਰਤ ਨੂੰ ਤਾਂ ਬਿਲਕੁਲ ਛੱਡ ਚੁੱਕੇ ਹਨ ਜੋ ਮਨੁੱਖਤਾ ਦਾ ਪਹਿਲਾ ਫਰਜ਼ ਹੈ, ਭੁੱਖਾ ਭਗਤੀ ਨਹੀਂ ਕਰ ਸਕਦਾ,

**ਭੂਖੈ ਭਗਤਿ ਨ ਕੀਜੈ॥**

ਇਸੇ ਤਰ੍ਹਾਂ ਪੰਜਾਬੀ ਦੀ ਇਕ ਕਹਾਵਤ ਹੈ ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ। ਗੁਰੂ ਸਾਹਿਬ ਨੇ ਉਚ-ਨੀਚ ਦਾ ਭੇਦ-ਭਾਵ ਖਤਮ ਕਰਦਿਆਂ ਨਾ ਸਿਰਫ਼ ਭਾਈ ਲਾਲੋ ਦੇ ਭੋਜਨ ਨੂੰ ਸਤਿਕਾਰ ਦਿੱਤਾ, ਸਗੋਂ ਉਹਨਾਂ ਦਾ ਜ਼ਿਕਰ ਬਾਣੀ ਵਿਚ ਕਰਕੇ ਇਸ ਅੰਤਰ ਨੂੰ ਖਤਮ ਹੀ ਕਰ ਛੱਡਿਆ। ਮੈਂ ਇਹ ਗੱਲ ਸਾਂਝੀ ਕਰਦਿਆਂ ਮਾਣ ਮਹਿਸੂਸ ਕਰਦੀ ਹਾਂ ਕਿ ਗੁਰੂ ਸਾਹਿਬ ਨੇ ਕਿਰਤ ਨੂੰ ਵਡਿਆਉਦਿਆਂ ਔਖਤੀ ਨਿਮਨ ਸ਼੍ਰੇਣੀ ਨੂੰ ਬਰਾਬਰੀ ਦਾ ਦਰਜਾ ਦਿੰਦਿਆ ਆਪਣੇ ਮੁਖਾਰਬਿੰਦ ਤੋਂ ਇਹ ਸ਼ਬਦ ਉਚਾਰਣ ਕੀਤਾ ਸੀ:

**ਜੈਸੀ ਮੈ ਆਵੇ, ਖਸਮ ਕੀ ਬਾਣੀ॥**
**ਤੈਸੜਾ ਕਰੀ ਗਿਆਨ ਵੇ ਲਾਲੋ॥**

ਗੁਰੂ ਸਾਹਿਬ ਨੇ ਨਿਮਰਤਾ, ਮਿਠ ਬੋਲਣ ਵਾਲਾ ਸੁਭਾਅ, ਦਲੇਰੀ ਅਤੇ ਨਿਰਮਾਣਤਾ ਨੂੰ ਸਭ ਗੁਣਾਂ ਦੀ ਕੁੰਜੀ ਦੱਸਿਆ ਹੈ। ਇਸ ਨਾਲ ਸਾਧਕ ਦਾ "ਮਨ ਨੀਵਾਂ ਤੇ ਮਤ ਉੱਚੀ" ਹੋ ਜਾਂਦੀ ਹੈ। ਮਿੱਠਾ ਬੋਲਣ ਨੂੰ ਗੁਰੂ ਜੀ ਨੇ ਸਭ ਚੰਗਿਆਈਆਂ ਦਾ ਨਿਚੋੜ ਕਿਹਾ ਹੈ। ਹੰਕਾਰ ਭਰੇ ਵਿਅਕਤੀ ਨੂੰ ਗੁਣਾਂ ਤੋਂ ਸੱਖਣਾ ਅਤੇ ਖੋਖਲਾ ਦਰਸਾਇਆ ਹੈ। ਗੁਰੂ ਸਾਹਿਬ ਨੇ ਸਿੰਮਲ ਵਰਗੇ ਵੱਡੇ ਰੁੱਖ ਦਾ ਬਿੰਬ ਲੈ ਕੇ ਮਨੁੱਖ ਨੂੰ ਆਮ ਜੀਵਨ ਵਿਚ ਮਿਠਾਸ ਲਿਆਉਣ ਦੀ ਸਿੱਖਿਆ ਦਿੱਤੀ ਹੈ:

**ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥**
**ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥**
**ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥**
**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥**

ਗੁਰੂ ਨਾਨਕ ਦੇਵ ਜੀ ਅਨੁਸਾਰ ਇੱਕ ਪਰਮਾਤਮਾ ਨੇ ਹੀ ਪੂਰੀ ਕਾਇਨਾਤ ਦੀ ਰਚਨਾ ਕੀਤੀ ਹੈ ਅਤੇ ਅਸੀਂ ਉਸ ਦੇ ਪਸਾਰੇ ਵਿਚ ਹਾਂ। ਇਥੇ ਹਿੰਦੂ, ਸਿੱਖ ਜਾਂ ਮੁਸਲਮਾਨ ਦੀ ਗੱਲ ਨਹੀਂ ਕੇਵਲ ਅਗੰਮੀ ਜੋਤ ਦੀ ਗੱਲ ਹੈ। ਇਹ ਜੋਤਿ ਗੁਰੂ ਦੇ ਉਪਦੇਸ਼ ਦੁਆਰਾ ਹੀ ਅੰਤਰ ਆਤਮਾ ਵਿਚ ਪ੍ਰਗਟ ਹੁੰਦੀ ਹੈ,

**ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥**

ਪ੍ਰਭੂ ਨੇ ਸਾਰੇ ਜਗਤ ਨੂੰ ਸਹਿਜ ਸੁਭਾਵਿਕ ਉਤਪੰਨ ਕਰਕੇ ਤਿੰਨਾਂ ਲੋਕਾਂ ਵਿਚ ਆਪਣੀ ਇਕ ਜੋਤਿ ਸਥਾਪਿਤ ਕੀਤੀ ਹੈ। ਜੋਤ ਦੇ ਚਾਨਣ ਨੂੰ ਗੁਰੂ ਜੀ ਨੇ ਸਾਰੇ ਜਗ ਦੇ ਪਸਾਰੇ ਦਾ ਕਾਰਨ ਮੰਨਿਆ। ਰਚਣਹਾਰੇ ਦਾ ਕੋਈ ਰੂਪ ਨਹੀਂ। ਸਰਵ-ਸ਼ਕਤੀਮਾਨ ਹੈ। ਮਨੁੱਖ ਉਸ ਨਾਲ ਇਕ-ਮਿਕ ਹੋ ਸਕਦਾ ਹੈ ਭਾਵੇਂ ਉਹ ਕਿਸੇ ਦਾ ਪੁੱਤਰ ਹੋਵੇ, ਕਿਸੇ ਧਰਮ ਦਾ ਹੋਵੇ ਅਤੇ ਕਿਸੇ ਦੇਸ਼ ਦਾ ਜੰਮਪਲ ਹੋਵੇ। ਗੁਰੂ ਜੀ ਫੁਰਮਾਨ ਕਰਦੇ ਹਨ:

**ਏਕਾ ਮਾਈ ਜੁਗਤਿ ਵਿਆਈ, ਤਿਨਿ ਚੇਲੇ ਪਰਵਾਣਿ॥**
**ਇਕ ਸੰਸਾਰੀ ਇਕੁ ਭੰਡਾਰੀ ,ਇਕ ਲਾਏ ਦੀਬਾਣੁ॥**
**ਜਿਵ ਤਿਸੁ ਭਾਵੈ ਤਿਵੈ ਚਲਾਵੈ, ਜਿਵ ਹੋਵੇ ਫੁਰਮਾਣ॥**

ਭਗਤ ਕਬੀਰ ਜੀ ਦੀ ਬਾਣੀ ਜੋ ਬਾਬਾ ਨਾਨਕ ਜੀ ਨੇ ਪ੍ਰਵਾਨ ਕਰਕੇ ਆਪਣੀ ਪੋਥੀ ਵਿਚ ਲਿਖੀ ਉਸ ਵਿਚ ਵੀ ਇਹੀ ਉਪਦੇਸ਼ ਹੈ:

**ਅਵਲਿ ਅਲਾਹੁ ਨੂਰ ਉਪਾਇਆ ਕੁਦਰਤਿ ਕੇ ਸਭਿ ਬੰਦੇ॥**
**ਏਕੁ ਨੂਰ ਤੇ ਸਭ ਜਗ ਉਪਜਿਆ ਕਉਣ ਭਲੇ ਕਉਣ ਮੰਦੇ॥**

ਗੁਰੂ ਸਾਹਿਬ ਪਰਮਾਤਮਾ ਤੱਕ ਪਹੁੰਚਣ ਦਾ ਰਸਤਾ ਇੱਕ ਸੱਚੇ ਗੁਰੂ ਦੀ ਪ੍ਰਾਪਤੀ ਨੂੰ ਦੱਸਦੇ ਹਨ। ਇਸ ਲਈ ਉਹ ਮੂਲਮੰਤਰ ਵਿਚ ਗੁਰਪ੍ਰਸਾਦਿ ਸ਼ਬਦ ਲਿਖ ਕੇ ਮੂਲਮੰਤਰ ਦੀ ਸਮਾਪਤੀ ਕਰਦੇ ਹਨ। ਪਰ ਪਰਮਾਤਮਾ ਦੀ ਇਸ ਪ੍ਰਾਪਤੀ ਲਈ ਉਹ ਕਿਸੇ ਤੀਰਥ ਤੇ ਇਸ਼ਨਾਨ ਕਰਨ ਨੂੰ ਫੋਕਾ ਕਰਮ-ਕਾਂਡ ਦੱਸਦੇ ਹਨ। ਕਿਉਂਕਿ ਉਹਨਾਂ ਦਾ ਫੁਰਮਾਨ ਹੈ,

**ਅੰਤਰ ਗਤਿ ਤੀਰਥਿ ਮਲਿ ਨਾਉ॥**

ਜਦ ਕਿ ਇਕ ਹੋਰ ਜਗ੍ਹਾ ਤੀਰਥਾਂ ਤੇ ਇਸ਼ਨਾਨ ਕਰਨ ਵਾਲੇ ਨੂੰ ਭੰਡਦੇ ਵੀ ਹਨ:

**ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥**
**ਇਕੁ ਭਾਉ ਲੱਥੀ ਨਾਤਿਆਂ ਦੁਇ ਭਾ ਚੜੀਅਸੁ ਹੋਰੁ॥**
**ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥**
**ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥**

ਤੀਰਥ ਇਸ਼ਨਾਨ ਦੇ ਨਾਲ-ਨਾਲ ਗੁਰੂ ਸਾਹਿਬ ਨੇ ਵਰਤ ਰੱਖਣ ਦਾ ਵੀ ਖੰਡਨ ਕੀਤਾ ਹੈ:

**ਅੰਨੁ ਨ ਖਾਹਿ ਦੇਹੀ ਦੁਖ ਦੀਜੈ॥**
**ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ॥**

ਗੁਰੂ ਨਾਨਕ ਦੇਵ ਜੀ ਇਕ ਅਜਿਹਾ ਸਮਾਜ ਸਿਰਜਣਾ ਚਾਹੁੰਦੇ ਸਨ, ਜਿਥੇ ਮਜ਼੍ਹਬ, ਜਾਤੀ ਅਤੇ ਕੁਲੀਨਤਾ ਦੀਆਂ ਦੀਵਾਰਾਂ ਨਾ ਹੋਣ, ਸਭ ਮਨੁੱਖ ਇਕ ਸਮਾਨ ਹੋਣ। ਪਰਸਪਰ ਪਿਆਰ ਤੇ ਰਵਾਦਾਰੀ ਹੋਵੇ। ਭਾਈਚਾਰੇ ਦਾ ਆਧਾਰ 'ਮਨੁੱਖਤਾਵਾਦੀ' ਹੋਵੇ ਤੇ ਜਿਥੇ ਹਰ ਕੰਮ ਮਨੁੱਖ ਜਾਤੀ ਦੇ ਭਲੇ ਲਈ ਹੋਵੇ। ਗੁਰੂ ਸਾਹਿਬ ਜਾਤ-ਪਾਤ ਦੇ ਭੇਦ-ਭਾਵ ਨੂੰ ਬੁਰਾ ਦੱਸਦੇ ਹਨ ਅਤੇ ਕਿਸੇ ਵੀ ਵਰਣ ਵਿਚ ਵਿਸ਼ਵਾਸ ਨਹੀਂ ਰੱਖਦੇ। ਉਹਨਾਂ ਦਾ ਫੁਰਮਾਨ ਹੈ:

**ਚਾਰ ਵਰਣ ਆਖੇ ਸਭ ਕੋਈ, ਬ੍ਰਹਮਬਿੰਦ ਤੇ ਸਭ ਉਪਤਿ ਹੋਈ॥**

ਜਪੁਜੀ ਸਾਹਿਬ ਦੇ ਆਰੰਭ ਵਿਚ ਹੀ ਇਨਸਾਨੀ ਮਨ ਦੀ ਇਕਾਗਰਤਾ ਅਤੇ ਸੁੱਚਤਾ ਉਪਰ ਜ਼ੋਰ ਦਿੰਦੇ ਹਨ, ਉਹਨਾਂ ਅਨੁਸਾਰ ਮਨ ਦੀ ਭੁੱਖ ਅਤੇ ਲਾਲਸਾ ਕਦੇ ਵੀ ਨਹੀਂ ਮੁੱਕਦੀ। ਮਨ ਕਦੇ ਸੁੱਚਾ ਨਹੀਂ ਹੁੰਦਾ। ਇਸ ਅੰਦਰ ਉਥਲ-ਪੁਥਲ ਚਲਦੀ ਰਹਿੰਦੀ ਹੈ, ਭਾਵੇਂ ਸਮਾਧੀ ਲਾ ਕੇ ਹੀ ਕਿਉਂ ਨਾ ਬੈਠਿਆ ਜਾਵੇ, ਅਤੇ ਹਜ਼ਾਰਾਂ ਸਿਆਣਪਾਂ ਵੀ ਮਰਨ ਵੇਲੇ ਸਾਡੇ ਨਾਲ ਨਹੀਂ ਚਲਦੀਆਂ ਅਤੇ ਇਨ੍ਹਾਂ ਸਭ ਦਾ ਛੁਟਕਾਰਾ ਪਰਮਾਤਮਾ ਦੇ ਹੁਕਮ, ਰਜ਼ਾ ਅਤੇ ਭਾਣੇ ਅੰਦਰ ਰਹਿ ਕੇ ਹੋ ਸਕਦਾ ਹੈ:

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥**
**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥**
**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥**
**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥**
**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥**

ਇਸ ਦੇ ਨਾਲ ਹੀ ਆਪਣੇ ਅੰਤਰ ਮਨ ਨੂੰ ਪਰਮਾਤਮਾ ਨਾਲ ਜੋੜਨ ਦੀ ਗੱਲ ਕਰਦੇ ਹਨ। ਇਸ ਲਈ ਹੀ ਛੋਟੀ ਉਮਰੇ ਜਦੋਂ ਉਹਨਾਂ ਨੂੰ ਜਨੇਊ ਪਾਉਣ ਲਈ ਪੰਡਤ ਨੇ ਹੱਥ ਵਧਾਏ ਤਾਂ ਉਹਨਾਂ ਨੇ

ਉਸ ਪੰਡਤ ਨੂੰ ਹੀ ਧਰਮ ਦਾ ਅਸਲੀ ਉਪਦੇਸ਼ ਅਤੇ ਸੱਚਾ ਪਾਠ ਪੜ੍ਹਾ ਦਿੱਤਾ:

**ਦਇਆ ਕਪਾਹ ਸੰਤੋਖ ਸੂਤ ਜਤੁ ਗੰਢ ਸਤੁ ਵਟੁ॥**
**ਏਹ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨ ਮਲੁ ਲਗੈ ਨ ਇਹ ਜਲੈ ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥**

ਬੇਸ਼ਕ ਉਹ ਹਿੰਦੂ ਧਰਮ ਦੀ ਵਿਰੋਧਤਾ ਨਹੀਂ ਕਰਦੇ ਸਨ। ਪਰ ਫੋਕੇ ਕਰਮ-ਕਾਂਡ ਵਿਚੋਂ ਨਿਕਲ ਕੇ ਧਰਮ ਦਾ ਸਹੀ ਰਾਹ ਫੜਣ ਦਾ ਉਪਦੇਸ਼ ਦਿੰਦੇ ਸਨ।

ਗੁਰੂ ਸਾਹਿਬ ਹਰ ਇਨਸਾਨ ਨੂੰ ਸਹੀ ਸਮੇਂ ਤੇ ਪਰਮਾਤਮਾ ਦਾ ਸਿਮਰਨ ਕਰਨ ਦਾ ਉਪਦੇਸ਼ ਦ੍ਰਿੜ੍ਹ ਕਰਦੇ ਹਨ। ਅਤੇ ਇਸ ਨੂੰ ਪ੍ਰਤੱਖ ਰੂਪ ਵਿਚ ਸਮਝਾਉਣ ਲਈ ਉਹ ਇਨਸਾਨ ਨੂੰ ਰਾਤ ਦਾ ਵਸਨੀਕ ਆਖਦੇ ਹਨ, ਜੋ ਕੇਵਲ ਚਾਰ ਪਹਿਰ ਕੱਟਣ ਲਈ ਦੁਨੀਆਂ ਤੇ ਆਉਂਦਾ ਹੈ, ਫੁਰਮਾਨ ਕਰਦੇ ਹਨ:

**ਪਹਿਲੈ ਪਹਰੈ ਰੈਣਿ ਕੇ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥**

ਇਕ ਹੋਰ ਜਗ੍ਹਾ ਮਨੁੱਖੀ ਦੇਹ ਦੀਆਂ ਦਸ ਅਵਸਥਵਾਂ ਨੂੰ ਵੀ ਵਿਅਕਤ ਕੀਤਾ ਗਿਆ ਹੈ:

**ਪਹਿਲੈ ਪਿਆਰਿ ਲਗਾ ਥਣ ਦੁਧਿ॥**
**ਦੂਜੈ ਮਾਇ ਬਾਪ ਕੀ ਸੁਧਿ॥**

ਗੁਰੂ ਨਾਨਕ ਦੇਵ ਜੀ ਚੰਗੇ ਇਨਸਾਨਾਂ ਦੀ ਸੰਗਤ ਦਾ ਉਪਦੇਸ਼ ਦਿੰਦੇ ਹਨ। ਜਿੰਨ੍ਹਾਂ ਨਾਲ ਰਹਿ ਕੇ ਪਰਮਾਤਮਾ ਦੀ ਉਸਤਤਿ ਜਾਂ ਵਡਿਆਈ ਕਰੀ ਜਾ ਸਕਦੀ ਹੈ ਅਤੇ ਉਹਨਾਂ ਦੇ ਗੁਣ ਹਾਸਲ ਕਰਕੇ ਔਗੁਣਾਂ ਤੋਂ ਛੁਟਕਾਰਾ ਹਾਸਲ ਕੀਤਾ ਜਾ ਸਕਦਾ ਹੈ:

**ਗੁਣਾ ਕਾ ਹੋਵੈ ਵਾਸਲਾ ਕਢ ਵਾਸ ਲਈਜੈ॥**

ਗੁਰੂ ਸਾਹਿਬ ਇਨਸਾਨੀ ਸਰੀਰ ਵਿਚ ਪੰਜ ਵਿਸ਼ੇ ਵਿਕਾਰਾਂ ਦੀ ਮੁਕਤੀ ਲਈ ਪ੍ਰਭੂ ਭਗਤੀ ਦੇ ਲੜ ਲੱਗਣ ਦਾ ਉਪਦੇਸ਼ ਦਿੰਦੇ ਹਨ। ਜਿਸ ਤੋਂ ਬਗੈਰ ਪੂਰੀ ਜ਼ਿੰਦਗੀ ਕੇਵਲ ਤੇ ਕੇਵਲ ਦੁਖਾਂ ਵਿਚ ਹੀ ਕੱਟਣੀ ਪੈ ਸਕਦੀ ਹੈ। ਉਹ ਫੁਰਮਾਨ ਕਰਦੇ ਹਨ, ਹਰ ਇਨਸਾਨ ਆਪਣੀ ਮਿੱਤਰਤਾ, ਪਰਿਵਾਰਕ ਮੈਂਬਰਾਂ ਲਈ ਪਾਪ ਕਰਦਾ ਹੈ। ਇਸੇ ਕਾਰਨ ਨਰਕ ਦੀ ਅੱਗ ਵਿਚ ਸੜਦਾ ਹੈ। ਕੇਵਲ ਰਾਮ ਨਾਮ ਨਾਲ ਹੀ ਛੁਟਕਾਰਾ ਹੋ ਸਕਦਾ ਹੈ:

**ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ॥**
**ਮਾਰਿਹ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ॥**
**ਕਾਮਣਿ ਲੁੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ॥**
**ਨਾਨਕ ਪਾਪ ਕਰੇ ਤਿਲ ਕਾਰਣਿ ਜਾਸੀ ਜਮਪੁਰਿ ਬਾਧਾਤਾ॥**

ਗੁਰੂ ਨਾਨਕ ਦੇਵ ਜੀ ਮਨਮੁੱਖਤਾ ਤੋਂ ਹਰ ਮਨੁੱਖ ਨੂੰ ਵਰਜਦੇ ਹਨ ਅਤੇ ਇਕ ਸਚਿਆਰ ਗੁਰੂ ਦੇ ਲੜ ਲੱਗਣ ਦਾ ਉਪਦੇਸ਼ ਦਿੰਦੇ ਹਨ ਕਿ ਗੁਰਮੁੱਖ ਵਿਅਕਤੀ ਨੂੰ ਇਹ ਸੋਝੀ ਹੁੰਦੀ ਹੈ ਕਿ ਉਹ ਕੁਝ ਵੀ ਕਰਨ ਜੋਗਾ ਨਹੀਂ। ਜੋ ਕੁਝ ਵੀ ਵਾਪਰਦਾ ਹੈ, ਅਕਾਲ ਪੁਰਖ ਆਪ ਕਰਦਾ ਹੈ। ਕਿਉਂਕਿ ਉਹ ਧੁਰ ਅੰਦਰੋਂ ਅਕਾਲ ਪੁਰਖ ਨਾਲ ਇਕ ਸੁਰ ਹੁੰਦਾ ਹੈ, ਤੇ ਮਨਮੁੱਖ ਵਿਅਕਤੀ ਨੂੰ ਵੀ ਸਮਝਾਉਣ ਲੱਗਦੇ ਹਨ ਕਿ ਪਰਮਾਤਮਾ ਨਾਲ ਐਸਾ ਪਿਆਰ ਕਰੋ ਜਿਵੇਂ ਪਾਣੀ ਦਾ ਕਮਲ ਦੇ ਫੁੱਲ ਨਾਲ ਹੁੰਦਾ ਹੈ। ਪਰ ਜਿਹੜਾ ਮਨਮੁੱਖ ਵਿਅਕਤੀ ਇਸ ਵਿਚਾਰ ਨਾਲ ਨਹੀਂ ਭਿੱਜਦਾ ਉਹ ਵਿਛੋੜੇ ਦੀਆਂ ਸੱਟਾਂ ਦਾ ਦੁੱਖ ਝੱਲਦਾ ਹੀ ਦੁਨੀਆਂ ਤੋਂ ਤੁਰ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨਸਾਰ,"ਜੋ ਵਿਅਕਤੀ ਗੁਰੂ ਦੇ ਸਨਮੁਖ ਹਨ, ਜਿਨ੍ਹਾਂ ਨੇ ਗੁਰੂ ਦੇ ਉਪਦੇਸ਼ ਤੇ ਪੂਰਾ ਅਮਲ ਕੀਤਾ ਹੈ, ਉਨ੍ਹਾਂ ਦੀ ਗੁਰਮੁਖ ਅਥਵਾ ਸਨਮੁਖ ਸੰਗਯਾ ਹੈ"। ਫੁਰਮਾਨ ਹੈ:

**ਗੁਰਮੁਖਿ ਆਪਿ ਪਛਾਣੀਐ ਅਵਰ ਕਿ ਕਰੇ ਕਰਾਇ ॥**
**ਮਿਲਿਆ ਕਾ ਕਿਆ ਮੇਲੀਐ ਸ਼ਬਦਿ ਮਿਲੇ ਪਤੀਆਇ॥**
**ਮਨਮੁਖਿ ਸੋਝੀ ਨਹ ਪਵੈ ਵੀਛੜਿ ਚੋਟਾ ਖਾਇ॥**
**ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ॥**

ਗੁਰੂ ਸਾਹਿਬ ਮਨੁੱਖਤਾ ਨੂੰ ਇਹ ਵੀ ਉਪਦੇਸ਼ ਦਿੰਦੇ ਹਨ ਕਿ ਅਸੀਂ ਅਕਾਲ ਪੁਰਖ ਦੇ ਦਰ ਤੋਂ ਦੋ ਕੱਪੜੇ ਭਾਵ ਦੁੱਖ ਅਤੇ ਸੁੱਖ ਨਾਲ ਲੈ ਕੇ ਆਏ ਹਾਂ। ਹਰ ਮਨੁੱਖ ਆਪਣੇ ਕਰਮ ਲਿਖਾ ਕੇ ਲੈ ਕੇ ਆਇਆ ਹੈ। ਉਸਦੇ ਹੁਕਮ ਅਨੁਸਾਰ ਹੀ ਸ੍ਰਿਸ਼ਟੀ ਦਾ ਪਸਾਰਾ ਚੱਲਦਾ ਹੈ ਤੇ ਜਿਸਦੀ ਕਿਸਮਤ ਵਿਚ ਜੋ ਲਿਖਿਆ ਹੁੰਦਾ ਹੈ, ਉਹੀ ਮਿਲਦਾ ਹੈ ਇਹ ਸੁੱਖ ਹੋਵੇਗਾ ਜਾਂ ਦੁੱਖ। ਗੁਰੂ ਸਾਹਿਬ ਫੁਰਮਾਨ ਕਰਦੇ ਹਨ:

**ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥਾਂ ਜਾਇ ਰੁਆਈਐ॥**

ਗੁਰੂ ਸਾਹਿਬ ਪਰਮਾਤਮਾ ਦੀ ਹਸਤੀ ਦੇ ਸਾਹਮਣੇ ਆਪਣੇ ਆਪ ਨੂੰ ਬਹੁਤ ਛੋਟਾ ਖਿਆਲਦੇ ਹਨ ਤੇ ਇਕ ਦਰਿਆ ਦੇ ਸਾਹਮਣੇ ਮਛਲੀ ਦੀ ਨਿਆਈਂ ਸਮਝਦੇ ਨੇ ਤੇ ਹਰ ਵਿਅਕਤੀ ਨੂੰ ਇਸ ਨਿਰਮਾਣਤਾ ਅਤੇ ਨਿਮਰਤਾ ਨੂੰ ਧਾਰਨ ਕਰਨ ਦਾ ਉਪਦੇਸ਼ ਵੀ ਦਿੰਦੇ ਹਨ:

**ਤੂ ਦਰੀਆਉ ਦਾਨਾ ਬੀਨਾ ਮੈ ਮਛਲੀ ਕੈਸੇ ਅੰਤ ਲਹਾ॥**
**ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ॥**

ਤੇ ਇਸੇ ਸ਼ਬਦ ਦੇ ਅਖੀਰ ਵਿਚ ਪਰਮਾਤਮਾ ਦੇ ਹੁਕਮ ਅਨੁਸਾਰ ਚੱਲਣ ਦਾ ਫੁਰਮਾਨ ਕਰਦੇ ਹਨ:

**ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝ ਮਿਆਨੋ॥**
**ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋ॥**
**ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋ॥**

ਗੁਰੂ ਸਾਹਿਬ ਪਰਮਾਤਮਾ ਦੀ ਉਸਤਤਿ ਕਰਨ ਦਾ ਉਪਦੇਸ਼ ਦਿੰਦੇ ਹਨ ਬੇਸ਼ੱਕ ਮਨੁੱਖ ਇਸ ਦੇ ਯੋਗ ਨਹੀਂ ਹੁੰਦਾ ਫਿਰ ਵੀ ਸਾਰੀ ਉਮਰ ਲਗਾ ਕੇ ਤਿਲ ਦੇ ਬਰਾਬਰ ਵਡਿਆਈ ਕਰ ਹੀ ਸਕਦਾ ਹੈ:

**ਜੋ ਤਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ॥**

ਅਜਿਹੇ ਸਤਿਗੁਰੂ ਤੋਂ ਕੁਰਬਾਨ ਹੋ ਜਾਣਾ ਚਾਹੀਦਾ ਹੈ। ਜਿਸ ਦੇ ਮੇਲ ਨਾਲ ਪ੍ਰਭੂ ਦਾ ਨਾਮ ਹਰ ਵੇਲੇ ਯਾਦ ਆਉਂਦਾ ਹੈ, ਅਤੇ ਜਿਸ ਦੇ ਉਪਦੇਸ਼ ਨਾਲ ਗਿਆਨ ਰੂਪੀ ਸੁਰਮਾ ਮਿਲਦਾ ਹੈ। ਅਜਿਹਾ ਸੁਰਮਾ ਅੱਖਾਂ ਵਿਚ ਪਾ ਕੇ ਜੀਵਾਤਮਾ ਨੂੰ ਕਾਇਨਾਤ ਦਾ ਗਿਆਨ ਹੋ ਜਾਂਦਾ ਹੈ:

**ਸਤਿਗੁਰੂ ਵਿਟਹੁ ਵਾਰਿਆ, ਜਿਤੁ ਮਿਲਿਐ ਖਸਮੁ ਸਮਾਲਿਆ॥**
**ਜਿਨਿ ਕਰਿ ਉਪਦੇਸ਼ ਗਿਆਨ ਅੰਜਲੁ ਦੀਆਂ, ਇਨੀ ਨੇਤ੍ਰੀ ਜਗਤ ਨਿਹਾਲਿਆ॥**

ਇਸਤਰੀ ਨੂੰ ਸੰਸਾਰ ਵਿਚ ਕੋਈ ਸਤਿਕਾਰਯੋਗ ਸਥਾਨ ਨਹੀਂ ਸੀ ਦਿੱਤਾ ਜਾਂਦਾ। ਹਰ ਪੱਖ ਤੋਂ ਇਸਤਰੀ ਮਨੁੱਖ ਦੀ ਗੁਲਾਮ ਸੀ। 'ਗੁਰੂ ਨਾਨਕ ਦੇਵ ਜੀ ਦੇ ਪੂਰਵਕਾਲੀ ਅਤੇ ਸਮਕਾਲੀ ਸੰਤ ਮਹਾਤਮਾਵਾਂ ਨੇ ਇਸਤਰੀ ਦੀ ਘੋਰ ਨਿੰਦਾ ਕੀਤੀ ਹੈ। ਕਬੀਰ ਵਰਗੇ ਮਹਾਂਪੁਰਖ ਨੇ ਗ੍ਰਹਿਸਤੀ ਵਿਚ ਹੁੰਦੇ ਹੋਏ ਵੀ ਇਸਤਰੀ ਦੀ ਖੁਲ੍ਹ ਕੇ ਨਿੰਦਿਆ ਕੀਤੀ ਹੈ:

**"ਨਾਰੀ ਕੀ ਛਾਈ ਪਰਤ ਅੰਧਾ ਹੋਤ ਭੁਜੰਗ॥ ਕਬੀਰਾ ਤਿਨ ਕੀ ਕੌਣ ਗਤੀ ਨਿਤ ਨਾਰੀ ਕੇ ਸੰਗ॥"**

ਉਹਨਾਂ ਦੇ ਰਚੇ ਸਾਹਿਤ ਵਿਚ ਪਹਿਲੀ ਵਾਰ ਅਜਿਹਾ ਹੋਇਆ ਕਿ ਮਰਦ ਪ੍ਰਦਾਨ ਸਮਾਜ ਵਿਚ ਤ੍ਰਿਸਕਾਰ ਦਾ ਪਾਤਰ ਬਣੀ ਰਹੀ ਇਸਤਰੀ ਦੀ ਅਜਿਹੀ ਦੁਰਗਤੀ ਵੇਖਕੇ ਉਸ ਦੀ ਹਾਲਤ ਵਿਚ ਸੁਧਾਰ ਲਿਆਉਣ ਦਾ ਹੋਕਾ ਦਿੱਤਾ, ਅਤੇ ਉਸਨੂੰ ਰਾਜਿਆਂ, ਮਹਾਰਾਜਿਆਂ ਦੀ ਜਨਣੀ ਆਖਿਆ ਗਿਆ। ਉਹਨਾਂ ਦੇ ਸਮਕਾਲੀ ਅਤੇ ਪੂਰਬਲੇ ਸਾਹਿਤਕਾਰਾਂ ਵਿਚ ਇਹ ਗੁਣ ਵਿਦਮਾਨ ਨਹੀਂ ਸੀ। ਕਿਸੇ ਨੇ ਬਾਘਣ ਕਿਹਾ, ਕਿਸੇ ਨੇ ਪੈਰ ਦੀ ਜੁੱਤੀ ਅਤੇ ਕਿਸੇ ਨੇ ਜਾਨਵਰਾਂ ਦੇ ਬਰਾਬਰ ਤੁਲਨਾ ਕੀਤੀ ਹੈ, ਪਰ ਗੁਰੂ ਸਾਹਿਬ ਨੇ ਇਸਤਰੀ ਵਰਗ ਪ੍ਰਤੀ ਆਪਣਾ ਸਤਿਕਾਰ ਪ੍ਰਗਟਾਇਆ ਅਤੇ ਆਪਣੀ ਕ੍ਰਾਂਤੀਕਾਰੀ ਸੋਚ ਅਧੀਨ ਇਸ ਸ਼ਬਦ ਦੀ ਰਚਨਾ ਕੀਤੀ:

**ਭੰਡਿ ਜੰਮੀਐ ਭੰਡਿ ਨਿਮੀਐ, ਭੰਡਿ ਮੰਗਣੁ ਵਿਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥**

"ਸਦਾਚਾਰ ਨੀਤੀ ਆਤਮਿਕ ਭਵਨ ਦਾ ਆਧਾਰ ਹਨ। ਜਦ ਤਕ ਕਿ ਸਦਾਚਾਰਕ ਗੁਣ ਪੈਦਾ ਨਾ ਕੀਤੇ ਜਾਣ, ਜਿਗਿਆਸੂ ਆਤਮਿਕ ਸੱਤਾ ਦੀ ਉੱਚੀ ਪੱਧਰ ਤੇ ਨਹੀਂ ਪਹੁੰਚ ਸਕਦਾ। ਕਰਮ, ਗਿਆਨ ਅਤੇ ਸ਼ਰਧਾ ਦੇ ਸੰਤੁਲਿਤ ਮੇਲ ਦੀ ਜ਼ਰੂਰਤ ਹੈ।" ਗੁਰੂ ਸਾਹਿਬ ਨੇ ਸੱਚ ਨੂੰ ਸਭ ਤੋਂ ਅਹਿਮ ਮੰਨਿਆਂ, ਪਰ ਸੱਚੇ-ਸੁੱਚੇ ਵਿਹਾਰ ਨੂੰ ਸੱਚ ਤੋਂ ਵੀ ਅੱਵਲ ਥਾਂ ਦਿੱਤਾ ਹੈ:

**ਸਚਹੁ ਉਰੈ ਸਭ ਕੋ ਊਪਰਿ ਸਚੁ ਆਚਾਰੁ॥**

ਇਸੇ ਰਚਨਾ ਰਾਹੀਂ ਹਰ ਸ਼ਰਧਾਲੂ ਸਿੱਖ ਨੂੰ ਪਰਮਾਤਮਾ ਤੱਕ ਪਹੁੰਚਣ ਦਾ ਮਾਰਗ ਦ੍ਰਿੜ੍ਹ ਕੀਤਾ ਹੈ।

ਉਹਨਾਂ ਅਨੁਸਾਰ ਧਰਮ ਦੇ ਸਹੀ ਮਾਰਗ ਤੇ ਚੱਲਣ ਵਾਲਾ, ਗਿਆਨ ਨੂੰ ਅਮਲੀ ਰੂਪ ਵਿਚ ਢਾਲਣ ਵਾਲਾ, ਸੁੱਚੇ ਅਤੇ ਨੇਕ ਕਰਮ ਕਰਨ ਵਾਲਾ, ਮਾਨਸਿਕ ਉੱਚਤਾ ਅਤੇ ਸੁੱਚਤਾ ਭਾਵ ਸਰਮ ਦਾ ਧਾਰਨੀ ਹੀ ਸੱਚ-ਖੰਡ ਦੀ ਪ੍ਰਾਪਤੀ ਕਰਨ ਦੇ ਕਾਬਲ ਹੋ ਜਾਂਦਾ ਹੈ। ਉਦਾਸੀਆਂ ਦੌਰਾਨ ਆਪ ਜਿਥੇ ਵੀ ਜਾਂਦੇ ਰਹੇ ਲੋਕਾਂ ਨੂੰ ਕਰਮ-ਕਾਂਡਾ, ਵਹਿਮ-ਭਰਮ, ਰਸਮ-ਰਿਵਾਜ਼ ਅਤੇ ਵਿਖਾਵੇ ਤੇ ਭੇਖਾਂ ਨੂੰ ਤਿਆਗ ਕੇ ਸੱਚਾ ਤੇ ਸੁੱਚਾ ਜੀਵਨ ਬਤੀਤ ਕਰਨਾ ਚਾਹੀਦਾ ਹੈ, ਦਾ ਉਪਦੇਸ਼ ਦਿੰਦੇ ਰਹੇ। ਸੱਚ ਦੀ ਪਛਾਣ ਕਰਨ ਲਈ ਹਉਮੈ ਨੂੰ ਤਿਆਗ ਕੇ ਨਿਰੋਲ ਜੀਵਨ ਵਿਚ ਰਹਿ ਕੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਜਾਲ ਵਿਚ ਨਾ ਫਸੇ, ਅੰਦਰੂਨੀ ਤੌਰ' ਤੇ ਸਦਾਚਾਰਕ ਗੁਣ ਅਖਤਿਆਰ ਕਰੇ। ਇਕੋ ਪਰਮਾਤਮਾ ਨੂੰ ਮੰਨ ਕੇ ਉਸ ਦੀ ਭਗਤੀ ਕਰੇ, ਕਿਉਂਕਿ ਉਸ ਅਕਾਲ ਪੁਰਖ ਤੋਂ ਵੱਡਾ ਹੋਰ ਕੋਈ ਨਹੀਂ ਹੈ:

**ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ॥**
**ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇਇ॥**

ਗੁਰੂ ਸਾਹਿਬ ਜੀ ਨੇ ਪਿੱਤਰ ਪੂਜਾ (ਸਰਾਧਾਂ) ਦਾ ਖੰਡਨ ਕੀਤਾ। ਅਸਲ ਵਿਚ ਜਿਉਂਦੇ ਮਾਂ ਬਾਪ ਦੀ ਸੇਵਾ ਹੀ ਪਿੱਤਰ ਪੂਜਾ ਹੈ। ਹੋਰ ਸਭ ਅਡੰਬਰ ਕੂੜ ਹਨ। ਕਿਸੇ ਪਿੱਤਰਾਂ ਨੂੰ ਖਵਾਇਆ ਭੋਜਨ ਜਾਂ ਦਿੱਤੀ ਭੇਟ ਕਦੇ ਪਿੱਤਰਾਂ ਨੂੰ ਨਹੀਂ ਪਹੁੰਚਦੀ ਸਗੋਂ ਪ੍ਰੋਹਿਤ ਹੀ ਖਾ ਜਾਂਦੇ ਹਨ। ਗੁਰਮਤਿ ਦਾ ਉਪਦੇਸ਼ ਹੈ:

**ਜੀਵਤ ਪਿਤਰ ਨਾ ਮਾਨੈ ਕੋਊ ਮੂਏ ਸਿਰਾਧ ਕਰਾਹੀ॥**
**ਪਿਤਰ ਭੀ ਬਪੁਰੇ ਕਹੁ ਕਿਆ ਪਾਵਹਿ ਮਊਆਂ ਕੂਕਰ ਖਾਹੀ॥**

ਗੁਰੂ ਨਾਨਕ ਦੇਵ ਜੀ ਨੇ ਆਰਤੀਆਂ ਦਾ ਖੰਡਨ ਕੀਤਾ, ਪਰ ਅੱਜ ਗੁਰਦੁਆਰਿਆ ਵਿਚ ਵੀ ਆਰਤੀਆਂ ਕੀਤੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਵਹਿਮ-ਭਰਮ ਅਤੇ ਛਲਾਵਿਆਂ ਰੂਪ ਕਰਾਮਾਤਾਂ ਦਾ ਤਿਆਗ ਕੀਤਾ, ਕਿਉਂਕਿ ਇਹ ਸਭ ਜੀਵਨ ਵਿਕਾਸ ਦੇ ਰਾਹ ਵਿਚ ਰੁਕਾਵਟਾਂ ਹਨ, ਪਰ ਸਾਖੀਕਾਰਾਂ ਨੇ ਬਾਬਾ ਜੀ ਨਾਲ ਵੀ ਕਰਾਮਾਤਾਂ ਜੋੜ ਦਿੱਤੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਕਾਜ਼ੀਆਂ, ਬ੍ਰਾਹਮਣਾਂ, ਮੁਲਾਂ, ਜੋਗੀਆਂ, ਪੀਰਾਂ, ਹੰਕਾਰੀ ਰਾਜਿਆਂ ਅਤੇ ਭੇਖੀ ਪਾਖੰਡੀ ਸਾਧਾਂ ਸੰਤਾਂ ਰੂਪੀ ਠੱਗਾਂ ਆਦਿ ਨੂੰ ਭੰਡ ਕੇ ਖਰੀਆਂ-ਖਰੀਆਂ ਸੁਣਾ ਕੇ ਇਨ੍ਹਾਂ ਦਾ ਭੈ ਦੁਨੀਆਂ ਦੇ ਦਿਲ ਦਿਮਾਗ ਵਿਚੋਂ ਕੱਢਦੇ ਹੋਏ ਫੁਰਮਾਇਆ:

**ਕਾਦੀ ਕੂੜ ਬੋਲਿ ਮਲੁ ਖਾਇ॥**
**ਬ੍ਰਾਹਮਣ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਵੈ ਅੰਧੁ॥**
**ਤੀਨੇ ਉਜਾੜੈ ਕਾ ਬੰਧੁ॥**

ਸਮੱਚੇ ਰੂਪ ਵਿਚ ਅਸੀਂ ਇਹ ਆਖ ਸਕਦੇ ਹਾਂ ਕਿ ਗੁਰੂ ਸਾਹਿਬ ਨੇ ਆਪਣੀ ਰਚਨਾ ਰਾਹੀਂ ਸਮਾਜ ਦੇ ਸਾਰੇ ਲੋਕਾਂ ਨੂੰ ਬਿਨਾਂ ਕਿਸੇ ਧਾਰਮਿਕ ਵਖਰੇਵੇਂ ਤੋਂ ਉਪਦੇਸ਼ ਦਿੱਤਾ ਅਤੇ ਸਹੀ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਉਹਨਾਂ ਦੀ ਰਚਨਾ ਵਿਚ ਮਾਰਗ ਦਰਸ਼ਨ ਭਲੀ-ਭਾਂਤ ਨਜ਼ਰ ਆ ਰਿਹਾ ਹੈ:

**ਸਚੈ ਮਾਰਿਗ ਚਲਦਿਆਂ ਉਸਤਤਿ ਕਰੇ ਜਹਾਨ॥**

ਉਨ੍ਹਾਂ ਦੀ ਸਮੁੱਚੀ ਰਚਨਾ ਲੋਕ ਭਲਾਈ ਲਈ ਸੀ, ਇਸੇ ਲਈ ਉਹ ਕਿਸੇ ਲਈ ਗੁਰੂ, ਕਿਸੇ ਲਈ ਸਤਿਗੁਰੂ ਨਾਨਕ, ਕਿਸੇ ਲਈ ਨਾਨਕ ਸ਼ਾਇਰ ਅਤੇ ਕਿਸੇ ਲਈ ਨਾਨਕ ਸ਼ਾਹ ਫਕੀਰ ਸਨ। ਗੁਰੂ ਸਾਹਿਬ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਦਰਜਾ ਦੇ ਕੇ ਇਸ ਕੁਦਰਤ ਦੀ ਮਨੁੱਖਾ ਜੀਵਨ ਲਈ ਮਹੱਤਤਾ ਤੋਂ ਜਾਣੂ ਕਰਵਾਇਆ। ਇਸ ਲਈ ਇਸਦੀ ਸਾਂਭ ਸੰਭਾਲ ਪ੍ਰਤੀ ਸੰਜੀਦਾ ਹੋਣਾ ਚਾਹੀਦਾ ਹੈ। ਅੱਜ ਦੇ ਸੁਆਰਥਪੂਰਨ ਦੌਰ ਵਿਚ ਗੁਰੂ ਨਾਨਕ ਦੇਵ ਜੀ ਦੀ ਸਾਹਿਤ ਨੂੰ ਦੇਣ, ਵਿਚਾਰਧਾਰਾ ਤੇ ਉਪਦੇਸ਼ ਸਮੁੱਚੀ ਮਨੁੱਖ ਜਾਤੀ ਨੂੰ ਅਗਵਾਈ ਪ੍ਰਦਾਨ ਕਰਨ ਵਾਲਾ ਅਤੇ ਮਨੁੱਖੀ ਮਨ ਦੀਆਂ ਭਟਕਣਾਂ ਨੂੰ ਮਿਟਾਉਣ ਵਾਲਾ ਵਡਮੁੱਲਾ ਖਜ਼ਾਨਾ ਹੈ। ਉਨ੍ਹਾਂ ਦੀ ਪਾਵਨ ਬਾਣੀ ਵਿਚ ਸਮੁੱਚੇ ਬ੍ਰਹਿਮੰਡ ਦੀਆਂ ਸਮੂਹ ਸਮੱਸਿਆਵਾਂ ਦਾ ਹੱਲ ਹੈ।

ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਵਿੱਦਿਆ ਵੀ ਪੜ੍ਹੀ, ਮੱਝਾਂ ਵੀ ਚਾਰੀਆਂ ਅਤੇ ਵਪਾਰ ਵੀ ਕੀਤਾ। ਇਹ ਸਭ ਕੁਝ ਕਰਦਿਆਂ ਹੋਇਆਂ ਭੁਲੀ-ਭਟਕੀ ਲੋਕਾਈ ਨੂੰ ਸੱਚ ਧਰਮ ਦਾ ਉਪਦੇਸ਼ ਵੀ ਬੜੀ ਨਿਡਰਤਾ ਅਤੇ ਪਿਆਰ ਨਾਲ ਦਿੱਤਾ। ਇਸ ਦੇ ਨਾਲ ਬਾਬੇ ਨਾਨਕ ਜੀ ਨੇ ਅਕਾਲ ਪੁਰਖ ਦੇ ਦਿੱਤੇ ਗਿਹਸਤ ਮਾਰਗ ਨੂੰ ਅਪਣਾਇਆ ਅਤੇ ਉਸ ਦਾ ਪ੍ਰਚਾਰ ਵੀ ਕੀਤਾ। ਇਸ ਸੰਸਾਰ ਨੂੰ ਜੋ ਉਪਦੇਸ਼ ਗੁਰੂ ਜੀ ਨੇ ਦਿੱਤੇ ਹਨ। ਉਹ ਅਮਲੀ ਤੌਰ ਤੇ ਓਨ੍ਹਾਂ ਦੀ ਪਾਵਨ ਬਾਣੀ ਵਿਚੋਂ ਹੀ ਸਮਝੇ ਜਾ ਸਕਦੇ ਹਨ। ਪਰ ਅਜੋਕੇ ਦੌਰ ਵਿਚ ਕਈ ਡੇਰਾਵਾਦੀ ਸਾਧਾਂ ਨੇ ਗੁਰੂ ਉਪਦੇਸ਼ ਨੂੰ ਨਜ਼ਰ ਅੰਦਾਜ਼ ਕਰ ਕੇ ਆਪਣੇ ਨਜ਼ਰੀਏ, ਨਾਲ ਲਿਖਿਆ ਹੈ ਜਿਸ ਵਿਚ ਗੁਰੂ ਜੀ ਦੀ ਬਾਣੀ ਦੀ ਅਣਹੋਂਦ ਹੈ ਭਾਵ ਫ਼ਿਲਾਸਫ਼ੀ ਅਨੁਸਾਰ ਜੀਵਨ ਜਾਚ ਨਹੀਂ।

ਆਓ ਗੁਰੂ ਸਾਹਿਬ ਦੀ ਸੋਚ ਤੇ ਪਹਿਰਾ ਦੇਈਏ ਅਤੇ ਸਾਡੇ ਧਾਰਮਿਕ ਤੇ ਪ੍ਰਚਾਰਕ ਪਹਿਲਾਂ ਆਪ ਉਹਨਾਂ ਦੇ ਦੱਸੇ ਰਸਤੇ ਤੇ ਚੱਲਦੇ ਹੋਏ, ਉਪਦੇਸ਼ਾਂ ਦੇ ਧਾਰਨੀ ਬਣਨ ਕਿਉਂਕਿ ਉਹਨਾਂ ਦੀ ਮਿਸਾਲ ਸਿਰਫ਼ ਸਿੱਖ ਜਗਤ ਹੀ ਨਹੀਂ ਸਗੋਂ ਵਿਸ਼ੇਸ਼ ਕਰਕੇ ਅਜੋਕੀ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣੇਗੀ। ਆਪਣੇ ਸਾਥੀਆਂ ਦੀ ਮਦਦ ਲੈ ਕੇ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਵਿਚਾਰ ਨੂੰ ਧਾਰਨ ਕਰਕੇ ਸਮਾਜ ਦਾ ਨਕਸ਼ਾ ਬਦਲੀਏ ਅਤੇ ਵੱਡਾ ਹੰਭਲਾ ਮਾਰਦਿਆਂ ਨਵੀਂ ਪੀੜ੍ਹੀ ਨੂੰ ਇਸ ਰਾਹੇ ਤੋਰਨ ਲਈ ਇਕ ਰੋਲ ਮਾਡਲ ਬਣਨ ਦਾ ਯਤਨ ਕਰੀਏ। ਇਸ ਲਈ ਗੁਰੂ ਜੀ ਦੇ ਉਪਦੇਸ਼ਾਂ ਨੂੰ ਸੰਸਾਰ ਵਿਚ ਅਪਣਾਉਣ ਦੀ ਸਖ਼ਤ ਲੋੜ ਹੈ। ਸਾਰੀ ਦੁਨੀਆਂ ਨੂੰ ਇਕ ਅਕਾਲ ਪੁਰਖ ਦੇ ਪੂਜਕ ਬਣ ਕੇ ਇਸ ਕਾਇਨਾਤ ਨੂੰ ਇਕ ਅਜਿਹੀ ਸਾਂਝ ਵਾਲਾ ਰੂਪ ਦਿੱਤਾ ਜਾਵੇ, ਜਿਥੇ ਪਵਣ ਗੁਰੂ ਹੋਵੇ, ਪਾਣੀ ਪਿਤਾ ਅਤੇ ਧਰਤੀ ਮਾਤਾ ਦੀ ਗੋਦ ਵਿਚ ਸੰਸਾਰ ਸਦੀਵੀ ਰਹਿ ਸਕੇ।

**ਜਸਵੀਰ ਕੌਰ (ਡਾ.)**
Email: jasvirbenipal123@gmail.com

# ਲਿੰਗ ਸਮਾਨਤਾ

**ਕਰਮਜੀਤ ਸਿੰਘ ਨੂਰ**

ਲਿੰਗ ਸਮਾਨਤਾ ਦਾ ਅਰਥ ਇਹ ਹੈ ਕਿ ਸਮਾਜ ਵਿੱਚ ਇਸਤਰੀ ਅਤੇ ਪੁਰਸ਼ ਦੇ ਅਧਿਕਾਰ ਬਰਾਬਰ ਹੋਣ, ਭਾਵ ਦੋਹਾਂ ਨੂੰ ਸਮਾਜ ਵਿੱਚ ਇੱਕੋ ਜਿਹੀ ਮਾਨਤਾ ਭਾਵ ਸਮ ਮਾਨਤਾ (ਸਮਾਨਤਾ) ਦਿੱਤੀ ਜਾਵੇ ਕਿਉਂਕਿ ਇਸਤਰੀ ਤੇ ਪੁਰਸ਼ ਦੋਵੇਂ ਇੱਕ ਦੂਜੇ ਦੇ ਪੂਰਕ ਨੇ , ਨਾ ਪੁਰਸ਼ ਦਾ ਇਸਤਰੀ ਬਿਨਾ ਸਰ ਸਕਦਾ ਹੈ ਨਾ ਇਸਤਰੀ ਦਾ ਪੁਰਸ਼ ਬਿਨਾ। ਨਾ ਇਸਤਰੀ ਪੁਰਸ਼ ਤੋਂ ਬਗੈਰ ਹੋ ਸਕਦੀ ਹੈ ਨਾ ਪੁਰਸ਼ ਇਸਤਰੀ ਬਗੈਰ। ਨਾ ਔਰਤ ਬਿਨਾਂ ਸੰਸਾਰ ਚੱਲ ਸਕਦਾ ਹੈ ਨਾ ਹੀ ਮਰਦ ਬਿਨਾ। ਬੇਸ਼ੱਕ ਮਰਦ ਨੂੰ ਕੁਦਰਤ ਨੇ ਔਰਤ ਨਾਲੋਂ ਜ਼ਿਆਦਾ ਤਾਕਤਵਰ ਅਤੇ ਮਜ਼ਬੂਤ ਬਣਾਇਆ ਹੈ।ਮਰਦਾਨਗੀ ਵਾਲੇ ਅਤੇ ਭਾਰੇ ਕੰਮ ਕੇਵਲ ਮਰਦ ਹੀ ਕਰ ਸਕਦਾ ਹੈ, ਪਰ ਇਸ ਦੇ ਨਾਲ ਹੀ ਕੁਦਰਤ ਨੇ ਔਰਤ ਨੂੰ ਕੁਝ ਵਿਲੱਖਣ ਸ਼ਕਤੀਆਂ ਵੀ ਬਖਸ਼ਿਸ਼ ਕੀਤੀਆਂ ਹਨ। ਸਮਾਜ ਦੇ ਕੁਝ ਕੰਮ ਅਜਿਹੇ ਹਨ ਜੋ ਕੇਵਲ ਔਰਤ ਹੀ ਕਰ ਸਕਦੀ ਹੈ ਮਰਦ ਨਹੀਂ ਕਰ ਸਕਦਾ। ਬੇਸ਼ੱਕ ਨਰ ਅਤੇ ਮਾਦਾ ਦੇ ਸੁਮੇਲ ਤੋਂ ਬਗੈਰ ਉਤਪਤੀ ਸੰਭਵ ਨਹੀਂ ਹੈ ,ਬੱਚੇ ਪੈਦਾ ਕਰਨ ਵਿੱਚ ਮਰਦ ਅਤੇ ਔਰਤ ਦੋਵਾਂ ਦੇ ਸੰਜੋਗ ਦੀ ਜ਼ਰੂਰਤ ਹੈ ਪਰ ਫਿਰ ਵੀ ਨੌਂ ਮਹੀਨੇ ਆਪਣੇ ਪੇਟ ਵਿੱਚ ਗਰਭ ਨੂੰ ਪਾਲ ਕੇ ਬੱਚਾ ਪੈਦਾ ਕਰਨ ਦਾ ਨਿਯਮ ਪ੍ਰਬੰਧ ਕੁਦਰਤ ਨੇ ਕੇਵਲ ਔਰਤ ਨੂੰ ਹੀ ਦਿੱਤਾ ਹੈ, ਜਿਸ ਉੱਤੇ ਸੰਸਾਰ ਦੀ ਸਾਰੀ ਉਤਪਤੀ ਅਤੇ ਪਸਾਰਾ ਨਿਰਭਰ ਕਰਦਾ ਹੈ। ਮੇਰੀ ਆਪਣੀ ਲਿਖੀ ਕਵਿਤਾ ਦੀਆਂ ਕੁਝ ਲਾਈਨਾਂ :-

**ਮਰਦ ਬਿਨਾਂ ਸ਼ੱਕ ਦਾਅਵੇ ਤਾਂ ਬੜੇ ਕਰਦੈ, ਕਰ ਉਹ ਸਾਰੇ ਜਹਾਨ ਦੇ ਕੰਮ ਸਕਦਾ।**
**ਇਹ ਤਾਂ ਮੰਨਣਾ ਪਵੇਗਾ 'ਨੂਰ' ਸਭ ਨੂੰ, ਕੋਈ ਮਰਦ ਨਿਆਣਾ ਨਹੀਂ ਜੰਮ ਸਕਦਾ।'**[1]

ਜੇਕਰ ਸਾਡੇ ਸਮਾਜ ਵਿੱਚ ਮਰਦ ਦਾ ਰੁਤਬਾ ਵੱਡਾ ਮੰਨਿਆ ਜਾਂਦਾ ਹੈ ਤਾਂ ਔਰਤ ਦਾ ਰੁਤਬਾ ਵੀ ਕਿਸੇ ਪੱਖੋਂ ਘੱਟ ਨਹੀਂ ਹੈ, ਇਸ ਲਈ ਸਮਾਜ ਵਿੱਚ ਮਰਦ ਤੇ ਔਰਤ ਦਾ ਸਤਿਕਾਰ ਬਰਾਬਰ ਹੋਣਾ ਚਾਹੀਦਾ ਹੈ। ਨਾ ਔਰਤ ਤੇ ਸਮਾਜ ਵਿੱਚ ਕੋਈ ਜ਼ੁਲਮ ਜਾਂ ਅੱਤਿਆਚਾਰ ਹੋਣੇ ਚਾਹੀਦੇ ਹਨ ਅਤੇ ਨਾ ਹੀ ਮਰਦ ਉਤੇ। ਪਰ ਬੜੇ ਦੁੱਖ ਅਤੇ ਅਫ਼ਸੋਸ ਦੀ ਗੱਲ ਇਹ ਹੈ ਕਿ ਅਜਿਹਾ ਹੋ ਨਹੀਂ ਰਿਹਾ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਇਸਤਰੀ ਦੀ ਹਾਲਤ ਪੰਦਰਵੀਂ ਸਦੀ ਦੇ ਅਖੀਰ ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਇਸ ਧਰਤੀ ਤੇ ਪ੍ਰਕਾਸ਼ਮਾਨ ਹੋਏ, ਉਸ ਸਮੇਂ ਭਾਰਤ ਦੇ ਲੋਕਾਂ ਦੀ ਹਾਲਤ ਬੜੀ ਬਦਤਰ ਅਤੇ ਤਰਸਯੋਗ ਸੀ। ਵਹਿਮ ਭਰਮ ਤੇ ਪਖੰਡ ਦਾ ਬੋਲ ਬਾਲਾ ਸੀ। ਵਰਨ- ਵੰਡ, ਛੂਤ- ਛਾਤ ਅਤੇ ਜਾਤ- ਪਾਤ ਦੇ ਵਿਤਕਰੇ ਨੇ ਲੋਕਾਂ ਦਾ ਜੀਵਨ ਨਾਕਿਸ ਬਣਾ ਰੱਖਿਆ ਸੀ। ਸਮਾਜ ਵਿੱਚ ਮਰਦ ਦੀ ਪ੍ਰਧਾਨਤਾ ਦਾ ਪੱਖ ਭਾਰੂ ਸੀ। ਸਮੇਂ ਦੇ ਪ੍ਰਚੱਲਤ ਸਾਰੇ ਹੀ ਧਰਮਾਂ ਦੇ ਅਸੂਲ ਮਰਦ ਪੱਖੀ ਹੋਣ ਕਾਰਨ ਇਸਤਰੀ ਨੂੰ ਸਮਾਜ ਵਿੱਚ ਤ੍ਰਿਸਕਾਰ ਦੀ ਨਜਰ ਨਾਲ ਵੇਖਿਆ ਜਾਂਦਾ ਸੀ।

ਗ੍ਰਹਿਸਤ ਜੀਵਨ ਦੇ ਅੱਧੇ ਤੇ ਜ਼ਰੂਰੀ ਅੰਗ, ਇਸਤਰੀ ਜਾਤੀ ਨੂੰ ਮਨੁੱਖ ਨਾਲੋਂ ਕਿਤੇ ਛੁਟਿਆਇਆ ਗਿਆ ਸੀ, ਇੱਥੋਂ ਤੱਕ ਕਿ ਕਈਆਂ ਦੇ ਵਿਚਾਰ ਇਹ ਸਨ ਕਿ ਇਸਤਰੀ ਦੇ ਅੰਦਰ ਮਨੁੱਖ ਨਾਲੋਂ ਅੱਧੀ

ਰੂਹ ਹੈ ਤੇ ਕਈਆਂ ਨੇ ਇਸਤਰੀ ਨੂੰ ਰੂਹ ਹੀਣ ਕਰਾਰ ਦਿੱਤਾ। ਇਸੇ ਲਈ ਇਸਤਰੀ ਦੀ ਗੁੱਤ ਪਿੱਛੇ ਮੱਤ ਜਾਂ ਖੁਰੀ ਪਿਛੇ ਮੱਤ ਕਹਿ ਕੇ ਉਸ ਦੀ ਅਕਲ ਦਾ ਮਖੌਲ ਉਡਾਇਆ ਜਾਂਦਾ ਸੀ ਅਤੇ ਇਸਤਰੀ ਜਾਤੀ ਨੂੰ ਪੈਰਾਂ ਦੀ ਜੁੱਤੀ ਸਮਝਿਆ ਜਾਂਦਾ ਸੀ । ਮੁੱਖ ਕਾਰਨ ਆਦਿ ਕਾਲ ਤੋਂ ਇਸਤਰੀ ਦੀ ਤ੍ਰਾਸਦੀ ਦੇ ਦੋ ਮੁੱਖ ਕਾਰਨ ਸਨ: ਪਹਿਲਾ ਮਰਦ ਪ੍ਰਧਾਨ ਸਮਾਜ ਹੋਣ ਕਰਕੇ ਸਾਰੀਆਂ ਆਰਥਿਕ, ਸਮਾਜਿਕ ਅਤੇ ਰਾਜਸੀ ਸ਼ਕਤੀਆਂ ਮਰਦ ਦੇ ਹੱਥ ਵਿੱਚ ਸਨ ਅਤੇ ਉਹ ਆਪਣੀ ਹਰ ਕਮਜ਼ੋਰੀ ਦਾ ਕਸੂਰ ਇਸਤਰੀ ਦੇ ਸਿਰ ਹੀ ਮੜ੍ਹਦਾ ਆਇਆ ਹੈ । ਇਸਤਰੀ ਨੂੰ ਮਰਦ ਨੇ ਕੇਵਲ ਐਸ਼ੋ ਇਸ਼ਰਤ ਅਤੇ ਕਾਮਨਾ ਤ੍ਰਿਪਤੀ ਤੱਕ ਹੀ ਸੀਮਿਤ ਰੱਖਿਆ , ਉਸ ਦੇ ਮਨ ਦੀ ਰੀਝ ,ਸੱਧਰ, ਪੀੜਾਂ ਅਤੇ ਸੁਤੰਤਰਤਾ ਵੱਲ ਕਿਸੇ ਨੇ ਵੀ ਧਿਆਨ ਨਾ ਦਿੱਤਾ ਅਤੇ ਇਸਤਰੀ ਦੀ ਸਥਿਤੀ ਜਿਉਂ ਦੀ ਤਿਉਂ ਹੀ ਬਣੀ ਰਹੀ, ਉਸ ਵਿੱਚ ਸੁਧਾਰ ਨਾ ਹੋਇਆ ।

ਦੂਜਾ ਕਾਰਨ ਸਾਡੇ ਕਈ ਭਾਰਤੀ ਧਾਰਮਿਕ ਗ੍ਰੰਥ, ਜਿਨ੍ਹਾਂ ਵਿੱਚ ਇਸਤਰੀ ਨੂੰ ਜਿਉਂਦੇ ਪਤੀ ਦੀ ਦਾਸੀ ਅਤੇ ਅਤੇ ਮਰੇ ਪਤੀ ਤੋਂ ਬਾਅਦ ਬਲਾ ਸਮਝ ਕੇ ਪਤੀ ਦੀ ਚਿਖਾ ਵਿੱਚ ਜਿਉਂਦੇ ਜਬਰੀ ਸਾੜ ਕੇ ਮਾਰ ਦੇਣ ਦੀ ਪ੍ਰਵਿਰਤੀ ਪ੍ਰਚੰਡ ਕੀਤੀ ਹੋਈ ਸੀ। ਜੇਕਰ ਰੱਬੀ ਹੁਕਮ ਨਾਲ ਮੌਤ ਪਤੀ ਦੀ ਹੋਈ ਹੋਵੇ ਤਾਂ ਤੜਫਦੀ ਵਿਰਲਾਪਦੀ ਨਾ ਚਾਹੁੰਦੀ ਹੋਈ ਇਸਤਰੀ ਦੀ ਆਵਾਜ਼ ਕਿਸੇ ਨੇ ਵੀ ਨਾ ਸੁਣੀ, ਸਗੋਂ ਬਲਦੀ ਚਿਖਾ ਦੇ ਭਾਂਬੜਾਂ ਵਿੱਚ ਸੁੱਟ ਕੇ ਜਿਉਂਦੀ ਨੂੰ ਸਾੜ ਦਿੱਤਾ ਅਤੇ ਕਿਹਾ ਕਿ ਇੰਜ ਉਹ ਸਤੀ ਹੋ ਜਾਂਦੀ ਹੈ । ਇਸਤਰੀ ਦੇ ਉੱਚੇ ਗੁਣ, ਸੰਜਮ, ਸੇਵਾ, ਪਿਆਰ, ਤਿਆਗ ਪਰੋਪਕਾਰੀ, ਮਿਹਨਤੀ, ਰੱਬੀ ਭਾਣੇ ਵਿੱਚ ਰਹਿਣਾ ਆਦਿ ਸ੍ਰੇਸ਼ਟ ਗੁਣਾਂ ਵੱਲ ਕਿਸੇ ਨੇ ਵੀ ਧਿਆਨ ਨਾ ਦਿੱਤਾ ਅਤੇ ਆਪਣੇ ਦੈਵੀ ਗੁਣਾਂ ਦੇ ਹੁੰਦਿਆਂ ਸੁੰਦਿਆਂ ਮਨੁੱਖ ਦੀਆਂ ਨਜ਼ਰਾਂ ਵਿੱਚ ਕੇਵਲ ਤਾੜਨ ਦੀ ਹੀ ਅਧਿਕਾਰੀ ਬਣੀ । ਇਸਤਰੀ ਤੇ ਇਤਬਾਰ ਕਰਨਾ ਮੂਰਖਤਾ ਸਮਝਿਆ ਜਾਂਦਾ ਸੀ, ਘਰ ਦੀ ਚਾਰਦੀਵਾਰੀ ਵਿੱਚ ਕੈਦ ਰਹਿ ਕੇ ਆਰਥਿਕ, ਸਮਾਜਿਕ ਤੇ ਜਿਸਮਾਨੀ ਤਸੀਹੇ ਝੱਲਣੇ ਪੈਂਦੇ ਸਨ।[2] ਗੁਰੂ ਨਾਨਕ ਸਾਹਿਬ ਦਾ ਅਵਤਾਰ ਧਾਰਣਾ ਅਤੇ ਇਸਤਰੀ ਜਾਤੀ ਤੇ ਉਪਕਾਰ ਜਿਸ ਦਾ ਕੋਈ ਆਸਰਾ ਨਾ ਹੋਵੇ , ਸਾਹਿਬ ਨਿਤਾਣਿਆਂ ਦਾ ਤਾਣ , ਨਿਆਸਰਿਆਂ ਦਾ ਆਸਰਾ ਹੈ। ਜਦੋਂ ਧਰਤੀ ਤੇ ਅਜਿਹੇ ਕਾਰਨ ਵਾਪਰ ਰਹੇ ਸਨ ਤਾਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਅਜਿਹੇ ਚਰਮ ਸੀਮਾ ਤੇ ਪਹੁੰਚ ਚੁੱਕੇ ਅੱਤਿਆਚਾਰ ਨੂੰ ਠੱਲ੍ਹ ਪਾਉਣ ਅਤੇ ਮਨੁੱਖ ਨੂੰ ਸਹੀ ਮਾਰਗ ਦਰਸ਼ਨ ਕਰਵਾਉਣ ਲਈ ਇਸ ਕਲਯੁੱਗ ਦੇ ਭਿਆਨਕ ਸਮੇਂ ਵਿੱਚ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ।

ਔਰਤ ਪ੍ਰਤੀ ਪ੍ਰਚੱਲਤ ਇਸ ਪ੍ਰਕਾਰ ਦੀ ਸਿਤਮ ਜ਼ਰੀਫ਼ੀ ਦੇ ਮਾਹੌਲ ਵਿੱਚ ਜਦ ਗੁਰੂ ਨਾਨਕ ਦੇਵ ਜੀ ਭਾਰਤ ਦੇ ਗਗਨ ਮੰਡਲ ਤੇ ਸਰਬ ਮਾਨਵਤਾ ਲਈ ਰੱਬ ਦਾ ਪੈਗਾਮ ਲੈ ਕੇ ਆਏ ਤਾਂ ਨਵੀਆਂ ਉਮੰਗਾਂ ਨਵੀਆਂ ਆਸਾਂ ਦਾ ਪ੍ਰਕਾਸ਼ ਫੈਲਣਾ ਸ਼ੁਰੂ ਹੋਇਆ । ਜਗਤ ਜਨਨੀ ਨਾਲ ਸਮਾਜ ਵੱਲੋਂ ਕੀਤਾ ਜਾਂਦਾ ਇਸ ਤਰ੍ਹਾਂ ਦਾ ਦੁਰ ਵਿਵਹਾਰ ਰੱਬੀ ਰੂਹ ਗੁਰੂ ਨਾਨਕ ਕੋਲੋਂ ਬਰਦਾਸ਼ਤ ਨਾ ਹੋਇਆ ਅਤੇ ਉਨ੍ਹਾਂ ਨੇ ਇਸਤ੍ਰੀ ਜਾਤੀ ਦੇ ਹੱਕ ਵਿੱਚ ਸਭ ਤੋਂ ਪਹਿਲਾਂ ਇਨਕਲਾਬੀ ਆਵਾਜ਼ ਬੁਲੰਦ ਕੀਤੀ ।

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**[3]

ਇਸਤਰੀ ਤਾਂ ਸਦਾ ਹੀ ਆਦਰ ਕਰਨ ਯੋਗ ਹੈ। ਰਾਜਿਆਂ ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਇਸਤਰੀ ਨੂੰ ਮੰਦਾ ਕਹਿਣਾ ਅਤੇ ਸਮਝਣਾ ਕਿੱਥੋਂ ਦੀ ਸਮਝਦਾਰੀ ਹੈ? ਰਿਸ਼ੀ-ਮੁਨੀ, ਸੰਤ

ਮਹਾਤਮਾ,ਇਨਕਲਾਬੀ ਯੋਧੇ ਤੇ ਸੂਰਬੀਰ, ਗੁਰ-ਪੀਰ-ਪੈਗੰਬਰਾਂ ਨੂੰ ਜਨਮ ਦੇਣ ਵਾਲੀ ਅਤੇ ਪਾਲ-ਪੋਸ ਕੇ ਵੱਡਿਆਂ ਕਰਨ ਵਿੱਚ ਆਪਣਾ ਪੱਲ ਪੱਲ ਕੁਰਬਾਨ ਕਰਨ ਵਾਲੀ, ਮਮਤਾ ਦੀ ਮੂਰਤ, ਪਿਆਰ ਦਾ ਮੁਜੱਸਮਾ ਅਤੇ ਤਿਆਗ ਦੀ ਤਸਵੀਰ ਇਸਤਰੀ' ਭਲਾ ਮਾੜੀ ਕਿਵੇਂ ਹੋ ਸਕਦੀ ਹੈ ...?

ਗੁਰੂ ਨਾਨਕ ਸਾਹਿਬ ਨੇ ਸਭ ਤੋ ਪਹਿਲਾਂ ਇਸਤਰੀ ਜਾਤੀ ਦੇ ਹੱਕ ਵਿਚ ਬੇਖੌਫ ਅਤੇ ਬੇਬਾਕ ਹੋ ਕੇ ਆਪਣੀ ਅਵਾਜ਼ ਬੁਲੰਦ ਕੀਤੀ।

ਗੁਰੂ ਨਾਨਕ ਨੇ ਹਜ਼ਾਰਾਂ ਵਰ੍ਹਿਆਂ ਦੀ ਪਛਾੜੀ ਹੋਈ ਇਸਤਰੀ ਜਾਤੀ ਨੂੰ ਮਨੁੱਖ ਦੇ ਬਰਾਬਰ ਲਿਆ ਖੜ੍ਹਾ ਕੀਤਾ।

ਗੁਰੂ ਨਾਨਕ ਦੇਵ ਜੀ ਵਿਸ਼ਵ ਦੇ ਪਹਿਲੇ ਕ੍ਰਾਂਤੀਕਾਰੀ ਸਮਾਜ ਸੁਧਾਰਕ ਅਤੇ ਗਰੀਬ ਨਿਵਾਜ਼ ਹੋਏ ਹਨ, ਜਿਨ੍ਹਾਂ ਨੇ ਉੱਚੀ ਬਾਂਹ ਕਰਕੇ ਨਗਾਰੇ ਦੀ ਚੋਟ ਵਾਂਗ ਖੁੱਲ੍ਹ ਕੇ ਹੋਕਾ ਦਿੱਤਾ । ਗੁਰੂ ਜੀ ਨੇ ਨਿਰਭੈਤਾ ਨਾਲ ਸਮਕਾਲੀ ਰਾਜਿਆਂ, ਧਾਰਮਿਕ ਕੱਟੜ ਪੰਥੀਆਂ, ਜੋਗੀਆਂ, ਕਾਜੀਆਂ ਤੇ ਮੁਲਾਣਿਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਇਸਤਰੀ ਦਾ ਸਨਮਾਨ ਕਰਨ । ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਬਹਾਦਰ ਰਾਜਿਆਂ ਦੀ ਜਨਨੀ, ਜਗਤ ਦੇ ਸਮਾਜਿਕ ਕਾਰ ਵਿਹਾਰ ਦੀ ਕੇਂਦਰ, ਮਰਦ ਲਈ ਸੰਜਮ ਦਾ ਸਾਧਨ ਦੱਸਿਆ ।ਸਦੀਆਂ ਤੋਂ ਲਿਤਾੜੀ ਗਈ ਜਗਤ ਜਨਨੀ ਇਸਤਰੀ ਜਾਤੀ ਨੂੰ ਮਰਦ ਦੇ ਬਰਾਬਰ ਦਰਜਾ ਦੇਣਾ ਗੁਰ ਨਾਨਕ ਦੇ ਹਿੱਸੇ ਆਇਆ ਹੈ। ਗੁਰੂ ਉਪਦੇਸ਼ਾਂ ਉੱਤੇ ਅਮਲ ਕਰਕੇ ਹੀ ਭਰੂਣ ਹੱਤਿਆ ਦੀ ਸਮੱਸਿਆ ਦਾ ਸਮਾਧਾਨ ਹੋ ਸਕਦਾ ਹੈ ।

ਕੱਟੜ ਧਰਮ ਉਪਦੇਸ਼ਕਾਂ, ਹਿੰਦੂ ਗ੍ਰੰਥਾਂ ਅਤੇ ਹੋਰ ਵਿਦਵਾਨਾਂ ਦੇ ਇਸਤਰੀ ਜਾਤੀ ਪ੍ਰਤੀ ਵਿਚਾਰ ਹਿੰਦੁਸਤਾਨ ਵਿੱਚ ਪ੍ਰਚੱਲਤ ਕਿਸੇ ਵੀ ਧਰਮ ਦਾ ਕੋਈ ਪੈਗ਼ੰਬਰ ਜਾਂ ਪ੍ਰਚਾਰਕ ਇਸਤ੍ਰੀ ਜਾਤੀ ਦੇ ਹੱਕ ਵਿੱਚ ਭੁਗਤਦਾ ਨਜ਼ਰ ਨਹੀਂ ਸੀ ਆਉਂਦਾ । ਜਰਮਨ ਦੇ ਚਿੰਤਕ 'ਆਇਨਗੇ' ਨੂੰ ਇਸਤਰੀ ਦੇ ਵਜ਼ੂਦ ਵਿੱਚ ਰੂਹ ਜਾਂ ਆਤਮਾ ਨਾਂ ਦੀ ਕੋਈ ਚੀਜ਼ ਹੀ ਨਾ ਦਿਸੀ। 'ਚੈਸਟਰਫੀਲਡ' ਨੇ ਇਸਤਰੀ ਦੀ ਪੈਦਾਇਸ਼ ਨੂੰ ਕੁਦਰਤ ਦਾ ਇੱਕ ਮਜ਼ੇਦਾਰ ਹਾਦਸਾ ਆਖਿਆ। 'ਸ਼ੰਕਰਾਚਾਰੀਆ' ਨੂੰ ਇਸਤਰੀ ਇੱਕ ਬੰਧਨ ਨਜ਼ਰ ਆਈ। 'ਨੇਪੋਲੀਅਨ' ਨੇ ਇਸਤਰੀ ਨੂੰ ਇੱਕ ਧੋਖਾ ਦੱਸਿਆ। ਮਾਰਕਸਵਾਦੀ ਵਿਚਾਰਕ 'ਕਾਰਲ ਮਾਰਕਸ' ਨੇ ਬਦਲੇ ਦਾ ਦੂਜਾ ਨਾਂ ਇਸਤਰੀ. ਰੱਖਿਆ।' ਸ਼ੈਕਸਪੀਅਰ' ਨੇ ਇਸਤਰੀ ਨੂੰ ਇੱਕ ਕਮਜ਼ੋਰੀ ਦਾ ਨਾਂ ਦਿੱਤਾ। 'ਅਰਸਤੂ ਨੇ ਆਖਿਆ: ਮਰਦ ਦਾ ਕੰਮ ਹੈ ਇਸਤਰੀ ਨੂੰ ਹੁਕਮ ਦੇਣਾ ਅਤੇ ਇਸਤਰੀ ਤੋਂ ਹੁਕਮ ਮੰਨਾਉਣਾ ਅਤੇ ਇਸਤਰੀ ਦਾ ਕਰਤੱਵ ਹੈ, ਚੁੱਪ ਚਾਪ ਬਿਨਾਂ ਕਿਸੇ ਹੀਲ-ਹੁੱਜਤ ਦੇ ਹੁਕਮ ਦੀ ਪਾਲਣਾ ਕਰਦੇ ਜਾਣਾ। ਜੋਗੀ 'ਗੋਰਖਨਾਥ'ਨੇ ਇਸਤਰੀ ਦੀ ਤੁਲਨਾ ਬਘਿਆੜ ਨਾਲ ਅਤੇ ਤੁਲਸੀ ਦਾਸ ਨੇ ਇਸਤਰੀ ਦੀ ਤੁਲਨਾ ਢੋਲ-ਗਵਾਰ (ਪਸ਼ੂਆਂ) ਨਾਲ ਕਰਦਿਆਂ ਕੁਝ ਅਜਿਹਾ ਆਖਿਆ::-

**ਢੋਲ ਗੰਵਾਰ ਸ਼ੂਦਰ ਪਸ਼ੂ ਨਾਰੀ, ਯੇ ਸਭ ਤਾੜਨ ਕੇ ਅਧਿਕਾਰੀ ।**[4]

ਜੈਨੀਆਂ ਦੇ ਦਿਗੰਬਰ ਨੇ ਤਾਂ ਸਭ ਨੂੰ ਮਾਤ ਪਾਉਂਦਿਆਂ ਇੱਥੋਂ ਤੱਕ ਕਹਿ ਦਿੱਤਾ ਕਿ ਇਸਤਰੀ ਭਾਵੇਂ ਸਾਰੀ ਉੱਮਰ ਹੀ ਪ੍ਰਭੂ-ਭਗਤੀ ਕਰੀ ਜਾਵੇ ਤਾਂ ਵੀ ਮੁਕਤੀ ਪ੍ਰਾਪਤ ਨਹੀਂ ਕਰ ਸਕਦੀ। ਮੁਕਤੀ ਪ੍ਰਾਪਤ

ਕਰਨ ਲਈ ਉਸਨੂੰ ਮਰਦ ਦੇ ਜਾਮੇ ਵਿੱਚ ਹੀ ਪੈਦਾ ਹੋਣਾ ਪਵੇਗਾ। ਮਹਾਤਮਾ ਬੁੱਧ ਨੇ ਆਪਣੇ ਪ੍ਰਾਪਤ ਕੀਤੇ ਗਏ ਗਿਆਨ ਰਾਹੀਂ ਇੱਕ ਗੱਲ ਆਖੀ ਕਿ ਜੇਕਰ ਕਿਸੇ ਇਸਤਰੀ ਨਾਲ ਗੱਲ ਕਰਨੀ ਜ਼ਰੂਰੀ ਹੀ ਹੋਵੇ ਤਾਂ ਉਸ ਨਾਲ ਗੱਲ, ਇੰਨੀ ਦੂਰ ਖਲੋ ਕੇ ਕਰਨੀ ਚਾਹੀਦੀ ਹੈ ਕਿ ਉਸ ਇਸਤਰੀ ਦਾ ਪਰਛਾਵਾਂ ਵੀ ਤੁਹਾਡੇ ਤੇ ਨਾ ਪਵੇ। ਮੰਨੂ ਨੇ ਇਸਤਰੀ ਨੂੰ ਬਚਪਨ ਵਿੱਚ ਪਿਤਾ,ਜਵਾਨੀ ਵਿੱਚ ਪਤੀ ਅਤੇ ਬੁਢੇਪੇ ਵਿੱਚ ਪੁੱਤਰ ਦੇ ਅਧਿਕਾਰ ਵਿੱਚ ਰੱਖੇ ਜਾਣ ਦੀ ਤਾਕੀਦ ਕੀਤੀ।

ਇਸਤਰੀ ਵਿਰੁੱਧ ਜ਼ਹਿਰ ਉਗਲਦੇ ਹੋਰ ਵੀ ਬਹੁਤ ਸਾਰੇ ਹਵਾਲੇ ਦਿੱਤੇ ਜਾ ਸਕਦੇ ਹਨ।

ਓਹ ਗੁਰੂ ਨਾਨਕ ਹੀ ਸਨ ਜਿਹਨਾ ਨੇ ਇਸਤਰੀ ਨੂੰ ਇਤਨਾ ਮਾਣ ਤੇ ਸਮਮਾਨ ਦਿੱਤਾ ਵਰਨਾ ਸੰਸਾਰ ਦੇ ਬਹੁਤੇ ਚਿੰਤਕਾਂ ਅਤੇ ਸੰਸਾਰ ਦੇ ਲੱਗਪੱਗ ਸਾਰੇ ਹੀ ਵੱਡੀ ਉਮਰ ਦੇ ਧਰਮਾਂ, ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ, ਯਹੂਦੀ ਧਰਮ, ਇਸਾਈ ਧਰਮ ਅਤੇ ਇਸਲਾਮ ਧਰਮ ਨੇ ਇਸਤਰੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਨਕਾਰਿਆ ਅਤੇ ਤ੍ਰਿਸਕਾਰਿਆ ਹੀ ਹੈ। ਪਰ ਸੰਸਾਰ ਦੇ ਸਭ ਤੋਂ ਘੱਟ ਉੱਮਰ ਵਾਲੇ ਧਰਮ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਵਡਿਆਈ ਕਰਦਿਆਂ ਉਸਨੂੰ ਮਰਦ ਦੇ ਬਰਾਬਰ ਦਰਜਾ ਦਿੱਤਾ ਅਤੇ ਇਸਤਰੀ ਦੇ ਹੱਕ ਵਿੱਚ ਇਨਕਲਾਬੀ ਆਵਾਜ਼ ਉਠਾਈ। ਗੁਰਬਾਣੀ ਅਨੁਸਾਰ ਇੱਕ ਅਕਾਲ ਪੁਰਖ ਵਾਹਿਗੁਰੂ ਹੀ ਹੈ ਜੋ ਔਰਤ ਦੀ ਕੁੱਖੋਂ ਪੈਦਾ ਨਹੀਂ ਹੋਇਆ ਵਰਨਾ ਇਸ ਸੰਸਾਰ ਦੀ ਬਾਕੀ ਸਾਰੀ ਚਹਿਲ ਪਹਿਲ, ਵਿਕਾਸ, ਸੱਜ ਧੱਜ ਅਤੇ ਪ੍ਰਫੁੱਲਤਾ ਵਿੱਚ ਔਰਤ ਦੇ ਤਿਆਗ ਕੁਰਬਾਨੀਆਂ ਅਤੇ ਮਿਹਰਬਾਨੀਆਂ ਦਾ ਬੇਮਿਸਾਲ ਯੋਗਦਾਨ ਹੈ। ਇਸ ਲਈ ਔਰਤ ਦਾ ਵੱਧ ਤੋਂ ਵੱਧ ਸਤਿਕਾਰ ਜ਼ਰੂਰੀ ਹੈ ।

ਇਸਤਰੀ ਜਾਤੀ ਦੇ ਉਥਾਨ ਵਿੱਚ ਦੂਸਰੇ ਗੁਰੂ ਸਾਹਿਬਾਨਾਂ ਦਾ ਯੋਗਦਾਨ ਗੁਰੂ ਨਾਨਕ ਦੇਵ ਜੀ ਦੀ ਇਸ ਲਹਿਰ ਨੂੰ ਬਾਕੀ ਸਾਰੇ ਗੁਰੂ ਸਹਿਬਾਨ ਨੇ ਹੋਰ ਮਜਬੂਤ ਕੀਤਾ ।ਗੁਰੂ ਅੰਗਦ ਦੇਵ ਜੀ ਨੇ ਆਪਣੇ ਮਹਿਲ ਮਾਤਾ ਖੀਵੀ ਨੂੰ ਗੁਰੂ ਕੇ ਲੰਗਰ ਦੀ ਮੁਖੀ ਦੀ ਸੇਵਾ ਬਖਸ਼ ਕੇ ਇਸਤਰੀ ਜਾਤੀ ਦਾ ਮਾਨ ਵਧਾਇਆ ਅਤੇ ਸਿੱਖ ਸਮਾਜ ਵਿੱਚ ਔਰਤ ਦੇ ਵਿਸ਼ੇਸ਼ ਸਤਿਕਾਰ ਦੀ ਲਹਿਰ ਨੂੰ ਹੋਰ ਬਲ ਪ੍ਰਦਾਨ ਕੀਤਾ ।

ਗੁਰੂ ਨਾਨਕ ਦੇਵ ਜੀ ਦੇ ਇਸੇ ਸਿਧਾਂਤ, ਇਸੇ ਫਲਸਫੇ, ਇਸੇ ਵਿਚਾਰਧਾਰਾ ਨੂੰ ਹੋਰ ਅੱਗੇ ਤੋਰਦਿਆਂ ਦੂਜੇ ਪਾਤਸ਼ਾਹ ਤੋਂ ਬਾਅਦ ਨਾਨਕ ਨੂਰ ਦੇ ਤੀਜੇ ਵਾਰਿਸ ਸਾਹਿਬ ਸੀ ਗੁਰੂ ਅਮਰਦਾਸ ਜੀ ਨੇ ਸਮਾਜ ਵਿੱਚ ਔਰਤ ਨਾਲ ਹੋ ਰਹੀ ਇੱਕ ਹੋਰ ਬਹੁਤ ਵੱਡੀ ਬੇਇਨਸਾਫੀ ਅਤੇ ਧੱਕੇਸ਼ਾਹੀ ਤੋਂ ਪਰਦਾ ਚੁੱਕਿਆ ਅਤੇ ਸਿੱਖ ਇਤਿਹਾਸ ਵਿੱਚ ਇੱਕ ਹੋਰ ਬਹੁਤ ਵੱਡਾ ਮੀਲ ਪੱਥਰ ਸਥਾਪਿਤ ਕੀਤਾ ਉਹ ਕੁਰੀਤੀ ਸੀ ਸਤੀ ਪ੍ਰਥਾ ।

ਜਿਸ ਔਰਤ ਦਾ ਪਤੀ ਮਰ ਜਾਂਦਾ ਸੀ ਉਸ ਨੂੰ ਆਪਣੇ ਪਤੀ ਦੀ ਚਿਤਾ ਵਿੱਚ ਸੜ ਕੇ ਮਰਨਾ ਪੈਂਦਾ ਸੀ ਗੁਰੂ ਸਾਹਿਬ ਨੇ ਫੁਰਮਾਇਆ ਕਿ ਜੇ ਔਰਤ ਨੂੰ ਪਤੀ ਦੀ ਚਿਤਾ ਨਾਲ ਸੜ ਕੇ ਮਰ ਜਾਣਾ ਚਾਹੀਦਾ ਹੈ ਤਾਂ ਜਿਸ ਪਤੀ ਦੀ ਪਤਨੀ ਮਰ ਜਾਵੇ ਉਸ ਨੂੰ ਕਿਉਂ ਨਹੀਂ ।ਉਹਨਾਂ ਨੇ ਇਸ ਕੁਰੀਤੀ ਦੇ ਖ਼ਿਲਾਫ਼ ਕੇਵਲ ਆਵਾਜ਼ ਹੀ ਨਹੀਂ ਉਠਾਈ, ਸਗੋਂ ਆਪਣੇ ਸ਼ਰਧਾਲੂਆਂ ਅਤੇ ਸਿੱਖਾਂ ਨੂੰ ਹੁਕਮ ਜਾਰੀ ਕਰਕੇ ਇਸ ਭੈੜੀ ਰਸਮ ਦਾ ਡਟ ਕੇ ਵਿਰੋਧ ਕਰਨ ਦੀ ਤਾਕੀਦ ਕੀਤੀ ਅਤੇ ਇਸ ਨੂੰ ਜੜ੍ਹ ਤੋਂ ਖ਼ਤਮ ਵੀ ਕਰਵਾਇਆ । ਉਨ੍ਹਾਂ ਨੇ ਆਦਰਸ਼ ਪਤਨੀ ਦੇ ਲੱਛਣ ਦੱਸ ਕੇ ਸਪਸ਼ਟ ਕਰ ਦਿੱਤਾ ਕਿ ਸਤੀ ਉਹ ਨਹੀਂ; ਜਿਹੜੀ ਚਿਤਾ ਉੱਤੇ ਜਲ ਕੇ ਸੜ੍ਹ ਮਰੇ, ਬਲਕਿ ਸਤੀ ਤਾਂ ਉਹ ਹੈ, ਜੋ ਆਪਣੇ ਪਤੀ ਦੇ ਵਿਯੋਗ ਵਿਚ ਬਿਰਹੋਂ ਨੂੰ ਹੰਢਾਉਂਦੀ ਅਤੇ ਸਤ

ਸੰਤੋਖ ਅਤੇ ਸੰਜਮ ਵਿੱਚ ਰਹਿ ਕੇ ਆਪਣੇ ਪ੍ਰੀਤਮ ਨੂੰ ਯਾਦ ਕਰਦੀ ਹੈ । ਉਨ੍ਹਾਂ ਦਾ ਇਹ ਕਹਿਣਾ ਸੀ ਕਿ ਸਬਰ ਸੰਤੋਖ ਵਿਚ ਰਹਿ ਕੇ ਪਤੀ ਨੂੰ ਯਾਦ ਕਰਦਿਆਂ ਅਕਾਲ ਪੁਰਖ ਦਾ ਭਾਣਾ ਮੰਨਣਾ ਹੀ ਅਸਲੀ ਸਤੀ ਹੋਣਾ ਹੈ ਗੁਰੂ ਸਾਹਿਬ ਨੇ ਸਤੀ ਦੀ ਮਹਾਨਤਾ ਨੂੰ ਇਉਂ ਦਰਸਾਇਆ ਹੈ: ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥

**ਨਾਨਕ ਸਤੀਆ ਜਾਣੀਅਨ ਜਿ ਬਿਰਹੇ ਚੋਟ ਮਰੰਨਿ॥**[5]

ਇਸ ਤੋਂ ਇਕ ਕਦਮ ਹੋਰ ਅੱਗੇ ਪੁੱਟਦਿਆਂ ਗੁਰੂ ਸਾਹਿਬ ਨੇ ਫਰਮਾਇਆ ਕਿ ਜੇਕਰ ਪਤਨੀ ਮਰ ਜਾਣ ਤੇ ਪਤੀ ਨੂੰ ਦੁਬਾਰਾ ਵਿਆਹ ਕਰਵਾਉਣ ਦਾ ਅਧਿਕਾਰ ਹੈ ਤਾਂ ਇਹ ਅਧਿਕਾਰ ਪਤਨੀ ਨੂੰ ਵੀ ਹੋਣਾ ਚਾਹੀਦਾ ਹੈ । ਗੁਰੂ ਸਾਹਿਬ ਨੇ ਔਰਤ ਦੇ ਪੁਨਰ ਵਿਆਹ ਦੀ ਪ੍ਰਥਾ ਵੀ ਆਰੰਭ ਕੀਤੀ ।ਗੁਰੂ ਅਮਰ ਦਾਸ ਜੀ ਨੇ 22 ਮੰਜੀਆਂ ਵਿਚੋਂ 2 ਮੰਜੀਆਂ 55 ਪੀੜ੍ਹੀਆਂ ਦਾ ਮੁਖੀਆ ਬੀਬੀਆਂ ਨੂੰ ਬਣਾਇਆ ਤਾਂ ਜੋ ਔਰਤਾਂ ਵਿੱਚ ਭੇਦ ਭਾਵ ਦੀ ਭਾਵਨਾ ਖ਼ਤਮ ਹੋ ਸਕੇ ਤੇ ਸਿਖ ਔਰਤਾਂ ਵਿੱਚ ਸਵੈਮਾਣ ਤੇ ਸਵੈ ਭਰੋਸਗੀ ਵਧੇ। ਗੁਰੂ ਸਾਹਿਬ ਨੇ ਇਸਤਰੀ ਤੇ ਪੁਰਸ਼ ਦਾ ਵਿਵਾਹ ਖਾਲੀ ਸ਼ਰੀਰਕ ਨਹੀ ਬਲਕਿ ਆਤਮਿਕ ਤੇ ਬਰਾਬਰ ਦੀ ਸਾਂਝ ਕਰਾਰ ਦੇਕੇ ਉਚਾ ਤੇ ਸੁਚਾ ਬਣਾਇਆ। ਪਰਦੇ ਦੀ ਰਸਮ ਦਾ ਖੰਡਨ ਕੀਤਾ। ਦਰਬਾਰ ਵਿਚ ਇਸਤਰੀਆਂ ਨੂੰ ਪਰਦਾ ਕਰਕੇ ਆਣ ਦੀ ਮਨਾਹੀ ਕੀਤੀ ਕਿਉਂਕਿ ਇਹ ਪ੍ਰਥਾ ਇਸਤਰੀ ਜਾਤੀ ਦੇ ਮਾਨਸਿਕ ਤੇ ਬੌਧਿਕ ਵਿਕਾਸ ਵਿਚ ਰੁਕਾਵਟ ਪਾਉਂਦੀ ਹੈ। ਔਰਤਾਂ ਨੂੰ ਸੰਗਤ ਵਿਚ ਅਜਾਦੀ ਨਾਲ ਸੇਵਾ ਕਰਨ ਦੀ ਖੁੱਲ੍ਹ ਦਿਤੀ। ਉਸ ਵਕਤ ਲੜਕੀਆਂ ਨੂੰ ਲੋਕ ਜੰਮਦਿਆਂ ਹੀ ਮਾਰ ਦਿੰਦੇ ਯਾ ਟੋਇਆ ਪੁੱਟ ਕੇ ਉਸ ਵਿਚ ਦੱਬ ਦਿੰਦੇ । ਗੁਰੂ ਸਾਹਿਬ ਨੇ ਇਸ ਕੁਰੀਤੀ ਦਾ, ਜੋ ਕਿ ਕਾਦਰ ਤੇ ਕੁਦਰਤ ਦੀ ਨਿਰਾਦਰੀ ਸੀ, ਬੜੀ ਸਖਤੀ ਨਾਲ ਵਿਰੋਧ ਕੀਤਾ। ਗੁਰੂ ਜੀ ਨੇ ਵਿਧਵਾ-ਵਿਆਹ ਅਤੇ ਪੁਨਰ ਵਿਆਹ ਦੀ ਆਗਿਆ ਦੇ ਕੇ ਪ੍ਰਚਲਿਤ ਬੰਧਨਾਂ ਨੂੰ ਤੋੜਿਆ ਅਤੇ ਛੋਟੀ ਉਮਰ ਵਿਚ ਸ਼ਾਦੀ ਦੇ ਰਿਵਾਜ ਨੂੰ ਖਤਮ ਕਰਕੇ ਨਰੋਆ ਤੇ ਸਿਹਤਮੰਦ ਸਮਾਜ ਉਸਾਰਨ ਵਿਚ ਵਡਮੁੱਲਾ ਯੋਗਦਾਨ ਪਾਇਆ, ਗੁਰੂ ਸਾਹਿਬ ਨੇ ਵਿਧਵਾ ਔਰਤਾਂ ਦੇ ਪੁਨਰ ਵਿਆਹ ਨੂੰ ਜਾਇਜ਼ ਅਤੇ ਸਭ ਤੋਂ ਜ਼ਰੂਰੀ ਮੰਨ ਕੇ ਇਸ ਦੀ ਖੁੱਲ੍ਹ ਪ੍ਰਦਾਨ ਕੀਤੀ । ਜਦ ਇਨ੍ਹਾਂ ਵਿਧਵਾਵਾਂ ਦੇ ਪੁਨਰ ਵਿਆਹ ਕਰਾਉਣ ਤੋਂ ਪੰਡਤਾਂ ਨੇ ਨਾਂਹ ਕਰ ਦਿੱਤੀ ਤਾਂ ਗੁਰੂ ਸਾਹਿਬ ਨੇ ਆਪਣੇ ਢੰਗ ਨਾਲ ਅਨੰਦ ਕਾਰਜ ਦੀ ਪਰਪਾਟੀ ਚਲਾ ਕੇ ਸ਼ਾਦੀ ਨੂੰ ਆਤਮਿਕ ਬੰਧਨ ਵਿੱਚ ਬੱਝ ਜਾਣ ਵਾਲਾ ਸੁੱਚਾ ਕਰਮ ਦੱਸਿਆ ਜਿਸ ਵਿੱਚ ਮਰਦ ਤੇ ਔਰਤ ਦੋਨੋਂ ਬਰਾਬਰ ਦੇ ਭਾਈਵਾਲ ਤੇ ਦੁੱਖ ਸੁੱਖ ਦੇ ਸਾਂਝੀਵਾਲ ਬਣ ਗਏ।

ਇਸੇ ਤਰ੍ਹਾਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਨੇ ਰਾਮਦਾਸ ਜੀ ਚਾਰ ਲਾਵਾਂ ਰੱਚ ਕੇ ਅਨੰਦ ਕਾਰਜ ਦੀ ਰਸਮ ਨੂੰ ਹੋਰ ਵੀ ਵਿਸ਼ਾਲ ਅਰਥ ਪ੍ਰਦਾਨ ਕੀਤੇ ਅਤੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਸਥਾਨ ਦਿੱਤਾ। ਗੁਰਬਾਣੀ ਤਾਂ ਔਰਤ ਨੂੰ ਗ੍ਰਿਹਸਤੀ ਜ਼ਿੰਦਗੀ ਵਿੱਚ ਬਹੁਤ ਸਤਿਕਾਰਿਤ ਦਰਜਾ ਪ੍ਰਦਾਨ ਕਰਦੀ ਹੈ । ਪਰਿਵਾਰ ਅਤੇ ਸਮਾਜ ਵਿੱਚ ਉਸ ਦਾ ਬੜਾ ਵਡਿੱਤਣ ਭਰਿਆ ਸਥਾਨ ਸਥਾਪਿਤ ਕਰਦੀ ਹੈ ਇਸ ਪ੍ਰਥਾਏ ਗੁਰਬਾਣੀ ਦਾ ਉਪਦੇਸ਼ ਹੈ ਕਿ ਜਿਹੜੇ ਵਿਆਹੁਤਾ ਇਸਤਰੀ ਅਤੇ ਪੁਰਸ਼ ਆਪਸ ਵਿੱਚ ਕੇਵਲ ਮਿਲ ਬੈਠਦੇ ਹਨ ਜਾਂ ਇਕੱਠੇ ਰਹਿੰਦੇ ਹਨ ਉਨ੍ਹਾਂ ਨੂੰ ਸਹੀ ਅਰਥਾਂ ਵਿੱਚ ਪਤੀ ਤੇ ਪਤਨੀ ਨਹੀ ਕਿਹਾ ਜਾਣਾ

ਚਾਹੀਦਾ ਅਸਲੀ ਪਤੀ ਅਤੇ ਪਤਨੀ ਤਾਂ ਉਹ ਹਨ ਜਿਨ੍ਹਾਂ ਦੇ ਦੋ ਸਰੀਰ ਹੋਣ ਦੇ ਬਾਵਜੂਦ ਵੀ ਇੱਕੋ ਆਤਮਾ ਹੋਵੇ ਗੁਰਬਾਣੀ ਅਜਿਹੇ ਉੱਚੇ ਸੁੱਚੇ ਗ੍ਰਿਸਤੀ ਜੀਵਨ ਨੂੰ ਪ੍ਰਵਾਨ ਕਰਦੀ ਹੈ ।[6]

**ਧਨ ਪਿਰ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ**
**ਏਕ ਜੋਤਿ ਦੋਇ ਮੂਰਤੀ ਧਨ ਪਿਰ ਕਹੀਐ ਸੋਇ।** [7]

ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੀ ਇਹ ਆਦਰਸ਼ਕ ਜੀਵਨ ਜਾਚ ਮਹਿਲਾ ਵਰਗ ਦੇ ਸਤਿਕਾਰ ਦੀ ਸਿਖਰ ਹੈ, ਸੋਭਾ ਹੈ, ਵਡਿਆਈ ਹੈ ਜੋ ਹਰ ਕਿਸੇ ਲਈ ਸੋਹਣੀ ਮਿਸਾਲ ਹੈ ।ਸਿੱਖ ਔਰਤਾਂ ਦਾ ਇਤਿਹਾਸ ਵਿੱਚ ਸਥਾਨ ਜੇ ਗੁਰੂ ਕਾਲ ਦੀਆਂ ਸਿੱਖ ਬੀਬੀਆਂ ਦਾ ਜ਼ਿਕਰ ਕਰੀਏ ਤਾਂ ਗੁਰੂ ਨਾਨਕ ਦੇਵ ਜੀ ਦੀ ਭੈਣ ਬੇਬੇ ਨਾਨਕੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ, ਗੁਰੂ ਰਾਮਦਾਸ ਜੀ ਦੀ ਸੁਪਤਨੀ ਬੀਬੀ ਭਾਨੀ ਜੀ, ਗੁਰੂ ਹਰਗੋਬਿੰਦ  ਸਾਹਿਬ ਜੀ ਦੀ ਮਾਤਾ ਮਾਤਾ ਗੰਗਾ ਜੀ, ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਮਾਤਾ ਗੁਜਰੀ ਜੀ,ਉਨ੍ਹਾਂ ਦੇ ਮਹਿਲ ਮਾਤਾ ਸੁੰਦਰੀ, ਮਾਤਾ ਜੀਤੋ ਜੀ ਤੇ ਸਾਹਿਬ ਕੌਰ ਜੀ ਅਜਿਹੀਆਂ ਮਹਾਨ ਇਸਤਰੀਆਂ ਭਾਰਤ ਦੇ ਇਤਿਹਾਸ ਤੇ ਦਿਸਦੀਆਂ ਹਨ, ਜਿਨ੍ਹਾਂ ਦੇ ਨਾਂ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਕਾਰਨ ਅਤੇ ਕੌਮ ਲਈ ਕੀਤੀਆਂ ਸੇਵਾਵਾਂ ਅਤੇ ਕੁਰਬਾਨੀਆਂ ਕਾਰਨ  ਹਮੇਸ਼ਾ ਲਈ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖੇ ਨਜਰ ਆਉਂਦੇ ਹਨ । ਇਸ ਤਰ੍ਹਾਂ ਸਿੱਖ ਬੀਬੀਆਂ ਨੂੰ ਸਮਾਜ ਦੇ ਹਰ ਖੇਤਰ ਵਿੱਚ ਮਰਦਾਂ ਦੇ ਬਰਾਬਰ ਡਟਣ ਦੀ ਪ੍ਰੇਰਨਾ ਮਿਲੀ । ਇਤਿਹਾਸ ਗਵਾਹ ਹੈ ਕਿ ਸਿੱਖ ਸੂਰਬੀਰ ਬੱਚੀਆਂ ਨੇ ਆਪਣੇ ਪਤੀਆਂ, ਪੁੱਤਰਾਂ, ਭਰਾਵਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਮੈਦਾਨੇ ਜੰਗ ਵਿੱਚ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ। ਸਿੱਖੀ ਸਿਦਕ ਦੀਆਂ ਧਾਰਨੀ ਸਿੰਘਣੀਆਂ ਨੇ ਜਾਬਰਾਂ ਦੀਆਂ ਜੇਲ੍ਹਾਂ ਵਿੱਚ ਸਵਾ ਸਵਾ ਮਣ ਦੇ ਪੀਸਣ ਪੀਸੇ, ਆਪਣੇ ਬੱਚਿਆਂ ਦੇ ਟੁਕੜੇ ਟੁਕੜੇ ਕਰਵਾ ਕੇ ਗਲਾਂ ਵਿੱਚ ਹਾਰ ਪਵਾਏ, ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕੀਤਾ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਖਿੜੇ ਮੱਥੇ ਮਿੱਠਾ ਕਰਕੇ ਮੰਨਿਆ ਅਤੇ ਇਹੀ ਕਾਰਨ ਹੈ ਕਿ ਉਨ੍ਹਾਂ ਦੇ ਇਤਨੇ ਉੱਚੇ ਸੁੱਚੇ ਇਖਲਾਕ ਤੇ ਸਿੱਖੀ ਜੀਵਨ ਵਿੱਚ ਪਰਪੱਕ ਹੋਣ ਕਾਰਨ ਸਿੱਖਾਂ ਦੀ ਨਿੱਤ ਦੀ ਅਰਦਾਸ ਵਿੱਚ ਇਨ੍ਹਾਂ ਸੂਰਬੀਰ ਬਹਾਦਰ ਸਿੰਘਣੀਆਂ ਦਾ ਗੌਰਵਮਈ ਜ਼ਿਕਰ ਆਉਂਦਾ ਹੈ । ਸਿੱਖ ਇਤਿਹਾਸ ਦੇ ਪੰਨੇ ਵਾਚਣ ਤੇ ਸਾਨੂੰ ਮਾਈ ਭਾਗੋ' ਮਾਈ ਸਦਾ ਕੌਰ ਅਤੇ ਮਹਾਰਾਣੀ ਜਿੰਦ ਕੌਰ ਵਰਗੇ ਸੂਰਬੀਰ ਚਿਤਰਣ ਮਿਲਦੇ ਹਨ ਜਿਨ੍ਹਾਂ ਨੇ ਚੰਗੇ ਸ਼ਾਸਕ ਬਣ ਕੇ ਕੌਮ ਦੀ ਅਗਵਾਈ ਕਰਨ ਦਾ ਮਾਣ ਖੱਟਿਆ ।ਸੋ ਸਿੱਖੀ ਜੀਵਨ ਜਾਚ ਵਿੱਚ ਨਾਰੀ ਦਾ ਸਥਾਨ ਬੜਾ ਸਤਿਕਾਰਯੋਗ ਹੈ ।ਗੁਰਮਤਿ ਵਿੱਚ ਇਸਤਰੀ ਨੂੰ ਕਮਜ਼ੋਰੀ ਦਾ ਨਾਮ ਨਹੀਂ ਦਿੱਤਾ ਗਿਆ ਸਗੋਂ ਇਸਤਰੀ ਤਾਂ ਬਲਵਾਨ  ਸ਼ਕਤੀ ਹੈ । ਅਜਿਹਾ ਕਿਹੜਾ ਖੇਤਰ ਹੈ ਜਿੱਥੇ ਇਸਤਰੀ ਨੂੰ ਮੌਕਾ ਮਿਲਿਆ ਹੋਵੇ ਤੇ ਉਸ ਨੇ ਕਮਜ਼ੋਰੀ ਵਿਖਾਈ ਹੋਵੇ ।[8] ਸਾਰੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਤੋਂ ਬਾਅਦ ਹੋਰ ਕਈ ਮਹਾਨ ਪੁਰਸ਼ਾਂ ਅਤੇ ਵਿਦਵਾਨਾਂ ਨੇ ਇਨ੍ਹਾਂ ਅਸੂਲਾਂ ਤੇ ਪਹਿਰਾ ਦਿੰਦਿਆਂ ਸਮਾਜ ਵਿੱਚ ਲਿੰਗ ਅਸਮਾਨਤਾ ਨੂੰ ਦੂਰ ਕਰਨ ਲਈ ਭਰਪੂਰ ਯਤਨ ਕੀਤੇ ਪਰ ਕਿਤੇ ਨਾ ਕਿਤੇ ਅੱਜ ਵੀ ਔਰਤਾਂ ਸਬੰਧੀ ਇਹ ਵਿਤਕਰਾ ਅਤੇ ਨਾ ਬਰਾਬਰੀ ਕਿਸੇ ਨਾ ਕਿਸੇ ਰੂਪ ਵਿੱਚ ਨਜ਼ਰ ਆ ਹੀ ਜਾਂਦੀ ਹੈ।  ਅਜੋਕੇ ਦੌਰ ਵਿੱਚ ਵਧ ਰਹੀਆਂ ਬਲਾਤਕਾਰ ਦੀਆਂ ਘਟਨਾਵਾਂ ਅਤੇ ਪੁੱਤਰ ਪ੍ਰਾਪਤੀ ਦੀ ਲਾਲਸਾ ਵਿੱਚ ਹੋ ਰਹੀ ਭਰੂਣ ਹੱਤਿਆ ਗੁਰੂ ਸਾਹਿਬਾਨ ਦੇ ਸੁਨਹਿਰੀ ਅਸੂਲਾਂ ਨੂੰ ਭੁੱਲ ਕੇ ਮਨੁੱਖ ਦੀ ਨੀਵੀਂ ਸੋਚ ਦਾ ਨਤੀਜਾ ਹੈ ।

ਹਰ ਖੇਤਰ ਵਿਹ ਅਗੇ ਵਧ ਰਹੀਆਂ ਔਰਤਾਂ ਅਜੋਕੇ ਸਮੇਂ ਵਿੱਚ ਔਰਤਾਂ ਹਰੇਕ ਖੇਤਰ ਵਿੱਚ ਮਰਦਾਂ ਵਾਂਗ ਸ਼ਲਾਘਾਯੋਗ ਯੋਗਦਾਨ ਦੇ ਰਹੀਆਂ ਹਨ। ਸਿੱਖਿਆ, ਖੇਡਾ, ਡਾਕਟਰੀ ,ਸਮਾਜ ਸੇਵਾ, ਪ੍ਰਸ਼ਾਸਨ ਅਤੇ ਰਾਜਨੀਤੀ ਆਦਿ ਕੋਈ ਵੀ ਖੇਤਰ ਹੋਵੇ ਅੱਜ ਕੱਲ੍ਹ ਔਰਤਾਂ ਮਰਦਾਂ ਦੀ ਬਰਾਬਰੀ ਨਹੀਂ ਸਗੋਂ ਉਨ੍ਹਾਂ ਤੋਂ ਮੋਹਰੀ ਭੂਮਿਕਾ ਅਦਾ ਕਰ ਰਹੀਆਂ ਹਨ। ਅੱਜਕਲ ਦੀਆਂ ਔਰਤਾਂ ਮਰਦਾਂ ਦੇ ਸਹਿਯੋਗ ਤੋਂ ਬਗੈਰ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਸਿਰਜ ਰਹੀਆਂ ਹਨ।

**ਰਿਸ਼ਤਿਆਂ ਨੂੰ ਨਿਭਾਉਣ ਦੀ ਕਲਾ**

ਇਸ ਵਿੱਚ ਜ਼ਰਾ ਵੀ ਸ਼ੱਕ ਨਹੀਂ ਕਿ ਕੁਦਰਤ ਨੇ ਔਰਤਾਂ ਨੂੰ ਮਰਦਾਂ ਨਾਲੋਂ ਕਿਤੇ ਵਧੀਆ ਤੇ ਸੁਚੱਜੇ ਢੰਗ ਨਾਲ ਰਿਸ਼ਤਿਆਂ ਨੂੰ ਸੰਭਾਲ ਕੇ ਰੱਖਣ ਦੀ ਕਲਾ ਬਖ਼ਸ਼ੀ ਹੈ। ਆਮ ਤੌਰ ਤੇ ਦੇਖਣ ਵਿੱਚ ਆਇਆ ਹੈ ਕਿ ਮਰਦ ਰਿਸ਼ਤਿਆਂ ਨੂੰ ਏਨੀ ਜ਼ਿਆਦਾ ਅਹਿਮੀਅਤ ਨਹੀਂ ਦਿੰਦੇ ਜਿੰਨੀ ਕਿ ਔਰਤਾਂ। ਔਰਤਾਂ ਇੱਕੋ ਸਮੇਂ ਸਹੁਰਾ ਪਰਿਵਾਰ, ਪੇਕਾ ਪਰਿਵਾਰ, ਦੋਹਾਂ ਪਰਿਵਾਰਾਂ ਦੇ ਰਿਸ਼ਤੇਦਾਰ ਇੱਥੋਂ ਤੱਕ ਕੇ ਆਪਣੀਆਂ ਸਹੇਲੀਆਂ ਨਾਲ ਵੀ ਰਿਸ਼ਤਾ ਵਧੀਆ ਢੰਗ ਨਾਲ ਬਰਕਰਾਰ ਰੱਖਦੀਆਂ ਹਨ, ਪਰ ਮਰਦ ਇਨ੍ਹਾਂ ਰਿਸ਼ਤਿਆਂ ਅਤੇ ਸਬੰਧਾਂ ਨੂੰ ਔਰਤ ਜਿੰਨੀ ਤਰਜੀਹ ਨਹੀਂ ਦਿੰਦਾ।[9]

**ਪੜਾਈ ਪ੍ਰਤੀ ਗੰਭੀਰਤਾ**

ਅੱਜਕਲ੍ਹ ਹਰ ਕਿਸਮ ਦੀ ਪੜ੍ਹਾਈ ਵਿੱਚ ਵੀ ਲੜਕੀਆਂ ਬਾਜੀ ਮਾਰ ਰਹੀਆਂ ਹਨ। ਪੜ੍ਹਾਈ ਦੇ ਨਤੀਜਿਆਂ ਦੇ ਅੰਕੜੇ ਦਰਸਾਉਂਦੇ ਹਨ ਕਿ ਲੜਕਿਆਂ ਦੇ ਮੁਕਾਬਲੇ ਲੜਕੀਆਂ ਨਾ ਸਿਰਫ਼ ਜ਼ਿਆਦਾ ਤੇਜ਼ ਹਨ ਸਗੋਂ ਪੜ੍ਹਾਈ ਵਿੱਚ ਵੱਧ ਗੰਭੀਰ ਅਤੇ ਸਫਲ ਵੀ ਹਨ, ਪਰ ਲੜਕੇ ਪੜ੍ਹਾਈ ਪ੍ਰਤੀ ਜ਼ਿਆਦਾ ਗੰਭੀਰਤਾ ਨਹੀਂ ਰੱਖਦੇ।

**ਪਰਿਵਾਰ ਪ੍ਰਤੀ ਜਿੰਮੇਵਾਰੀ**

ਮਰਦਾਂ ਨਾਲੋਂ ਔਰਤਾਂ ਆਪਣੇ ਪਰਿਵਾਰ ਪ੍ਰਤੀ ਕਿਤੇ ਜ਼ਿਆਦਾ ਜ਼ਿੰਮੇਵਾਰ ਹੁੰਦੀਆਂ ਹਨ।ਇਹ ਅਕਸਰ ਦੇਖਣ ਨੂੰ ਮਿਲਦਾ ਹੈ ਕਿ ਔਰਤਾਂ ਆਪਣੇ ਦੁੱਖ ਤਕਲੀਫ਼ ਦੀ ਪ੍ਰਵਾਹ ਕੀਤੇ ਬਗੈਰ ਪਹਿਲਾਂ ਆਪਣੇ ਬੱਚਿਆਂ ਅਤੇ ਪਰਿਵਾਰ ਦੀ ਲੋੜ ਨੂੰ ਮੁੱਖ ਰੱਖਦੀਆਂ ਹਨ, ਪਰਿਵਾਰ ਦੀ ਹਰੇਕ ਲੋੜ ਨੂੰ ਪੂਰਾ ਕਰਨ ਲਈ ਔਰਤਾਂ ਪੂਰੀ ਤਨਦੇਹੀ ਨਾਲ ਕੰਮ ਕਰਦੀਆਂ ਹਨ ਅਤੇ ਭਾਵਨਾਤਮਕ ਪੱਖੋਂ ਵੀ ਪਰਿਵਾਰ ਪ੍ਰਤੀ ਸੰਵੇਦਨਸ਼ੀਲਤਾ ਰੱਖਦੀਆਂ ਹਨ ਜਦੋਂ ਕਿ ਮਰਦ ਔਰਤਾਂ ਦੀ ਤੁਲਨਾ ਵਿੱਚ ਪਰਿਵਾਰ ਪ੍ਰਤੀ ਘੱਟ ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਹੁੰਦੇ ਹਨ। ਭਾਵੇਂ ਮਰਦਾਂ ਦੀ ਪਰਿਵਾਰ ਦੀਆਂ ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਅਹਿਮ ਭੂਮਿਕਾ ਹੁੰਦੀ ਹੈ ਪਰ ਭਾਵਨਾਤਮਕ ਪੱਖੋਂ ਪਰਿਵਾਰ ਪ੍ਰਤੀ ਉਹ ਔਰਤਾਂ ਜਿੰਨਾ ਜ਼ਿੰਮੇਵਾਰ ਨਹੀਂ ਹੁੰਦੇ।

ਨੌਕਰੀ ਪੇਸ਼ਾ ਔਰਤਾਂ ਤਾਂ ਦੋਹਰੀ ਜ਼ਿੰਮੇਵਾਰੀ ਨਿਭਾਉਂਦੀਆਂ ਹਨ, ਘਰ ਦਾ ਸਾਰਾ ਕੰਮ ਕਾਜ ਕਰਕੇ ਰੋਟੀ ਪਾਣੀ ਤਿਆਰ ਕਰਕੇ ਸਮੇਂ ਸਿਰ ਨੌਕਰੀ ਤੇ ਵੀ ਪਹੁੰਚਦੀਆਂ ਹਨ। ਘਰ ਦੇ ਵਿੱਚ ਇੱਕੋ ਸਮੇਂ ਕਿੰਨੇ ਹੀ ਕੰਮਕਾਜ ਕਰਦੀਆਂ ਹਨ।

ਮੇਰੀ ਆਪਣੀ ਲਿਖੀ ਕਵਿਤਾ ਦੀਆਂ ਕੁਝ ਲਾਈਨਾਂ ਹਨ :–

***ਨਾਰੀ ਅੱਜ ਦੀ ਨਵੇਂ ਇਸ ਦੌਰ ਅੰਦਰ, ਜ਼ਿੰਮੇਵਾਰੀਆਂ ਡਬਲ ਨਿਭਾ ਰਹੀ ਏ ।**
**ਮਰਦਾਂ ਵਾਂਗ ਹੈ ਬਾਹਰ ਵੀ ਕੰਮ ਕਰਦੀ, ਨਾਲੇ ਘਰ ਗ੍ਰਹਿਸਤੀ ਚਲਾ ਰਹੀ ਏ।**
**ਏਸ ਮਰਦ ਪ੍ਰਧਾਨ ਸਮਾਜ ਅੰਦਰ, ਯੋਗਦਾਨ ਬਰਾਬਰ ਦਾ ਪਾ ਰਹੀ ਏ ।**
**ਬੱਸਾਂ, ਕਾਰਾਂ, ਜਹਾਜ਼ਾਂ ਦੀ ਗੱਲ ਛੱਡੋ, ਕਈ ਥਾਈਂ ਸਰਕਾਰਾਂ ਚਲਾ ਰਹੀ ਏ।**[10]

ਅਜੋਕੇ ਦੌਰ ਵਿੱਚ ਇਸਤਰੀ ਦੀ ਹਾਲਤ ਹਿੰਦੁਸਤਾਨ ਨੂੰ ਆਜ਼ਾਦ ਹੋਇਆ ਅੱਜ ਸੱਤਰ ਸਾਲ ਤੋਂ ਵੀ ਵੱਧ ਸਮਾਂ ਹੋ ਚੁੱਕਾ ਹੈ ।

ਪਿਛਲੇ ਸਮੇਂ ਨਾਲੋਂ ਅਜੋਕੇ ਦੌਰ ਵਿੱਚ ਸਮਾਜਿਕ ਧਾਰਮਿਕ ਆਰਥਿਕ ਸੱਭਿਆਚਾਰਕ ਅਤੇ ਵਿਗਿਆਨਕ ਪੱਖ ਤੋਂ ਬਹੁਤ ਸਾਰੀ ਤਬਦੀਲੀ ਆ ਚੁੱਕੀ ਹੈ । ਬੌਧਿਕ ਤੌਰ ਤੇ ਬਹੁਤ ਸਾਰਾ ਵਿਕਾਸ ਵੀ ਹੋਇਆ ਪਰ ਉਸ ਦੇ ਬਾਵਜੂਦ ਲਗਭਗ 50 ਫੀ ਸਦੀ ਲੜਕੀਆਂ ਪੰਜ ਸਾਲ ਦੀ ਉਮਰ ਤੋਂ ਆਪਣੇ ਸਿਰ ਉੱਤੇ ਘਰੇਲੂ ਕੰਮਾਂ ਦਾ ਬੋਝ ਚੁੱਕ ਕੇ ਆਪਣੀ ਜ਼ਿੰਦਗੀ ਦਾ ਰਿਣ ਚੁਕਾਉਣਾ ਸ਼ੁਰੂ ਕਰ ਦਿੰਦੀਆਂ ਹਨ ਤੇ ਫਿਰ ਮਰਨ ਤੱਕ ਉਨ੍ਹਾਂ ਨੂੰ ਚੈਨ ਦਾ ਸਾਹ ਲੈਣਾ ਨਸੀਬ ਨਹੀਂ ਹੁੰਦਾ। ਦਾਜ ਦੀ ਲਾਹਨਤ ਅਜੇ ਤੱਕ ਵੀ ਉਨ੍ਹਾਂ ਦੇ ਮਗਰੋਂ ਨਹੀਂ ਲੱਥੀ ਜਿਸ ਕਾਰਨ ਬਹੁਤ ਸਾਰੀਆਂ ਜ਼ਿੰਦਗੀਆਂ ਬਰਬਾਦ ਹੋ ਚੁੱਕੀਆਂ ਹਨ । ਅੱਜ ਕੱਲ੍ਹ ਦੇ ਪੜ੍ਹੇ ਲਿਖੇ ਅਤੇ ਅਮੀਰ ਵਰਗ ਦੇ ਲੋਕਾਂ ਵਲੋਂ ਵੀ ਬੱਚੀ ਦੇ ਜਨਮ ਨੂੰ ਉਸੇ ਹਾਲਤ ਵਿਚ ਹੀ ਸਲਾਹਿਆ ਜਾਂਦਾ ਹੈ ਅਤੇ ਖੁਸ਼ੀ ਦਾ ਇਜ਼ਹਾਰ ਕੀਤਾ ਜਾਂਦਾ ਹੈ ਜੇ ਉਹ ਆਪਣੇ ਘਰ ਪੈਦਾ ਨਾ ਹੋ ਕੇ ਗੁਆਂਢੀਆਂ ਦੇ ਘਰ ਪੈਦਾ ਹੋਵੇ ਅੱਜ ਪੜ੍ਹੇ ਲਿਖੇ ਵਰਗ ਦੇ ਸਰਦੇ ਪੁੱਜਦੇ ਲੋਕ ਵੀ ਆਪਣੇ ਘਰ ਵਿੱਚ ਹਮੇਸ਼ਾਂ ਲੜਕਾ ਹੋਣ ਦੀ ਕਾਮਨਾ ਕਰਦੇ ਹਨ, ਲੜਕੀ ਦੀ ਨਹੀਂ । ਲੜਕੀ ਬਾਰੇ ਤਾਂ ਅੱਜ ਵੀ ਇਹ ਵਿਚਾਰ ਭਾਰੂ ਹੈ ਕਿ ਧੀ ਪਰਾਇਆ ਧਨ ਹੈ ਅਤੇ ਪੁੱਤਰ ਕੁੱਲ ਦਾ ਨਿਸ਼ਾਨ ਹੈ ।[11]

ਇਹ ਵੀ ਆਮ ਦੇਖਣ ਵਿੱਚ ਆਉਂਦਾ ਹੈ ਕਿ ਜਿਸ ਘਰ ਵਿੱਚ ਚਾਰ ਪੰਜ ਲੜਕੇ ਹੀ ਹੋਣ ਅਤੇ ਲੜਕੀ ਕੋਈ ਨਾ ਹੋਵੇ ਉਹ ਘਰ ਅਕਸਰ ਗੁੰਡਾ ਘਰ ਹੀ ਬਣ ਜਾਂਦਾ ਹੈ, ਕਿਉਂਕਿ ਲੜਕੀ ਦੀ ਗੈਰ ਮੌਜੂਦਗੀ ਵਿੱਚ ਉਸ ਘਰ ਦੀ ਮਰਿਆਦਾ ਵਿੱਚ ਅਸ਼ਲੀਲਤਾ, ਧੱਕੜ ਪੁਣਾ, ਰੁੱਖੀ ਭਾਸ਼ਾ ਤੇ ਕੋਝੇ ਵਿਚਾਰਾਂ ਦਾ ਖੁੱਲ੍ਹਮ ਖੁੱਲ੍ਹਾ ਪ੍ਰਯੋਗ ਹੋਣਾ ਸੁਭਾਵਿਕ ਹੈ ਪਰ ਜੇਕਰ ਉਸੇ ਘਰ ਵਿੱਚ ਕੋਈ ਲੜਕੀ ਵੀ ਹੋਵੇਗੀ ਤਾਂ ਉਹੀ ਘਰ ਸੱਭਿਆਚਾਰਕ ਘਰ ਸਮਝਿਆ ਜਾਣ ਲੱਗ ਪਵੇਗਾ । ਇਸ ਲਈ ਘਰ ਵਿੱਚ ਲੜਕੀ ਦਾ ਹੋਣਾ ਘਰ ਦੀ ਸ਼ਾਨ, ਸਲੀਕੇ ਤੇ ਮਰਿਆਦਾ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ । ਲੜਕੀ ਘਰ ਦਾ ਸੁਹਜ ਹੈ ਪਿਆਰ ਦਾ ਸੋਮਾ ਹੈ ।

ਜਦੋਂ ਪੂਰੀ ਦੁਨੀਆਂ ਵਿੱਚ ਔਰਤਾਂ ਉੱਤੇ ਹੋ ਰਹੇ ਤਸ਼ੱਦਦ ਦੇ ਲੇਖੇ ਜੋਖੇ ਕੀਤੇ ਗਏ ਤਾਂ ਉਸ ਵਿੱਚੋਂ ਇਹ ਤੱਥ ਉੱਭਰ ਕੇ ਸਾਹਮਣੇ ਆਇਆ ਕਿ ਭਾਰਤ ਦੇਸ਼ ਦੇ ਅੰਦਰ ਦਾ ਮਾਹੌਲ ਅਜਿਹਾ ਹੈ ਕਿ ਜਿਸ ਸਦਕਾ ਇਸ ਨੂੰ ਔਰਤਾਂ ਲਈ ਦੁਨੀਆਂ ਭਰ ਵਿੱਚੋਂ ਸਭ ਤੋਂ ਖਤਰਨਾਕ ਦੇਸ਼ ਮੰਨਿਆ ਜਾਣਾ ਚਾਹੀਦਾ ਹੈ ।

ਸੱਚ ਕਹਿਣਾ ਬਹੁਤ ਔਖਾ ਹੈ ਪਰ ਸੱਚ ਸੁਣਨਾ ਉਸ ਤੋਂ ਵੀ ਕਿਤੇ ਵਧੇਰੇ ਔਖਾ ਹੈ ਉਸ ਨੂੰ ਹੀ ਪਤਾ

ਹੁੰਦਾ ਹੈ ਜਿਸ ਨੇ ਇਹ ਹੰਢਾਇਆ ਹੋਵੇ ਕਿ ਉਸ ਨੂੰ ਕਿਸ ਕਿਸਮ ਦੇ ਨਰਕ ਵਿੱਚੋਂ ਲੰਘਣਾ ਪਿਆ ਹੈ। ਜਿਹੜੀਆਂ ਬੱਚੀਆਂ ਜਾਂ ਔਰਤਾਂ ਜ਼ੁਲਮ ਸਹਿ ਰਹੀਆਂ ਹਨ ਉਨ੍ਹਾਂ ਵਿੱਚੋਂ ਗਿਣੀਆਂ ਚੁਣੀਆਂ ਹੀ ਆਵਾਜ਼ ਚੁੱਕਣ ਦੀ ਹਿੰਮਤ ਕਰਦੀਆਂ ਹਨ ਬਾਕੀ ਤਾਂ ਚੁੱਪ ਚੁਪੀਤੇ ਸਭ ਕੁਝ ਸਹਿ ਕੇ ਇਸੇ ਤਰ੍ਹਾਂ ਹੀ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੀਆਂ ਹਨ।

### ਬੇਟੀ ਬਚਾਓ ਬੇਟੀ ਪੜ੍ਹਾਓ

ਅੱਜ ਕੱਲ੍ਹ ਬੇਟੀ ਬਚਾਓ ਬੇਟੀ ਪੜ੍ਹਾਓ ਦੇ ਨਾਅਰੇ ਤਾਂ ਬਹੁਤ ਲੱਗ ਰਹੇ ਹਨ ਪਰ ਕਈ ਤਰਾਂ ਦੇ ਕਾਨੂੰਨ ਬਨਾਏ ਜਾਣ ਦੇ ਬਾਵਜੂਦ ਬਾਲਗ ਅਤੇ ਨਾਬਾਲਗ ਔਰਤਾਂ ਨਾਲ ਹੋ ਰਹੇ ਬਲਾਤਕਾਰਾਂ ਦੀਆਂ ਘਟਨਾਵਾਂ ਘਟਣ ਦੀ ਥਾਂ ਸਗੋਂ ਵੱਧਦੀਆਂ ਜਾ ਰਹੀਆਂ ਹਨ।ਨਿੱਤ ਦਿਹਾੜੇ ਕਈ ਨਿਰਭਇਆ ਅਤੇ ਆਸਿਫਾ ਦਰਿੰਦਿਆਂ ਦੀ ਹਵਸ ਦਾ ਸ਼ਿਕਾਰ ਹੋ ਰਹੀਆਂ ਹਨ, ਜਿਸ ਨਾਲ ਭਾਰਤ ਵਿੱਚ ਔਰਤਾਂ ਦੀ ਸੁਰੱਖਿਆ ਤੇ ਕਈ ਕਈ ਪ੍ਰਸ਼ਨ ਚਿੰਨ ਲੱਗ ਰਹੇ ਹਨ। ਇਲੈਕਟ੍ਰਾਨਿਕ ਮੀਡੀਆ, ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਤੇ ਰੋਜ਼ ਬ ਰੋਜ਼ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਦੀਆਂ ਖ਼ਬਰਾਂ ਵੇਖਣ ਸੁਣਨ ਅਤੇ ਪੜ੍ਹਨ ਨੂੰ ਮਿਲਦੀਆਂ ਹਨ। ਅੰਕੜੇ ਦੱਸਦੇ ਹਨ ਕਿ ਹਿੰਦੁਸਤਾਨ ਦੀ ਆਬਾਦੀ ਵਿਚੋਂ ਕੇਵਲ ਤਿੰਨ ਫ਼ੀਸਦੀ ਲੜਕੀਆਂ ਹੀ ਹਾਈ ਸਕੂਲ ਦੀ ਪੜ੍ਹਾਈ ਤੋਂ ਉੱਤੇ ਪਹੁੰਚਦੀਆਂ ਹਨ ਜਦ ਕਿ ਲੜਕਿਆਂ ਦੀ ਗਿਣਤੀ ਇਸ ਤੋਂ ਚਾਰ ਗੁਣਾ ਜ਼ਿਆਦਾ ਹੈ। ਇਹ ਗੱਲ ਵੀ ਬੜੇ ਜ਼ੋਰ ਸ਼ੋਰ ਨਾਲ ਆਖੀ ਜਾ ਰਹੀ ਹੈ ਕਿ ਲੜਕੀਆਂ ਦਾ ਸਿੱਖਿਅਤ ਹੋਣਾ ਲੜਕਿਆਂ ਦੇ ਸਿੱਖਿਅਤ ਹੋਣ ਨਾਲੋਂ ਵਧੇਰੇ ਮਹੱਤਵਪੂਰਨ ਹੈ ਕਿਉਂਕਿ ਜੇ ਇਕ ਲੜਕੀ ਪੜ੍ਹ ਗਈ ਤਾਂ ਉਸਦੇ ਨਾਲ ਸਮਝੋ ਸਾਰਾ ਟੱਬਰ ਹੀ ਪੜ੍ਹ ਗਿਆ।[12] ਭਾਰਤ ਦੇ ਬਹੁਤ ਸਾਰੇ ਖੇਤਰਾਂ ਵਿੱਚ ਅਜੇ ਵੀ ਲੜਕੀਆਂ ਨੂੰ ਪੜ੍ਹਾਉਣ ਦਾ ਰਿਵਾਜ ਨਹੀਂ ਹੈ।

ਅੱਜ ਜਿੱਥੇ ਸਿੱਖ ਨਾਰੀਆਂ ਭਾਰਤ ਦੀਆਂ ਹੋਰ ਔਰਤਾਂ ਦੇ ਮੁਕਾਬਲੇ ਸਮਾਜ ਦੇ ਹਰ ਖੇਤਰ ਵਿੱਚ ਅੱਗੇ ਹਨ ਉੱਥੇ ਵਿਸ਼ਵ ਭਰ ਦੀਆਂ ਔਰਤਾਂ ਬਹੁਤ ਸਾਰੇ ਖੇਤਰਾਂ ਵਿੱਚ ਮਰਦਾਂ ਤੋਂ ਬਹੁਤ ਪਛੜੀਆਂ ਹੋਈਆਂ ਜ਼ਿੰਦਗੀ ਬਤੀਤ ਕਰ ਰਹੀਆਂ ਹਨ। ਉਨ੍ਹਾਂ ਦੀ ਸੁਰੱਖਿਆ ਤੇ ਉਨ੍ਹਾਂ ਦੇ ਉਥਾਨ ਲਈ ਯੂ ਐਨ ਓ ਵਰਗੀਆਂ ਸੰਸਥਾਵਾਂ ਵੱਲ ਵੀ ਸਮੇਂ ਸਮੇਂ ਤੇ ਉਚੇਚੇ ਉਪਰਾਲੇ ਕੀਤੇ ਜਾਂਦੇ ਹਨ ਇਸੇ ਲਈ 1970 ਨੂੰ ਮਹਿਲਾਵਾਂ ਦਾ ਅੰਤਰ ਰਾਸ਼ਟਰੀ ਵਰ੍ਹਾ ਸਮਝ ਕੇ ਮਨਾਇਆ ਗਿਆ। 1991 ਨੂੰ ਬਾਲੜੀ ਵਰਸ ਵਜੋਂ ਜਾਣਿਆ ਜਾਣ ਲੱਗਾ ਅਤੇ ਹਰ ਸਾਲ ਅੱਠ ਮਾਰਚ ਨੂੰ ਔਰਤਾਂ ਦੇ ਅੰਤਰ ਰਾਸ਼ਟਰੀ ਦਿਵਸ ਵਜੋਂ ਮਨਾਇਆ ਜਾਂਦਾ ਹੈ।[13]

### ਔਰਤਾਂ ਲਈ ਰਾਖਵੀਆਂ ਸੀਟਾਂ

ਭਾਰਤ ਦੇ ਲੋਕਤੰਤਰ ਵਿੱਚ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਮਹਿਲਾਵਾਂ ਵਲੋਂ ਤੀਹ ਫੀ ਸਦੀ ਸੀਟਾਂ ਸੁਰੱਖਿਅਤ ਕਰਵਾਉਣ ਲਈ ਜਦੋ ਜਹਿਦ ਕੀਤੀ ਜਾ ਰਹੀ ਹੈ ਪਰ ਸਿੱਖ ਧਰਮ ਦੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਸਭ ਤੋਂ ਪਹਿਲਾਂ ਤੀਹ ਪ੍ਰਤੀਸ਼ਤ ਔਰਤਾਂ ਲਈਆਂ ਗਈਆਂ ਹਨ ਜਿਸ ਨਾਲ ਸਿੱਖ ਬੀਬੀਆਂ ਦੀ ਪੂਰੇ ਵਿਸ਼ਵ ਵਿੱਚ ਸਾਖ਼ ਤੇ ਮਾਣ ਮਰਿਆਦਾ ਵਧੀ ਹੈ।[14]

### ਮਾਂ ਦੇ ਰੂਪ ਵਿੱਚ ਔਰਤ ਦੀ ਭੂਮਿਕਾ

ਸੰਸਾਰ ਵਿੱਚ ਕੋਈ ਭੀ ਅਜਿਹਾ ਮਨੁੱਖ ਨਹੀਂ ਜੋ ਮਾਤਾ ਤੋਂ ਬਿਨਾਂ ਪੈਦਾ ਹੋਇਆ ਹੋਵੇ। ਸਾਡੀ ਰੋਜ਼ਮਰਾ ਦੀ ਬੋਲਚਾਲ ਵਿੱਚ ਪ੍ਰਥਮ ਜਿਕਰ "ਮਾਂ" ਦਾ ਆਉਂਦਾ ਹੈ। "ਮਾਂ ਬਾਪ, ਮਾਤਾ ਪਿਤਾ, ਮਾਂ ਦਾ ਪਿਆਰ, ਮਾਂ ਦਾ ਦੁੱਧ, ਮਾਂ ਬੋਲੀ, ਮਾਂ ਜਾਇਆ ਆਦਿ।" ਪਰ ਸਾਡੇ ਦੇਸ਼ ਵਿੱਚ ਅੱਜ ਵੀ ਸਕੂਲ ਦਾਖਲੇ ਤੋਂ ਸ਼ੁਰੂ ਕਰਕੇ, ਹਰ ਥਾਵੇਂ, ਹਿੱਕ ਦੇ ਜ਼ੋਰ, ਮਾਂ ਦਾ ਨਾਮ ਬੱਚੇ ਦੇ ਵਾਰਿਸ ਵਜੋਂ ਨਹੀਂ ਲਿਖਵਾਇਆ ਜਾਂਦਾ, ਸਗੋਂ ਪਿਤਾ ਦਾ ਨਾਮ ਦਰਜ ਕੀਤਾ ਜਾਂਦਾ ਹੈ।

ਮਰਦਾਂ ਨਾਲ ਧੱਕਾ ਤਾਕਤ ਭਾਵੇਂ ਮਰਦ ਕੋਲ ਹੋਵੇ ਜਾਂ ਔਰਤ ਕੋਲ, ਬਹੁਤ ਵਾਰੀ ਇਹ ਤਾਕਤ ਇਨਸਾਨ ਨੂੰ ਭ੍ਰਿਸ਼ਟ ਕਰ ਦਿੰਦੀ ਹੈ ਅਤੇ ਉਹ ਹਉਮੈ ਵਸ ਤਾਕਤ ਦੀ ਦੁਰਵਰਤੋਂ ਕਰਦਾ ਹੈ।

ਕਈ ਥਾਈਂ ਇਹ ਵੀ ਦੇਖਣ ਵਿਚ ਆਇਆ ਹੈ ਕਿ ਜਿੱਥੇ ਕਦੇ ਔਰਤ ਦੇ ਹੱਥ ਵਿੱਚ ਤਾਕਤ ਆਈ ਹੈ ਉਥੇ ਮਰਦਾਂ ਨਾਲ ਵੀ ਧੱਕਾ ਹੋਇਆ ਹੈ ।

ਕਈ ਕੇਸ ਅਜਿਹੇ ਵੀ ਸਾਹਮਣੇ ਆਏ ਹਨ ਜਦੋਂ ਕਿ ਲੜਕੀਆਂ ਵਿਆਹ ਕਰਾ ਕੇ ਜਲਦੀ ਹੀ ਆਪਣੇ ਪਤੀ ਨੂੰ ਛੱਡ ਜਾਂਦੀਆਂ ਹਨ ਅਤੇ ਕੇਸ ਕਰਕੇ ਤਲਾਕ ਦੇ ਬਹਾਨੇ ਬਹੁਤ ਸਾਰੇ ਪੈਸੇ ਵਸੂਲ ਕਰਦੀਆਂ ਹਨ। ਅਜਿਹੇ ਕੇਸਾਂ ਵਿੱਚ ਬਹੁਤੀ ਵਾਰ ਮਾਪੇ ਵੀ ਉਨ੍ਹਾਂ ਦੇ ਨਾਲ ਰਲੇ ਹੋਏ ਹੁੰਦੇ ਹਨ ਅਤੇ ਇਹ ਸਭ ਸੋਚੀ ਸਮਝੀ ਸਕੀਮ ਅਧੀਨ ਕੀਤਾ ਜਾਂਦਾ ਹੈ ਅਜਿਹੇ ਕੇਸਾਂ ਵਿੱਚ ਬਹੁਤੀ ਵਾਰ ਮਰਦਾਂ ਨਾਲ ਵੀ ਅਨਿਆਂ ਹੋ ਜਾਂਦਾ ਹੈ ।

ਕਈ ਦੂਸਰੇ ਕੇਸਾਂ ਵਿੱਚ ਕਈ ਪੇਸ਼ੇਵਰ ਔਰਤਾਂ ਕਾਨੂੰਨ ਦੀ ਆੜ ਹੇਠ ਮਰਦਾਂ ਨੂੰ ਗਲਤ ਫਸਾ ਦਿੰਦੀਆਂ ਹਨ ਅਤੇ ਮਰਦ ਬਦਨਾਮੀ ਤੋਂ ਡਰਦੇ ਕੇਸ ਨੂੰ ਰਫ਼ਾ ਦਫ਼ਾ ਕਰਵਾਉਣ ਲਈ ਖਰਚਾ ਕਰਦੇ ਹਨ । ਇਸ ਤਰ੍ਹਾਂ ਸਮਾਜ ਵਿੱਚ ਮਰਦਾਂ ਦਾ ਸ਼ੋਸ਼ਣ ਵੀ ਹੋ ਰਿਹਾ ਹੈ ।

### ਅੰਤਿਕਾ

ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ ਕਿ ਜੇਕਰ ਸਾਡਾ ਸਮਾਜ ਮਹਿਲਾ ਵਰਗ ਨੂੰ ਇਸੇ ਤਰ੍ਹਾਂ ਪ੍ਰੇਸ਼ਾਨ ਕਰਦਾ ਰਿਹਾ ਅਤੇ ਬਾਲੜੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰਦਾ ਰਿਹਾ ਤਾਂ ਸਾਡੇ ਸਮਾਜ ਦੀਆਂ ਬਹੁ ਮੁੱਲੀਆਂ ਕਦਰਾਂ ਕੀਮਤਾਂ ਤਹਿਸ ਨਹਿਸ ਹੋ ਜਾਣਗੀਆਂ। ਇਸ ਲਈ ਇਨਸਾਨੀਅਤ ਦੇ ਨਾਤੇ ਹਰ ਮਨੁੱਖ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਸਤ੍ਰੀ ਦਾ ਪੂਰਾ ਸਤਿਕਾਰ ਕਰੇ, ਪ੍ਰੰਤੂ ਗੁਰਮਤਿ ਦੇ ਧਾਰਨੀ, ਗੁਰੂ ਨਾਨਕ ਨਾਮ ਲੇਵਾ, ਗੁਰਸਿੱਖਾਂ ਵਾਸਤੇ ਤਾਂ ਹੋਰ ਭੀ ਜ਼ਰੂਰੀ ਬਣਾ ਜਾਂਦਾ ਹੈ, ਕਿ ਉਹ ਜਗ ਜਨਣੀ ਨੂੰ ਬਣਦਾ ਪੂਰਾ ਸਤਿਕਾਰ ਦੇਣ, ਕਿਉਂਕਿ ਸਿੱਖ ਤਾਂ ਗੁਰੂ ਹੁਕਮਾਂ ਨੂੰ ਮੰਨਣ ਤੇ ਪ੍ਰਚਾਰਨ ਲਈ ਵਚਨਬੱਧ ਹਨ। ਇਸ ਲਈ ਦੁਨੀਆਂ ਦੇ ਲੋਕਾਂ ਦੀ ਮੰਦੀ ਨਕਲ ਤਿਆਗ ਕੇ, ਸਿੱਖ ਔਰਤ ਦਾ ਜ਼ਿਆਦਾ ਆਦਰ ਮਾਣ ਕਰਨ।

ਸਮੇਂ ਦੀਆਂ ਸਰਕਾਰਾਂ ਦਾ ਵੀ ਫਰਜ਼ ਬਣਦਾ ਹੈ ਕਿ ਔਰਤਾਂ ਅਤੇ ਮਰਦਾਂ ਦੇ ਹੱਕਾਂ ਪ੍ਰਤੀ ਬਣਾਏ ਗਏ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ । ਜਿੱਥੇ ਔਰਤ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਉਸਦੇ

ਹੱਕ  ਸੁਰੱਖਿਅਤ ਹੋਣ ,ਉੱਥੇ ਮਰਦ ਦੇ ਹੱਕਾਂ ਦਾ ਵੀ ਧਿਆਨ ਰੱਖਿਆ ਜਾਣਾ ਚਾਹੀਦਾ ਹੈ ।ਸਾਡੇ ਦੇਸ਼ ਵਿੱਚ ਕਾਨੂੰਨ ਤਾਂ ਹਨ ਪਰ ਉਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਨਾ ਕੀਤੇ ਜਾਣ ਕਰਕੇ ਘਟਨਾਵਾਂ ਵਾਰ ਵਾਰ ਵਾਪਰਦੀਆਂ ਹਨ ਇਸ ਲਈ ਕਾਨੂੰਨ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਈ ਜਾਣੀ ਚਾਹੀਦੀ ਹੈ । ਨਰੋਏ ਸਾਫ਼ ਸੁਥਰੇ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਲਈ ਇਨਸਾਨੀ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਲਈ ਹਰ ਮਨੁੱਖ ਆਪੋ ਆਪਣੀ ਥਾਂ ਯਤਨ ਕਰੇ ।

ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਵਿੱਚ ਕੋਈ ਸਾਨੀ ਨਹੀਂ ਹੈ । ਉਨ੍ਹਾਂ ਦੇ ਦਰਸਾਏ ਹੋਏ ਮਹਾਨ ਅਸੂਲਾਂ, ਉਪਦੇਸ਼ਾਂ, ਸਿਧਾਂਤਾਂ ਅਤੇ ਵਿਚਾਰਧਾਰਾ ਤੇ ਕਿਸੇ ਕਿਸਮ ਦੇ ਵੀ ਤਰਕ ਜਾਂ ਸੋਧ  ਦੀ ਕੋਈ ਗੁੰਜਾਇਸ਼ ਨਹੀ ਹੈ। ਕਿਉਂਕਿ ਉਨ੍ਹਾਂ ਦੇ ਬੋਲ ਇਲਾਹੀ ਬੋਲ ਹਨ। ਇਹ ਉਪਦੇਸ਼ ਉਦੋਂ ਵੀ ਪ੍ਰਸੰਗਿਕ ਸਨ ਅੱਜ ਵੀ ਪ੍ਰਸੰਗਿਕ ਹਨ ਤੇ ਸਦੀਵ ਕਾਲ ਲਈ ਪ੍ਰਸੰਗਿਕ ਰਹਿਣਗੇ । ਅੱਜ ਗੁਰੂ ਨਾਨਕ ਦੇਵ ਜੀ ਦਾ ਸਾਢੇ ਪੰਜ ਸੌ ਸਾਲਾ ਪਾਵਨ ਪ੍ਰਕਾਸ਼ ਪੁਰਬ ਮਨਾਉਂਦਿਆਂ ਹੋਇਆਂ ਸਾਨੂੰ ਉਨ੍ਹਾਂ ਦੇ ਦਰਸਾਏ ਸਰਬੱਤ ਦੇ ਭਲੇ ਦੇ ਮਾਰਗ ਤੇ ਚੱਲਦਿਆਂ ਹਰ ਗੁਰੂ ਨਾਨਕ ਨਾਮ ਲੇਵਾ ਸਿੱਖ ਨੂੰ ਉਨ੍ਹਾਂ ਦੇ ਇਨ੍ਹਾਂ ਸਿਧਾਂਤਾਂ ਅਤੇ ਉਪਦੇਸ਼ਾਂ ਨੂੰ ਸਾਰੇ ਸੰਸਾਰ ਵਿੱਚ ਪ੍ਰਚਾਰਨ ਅਤੇ ਲਾਗੂ ਕਰਵਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਕਵੀ ਕਰਮਜੀਤ ਸਿੰਘ ਨੂਰ ਦੀ ਕਵਿਤਾ-- ਔਰਤ
2. ਡਾਕਟਰ ਰਛਪਾਲ ਸਿੰਘ ਗੁਰਮਤਿ ਪ੍ਰਕਾਸ਼ ਪੰਨਾ -33
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ  ਅੰਗ 473
4. ਸਵਾਮੀ ਤੁਲਸੀਦਾਸ ਕ੍ਰਿਤ ਰਾਮਚਰਿਤ ਮਾਨਸ
5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ  ਅੰਗ
6. ਡਾ ਸਰੂਪ ਸਿੰਘ ਅਲੱਗ ਦੀ ਪੁਸਤਕ- ਸਰਬ ਨਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 39
7. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ  ਅੰਗ  788
8. ਡਾ ਸਰੂਪ ਸਿੰਘ ਅਲੱਗ ਦੀ ਪੁਸਤਕ- ਮਾਰਗ ਮੋਤੀ, ਪੰਨਾ 245
9. ਪ੍ਰਿੰਸੀਪਲ ਰੋਹਿਤ ਪਲਤਾ -- ਔਰਤਾਂ ਬਹੁਗੁਣੀ ਪ੍ਰਤਿਭਾ ਦੀਆਂ ਧਾਰਨੀ
10. ਕਵੀ ਕਰਮਜੀਤ ਸਿੰਘ ਨੂਰ ਦੀ ਪੁਸਤਕ - ਰੁਤਬਾ ਖਾਲਸੇ ਦਾ ਪੰਨਾ  16
11. ਡਾ ਸਰੂਪ ਸਿੰਘ ਅਲੱਗ ਦੀ ਪੁਸਤਕ- ਮਾਰਗ ਮੋਤੀ, ਪੰਨਾ 243
12. ਡਾ ਹਰਸ਼ਿੰਦਰ ਕੌਰ ਦੀ ਪੁਸਤਕ - ਚੁੱਪ ਦੀ ਚੀਖ਼, ਪੰਨਾ -6
13. ਡਾ ਸਰੂਪ ਸਿੰਘ ਅਲੱਗ ਦੀ ਪੁਸਤਕ- ਮਾਰਗ ਮੋਤੀ, ਪੰਨਾ 243
14. ਡਾ ਸਰੂਪ ਸਿੰਘ ਅਲੱਗ ਦੀ ਪੁਸਤਕ- ਮਾਰਗ ਮੋਤੀ, ਪੰਨਾ 247



**ਕਰਮਜੀਤ ਸਿੰਘ ਨੂਰ**

ksnoor50@gmail.com

# ਨਾਨਕ-ਚੇਤਨਾ ਦੇ ਸੰਦਰਭ ਵਿਚ ਕੈਨੇਡੀਅਨ ਸਮਾਜ

**ਕੁਲਜੀਤ ਮਾਨ**

ਬਾਬਾ ਨਾਨਕ ਇੱਕ ਐਸਾ ਨਾਮ ਹੈ ਜਿਸਨੂੰ ਕਿਸੇ ਵੀ ਰੂਪ ਵਿਚ ਯਾਦ ਕੀਤਾ ਜਾਵੇ ਤਾਂ ਸਾਰੀ ਦੁਨੀਆਂ ਹੀ ਇੱਕ ਪਰਿਵਾਰ ਲਗਣ ਲੱਗ ਪੈਂਦੀ ਹੈ। ਹਕੀਕਤ ਇਹ ਹੈ ਕਿ ਉਸ ਵਕਤ ਦੋ ਹੀ ਜਾਣੇ ਪਛਾਣੇ ਧਰਮ ਸਨ, ਉਸ ਭੂਗੋਲਿਕ ਖਿਤੇ ਵਿਚ, ਹਿੰਦੂ ਤੇ ਮੁਸਲਮਾਨ। ਉਨ੍ਹਾਂ ਦੇ ਵਖਰੇਵੇਂ ਮਹਿਸੂਸ ਕਰਕੇ ਜੋ ਬਾਬੇ ਨਾਨਕ ਨੇ ਕਿਹਾ ਉਹ ਅੱਜ ਵੀ ਪ੍ਰਸੰਗਿਕ ਹੈ ਤੇ ਹਰ ਜਗਾ ਤੇ ਢੁਕਦਾ ਹੈ।

ਬਾਬਾ ਨਾਨਕ,ਸਿਖਇਜ਼ਮ ਦਾ ਜਨਮਦਾਤਾ ਮੰਨਿਆ ਜਾਂਦਾ ਹੈ ਪਰ ਜਿਵੇਂ ਦੀ ਕਬਜੇ ਦੀ ਭਾਵਨਾ ਅੱਜ ਪ੍ਰਬਲ ਹੈ ਇਹ ਬਾਬੇ ਨੇ ਕਦੇ ਵੀ ਨਹੀ ਚਾਹਿਆ ਸੀ। ਬਾਬਾ ਨਾਨਕ ਰੂਹਾਨੀਅਤ ਅਵਤਾਰ, ਸਾਹਿਤਕ ਲਿਖਾਰੀ, ਕਵੀ ਤੇ ਕੁਝ ਵੀ ਕਹਿ ਲਵੋ,ਜ਼ਿੰਦਗੀ ਦੀਆਂ ਕਦਰਾਂ  ਕੀਮਤਾਂ ਤੇ ਜੀਵਨ-ਜਾਚ ਨੂੰ, ਉਨ੍ਹਾਂ ਦੀ ਹਰ ਪੈੜ ਟੁੰਬਦੀ ਹੈ।

ਸਾਰੀ ਦੁਨੀਆਂ,ਸਮੁੱਚੇ ਰੂਪ ਵਿਚ ਇਹ ਮਹਿਸੂਸ ਕਰਦੀ ਹੈ ਕਿ ਕੈਨੇਡਾ ਇੱਕ ਮਲਟੀਕਲਚਰ ਦੇਸ਼ ਹੈ। ਦੁਨੀਆਂ ਭਰ ਦੇ ਲੋਕ, ਇੱਥੇ ਵਸਦੇ ਹਨ।

ਬਰਾਬਰਤਾ ਕੈਨੇਡਾ ਦੀ ਰੂਹ ਹੈ। ਹਰ ਸਮਾਜ ਵਿਚ ਅਕਸਰ ਸਮਸਿਆਵਾਂ ਆਂਉਦੀਆਂ ਹਨ ਚਾਹੇ ਉਹ ਸਮਾਜਿਕ ਹੋਣ ਜਾਂ ਪਰਿਵਾਰਕ ਪਰ ਕੈਨੇਡੀਅਨ ਸਿਸਟਮ ਹਰ ਸਮਸਿਆ ਨੂੰ ਸੰਬੋਧਿਤ ਹੈ।

ਇੱਕ ਭਾਰਤੀ ਹੋਣ ਦੇ ਨਾਤੇ ਸਾਡਾ ਇਹ ਫ਼ਰਜ ਬਣਦਾ ਹੈ ਇਸ ਸਿਸਟਮ ਨੂੰ ਸਵਛ ਰਖੀਏ। ਇਸ ਸਵਛਤਾ ਲਈ ਸਾਡੇ ਕੋਲ ਬਾਬੇ ਨਾਨਕ ਦਾ ਦਰਸ਼ਨ ਹੈ। ਸਮਸਿਆ ਘਰੇਲੂ ਹਿੰਸਾ ਦੀ ਹੋਵੇ ਜਾਂ ਸਾਡੇ ਜਾਤੀ ਅਕੀਦਿਆਂ ਦੀ। ਇਨ੍ਹਾਂ ਸਮਸਿਆਵਾਂ ਲਈ ਬਾਬੇ ਦੀ ਬਾਣੀ, ਸਾਨੂੰ ਸੇਧ ਦੇਣ ਲਈ  ਬਹੁਤ ਕੁਝ ਸਮੋਈ ਬੈਠੀ ਹੈ ਜਿਸਦੀ ਰੌਸ਼ਨੀ ਨਾਲ ਨਾ ਕੇਵਲ ਅਸੀਂ ਇਸ ਸਮਾਜ ਨੂੰ ਸਵਛ ਰਖ ਸਕਦੇ ਹਾਂ ਸਗੋਂ ਹੋਰ ਵੀ ਬੇਹਤਰ ਬਨਾਉਣ ਵਿਚ ਯੋਗਦਾਨ ਪਾ ਸਕਦੇ ਹਾਂ।

ਗੁਰੂ ਨਾਨਕ ਦੇਵ  ਜੀ ਦਾ ਜਦੋਂ ਵੀ ਨਾਮ ਆਉਂਦਾ ਹੈ ਤਾਂ ਹਰ ਵਿਅਕਤੀ ਆਪਣੇ ਨਜ਼ਰੀਏ ਨਾਲ ਹੀ ਸੋਚਦਾ ਹੈ। ਨਿਰਭਰ ਕਰਦਾ ਹੈ ਕਿ ਤੁਸੀਂ ਉਸ ਵਕਤ ਕਿਸ ਮਨੋ-ਅਵਸਥਾ ਵਿਚ ਹੋ। ਇੱਕ ਦਮ ਕੁਝ ਨਹੀ ਹੁੰਦਾ। ਸਿਰਫ ਚੇਤਨਾ ਹੀ ਹੈ ਜੋ ਹਰ ਸਮਾਜਿਕ ਮਸਲੇ ਦਾ ਹੱਲ ਹੋ ਨਿਬੜਦਾ ਹੈ। ਸਮਾਜ ਵਿਚ ਹਰ ਸਮਸਿਆ ਦੂਜੀ ਸਮਸਿਆ ਨਾਲ ਜੁੜੀ ਹੁੰਦੀ ਹੈ। ਸਮਾਜਿਕ ਸੁਧਾਰ,  ਇੱਕ ਸਮਾਜਿਕ ਅੰਦੋਲਨ ਹੁੰਦਾ ਹੈ ਜਿਸਨੇ ਹੌਲੀ ਹੋਲੀ ਹੀ ਪ੍ਰਵਾਨ ਚੜਨਾ ਹੁੰਦਾ ਹੈ ਤੇ ਇਹਦੇ ਲਈ ਗਾਇਡ ਲਾਇਨ ਇਹੋ ਜਿਹੀ ਚੁਣਨੀ ਪੈਂਦੀ ਹੈ ਜਿਸਦੇ ਦੂਰਰਸ ਸਿੱਟੇ ਨਿਕਲਣ ਤੇ ਉਹ ਸਮਾਜਿਕ ਪ੍ਰਾਣੀਆਂ ਨਾਲ ਪ੍ਰਣਾਈ ਹੋਈ ਹੋਵੇ।

ਸਮਾਜ ਨੂੰ ਲਗਾ ਇੱਕ ਗ੍ਰਹਿਣ,ਹੋ ਸਕਦਾ ਹੈ ਦੂਜੀਆਂ ਸਮਾਜਿਕ ਬੁਰਾਈਆਂ ਨਾਲੋਂ ਬਹੁਤਾ ਸੰਘਣਾ ਹੋਵੇ। ਸੰਘਰਸ਼ ਸਿਰਫ ਬਦਲਾਵ ਲਈ ਧਰਾਤਲ ਹੀ ਹੋ ਨਿਬੜਦਾ ਹੈ। ਗੁਰੂ ਨਾਨਕ ਦੀ ਬਾਣੀ ਐਸੇ ਹੀ ਧਰਾਤਲ ਨੂੰ  ਸਿਰਜਦੀ ਹੈ।

ਮੂਲੋਂ ਹੀ ਸਮਾਜ ਬਦਲਣ ਲਈ ਚੇਤਨਾ ਦੀ ਲੋੜ ਹੁੰਦੀ ਹੈ ਤੇ ਨਾਨਕ-ਬਾਣੀ ਵਿਚ ਸਮੋਈ ਉਹ ਚੇਤਨਾ,ਸਮਾਜ ਨੂੰ ਸਮਰਪਿਤ ਹੈ।

ਪੰਦਰਵੀਂ ਸਦੀ ਦੌਰਾਨ ਬਹੁਤ ਸਾਰੀਆਂ ਸਮਸਿਆਵਾਂ ਸਨ ਜਿਸ ਵੇਲੇ ਬਾਬੇ ਨਾਨਕ ਦਾ ਆਗਮਨ ਹੋਇਆ। ਸਮਸਿਆਵਾਂ ਨੂੰ ਘੋਖਿਆ ਜਾਵੇ ਤਾਂ ਲੜੀ ਅਮੁਕ ਹੈ, ਸਾਰਿਆਂ ਨੂੰ ਛੋਹਿਆ ਨਹੀ ਜਾ ਸਕਦਾ ਪਰ ਨਾਨਕ-ਬਾਣੀ ਨਾਲ ਜੁੜਦਿਆਂ, ਇਨ੍ਹਾਂ ਸਮਸਿਆਵਾਂ ਦਾ ਨਿਰਵਾਣ, ਚੇਤਨਾ ਨਾਲ ਪਰੋਇਆ ਜਾਂਦਾ ਹੈ।

ਕੁਝ ਪ੍ਰਮੁਖ ਸਨ ਔਰਤ ਦਾ ਸਮਾਜ ਵਿਚ ਰੁਤਬਾ, ਪ੍ਰਭੂਸਤਾ ਦਾ ਜ਼ੁਲਮ,ਜਾਤਪਾਤ, ਪੁਜਾਰੀ ਵਰਗ ਦੀ ਲੁਟ,ਲੁਟਣ ਵਾਲੇ ਤੇ ਲੁਟ ਹੋਣ ਵਾਲੇ ਤੇ ਲੋਕਾਂ ਦੀ ਜੀਵਨ-ਜਾਚ  ਦਾ ਨਿਘਰ ਜਾਣਾ, ਸੰਵਾਦ ਦੀ ਅਣਹੋਂਦ ਤੇ ਹੋਰ ਵੀ ਬਹੁਤ ਸਾਰੀਆਂ ਸਮਾਜੀ ਕਲੰਕ ਵਾਲੀਆਂ ਸਮਸਿਆਵਾਂ।

**ਸਾਰੀਆਂ ਸਮਸਿਆਵਾਂ ਦਾ ਮੂਲ ਸਰੋਤ, ਸਮਾਜ ਦੀ ਵਰਣ-ਵੰਡ ਸੀ।**

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥1॥ ਰਹਾਉ ॥**

**ਮਾਨਸ ਕੀ ਜਾਤ ਸਭੈ ਇੱਕੋ ਪਹਿਚਾਬੋ**

ਧਾਰਮਿਕ ਅਦਾਰਿਆਂ ਨੇ ਨਿੱਜੀ ਲਾਭ ਲਈ ਲੋਕਾਂ ਨੂੰ ਵੰਡਿਆ ਹੋਇਆ ਸੀ। ਪ੍ਰਭੂਸਤਾ,ਜਿਸਦਾ ਕੰਮ ਲੋਕ-ਕਲਿਆਣ ਹੋਣਾ ਚਾਹੀਦਾ ਹੈ ਉਹ ਇਸ ਵਰਣ-ਵੰਡ ਨੂੰ ਆਪਣੀ ਰਾਜ ਸੱਤਾ ਦੀ ਕਾਇਮੀ ਲਈ ਉਤਸਾਹਿਤ ਕਰਦੇ ਸਨ।

ਪੰਦਰਵੀਂ ਸਦੀ ਵਿਚ ਐਸਾ ਹੀ ਕੁਝ ਚਾਨਣ ਹੋਇਆ ਜਿਸਨੇ ਲੋਕਾਂ ਦੀ ਸੋਚ ਨੂੰ ਹਲੂਣਾ ਦਿੱਤਾ। ਜੀਵਨ-ਜਾਚ ਦੀ ਇਹੋ ਜਿਹੀ ਚਿਣਗ ਜਗਾਈ ਜਿਸਨੇ ਸਮਾਜ ਵਿਚ ਸੰਵਾਦ ਨੂੰ ਪ੍ਰਮੁਖਤਾ ਨਾਲ ਉਜਾਗਰ ਕੀਤਾ। ਜਿਸਨੂੰ ਅਸੀਂ ਬਾਬੇ ਨਾਨਕ ਦੇ ਗੋਸ਼ਟ ਸੰਕਲਪ ਨਾਲ ਸਹਿਜੇ ਹੀ ਜੋੜ ਲੈਂਦੇ ਹਾਂ। ਇਹ ਗੋਸ਼ਟ ਜਿੱਥੇ ਸੂਫੀਆਂ ਸੰਤਾਂ ਨਾਲ ਸੀ ਉੱਥੇ ਸੱਜਣ ਠੱਗਾਂ ਨਾਲ ਵੀ ਸੀ ਤੇ ਮਲਕ ਭਾਗੋ ਨਾਲ ਵੀ। ਭਾਵੇਂ ਇਸਦੀਆਂ ਕੁਝ ਸਾਖੀਆਂ ਵੀ ਹਨ ਪਰ ਉਨ੍ਹਾਂ ਤੇ ਵਕਤ ਦੀ ਧੂਲ ਪੈ ਗਈ ਹੈ।

ਪ੍ਰਭੂਸਤਾ ਤੇ ਉਸਦੇ ਗਲਿਆਰੇ ਜੋ ਬਿਸਵੇਦਾਰੀ ਤੱਕ,ਇੱਕ ਘਣੇ ਦਰਖ਼ਤ ਦੀਆਂ ਜੜ੍ਹਾਂ ਵਾਂਗ ਸਨ ਤੇ ਜਿਨ੍ਹਾਂ ਦਾ ਵਿਰੋਧਾਭਾਸ ਬਿਲਕੁਲ ਹੀ ਨਹੀ ਸੀ, ਉਸਨੂੰ ਤਰਕ ਨਾਲ ਵੰਗਾਰਕੇ ਇੱਕ ਚੇਤਨਾ ਪੈਦਾ ਕਰਨੀ, ਇਹ ਰੋਸ਼ਨ ਕਿਰਨ, ਨਾਨਕ-ਬਾਣੀ ਵਿਚੋਂ ਪੈਦਾ ਹੁੰਦੀ ਹੈ ਜੋ ਸਮੇਂ ਦੇ ਹਾਕਮ, ਬਾਬਰ ਨੂੰ ਲਲਕਾਰਦੀ ਹੈ।

ਲਲਕਾਰਨ ਵਾਲੀ ਇਹ ਸਮਸ਼ੀਰ, ਧਾਤ ਦੀ ਨਹੀ ਸਗੋਂ ਤਰਕ ਦੀ ਸੀ। ਅਸਲ ਮੁੱਦਾ ਤੇ ਵਿਅਕਤੀ ਦੀ ਉਸ ਜੀਵਨ-ਜਾਚ ਨਾਲ ਵਾਬਸਤਾ ਸੀ ਤੇ ਹੈ ਜੋ  ਸੁਝਾਉਂਦੀ ਹੈ ਕਿ ਸੱਚ ਦਾ ਮਾਰਗ ਹੀ ਸਹੀ ਦਿਸ਼ਾ ਹੈ।

ਆਦਿ ਕਾਲ ਤੋਂ ਸਮਾਜ ਦੀ ਬਣਤਰ ਹੈ ਹੀ ਵਿਅਕਤੀ ਦੀ ਭਲਾਈ ਤੇ ਦੂਜੇ ਵਿਅਕਤੀ ਪ੍ਰਤੀ ਨਜ਼ਰੀਆ ਹੈ,ਇਸ ਵਿਚੋਂ ਹੀ ਬਾਬੇ ਨਾਨਕ ਦਾ ਸੋਸ਼ਲ ਢਾਂਚਾ ਉਜਾਗਰ ਹੁੰਦਾ ਹੈ।

ਕੈਨੇਡੀਅਨ ਸਮਾਜ ਦੀ ਬਣਤਰ ਵੀ ਵਿਅਕਤੀ ਦੀ ਭਲਾਈ ਵਾਲੀ ਹੈ। ਕਿਤਨੇ ਹੀ ਅਦਾਰੇ ਹਨ ਜੋ ਵਿਅਕਤੀ ਦੀਆਂ ਮੂਲ ਲੋੜਾਂ ਨੂੰ ਹਮਦਰਦ ਮਲ੍ਹਮ ਨਾਲ ਵਾਬਸਤਾ ਹਨ।

ਜਿਵੇਂ ਕਹਿੰਦੇ ਹਨ ਕਿ ਥੀਸਸ ਕੋਈ ਵੀ ਹੋਵੇ ਉਸ ਵਿਚ ਵਕਤ ਨਾਲ ਧੂੜ ਪੈ ਹੀ ਜਾਂਦੀ ਹੈ,ਇਸਤੋਂ ਬਚਣ ਲਈ ਲਗਾਤਾਰ ਗੋਸ਼ਟ ਅਤੀ ਜ਼ਰੂਰੀ ਹੈ,ਐਂਟੀ ਥੀਸਸ ਵੀ ਸਮਾਜ ਦੀ ਭਲਾਈ ਵਾਲਾ ਤੇ ਵਖਰੇ ਨਜ਼ਰੀਏ ਤੋਂ ਹੋਵੇ ਤਾਂ ਉਸ ਜਾਗ ਨਾਲ ਵੀ ਦੁਧ ਨੂੰ ਦਹੀਂ ਬਣਾਇਆ ਜਾ ਸਕਦਾ ਹੈ।

ਕੈਨੇਡੀਅਨ ਸਮਾਜ ਵਿਚ ਲਗਾਤਾਰ ਸੰਵਾਦ ਰਚਾਇਆ ਜਾਂਦਾ ਹੈ, ਇਹ ਪਰੰਪਰਾ ਹੈ। ਸਾਡੀ ਕਮਿਊਨਿਟੀ ਵੀ ਇਸ ਵਿਚ ਹਿੱਸਾ ਲੈਂਦੀ ਹੈ। ਅਸੀਂ ਇਸ ਵਿਚ ਹਿੱਸਾ ਲੈਂਦੇ ਹੋਏ ਯਕੀਨਨ ਆਪਣੇ ਅਚੇਤ ਦੀ ਗੱਲ ਹੀ ਕਰਾਂਗੇ। ਆਪਣੇ ਅਚੇਤ ਵਿਚ ਬਾਬੇ ਨਾਨਕ ਦੀ ਬਾਣੀ ਨੂੰ ਤਰੋਤਾਜ਼ਾ ਰਖਦੇ ਹੋਏ, ਅਸੀਂ ਕੈਨੇਡੀਅਨ ਸਮਾਜ ਵਿਚ ਨਵੀਆਂ ਬੁਲੰਦੀਆਂ ਨੂੰ ਛੋਹ ਸਕਦੇ ਹਾਂ।

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ**

**ਸੱਚ ਅਧਾਰਿਤ ਜੀਵਨ-ਜਾਚ ਆਪਣੇ ਆਪ ਵਿਚ ਸੱਚ ਤੋਂ ਉਪਰ ਹੈ।**

ਆਦਿ ਕਾਲ ਤੋਂ ਹੀ ਇਸ ਮੁੱਦੇ ਤੇ ਗੱਲ ਹੁੰਦੀ ਆਈ ਹੈ,ਹੋ ਰਹੀ ਹੈ ਤੇ ਅੱਗੇ ਤੋਂ ਵੀ ਹੁੰਦੀ ਰਹੇਗੀ। ਹਰ ਯੁੱਗ ਵਿਚ ਕੁਝ ਯੁੱਗ-ਪੁਰਸ਼ ਹੁੰਦੇ ਹਨ। ਸੰਦੇਸ਼ ਤਾਂ ਕਈ ਹੁੰਦੇ ਹਨ ਪਰ ਜੋ ਸਮਾਜ ਦੀ ਮੁਹਾਰ ਹੀ ਬਦਲ ਦੇਵੇ, ਉਸ ਸੰਦੇਸ਼ ਨੂੰ ਲੋਕਾਈ ਸਹਿਜ ਨਾਲ ਮੰਨ ਵੀ ਲੈਂਦੀ ਹੈ, ਉਸਨੂੰ ਆਪਣੀ ਜੀਵਨ-ਜਾਚ ਦਾ ਹਿੱਸਾ ਵੀ ਬਣਾ ਲੈਂਦੀ ਹੈ ਤੇ ਇਸਦਾ ਗਵਾਹ ਇਤਿਹਾਸ ਹੈ। ਵੈਸੇ ਤਾਂ ਸੰਵੇਦਨਾ ਨੂੰ ਕਿਸੇ ਗਵਾਹ ਦੀ ਲੋੜ ਨਹੀ ਹੁੰਦੀ ਭਾਵੇਂ ਉਹ ਗਵਾਹੀ, ਇਤਿਹਾਸ ਹੀ ਕਿਉਂ ਨਾ ਦਿੰਦਾ ਹੋਵੇ। ਇਤਿਹਾਸ ਤਾਂ ਘਟਨਾਵਾਂ ਦਾ ਰਿਕਾਰਡ ਹੁੰਦਾ ਹੈ ਤੇ ਉਸਦੀ ਤਾਸੀਰ ਨੂੰ ਸਾਂਭਣਾ, ਸਮਾਜ ਦਾ ਫਰਜ ਹੁੰਦਾ ਹੈ ਪਰ ਹਰ ਯੁੱਗ ਵਿਚ ਕੁਤਾਹੀ ਹੁੰਦੀ ਆਈ ਹੈ, ਨਹੀ ਤਾਂ ਕੋਈ ਕਾਰਣ ਨਹੀ ਕਿ ਸਮਾਜ ਵਿਚ ਇਤਨਾ ਨਿਘਾਰ ਆ ਜਾਵੇ ਕਿ ਜਗਿਆਸੂ ਵਿਅਕਤੀਆਂ ਨੂੰ ਨਵੇਂ ਸਿਰਿਉਂ ਉਹ ਲੜ ਫੜਣ ਲਈ ਮਜ਼ਬੂਰ ਹੋਣਾ ਪਵੇ ਜੋ ਖਿਸਕ ਗਿਆ ਹੈ।

ਲਗਾਤਾਰ ਸੰਵਾਦ ਦੀ ਜ਼ਰੂਰਤ,ਸਮਾਜ ਵਿਚ ਸਦਾ ਬਣੀ ਰਹਿੰਦੀ ਹੈ। ਜਦੋਂ ਵੀ ਸੰਵਾਦ ਦੀ ਪਕੜ ਢਿਲੀ ਪਈ ਉਦੋਂ ਹੀ ਸਮਾਜ ਵਿਚ ਬੁਰਾਈਆਂ ਦਾ ਆਗਮਨ ਹੋਇਆ ਹੈ।

ਸਰਬ ਸਾਂਝਾ ਬਾਬਾ ਨਾਨਕ ਕਿਸੇ ਇੱਕ ਦਾ ਨਾਂਹ ਹੋਕੇ ਸਮਾਜ ਦਾ ਸੀ ਭਾਵੇਂ ਉਸਦੇ ਪੈਰੋਕਾਰਾਂ ਦੇ ਕੁਝ ਮੁਹਤਬਰਾਂ ਨੇ ਉਸ ਬਾਰੇ ਪੋਜੈਸਿਵ ਪਹੁੰਚ ਅਪਣਾ ਲਈ। ਇਸ ਨਾਲ, ਉਸ ਚਾਨਣ ਦਾ ਰੂਪ ਨਹੀ ਘਟ ਜਾਂਦਾ ਜੋ ਸਰਬਵਿਆਪੀ ਹੈ।

ਐਸੇ ਸੁਧਾਰਾਂ ਦੀ ਬੁਨਿਆਦ,ਇਸਤੋਂ ਪਹਿਲਾਂ ਭਾਰਤ ਵਿਚ ਬਾਬੇ ਨਾਨਕ ਨੇ ਰਖੀ ਸੀ। ਔਰਤ ਦਾ ਸਦੀਆਂ ਤੋਂ ਚਲੇ ਆ ਰਹੇ ਰੁਤਬੇ ਬਾਰੇ ਇਹ ਕਿਹਾ, ਸੋ ਕਿਉ ਮੰਦਾ ਆਖੀਐ,ਜਿਸ ਜੰਮੇ ਰਾਜਾਨ। ਇਸ ਬੁਨਿਆਦ ਤੇ ਹੀ ਅੱਜ ਦਾ ਵਰਤਮਾਨ ਅਗਰਸਰ ਹੈ।

ਇਹ ਉਹ ਸਮਾਂ ਸੀ ਜਦੋਂ ਤਾਕਤ ਦੀ ਵੰਡ ਰਾਜੇ ਤੋਂ ਸ਼ੁਰੂ ਹੋਕੇ ਬਿਸਵੇਦਾਰੀ ਤੇ ਫੇਰ ਉਸਤੋਂ ਵੀ ਹੇਠਾਂ ਤੱਕ ਜਾ ਕੇ ਕਾਮੇ ਨੂੰ ਨਿੱਹਥਾ ਹੀ ਨਹੀ ਕਰਦੀ ਸੀ ਸਗੋਂ ਨਪੀੜ ਦਿੰਦੀ ਸੀ। ਸਮਰਥਾ ਅਨੁਸਾਰ ਸਾਰੇ

ਤਾਕਤਵਰ ਲੋਕ,ਆਪੋ ਆਪਣੀ ਲੁਟ ਨੂੰ ਕਾਨੂੰਨੀ ਦਰਜਾ ਦੇਕੇ ਮੁਕੰਮਲ ਸਨ। ਇਹੋ ਜਿਹੇ ਸਮੇ ਪ੍ਰਭੁਸਤਾ ਨੂੰ ਲਲਕਾਰਨਾ ਤੇ ਲੋਕਾਂ ਵਿਚ ਜਾਗਰਤੀ ਪੈਦਾ ਕਰਨੀ ਤੇ ਹਾਕਮ ਨੂੰ ਪਾਪ ਦੀ ਜੰਨ ਕਹਿਕੇ, ਸਮਾਜ ਨੂੰ ਹਲੂਣਾ ਦੇਣਾ ਇਹ ਬਾਬੇ ਨਾਨਕ ਦੇ ਹਿੱਸੇ ਹੀ ਆਇਆ ਹੈ। ਇਹੋ ਕਾਰਣ ਹੈ ਕਿ ਇਸ ਨਾਲ ਇੱਕ ਲਹਿਰ ਖੜੀ ਹੋ ਗਈ ਤੇ ਜ਼ੁਲਮ ਦੇ ਖਿਲਾਫ ਲੜਣ ਦੀ ਹਿੰਮਤ ਪੈਦਾ ਹੋਈ। ਇਹ ਹਿੰਮਤ ਅੱਗੋਂ ਵੀ ਜਾਰੀ ਰਹੀ।

ਇਸ ਧਾਂਧਲੀ ਪਿੱਛੇ ਉਹ ਲੋਕ ਸਨ ਜਿਨ੍ਹਾਂ ਨੇ ਆਪਣੇ ਨਿੱਜ ਦੀ ਖਾਤਰ,ਸੱਚ ਨੂੰ ਛੁਪਾਉਣ ਲਈ ਰਬੀ ਡਰ ਪੈਦਾ ਕੀਤੇ ਤੇ ਲੋਕਾਂ ਦੇ ਸੋਚਣ ਦਾ ਢੰਗ ਹੀ ਇਹ ਸੀ ਕਿ ਜੋ ਹੋ ਰਿਹਾ ਹੈ ਉਹ ਹੀ ਉਨ੍ਹਾਂ ਦਾ ਨਸੀਬ ਹੈ।

ਸੱਚ ਦੇ ਅਧਾਰ ਤੇ ਜੀਵਨ ਬਸਰ ਕਰਨ ਦਾ ਲੋਕ-ਹੋਕਾ ਉਸ ਚੇਤਨਾ ਨੇ ਦਿੱਤਾ ਜਿਸਦਾ ਸਰੋਤ ਨਾਨਕ-ਬਾਣੀ ਹੈ।

ਪ੍ਰਭੁਸਤਾ ਦੇ ਐਸੇ ਅਧਿਕਾਰ ਜੋ ਖੋਹੇ ਨਾ ਸਕਦੇ ਹੋਣ,ਉਨ੍ਹਾਂ ਨੂੰ ਤਰਕ ਦੇ ਅਧਾਰ ਤੇ ਲਲਕਾਰਨਾ,ਇਹ ਸੰਦੇਸ਼ ਦਿੰਦਾ ਹੈ ਕਿ ਲੋਕੋ ਤੁਸੀਂ ਹਿੰਮਤ ਨਾ ਹਾਰੋ।

ਅਸੀਂ ਸੱਚ ਤੇ ਸਚਾਈ ਤੋਂ ਦੂਰ ਹੋ ਗਏ ਹਾਂ। ਨਤੀਜਨ ਅਸੀਂ ਆਪਣੇ ਪੂਰਵਜ਼ਾਂ ਦੀਆਂ ਕਦਰਾਂ-ਕੀਮਤਾਂ ਤੋਂ ਮੂੰਹ ਮੋੜ ਲਿਆ ਹੈ।

ਜੇ ਅਸੀਂ ਯਾਦ ਕਰੀਏ, ਜ਼ਬਾਨ ਤੇ ਖਰਾ ਉਤਰਨਾ, ਗੁਆਂਢੀ ਹੀ ਨਹੀ ਸਗੋਂ ਸਾਰੇ ਪਿੰਡ ਨਾਲ ਪਿਆਰ ਕਰਨਾ ਤੇ ਉਨ੍ਹਾਂ ਤੋਂ ਆਪਣੇ ਨਿਜੀ ਹਿੱਤ ਵਾਰ ਦੇਣੇ,ਅਸੀਂ ਸੁਣੇ ਹੀ ਨਹੀ ਸਗੋਂ ਵੇਖੇ ਹਨ।

ਖੂਹ ਦੀਆਂ ਟਿੰਡਾਂ ਤੋਂ ਸ਼ਰਬਤ ਵਰਗਾ ਪਾਣੀ ਵਗਦਾ ਸੀ। ਸ਼ਤੂਤ ਦੀ ਛਾਂ,ਰਾਹੀ ਦੀ ਸਾਰੀ ਥਕਾਵਟ ਲਾਹ ਦਿੰਦੀ ਸੀ ਤੇ ਚੰਗੇਰ ਵਿਚ ਹਮੇਸ਼ਾਂ ਲਪੇਟੇ ਹੋਏ ਫੁਲਕੇ,ਪ੍ਰਾਹੁਣੇ ਦਾ ਇੰਤਜਾਰ ਕਰਦੇ ਸਨ। ਸਰਘੀ ਵੇਲੇ ਚਾਟੀ ਵਿਚਲੀ ਲੱਸੀ ਵੀ ਸਾਂਝੀ ਹੁੰਦੀ ਸੀ ਕੋਈ ਵੀ ਮੰਗ ਸਕਦਾ ਸੀ ਤੇ ਦੇਣ ਲਗਿਆਂ ਬੇਬੇ ਦੇ ਮੂੰਹ ਤੇ ਨੂਰ ਆ ਜਾਂਦਾ ਸੀ।

ਵਕਤ ਖਲੋ ਜਾਂਦਾ ਹੈ ਜਿਵੇਂ ਦਾ ਸਾਡਾ ਖਲੋ ਗਿਆ ਹੈ। ਲੋਕ ਨਾਪਸੰਦ ਕਰਦੇ ਹਨ ਪਰ ਚੁੱਪ ਹਨ। ਇੱਕ ਚੁੱਪ ਤੇ ਸੌ ਸੁਖ ਵਾਲਾ ਵਰਤਾਰਾ,ਸਮਾਜ ਨੂੰ ਰਸਾਤਲ ਵੱਲ ਲਿਜਾ ਰਿਹਾ ਹੈ।

ਸਮਾਜ ਰਸਾਤਲ ਵਲ ਕਿਉਂ ਜਾ ਰਿਹਾ ਹੈ ਇਸਦਾ ਕਾਰਣ ਉਹ ਭੁਲੀ ਹੋਈ ਜੀਵਨ-ਜਾਚ ਹੈ ਜੋ ਸਾਡੇ ਸਭਿਆਚਾਰ ਦੀ ਪਹਿਚਾਣ ਸੀ। ਇਹ ਪਹਿਚਾਣ ਬਾਬੇ ਨਾਨਕ ਤੋਂ ਪਹਿਲਾਂ ਵੀ ਸੀ।ਸਮੇ ਸਮੇ ਦਰਵੇਸ਼ ਹੋਕਾ ਦਿੰਦੇ ਆਏ ਹਨ ਪਰ ਆਈ ਖੜੋਤ ਵਿਚ ਵਡਾ ਹੱਥ ਹਾਕਮ ਦਾ ਹੁੰਦਾ ਹੈ। ਬਾਬੇ ਨਾਨਕ ਨੇ ਆਪਣੇ ਵੇਲੇ ਉਸ ਖੜੋਤ ਨੂੰ ਤੋੜਿਆ ਤੇ ਲੋਕਾਈ ਲਈ ਚੇਤਨਾ ਦਾ ਮੁਨਾਰਾ ਉਸਾਰ ਦਿੱਤਾ।

ਇਸ ਵਿਚ ਕੋਈ ਸ਼ਕ ਨਹੀ ਕਿ ਅੱਜ ਅਸੀਂ ਡੰਗ-ਟਪਾਊ ਹੋ ਗਏ ਹਾਂ। ਉਡਦੀ ਹੋਈ ਗਰਦ ਨੂੰ ਭਾਣਾ ਮੰਨਕੇ, ਸਿਰਫ ਬਚਾਵ ਦੀ ਮੁਦਰਾ ਵਿਚ ਆ ਗਏ ਹਾਂ।

ਸਾਡੇ ਹੀ ਪਰਿਵਾਰ ਦੇ ਦੂਜੇ ਜੀਅ ਕਹਿੰਦੇ ਹਨ ਕਿ ਸਭ ਠੀਕ ਹੋ ਜਾਵੇਗਾ, ਚਿੰਤਾ ਕਿਉਂ ਕਰਦੇ ਹੋ?

ਸਾਨੂੰ ਭੁਲ ਗਿਆ ਹੈ ਕਿ ਕੀ ਠੀਕ ਨਹੀ ਹੈ। ਸੱਚ ਤੇ ਅਸੱਚ ਦਾ ਫਰਕ ਮਿਟ ਗਿਆ ਹੈ। ਫਰਕ ਸਿਰਫ ਸੱਚ ਤੇ ਝੂਠ ਵਿਚ ਹੀ ਦਰਜ਼ ਹੈ।

ਗੁਰੂ ਨਾਨਕ ਦੇਵ ਜੀ ਦੇ ਯੁੱਗ ਵਿਚਲਾ ਸੱਚ,ਅਸੱਚ ਨੇ ਢਕ ਲਿਆ ਸੀ। ਸੱਚ ਕਦੇ ਵੀ ਦੋ ਧਿਰੀ ਨਹੀ ਹੁੰਦਾ। ਹਾਂ ਅੱਸਚ ਯਕੀਨਨ ਦੋ ਧਿਰੀ ਹੁੰਦਾ ਹੈ। ਅਸੱਚ ਵਿਚਲੀ ਤਾਸੀਰ ਨੂੰ ਗੁਰੂ ਨਾਨਕ ਦੇਵ ਜੀ ਨੇ ਪਹਿਚਾਣਕੇ ਹੀ ਸੱਚ ਦਾ ਗੱਲ ਕੀਤੀ ਤੇ ਸਮਾਜ ਵਿਚ ਸੁਧਾਰ ਵੀ ਲਿਆਂਦਾ ਤੇ ਸਿਧਾਂਤ ਵੀ ਪੇਸ਼ ਕੀਤੇ। ਕਿਰਤ ਕਰੋ, ਵੰਡ ਛਕੋ ਅੱਜ ਵੀ ਉਤਨਾ ਹੀ ਪ੍ਰਸੰਗਿਕ ਹੈ।

ਇਹ ਪ੍ਰਸੰਗਿਕਤਾ,ਉਸ ਚੇਤਨਾ ਵਿਚ ਹੈ ਜੋ ਨਾਨਕ-ਬਾਣੀ ਵਿਚ ਹਮੇਸ਼ਾਂ ਤੋਂ ਮੌਜੂਦ ਹੈ ਤੇ ਸਦਾ ਰਹੇਗੀ।

ਸਿਧਾਂਤ ਨਾਲ ਹੀ ਉਹ ਜੀਵਨ-ਜਾਚ ਬਣਦੀ ਹੈ ਜਿਸਨੂੰ ਸਚੁ ਆਚਾਰੁ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਸਾਡੇ ਜਿਉਣ ਦਾ ਢੰਗ।

ਅੱਜ ਸਾਨੂੰ ਇਸ ਸੱਚ ਅਧਾਰਿਤ ਜਾਚ ਦੀ ਬਹੁਤ ਲੋੜ ਹੈ।

ਸਮਝਣਾ ਪਵੇਗਾ ਕਿ ਜੀਣ ਥੀਣ ਦੀ ਇਹੋ ਤਹਜ਼ੀਬ ਹੈ। ਸਾਡਾ ਫਰਜ਼ ਹੈ ਕਿ ਅਸੀਂ ਵਕਤ ਰਹਿੰਦਿਆਂ,ਆਪਣੀ ਅਮੀਰ ਤਹਜ਼ੀਬ ਨੂੰ ਸੇਹਤਮੰਦ ਕਰਕੇ ਹੀ ਅਗਲੀ ਪੀੜੀ ਨੂੰ ਸੌਂਪੀਏ। ਨਹੀ ਤਾਂ ਨਵੀ ਪੀੜ੍ਹੀ ਸਾਨੂੰ ਉਲ੍ਹਾਮਾ ਦੇਵੇਗੀ।

ਸੱਭਿਆਚਾਰਕ ਵਿਰਾਸਤ ਪੀੜ੍ਹੀ ਤੋਂ ਪੀੜ੍ਹੀ ਤੱਕ ਪਹੁੰਚ ਕਰਦੀ ਹੈ। ਸਾਨੂੰ ਯਾਦ ਹੈ ਪਰ ਕੀ ਅਸੀਂ ਵਿਰਾਸਤ ਨੂੰ ਕੁਝ ਹਾਂ-ਪੱਖ ਦੇ ਰਹੇ ਹਾਂ ਕਿ ਅਗਲੀ ਪੀੜ੍ਹੀ ਉਸਨੂੰ ਯਾਦ ਵੀ ਰਖ ਸਕੇ ਤੇ ਮਾਣ ਵੀ ਕਰ ਸਕੇ?

ਅੱਜ ਸਾਡੀ ਪੀੜੀ ਪੜੀ ਲਿਖੀ ਤੇ ਜ਼ਰੂਰ ਹੈ ਪਰ ਉਹ ਸਾਡੇ ਸਭਿਆਚਾਰਕ ਕੀਮਤਾਂ ਤੋਂ ਡੂੰਘੀ ਤਰ੍ਹਾਂ ਵਾਕਫ ਨਹੀ ਹੈ। ਉਨ੍ਹਾਂ ਦੇ ਰੋਲ ਮਾਡਲ ਉਹ ਹਨ ਜੋ ਉਨ੍ਹਾਂ ਦੇ ਆਲੇ ਦੁਆਲੇ ਹਨ, ਉਹ ਠੀਕ ਵੀ ਹਨ ਪਰ ਕੀ ਅਸੀਂ ਬਾਬੇ ਨਾਨਕ ਦੀ ਚੇਤਨਾ ਨਾਲ ਉਨ੍ਹਾਂ ਦੇ ਮਾਪ-ਦੰਡ ਹੋਰ ਵੀ ਨੈਤਿਕ-ਅਧਾਰੇ ਨਹੀ ਕਰ ਸਕਦੇ? ਜ਼ਰੂਰ ਕਰ ਸਕਦੇ ਹਾਂ। ਇਸਦਾ ਇੱਕੋ ਇੱਕ ਹੱਲ ਸੰਵਾਦ ਹੈ, ਨਵੀਂ ਪੀੜੀ ਨੂੰ ਸੁਣਕੇ ਸਮਝਕੇ ਹੀ ਅਸੀਂ ਆਪਣੀ ਗੱਲ ਉਨ੍ਹਾਂ ਦੀ ਸਾਣ ਤੇ ਲਾ ਸਕਦੇ ਹਾਂ। ਇਸਤਰ੍ਹਾਂ ਕੀਤਿਆਂ ਅਸੀਂ ਕੈਨੇਡੀਅਨ ਸਮਾਜ ਨੂੰ ਹੋਰ ਵੀ ਨਰੋਆ ਬਣਾ ਰਹੇ ਹੋਵਾਂਗੇ।

ਅਫਰਾ ਤਫਰੀ ਨਵੀ ਦਿਸ਼ਾ ਦੀ ਭਾਲ ਵਿਚ ਹੈ। ਗਲੋਬਲ ਪਿੰਡ ਨੇ ਸਾਡੇ ਰਸਦੇ ਵਸਦੇ ਪਿੰਡ ਖਾ ਲਏ ਹਨ। ਇਸਦਾ ਇੱਕੋ ਇੱਕ ਬਦਲ ਲੋਕ-ਚੇਤਨਾ ਹੈ।

ਅਸਲ ਵਿਚ ਰਸਤੇ ਹੀ ਐਸੇ ਹਨ ਜੋ ਮੰਡੀ ਵਲ ਜਾਂਦੇ ਹਨ, ਵਹਿੰਦੇ ਪਾਣੀਆਂ ਵਾਂਗ। ਆਰਥਿਕਤਾ ਨੇ ਪਹਿਲ ਲੈ ਲਈ ਹੈ ਤੇ ਸਾਡਾ ਹਰ ਕਾਰਜ ਹੀ ਉਸ ਨਾਲ ਜੁੜ ਗਿਆ ਹੈ। ਇੰਝ ਤਾਂ ਅਸੀਂ ਰੋਬੋਟ ਹੀ ਬਣ ਜਾਵਾਂਗੇ।

ਕੁਝ ਵੀ ਬਦਲਣ ਦੀ ਲੋੜ ਨਹੀ ਹੈ ਜੋ ਹੈ ਉਸਨੂੰ ਸਾਂਭਣ ਦੀ ਲੋੜ ਹੈ। ਇਹ ਅਸੰਭਵ ਜਿਹਾ ਲਗਦਾ ਹੈ। ਹੈ ਵੀ ਮੁਸ਼ਕਲ ਪਰ ਅਸੰਭਵ ਕੁਝ ਵੀ ਨਹੀ ਹੁੰਦਾ ਤੇ ਇਹ ਸਭ ਹੌਲੀ ਹੌਲੀ ਹੀ ਹੋਣਾ ਹੈ। ਇਸ ਲਈ ਸਿਰਫ ਆਪਣੇ ਹੱਕਾਂ ਤੇ ਪਹਿਰਾ ਦੇਣ ਦੀ ਤੇ ਗੁਆਂਢੀ ਨਾਲ ਪਿਆਰ ਕਰਨ ਦੀ ਲੋੜ ਹੈ। ਅੱਜ ਸਾਨੂੰ ਲੋੜ ਹੈ ਕਲ ਨੂੰ ਗੁਆਂਢੀ ਦੀ ਲੋੜ ਹੈ। ਨਾਨਕ-ਬਾਣੀ ਦਾ ਇਹੋ ਸੰਦੇਸ਼ ਹੈ। ਇਸ ਸੰਦੇਸ਼ ਵਿਚੋਂ ਹੀ ਭਾਈ ਲਾਲੋ ਦਾ ਸਵਰੂਪ, ਚੜ੍ਹਦੇ ਸੂਰਜ ਦੀ ਲਾਲੀ ਬਣਦਾ ਹੈ।

ਸਹੀ ਦਿਸ਼ਾ ਵਿਚ ਜੀਣਾ ਥੀਣਾ ਕੀ ਹੈ ਤੇ ਸਾਡੀ ਅਗਲੀ ਪੀੜੀ ਕਿਵੇਂ ਦਾ ਜੀਵੇਗੀ,ਕੀ ਉਹ ਉਲਾਂਭਾ ਤੇ ਨਹੀ ਦੇਵੇਗੀ? ਇਸ ਭਵਿਖੀ ਜੀਵਨ-ਜਾਚ ਨੇ ਉਲਾਂਭੇ ਪੈਦਾ ਕਰ ਦਿੱਤੇ ਹਨ।

ਵਿਰੋਧ ਤੋਂ ਬਚਦੇ ਅਸੀਂ ਖੁਦ ਦੀ ਜ਼ਮੀਰ ਦੇ ਹੀ ਵਿਰੋਧੀ ਬਣ ਜਾਂਦੇ ਹਾਂ। ਸਾਹਿਤ ਦੇ ਰਣਤੱਤੇ ਵਿਚ ਤੇ ਸਾਡਾ ਵਿਰਸਾ ਹੋਣਾ ਚਾਹੀਦਾ ਹੈ ਤੇ ਉਸਦੀ ਪ੍ਰਫੁਲਤਾ ਲਈ ਯਕੀਨਨ ਸਾਡੀ ਸਰਬ-ਸੋਚ ਵੀ ਨਿੱਗਰ ਹੋਣਾ ਚਾਹੀਦੀ ਹੈ।

ਅਸੀਂ ਪਹਿਲੇ ਹੀ ਅਚੇਤ ਵਿਚ ਵਸੇ ਹੋਏ ਪ੍ਰਭਾਵਾਂ ਨਾਲ ਗੱਲ ਕਰਦੇ ਹਾਂ। ਸਾਡੀ ਆਗਾਮੀ ਸੋਚ, ਅਚੇਤ ਸੋਚ ਨਾਲ ਜਰਬਾਂ ਦੇਕੇ ਹੀ ਕੋਈ ਨੁਕਤਾ ਸੋਚਦੀ ਹੈ।

ਆਪਣੀ ਈਗੋ ਨੂੰ ਸੰਤੁਸ਼ਟ ਕਰਨ ਲਈ ਅਸੀਂ ਕਦੇ ਕਦੇ ਆਪਣੇ ਆਪ ਨੂੰ ਵੀ ਮੰਨਣ ਤੋਂ ਇਨਕਾਰੀ ਹੁੰਦੇ ਹਾਂ। ਦੂਜੇ ਸ਼ਬਦਾਂ ਵਿਚ ਨਵਾਂ ਗ੍ਰਹਿਣ ਹੀ ਨਹੀ ਕਰਨਾ ਚਾਹੁੰਦੇ। ਕੀ ਅਸੀਂ ਬਾਬੇ ਨਾਨਕ ਦੇ ਸੱਚੇ ਪੈਰੋਕਾਰ ਹਾਂ? ਜੇ ਹਾਂ ਤਾਂ ਫੇਰ ਕਿਉਂ ਗੋਸਟ ਵਿਚਾਰ ਨੂੰ ਵਿਸਾਰ ਬੈਠੇ ਹਾਂ?

ਸਾਨੂੰ ਅਕਸਰ ਹਰ ਦਿਨ ਨਵੇਂ ਮੌਕੇ ਮਿਲਦੇ ਹਨ, ਨਵਾਂ ਸਿਖਣ ਲਈ। ਆਸੇ ਪਾਸੇ ਵਿਚਰਦੀ ਦੁਨੀਆਂ ਪਰਾਈ ਨਹੀ ਹੁੰਦੀ ਪਰ ਅੱਖਾਂ ਤੋਂ ਪੱਟੀ ਉਤਾਰਨ ਦੀ ਹਿੰਮਤ ਨਹੀ ਹੁੰਦੀ। ਖਦਸ਼ਾ ਹਾਜ਼ਰ ਹੁੰਦਾ ਹੈ ਕਿ ਕੌਣ ਇਤਨੀ ਰੌਸ਼ਨੀ ਬਰਦਾਸ਼ਤ ਕਰੇਗਾ? ਗੰਧਾਰੀ, ਸਾਡੀ ਰਗ ਰਗ ਵਿਚ ਵਸੀ ਹੋਈ ਹੈ।

ਵਿਅਕਤੀ ਆਪਣੇ ਅੰਦਰ ਧਸੇ ਹੋਏ ਤੇ ਖੋਪੜੀ ਵਿਚ ਉਣੇ ਹੋਏ ਰੇਸ਼ਿਆਂ ਨੂੰ ਬਚਾ ਕੇ ਰਖਦਾ ਹੈ। ਸੋਚ-ਤਕਨੀਕ ਨੂੰ ਦਿਲ ਤੇ ਮੰਨਦਾ ਹੈ ਪਰ ਦਿਮਾਗ ਦੀ ਖਲਬਲੀ ਬਹੁਤੀ ਬਲਵਾਨ ਹੁੰਦੀ ਹੈ।

ਐਸਾ ਵੀ ਹੋ ਰਿਹਾ ਹੈ ਕਿ ਇਹ ਖਲਬਲੀ ਸਾਡੇ ਅਚੇਤ ਦਾ ਹਿੱਸਾ ਬਣਕੇ ਅਗਲੀ ਪੀੜੀ ਤੱਕ ਯਾਤਰਾ ਕਰਦੀ ਹੈ। ਅਸੀਂ ਜਮਾਦਰੂ ਹੀ ਕਈ ਗਲਾਂ ਨਾਲ ਜੁੜ ਜਾਂਦੇ ਹਾਂ ਜੋ ਅਸਲ ਵਿਚ ਸਾਡੀ ਸੰਸਕ੍ਰਿਤੀ ਦਾ ਹਿੱਸਾ ਹੀ ਨਹੀ ਸੀ। ਕਾਰਣ ਇਹ ਹੈ ਕਿ ਅਸੀਂ ਵਕਤ ਰਹਿੰਦਿਆਂ,ਨਾਨਕ-ਬਾਣੀ ਨਾਲ ਜੁੜ ਹੀ ਨਹੀ ਸਕੇ। ਚੇਤੰਨ ਹੋਕੇ ਜੁੜਾਂਗੇ ਤਾਂ ਪਤਾ ਲਗੇਗਾ ਕਿ ਅਸੀਂ ਅਚੇਤ ਹੀ ਕਿਤਨਾ ਕੂੜ ਚੁੱਕੀ ਫਿਰਦੇ ਹਾਂ।

ਸਾਡੇ ਵੇਖਦਿਆਂ ਵੇਖਦਿਆਂ ਹੀ ਵਿਆਹ ਸੰਸਥਾ ਦੇ ਕਾਇਦੇ ਬਦਲ ਗਏ ਤੇ ਅਸੀਂ ਕੁਝ ਵੀ ਨਹੀ ਕਰ ਸਕੇ ਤੇ ਕੁਝ ਵੀ ਕਰਨ ਨੂੰ ਤਿਆਰ ਵੀ ਨਹੀ ਹਾਂ।

ਆਮ ਹੁੰਦੀ ਭਰੂਣ ਹਤਿਆ ਵੇਖ ਵੀ ਸਾਨੂੰ ਨਾਨਕ-ਬਾਣੀ ਦੀ ਚੇਤਨਾ ਭਾਵਕ ਨਹੀ ਕਰਦੀ। ਕਾਰਣ ਇਹੋ ਹੈ ਕਿ ਅਸੀਂ ਦਿਲੋਂ ਨਾਨਕ-ਬਾਣੀ ਨਾਲ ਜੁੜਦੇ ਨਹੀ, ਸਿਰਫ ਪਾਖੰਡ ਕਰਦੇ ਹਾਂ।

ਐਸਾ ਨਹੀ ਹੈ ਕਿ ਕੁਝ ਹੋ ਨਹੀ ਸਕਦਾ, ਬਿਲਕੁਲ ਹੋ ਸਕਦਾ ਹੈ ਪਰ ਉਹਦੇ ਲਈ ਆਪਣੇ ਆਪ ਨੂੰ ਐਸੇ ਵਰਤਾਰੇ ਤੋਂ ਨਿਰਲੇਪ ਕਰਨਾ ਪਵੇਗਾ। ਸਾਡੇ ਕੋਲ ਆਪਣੇ ਪੁਰਖਿਆਂ ਦਾ ਸਿਰਜਿਆ ਹੋਇਆ ਮਾਡਲ ਮੌਜੂਦ ਹੈ। ਉਹ ਮਾਡਲ ਸਾਡੇ ਅਚੇਤ ਵਿਚ ਵਸਿਆ ਹੋਇਆ ਹੈ ਪਰ ਦੁਨਿਆਂਦਾਰੀ ਦੇ ਸੁਚੇਤ ਵਰਤਾਰਿਆਂ ਨੇ ਉਸਨੂੰ ਦੂਸ਼ਿਤ ਕਰ ਦਿੱਤਾ ਹੈ। ਐਸਾ ਵੀ ਨਹੀ ਕਿ ਅਸੀਂ ਨਵੀਆਂ ਪ੍ਰਸਥਿਤੀਆਂ ਨੂੰ ਨਜ਼ਰ ਅੰਦਾਜ਼ ਕਰ ਦੇਈਏ। ਕਈ ਵਾਰ ਸਮਝੌਤੇ ਵੀ ਕਰਨੇ ਪੈਂਦੇ ਹਨ ਪਰ ਇਹ ਸਮਝੌਤੇ ਸੱਚ ਤੇ ਅਧਾਰਿਤ, ਸਿਧਾਂਤ ਦੇ ਅਨੁਸਾਰਣੀ ਤੇ ਵਰਤਮਾਨ ਦੇ ਹਾਣੀ ਹੋਣੇ ਚਾਹੀਦੇ ਹਨ। ਸਾਨੂੰ ਉਸ ਅਧਾਰ ਦੀ ਬੌਟਮ ਲਾਈਨ ਉਲੰਘਣੀ ਨਹੀ ਚਾਹੀਦੀ ਜੋ ਸਾਡੇ ਸਭਿਆਚਾਰ ਦੇ ਅਨੁਕੂਲ ਨਾ ਹੋਵੇ।

ਜੋ ਜਨਮ ਤੋਂ ਹੀ ਸੰਸਕਾਰਾਂ ਸਮੇਤ ਸਾਡੇ ਵਿਚ ਰਚਿਆ ਹੋਇਆ ਹੈ। ਵਕਤ ਦੀ ਧੂੜ ਨੇ ਉਸਨੂੰ ਮੈਲਾ ਕਰ ਦਿੱਤਾ ਹੈ। ਸਚੁ ਆਚਾਰੁ ਸਾਡੇ ਅੰਦਰ ਹੈ ਪਰ ਅਸੀਂ ਹੀ ਅਵੇਸਲੇ ਹਾਂ।

ਸੋਚ-ਹਲੂਣਾ ਇਹ ਗੱਲ ਤਸਲੀਮ ਕਰਨ ਵਿਚ ਕੋਈ ਹਰਜ਼ ਨਹੀ ਸਮਝਦਾ ਕਿ ਸਾਡੇ ਸੰਸਕਾਰਾਂ ਤੇ ਜੰਮੀ ਧੂੜ ਨੇ ਸਾਡਾ ਫੱਕਾ ਨਹੀ ਛਡਣਾ।

ਇਹ ਆਸ ਰਖਣੀ ਹੀ ਨਹੀ ਚਾਹੀਦੀ ਕਿ ਕੋਈ ਐਨ ਮਨੋਰਥ ਤੇ ਤਰਕ ਨਾਲ ਹੀ ਗੱਲ ਕਰੇਗਾ।

ਸਾਂਝੀ ਸੋਚ ਨੂੰ ਭਰਮ ਨਾਲ ਨਹੀ ਜੋੜ ਦੇਣਾ ਚਾਹੀਦਾ। ਇਹ ਸਮੇ ਸਮੇ ਸਮੂਹਿਕ ਹੁੰਦੀ ਆਈ ਹੈ ਤੇ ਇਸ ਇਕਾਗਰਤਾ ਦੀ ਸਾਨੂੰ ਲੋੜ ਹੈ।

ਇਸ ਇਕਸਾਰਤਾ ਦਾ ਧੁਰਾ ਉਹ ਜੀਵਨ-ਜਾਚ ਹੈ ਜੋ ਸਾਡਾ ਵਿਰਸਾ ਰਹੀ ਹੈ ਤੇ ਹੁਣ ਪੇਤਲੀ ਪੈਂਦੀ ਜਾ ਰਹੀ ਹੈ।

ਸਾਡੇ ਕੋਲ ਇੱਕ ਸੋਚ ਆ ਪਹੁੰਚੀ ਹੈ ਕਿ ਸਰਕਾਰਾਂ ਕੁਝ ਨਹੀ ਕਰਦੀਆਂ। ਅਸੀਂ ਥਿੜਕੇ ਹੋਏ ਕਿਸੇ ਇੱਕ ਪਾਰਟੀ ਨਾਲ ਜੁੜ ਕੇ ਕੋਈ ਆਸ ਪੈਦਾ ਕਰ ਲੈਂਦੇ ਹਾਂ। ਇਹ ਭੁਲ ਜਾਂਦੇ ਹਾਂ ਕਿ ਨਿੱਕੀਆਂ ਨਿੱਕੀਆਂ ਛਾਨਣੀਆਂ ਨੇ ਸਾਡਾ ਆਲਾ ਦੁਆਲਾ ਧੁਆਂਖ ਦਿੱਤਾ ਹੈ। ਛਾਨਣੀਆਂ ਦਾ ਇਹ ਢੇਰ ਯਕਮੁੱਕਤ ਮਨਫੀ ਨਹੀ ਹੋ ਸਕਦਾ। ਸਾਨੂੰ ਤੇ ਇੱਕ ਇੱਕ ਛਾਨਣੀ ਦੀ ਪੁਣਛਾਣ ਕਰਨੀ ਪਵੇਗੀ। ਇਹ ਲੋੜ ਮੇਰੇ ਗੁਆਂਢੀ ਦੀ ਹੈ, ਉਹ ਕਰੇ ਤਾਂ ਹੀ ਮੇਰਾ ਸਾਹ ਸੌਖਾ ਹੋ ਸਕਦਾ ਹੈ। ਅਸੀਂ ਉਸ ਗੁਆਂਢੀ ਨੂੰ ਸਹੂਲਤ ਦੇ ਸਕਦੇ ਹਾਂ ਕਿ ਉਹ ਆਪਣੇ ਵਿਹਾਰ ਵਿਚ ਕੋਈ ਤਬਦੀਲੀ ਲਿਆਵੇ। ਗੁਆਂਢੀ ਤੇ ਲਾਈਆਂ ਪਾਬੰਧੀਆਂ,ਸਾਡੀਆਂ ਆਪਣੀਆਂ ਹਨ। ਸਾਡੇ ਵਿਚ ਹੀ ਨਿਘਾਰ ਹੈ ਸਾਨੂੰ ਉਸ ਨਿਘਾਰ ਦੀ ਪਹਿਚਾਣ ਕਰਨੀ ਪਵੇਗੀ। ਗੁਆਂਢੀ ਨੂੰ ਪੁੱਛਣਾ ਪਵੇਗਾ ਕਿ ਉਸਦੀ ਲੋੜ ਕੀ ਹੈ? ਕਿਤੇ ਉਸਨੂੰ ਸਾਡੀ ਲੋੜ ਤੇ ਨਹੀ?

ਗੁਆਂਢੀ ਦਾ ਕੇਲੇ ਦਾ ਛਿਲਕਾ, ਸੜਕ ਤੇ ਸੁਟਿਆ ਸਾਨੂੰ ਚੁੱਕਣਾ ਪਵੇਗਾ। ਇੰਝ ਹੁੰਦਾ ਆਇਆ ਹੈ ਤੇ ਇਹ ਹੋ ਸਕਦਾ ਹੈ।

ਇਹ ਹੀ ਹੈ ਦੋਸਤੀ ਦੀ ਉਹ ਰਿਸ਼ਤਗੀ ਜਿਸਨੇ ਸਾਡੇ ਸੋਚਣ ਸਮਝਣ ਤੇ ਪਾਬੰਧੀ ਲਗਾ ਦਿੱਤੀ ਹੈ। ਕਦਰਾਂ ਕੀਮਤਾਂ ਦਾ ਘਾਣ ਕੀਤਾ ਹੈ। ਮਾਨਸਿਕ ਗੱਲ ਇਹ ਹੈ ਕਿ ਗੁਆਂਢੀ ਦੀ ਇਹ ਮਰਜੀ ਨਹੀ ਹੈ। ਗੁਆਂਢ ਦਾ ਗੁਆਂਢ ਹੀ ਸਾਡਾ ਕੈਨੇਡਾ ਹੈ।

ਉਸਨੇ ਇਹ ਗੱਲ ਅਸਿਧੇ ਰੂਪ ਵਿਚ, ਸਾਡੇ ਕੋਲੋਂ ਹੀ ਸਿਖੀ ਹੋਵੇਗੀ।

ਸਾਨੂੰ ਇਹ ਗੱਲ ਤਸਲੀਮ ਕਰ ਲੈਣੀ ਚਾਹੀਦੀ ਹੈ ਕਿ ਦੋਸਤੀਆਂ ਦੀ ਤਲਾਸ਼ ਅਜੇ ਖਤਮ ਨਹੀ ਹੋਈ।

ਇਸ ਬੁਨਿਆਦ ਨੂੰ ਹਕੀਕਤ ਮੰਨਕੇ ਬਹੁਤ ਕੁਝ ਕੀਤਾ ਜਾ ਸਕਦਾ ਹੈ ਤੇ ਇਸਦੀ ਲੋੜ ਅੱਜ ਤੋਂ ਵਧ ਕਦੇ ਵੀ ਨਹੀ ਸੀ।

ਅੱਜ ਅਸੀਂ ਨਿੱਕੇ ਨਿੱਕੇ ਫਾਇਦਿਆਂ ਦੀ ਖਾਤਰ,ਆਦਰਸ਼ਾਂ ਦਾ ਕਤਲ ਕਰ ਰਹੇ ਹਾਂ।

ਦੋਸਤੋ ਅੱਜ ਸਾਡਾ ਨਿੱਜਵਾਦ ਆਲਸੀ ਤੇ ਅਰਾਮ ਪ੍ਰਸਤ ਹੋ ਗਿਆ ਹੈ। ਐਸਾ ਨਿੱਜਵਾਦ ਚੌਰਾਹੇ ਵਿਚ ਆਕੇ ਇਨਸਾਨੀਅਤ ਦਾ ਨੁਕਸਾਨ ਕਰੇਗਾ।

ਹੁਣ ਇਹ ਵੇਖਣ ਵਾਲੀ ਗੱਲ ਹੈ ਕਿ ਤੁਹਾਡੀ ਮਰਜੀ ਦਾ ਕਰਮ ਕੀ ਹੈ? ਕੀ ਤੁਸੀਂ ਕਿਸੇ ਦ੍ਰਿੜ ਕਥਨ ਕਹਿੰਣ ਵਾਲੇ ਤੇ ਸੁਨਣ ਵਾਲੇ ਹੋ? ਬਹੁਤੇ ਲੋਕ ਇਸਤਰ੍ਹਾਂ ਨਹੀ ਸੋਚਦੇ। ਵਜ਼ੂਦ ਸੋਚਦਾ ਹੈ,ਜੋ ਮਿਲ ਗਿਆ ਸੱਚ ਬਚਨ, ਜੋ ਦਿਸ ਰਿਹਾ ਸੱਤ ਬਚਨ। ਜੋ ਮਹਿਸੂਸ ਹੋ ਰਿਹਾ, ਉਸਦਾ ਮਜਾ ਲਵੋ। ਜੋ ਦੁਖ ਦੇ ਰਿਹਾ ਹੈ ਉਸਤੋਂ ਅੱਖਾਂ ਬੰਦ ਕਰ ਲਵੋ। ਕਾਰਣ ਇਹ ਹੈ ਕਿ ਸਭਿਆਚਾਰਕ, ਰੀੜ ਦੀ ਹੱਡੀ ਕਮਜੋਰ ਪੈ ਗਈ ਹੈ।

ਅਸੀਂ ਇੱਕ ਨਵਾਂ ਸ਼ਬਦ ਘੜ ਲਿਆ ਹੈ…ਯਥਾਰਥ।

ਯਥਾਰਥ ਦੇ ਤਸਲੇ ਵਿਚ ਅਸੀਂ ਆਪਣੀ ਜੀਵਨ-ਜਾਚ ਉੱਲਦ ਦਿੱਤੀ ਹੈ। ਕੀ ਇੰਝ ਨਹੀ ਹੋ ਸਕਦਾ ਕਿ ਆਦਰਸ਼ ਨੂੰ ਸਮਝ ਕੇ ਉਸਨੂੰ ਯਥਾਰਥ ਨਾਲ ਜਰਬਿਆ ਜਾਵੇ ਜਾਂ ਉਸ ਯਥਾਰਥ ਨੂੰ ਨਿਕਾਰ ਦਿੱਤਾ ਜਾਵੇ ਜਿਸ ਵਿਚ ਆਦਰਸ਼ ਨਾ ਹੋਵੇ?

ਖੋਜ ਬਹੁਤ ਜ਼ਰੂਰੀ ਹੈ, ਬਿਨ੍ਹਾਂ ਖੋਜ ਤੋਂ ਉਲਝਾ ਹੀ ਉਲਝਾ ਹੈ। ਸਿਧੇ ਪਾਣੀ ਸਾਨੂੰ ਕਦੇ ਵੀ ਸਚੁ ਆਚਾਰੁ ਵਲ ਲੈਕੇ ਨਹੀ ਜਾਣਗੇ। ਜੋ ਹੋ ਰਿਹਾ ਹੈ ਇਹ ਸਾਡੇ ਅਨੁਕੂਲ ਨਹੀ ਤੇ ਕਿਉਂ ਅਨੁਕੂਲ ਨਹੀ ਇਹ ਸਮਝਣ ਦੀ ਲੋੜ ਹੈ।

ਅਸਲ ਵਿਚ, ਸਭਿਆਚਾਰ ਨਾਲ ਜੁੜਿਆ ਸਿੱਧਾ ਰਸਤਾ ਤਾਂ ਬਹੁਤ ਔਖਾ ਹੋ ਗਿਆ ਹੈ। ਗਲੋਬਲ ਪਿੰਡ ਦੇ ਨਵੇਂ ਨਵੇਂ ਵਿਚਾਰ,ਸਾਡੇ ਘੜੇ ਹੋਏ ਨਹੀ ਹਨ ਪਰ ਨੁਕਸਾਨ ਸਭਤੋਂ ਬਹੁਤਾ ਸਾਡਾ ਹੀ ਕਰ ਰਹੇ ਹਨ। ਸਾਡੇ ਵਿਚ ਮੈ ਤੇ ਤੁਸੀਂ ਆਉਂਦੇ ਹੋ,ਅਸੀਂ ਬਹੁਤ ਸਾਰੇ ਹਾਂ ਪਰ ਫੇਰ ਵੀ ਕਿਉਂ ਲੋੜ ਵਲ ਵੇਖਦੇ ਹਾਂ?

ਅੱਜ ਫੋਕਸ ਵਿਚ ਮਨੁੱਖ ਨਹੀ ਸਗੋਂ ਵਸਤੂ ਹੈ। ਆਪਣੇ ਫਾਇਦੇ ਦੀ ਖਾਤਰ ਉਨ੍ਹਾਂ ਨੇ ਮਨੁੱਖ ਨੂੰ ਵਸਤੂ ਬਨਾਉਣ ਲਈ ਟਿੱਲ ਲਾਇਆ ਹੋਇਆ ਹੈ ਤੇ ਸਾਡੇ ਕੋਲ ਕੋਈ ਚਾਰਾ ਦਿਸਦਾ ਨਹੀ। ਅੱਜ ਸਾਨੂੰ ਬਾਬੇ ਨਾਨਕ ਦੇ ਉਹ ਵੀਹ ਰੁਪਏ ਚਾਹੀਦੇ ਹਨ ਜਿਸ ਨਾਲ ਇਨਸਾਨੀਅਤ ਲਈ ਲੰਗਰ ਚਲਾਇਆ ਸੀ।

ਇਸਦਾ ਮੁੱਢਲਾ ਕਾਰਣ ਇਹ ਹੀ ਹੈ ਕਿ ਅੱਜ ਸਾਡਾ ਗੁਆਂਢੀ, ਸਾਡੇ ਲਈ ਅਜਨਬੀ ਹੋ ਗਿਆ ਹੈ।

ਆਉ ਉਨ੍ਹਾਂ ਛਾਨਣੀਆਂ ਨੂੰ ਇੱਕ ਇੱਕ ਕਰਕੇ ਉਤਾਰੀਏ। ਆਪਸੀ ਸਮਝ ਪੈਦਾ ਕਰੀਏ,ਆਪਣੀ ਲੋੜ ਨੂੰ ਇੱਕ ਪਲੇਟਫਾਰਮ ਤੇ ਲਿਆਈਏ। ਕਰਿੰਗੜੀਆਂ ਪਾਕੇ ਆਪਣੇ ਪਿੰਡ ਨੂੰ ਬਚਾਈਏ।

ਧੀ ਦੇ ਵਿਆਹ ਲਈ ਮੰਜੇ ਇੱਕਠੇ ਕਰੀਏ।

ਸਾਡੀਆਂ ਪਗਡੰਡੀਆਂ ਗੁਆਚੀਆਂ ਨਹੀ ਹਨ,ਸਿਰਫ ਧੂੜ ਨਾਲ ਅੱਟੀਆਂ ਗਈਆਂ ਹਨ।

ਸਾਡੇ ਅੰਦਰੋਂ,ਅਲੋਪ ਹੋਇਆ ਮਨੁੱਖ ਇਸਦੀ ਕਾਮਨਾ ਕਰਦਾ ਹੈ,ਸਿਰਫ ਸਾਨੂੰ ਤੇਜ ਰੌਸ਼ਨੀ ਵਿਚ ਵਿਖਾਈ ਨਹੀ ਦੇ ਰਿਹਾ।

ਇਹ ਆਲੋਪ ਹੋਇਆ ਮਨੁੱਖ ਤੀਜਾ ਪਾਤਰ ਨਹੀ ਹੈ, ਮੈ ਵੀ ਹਾਂ, ਤੁਸੀਂ ਵੀ ਹੋ ਤੇ ਸਾਡੇ ਵਰਗੇ ਹੋਰ ਵੀ ਕਈ ਹਨ।

ਸੱਚ ਸਰਗੁਣ ਹੈ ਪਰ ਸਚਾਈ ਉਪਰ ਕਾਇਮ ਹੋਈ ਜੀਵਨ-ਜਾਚ, ਸਭਤੋਂ ਉੱਤਮ ਹੈ।ਇਹ ਮਾਰਗ ਹੀ ਅਸਲ ਹੈ ਤੇ ਇਸਦਾ ਕੋਈ ਵੀ ਵਿਕਲਪ ਨਹੀ ਹੈ।

ਨਾਨਕ-ਬਾਣੀ ਤੇ ਇਹੋ ਗੂੰਜ਼ ਹੈ। ਆਉ ਜਦੋਂ ਅਸੀਂ ਬਾਬੇ ਨਾਨਕ ਦੇ 550ਵੇਂ ਗਗੁਰਪੁਰਬ ਨੂੰ ਸਿਜਦਾ ਕਰ ਰਹੇ ਹਾਂ ਤਾਂ ਉਹ ਜੀਵਨ-ਜਾਚ ਵੀ ਸਿਖੀਏ ਜੋ ਨਾਨਕ-ਬਾਣੀ ਵਿਚ ਦਰਜ਼ ਹੈ।


**ਕੁਲਜੀਤ ਮਾਨ**

kuljitmann@hotmail.com

# ਗੁਰੂ ਨਾਨਕ ਬਾਣੀ : ਸਰਬ ਸਾਂਝੀਵਾਲਤਾ

**ਮਲਕੀਅਤ ਸਿੰਘ**

ਵਿਸ਼ਵੀਕਰਨ ਦੇ ਦੌਰ ਅਧੀਨ ਹੋਣ ਵਾਲੀਆਂ ਨਿੱਤ ਨਵੀਆਂ ਵਿਗਿਆਨਿਕ ਖੋਜਾਂ ਅਤੇ ਭੌਤਿਕ ਸੁੱਖਾਂ ਨੇ ਜਿੱਥੇ ਵਿਸ਼ਵ ਮਾਨਵ ਸਮਾਜ ਦਾ ਦ੍ਰਿਸ਼ ਹੀ ਬਦਲ ਦਿੱਤਾ, ਉਥੇ ਅਜੋਕਾ ਮਨੁੱਖ ਤੇਜ ਰਫਤਾਰ ਜਿੰਦਗੀ ਵਿਚ ਕਈ ਮਾਨਸਿਕ ਸਮੱਸਿਆ ਦਾ ਸ਼ਿਕਾਰ ਵੀ ਹੋ ਰਿਹਾ ਹੈ ਅਤੇ ਇਨ੍ਹਾਂ ਮਾਨਸਿਕ ਸਮੱਸਿਆਵਾਂ ਵਿਚੋਂ ਨਿਕਲਣ ਦਾ ਯਤਨ ਵੀ ਕਰ ਰਿਹਾ ਹੈ। ਵਿਗਿਆਨਿਕ ਖੋਜਾਂ ਦੇ ਅੰਤਰਗਤ ਇਨਸਾਨੀਅਤ ਖਤਮ ਹੁੰਦੀ ਜਾ ਰਹੀ ਹੈ ਅਤੇ ਮੁਨਾਫੇ ਦੀ ਦੁਨੀਆਂ ਵਿਚ ਇਨਸਾਨ ਘਿਰਦਾ ਜਾ ਰਿਹਾ ਹੈ ਅਤੇ ਹਰ ਇਕ ਵਸਤ ਵਿਚੋਂ ਸਿਰਫ ਮੁਨਾਫਾ ਹੀ ਭਾਲ ਰਿਹਾ ਹੈ। ਮਾਨਸਿਕ ਅਤੇ ਆਤਮਿਕ ਸ਼ਾਂਤੀ ਲਈ ਦਿਨ ਰਾਤ ਇਕ ਕਰਕੇ ਉਸ ਵਿਚੋਂ ਧਾਰਮਿਕ, ਸਦਾਚਾਰਕ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂ ਹਨ ਅਤੇ ਉਹ ਕਈ ਮਾਨਸਿਕ ਸੰਕਟਾਂ ਦਾ ਸ਼ਿਕਾਰ ਵੀ ਹੋ ਰਿਹਾ ਹੈ ਤੇ ਮਨ ਨੂੰ ਟਿਕਾਉ ਦੀ ਅਵਸਥਾ ਨਹੀਂ ਮਿਲਦੀ। ਇਸ ਵਿਸਫੋਟਕ ਸਥਿਤੀ ਦੇ ਸਨਮੁੱਖ ਜਿਥੋਂ ਤੱਕ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸੰਬੰਧ ਹੈ ਇਸ ਨੂੰ ਪੜ ਸੁਣ ਕੇ ਮਨੁੱਖੀ ਸੋਚ ਹੈਰਾਨ ਰਹਿ ਜਾਂਦੀ ਹੈ। ਗੁਰੂ ਨਾਨਕ ਨੇ ਬਾਣੀ ਦੁਆਰਾ ਇਕ ਨਵੀਂ ਵਿਚਾਰਧਾਰਾ ਦਾ ਆਰੰਭ ਕਰਕੇ ਰੂਹਾਨੀਅਤ ਦਾ ਜੋ ਪ੍ਰਕਾਸ਼ ਕੀਤਾ ਉਹ ਸਾਰੀ ਮਨੁੱਖਤਾ ਵਾਸਤੇ ਇਕ ਹੈ।ਉਨ੍ਹਾਂ ਨੇ ਆਮ ਲੋਕਾਂ ਦੀਆਂ ਭਾਵਨਾਵਾਂ ਤੇ ਜਜ਼ਬਿਆਂ ਦੀ ਨਾ ਕੇਵਲ ਤਰਜਮਾਨੀ ਕੀਤੀ ਸਗੋਂ ਨੀਵੇਂ ਤੇ ਲਿਤਾੜੇ ਹੋਏ ਲੋਕਾਂ ਦੇ ਹੱਕ ਵਿਚ ਆਵਾਜ਼ ਵੀ ਬੁਲੰਦ ਕੀਤੀ। ਉਨ੍ਹਾਂ ਆਪਣਾ ਸੰਪੂਰਨ ਜੀਵਨ ਹੀ ਮਨੁੱਖੀ ਜੀਵ ਨੂੰ ਉਪਦੇਸ਼ ਦਿੰਦਿਆਂ ਸੁਚੱਜੀ ਜੀਵਨ ਜਾਚ ਸਿਖਾਉਣ ਤੇ ਲਗਾ ਦਿੱਤਾ।ਗੁਰੂ ਨਾਨਕ ਦੇਵ ਜੀ ਹੀ ਪਹਿਲੇ ਆਗੂ ਸਨ ਜਿੰਨ੍ਹਾਂ ਨੇ ਆਪਣੀ ਬਾਣੀ ਵਿਚ ਅਧਿਆਤਮਕ ਆਸ਼ੇ ਨੂੰ ਵਿਅੱਕਤ ਕਰਨ ਦੇ ਨਾਲ-ਨਾਲ ਸਮਾਜ ਦਾ ਚਿੱਤਰ ਨਿੱਡਰ ਹੋ ਕੇ ਪੇਸ਼ ਕੀਤਾ। ਗੁਰੂ ਨਾਨਕ ਜਿਥੇ ਅਦੁੱਤੀ ਸ਼ਖ਼ਸੀਅਤ ਤੇ ਅਲੌਕਿਕ ਪ੍ਰਤਿਭਾ ਦੇ ਮਾਲਕ ਸਨ ਉਥੇ ਉਹ ਇਕ ਮਹਾਨ ਅਧਿਆਤਮਵਾਦੀ, ਪ੍ਰਤਿਭਾਸ਼ਾਲੀ ਕਵੀ, ਆਕਾਲ ਪੁਰਖ ਦੇ ਅਨਿੰਨ ਭਗਤ ਅਤੇ ਸੰਗੀਤ ਦੇ ਰਸੀਏ ਸਨ। ਇਤਿਹਾਸ ਗਵਾਹ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਉਸ ਵੇਲੇ ਸਮਾਜ ਵਿਚ ਹਾਹਾਕਾਰ ਮਚੀ ਹੋਈ ਸੀ ਅਤੇ ਹਰ ਪਾਸੇ ਕੂੜ ਦਾ ਪਸਾਰਾ ਪਸਰਿਆ ਹੋਇਆ ਸੀ। ਉਨ੍ਹਾਂ ਆਪਣੇ ਜੀਵਨ ਕਾਲ (1469-1539) ਦੌਰਾਨ ਸਮਾਜ ਨੂੰ ਇਕ ਨਵੀਂ ਸੇਧ ਦਿੱਤੀ ਅਤੇ ਆਪਣੇ ਸਮੇਂ ਦੇ ਹਰ ਧਰਮ, ਫਿਰਕੇ, ਜਾਤੀ ਤੇ ਵਿਚਾਰਧਾਰਾ ਦੇ ਆਗੂਆਂ ਤੇ ਵਿਦਵਾਨਾਂ ਨਾਲ ਸੰਵਾਦ ਕਰਨ ਉਪਰੰਤ ਮੌਲਿਕ, ਨਿਗੱਰ, ਵਿਗਿਆਨਿਕ ਅਤੇ ਉਪਜੋਗੀ ਮਾਰਗ ਧਾਰਨ ਕੀਤਾ। ਵੇਈਂ ਨਦੀ ਵਿਚ ਤਿੰਨ ਦਿਨ ਅਲੋਪ ਰਹਿਣ ਤੋਂ ਬਾਅਦ ਬਾਹਰ ਆ ਕੇ 'ੴ' ਆਖਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਆਪ ਲੋਕਾਂ ਨੂੰ ਇਹ ਦੱਸਣਾ ਚਾਹੁੰਦੇ ਸਨ ਕਿ ਪ੍ਰਮਾਤਮਾ ਇਕ ਹੈ ਜੋ ਸਭ ਤੋਂ ਵੱਡਾ ਅਤੇ ਸਰਵਸ਼ਕਤੀਮਾਨ ਹੈ। ਗੁਰੂ ਨਾਨਕ ਬਾਣੀ ਦੀ ਸਭ ਤੋਂ ਵੱਡੀ ਵਿਲੱਖਣਤਾ ਇਹ ਹੈ ਕਿ ਉਨ੍ਹਾਂ ਨੇ ਡੂੰਗੇ ਤੋਂ ਡੂੰਗੇ, ਗੰਭੀਰ ਤੋਂ ਗੰਭੀਰ ਤੇ ਸੂਖਮ ਅਧਿਆਤਮਿਕ ਵਿਸ਼ਿਆ ਨੂੰ ਲੋਕ ਅਨੁਭਵ ਦੇ ਨੇੜੇ ਰੱਖਿਆ ਅਤੇ ਬਾਣੀ ਨੂੰ ਲੋਕ ਭਾਸ਼ਾ ਦੇ ਮਾਧੀਅਮ ਰਾਹੀਂ ਰੂਪਮਾਨ ਕੀਤਾ।ਹਥਿਆਰ ਦੀ ਬਜਾਇ ਉਨ੍ਹਾਂ ਨੇ ਬਾਣੀ ਦੁਆਰਾ ਲੋਕਾਂ ਨਾਲ ਸੰਵਾਦ ਰਚਾ ਕੇ ਸਮੁੱਚੇ

ਸਮਾਜ ਵਿਚ ਫੈਲੇ ਅੰਧਕਾਰ ਨੂੰ ਖਤਮ ਕੀਤਾ ਇਥੋਂ ਤੱਕ ਕਿ ਰਾਜਨੀਨਿਕ ਸ਼ਾਸ਼ਕਾਂ ਨੂੰ ਵੀ ਬਾਣੀ ਦੇ ਸੰਵਾਦ ਰਾਹੀਂ ਰੂਪਮਾਨ ਕੀਤਾ। ਵਿਦਵਾਨ ਖੋਜੀ ਡਾ.ਗੰਡਾ ਸਿੰਘ ਨੇ ਵੀ ਗੁਰੂ ਨਾਨਕ ਦੇਵ ਜੀ ਦੀ ਸ਼ਾਸ਼ਕਾਂ ਵਿਰੁੱਧ ਉਠਾਈ ਆਵਾਜ਼ ਬਾਰੇ ਲਿਖਿਆ ਹੈ ਕਿ:

**ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਜ਼ਾਲਮ ਹਾਕਮਾਂ ਵਿਰੁੱਧ ਆਵਾਜ਼ ਉਠਾਈ ਅਤੇ ਨਿਧੱੜਕ ਹੋ ਕੇ ਲੋਧੀ ਬਾਦਸ਼ਾਹਾਂ ਦੇ ਅੱਤਿਆਚਾਰ ਤੇ ਕਰੜੀ ਚੋਟ ਕੀਤੀ।**[1]

ਗੁਰੂ ਨਾਨਕ ਦੇਵ ਜੀ ਇਕ ਉਚ ਕੋਟੀ ਦੇ ਵਿਦਵਾਨ, ਬਾਣੀ ਦੇ ਰਚੇਤਾ, ਕ੍ਰਾਂਤੀਕਾਰੀ ਤੇ ਸਮਾਜ ਸੁਧਾਰਕ ਸਨ। ਗੁਰੂ ਨਾਨਕ ਦੇ ਸਮੇਂ ਦੇ ਸਮਾਜ ਵਿਚ ਆਰਥਿਕ ਅਸਮਾਨਤਾ, ਲੁੱਟ-ਖਸੁੱਟ, ਸਮਾਜਿਕ ਸ਼ੋਸ਼ਣ ਜੋਰਾਂ ਤੇ ਸੀ। ਇਸ ਸੰਬੰਧ ਵਿਚ ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਨੇਕ ਅਮਲ ਕਰਨ ਦਾ ਨੈਤਿਕ ਸੁਨੇਹਾ ਦਿੱਤਾ। ਉਹ ਮੰਨਦੇ ਹਨ ਕਿ ਮਨੁੱਖ ਨੂੰ ਆਪਣੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ। ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਫਲ ਉਸਨੂੰ ਪ੍ਰਾਪਤ ਹੁੰਦਾ ਹੈ। ਉਨ੍ਹਾਂ ਅਨੁਸਾਰ ਪਰਮਾਤਮਾ ਹਰ ਇਕ ਦੇ ਕੰਮਾਂ ਨੂੰ ਦੇਖਦਾ ਹੈ। ਉਹ ਕਰਮਾਂ ਦੀ ਨਿਸਬਤ ਹੀ ਪਰਮਾਤਮਾ ਤੋਂ ਨਜ਼ਦੀਕੀ ਜਾਂ ਦੂਰੀ ਦਾ ਪਾਤਰ ਬਣਦਾ ਹੈ। ਆਪ ਨੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੰਦੇ ਹੋਏ ਨਾਮ ਜਪਣ, ਸੱਚੀ ਕਿਰਤ ਕਰਨ ਅਤੇ ਵੰਡ ਛਕਣ ਦੇ ਸਿਧਾਂਤ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ।

**ਚੰਗਿਆਈਆ ਬੁਰਿਆਈਆ ਵਾਚੈ ਧਰਮ ਹਦੂਰਿ**
**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ**
**ਜਿੰਨੀ ਨਾਮ ਧਿਆਇਆ ਗਏ ਮਸਕਤਿ ਘਾਲਿ**
**ਨਾਨਕ ਦੇ ਮੁਖ ਉਜਲੇ ਕੇਤੀ ਛੁਟੀ ਨਾਲ**

ਨੇਕ ਕਰਮਾਂ ਦਾ ਪਾਸਾਰ ਮਿੱਠਾ ਬੋਲਣ ਤੋਂ ਹੈ ਭਾਵ ਮਿੱਠਾ ਬੋਲਣ ਨਾਲ ਜਿੱਥੇ ਇਨਸਾਨ ਦੀ ਸਮਾਜ ਵਿਚ ਆਪਣੀ ਇਜ਼ੱਤ ਵੱਧਦੀ ਹੈ ਉਥੇ ਸਮਾਜ ਵਿਚ ਅਪਣੱਤ ਤੇ ਭਾਈਚਾਰਾ ਵੀ ਬਣਿਆ ਰਹਿੰਦਾ ਹੈ ਕਿਉਂ ਕਿ ਫਿੱਕਾ ਬੋਲਣ ਨਾਲ ਸਰੀਰ ਤੇ ਮਨ ਵੀ ਫਿੱਕਾ ਹੋ ਜਾਂਦਾ ਹੈ ਅਤੇ ਸਮਾਜ ਵਿਚ ਉਸਦੀ ਸੋਭਾ ਵੀ ਘੱਟਦੀ ਹੈ।

**ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ**
**ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ**

ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਸਿੰਮੁਲ ਦੇ ਰੁੱਖ ਦਾ ਦ੍ਰਿਸ਼ਟਾਂਤ ਵਿਗਿਆਨਿਕ ਪੱਧਰ ਤੇ ਸਿਰਜ ਕੇ ਮਿਠਤ ਤੇ ਨਿਮਰਤਾ ਧਾਰਨ ਕਰਨ ਦਾ ਜੋ ਓਪ੍ਰਦੇਸ਼ ਦਿੱਤਾ ਉਸ ਨਾਲ ਹਾਉਮੈਂ ਦਾ ਤਿਆਗ ਵੀ ਆਪਣੇ ਆਪ ਹੋ ਜਾਂਦਾ ਹੈ ਕਿਉਂਕਿ ਨਿਮਰਤਾ ਹੀ ਸਾਰੇ ਗੁਣਾਂ ਦਾ ਸਾਰ ਤੱਤ ਹੈ ਜਿਵੇਂ:

**ਮਿੱਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।**

ਉਸ ਸਮੇਂ ਰਾਜਨੀਤੀ ਵਿਚ ਕੂੜ ਹੀ ਪਸਰਿਆ ਹੋਇਆ ਸੀ। ਰਾਜੇ ਤੇ ਕਾਜੀ ਲੋਭ, ਮੋਹ, ਪਾਪ, ਜ਼ੁਲਮ ਤੇ ਭੋਗ ਵਿਲਾਸਤਾ ਵਿਚ ਅਜਿਹੇ ਮਗਨ ਸਨ ਕਿ ਉਨ੍ਹਾਂ ਨੂੰ ਪ੍ਰਜਾ ਭੁੱਲੀ ਵਿਸਰੀ ਸੀ ਅਤੇ ਉਹ ਆਪ

ਹੀ ਰੱਬ ਬਣੀ ਬੈਠੇ ਸਨ। ਚਾਰ-ਚੁਫੇਰੇ ਅੰਧਕਾਰ ਹੀ ਫੈਲਿਆ ਹੋਇਆ ਸੀ, ਗੁਰੂ ਨਾਨਕ ਦੇਵ ਜੀ ਜੀ ਨੇ ਹਰ ਪ੍ਰਕਾਰ ਦੇ ਪਾਖੰਡ ਦਾ ਪਾਜ ਵਿਗਿਆਨ ਦੇ ਆਧਾਰ ਤੇ ਉਘਾੜਿਆ। ਇਹ ਪਾਖੰਡ ਭਾਵੇਂ ਧਾਰਮਿਕ ਆਗੂਆ ਦਾ ਸੀ, ਭਾਵੇਂ ਰਾਜਾ ਸ਼੍ਰੇਣੀ ਦਾ ਸੀ। ਇਸ ਸੰਬੰਧ ਵਿਚ ਡਾ. ਜਗਬੀਰ ਸਿੰਘ ਦੇ ਵਿਚਾਰ ਵਿਚਾਰਨ ਯੋਗ ਹਨ ਕਿ:

**ਸਮਾਜਿਕ ਜੀਵਨ ਵਿਚ ਫੈਲੇ ਹੋਏ ਦੰਭ ਅਤੇ ਕਪਟ ਨੂੰ ਗੁਰੂ ਨਾਨਕ ਦੇਵ ਜੀ ਨੈਤਿਕ ਅਧਿਆਤਮਕ ਕਦਰਾਂ ਦੇ ਵਿਘਟਨ ਦੀ ਸਥਿਤੀ ਮੰਨਦੇ ਹਨ ਅਤੇ ਆਪਣੇ ਵਿਰੋਧੀ ਸੁਰ ਨੂੰ ਬੁਲੰਦ ਕਰਦੇ ਹਨ।**[2]

ਧਾਰਮਿਕ ਸ਼ੋਸ਼ਣ ਦੀ ਭਰਮਾਰ ਸਦਕਾ ਸਮੇਂ ਦੀ ਸਰਕਾਰ ਲੋਕਾਂ ਉੱਪਰ ਜਬਰੀ ਜੁਲਮ ਕਰਦੀ ਸੀ। ਜਾਤ-ਪਾਤ ਜੋ ਕਿ ਮੱਧਕਾਲੀਨ ਭਾਰਤ ਦੀ ਸਮਾਜਿਕ ਜਥੇਬੰਦੀ ਦੀ ਵਿਸ਼ੇਸ਼ ਬੁਨਿਆਦ ਸੀ ਦਾ ਖੰਡਨ ਗੁਰੂ ਨਾਨਕ ਦੇ ਜੀ ਦੀ ਸਿੱਖਿਆ ਦਾ ਅਨਿੱਖੜਵਾਂ ਅੰਗ ਬਣ ਗਿਆ। ਗੁਰੂ ਨਾਨਾਕ ਦੇਵ ਜੀ ਧਾਰਮਿਕ ਸੁਧਾਰਕ ਸਿੱਖਿਆ ਨਾਲ ਲੋਕਾਂ ਸਾਹਮਣੇ ਆਏ ਅਤੇ ਉਨ੍ਹਾਂ ਨੇ ਲੋਕਾਂ ਦੀ ਬਰਾਬਰੀ ਦਾ ਐਲਾਨ ਕੀਤਾ ਤੇ ਵਰਗ ਜਾਤ ਵੰਡ ਦੇ ਪਿਛਾਹਖਿੱਚੂ ਕਾਨੂੰਨਾਂ ਦੇ ਖਿਲਾਫ ਬਗਾਵਤ ਕੀਤੀ। ਪ੍ਰਾਚੀਨ ਕਾਲ ਤੋਂ ਹੀ ਭਾਰਤੀ ਸਮਾਜ ਚਾਰ ਵਰਨਾਂ ਬ੍ਰਹਾਮਣ, ਖੱਤਰੀ, ਵੈਸ਼ ਤੇ ਸ਼ੂਦਰ ਵਿਚਕਾਰ ਵੰਡਿਆ ਹੋਇਆ ਸੀ ਅਤੇ ਇਹ ਵਰਨ ਅੱਗੋ ਕਈ ਜਾਤੀਆਂ ਤੇ ਉਪਜਾਤੀਆਂ ਵਿਚ ਵੰਡੇ ਹੋਏ ਸਨ। ਜਾਤ ਪਾਤ ਦੀ ਕੱਟੜਤਾ ਹੋਰ ਵੱਧ ਗਈ ਸੀ। ਉੱਚੀਆਂ ਜਾਤਾਂ ਨੀਵੀਆਂ ਜਾਤਾਂ ਤੇ ਬਹੁਤ ਜ਼ੁਲਮ ਕਰਦੀਆਂ ਸਨ। ਸੁਜਾਨ ਰਾਇ ਭੰਡਾਰੀ ਇਸ ਪ੍ਰਕਾਰ ਦੀ ਵੰਡ ਬਾਰੇ ਲਿਖਦੇ ਹਨ ਕਿ:

**ਹਿੰਦੂਆਂ ਦੀਆ ਚਾਰ ਸ਼੍ਰੇਣੀਆਂ ਲਈ ਉਚੇ ਨੀਵੇ ਦਰਜੇ ਅਨੁਸਾਰ ਕੰਮ ਨੀਯਤ ਕੀਤੇ ਗਏ ਸਨ।ਬ੍ਰਾਹਮਣਾਂ ਦਾ ਦਰਜਾ ਬਹੁਤ ਉੱਚਾ ਸੀ, ਉਨ੍ਹਾਂ ਦਾ ਕੰਮ ਪਵਿੱਤਰ ਵੇਦਾ ਦਾ ਅਧਿਐਨ ਕਰਨਾ ਅਤੇ ਧਾਰਮਿਕ ਵਿਦਿਆ ਪੜਨਾ ਤੇ ਪੜਾਉਣਾ ਸੀ। ਸ਼ੂਦਰਾਂ ਨੂੰ ਨੀਵੇਂ ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਦਾ ਫਰਜ ਬਾਕੀ ਤਿੰਨੇ ਸ਼੍ਰੇਣੀਆ ਦੀ ਸੇਵਾ ਕਰਨਾ ਸੀ।**[3]

ਜਾਤੀ ਭੇਦ ਸਮਾਜ ਲਈ ਇਕ ਲਾਹਨਤ ਸੀ। ਇਸ ਕਲੰਕ ਬਾਰੇ ਕੇ. ਐਮ. ਆਸਰਫ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ ਕਿ

**ਇਹ ਅੰਤਰ ਸਮਾਜ ਲਈ ਵੱਡਾ ਕਲੰਕ ਸੀ। ਜਿਸਨੇ ਸਾਰਾ ਹੀ ਵਾਤਾਵਰਣ ਨਾਸ ਕਰਕੇ ਰੱਖ ਦਿੱਤਾ ਅਤੇ ਉੱਚ ਜਾਤੀ ਦੇ ਲੋਕ ਆਮ ਲੋਕਾਂ ਕੋਲ ਰਹਿਣ ਦੀ ਹੱਤਕ ਸਮਝਦੇ ਸਨ। ਸ਼ਹਿਰਾਂ ਅਤੇ ਕਸਬਿਆ ਵਿਚ ਵਰਗਾਂ ਅਨੁਸਾਰ ਰਹਿਣ ਦੀਆਂ ਥਾਵਾਂ ਨਿਸ਼ਚਿਤ ਸਨ। ਸਫਾਈ ਆਦਿ ਹੀਣ ਕੰਮ ਕਰਨ ਵਾਲੇ ਤਾਂ ਬਹੁਤ ਹੀ ਘਿਰਣਤ ਜੀਵ ਸਮਝੇ ਜਾਂਦੇ ਸਨ ਅਤੇ ਉਹ ਸ਼ਹਿਰੋ ਬਾਹਰਲੀ ਹੱਦ ਤੇ ਰਹਿੰਦੇ ਸਨ।**[4]

ਬ੍ਰਹਾਮਣ ਦੇਵਤੇ ਤੇ ਰਾਜਵੰਸ਼ੀ ਸ਼ੂਦਰਾਂ ਨਾਲ ਇਕ ਸੰਗਤ ਤੇ ਪੰਗਤ ਵਿਚ ਬੈਠਣ ਲਈ ਤਿਆਰ ਨਹੀਂ ਸਨ। ਉਚ-ਨੀਚ ਦੀ ਭਾਵਨਾ ਕਰਕੇ ਹੋਰ ਬਹੁਤ ਸਾਰੀਆ ਸਮਾਜਿਕ ਕੁਰੀਤੀਆਂ ਸਮਾਜ ਵਿਚ ਪ੍ਰਵੇਸ਼ ਕਰ ਚੁੱਕੀਆਂ ਸਨ। ਲੋਕ ਸੱਚ ਦੀ ਪ੍ਰਾਪਤੀ ਨੂੰ ਭੁੱਲ ਕੇ ਕੁਰਾਹੇ ਪਏ ਹੋਏ ਸਨ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੀ ਪੁਰਜ਼ੋਰ ਨਿੰਦਾ ਕਰਦੇ ਹੋਏ ਲੋਕਾਂ ਨੂੰ ਸੱਚਾ, ਸੁਚੱਜਾ ਜੀਵਨ ਜਿਉਣ ਦਾ ਉਪਦੇਸ ਦਿੱਤਾ। ਗੁਰੂ

ਜੀ ਨੇ ਬ੍ਰਾਹਮਣ ਉੱਤੇ ਪ੍ਰੋਹਿਤ ਸ਼ੇਣੀ ਵੱਲੋਂ ਖੜੀ ਕੀਤੀ ਜਾਤ-ਪਾਤ ਦੀ ਕੰਧ ਦੀ ਨਿਖੇਧੀ ਕੀਤੀ ਅਤੇ ਦੱਸਿਆ ਕਿ ਪਰਮਾਤਮਾ ਦੇ ਦਰਬਾਰ ਵਿਚ ਨਿਬੇੜਾ ਜਾਤ-ਪਾਤ ਤੇ ਸਮਾਜਿਕ ਰੁਤਬੇ ਨਾਲ ਨਹੀਂ ਬਲਕਿ ਮਨੁੱਖ ਦੇ ਸਮਾਜ ਵਿਚ ਕੀਤੇ ਕੰਮਾਂ ਅਤੇ ਨਾਮ ਦੇ ਸਿਮਰਨ ਤੇ ਅਧਾਰਿਤ ਹੋਵੇਗਾ। ਗੁਰੂ ਨਾਨਕ ਦੇਵ ਜੀ ਦਾ ਮੱਤ ਸੀ ਕਿ ਪਰਮਾਤਮਾ ਇਕ ਹੈ ਜੋ ਸਰਵਸ਼ਕਤੀਮਾਨ ਅਤੇ ਸਾਰਿਆ ਵਿਚ ਵੱਸਦਾ ਹੈ। ਇਸ ਕਰਕੇ ਸਾਰੇ ਮਨੁੱਖ ਬਰਾਬਰ ਹਨ।ਗੁਰੂ ਜੀ ਨੇ ਸਮਾਜ ਦੇ ਆਗੂਆਂ ਨੂੰ ਜ਼ੋਰ ਦੇ ਕੇ ਆਖਿਆ ਕਿ ਜਾਤ-ਪਾਤ ਦਾ ਵਹਿਮ ਛੱਡ ਦਿਓ ਅਤੇ ਮਨੁੱਖ ਦੇ ਚੰਗੇ ਕਰਮਾਂ ਦੀ ਪਛਾਣ ਕਰੋ। ਇਸ ਲਈ ਉਨ੍ਹਾਂ ਨੇ ਪੰਗਤ ਤੇ ਸੰਗਤ ਦੀਆਂ ਸੰਸਥਾਵਾਂ ਰਾਹੀਂ ਵਿਹਾਰਿਕ ਪੱਧਰ ਤੇ ਜਾਤਿ ਦੇ ਭੇਦਾਂ ਦਾ ਤ੍ਰਿਸਕਾਰ ਕੀਤਾ ਅਤੇ ਉੱਚੀਆਂ ਸ਼੍ਰੇਣੀਆਂ ਵੱਲੋਂ ਹੇਠਲੀਆਂ ਸ਼੍ਰੇਣੀਆਂ ਦੇ ਸੋਸ਼ਣ ਦਾ ਵਿਰੋਧ ਕਰਕੇ ਮਾਨਵਤਾ ਦੀ ਹਾਮੀ ਭਰੀ ਅਤੇ ਮਨੋਵਿਗਿਆਨਿਕ ਪੱਧਰ ਤੇ ਵੀ ਇਸਨੂੰ ਦੂਰ ਕਰਨ ਦਾ ਸੰਦੇਸ਼ ਦਿੱਤਾ। ਉਸ ਸਮੇਂ ਦੇ ਨਾ ਬਰਾਬਰੀ ਦੇ ਯੁੱਗ ਵਿਚ ਗੁਰੂ ਸਾਹਿਬ ਦਾ ਐਲਾਨ ਕਰਨਾ ਕਿ:

**ਜਾਤਿ ਜਨਮੁ ਨਹ ਪੂਛੀਐ,ਸਚ ਘਰ ਲੇਹੁ ਬਤਾਇ**
**ਸਾ ਜਾਤਿਮਾ ਪਤਿ ਹੈ ਜੇ ਹੈ ਕਰਮ ਕਮਾਇ**
**ਨੀਚਾ ਅੰਦਰ ਨੀਚ ਜਾਤਿ, ਨੀਚੀ ਹੁ ਅਤਿ ਨੀਚ**
**ਨਾਨਕ ਤਿਨਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ**

ਇਨੀ ਵੱਡੀ ਦਲੇਰੀ ਨਾਲ ਐਲਾਨ ਕਰਨਾ ਕਿ ਸਭ ਮਨੁੱਖ ਮਾਤਰ ਨੂੰ ਇਕ ਪਿਤਾ ਦੇ ਪੁੱਤਰ ਤੇ ਸਕੇ ਭਰਾ ਬਣਾ ਦੇਣਾ, ਨੀਚ ਊਚ, ਛੂਤ ਛਾਤ ਤੇ ਜਾਤ ਪਾਤ ਨੂੰ ਧੂੰਏ ਵਾਂਗ ਉਡਾ ਦੇਣਾ ਅਤੇ ਸਭ ਪ੍ਰਾਂਣੀਆਂ ਦੀ ਸਾਂਝੀ ਸੰਗਤ ਕਾਇਮ ਕਰਕੇ ਉਸਨੂ ਸਭ ਤੋਂ ਉੱਚਾ ਦਰਜਾ ਦੇਣਾ ਇਕ ਪ੍ਰਕਾਰ ਦੀ ਬਹੁਤ ਵੱਡੀ ਕਰਾਮਾਤ ਸੀ।

ਇਸ ਪ੍ਰਕਾਰ ਉਨ੍ਹਾਂ ਨੇ ਜਾਤ-ਪਾਤ ਦੇ ਸਮਾਜਿਕ ਬੰਧਨਾਂ ਦੀ ਆਲੋਚਨਾ ਕੀਤੀ ਤੇ ਰਾਜਨੀਤਿਕ ਬਰਾਬਰੀ ਅਤੇ ਮਨੁੱਖੀ ਭਾਈਚਾਰੇ ਦਾ ਸੰਦੇਸ਼ ਦਿੱਤਾ। ਪ੍ਰੋ. ਕਿਸ਼ਨ ਸਿੰਘ ਅਨੁਸਾਰ:

**ਰੱਬ ਦੀ ਜੋਤ ਦੇ ਹਰ ਇਕ ਵਿਚ ਵੱਸਣ ਦੇ ਸਿਧਾਂਤ ਦਾ ਮਤਲਬ ਮਨੁੱਖੀ ਬਰਾਬਰੀ ਹੈ।ਇਹ ਸਿਧਾਂਤ ਸਮਾਜ ਵਿਚ ਊਚ-ਨੀਚ ਪੈਦਾ ਕਰਦੀਆਂ ਸੰਸਥਾਵਾਂ ਤੇ ਉਨ੍ਹਾਂ ਦੇ ਕਰਤੱਵ ਨੂੰ ਕੱਟਦਾ ਹੈ।**[5]

ਉਸ ਸਮੇਂ ਆਮ ਲੋਕ ਵਹਿਮਾਂ ਭਰਮਾਂ ਵਿਚ ਫਸੇ ਹੋਏ ਸਨ। ਗੁਰੂ ਜੀ ਨੇ ਪ੍ਰਚਲਤ ਵਹਿਮਾਂ ਭਰਮਾਂ ਦਾ ਖੰਡਨ ਕਰਦੇ ਹੋਏ ਲੋਕਾਂ ਨੂੰ ਇਨ੍ਹਾਂ ਵਹਿਮਾਂ ਭਰਮਾਂ ਤੋਂ ਮੁਕਤ ਜੀਵਨ ਜਿਉਣ ਦਾ ਉਪਦੇਸ਼ ਦਿੱਤਾ। ਇਸ ਸੰਬੰਧ ਵਿਚ ਪ੍ਰਿੰ.ਸੰਤ ਸਿੰਘ ਸੇਖੋਂ ਲਿਖਦੇ ਹਨ ਕਿ:

**ਗੁਰੂ ਨਾਨਕ ਦੀ ਸਮਾਜਿਕ ਆਲੋਚਨਾ ਚੰਗੇਰੇ ਨੈਤਿਕ ਜੀਵਨ ਵਿਚ ਲੁਕੀ ਹੋਈ ਹੈ।ਘੜੀ-ਮੁੜੀ ਉਹ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਮਾਜਿਕ ਘੇਰਿਆਂ ਵਿਚ ਪ੍ਰਚਲਿਤ ਤਰਕ ਰਹਿਤ ਵਹਿਮਾਂ ਅਤੇ ਗਲਤ ਵਰਤਾਰਿਆਂ ਦਾ ਖੰਡਨ ਕਰਦੇ ਹਨ ਅਤੇ ਮਨੁੱਖਤਾ ਨੂੰ ਵੱਖ ਤਰ੍ਹਾਂ ਦੇ ਨਿਵੇਕਲੇ, ਨੈਤਿਕ ਤੌਰ ਤੇ ਉੱਚੇ ਤੇ ਵਹਿਮਾਂ ਭਰਮਾਂ ਤੋਂ ਮੁਕਤ ਜੀਵਨ ਜਿਊਣ ਦੀ ਜਾਂਚ ਦੱਸਦੇ ਹਨ।**[6]

ਸੂਤਕ ਅਤੇ ਜਨੇਊ ਦਾ ਵਹਿਮ ਤਾਂ ਆਮ ਹੀ ਪ੍ਰਚਲਿਤ ਸੀ।ਆਪ ਜੀ ਨੇ ਫੁਰਮਾਇਆ ਕਿ ਸੂਤਕ ਹਰ ਥਾਂ ਮੌਜੂਦ ਹੈ ਜਿਹੜੇ ਇਸ ਗੱਲ ਨੂੰ ਸਮਝ ਲੈਂਦੇ ਹਨ ਕਿ ਜੰਮਣਾ ਮਰਨਾ ਸਭ ਪ੍ਰਭੂ ਦੇ ਹੁਕਮ ਅਨੁਸਾਰ ਹੈ ਅਤੇ ਸੂਤਕ ਦਾ ਭਰਮ ਅਗਿਆਨਤਾ ਵਿਚ ਭਟਕਦੇ ਮਨਾਂ ਦਾ ਵਹਿਮ ਹੈ ਉਨ੍ਹਾਂ ਨੂੰ ਸੂਤਕ ਦੀ ਛੂਹ ਨਹੀਂ ਲਗ ਸਕਦੀ। ਹਰ ਵਸਤੂ ਵਿਚ ਪ੍ਰਜਨਣ ਸ਼ਕਤੀ ਹੈ। ਪ੍ਰਜਨਣੀ ਔਰਤ ਨੂੰ ਪਵਿੱਤਰ ਕਰਨ ਲਈ ਪਾਣੀ ਨਾਲ ਇਸ਼ਨਾਨ ਕਰਾਇਆ ਜਾਂਦਾ ਹੈ, ਪਰ ਪਾਣੀ ਪ੍ਰਜਨਣ ਸ਼ਕਤੀ ਹੈ। ਇਥੋਂ ਤੱਕ ਕਿ ਜਿਸ ਕਮਰੇ ਵਿਚ ਬੱਚੇ ਦਾ ਜਨਮ ਹੁੰਦਾ ਹੈ ਉਸ ਕਮਰੇ ਨੂੰ ਪਵਿੱਤਰ ਕਰਨ ਲਈ ਗੋਹਾ ਫੇਰਿਆ ਜਾਂਦਾ ਹੈ, ਜਦ ਕਿ ਗੋਹੇ ਵਿਚ ਵੀ ਪ੍ਰਜਨਣ ਸ਼ਕਤੀ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਵਸਤਾਂ ਜਾਂ ਬਾਹਰੀ ਆਡੰਬਰਾਂ ਨਾਲ ਸੂਤਕ ਖਤਮ ਨਹੀਂ ਹੋ ਸਕਦਾ ਇਸ ਲਈ ਗੁਰੂ ਸਾਹਿਬ ਨੇ ਗਿਆਨ ਦੇ ਮਾਰਗ ਰਾਹੀਂ ਇਸਦਾ ਖੰਡਨ ਕੀਤਾ ਕਿਉਂ ਜੋ ਗਿਆਨ ਹੀ ਮਨ ਰੂਪੀ ਸੂਤਕ ਨੂੰ ਖਤਮ ਕਰ ਸਕਦਾ ਹੈ ਜਿਵੇਂ:

**ਜੇਕਰਿ ਸੂਤਕ ਮੰਨੀਐ ਸਭਤੈ ਸੂਤਕ ਹੋਇ**
**ਗੋਹੇ ਅਤੇ ਲੱਕੜੀ ਅੰਦਰਿ ਕੀੜਾ ਹੋਇ**
**ਜੇਤੇ ਦਾਣੇ ਅਨ ਕੇ ਜੀਅ ਬਾਝ ਨ ਕੋਇ**
**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ**
**ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ**
**ਨਾਨਕ ਸੂਤਕੁ ਏਵਿ ਨ ਉਤਰੈ ਗਿਆਨੁ ਉਤਾਰੈ ਧੋਇ**

ਇਸੇ ਪ੍ਰਕਾਰ ਜਨੇਊ ਜਿਸ ਅਧੀਨ ਸਾਰੀਆ ਧਾਰਮਿਕ ਕਿਰਿਆਵਾਂ ਕਰਨ ਬਾਅਦ ਪਰਿਵਾਰ ਦਾ ਪੰਡਿਤ ਇਹ ਜਨੇਊ ਦਾ ਧਾਗਾ ਬੱਚੇ ਦੇ ਗਲ ਵਿਚ ਪਾਉਂਦਾ ਸੀ। ਭਾਰਤੀ ਸੰਸਕ੍ਰਿਤੀ ਵਿਚ ਹਿੰਦੂਆਂ ਦੁਆਰਾ ਬੱਚੇ ਦੇ ਅੱਠਵੇਂ, ਗਿਆਰਵੇਂ ਜਾਂ ਬਾਰ੍ਹਵੇਂ ਵਰ੍ਹੇ ਵਿਚ ਜਨੇਊ ਪਾਉਣ ਦੀ ਰਸਮ ਕੀਤੀ ਜਾਂਦੀ ਸੀ। ਜਨੇਊ ਦਾ ਮੂਲ ਨਾਮ ਹੀ ਨਾਮ 'ਯਗੋ ਪਵੀਤ' ਹੈ। ਇਸਤੋਂ ਭਾਵ ਕਿ ਯੱਗ ਦੇ ਅਵਸਰ ਤੇ ਸਰੀਰ ਉੱਪਰ ਲਪੇਟਿਆ ਹੋਇਆ ਵਸਤਰ। ਇਸਨੂੰ ਧਾਰਨ ਕਰਨ ਨਾਲ ਯੱਗ ਦੀ ਯੋਗਤਾ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਇਸ ਧਾਰਮਿਕ ਰੂੜੀ ਦਾ ਤਿਆਗ ਕਰਕੇ ਇਸਦੀ ਅਸਲੀ ਵਾਸਤਵਿਕਤ ਭਾਵਨਾ ਨੂੰ ਸਮਝਣ ਦਾ ਉਪਦੇਸ਼ ਦਿੰਦੇ ਹੋਏ ਇਸਦੀ ਜਗ੍ਹਾ ਦਇਆ, ਕਪਾਹ, ਸੰਤੋਖ ਅਤੇ ਪਿਆਰ ਰੂਪੀ ਜਨੇਊ ਪਾਉਣ ਦੀ ਸਿੱਖਿਆ ਦਿੱਤੀ।ਇਸ ਕਿਸਮ ਦਾ ਜਨੇਊ ਸਥਾਈ ਹੁੰਦਾ ਹੈ ਜਿਵੇਂ:

**ਦਇਆ ਕਪਾਹੁ ਸੰਤੋਖ ਸੂਤੁ ਜਤੁ ਗੰਡੀ ਸਤੁ ਵਟੁ**
**ਏਹੁ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ**
**ਨ ਏਹੁ ਤੁਟੇ ਨ ਮਲ ਲਗੈ ਨ ਇਹੁ ਜਲੇ ਨ ਜਾਇ**

ਆਦਿ ਕਾਲ ਤੋਂ ਹੀ ਔਰਤ ਨੂੰ ਦੱਬੀ ਕੁਚਲੀ ਤੇ ਅਬਲਾ ਮੰਨਿਆ ਜਾਂਦਾ ਰਿਹਾ ਹੈ। ਮੱਧਕਾਲੀ ਕਾਲੀ ਸਥਿਤੀਆਂ ਵੀ ਔਰਤ ਦੇ ਨਿਰਪੱਖ ਵਿਚ ਹੀ ਭੁਗਤਦੀਆਂ ਸਨ ਅਤੇ ਇਸ ਸਮੇਂ ਔਰਤ ਨੂੰ ਆਰਥਿਕ ਤੇ ਰਾਜਨੀਤਿਕ ਤੌਰ ਤੇ ਮਰਦ ਨਾਲੋਂ ਘਟੀਆ ਕਿਰਦਾਰ ਵਾਲੀ ਸਵੀਕਾਰਿਆ ਗਿਆ।ਉਸਨੂੰ ਕੇਵਲ ਭੋਗ ਵਿਲਾਸ ਦੀ ਵਸਤੂ ਬਣਾ ਕੇ ਚਾਰ ਦੀਵਾਰੀ ਤੱਕ ਸੀਮਤ ਕੀਤਾ ਗਿਆ। ਮਰਦ ਪ੍ਰਧਾਨ ਸਮਾਜ ਵਿਚ

ਇਸਤਰੀ ਤ੍ਰਿਸਕਾਰ ਦੀ ਪਾਤਰ ਸੀ। ਮੰਨੂੰ ਸਿਮਰਤੀ ਤੇ ਨਾਥਾਂ ਜੋਗੀਆਂ ਨੇ ਵੀ ਔਰਤ ਦੀ ਸਥਿਤੀ ਨੂੰ ਉੱਚਾ ਨਹੀਂ ਦੱਸਿਆ। ਨਾਥ ਜੋਗੀਆ ਦੀ ਪ੍ਰਵਿਰਤੀ ਸੀ ਕਿ ਇਸਤਰੀ ਪੁਰਖ ਦੀ ਅਧਿਆਤਮਕਤਾ ਵਿਚ ਸਭ ਤੋਂ ਵੱਡੀ ਰੁਕਾਵਟ ਹੈ।ਇਥੋਂ ਤੱਕ ਕਿ ਗੋਰਖ ਨਾਥ ਨੇ ਇਸਤਰੀ ਨੂੰ ਬਘਿਆੜਨ ਕਹਿ ਕੇ ਉਸਦੀ ਨਿੰਦਿਆ ਕੀਤੀ। ਇਸਤਰੀ ਦੀ ਇਸ ਕਮਜ਼ੋਰ ਹੋਈ ਦਸ਼ਾ ਨੂੰ ਜਦ ਗੁਰੁ ਨਾਨਕ ਦੇਵ ਜੀ ਨੇ ਦੇਖਿਆ ਤਾਂ ਉਨ੍ਹਾਂ ਇਸਤਰੀ ਜਾਤੀ ਲਈ ਉਚੇਚੇ ਯਤਨ ਕੀਤੇ। ਗੁਰੂ ਜੀ ਨੇ ਇਸ ਪੱਖੋਂ ਵਾਸਤਵਿਕਤਾ ਦੇ ਬਹੁਤ ਨੇੜੇ ਜਾ ਕੇ ਨਾਰੀ ਪ੍ਰਤੀ ਹਮਦਰਦੀ ਪੇਸ਼ ਕੀਤੀ। ਭਾਰਤੀ ਇਤਿਹਾਸ ਵਿਚ ਉਹ ਪਹਿਲੇ ਧਾਰਮਿਕ ਆਗੂ ਹੋਏ ਸਨ ਜਿੰਨ੍ਹਾਂ ਨੇ ਇਸਤਰੀ ਨਿੰਦਾ ਨਹੀਂ ਬਲਕਿ ਆਪਣੀ ਬਾਣੀ 'ਆਸਾ ਦੀ ਵਾਰ' ਵਿਚ ਇਸਤਰੀ ਦੀ ਮਹੱਤਤਾ ਜ਼ਿਕਰ ਕਰਦੇ ਹੋਏ ਮੰਦਾ ਕਹਿਣ ਵਾਲੀ ਰੁਚੀ ਦੀ ਨਿਖੇਧੀ ਕੀਤੀ ਅਤੇ ਸਮਾਜਿਕ ਤੇ ਜਾਗਰਿਕ ਵਿਕਾਸ ਵਿਚ ਇਸਦਾ ਮਹੱਤਵ ਪੇਸ਼ ਕਰਦੇ ਹੋਏ ਇਸਤਰੀ ਦੇ ਨਿੰਦਕਾਂ ਨੂੰ ਭੰਡਿਆ ਅਤੇ ਬਾਣੀ ਵਿਚ ਇਸਤਰੀ ਨੂੰ ਰਾਜਿਆ ਦੀ ਜਨਨੀ ਕਹਿ ਕੇ ਵਡਿਆਇਆ ਅਤੇ ਇਸਤਰੀ ਦੀ ਮਹਾਨਤਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਉੱਚਾ ਸਥਾਨ ਦਿੰਦੇ ਹੋਏ ਬਿੰਬ ਪੇਸ਼ ਕੀਤਾ।

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵਿਆਹੁ**
**ਭੰਡਿ ਹੋਵੇ ਦੋਸਤੀ ਭੰਡਹੁ ਚਲੇ ਰਾਹੁ**
**ਭੰਡੁ ਮੁਆ ਭੰਡ ਭਾਲੀਐ ਭੰਡਿ ਹੋਏ ਬੰਧਾਨ**
**ਸੋ ਕਿਓ ਮੰਦਾ ਆਖਿਐ ਜਿਤੁ ਜੰਮਹਿ ਰਾਜਾਨ**

ਇਸ ਪ੍ਰਕਾਰ ਗੁਰੂ ਜੀ ਨੇ ਇਸਤਰੀ ਜਾਤੀ ਦਾ ਸਮਾਜ ਵਿਚ ਸਿਰ ਉੱਚਾ ਕੀਤਾ ਅਤੇ ਸਾਧੂ ਸੰਤਾਂ ਵੱਲੋਂ ਇਸਤਰੀ ਪ੍ਰਤੀ ਪਾਏ ਭੁਲੇਖਿਆ ਨੂੰ ਲੋਕਾਂ ਦੇ ਮਨਾਂ ਵਿਚੋਂ ਦੂਰ ਕੀਤਾ।

ਗੁਰੂ ਨਾਨਕ ਦੇਵ ਜੀ ਦੀਆਂ ਨਜ਼ਰਾਂ ਵਿਚ ਸਭ ਬਰਾਬਰ ਸਨ। ਇਸੇ ਲਈ ਉਨ੍ਹਾਂ ਨੇ ਮਲਿਕ ਭਾਗੋ ਜਿਹੇ ਅਮੀਰ ਦੇ ਸ਼ਾਹੀ ਭੋਜਨ ਨੂੰ ਨਕਾਰਦੇ ਹੋਏ ਭਾਈ ਲਾਲੋ ਦੇ ਘਰ ਕੋਧਰੇ ਦੀ ਰੋਟੀ ਖਾਧੀ। ਉਨ੍ਹਾਂ ਦਾ ਕਹਿਣਾ ਸੀ ਕਿ ਮਨੁੱਖ ਦੇ ਚੰਗੇ ਮੰਦੇ ਕੰਮਾਂ ਦਾ ਲੇਖਾ ਜੋਖਾ ਇਥੇ ਹੀ ਹੋਣਾ ਹੈ ਇਸ ਲਈ ਅਜਿਹੇ ਕਰਮ ਕਰਨੇ ਚਾਹੀਦੇ ਹਨ ਜਿਸ ਨਾਲ ਪਛਤਾਉਣਾ ਨਾ ਪਵੇ। ਗੁਰੂ ਨਾਨਕ ਅਨੁਸਾਰ ਰੱਬ ਦੀ ਬੰਦਗੀ ਕਰਨ ਨਾਲ ਹੀ ਇਨ੍ਹਾਂ ਮਾੜੇ-ਚੰਗੇ ਕੰਮਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜਿਵੇਂ

**ਐਸਾ ਕੰਮ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਇਐ**

ਆਪ ਜੀ ਨੇ ਬਾਣੀ ਦੇ ਜ਼ਰੀਏ ਜਿਸ ਢੰਗ ਅਤੇ ਦਲੇਰੀ ਨਾਲ ਮਨੁੱਖੀ ਸਮਾਜ ਵਿਚ ਫੇਲੇ ਹੋਏ ਗੁਮਰਾਹ ਕਰਨ ਵਾਲੇ ਵਿਅਰਥ ਕਰਮਕਾਂਡੀ ਸਿਸਟਮ ਨੂੰ ਨਕਾਰਿਆ ਉਹ ਜੁਗਤ ਕਮਾਲ ਦੀ ਹੈ। ਉਹ ਬਾਣੀ ਵਿਚ ਹਰ ਗੱਲ ਨੂੰ ਤਰਕ ਦੀ ਦ੍ਰਿਸ਼ਟੀ ਨਾਲ ਕਹਿੰਦੇ ਹੋਏ ਦੂਸਰੇ ਨਾਲ ਸੰਵਾਦ ਰਚਾਉਂਦੇ ਸਨ।ਸੰਵਾਦ ਰਚਉਂਦੇ ਸਮੇਂ ਆਪ ਦਾ ਰੁੱਖ ਮਿੱਠੇ ਸੁਰ ਵਾਲਾ, ਨਿਮਰਤਾ ਅਤੇ ਪ੍ਰੇਮ ਦੇ ਰੰਗ ਵਿਚ ਰੰਗਿਆ ਹੁੰਦਾ ਸੀ।

ਇਸ ਪ੍ਰਕਾਰ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਦੇ ਇਕ ਸਮਾਜ ਸੁਧਾਰਕ,

ਅਧਿਆਤਮਵਾਦੀ, ਸੱਚੇ ਮਾਰਗ ਦਰਸ਼ਕ, ਉਚ ਕੋਟੀ ਵਿਦਵਾਨ ਸਨ ਜਿੰਨ੍ਹਾਂ ਆਪਣੇ ਜੀਵਨ ਦੌਰਾਨ ਸਮਾਜਿਕ ਕੁਰੀਤੀਆ ਨੂੰ ਦੂਰ ਕਰਦਿਆ ਸਰਬਸਾਂਝੀਵਾਲਤਾ ਦੇ ਸਿਧਾਂਤ ਅਧੀਨ ਇਕ ਸੁਚੱਜੇ ਤੇ ਇਹੋ ਜਿਹੇ ਸਮਾਜ ਦੀ ਸਥਾਪਨਾ ਲੋਚੀ ਜਿਸ ਵਿਚ ਸਭ ਬਰਾਬਰ ਹੋਣ ਤੇ ਕੋਈ ਵਿਅਕਤੀ ਜਾਤ ਪਾਤ ਧਰਮ ਭੇਦ ਭਾਵ ਦੇ ਆਧਾਰ ਤੇ ਵੰਡੀਆਂ ਨਾ ਪਾਵੇ। ਉਹ ਅਜਿਹੇ ਵਿਦਵਾਨ ਸਨ ਜਿਸਦੇ ਤਹਿਤ ਮਾਨਵ ਜੀਵਨ ਦੀ ਹਰੇਕ ਸਮੱਸਿਆ ਨੂੰ ਸਮਝਿਆ ਅਤੇ ਸੁਲਝਾਇਆ ਜਾ ਸਕਦਾ ਹੈ।ਇਸ ਲਈ ਆਪ ਜੀ ਨੇ ਸਮੁੱਚੀ ਮਾਨਵਤਾ ਨੂੰ ਸੰਦੇਸ਼ ਦਿੱਤਾ:

**ਜਬ ਲਗ ਦੁਨੀਆਂ ਰਹੀਐ ਨਾਨਕ,ਕਿਛ ਸੁਣੀਐ ਕਿਛ ਕਹੀਐ**

### ਹਵਾਲੇ


1. ਡਾ.ਗੰਢਾ ਸਿੰਘ, 'Guru Nanak in History' , ਪੰਨਾ, 147.
2. ਡਾ. ਜਗਬੀਰ ਸਿੰਘ 'ਬਾਣੀ ਸੰਸਾਰ' , ਪੰਨਾ. 93.
3. ਸੁਜਾਨ ਰਾਇ ਭੰਡਾਰੀ 'ਖੁਲਾਸਤੁਤ ਤਵਾਰੀਖ' , ਪੰਨਾ. 27.
4. K. Asharf, 'Life and Condition of the people of Hindustan' , ਪੰਨਾ, 195.
5. ਪ੍ਰੋ. ਕਿਸ਼ਨ ਸਿੰਘ ਅਨੁਸਾਰ, 'ਸਿੱਖ ਇਨਕਲਾਬ ਦਾ ਮੋਢੀ: ਗੁਰੂ ਨਾਨਕ' , ਪੰਨਾ, 43.
6. ਪ੍ਰਿੰ. ਸੰਤ ਸਿੰਘ ਸੇਖੋਂ, 'ਗੁਰੂ ਨਾਨਕ ਦੀ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਦੇਣ, ਗੁਰੂ ਨਾਨਕ ਜੀਵਨ, ਯੁੱਗ ਤੇ ਉਪਦੇਸ਼' , ਪੰਨਾ 271.



**ਮਲਕੀਅਤ ਸਿੰਘ**

E-mail : mmsohnie9@gmail.com

# ਗੁਰੂ ਨਾਨਕ ਫਲਸਫ਼ੇ ਵਿੱਚ ਜੈਂਡਰ ਸਮਾਨਤਾ

**ਮਨਦੀਪ ਕੌਰ (ਡਾ.)**

ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਰਹਿਨੁਮਾ ਸਨ। ਧਰਮ ਮਨੁੱਖ ਦੇ ਜੀਵਨ ਨੂੰ ਸੁਚਾਰੂ ਤੇ ਸੁਚੱਜੇ ਰੂਪ ਵਿੱਚ ਚਲਾਉਣ ਲਈ ਮਹੱਤਵਪੂਰਨ ਰੋਲ ਨਿਭਾਉਂਦਾ ਹੈ। ਧਰਮ ਦਾ ਮੁੱਖ ਕਰਤੱਵ ਸਮਾਜਿਕ ਜੀਵਨ ਨੂੰ ਨੈਤਿਕ ਪੱਧਰ ਤੇ ਉਤਮ ਬਣਾਉਣਾ ਹੈ ਪਰ ਸਮਾਂ ਪਾ ਕੇ ਹਰ ਧਰਮ ਦੇ ਪੈਰੋਕਾਰ ਅਨੇਕਾਂ ਪਾਖੰਡਾਂ ਨੂੰ ਮਾਨਤਾ ਦਿੰਦੇ ਹੋਏ ਅਮਲੀ ਰੂਪ ਵਿੱਚ ਧਰਮ ਤੋਂ ਦੂਰ ਹੋ ਜਾਂਦੇ ਹਨ। ਗੁਰੂ ਨਾਨਕ ਜੀ ਦੇ ਸਮੇਂ ਦੋ ਪ੍ਰਮੁੱਖ ਧਾਰਮਿਕ ਪਰੰਪਰਾਵਾਂ ਹਿੰਦੂ ਤੇ ਇਸਲਾਮ ਪ੍ਰਚਲਿਤ ਸਨ। ਇਹਨਾਂ ਦੋਹਾਂ ਧਰਮਾਂ ਦੇ ਪੈਰੋਕਾਰ ਧਰਮ ਦੇ ਕਾਇਦੇ-ਕਾਨੂੰਨਾਂ ਨੂੰ ਭੁੱਲ ਚੁੱਕੇ ਸਨ। ਸਮਾਜ ਵਰਗਾਂ ਵਿੱਚ ਵੰਡਿਆ ਹੋਇਆ ਸੀ। ਹੇਠਲੇ ਵਰਗਾਂ ਦੇ ਲੋਕਾਂ ਨਾਲ ਪਸ਼ੂਆਂ ਵਾਂਗ ਵਿਵਹਾਰ ਕੀਤਾ ਜਾਂਦਾ ਸੀ। ਦੋਵੇਂ ਧਰਮਾਂ ਦੇ ਇਹ ਵਰਗ ਪਰੰਪਰਾਗਤ ਦੁਰਦਸ਼ਾ ਕਾਰਨ ਮਨੁੱਖ ਹੋਣ ਦਾ ਅਹਿਸਾਸ ਭੁੱਲ ਚੁੱਕੇ ਸਨ। ਅਜਿਹੀ ਸਮਾਜਿਕ ਵਿਵਸਥਾ ਵਿੱਚ ਔਰਤ ਦੀ ਦਸ਼ਾ ਵੀ ਬਦਤਰ ਸੀ। ਉਸਨੂੰ ਮਾਨਵਜਾਤੀ ਦੇ ਤੌਰ ਤੇ ਤਸਲੀਮ ਕਰਨ ਦੀ ਜਗ੍ਹਾ ਕੇਵਲ ਇਕ ਵਸਤੂ ਵਜੋਂ ਦੇਖਿਆ ਜਾਂਦਾ ਸੀ ਜੋ ਜ਼ਿੰਦਗੀ ਭਰ ਮਰਦ ਦੀ ਨਿਗਰਾਨੀ ਹੇਠ ਰਹਿੰਦੀ ਹੈ। ਮਨੂੰ ਸਭ ਦੁੱਖਾਂ ਦਾ ਕਾਰਨ ਇਸਤਰੀ ਨੂੰ ਮੰਨਦਾ ਹੈ। ਮਨੂੰ ਸਮ੍ਰਿਤੀ ਤੇ ਪੁਰਾਣਾਂ ਵਰਗੀਆਂ ਧਾਰਮਿਕ ਪੁਸਤਕਾਂ ਦੇ ਪ੍ਰਭਾਵ ਹੇਠ ਤੁਲਸੀ ਦਾਸ ਵੀ ਇਸਤਰੀ ਨੂੰ ਦਬਾ ਕੇ ਰੱਖਣ ਦੀ ਤਜਵੀਜ਼ ਦਿੰਦਾ ਹੈ।

**ਢੋਲ ਗਵਾਰ ਸ਼ੂਦਰ ਪਸ਼ੂ ਨਾਰੀ।**
**ਯਿਹ ਸਭ ਤਾੜਨ ਕੇ ਅਧਿਕਾਰੀ।**

ਹਿੰਦੂ ਧਰਮ ਵਿੱਚ ਬਾਲ ਵਿਆਹ, ਪਰਦਾ ਪ੍ਰਥਾ, ਸਤੀ ਪ੍ਰਥਾ ਆਦਿ ਕੁਰੀਤੀਆਂ ਨੇ ਔਰਤ ਨੂੰ ਆਤਮਿਕ ਤੌਰ ਤੇ ਨਿਰਜਿੰਦ ਬਣਾ ਦਿੱਤਾ। ਇਹ ਸਮਝਿਆ ਜਾਂਦਾ ਸੀ ਕਿ ਬ੍ਰਾਹਮਣ ਦੀ ਬੇਟੀ ਜੇਕਰ ਕਿਸੇ ਵੀ ਨੀਚ ਜਾਤ ਵਿੱਚ ਵਿਆਹ ਕਰਵਾਏਗੀ ਤਾਂ ਉਸ ਤੋਂ ਪੈਦਾ ਹੋਣ ਵਾਲਾ ਬੱਚਾ ਚੰਡਾਲ ਹੋਵੇਗਾ ਪਰ ਬ੍ਰਾਹਮਣ ਕਿਸੇ ਵੀ ਵਰਣ ਦੀ ਲੜਕੀ ਨਾਲ ਵਿਆਹ ਕਰਵਾ ਸਕਦਾ ਸੀ। ਇਹ ਪੁਜਾਰੀ ਸ਼੍ਰੇਣੀ ਦੇ ਵੱਡੇ ਦੰਭ ਤੋਂ ਪਰਦਾ ਹਟਾਉਣ ਦੀ ਹਕੀਕਤ ਹੈ। ਇਸਲਾਮ ਵਿੱਚ ਵੀ ਇਸਤਰੀ ਦੀ ਹਾਲਤ ਹਿੰਦੂ ਧਰਮ ਵਾਂਗ ਹੀ ਸੀ। ਔਰਤ ਮਸਜਿਦ ਵਿੱਚ ਉਪਦੇਸ਼ ਨਹੀਂ ਦੇ ਸਕਦੀ ਸੀ। ਉਹ ਨਿਮਾਜ਼ੀਆਂ ਦੀ ਅਗਵਾਈ ਨਹੀਂ ਕਰ ਸਕਦੀ। ਕੁਰਾਨ ਵਿੱਚ ਮਰਦ ਨੂੰ ਔਰਤ ਉਪਰ ਅਧਿਕਾਰ ਰੱਖਣ ਦੀ ਪੂਰੀ ਖੁੱਲ੍ਹ ਹੈ। ਔਰਤ ਨੂੰ ਪਰਦੇ ਵਿੱਚ ਰਹਿਣ ਦੀ ਤਾਮੀਲ ਕੀਤੀ ਜਾਂਦੀ ਸੀ, ਜਿਸ ਦਾ ਪੁਖ਼ਤਾ ਸਬੂਤ ਬੁਰਕਾ ਪਾਉਣ ਦੀ ਰਵਾਇਤ ਹੈ। ਇਸਲਾਮ ਵਿੱਚ ਔਰਤ ਦੀ ਗਵਾਹੀ ਅੱਧੀ ਮੰਨੀ ਜਾਂਦੀ ਹੈ।

ਇਨ੍ਹਾਂ ਤੋਂ ਇਲਾਵਾ ਜੋਗ ਮਤ, ਜੈਨ ਧਰਮ, ਬੁੱਧ ਧਰਮ ਆਦਿ ਧਰਮਾਂ ਵਿੱਚ ਵੀ ਔਰਤ ਨੂੰ ਦੁਜੈਲਾ ਸਥਾਨ ਦਿੱਤਾ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਰਾਹੀਂ ਬਰਾਬਰਤਾ ਦਾ ਨਾਅਰਾ ਦੇ ਕੇ ਔਰਤ ਨੂੰ ਨਰਕ ਭਰੀ ਜ਼ਿੰਦਗੀ ਵਿੱਚੋਂ ਬਾਹਰ ਆਉਣ ਦਾ ਰਾਹ

ਦਿਖਾਇਆ। ਉਨ੍ਹਾਂ ਨੇ ਔਰਤ ਦੀ ਸਿਰਜਣਾਤਮਕ ਸ਼ਕਤੀ ਨੂੰ ਪਛਾਣਦਿਆਂ ਸਮਾਜਿਕ ਪੱਧਰ ਤੇ ਬਰਾਬਰ ਦਾ ਦਰਜਾ ਦੇਣ ਲਈ ਆਵਾਜ਼ ਬੁਲੰਦ ਕੀਤੀ। ਗੁਰੂ ਜੀ ਨੇ ਔਰਤ ਨੂੰ ਦੁਜੈਲੇ ਜੈਂਡਰ ਵਜੋਂ ਮਾਨਤਾ ਦੇਣ ਵਾਲੀਆਂ ਸਭ ਸੰਰਚਨਾਵਾਂ ਦੇ ਵਿਰੋਧ ਵਿੱਚ ਇਨਕਲਾਬੀ ਸੁਰ ਵਿੱਚ ਆਵਾਜ਼ ਉਠਾਈ।

ਜੈਂਡਰ ਸਮਾਜ ਤੇ ਸਭਿਆਚਾਰ ਨੂੰ ਸੰਗਠਿਤ ਰੂਪ ਪ੍ਰਦਾਨ ਕਰਦਾ ਹੈ। ਅੰਗਰੇਜ਼ੀ ਸ਼ਬਦ ਜੈਂਡਰ ਦੀ ਉਤਪਤੀ ਫਰੈਂਚ ਦੇ Gender ਤੋਂ ਹੋਈ ਹੈ ਜੋ ਕਿ ਲਾਤੀਨੀ ਭਾਸ਼ਾ ਦੇ Genus ਤੋਂ ਆਇਆ ਹੈ। ਜੈਂਡਰ ਇੱਕ ਸੱਭਿਆਚਾਰਕ ਸਿਰਜਣਾ ਹੈ ਜੋ ਕੁਦਰਤੀ ਲਿੰਗ ਨੂੰ ਆਧਾਰ ਬਣਾਉਂਦੀ ਹੈ। ਲਿੰਗ ਤੇ ਜੈਂਡਰ ਦੋ ਵੱਖਰੇ-ਵੱਖਰੇ ਸ਼ਬਦ ਹਨ। ਲਿੰਗ ਕੁਦਰਤੀ ਹੈ। ਔਰਤ ਅਤੇ ਮਰਦ ਦੇ ਸਰੀਰ ਜੀਵ-ਵਿਗਿਆਨਕ ਤੌਰ ਤੇ ਭਿੰਨ-ਭਿੰਨ ਹਨ ਪਰ ਜੈਂਡਰ ਇਸ ਭੌਤਿਕ ਵਖਰੇਵੇਂ ਦੇ ਆਧਾਰ ਤੇ ਉਸਾਰੀ ਸੱਭਿਆਚਾਰਕ ਸਿਰਜਣਾ ਹੈ। ਇਸ ਸੰਬੰਧੀ ਨਾਰੀਵਾਦੀ ਚਿੰਤਕ ਸੀਮੋਨ ਦਾ ਮਤ ਹੈ ਕਿ ਔਰਤ ਪੈਦਾ ਨਹੀਂ ਹੁੰਦੀ ਸਗੋਂ ਸਮਾਜਿਕ ਪ੍ਰਸਥਿਤੀਆਂ ਔਰਤ ਨੂੰ ਬਣਾਉਂਦੀਆਂ ਹਨ।

"One is not born, but rather become a woman"[1]

ਇਸ ਸਬੰਧੀ ਐਨ ਓਕਲੇ ਦੀ ਵੰਡ ਨੂੰ ਵਿਚਾਰਿਆ ਜਾ ਸਕਦਾ ਹੈ, "ਲਿੰਗ ਤੋਂ ਭਾਵ ਜੀਵ-ਵਿਗਿਆਨਕ ਅੰਗ ਜੋੜਾਂ ਤੋਂ ਹੈ, ਨਰ ਤੇ ਨਾਰੀ। ਜੈਂਡਰ ਤੋਂ ਭਾਵ ਉਨ੍ਹਾਂ ਅਰਥਾਂ ਤੋਂ ਹੈ ਜੋ ਇਸ ਭਿੰਨਤਾ ਨਾਲ ਸੱਭਿਆਚਾਰ ਦੁਆਰਾ ਜੋੜ ਦਿੱਤੇ ਜਾਂਦੇ ਹਨ। ਲਿੰਗ ਨਰ ਤੇ ਨਾਰੀ ਹੋਣਾ ਹੈ, ਜੈਂਡਰ ਤੋਂ ਭਾਵ ਪੁਰਸ਼ਤਵ ਤੇ ਇਸਤਰੀਤਵ।" ਔਰਤ-ਮਰਦ ਦੀ ਇਹ ਪਛਾਣ ਕੁਦਰਤੀ ਨਹੀਂ ਬਲਕਿ ਸਮਾਜਿਕ ਪੱਧਰ ਤੇ ਪ੍ਰਦਾਨ ਕੀਤੀ ਗਈ ਹੈ, ਜੋ ਕਿ ਸਥਿਰ ਨਹੀਂ ਹੈ। ਇਸ ਸਮਾਜਿਕ ਪਹਿਚਾਣ ਵਿੱਚ ਔਰਤ ਨੂੰ ਸਰੀਰਕ ਤੌਰ ਤੇ ਕਮਜ਼ੋਰ ਸਮਝ ਕੇ ਮਰਦ ਦੀ ਦਾਬੇਦਾਰੀ ਕਾਇਮ ਹੁੰਦੀ ਹੈ ਤੇ ਔਰਤ ਨੂੰ ਮਰਦ ਤੋਂ ਨੀਵੇਂ ਦਰਜੇ ਦਾ ਮੰਨਿਆ ਜਾਣ ਲੱਗਾ। ਹੌਲੀ-ਹੌਲੀ ਇਹ ਵਰਤਾਰਾ ਪ੍ਰਕਿਰਤਕ ਜਾਪਣ ਲੱਗਾ ਜਿਸ ਵਿੱਚ ਔਰਤ ਦੀ ਮਨੁੱਖ ਵਜੋਂ ਪਛਾਣ ਮਨਫ਼ੀ ਹੁੰਦੀ ਗਈ। ਪੁਰਸ਼ ਪ੍ਰਧਾਨ ਸਮਾਜਕ ਪ੍ਰਬੰਧ ਨੇ ਔਰਤ ਦੇ ਜਨਮ ਤੋਂ ਲੈ ਕੇ ਸਮੁੱਚੇ ਜੀਵਨ ਲਈ ਅਜਿਹਾ ਤਾਣਾ-ਬਾਣਾ ਬੁਣਿਆ ਜੋ ਔਰਤ ਦੀ ਦੁਜੈਲੇ ਜੈਂਡਰ ਵਜੋਂ ਪਛਾਣ ਨੂੰ ਸਥਾਪਤ ਕਰਨ ਵਿੱਚ ਸਹਾਇਕ ਸਿੱਧ ਹੋਇਆ। ਵੱਖ-ਵੱਖ ਧਰਮਾਂ ਨੇ ਵੀ ਔਰਤ ਦੀ ਦੁਜੈਲੀ ਸਥਿਤੀ ਬਣਾਈ ਰੱਖਣ ਲਈ ਅਹਿਮ ਰੋਲ ਅਦਾ ਕੀਤਾ। ਅਜਿਹੇ ਅਸਾਵੇਂ ਮਾਹੌਲ ਵਿੱਚ ਸਿੱਖ ਧਰਮ ਦੇ ਰਹਿਨੁਮਾ ਗੁਰੂ ਨਾਨਕ ਦੇਵ ਜੀ ਨੇ ਜੈਂਡਰ ਸਮਾਨਤਾ ਦਾ ਮੁੱਦਾ ਉਠਾਇਆ। ਔਰਤ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲਾ ਨਾਨਕ ਪਹਿਲਾ ਪੈਗੰਬਰ ਹੋ ਨਿਬੜਿਆ। ਗੁਰੂ ਨਾਨਕ ਫਲਸਫ਼ੇ ਵਿੱਚ ਲਿੰਗ ਅਧਾਰਿਤ ਦਰਜਾਬੰਦੀ ਨਹੀਂ ਸਗੋਂ ਸਭ ਸਮਾਨ ਹਨ। ਉਨ੍ਹਾਂ ਔਰਤ ਨੂੰ ਆਪ ਇੱਕ ਸਤਿਕਾਰਯੋਗ ਸਥਾਨ ਦਿੱਤਾ।

ਆਪਣੀ ਬਾਣੀ 'ਆਸਾ ਦੀ ਵਾਰ' ਵਿੱਚ ਗੁਰੂ ਨਾਨਕ ਦੇਵ ਜੀ ਨੇ ਔਰਤ ਦੀ ਸਿਰਜਣਾਤਮਕ ਸ਼ਕਤੀ ਨੂੰ ਮਹਿਸੂਸ ਕੀਤਾ। ਉਨ੍ਹਾਂ ਜੈਂਡਰ ਦੁਆਰਾ ਹਾਸ਼ੀਆਕ੍ਰਿਤ ਕੀਤੀ ਔਰਤ-ਦੇਹ ਨਾਲ ਸਬੰਧਿਤ ਸਭ ਪਿਤਰੀ ਸੰਰਚਨਾਵਾਂ ਦਾ ਖੰਡਨ ਕੀਤਾ। ਉਸ ਸਮੇਂ ਔਰਤ ਦੀ ਮਾਹਵਾਰੀ ਤੇ ਜਨਮ ਦੇਣ ਦੀ ਪ੍ਰਕਿਰਿਆ ਨਾਲ 'ਸੂਤਕ' ਸ਼ਬਦ ਜੋੜ ਕੇ ਅਪਵਿੱਤਰ ਸਮਝਿਆ ਜਾਂਦਾ ਸੀ ਪਰ ਗੁਰੂ ਜੀ ਨੇ 'ਸੂਤਕ' ਸ਼ਬਦ ਨੂੰ

ਪਵਿੱਤਰ ਮੰਨ ਕੇ ਔਰਤ ਨੂੰ ਮਾਣ ਬਖਸ਼ਿਆ ਤੇ ਦਰਸਾਇਆ ਕਿ ਸ੍ਰਿਸ਼ਟੀ ਵਿੱਚ ਜਨਮ ਤੇ ਮੌਤ ਪ੍ਰਮਾਤਮਾ ਦੇ ਹੁਕਮ ਵਿਚ ਵਾਪਰ ਰਹੇ ਹਨ। ਇਸ ਲਈ 'ਸੂਤਕ' ਪ੍ਰਤੀ ਘ੍ਰਿਣਾ ਨੂੰ ਖ਼ਤਮ ਕਰਕੇ ਔਰਤ ਦੀ ਸਿਰਜਣਾਤਮਕ ਸ਼ਕਤੀ ਤੇ ਮਾਣ ਕਰਨਾ ਚਾਹੀਦਾ ਹੈ। ਅਸਲ ਵਿੱਚ ਸੂਤਕ ਸਬੰਧੀ ਘ੍ਰਿਣਾ ਕੇਵਲ ਭਰਮ ਹੈ। ਜੇਕਰ ਸੂਤਕ ਨੂੰ ਮੰਨ ਲਈਏ ਤਾਂ ਸਭ ਥਾਵਾਂ ਤੇ ਹੀ ਸੂਤਕ-ਵਾਪਰ ਰਿਹਾ ਹੈ।

**ਜੇ ਕਰਿ ਸੂਤਕ ਮੰਨੀਐ ਸਭ ਤੇ ਸੂਤਕੁ ਹੋਇ॥**
**ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ॥**[3]

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਹਰ ਥਾਂ ਕਿਸੇ ਨਾ ਕਿਸੇ ਰੂਪ ਵਿੱਚ ਉਤਪਤੀ ਹੋ ਰਹੀ ਹੈ ਜੋ ਕਿ ਅਪਵਿੱਤਰ ਨਹੀਂ। ਸਭ ਕੁਝ ਭਾਣੇ ਵਿੱਚ ਵਾਪਰ ਰਿਹਾ ਹੈ। ਸੂਤਕ ਤੋਂ ਬਿਨਾ ਸੰਸਾਰ ਦੀ ਉਤਪਤੀ ਸੰਭਵ ਨਹੀਂ। ਨਿਰੰਤਰਤਾ ਖ਼ਤਮ ਹੋ ਜਾਵੇਗੀ। ਇਸ ਤਰ੍ਹਾਂ ਗੁਰੂ ਜੀ ਨੇ ਔਰਤਪੁਣੇ ਦੇ ਗੌਰਵ ਨੂੰ ਵਧਾ ਕੇ ਔਰਤ ਨੂੰ ਆਤਮਿਕ ਬਲ ਪ੍ਰਦਾਨ ਕੀਤਾ। ਮਨੁੱਖ ਲਈ ਅਸਲ ਸੂਤਕ ਲੋਭ, ਕੂੜ, ਪਰ ਇਸਤਰੀ-ਗਮਨ ਤੇ ਨਿੰਦਾ ਚੁਗਲੀ ਹੀ ਹੈ। ਜਿਸ ਮਨੁੱਖ ਨੇ ਗੁਰੂ ਰਾਹੀਂ ਅਸਲੀਅਤ ਨੂੰ ਸਮਝ ਲਿਆ, ਉਨ੍ਹਾਂ ਨੂੰ ਸੂਤਕ ਦਾ ਭਰਮ ਨਹੀਂ ਰਹਿੰਦਾ।

**ਸਭੋ ਸੂਤਕ ਭਰਮੁ ਹੈ ਦੂਜੇ ਲਗੈ ਜਾਇ॥**
**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥**
**ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕ ਸੰਬਾਹਿ॥**
**ਨਾਨਕ ਜਿਨੀ ਗੁਰਮਖਿ ਬੁਝਿਆ ਤਿਨਾ ਸੂਤਕੁ ਨਾਹਿ॥**[4]

ਗੁਰੂ ਨਾਨਕ ਦੇਵ ਜੀ ਨੇ ਔਰਤ ਦੇਹ ਦੀ ਸਮਰੱਥਾ ਤੇ ਸਿਰਜਣਾਤਮਕਤਾ ਨੂੰ ਹੋਰ ਸਨਮਾਨ ਦਿੰਦੇ ਹੋਏ ਆਸਾ ਦੀ ਵਾਰ ਵਿੱਚ ਦ੍ਰਿੜ ਕਰਵਾਇਆ ਹੈ ਕਿ ਸਮੁੱਚੇ ਜਗਤ ਦਾ ਪਸਾਰਾ ਔਰਤ ਰਾਹੀਂ ਹੀ ਹੋ ਰਿਹਾ ਹੈ। ਔਰਤ ਤੋਂ ਹੀ ਮਨੁੱਖ ਜਨਮ ਲੈਂਦਾ ਹੈ ਤੇ ਉਸ ਰਾਹੀਂ ਸਾਡੇ ਦੁਨਿਆਵੀ ਸਬੰਧ ਬਣਦੇ ਹਨ। ਔਰਤ ਤੋਂ ਬਿਨਾਂ ਪੁਰਸ਼ ਅਧੂਰਾ ਹੈ। ਦੁਨਿਆਵੀ ਸੱਤਾ ਵਾਲੇ ਰਾਜੇ ਵੀ ਔਰਤ ਦੀ ਕੁੱਖੋਂ ਜਨਮਦੇ ਹਨ। ਪ੍ਰਮਾਤਮਾ ਤੋਂ ਬਿਨਾ ਸਾਰਾ ਸੰਸਾਰ ਹੀ ਔਰਤ ਦੀ ਕੁੱਖੋਂ ਪੈਦਾ ਹੋਇਆ ਹੈ। ਇਸ ਲਈ ਔਰਤ ਦਾ ਸਥਾਨ ਪ੍ਰਮਾਤਮਾ ਤੋਂ ਦੂਜੇ ਸਥਾਨ ਤੇ ਹੈ ਨਾ ਕਿ ਮਰਦ ਤੋਂ। ਇਸ ਲਈ ਗੁਰੂ ਜੀ ਨੇ 'ਸੋ ਕਿਉ ਮੰਦਾ ਆਖੀਐ' ਦਾ ਨਿਵੇਕਲਾ ਪ੍ਰਸੰਗ ਇਨਕਲਾਬੀ ਸੁਰ ਵਿੱਚ ਸਿਰਜ ਕੇ ਔਰਤ ਅੰਦਰ ਨਵੀਂ ਜ਼ਿੰਦਗੀ ਰੁਮਕਣ ਲਾ ਦਿੱਤੀ। ਔਰਤ ਦੀ ਨਿੰਦਾ ਕਰਨ ਵਾਲਿਆ ਲਈ ਇਹ ਸ਼ਬਦ ਉਚਾਰਿਆ।

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡਿ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਨੁ॥**
**ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥**[5]

ਔਰਤ ਦੀ ਸਤਿਕਾਰਤ ਸਥਿਤੀ ਵੱਲ ਹੋਰ ਕਦਮ ਪੁੱਟਦਿਆਂ ਆਪ ਨੇ ਦੱਸਿਆ ਕਿ ਪ੍ਰਮਾਤਮਾ ਦੀ ਪ੍ਰਾਪਤੀ ਇਸਤਰੀ ਰੂਪ ਵਿੱਚ ਹੀ ਸੰਭਵ ਹੈ। ਪ੍ਰਮਾਤਮਾ ਪਤੀ ਰੂਪ ਵਿੱਚ ਹੈ ਤੇ ਜੀਵਾਤਮਾ ਔਰਤ ਰੂਪ ਵਿੱਚ। ਪ੍ਰਮਾਤਮਾ ਨੂੰ ਪ੍ਰਾਪਤ ਕਰਨ ਲਈ ਪਦਾਰਥਕ ਮੋਹ, ਹਉਮੈਂ ਆਦਿ ਨੂੰ ਤਿਆਗਣਾ ਪੈਂਦਾ ਹੈ। ਸਮੁੱਚੀ ਬਾਣੀ ਵਿੱਚ ਇਹ ਭਾਵ ਪ੍ਰਤੱਖ ਹੈ ਕਿ ਪ੍ਰਭੂ ਨਾਲ ਮਿਲਾਪ ਇਸਤਰੀ ਰੂਪ ਰਾਹੀਂ ਹੀ ਹੋ ਸਕਦਾ ਹੈ। ਪ੍ਰਮਾਤਮਾ ਨੂੰ ਪਤੀ ਰੂਪ ਵਿੱਚ ਸਵੀਕਾਰ ਕੇ ਸਮੁੱਚੀ ਮਨੁੱਖ ਜਾਤੀ ਨੂੰ ਔਰਤ ਰੂਪ ਵਿੱਚ ਤਸੱਵਰ ਕਰਨਾ ਨਿਸ਼ਚੇ ਹੀ ਔਰਤ ਜਾਤੀ ਦੀ ਮਨੁੱਖ ਵਜੋਂ ਪਛਾਣ ਲਈ ਇਨਕਲਾਬੀ ਕਦਮ ਹੈ।

ਬਾਰਹਮਾਹ ਤੁਖਾਰੀ ਵਿੱਚ ਗੁਰੂ ਜੀ ਨੇ ਬਾਰਾਂ ਦੇਸੀ ਮਹੀਨਿਆਂ ਅਨੁਸਾਰ ਪਤੀ ਦੇ ਮਿਲਾਪ, ਤੜਪ, ਵਿਛੋੜੇ ਨੂੰ ਮਹਿਸੂਸ ਕੀਤਾ ਹੈ। ਇਥੇ ਵੀ ਮਨੁੱਖ ਤੇ ਪ੍ਰਮਾਤਮਾ ਵਿਚਕਾਰ ਪ੍ਰੇਮ ਸਬੰਧਾਂ ਨੂੰ ਵਿਅਕਤ ਕਰਦਿਆਂ ਜੀਵ ਨੂੰ ਇਸਤਰੀ ਰੂਪ ਵਿੱਚ ਤਸੱਵਰ ਕੀਤਾ ਹੈ। ਜੀਵ ਰੂਪੀ ਇਸਤਰੀ ਆਪਣੇ ਕੰਤ/ਪਤੀ ਦੇ ਮਿਲਾਪ ਦੀ ਬਿਹਬਲ ਹੈ। ਮੌਸਮ, ਕੁਦਰਤੀ ਵਾਤਾਵਰਨ ਆਦਿ ਸਭ ਵਸਤਾਂ ਮਿਲਾਪ ਦੀ ਇਸ ਤਾਂਘ ਨੂੰ ਹੋਰ ਪ੍ਰਚੰਡ ਕਰਦੀਆਂ ਹਨ। ਜੀਵ ਰੂਪੀ ਇਸਤਰੀ ਅਨੇਕਾਂ ਪ੍ਰਸਥਿਤੀਆਂ ਵਿੱਚੋਂ ਵਿਚਰਦੀ ਹੋਈ ਆਪਣੇ ਪ੍ਰੀਤਮ ਨਾਲ ਮਿਲਾਪ ਦੀ ਚਾਹਵਾਨ ਹੈ ਤੇ ਦਵੈਤ ਮਿਟਣ ਤੇ ਮਿਲਾਪ ਹੁੰਦਾ ਹੈ। ਜਦੋਂ ਪ੍ਰਭੂ-ਪਤੀ ਨਾਲ ਮਿਲਾਪ ਹੁੰਦਾ ਹੈ ਤਾਂ ਔਰਤ 'ਸੁਹਾਗਣ' ਦਾ ਦਰਜਾ ਪ੍ਰਾਪਤ ਕਰਦੀ ਹੈ। ਜਿਸ ਅੰਦਰ ਜਗਿਆਸਾ ਹੈ। ਇਹ ਮਿਲਾਪ ਪਵਿੱਤਰ ਹੈ, ਜਿਥੇ ਆਤਮ-ਸਮਰਪਣ ਹੈ। ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਇਹ ਆਨੰਦ 'ਦੈਵੀ' ਹੈ। "ਬਾਰਾਂਮਾਂਹ ਵਿੱਚ ਸਰੀਰਕ ਖਾਹਿਸ਼ ਨੂੰ ਵਿਸਮਾਦੀ ਜਸ਼ਨਾਵੀ ਸੁਰ ਵਿੱਚ ਪੇਸ਼ ਕੀਤਾ ਗਿਆ ਹੈ। ਔਰਤ ਸਰੀਰ ਦੀਆਂ ਖਾਹਿਸ਼ਾਂ, ਉਮੰਗਾਂ, ਇੱਛਾਵਾਂ ਨੂੰ ਪੂਰੇ ਜਾਹੋ-ਜਲਾਲ ਨਾਲ ਪ੍ਰਗਟਾਇਆ ਗਿਆ ਹੈ।"[6]

ਬਾਰਹਮਾਹ ਤੁਖਾਰੀ ਦਾ ਆਰੰਭ ਚੇਤ ਦੇ ਮਹੀਨੇ ਤੋਂ ਹੁੰਦਾ ਹੈ। ਹਰ ਮਹੀਨੇ ਵਿੱਚ ਜੀਵ ਰੂਪੀ ਇਸਤਰੀ ਦੇ ਮਨ ਦੀ ਹਾਲਤ ਕੁਦਰਤੀ ਵਾਤਾਵਰਨ ਅਨੁਸਾਰ ਤਬਦੀਲ ਹੁੰਦੀ ਰਹਿੰਦੀ ਹੈ। ਚੇਤ ਦੇ ਮਹੀਨੇ ਵਿੱਚ ਜੀਵ ਰੂਪੀ ਇਸਤਰੀ ਪ੍ਰਭੂ-ਪਤੀ ਤੋਂ ਟੁੱਟੀ ਹੋਈ ਹੈ, ਉਸਦਾ ਕੋਈ ਸਾਥੀ ਨਹੀਂ। ਪ੍ਰਭੂ ਦਾ ਚਿੰਤਨ ਨਹੀਂ, ਸੋਝੀ ਨਹੀਂ, ਇਸ ਕਰਕੇ ਬਿਰਹਾ ਝੱਲਣਾ ਪੈਂਦਾ ਹੈ।

**ਪਿਰ ਘਰਿ ਨਹੀ ਆਵੈ ਧਨ ਕਿਉ ਸੁਖ ਆਵੈ,**
**ਬਿਰਹਿ ਬਿਰੋਧ ਤਨੁ ਛੀਜੈ॥**[7]

ਵੈਸਾਖ ਦੇ ਮਹੀਨੇ ਵਿਚ ਬਿਰਹਾ ਵਿੰਨ੍ਹੀ ਜੀਵ ਇਸਤਰੀ ਪ੍ਰਭੂ ਪਤੀ ਦੇ ਘਰ ਆਉਣ ਦੀ ਆਸ ਕਰਦੀ ਹੈ।

ਜੇਠ ਦੇ ਮਹੀਨੇ ਵਿੱਚ ਹਿਰਦੇ ਵਿੱਚ ਸ਼ਰਧਾ ਹੈ, ਅਕੀਦਤ ਹੈ। ਨਿਮਾਣੀ ਤੇ ਨਿਤਾਣੀ ਹੋ ਕੇ ਮਿਲਾਪ ਲਈ ਤਰਲੇ ਕਰਦੀ ਤੇ ਯਾਦ ਵਿੱਚ ਤੜਫ਼ਦੀ ਹੈ। ਨਿਰੰਤਰ ਯਾਦ ਦੇ ਵੇਗ ਵਿਚ ਰਹਿਣਾ ਪਤੀ-ਮਿਲਾਪ ਦੀ ਪਹਿਲੀ ਪੌੜੀ ਹੈ।

**ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥**
**ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥**[8]

ਹਾੜ ਦੇ ਮਹੀਨੇ ਵਿੱਚ ਤਪਸ਼ ਹੈ। ਜਿਥੇ ਤਪਸ਼ ਹੈ ਉੱਥੇ ਮਨ ਪਿਆਰ ਤੋਂ ਸੱਖਣਾ ਹੈ। ਜੀਵ ਇਸਤਰੀ ਨਿਰਾਸ਼ ਹੋ ਕੇ ਔਗੁਣਾਂ ਦੀ ਪੋਟਲੀ ਬੰਨ੍ਹ ਕੇ ਅੱਗੇ ਦੁੱਖ ਸਹਾਰਦੀ ਹੈ ਪਰ ਸੁੱਖ ਪ੍ਰਭੂ-ਪਤੀ ਦੇ ਸ਼ਬਦ ਦੀ ਸੰਭਾਲ ਨਾਲ ਹੈ।

**ਅਵਗਣ ਬਾਧਿ ਚਲੀ ਦੁਖੀ ਆਗੈ ਸੁਖੁ ਤਿਸੁ ਸਾਚੁ ਸਮਾਲੇ॥**[9]

ਸਾਉਣ ਦੇ ਮਹੀਨੇ ਵਿਚ ਪਤੀ ਦੇ ਵਿਛੋੜੇ ਦਾ ਦਰਦ ਹੈ। ਮੌਸਮ ਦੀਆਂ ਤਬਦੀਲੀਆਂ ਵਿਛੋੜੇ ਦੀ ਅੱਗ ਨੂੰ ਹੋਰ ਭੜਕਾਉਂਦੀਆਂ ਹਨ। ਪਤੀ ਦਾ ਵਿਛੋੜਾ ਮੌਤ ਦੇ ਬਰਾਬਰ ਹੈ। ਬਿਨਾ ਮਿਲਾਪ ਤੋਂ ਦੁਹਾਗਣ ਤੇ ਅਸ਼ਾਂਤ ਮਹਿਸੂਸ ਕਰਦੀ ਹੈ ਪਰ ਉਹੀ ਇਸਤਰੀ ਸੁਹਾਗਣ ਹੈ ਜੋ ਪਤੀ ਦਾ ਸਾਥ ਮਾਣਦੀ ਹੈ।

**ਪਿਰ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਵੈ॥**

.........................................................

**ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵੈ।**[10]

ਅੱਸੂ ਦੇ ਮਹੀਨੇ ਵਿੱਚ ਜੀਵ ਇਸਤਰੀ ਸਭ ਮੋਹ, ਭਰਮ, ਪਾਖੰਡਾਂ ਦਾ ਤਿਆਗ ਕਰਕੇ ਪ੍ਰੇਮ ਵਿਚ ਲੀਨ ਹੋਈ ਇਹ ਜੋਦੜੀ ਕਰਦੀ ਹੈ ਕਿ ਪਤੀ ਪਰਮੇਸ਼ਰ ਹਿਰਦੇ ਵਿਚ ਵਸ ਜਾਵੇ। ਮੈਂ ਝੁਰ-ਝੁਰ ਕੇ ਮਰ ਰਹੀ ਹਾਂ।

**ਆਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥**[11]

ਅੱਗੇ ਬੁਢੇਪੇ ਵਿਚ ਠੰਡ ਚੇਤੇ ਆਉਣ ਕਾਰਨ ਮਨ ਡੋਲਦਾ ਹੈ। ਇਸ ਰੁੱਤ ਵਿਚ ਜੁਆਨੀ ਦੀਆਂ ਗਰਮੀਆਂ ਚੇਤੇ ਆਉਂਦੀਆਂ ਹਨ ਪਰ ਅੱਸੂ ਦੇ ਮਹੀਨੇ ਦੀ ਠੰਡ ਤੇ ਗਰਮੀ ਦਾ ਵਿਚਕਾਰਲਾ ਸਮਾਂ ਹੈ। ਇਸ ਲਈ ਜੀਵ ਰੂਪੀ ਇਸਤਰੀ ਜੁਆਨੀ ਤੇ ਬੁਢੇਪੇ ਦੀ ਵਿਚਕਾਰਲੀ ਅਵਸਥਾ ਵਿੱਚ ਹੋਣ ਕਰਕੇ ਬੁਢੇਪੇ ਨੂੰ ਯਾਦ ਕਰਕੇ ਡਰ ਵਧਦਾ ਹੈ।

**ਆਗੈ ਘਾਮ ਪਿਛੈ ਰੁਤਿ ਜਾਤਾ ਦੇਖਿ ਚਲਤ ਮਨੁ ਡੋਲੈ॥**[12]

ਇਸ ਮਹੀਨੇ ਪ੍ਰਭੂ ਪਤੀ ਦੇ ਮਿਲਾਪ ਪ੍ਰਤੀ ਚਾਹਤ ਪੈਦਾ ਹੋ ਜਾਵੇ ਤਾਂ ਇਹ ਮਹੀਨਾ ਸਫ਼ਲ ਹੈ, ਮਹਾਨ ਹੈ।

ਕੱਤਕ ਦੇ ਮਹੀਨੇ ਵਿੱਚ ਜਿਸ ਜੀਵ-ਇਸਤਰੀ ਨੇ ਸਹਿਜ ਦਾ ਦੀਪ ਬਾਲਿਆ ਤੇ ਗਿਆਨ ਨੂੰ ਸਮਝ ਲਿਆ, ਉਸ ਦੇ ਅੰਦਰ ਸਹਿਜ ਤੇ ਸ਼ਾਂਤੀ ਦਾ ਪਸਾਰ ਹੁੰਦਾ ਹੈ। ਸਹਿਜ ਨਾਲ ਤ੍ਰਿਸ਼ਨਾ, ਅੰਧਕਾਰ ਮਿਟ ਜਾਂਦਾ ਹੈ ਤੇ ਮਿਲਾਪ ਲਈ ਤਾਂਘ ਵਧਦੀ ਹੈ।

ਮੱਘਰ ਦੇ ਮਹੀਨੇ ਵਿੱਚ ਹਿਰਦੇ ਵਿੱਚ ਪ੍ਰਮਾਤਮਾ ਦੇ ਗੁਣ ਸਮਾਉਣ ਨਾਲ ਗੁਣਵੰਤੀਆਂ ਨੂੰ ਗੁਣਾਂ ਵਿੱਚ ਮਿਠਾਸ ਤੇ ਰਸ ਦਾ ਅਨੁਭਵ ਹੁੰਦਾ ਹੈ।

**ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥**[13]

ਉਹੀ ਇਸਤਰੀ ਪ੍ਰਭੂ-ਪਤੀ ਨੂੰ ਭਾਉਂਦੀ ਹੈ ਜੋ ਹਿਰਦੇ ਵਿਚ ਸਿਦਕ ਤੇ ਭਗਤੀ ਨਾਲ ਭਰੀ ਹੋਈ ਹੋਵੇ।

**ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥**[14]

ਪੋਹ ਦੇ ਮਹੀਨੇ ਵਿੱਚ ਬਹੁਤੀ ਠੰਢ ਨਾਲ ਬਨਸਪਤੀ ਸੁੱਕਦੀ ਹੈ, ਉਵੇਂ ਹੀ ਮਨ ਦੀ ਹਾਲਤ ਹੈ। ਅਤਿ ਦੀ ਠੰਢ, ਆਲਸ ਵੀ ਮਨੁੱਖ ਨੂੰ ਸੁਕਾ ਦਿੰਦਾ ਹੈ ਪਰ ਪ੍ਰਭੂ ਦੀ ਮਿਹਰ ਨਾਲ ਤੇ ਪ੍ਰਮਾਤਮਾ ਦੇ ਮਿਲਾਪ ਨਾਲ ਸਭ ਆਲਸ ਦੂਰ ਹੋ ਜਾਂਦੇ ਹਨ। ਗੁਰੂ ਦੇ ਸ਼ਬਦ ਦੁਆਰਾ ਜੀਵ ਇਸਤਰੀ ਪ੍ਰਭੂ-ਪਤੀ ਨੂੰ ਵਸਾ ਕੇ ਰੰਗ ਮਾਣਦੀ ਹੈ। ਪ੍ਰਭੁ ਦੇ ਮਿਲਾਪ ਤੋਂ ਇਹ ਸੋਝੀ ਹੁੰਦੀ ਹੈ। ਕਿ ਹਰ ਥਾਂ ਪ੍ਰਭੂ ਦਾ ਵਾਸਾ ਹੈ ਪ੍ਰਭੂ ਪਤੀ ਦੇ ਮਿਲਾਪ ਨਾਲ ਸਾਰਾ ਮਹੀਨਾ ਅਨੰਦ ਭਰਪੂਰ ਬੀਤਦਾ ਹੈ।

ਮਾਘ ਦਾ ਮਹੀਨਾ ਅਤਿਅੰਤ ਪੁੰਨ ਵਾਲਾ ਹੈ। ਸਹਿਜ ਦੀ ਅਵਸਥਾ ਅੰਦਰੋਂ ਉਤਪੰਨ ਹੁੰਦੀ ਹੈ। ਪ੍ਰਮਾਤਮਾ ਨਾਲੋਂ ਵਿੱਥ ਮਿੱਟਦੀ ਹੈ। ਜਿਸ ਜੀਵ-ਇਸਤਰੀ ਨੇ ਇਸ ਮਹੀਨੇ ਪ੍ਰਭੂ ਪਤੀ ਦੇ ਨਾਮ ਦਾ ਰਸ ਪੀ ਲਿਆ, ਉਸ ਲਈ ਅਠਾਹਠ ਤੀਰਥਾਂ ਦੇ ਇਸ਼ਨਾਨ ਸਮਾਨ ਹੈ।

ਫੱਗਣ ਦਾ ਮਹੀਨਾ ਗੁਣਾਂ ਦੇ ਫ਼ਲ ਦਾ ਮਹੀਨਾ ਹੈ। ਮਨ ਪ੍ਰੇਮ ਰੂਪ ਹੋ ਜਾਂਦਾ ਹੈ। ਅੰਦਰੋਂ ਪ੍ਰੇਮ ਉਜਾਗਰ ਹੋਣ ਨਾਲ ਅਨੰਦਦਾਇਕ ਅਵਸਥਾ ਪ੍ਰਾਪਤ ਹੁੰਦੀ ਹੈ।

**ਫਲਗੁਨਿ ਮਨਿ ਰਹਸੀ ਪ੍ਰੇਮ ਸੁਭਾਇਆ ॥**[15]

ਪ੍ਰਮਾਤਮਾ ਦੀ ਮਿਹਰ ਨਾਲ ਜੀਵ ਰੂਪੀ ਇਸਤਰੀ ਨੇ ਪ੍ਰਮਾਤਮਾ ਰੂਪੀ ਵਰ ਦੀ ਪ੍ਰਾਪਤੀ ਕਰ ਲਈ।

**ਨਾਨਕ ਮੇਲਿ ਲਈ ਗੁਰਿ ਆਪਣੈ ਘਰਿ ਵਰੁ ਪਾਇਆ ਨਾਰੀ॥**[16]

ਇਸ ਤਰ੍ਹਾਂ ਪ੍ਰਮਾਤਮਾ ਰੂਪੀ ਵਰ ਦੀ ਪ੍ਰਾਪਤੀ ਨਾਲ ਔਰਤ 'ਸੁਹਾਗਣ' ਦੀ ਪਦਵੀ ਪ੍ਰਾਪਤ ਕਰ ਲੈਂਦੀ ਹੈ ਤੇ 'ਦੈਵੀ' ਆਨੰਦ ਨੂੰ ਮਾਣਦੀ ਹੈ। ਜੀਵ-ਰੂਪੀ ਇਸਤਰੀ ਸਭ ਬੰਦਸ਼ਾਂ, ਦਮਿਤ ਸੰਸਥਾਵਾਂ ਤੋਂ ਉਪਰ ਉਠ ਕੇ ਇਸ ਅਨੋਖੇ ਵਿਸਮਾਦ ਵਿੱਚ ਪ੍ਰਵੇਸ਼ ਕਰਦੀ ਹੈ, ਜਿਥੇ ਅਭੇਦਤਾ ਹੈ। ਕਿਸੇ ਉਚ-ਨੀਚ ਦਾ ਵਖਰੇਵਾ ਨਹੀਂ। ਇਥੇ ਔਰਤ ਦੇ ਆਤਮਿਕ ਸਰੂਪ ਤੇ ਦੈਵੀ ਪਿਆਰ ਵਿਚਲੀ ਵਿੱਥ ਮਿਟ ਜਾਂਦੀ ਹੈ। ਬਾਰਹਮਾਹ ਵਿੱਚ ਇਹ ਅਵਸਥਾ ਤਾਂਘ ਤੋਂ ਆਰੰਭ ਹੋ ਕੇ ਸਹਿਜ, ਗਿਆਨ ਤੇ ਆਨੰਦ ਦੀ ਅਵਸਥਾ ਤੇ ਜਾ ਮੁੱਕਦੀ ਹੈ ਜਿਥੇ ਪਹੁੰਚ ਕੇ ਜੈਂਡਰ ਭੇਦ ਬਿਲਕੁਲ ਹੀ ਮਿਟ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਬਾਰਹਮਾਹ ਵਿੱਚ ਔਰਤ ਦੀਆਂ ਸਰੀਰਕ ਖਾਹਿਸ਼ਾਂ ਨੂੰ ਮਹੱਤਵਪੂਰਨ ਸਥਾਨ ਦਿੰਦੇ ਹਨ।"ਬਾਰਾਂਮਾਂਹ ਵਿਚ ਪਤੀ-ਪਤਨੀ ਦੀ ਅਭੇਦਤਾ ਉਪਰੰਤ ਅਨੰਦ-ਵਿਸਮਾਦ ਦੀ ਸਥਿਤੀ ਤੇ ਅੰਤਮ ਸੱਚ ਦੀ ਪ੍ਰਾਪਤੀ ਦੀ ਵਾਰ-ਵਾਰ ਟੋਹ ਮਿਲਦੀ ਹੈ। ਇਸ ਵਿੱਚ ਪੇਸ਼ ਇਸਤਰੀ ਪ੍ਰੇਮ ਲਈ ਬਿਹਬਲ ਹੈ ਤੇ ਪ੍ਰੀਤਮ ਦੇ ਮਿਲਾਪ ਉਪਰੰਤ ਹੀ ਪ੍ਰਮਾਤਮਾ ਦੀ ਮਿਹਰ ਹੁੰਦੀ ਹੈ। ਸੋ ਨਦਰਿ, ਮਿਹਰ ਜਾਂ ਅੰਤਮ ਸੱਚ ਦੀ ਪ੍ਰਾਪਤੀ ਤੋਂ ਪਹਿਲਾਂ ਪਤੀ-ਪਤਨੀ ਦਾ ਮਿਲਾਪ ਅਜਿਹੀ ਬਰਾਬਰਤਾ ਵਾਲਾ ਹੈ ਜਿਸ ਵਿਚ ਕਿਧਰੇ ਵੀ ਧਿੰਗੋਜ਼ੋਰੀ ਨਹੀਂ ਸਗੋ ਆਨੰਦ ਵਿਸਮਾਦ ਦੀ ਸਥਿਤੀ ਹੈ।"[17]

ਇਸ ਤੋਂ ਅੱਗੇ 'ਸਿੱਧ ਗੋਸਟਿ' ਵਿਚ ਵੀ ਗੁਰੂ ਜੀ ਦੀ ਔਰਤ ਪ੍ਰਤੀ ਸਨਮਾਨਜਨਕ ਸੋਚ ਦਾ ਪ੍ਰਗਟਾਵਾ ਹੁੰਦਾ ਹੈ ਜਿਥੇ ਵੱਖ-ਵੱਖ ਧਰਮਾਂ ਨੇ ਇਸਤਰੀ ਨੂੰ ਪ੍ਰਭੂ-ਪ੍ਰਾਪਤੀ ਦੇ ਰਸਤੇ ਵਿੱਚ ਰੁਕਾਵਟ ਸਮਝ ਕੇ ਤ੍ਰਿਸਕਾਰਿਆ, ਉਥੇ ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਰਸਤੇ ਵਿੱਚ ਔਰਤ ਨੂੰ ਪੱਥ-ਪ੍ਰਦਰਸ਼ਕ ਮੰਨਿਆ ਹੈ। ਸਿੱਧਾਂ ਨਾਲ ਹੋਈ ਵਿਚਾਰ-ਚਰਚਾ ਵਿੱਚ ਗੁਰੂ ਜੀ ਨੇ ਗ੍ਰਹਿਸਥ ਜੀਵਨ ਨੂੰ ਮਹੱਤਤਾ ਦਿੱਤੀ ਤੇ ਘਰ ਬਾਰ ਛੱਡ ਕੇ ਸੰਨਿਆਸ ਨੂੰ ਤਰਜੀਹ ਦੇਣ ਵਾਲਿਆਂ ਨੂੰ ਫਿਟਕਾਰ ਪਈ ਤੇ ਕਿਹਾ ਕਿ ਗ੍ਰਹਿਸਥ ਨੂੰ ਨਕਾਰ ਕੇ ਸੰਨਿਆਸੀ ਹੋ ਕੇ ਫਿਰ ਉਨ੍ਹਾਂ ਹੀ ਔਰਤਾਂ ਦੇ ਘਰੋਂ ਮੰਗਣ ਜਾਂਦੇ ਹੋ ਤਾਂ ਇਹ ਸਭ ਪਾਖੰਡ ਹੈ।

ਸੰਨਿਆਸੀ ਜੀਵਨ ਦਾ ਖੰਡਨ ਕਰਦਿਆਂ ਗੁਰੂ ਜੀ ਨੇ ਸਪੱਸ਼ਟ ਕੀਤਾ ਕਿ ਦਿਖਾਵੇ ਦੇ ਸੰਨਿਆਸ ਨਾਲ ਕਾਮ ਵਾਸ਼ਨਾਵਾਂ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ। ਇਸ ਸਬੰਧੀ ਮਾਰੂ ਰਾਗ ਵਿੱਚ ਦਰਸਾਉਂਦੇ ਹਨ ਕਿ

**ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥**
**ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥**[18]

ਸੰਨਿਆਸੀ ਜੀਵਨ ਨੂੰ ਫਿਟਕਾਰਦਿਆਂ ਗ੍ਰਹਿਸਥੀ ਜੀਵਨ ਨੂੰ ਤਰਜ਼ੀਹ ਦੇਣਾ ਵੀ ਇਸਤਰੀ ਜਾਤੀ ਦੀ ਸਥਿਤੀ ਸੁਧਾਰਨ ਦਾ ਹੀ ਵਿਸ਼ੇਸ਼ ਯਤਨ ਸੀ।

ਉਪਰੋਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਔਰਤ ਬਾਰੇ ਪ੍ਰਚੱਲਿਤ ਔਰਤ ਵਿਰੋਧੀ ਧਾਰਨਾਵਾਂ ਦਾ ਵਿਰੋਧ ਕਰਕੇ ਔਰਤ ਦੀ ਸਿਰਜਣਾਤਮਕ ਸ਼ਕਤੀ ਨੂੰ ਪਛਾਣਿਆ ਤੇ ਔਰਤ ਨੂੰ ਸਤਿਕਾਰਯੋਗ ਸਥਾਨ ਦਿੱਤਾ। ਉਨ੍ਹਾਂ ਦ੍ਰਿੜ ਕਰਵਾਇਆ ਕਿ ਔਰਤ ਦੁਆਰਾ ਹੀ ਜਗਤ ਦਾ ਪਸਾਰਾ ਸੰਭਵ ਹੈ। ਔਰਤ ਰੂਪ ਵਿੱਚ ਹੀ ਪ੍ਰਭੂ ਪਤੀ ਨਾਲ ਮਿਲਾਪ ਹੋ ਸਕਦਾ ਹੈ। ਸਮੁੱਚੀ ਬਾਣੀ ਵਿੱਚ ਪੁਰਸ਼ ਪ੍ਰਮਾਤਮਾ ਹੈ ਤੇ ਮਨੁੱਖ ਇਸਤਰੀ ਰੂਪ ਵਿੱਚ। ਗ੍ਰਹਿਸਥੀ ਜੀਵਨ ਨੂੰ ਤਿਆਗ ਕੇ ਸੰਨਿਆਸ ਧਾਰਨ ਕਰਨ ਵੀ ਬਿਮਾਰ ਮਾਨਸਿਕਤਾ ਦਾ ਨਤੀਜਾ ਹੈ। ਗੁਰੂ ਜੀ ਦੀ ਸਮੁੱਚੀ ਬਾਣੀ ਔਰਤ ਪੱਖੀ ਹੈ ਜਿਸ ਨੇ ਔਰਤ ਦੇ ਗੌਰਵ ਤੇ ਮਾਣ ਨੂੰ ਵਧਾਇਆ। ਗੁਰੂ ਨਾਨਕ ਦੇ ਫਲਸਫ਼ੇ ਵਿੱਚ ਜੈਂਡਰ ਪੱਧਰ ਤੇ ਕੋਈ ਵਿਤਕਰਾ ਨਹੀਂ। ਉਹ ਸਮਾਜਿਕ ਪੱਧਰ ਤੇ ਬਰਾਬਰੀ ਦੇ ਹੱਕ ਵਿੱਚ ਆਵਾਜ਼ ਉਠਾਉਂਦੇ ਹਨ। ਸੋ ਇਸ ਆਧਾਰ ਤੇ ਗੁਰੂ ਨਾਨਕ ਦੇਵ ਜੀ ਪਹਿਲੇ ਨਾਰੀਵਾਦੀ ਚਿੰਤਕ ਦੇ ਰੂਪ ਵਿੱਚ ਉੱਭਰਦੇ ਹਨ।

## ਹਵਾਲੇ


1. Simone de Beauvoir, The Second Sex, Vintage books, New York, 1997, 8-13 ਅੱਗੋਂ ਉਧਰਿਤ, ਜਸਪ੍ਰੀਤ ਕੌਰ, "ਜੈਂਡਰ ਸਿਧਾਂਤਕਾਰੀ", ਡਾ. ਰੁਪਿੰਦਰ ਕੌਰ (ਸੰਪਾ.), ਪੰਜਾਬੀ ਸਿਰਜਣਕਾਰੀ ਵਿੱਚ ਨਾਰੀ
2. ਬਿੰਬ ਦੀ ਘਾੜਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2018, ਪੰਨਾ-50
3. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 472
4. ਉਹੀ, ਪੰਨਾ- 472-473

5. ਉਹੀ, ਪੰਨਾ- 473
6 ਡਾ. ਚਰਨਜੀਤ ਕੌਰ, ਨਾਰੀ ਨੀਝ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ-13
7 ਗੁਰੂ ਗ੍ਰੰਥ ਸਾਹਿਬ, ਪੰਨ-1108
8 ਉਹੀ
9 ਉਹੀ
10 ਉਹੀ
11 ਉਹੀ
12 ਉਹੀ
13 ਉਹੀ, ਪੰਨਾ- 1109
14 ਉਹੀ
15 ਉਹੀ
16 ਉਹੀ
17 ਡਾ. ਚਰਨਜੀਤ ਕੌਰ, ਨਾਰੀ ਨੀਝ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ- 14
18 ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ -1013

**ਮਨਦੀਪ ਕੌਰ (ਡਾ.)**
E-mail : mandeepphd@gmail.com

# ਗੁਰੂ ਨਾਨਕ ਬਾਣੀ ਵਿਚ ਮਿਥਿਕ ਵਿਸ਼ਵਾਸ

**ਡਾ. ਨਰਿੰਦਰ ਕੌਰ**

ਗੁਰੂ ਨਾਨਕ ਬਾਣੀ ਲੋਕ ਸਮੂਹ ਨੂੰ ਮੁੱਖ ਰੱਖ ਕੇ ਸਿਰਜੀ ਗਈ ਹੈ। ਲੋਕ ਸਮੂਹ ਕਈ ਵਹਿਮਾਂ-ਭਰਮਾਂ ਵਿਚ ਫਸੇ ਹੋਏ ਹਨ। ਇਹ ਵਹਿਮ ਭਰਮ ਲੋਕ ਸਮੂਹ ਦੀ ਬਿਰਤੀ ਵਿਚ ਆਦਿ ਕਾਲ ਤੋਂ ਵਸੇ ਹੋਏ ਹਨ ਇਹ ਵਿਸ਼ਵਾਸ ਜਾਣੇ ਅਣਜਾਣੇ ਮਿਥਿਹਾਸਕ ਤੱਥਾਂ ਨਾਲ ਜਾ ਜੁੜਦੇ ਹਨ ਮਿੱਥ ਲੋਕ ਚਿੰਤਨ ਅਤੇ ਅਨੁਭੂਤੀ ਦਾ ਇਕ ਮਹੱਤਵਪੂਰਣ ਅੰਗ ਹੈ। ਇਸ ਵਿੱਚ ਲੋਕ ਮਨ ਦੀਆਂ ਅਲੌਕਿਕ ਸ਼ਕਤੀਆਂ ਤੇ ਪ੍ਰਕਿਰਤੀ ਨਾਲ ਸੰਬੰਧਿਤ ਧਾਰਨਾਵਾਂ ਦਾ ਵਚਿੱਤਰ ਰੂਪ ਪ੍ਰਗਟ ਹੁੰਦਾ ਹੈ। ਮਿੱਥ ਦਾ ਮਨੁੱਖੀ ਮਨ ਨਾਲ ਗੂੜਾ ਸੰਬੰਧ ਹੈ ਕਿਉਕਿ ਮਨੁੱਖ ਆਪਣੇ ਅਤੀਤ ਅਤੇ ਵਿਰਸੇ ਨੂੰ ਸਮਝਦੇ ਅਵਚੇਤਨ, ਜੀਵਨ ਦ੍ਰਿਸ.ਟੀ ਦੀ ਥਾਹ ਪਾ ਸਕਦਾ ਹੈ। ਮਿਥਿਹਾਸ ਕੋਈ ਗਤੀ ਰਹਿਤ ਵਰਤਾਰਾ, ਘਟਨਾਵਾਂ ਦਾ ਇਕੱਠ ਜਾਂ ਮਨੁੱਖੀ ਆਸਥਾ ਤਕ ਹੀ ਸੀਮਤ ਨਹੀ ਹੁੰਦਾ ਸਗੋ ਇਹ ਮਨੁੱਖੀ ਮਨ ਦੀ ਸੰਰਚਨਾਕਾਰੀ ਵਿਚ ਦਾਰਸ.ਨਿਕ ਰੋਲ ਅਦਾ ਕਰਦਾ ਹੈ। ਇਹ ਮਨੁੱਖੀ ਮਨ ਨੂੰ ਸੁਚੇਤ ਤੌਰ ਤੇ ਇਕ ਸੰਕਲਪ, ਸੁਪਨੇ ਅਤੇ ਸਿਰਜਣਾ ਪ੍ਰਤੀ ਹੈ ਕਿਉਕਿ ਅਤੀਤ ਮਰ ਨਹੀ ਜਾਂਦਾ ਸਗੋ ਕਈ ਨਵੇ ਰੂਪਾਂ ਵਿੱਚ ਉਦੈ ਹੁੰਦਾ ਰਹਿੰਦਾ ਹੈ। ਭਵਿੱਖ ਨੂੰ ਕੇਵਲ ਉਹ ਹੀ ਦੇਖ ਸਕਦਾ ਹੈ ਜਿਸਨੇ ਅਤੀਤ ਨੂੰ ਸਮਝ ਲਿਆ ਹੈ।

ਇਨਸਾਈਕਲੋਪੀਡੀਆ ਆਫ ਰਿਲੀਜਨ ਵਿਚ ਮਿੱਥ ਦੇ ਅਰਥ ਇਸ ਪ੍ਰਕਾਰ ਹਨ :-

ਮਿੱਥ, ਕੋਈ ਵਾਸਤਵਿਕ ਸੱਚ ਨਹੀਂ ਹੁੰਦਾ ਪਰ ਫਿਰ ਵੀ ਅਸੀ ਇਸ ਨੂੰ ਅਸਤਿ ਵਿਚ ਸ਼ੁਮਾਰ ਨਹੀਂ ਕਰ ਸਕਦੇ।[1]

ਕੈਜ਼ਇਰਰ ਅਨੁਸਾਰ 'ਮਿੱਥ' ਦੀ ਸਚਾਈ ਸਮਾਜਿਕ ਗਤੀ ਰਿਵਾਜਾਂ ਦੀ ਪ੍ਰਤੀਕਾਤਮਕ ਅਭਿਵਿਅਕਤੀ ਵਿੱਚ ਹੈ।[2]

ਲੈਵੀ ਸਤ੍ਰਾਸ ਨੇ ਇਸ ਸੰਬੰਧ ਵਿੱਚ ਇੰਜ ਲਿਖਿਆ:ਮਿੱਥ ਦੀ ਸਿਰਜਣਾ ਦੇ ਵਿਕਾਸ ਨੂੰ ਮਾਨਵੀ ਪਰਿਪੇਖ ਨਾਲ ਸੰਬੰਧਿਤ ਕਰਕੇ, ਜਿਨ੍ਹਾਂ ਵਿਚ ਇਹ ਜੀਵਿਤ ਹੈ,ਸਹੀ ਤਰ੍ਹਾਂ ਸਮਝਿਆ ਜਾ ਸਕਦਾ ਹੈ, ਇਸ ਲਈ ਸਾਨੂੰ ਮਿੱਥ ਦੇ ਇਤਿਹਾਸਕ ਸਮਾਜਿਕ ਸੰਦਰਭਾਂ ਨੂੰ ਵਾਚਣਾ ਪਵੇਗਾ।[3]

ਮਰਸੀਆ ਐਲੀਏਡ ਅਨੁਸਾਰ, 'ਮਿੱਥ ਇਕ ਗੁੰਝਲਦਾਰ ਸਾਂਸਕ੍ਰਿਤਿਕ ਵਾਸਤਵਿਕਤਾ ਹੈ, ਜਿਸ ਦੀ ਵਿਆਖਿਆ ਵੱਖ-ਵੱਖ ਪਹੁੰਚ ਵਿਧੀਆਂ ਰਾਹੀਂ ਕੀਤੀ ਜਾ ਸਕਦੀ ਹੈ।[4]

ਡਾ. ਕਰਨੈਲ ਸਿੰਘ ਥਿੰਦ ਅਨੁਸਾਰ, ਮਿੱਥ ਤੋਂ ਭਾਵ ਉਹਨਾਂ ਪੁਰਾਤਨ ਪੁਰਾਣ ਕਥਾਵਾਂ ਤੋਂ ਹੈ। ਜਿਨ੍ਹਾਂ ਦੀ ਹਕੀਕਤ ਨੂੰ ਤਰਕ ਅਤੇ ਇਤਿਹਾਸਕ-ਗਵਾਹੀ ਨਾਲ ਸਿੱਧ ਨਹੀਂ ਕੀਤਾ ਜਾ ਸਕਦਾ, ਪਰ ਇਨ੍ਹਾਂ ਦੀ ਲੋਕ ਮਾਨਸ ਵਿੱਚ ਬਣੀ ਲੰਮੀ ਪਰੰਪਰਾ, ਜੋ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਚਲਦੀ ਹੈ, ਤੋਂ ਅਸੀਂ ਇਨ੍ਹਾਂ ਨੂੰ ਪੂਰੀ ਤਰ੍ਹਾਂ ਰੱਦ ਵੀ ਨਹੀਂ ਕਰ ਸਕਦੇ। ਮਿੱਥ ਜੋ ਸਮੂਹਿਕ ਚੇਤਨਾ ਦੀ ਉਪਜ ਹੁੰਦੀ ਹੈ ਤੇ ਇਸ ਨੂੰ ਬਣਨ ਵਿੱਚ ਮਹੀਨੇ ਜਾਂ ਸਾਲ ਨਹੀ ਸਗੋਂ ਅਨੇਕਾਂ ਸਦੀਆਂ ਲੱਗਦੀਆਂ ਹਨ।[5]

ਉਪਰੋਕਤ ਪਰਿਭਾਸ਼ਾਵਾਂ ਤੋਂ ਸਪਸ਼ਟ ਹੈ ਕਿ ਮਿਥਿਹਾਸ ਇਤਿਹਾਸ ਵਿੱਚ ਪਲ ਰਹੇ ਅਜਿਹੇ ਵਿਚਾਰ ਹਨ ਜੋ ਲੋਕ ਮਨ ਵਿੱਚ ਚੇਤਨ ਅਣਚੇਤਨ ਰੂਪ ਵਿੱਚ ਕਾਰਜ ਕਰ ਰਹੇ ਹਨ। ਇਤਿਹਾਸ ਮਿਥਿਹਾਸ ਮਨੁੱਖੀ ਅਵਚੇਤਨ ਵਿੱਚ ਟਿਕੇ ਵਿਚਾਰਵਾਦੀ ਸੰਸਕਾਰਾਂ ਨੂੰ ਭੰਨ ਕੇ ਉਸਨੂੰ ਵਿਗਿਆਨਕ ਦ੍ਰਿਸ਼ਟੀ ਲਈ ਤਿਆਰ ਕਰਦਾ ਹੈ। ਅਜੋਕੇ ਮਨੁੱਖ ਅੱਗੇ ਚੁਣੌਤੀਆਂ ਨੂੰ ਉਹ ਇਤਿਹਾਸ-ਮਿਥਿਹਾਸ ਵਿੱਚ ਵਾਪਰੀਆਂ ਸਿਰਜਤ ਘਟਨਾਵਾਂ ਰਾਹੀ ਵਧੇਰੇ ਸ਼ਕਤੀਸ਼ਾਲੀ ਬਣਾਉਣਾ ਚਾਹੁੰਦਾ ਹੈ। ਇਹ ਸੰਚਾਰਨਾ ਚਾਹੁੰਦਾ ਹੈ ਕਿ ਮਨੁੱਖੀ ਸਮਾਜ ਦੀ ਅਸਾਵੀ ਵੰਡ ਵਾਲੇ ਸਮਾਜ ਦੇ ਹਰ ਪੜਾਉ, ਹਰਪਰਤ, ਹਰ ਸੰਸਥਾ ਵਿੱਚ ਹੁੰਦਾ ਹੈ। ਇਸ ਪ੍ਰਕਾਰ ਇਤਿਹਾਸ-ਮਿਥਿਹਾਸ ਰਾਹੀ ਉਹ ਵਰਤਮਾਨ ਨੂੰ ਵਧੇਰੇ ਸੰਜੀਦਗੀ ਨਾਲ ਸਮਝਣ ਲਈ ਮਨੁੱਖੀ ਜੀਵਨ ਦ੍ਰਿਸ਼ਟੀ ਉਪਰ ਵਿਸ਼ੇਸ਼ ਬਲ ਦਿੰਦਾ ਹੈ। ਮਿੱਥ ਜਿਸਦੀ ਮਹੱਤਤਾ ਮਨੁੱਖੀ ਮਨ ਲਈ ਵਿਸ਼ੇਸ਼ ਮੰਨੀ ਜਾਂਦੀ ਹੈ। ਉਹ ਲੋਕ ਮਨ ਨੂੰ ਸੰਚਾਰਿਤ ਕਿਵੇ ਕਰਦੀ ਹੈ? ਅਸਲ ਵਿੱਚ ਇਤਿਹਾਸ ਵਿਕਾਸਕ੍ਰਮ ਵਿੱਚ ਉਪਲਬਧ ਪੌਰਾਣਿਕ ਕਥਾਵਾਂ, ਪਾਤਰਾਂ ਤੇ ਵਿਸ਼ਵਾਸਾਂ ਦਾ ਅਧਿਐਨ ਕਰਨਾ ਲੋੜਦਾ ਹੈ। ਕੋਈ ਵੀ ਮਿੱਥ ਵਿਅਕਤੀ ਗਤਨਹੀ ਹੁੰਦੀ, ਸਗੋ ਇਹ ਲੋਕ ਸਮੂਹ ਦਾ ਪ੍ਰਗਟਾਵਾ ਤੇ ਮਾਧਿਅਮ ਹੁੰਦੀ ਹੈ, ਇਸ ਪਿੱਛੇ ਲੋਕ ਪ੍ਰਵਾਨਗੀ ਹੁੰਦੀ ਹੈ। ਲੋਕਮਨ ਉਸ ਮਿੱਥ ਨੂੰ ਅਜਿਹੇ ਅਨੁਭਵ ਤੇ ਤਾਰਕਿਕ ਢੰਗ ਨਾਲ ਪੇਸ਼ ਕਰਦਾ ਹੈ ਕਿ ਲੋਕ ਸਮੂਹ ਵਿੱਚ ਇਸਦੀ ਕਲਪਨਾਸਤਿ ਦੀ ਪ੍ਰਤੀਤੀ ਬਣ ਕੇ ਗ੍ਰਹਿਣ ਕੀਤੀ ਜਾਂਦੀ ਹੈ। ਇਹ ਸੱਚ ਦੀ ਪ੍ਰਤੀਤੀ ਹੀ ਵਿਸ਼ਵਾਸ ਦੀ ਆਧਾਰ ਭੂਮੀ ਬਣਾਉਂਦੀ ਹੈ ਤੇ ਫਿਰ ਇੱਕ ਯੁੱਗ ਤੋ ਦੂਜੇ ਯੁੱਗ ਤੱਕ ਇਹ ਨਿਰੰਤਰ ਸਫਰ ਕਰਦੀ ਹੈ ਤੇ ਜੀਵੰਤ ਰੂਪ ਵਿੱਚ ਲੋਕ ਮਨਾਂ ਰਾਹੀ ਸੰਚਾਰ ਬੱਧ ਹੁੰਦੀ ਹੈ।

ਮਿੱਥ ਪਿੱਛੇ ਸ਼ਰਧਾ ਤੇ ਆਸਥਾ ਜੁੜੀ ਹੁੰਦੀ ਹੈ ਇਸ ਕਰਕੇ ਮਨੁੱਖ ਲਈ ਕਲਿਆਣਕਾਰੀ ਹੁੰਦੀ ਹੈ। ਲੋਕਮਨ ਸੱਚ ਵਾਂਗ ਇਸ ਨੂੰ ਮੰਨਦਾ ਹੈ ਤੇ ਰਹੱਸਮਈ ਅਨੁਭਵਾਂ ਦੇ ਪ੍ਰਗਟਾਵੇ ਦੀ ਅਭਿਵਿਅਕਤੀ ਦਾ ਆਨੰਦ ਮਾਣਦਾ ਹੈ।

ਮਿਥਿਹਾਸਕ ਕਹਾਣੀਆਂ ਦੇ ਪਾਤਰ ਦੈਵੀ ਸ਼ਕਤੀਆਂ ਵਾਲੇ ਹੋਣ ਕਰਕੇ ਅਣਮਨੁੱਖੀ ਕਰਤੱਵ ਨਿਭਾਉਦੇ ਹੋਏ ਵੀ ਮਨੁੱਖੀ ਮੁੱਲਾਂ ਨੂੰ ਸੰਤੁਸ਼ਟ ਕਰਦੇ ਹਨ। ਮਿਥਕ ਵਿਸ਼ਵਾਸ ਪ੍ਰਾਚੀਨ ਹੋਣ ਦੇ ਬਾਵਜੂਦ ਵੀ ਅੱਗੇ ਤੋ ਅੱਗੇ ਪੂਰਨ ਪ੍ਰਭਾਵ ਨਾਲ ਨਿਰੰਤਰ ਕਾਇਮ ਰਹਿੰਦੇ ਹਨ। ਮਿੱਥ ਪਰਿਵਰਤਨਸ਼ੀਲ ਹੁੰਦੀ ਹੈ ਤੇ ਇਹ ਲੋਕ ਚੇਤਨਾ ਦੀਆਂ ਵਿਭਿੰਨ ਪ੍ਰਸਥਿਤੀਆਂ, ਰੁਚੀਆਂ ਤੇ ਬਿਰਤੀਆਂ ਕਾਰਣ ਆਪਣੇ ਨਵੇ-ਨਵੇ ਅਰਥ ਗ੍ਰਹਿਣ ਕਰਦੀ ਰਹਿੰਦੀ ਹੈ। ਇਸਦੀ ਨਿਰੰਤਰਤਾ ਕਰਕੇ ਹੀ ਅੱਜ ਵੀ ਮਨੁੱਖ ਮਾਨਸਿਕ ਤੌਰ ਤੇ ਆਪਣੇ ਵਿਰਸੇ ਨਾਲ ਜੁੜਿਆ ਹੋਇਆ ਹੈ।

ਮਿਥ ਵਰਤਮਾਨ ਅਤੇ ਅਤੀਤ ਦੇ ਵਿਚਕਾਰ ਸੂਤਰ ਹੈ। ਮਿਥ ਮਨੁੱਖ ਦੀ ਵਿਕਾਸਸ਼ੀਲ ਸਿਰਜਣ ਪ੍ਰਕਿਰਿਆ ਹੈ।

ਸਮੇ ਦੇ ਬੀਤਣ ਨਾਲ ਮਿਥ ਦੇ ਅਰਥਾਂ ਅਤੇ ਇਸ ਦੀ ਸਿਰਜਣ ਪ੍ਰਕਿਰਿਆ ਵਿੱਚ ਪਰਿਵਰਤਨ ਆਇਆ ਹੈ। ਮਿਥ ਬਹੁ-ਪਸਾਰੀ, ਬਹੁ ਦਿਸ਼ਾਵੀ ਅਤੇ ਬਹੁਪੱਖੀ ਅਰਥਾਂ ਦੀ ਧਾਰਨੀ ਹੈ। ਆਦਿ ਮਾਨਵ ਤੋ ਸ਼ੁਰੂ ਹੋ ਕੇ ਵਰਤਮਾਨ ਵਿੱਚ ਕਾਰਜ ਕਰਦੀ ਹੈ। ਬੱਸ ਫਰਕ ਇਹ ਹੈ ਕਿ ਵਰਤਮਾਨ ਸਮੇ ਵਿੱਚ ਇਹ ਅਲੌਕਿਕ ਜਗਤ ਦੀ ਥਾਂ ਲੌਕਿਕ ਜਗਤ ਨਾਲ ਸੰਬੰਧਿਤ ਹੋ ਗਈ ਹੈ ਅਤੇ ਅਲੌਕਿਕ ਯਥਾਰਥ ਵਲ ਜਾ

ਰਹੀ ਹੈ। ਮਿਥ ਦਾ ਕਾਰਜ ਪਰੰਪਰਾ ਦੇ ਪ੍ਰਤੀ ਜਾਗਰੂਕਤਾ ਉਤਪੰਨ ਕਰਕੇ ਅਤੀਤ ਨੂੰ ਨਵੇ ਜੀਵਨ ਸੰਦਰਭ ਅਤੇ ਮੁੱਲਾਂ ਵਿੱਚ ਪੇਸ਼ ਕਰਨਾ ਹੁੰਦਾ ਹੈ। ਮਿਥ ਇਕ ਅਜਿਹੀ ਸਿਰਜਣਾ ਹੈ, ਜੋ ਵਿਕਾਸਸ਼ੀਲ ਪਰੰਪਰਾ ਵਿੱਚ ਸੱਚ ਦਾ ਸਾਥ ਕਦੀ ਨਹੀ ਛੱਡਦੀ। ਉਦਾਹਰਣ ਵਜੋ ਸਭ ਜਿੰਦਗੀ ਦੀ ਅਟੱਲ ਸਚਾਈ ਹੈ। ਮੌਤ ਕਿੱਥੇ ਹੋਣੀ ਹੈ ਅਤੇ ਕਦੋ ਹੋਣੀ ਹੈ ਇਸ ਸੰਬੰਧੀ ਵੀ ਕਈ ਮਿਥਿਹਾਸਕ ਕਹਾਣੀਆਂ ਮਿਲਦੀਆਂ ਹਨ। ਅਕਸਰ ਵਿਅਕਤੀ ਦੀ ਮੌਤ ਤੋ ਬਾਅਦ ਲੋਕ ਇਹੀ ਕਹਿੰਦੇ ਹਨ ਵਿਚਾਰੇ ਦੀ ਇਸ ਤਰ੍ਹਾਂ ਹੀ ਅਤੇ ਇਸੇ ਹੀ ਥਾਂ ਤੇ ਮੌਤ ਲਿਖੀ ਹੋਈ ਸੀ।

ਮਿਥ ਮਨੋਰੰਜਨ ਦਾ ਵੀ ਸਾਧਨ ਹੈ। ਫਿਲਮੀ ਦੁਨੀਆਂ ਵਿੱਚ ਹਰ ਚੀਜ ਕਲਪਨਾ ਤੇ ਬਨਾਵਟੀ ਪਨ ਤੇ ਆਧਾਰਿਤ ਹੈ ਪਰੰਤੂ ਜਿੰਦਗੀ ਦੇ ਯਥਾਰਥ ਨਾਲ ਮੇਲ ਕਰਦੀ ਕਹਾਣੀ ਪੇਸ਼ ਕੀਤੀ ਜਾਂਦੀ ਹੈ। ਇਸ ਪੇਸ਼ਕਾਰੀ ਦੇ ਪਿੱਛੇ ਇਕ ਸਮੂਹ ਕਾਰਜਸ਼ੀਲ ਹੁੰਦਾ ਹੈ ਅਤੇ ਵਿਗਿਆਨਕ ਤਕਨੀਕਾਂ ਵੀ ਕਾਰਜਸ਼ੀਲ ਹੁੰਦੀਆਂ ਹਨ, ਪਰ ਪੇਸ਼ਕਾਰੀ ਕਲਾਕਾਰਾਂ ਦੀ ਹੁੰਦੀ ਹੈ। ਇਸ ਲਈ ਇਹਨਾਂ ਕਲਾਕਾਰਾਂ ਦਾ ਸਿੱਧਾ ਸੰਬੰਧ ਜਨ-ਮਾਨਸ ਨਾਲ ਹੁੰਦਾ ਹੈ। ਇਹ ਕਲਾਕਾਰ ਜਨ-ਮਾਨਸ ਦੇ ਮਨ ਦੀ ਅਭਿਵਿਅਕਤੀ ਕਰਨ ਕਰਕੇ ਲੋਕਾਂ ਦੇ ਨਾਇਕ ਬਣ ਜਾਂਦੇ ਹਨ। ਇਸ ਨਾਇਕ ਦੀ ਆਪਣੀ ਕੋਈ ਜਾਤ, ਧਰਮ, ਰਾਜ ਜਾਂ ਭਾਸ਼ਾ ਦੀ ਪ੍ਰਤੀਨਿਧਤਾ ਨਹੀ ਹੁੰਦੀ ਸਗੋ ਇਹ ਸਮੁੱਚੇ ਭਾਰਤੀ ਸੰਸਕ੍ਰਿਤੀ ਦੇ ਲੋਕ ਜਨ ਦੇ ਨਾਇਕ ਹੁੰਦੇ ਹਨ। ਮਿਥ ਦਾ ਨਾਇਕ ਹੁੰਦਾ ਹੈ ਜੋ ਲੋਕ ਮਨ ਦੀਆਂ ਭਾਵਨਾਵਾਂ ਦਾ ਪ੍ਰਗਟਾਅ ਕਰਦਾ ਹੈ।

ਮਿਥਕ ਕਥਾਵਾਂ੍ਧ ਰੂਪ ਵਿੱਚ ਲੋਕ ਮਾਨਸ ਦੀ ਅਭਿਵਿਅਕਤੀ ਹਨ। ਆਮ ਲੋਕਾਂ ਦੇ ਮਨ ਅੰਦਰ ਪ੍ਰਮਾਤਮਾ, ਮਨੁੱਖ, ਬ੍ਰਹਿਮੰਡ, ਪ੍ਰਕਿਰਤੀ ਨਾਲ ਜੁੜੇ ਹੋਏ ਅਨੇਕਾਂ ਸ਼ੰਕਿਆਂ ਅਤੇ ਰਹੱਸਾਂ ਦਾ ਸਪਸ਼ਟੀਕਰਣ ਇਹਨਾਂ ਵਿੱਚ ਲੱਭਦਾ ਹੈ।

ਰੀਵਰ ਅਤੇ ਬੋਸਵੈਲ ਅਨੁਸਾਰ ਮਿਥਕ ਕਥਾਵਾਂ ਦੀ ਧਾਰਮਿਕ ਅਹਿਮੀਅਤ ਬਹੁਤ ਹੁੰਦੀ ਹੈ, ਮਿਥਕ ਧਰਮ ਤੋ ਬਿਨਾਂ ਹੋਂਦ ਵਿੱਚ ਨਹੀ ਆ ਸਕਦਾ।[6]

ਮਿਥ ਦਾ ਨਿਕਾਸ ਧਰਮ ਦੇ ਜਟਿਲ ਵਰਤਾਰੇ ਨਾਲ ਜੁੜੇ ਵਿਸ਼ਵਾਸਾਂ ਤੇ ਅਨੁਸ਼ਠਾਨਿਕ ਰੂਪਾਂ ਚੋ ਹੋਇਆ ਹੈ।

ਮਿਥ ਆਦਿ ਮਨੁੱਖ ਦੇ ਜੰਗਲੀ ਰਹਿਣੀ ਬਹਿਣੀ ਦੇ ਮੁੱਢਲੇ ਪੜਾਵਾਂ ਰਾਹੀ ਅਚੇਤ ਡਰ ਦੀ ਹੋਂਦ ਕਰਕੇ ਉਤਪੰਨ ਤੇ ਵਿਕਸਿਤ ਹੋਈ। ਮਿਥ ਤੇ ਧਰਮ ਦਾ ਅਟੁੱਟ ਸੰਬੰਧ ਹੁੰਦਾ ਹੈ। ਇਸ ਸੰਬੰਧ ਵਿੱਚ ਸ਼ਿਲਪੇ ਲਿਖਦਾ ਹੈ।

ਮਿਥਕ ਕਥਾ ਧਰਮ ਜਿੰਨੀ ਹੀ ਪੁਰਾਣੀ ਹੈ। ਇਹ ਦੋਵੇ ਇਕ ਦੂਜੇ ਦੇ ਏਨੇ ਨੇੜੇ ਹਨ ਕਿ ਮਿਥਕ ਕਥਾ ਇਕ ਧਾਰਮਿਕ ਪਦ ਹੀ ਲੱਗਦਾ ਹੈ।[7]

ਮੈਲਨੀਵਸਕੀ ਦੇ ਸ਼ਬਦਾਂ ਵਿੱਚ ਮਿਥਕ ਕਥਾਵਾਂ ਲੋਕ ਧਰਮ ਨੂੰ ਅੰਦੋਲਿਤ ਕਰਕੇ ਨੈਤਿਕ ਕੀਮਤਾਂ ਦੀ ਅਮਿੱਟ ਛਾਪ ਸਾਡੇ ਜੀਵਨ ਉਪਰ ਉਲੀਕਦੀਆਂ ਰਹੀਆਂ ਹਨ। ਆਦਿ ਕਾਲ ਤੋ ਹੀ ਵਿਸ਼ਵਾਸ ਨੂੰ ਵਧੇਰੇ ਮੰਨਣਯੋਗ ਬਣਾਉਣ, ਨੀਤੀ ਸ਼ਾਸਤਰ ਨੂੰ ਪ੍ਰਸਥਿਤੀ ਅਨੁਕੂਲ ਲਾਗੂ ਕਰਨ, ਸਮਰੱਥਾ ਨੂੰ ਦ੍ਰਿੜ

ਕਰਵਾਉਣ ਅਤੇ ਮਨੁੱਖ ਦੀ ਅਗਵਾਈ ਲਈ ਠੋਸ ਸਿਧਾਂਤ ਅਰਪਿਤ ਕਰਨ ਵਿੱਚ ਸਹਾਇਤਾ ਕਰਦੀਆਂ ਰਹੀਆਂ ਹਨ।[8]

ਹਿੰਦੂ ਧਰਮ ਅਨੁਸਾਰ ਧਰਮ ਰਾਜ ਪਰਮਾਤਮਾ ਦਾ ਥਾਪਿਆ ਹੋਇਆ ਇਕ ਦੇਵਤਾ ਹੈ, ਜੋ ਜੀਵਾਂ ਨੂੰ ਉਹਨਾਂ ਦੇ ਕੀਤੇ ਕਰਮਾਂ ਅਨੁਸਾਰ ਸਜਾ ਤੇ ਸੁੱਖ ਦਿੰਦਾ ਹੈ। ਪਾਪਾਂ ਦੇ ਆਧਾਰ ਉਪਰ ਜੀਵਾਂ ਨੂੰ ਧਰਮ ਰਾਇ ਨਰਕਾਂ ਵਿਚ ਭੇਜਦਾ ਹੈ ਤੇ ਪੁੰਨਾਂ ਦੇ ਫਲਸਰੂਪ ਉਹ ਜੀਵਾਂ ਨੂੰ ਸਵਰਗ ਦਾ ਵਾਸ ਦਿੰਦਾ ਹੈ। ਜਿਹੋ ਜਿਹੇ ਮਨੁੱਖ ਦੇ ਕਰਮ ਹੁੰਦੇ ਹਨ ਉਹਨਾਂ ਦੇ ਅਨੁਸਾਰ ਹੀ ਉਹਨਾਂ ਨੂੰ ਜੂਨਾਂ ਮਿਲਦੀਆਂ ਹਨ। ਇਸ ਤਰ੍ਹਾਂ ਧਰਮਰਾਇ ਸਦਾ ਇਨਸਾਫ ਕਰਦਾ ਹੈ ਪਰ ਉਹ ਖੁਦ ਮੁਖਤਿਆਰ ਨਹੀ, ਸਗੋ ਮਾਲਕ-ਏ-ਕੁਲ ਦਾ ਬਣਾਇਆ ਹੋਇਆ ਹੈ ਤੇ ਉਸਦਾ ਪ੍ਰਤਿਹਾਰ ਹੈ।[9]

ਗੁਰੂ ਨਾਨਕ ਬਾਣੀ ਵਿਚ ਧਰਮ ਰਾਜ ਇੱਕ ਨਿਰੰਕਾਰੀ ਹੁਕਮ ਹੈ, ਵਿਧਾਨ ਹੈ। ਅੰਤਹਕਰਣ ਦਾ ਵਹੀਖਾਤਾ ਮਨ ਦੇ ਸੁਚੇਤ ਤੇ ਅਚੇਤ ਭਾਗ ਹਨ ਤੇ ਸੁਭਾਅ ਹਨ। ਇਸੇ ਵਿਚ ਹੀ ਮਨੁੱਖ ਧਾਰਮਿਕ ਸਿੱਖਿਆ ਅਨੁਸਾਰ ਆਪਣੇ ਜੀਵਨ ਨੂੰ ਗੁਰੂ ਸਿੱਖਿਆ ਅਨੁਸਾਰ ਢਾਲਣ ਦਾ ਯਤਨ ਕਰਦਾ ਹੈ। ਗੁਰੂ ਜੀ ਨੇ ਵਿਸ਼ਵਾਸ ਨੂੰ ਰੱਬੀ ਹੁਕਮ ਅਨੁਸਾਰ ਦ੍ਰਿੜ ਕਰਵਾਉਣ ਲਈ ਪ੍ਰਭੂ ਸ਼ਕਤੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਹਨਾਂ ਅਨੁਸਾਰ *ਧਰਮਰਾਜ* ਮਿੱਥ ਇਕ ਰੱਬੀ ਵਿਧਾਨ ਹੈ, ਜਿਸਦਾ ਕਾਰਜ ਜੀਵਾਂ ਦੇ ਕਰਮਾਂ ਦਾ ਲੇਖਾ ਜੋਖਾ ਕਰਨਾ ਹੈ :

**ਨਾਨਕ ਜੀਅ ਉਪਾਇ ਕੇ ਲਿਖਿ ਨਾਵੈ ਧਰਮੁ ਬਹਾਲਿਆ।**
**ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ।**
**ਥਾਉ ਨ ਪਾਇਨਿ ਕੂੜਿਆਰ ਮੁਹ ਕਾਲੇ ਦੋਜਕਿ ਚਾਲਿਆ।**
**ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਚਾਲਿਆ।**
**ਲਿਖਿ ਨਾਵੈ ਧਰਮੁ ਬਹਾਲਿਆ।**[10]

ਮੌਤ ਤੋ ਬਾਅਦ ਧਰਮਰਾਇ ਸਾਰੇ ਜੀਵਨ ਦਾ ਹਿਸਾਬ ਕਿਤਾਬ ਪਤਾ ਕਰਦਾ ਹੈ। ਉਹਦੇ ਹਿਸਾਬ ਨਾਲ ਸਵਰਗ ਨਰਕ ਦੇ ਸਥਾਨ ਦੀ ਪ੍ਰਾਪਤੀ ਹੁੰਦੀ ਹੈ। ਧਰਮਰਾਇ ਪ੍ਰਭੂ ਦੀ ਅਪਾਰ ਸ਼ਕਤੀ ਦੇ ਅਧੀਨ ਹੈ। ਅਸਲ ਵਿਚ ਜੀਵ ਆਤਮਾ ਪਰਮਾਤਮਾ ਇਕ ਹਨ। ਇਹ ਪਰਮਾਤਮਾ ਦੀ ਅੰਸ਼ ਹੈ, ਪਰ ਆਪਣੀ ਮੌਜੂਦਾ ਹਾਲਤ ਵਿਚ ਇਹ ਪਰਮਾਤਮਾ ਨਹੀ। ਇਹ ਅਨੇਕਤਾ ਵਿਚ ਹੈ। ਇਹਨਾਂ ਦੋਹਾਂ ਵਿਚ ਏਕਤਾ ਵੀ ਹੈ ਅਤੇ ਅਨੇਕਤਾ ਵੀ ਹੈ।

**ਆਤਮ ਮਹਿ ਰਾਮੁ ਰਾਮੁ ਮਹਿ ਆਤਮੁ ਚੀਨਸਿ ਗੁਰ ਬੀਚਾਰਾ।**[11]

ਮਿਥਕ ਵਿਸ਼ਵਾਸ ਅਨੁਸਾਰ ਜੀਵ ਆਪਣੇ ਪੂਰਬਲੇ ਕਰਮਾਂ ਅਨੁਸਾਰ ਇਸ ਸੰਸਾਰ ਤੇ ਆਉਦਾ ਹੈ। ਕਰਮਾਂ ਅਨੁਸਾਰ ਦਿਸਦੇ ਸੰਸਾਰ ਵਿਚ ਵਿਚਰਦਾ ਤੇ ਅੰਤ (ਮੌਤ ਦੇ ਦਿਨ) ਨਿਸ਼ਚਿਤ ਕਰਦਾ ਹੈ, ਮੌਤ ਤੋ ਬਾਅਦ ਧਰਮਰਾਜ ਦੀ ਕਚਹਿਰੀ ਵਿਚ ਨਰਕ-ਸੁਰਗ ਦੀ ਸਜਾ ਮਿਲਦੀ ਹੈ। ਨਰਕ ਸੁਰਗ ਸਭ ਪੁਰਾਣਕ ਪ੍ਰਚਲਿਤ ਵਿਸ਼ਵਾਸ ਹਨ। ਗੁਰੂ ਨਾਨਕ ਦੇਵ ਜੀ ਨੇ ਧਰਮਰਾਜ ਤੇ ਇਸ ਨਾਲ ਜੁੜੀ ਸ਼ਬਦਾਵਲੀ ਤੇ

ਵਿਸ਼ਵਾਸ ਸਿਰਫ ਗੁਰੂ ਜੀ ਨੇ ਪ੍ਰਭੂ ਨਾਮ ਸਿਮਰਨ ਦੇ ਉਪਦੇਸ਼ ਦੇਣ ਲਈ ਇੱਕ ਸਾਧਨ ਦੇ ਤੌਰ ਤੇ ਵਰਤਿਆ ਹੈ। ਗੁਰਮੁਖਿ *ਧਰਮਰਾਜ* ਦੀ ਧਾਰਨਾ ਨੂੰ ਨਹੀ ਮੰਨਦਾ।

**ਧਰਮਰਾਜ ਤੋ ਚਿਤਰਗੁਪਤ ਪ੍ਰਭੂ ਦੇ ਗੁਣ ਗਾਉਦੇ ਹਨ।**
**ਗਾਵਹਿ ਤੁਧਨੋ ਪਉਣੁ ਪਾਣੀ ਬੈਸੰਤਰ ਗਾਵੈ ਰਾਜਾ ਧਰਮੁ ਦੁਆਰੇ।**[12]

ਹਿੰਦੂ ਪੁਰਾਣਾਂ ਵਿਚ ਲੋਕ ਧਾਰਨਾ ਹੈ ਕਿ ਚਿਤਰਗੁਪਤ ਧਰਮਰਾਜ ਦੀ ਕਚਹਿਰੀ ਵਿਚ ਮਨੁੱਖ ਦੇ ਚੰਗੇ ਮੰਦੇ ਕਰਮ ਲਿਖਣ ਵਾਲਾ ਮੁਨਸ਼ੀ ਜਾਂ ਲਿਖਾਰੀ ਹੈ। ਇਹ ਗੁਪਤ ਢੰਗ ਨਾਲ ਕਰਮਾਂ ਦੇ ਸਾਰੇ ਵੇਰਵੇ ਪੂਰਨ ਤੌਰ ਤੇ ਲਿਖਦਾ ਹੈ। ਸਕੰਦ ਪੁਰਾਣ ਮੁਤਾਬਿਕ ਚਿਤ੍ਰ ਨਾਂ ਦਾ ਰਾਜਾ ਲੇਖੇ ਵਿਚ ਬੜਾ ਚਤੁਰ ਸੀ। ਇਸ ਲਈ ਧਰਮਰਾਜ ਨੇ ਉਸਨੂੰ ਆਪਣੇ ਪਾਸ ਹੀ ਰੱਖ ਲਿਆ। ਗਰੁੜ ਪੁਰਾਣ ਦੀ ਲਿਖਤ ਅਨੁਸਾਰ ਚਿਤਰਗੁਪਤ ਦੀ ਪੁਰੀ ਧਰਮਰਾਜ ਦੇ ਲਾਗੇ ਹੀ ਹੈ ਜੋ ਕਿ ਮਨੁੱਖ ਦੇ ਸਾਰੇ ਕਰਮਾਂ ਦਾ ਲੇਖਾ ਕਰਦੀ ਹੈ। ਕਈ ਚਿਤ੍ਰ ਤੇ ਗੁਪਤ ਨੂੰ ਦੋ ਕਰਮਚਾਰੀ ਮੰਨਦੇ ਹਨ।[13]

*ਜਪੁ* ਬਾਣੀ ਵਿਚ ਇੰਜ ਲਿਖਿਆ ਹੈ ਕਿ ਪ੍ਰਭੂ ਸਿਮਰਨ ਕਰਨ ਤੇ ਚੰਗੇ ਅਮਲ ਕਰਕੇ ਚਿਤ੍ਰਗੁਪਤ ਵਾਲੇ ਸਾਰੇ ਲੇਖੇ ਮੁੱਕ ਜਾਂਦੇ ਹਨ।

**ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ।**
**ਲਖਿ ਲਿਖਿ ਧਰਮੁ ਵੀਚਾਰੇ।**[14]

ਗੁਰੂ ਨਾਨਕ ਬਾਣੀ ਅਨੁਸਾਰ ਗੁਰਮੁਖ ਲਈ ਚਿਤ੍ਰਗੁਪਤ ਦੀ ਕੋਈ ਧਾਰਣਾ ਨਹੀ, ਸਗੋ ਮਨੁੱਖ ਦੇ ਕੀਤੇ ਚੰਗੇ ਮੰਦੇ ਕਰਮ ਹੀ ਚਿਤਰਗੁਪਤ ਹਨ।

ਮਿਥਕ ਵਿਸ਼ਵਾਸ ਅਨੁਸਾਰ ਆਤਮਾ ਜੀਵ ਦੀ ਮੌਤ ਪਿਛੋ ਪੰਜ ਭੌਤਿਕ ਸਰੀਰ ਵਿਚੋ ਨਿਕਲਕੇ, ਕਿਸੇ ਹੋਰ ਸਰੀਰ ਵਿਚ ਪ੍ਰਵੇਸ਼ ਕਰਕੇ ਉਸਨੂੰ ਜੀਵਨ ਬਖਸ਼ਦੀ ਹੈ। ਆਤਮਾ ਦੇ ਇਕ ਸਰੀਰ ਤੋ ਦੂਜੇ ਸਰੀਰ ਵਿਚ ਜਾਣ ਦੀ ਪ੍ਰਕ੍ਰਿਆ ਨੂੰ ਆਵਾਗਵਣ ਕਿਹਾ ਜਾਂਦਾ ਹੈ। ਆਵਾਗਵਣ ਦਾ ਸਿਧਾਂਤ ਪੁਰਾਤਨ ਭਾਰਤੀ ਪਰੰਪਰਾ ਵਿਚ ਬਹੁਤ ਪ੍ਰਾਚੀਨ ਕਾਲ ਤੋ ਹੈ। ਹਿੰਦੂ ਧਰਮ ਨਾਲ ਸੰਬੰਧਿਤ ਗ੍ਰੰਥਾਂ ਵੇਦਾਂ, ਉਪਨਿਸ਼ਦਾਂ, ਸ਼ਸਤ੍ਰਾਂ ਅਤੇ ਗੀਤਾਂ ਵਿਚ ਵੀ ਆਵਾਗਵਣ ਦੇ ਸਿਧਾਂਤ ਦਾ ਜਿਕਰ ਮਿਲਦਾ ਹੈ। ਇਸ ਮਿੱਥ ਅਨੁਸਾਰ ਮਨੁੱਖੀ ਜੀਵ ਦਾ ਜਨਮ ਕਰਮ ਆਧਾਰਿਤ ਹੁੰਦਾ ਹੈ ਤੇ ਫਿਰ ਮੌਤ ਤੋ ਬਾਅਦ ਅਗਲਾ ਜਨਮ ਵੀ ਪਿਛਲੇ ਕੀਤੇ ਕਰਮਾਂ ਅਨੁਸਾਰ ਹੀ ਹੁੰਦਾ ਹੈ। ਆਵਾਗਵਨ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਪਦ ਆਵਾਗਮਨ ਵਿਚੋ ਨਿਕਲਿਆ ਹੈ, ਜਿਸ ਦਾ ਸ਼ਾਬਦਿਕ ਅਰਥ ਆਉਣਾ-ਜਾਣਾ ਹੈ। ਹਿੰਦੂ ਧਰਮ ਅਨੁਸਾਰ ਜੇ ਮਨੁੱਖ ਭਲੇ ਕਰਮ ਕਰਦਾ ਹੈ ਤਾਂ ਉਸਨੂੰ ਅੱਛੇ ਘਰ ਜਨਮ ਮਿਲਦਾ ਹੈ ਅਤੇ ਜੇ ਬੁਰੇ ਕਰਮ ਕਰਦਾ ਹੈ ਤਾਂ ਗਰੀਬੀ, ਬੀਮਾਰੀ ਤੇ ਜਿਲਤ ਭਰਿਆ ਜੀਵਨ ਮਿਲਦਾ ਹੈ। ਮੰਨਿਆਂ ਜਾਂਦਾ ਹੈ ਕਿ ਮਨੁੱਖ ਨੂੰ ਚੌਰਾਸੀ ਲੱਖ ਜੂਨਾਂ ਭੋਗਣੀਆਂ ਪੈਂਦੀਆਂ ਹਨ। ਬਾਣੀ ਵਿਚ ਇਹਨਾਂ ਜੂਨਾਂ ਦਾ ਜਿਕਰ ਹੈ

**ਸੂਕਰ ਸੁਆਨ ਗਰਧਭ ਮੰਜਾਰਾ।**
**ਪਸੂ ਮਲੇਛ ਨੀਚ ਚੰਡਾਲਾ।**
**ਗੁਰ ਤੇ ਮੁਹੁ ਫੇਰੇ ਤਿਨ ਜੋਨਿ ਭਵਾਈਐ।**
**ਬੰਧਨਿ ਬਾਧਿਆ ਆਈਐ ਜਾਈਐ।**
**ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ।**
**ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ।**[15]

ਭਾਰਤੀ ਸੰਸਕ੍ਰਿਤੀ ਦੇ ਵੈਦਿਕ ਕਾਲ ਦਾ ਅਧਿਐਨ ਕਰੀਏ ਤਾਂ ਮੰਨੂ ਨੇ ਆਪਣੀ ਕੱਟੜਵਾਦੀ ਸੋਚ ਤੋ ਸਮਾਜ ਦਾ ਅਧਿਐਨ ਕੀਤਾ ਅਤੇ ਉਹਨਾ ਨਿਯਮਾਂ ਨੂੰ ਸਮਾਜ ਦੇ ਉਪਰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ। ਮੰਨੂ ਦੀ ਔਰਤ ਪ੍ਰਤੀ ਸੋਚ ਨਾਕਾਰਾਤਮਕ ਸੀ, ਜਿਸ ਕਾਰਨ ਉਸਨੇ ਔਰਤ ਦੇ ਵਿਕਾਸ ਦੀ ਗੱਲ ਨਹੀ ਕੀਤੀ, ਸਗੋ ਔਰਤ ਪ੍ਰਤੀ ਉਸਦਾ ਰਵੱਈਆ ਨਾਂਹ ਪੱਖੀ ਰਿਹਾ ਹੈ। ਔਰਤ ਲਈ ਉਸਨੇ ਬੰਧਨਾਂ, ਨਿਯਮਾਂ ਤੇ ਕਦਰਾਂ ਕੀਮਤਾਂ ਨੂੰ ਇਸ ਤਰ੍ਹਾਂ ਸਥਾਪਿਤ ਕੀਤਾ ਕਿ ਉਸਨੂੰ ਸਮਾਜ ਦੀ ਦੂਜੀ ਸਿਰਜਣਾ ਬਣਾ ਦਿੱਤਾ ਪਰੰਤੂ ਮੰਨੂ ਦੀ ਇਸ ਸੋਚ ਦਾ ਸਮਾਜ ਵਿੱਚ ਪ੍ਰਚਲਿਤ ਵਿਚਾਰਧਾਰਾ ਦਾ ਕਿਸੇ ਰਿਸ਼ੀ ਮੁਨੀ ਨੇ ਖੰਡਨ ਨਹੀ ਕੀਤਾ ਸਗੋ ਉਹਨਾਂ ਦਾ ਔਰਤਾਂ ਪ੍ਰਤੀ ਰਵੱਈਆ ਨਾਂਹ ਮੁਖੀ ਅਰਥਾਂ ਵਿਚ ਹੀ ਵਿਅਕਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਸਮਾਜ ਵਿੱਚ ਸਨਮਾਨ ਯੋਗ ਸਥਾਨ ਪ੍ਰਾਪਤ ਕਰਵਾਇਆ ਹੈ।

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।**[16]

ਔਰਤ ਸਮਾਜ ਦੀ ਅਜਿਹੀ ਸਿਰਜਣਾ ਹੈ, ਜੋ ਸਿਰਜਣਾਤਮਕ ਸ਼ਕਤੀ ਰੱਖਦੀ ਹੈ। ਔਰਤ ਦੀ ਸਿਰਜਣਾਤਮਕ ਸ਼ਕਤੀ ਸੰਬੰਧੀ ਉਸ ਸਮੇ ਦੇ ਸਮਾਜ ਵਿੱਚ ਕਈ ਗਲਤ ਮਨੌਤਾਂ, ਵਿਸ਼ਵਾਸ ਤੇ ਮਿੱਥਾਂ ਪ੍ਰਚਲਿਤ ਸਨ। ਇਹੋ ਕਾਰਨ ਸੀ ਕਿ ਜੋ ਔਰਤ ਬੱਚੇ ਪੈਦਾ ਕਰਨ ਤੋ ਅਸਮੱਰਥ ਰਹਿੰਦੀ ਸੀ, ਸਮਾਜ ਵਿੱਚ ਉਸ ਨੂੰ ਤ੍ਰਿਸਕਾਰਿਆ ਜਾਂਦਾ ਰਿਹਾ ਹੈ।

ਆਦਿ ਮਾਨਵ ਲਈ ਬੱਚੇ ਦਾ ਜਨਮ ਕੁਦਰਤੀ ਵਰਤਾਰਾ ਹੋਣ ਕਰਕੇ ਸਹਿਜ ਪ੍ਰਕਿਰਿਆ ਦਾ ਅੰਗ ਸੀ। ਇਸੇ ਲਈ ਉਸਨੇ ਕਈ ਪਰਾਸਰੀਰਕ ਸ਼ਕਤੀਆਂ ਦੀ ਸਿਰਜਣਾ ਕੀਤੀ, ਜੋ ਬੱਚੇ ਦੇ ਜਨਮ ਨਾਲ ਸੰਬੰਧਿਤ ਕਾਰਜ ਨੂੰ ਸਫਲ ਬਣਾਉਣ ਲਈ ਉਸ ਦੀ ਸਹਾਇਤਾ ਕਰਦੀਆਂ ਹਨ। ਜਨਮ ਨਾਲ ਸੰਬੰਧਿਤ ਸੰਸਕਾਰਾਂ ਨੂੰ ਗਰਭਧਾਨ ਸੰਸਕਾਰ ਕਿਹਾ ਜਾਂਦਾ ਹੈ। ਵੈਦਿਕ ਸੰਸਕ੍ਰਿਤੀ ਵਿੱਚ ਇਹਨਾਂ ਸੰਸਕਾਰਾਂ ਨੂੰ ਧਾਰਮਿਕ ਤੇ ਪਵਿਤਰ ਸੰਸਕਾਰਾਂ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਕਿਉਕਿ ਬੱਚੇ ਦਾ ਜਨਮ ਨਵੀ ਆਤਮਾ ਦੇ ਪ੍ਰਵੇਸ਼ ਦੁਆਰਾ ਹੀ ਹੁੰਦਾ ਹੈ। ਪਰਮਾਤਮਾ ਦੇ ਹੁਕਮ ਅਨੁਸਾਰ ਵਾਪਰਦਾ ਹੈ।

**ਬਿੰਦੁ ਰਕਤੁ ਮਿਲਿ ਪਿੰਡ ਸਰੀਆ।**
**ਪਉਣੁ ਪਾਣੀ ਅਗਨੀ ਮਿਲਿ ਜੀਆ।**[17]

**ਮਾਤ ਪਿਤਾ ਸੰਜੋਗਿ ਉਪਾਏ ਰਕਤੁ ਬਿੰਦ ਮਿਲਿ ਪਿੰਡ ਕਰੇ।**
**ਅੰਤਰਿ ਗਰਭ ਉਰਧਿ ਲਿਵ ਲਾਗੀ ਸੋ ਪ੍ਰਭੁ ਸਾਰੇ ਦਾਤਿ ਕਰੇ।**[18]

ਪੁਰਾਤਨ ਗ੍ਰੰਥਾਂ ਵਿਚ ਗਰਭ ਧਾਰਨ ਕਰਨ ਵਾਲੀ ਅਵਸਥਾ ਨੂੰ ਗਰਭਾਨਾ ਕਿਹਾ ਗਿਆ ਹੈ। ਜਿਸਦਾ ਸ਼ਾਬਦਿਕ ਅਰਥ ਹੈ ਪੌਦਿਆਂ ਨੂੰ ਫਲ ਲਗਣਾ ਜਦੋ ਪੌਦੇ ਨੂੰ ਫਲ ਲੱਗਦੇ ਹਨ ਤਾਂ ਕਈ ਦੁਸ਼ਟ ਆਤਮਾਵਾਂ, ਵਿਅਕਤੀ ਅਤੇ ਪੰਛੀ ਆਪਣੇ ਸਵਾਰਥ ਲਈ ਕੱਚੇ ਫਲ ਲੱਗਦੇ ਹਨ ਤਾਂ ਉਹਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ।

ਇਸੇ ਤਰ੍ਹਾਂ ਗਰਭ ਵਿੱਚ ਪਲ ਰਹੇ ਬੱਚੇ ਨੂੰ ਦੁਸ਼ਟ ਆਤਮਾਵਾਂ ਤੋ ਬਣਾਉਣ ਲਈ ਧਾਰਮਿਕ ਸੰਸਕਾਰ ਕੀਤੇ ਜਾਂਦੇ ਹਨ।

ਇਹਨਾਂ ਧਾਰਮਿਕ ਸੰਸਕਾਰਾਂ ਰਾਹੀ ਇਸ਼ਟ ਦੇਵ ਅੱਗੇ ਬੱਚੇ ਦੀ ਰੱਖਿਆ ਲਈ ਅਰਦਾਸ ਕੀਤੀ ਜਾਂਦੀ ਹੈ। ਉਹ ਆਪ ਸਹਾਈ ਹੋ ਕੇ ਬੱਚੇ ਦੀ ਰੱਖਿਆ ਕਰਦਾ ਹੈ, ਕਿਉਕਿ ਪਰਮਾਤਮਾ ਹੀ ਬੱਚੇ ਨੂੰ ਜੀਵਨ ਦਾਨ ਦੇਦਾ ਹੈ।

**ਗਰਭ ਕੁੰਡਲ ਮਹਿ ਉਰਧ ਧਿਆਨੀ।**
**ਆਪੈ ਜਾਣੈ ਅੰਤਰਜਾਮੀ****
**ਸਾਸਿ ਸਾਸਿ ਸਚੁ ਨਾਮ ਸਮਾਲੇ ਅੰਤਰਿ ਉਦਰ ਮਝਾਰਾ ਹੇ।**[19]

ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਗਰਭ ਦਾ ਅਗਨਿ ਵੀ ਦੱਸਿਆ ਹੈ। ਭਾਰਤੀ ਵਿਚਾਰਧਾਰਾ ਅਨੁਸਾਰ ਬੱਚਾ ਮਾਂ ਦੇ ਪੇਟ ਵਿਚ ਪਲਦਾ ਹੈ। ਪੇਟ ਅਗਨੀ ਦੇਵਤਾ ਦਾ ਸਥਾਨ ਹੈ। ਸਾਰੀ ਦੀ ਸਾਰੀ ਸ਼ਕਤੀ ਇਸ ਥਾਂ ਤੇ ਬਣਦੀ ਤੇ ਨਸ਼ਟ ਹੁੰਦੀ ਹੈ। ਪੇਟ ਦੀ ਅਗਨੀ ਵਿਚ ਰਹਿਣਾ ਨਰਕ ਦੇ ਸਮਾਨ ਹੈ। ਪਰਮਾਤਮਾ ਆਪ ਇਸ ਅਗਨਿ ਦੀ ਤਪਸ਼ ਵਿੱਚ ਜੀਵ ਦੀ ਰੱਖਿਆ ਕਰਦਾ ਹੈ। ਗੁਰੂ ਨਾਨਕ ਬਾਣੀ ਅਨੁਸਾਰ ਮਨੁਖ ਦੇ ਜੀਵਨ ਦਾ ਪ੍ਰਥਮ ਪੜਾਅ ਵੀ ਮਾਂ ਦਾ ਪੇਟ ਹੀ ਹੁੰਦਾ ਹੈ।

**ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।**[20]

ਭਾਰਤੀ ਸੰਸਕ੍ਰਿਤੀ ਵਿੱਚ ਮਿਥਿਹਾਸਕ ਤੱਥਾਂ ਦੇ ਆਧਾਰ ਤੇ ਬੱਚੇ ਦਾ ਜਨਮ ਅਤੇ ਬੀਜ ਦਾ ਪੁੰਗਰਨਾ ਅਪਵਿੱਤਰ ਮੰਨਿਆ ਗਿਆ ਹੈ। ਬੱਚੇ ਦੇ ਜਨਮ ਤੋ ਬਾਅਦ ਮਾਂ ਨੂੰ ਅਪਵਿੱਤਰ ਸਮਝਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਸੋਚ ਦਾ ਖੰਡਨ ਕੀਤਾ, ਕਿਉਕਿ ਹਰ ਵਸਤੂ ਵਿੱਚ ਪ੍ਰਜਣਨ ਦੀ ਸ਼ਕਤੀ ਹੁੰਦੀ ਹੈ। ਜਿਸ ਵਸਤੂ ਵਿਚ ਪ੍ਰਜਣਨ ਦੀ ਸ਼ਕਤੀ ਹੋਵੇ ਉਹ ਕਦੇ ਅਪਵਿੱਤਰ ਨਹੀ ਹੁੰਦੀ। ਮੰਨੂ ਅਨੁਸਾਰ ਔਰਤ ਹਰ ਮਹੀਨੇ ਬੱਚਾ ਪੈਦਾ ਕਰਨ ਦੇ ਸਮੱਰਥ ਹੁੰਦੀ ਹੈ, ਜਦੋ ਉਸਦੀ ਪ੍ਰਜਣਨ ਸ਼ਕਤੀ ਖਤਮ ਹੁੰਦੀ ਹੈ ਤਾਂ ਉਸ ਸਮੇ ਉਹ ਪਾਪ ਦੀ ਭਾਗੀਦਾਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਸੋਚ ਦਾ ਖੰਡਨ ਕੀਤਾ ਹੈ।

**ਜਿਉ ਜੋਰੂ ਸਿਰਨਾਵਣੀ ਆਵੇ ਵਾਰੋ ਵਾਰ।**
**ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥**
**ਸੂਚੇ ਏਹੀ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥**
**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥**[21]

ਗੁਰੂ ਨਾਨਕ ਬਾਣੀ ਵਿਚ ਜਿਥੇ ਮਨੁਖ ਨੂੰ ਨੈਤਿਕ ਗੁਣਾਂ ਦੇ ਆਧਾਰ ਤੇ ਪੂਰਨ ਮਨੁੱਖ ਬਣਾਉਣ ਦਾ

ਯਤਨ ਕੀਤਾ ਹੈ ਉਥੇ ਬਾਣੀ ਵਿਚ ਧਰਮ, ਕਾਵਿ ਤੇ ਮਿੱਥ, ਲੋਕਤੱਤਾਂ, ਲੋਕਪ੍ਰਵਾਹ ਤੇ ਲੋਕ ਵਿਸ਼ਵਾਸਾ ਦਾ ਇਕ ਖੂਬਸੂਰਤ ਤੇ ਅਨੂਠਾ ਸੁਮੇਲ ਹੈ। ਗੁਰੂ ਸਾਹਿਬ ਨੇ ਮਿਥਕ ਸੰਕਲਪਾਂ ਨੂੰ ਕਾਵਿਕ ਮੁੱਲ-ਨਿਰਣਿਆਂ ਦੇ ਪ੍ਰਸੰਗ ਵਿਚ ਵਰਤਿਆ ਹੈ।

## ਪੁਸਤਕ ਸੂਚੀ


1) An Encyclopaedia of Religion; P-519
2) Mythology (ed, P. Marranda) P-127
3) Vladimir Propp. Mythology, P-141
4) Mircea Eliade, Myth and Reality P-5
5) ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ ; ਪੰਨਾ-53
6) Fundamentals of Folk Literature, P-90
7) Dictionary of world Literacy Terms, (Ed.J.Shipley) P-90
8) B.Malinowaski, Myth in Prinntine Psychology P-13
9) ਡਾ. ਕਾਲਾ ਸਿੰਘ ਬੇਦੀ, ਗੁਰੂ ਨਾਨਕ ਸ਼ਬਦ ਰਤਨਾਕਰ; ਪੰਨਾ-212
10) ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ।; ਪੰਨਾ-463
11) ਆਦਿ ਗ੍ਰੰਥ ; ਪੰਨਾ-1153
12) ਆਦਿ ਗ੍ਰੰਥ ; ਪੰਨਾ-6
13) ਗੁਰੂ ਗ੍ਰੰਥ ਸੰਕੇਤ ਕੋਸ਼ ; ਪੰਨਾ-165
14) ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ ; ਪੰਨਾ-6
15) ਉਹੀ ; ਪੰਨਾ-752
16) ਸ੍ਰੀ ਗੁਰੂ ਗ੍ਰੰਥ ਸਾਹਿਬ ; ਪੰਨਾ-473
17) ਉਹੀ ; ਪੰਨਾ-1026
18) ਉਹੀ ; ਪੰਨਾ-1013
19) ਉਹੀ ; ਪੰਨਾ-1026-27
20) ਉਹੀ ; ਪੰਨਾ-156
21) ਉਹੀ ; ਪੰਨਾ-472



**ਨਰਿੰਦਰ ਕੌਰ (ਡਾ.)**

E-mail : drnarinderkaur1993@gmail.com

# ਗੁਰੂ ਨਾਨਕ: ਕ੍ਰਾਂਤੀਕਾਰੀ ਸ਼ਾਇਰ ਅਤੇ ਸੰਗੀਤਕਾਰ

**ਡਾ. ਨਿਵੇਦਿਤਾ ਸਿੰਘ**

**ਧਨਾਸਰੀ ਮਹਲਾ ੧**
**ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ ॥**
**ਨਾਨਕ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥੨॥**
**ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥**
**ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥੫॥੧॥**

(ਗੁ. ਗ੍ਰੰ. ਪੰਨਾ ੬੬੦)

ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਨੇ ਇੱਕ ਸਰਬ-ਸਾਂਝੀ ਮਾਨਵਤਾ ਨੂੰ ਸਦ੍ਰਿਸ਼ ਕੀਤਾ ਅਤੇ ਉਸ ਲਈ ਅਜਿਹਾ ਸਮਾਜਿਕ, ਦਾਰਸ਼ਨਿਕ, ਅਧਿਆਤਮਿਕ ਤੇ ਸੰਗੀਤਕ ਰਾਹ ਚੁਣਿਆ ਜਦੋਂ ਬਹੁਗਿਣਤੀ ਹਿੰਦੂ ਤੇ ਉਹਨਾਂ ਦੇ ਮੁਸਲਮਾਨ ਸ਼ਾਸਕਾਂ ਵਿਚਕਾਰ ਖਿੱਚੋਤਾਣ ਵੱਧ ਰਹੀ ਸੀ ਤੇ ਸਮਾਜ ਜਾਤਾਂ ਤੇ ਜਮਾਤਾਂ ਦੇ ਵਿਤਕਰਿਆਂ ਤੋਂ ਗ੍ਰਸਿਤ ਸੀ। ਅਜਿਹੇ ਸਮਿਆਂ ਵਿੱਚ ਗੁਰੂ ਨਾਨਕ ਨੇ ਭਾਰਤੀ ਅਧਿਆਤਮਿਕ ਤੇ ਸੰਸਕ੍ਰਿਤਿਕ ਪਰੰਪਰਾਵਾਂ ਵਿੱਚ ਭਾਸ਼ਾਈ, ਸਾਹਿਤਿਕ, ਸਮਾਜਿਕ ਤੇ ਧਾਰਮਿਕ ਵਿਸ਼ਵਾਸ ਅਤੇ ਸੰਗੀਤ ਪੱਖੋਂ ਕ੍ਰਾਂਤੀਕਾਰੀ ਪਰਿਵਰਤਨ ਲਿਆਂਦੇ।

**ਕ੍ਰਾਂਤੀਕਾਰੀ ਤੇ ਮਨੁੱਖਤਾਵਾਦੀ ਚਿੰਤਕ ਤੇ ਸ਼ਾਇਰ:**

ਗੁਰੂ ਨਾਨਕ ਨੂੰ ਲੋਕਾਈ ਨਾਲ ਪਿਆਰ ਤੇ ਮਾਨਵਤਾ ਨਾਲ ਗਹਿਰੀ ਮੁਹੱਬਤ ਸੀ। ਖ਼ਾਸ ਤੌਰ 'ਤੇ ਉਹ ਆਪਣੇ ਆਪ ਨੂੰ ਸਮਾਜ ਦੇ ਹਾਸ਼ੀਆਗਤ ਤਬਕੇ ਨਾਲ ਜੋੜਦੇ ਤੇ ਮਜ਼ਲੂਮਾਂ ਦੀ ਆਵਾਜ਼ ਬਣਦੇ। ਇਸ ਭਾਵਨਾ ਵਿੱਚੋ ਅਜਿਹੀ ਮਾਨਵਤਾਵਾਦੀ ਅਤੇ ਵਿਵਿਧ ਅਰਥ ਪੂਰਨ ਬਾਣੀ ਦੀ ਰਚਨਾ ਹੋਈ ਜਿਸ ਨੇ ਸਮੁੱਚੀ ਲੋਕਾਈ ਨੂੰ ਸੇਧ ਤੇ ਸਾਰਥਕ ਦਿਸ਼ਾ ਪ੍ਰਦਾਨ ਕੀਤੀ।

ਹਕੂਮਤ ਹੱਥੋਂ ਆਮ ਜਨਤਾ ਉੱਤੇ ਹੁੰਦੇ ਤਸ਼ੱਦਦ ਨੂੰ ਵੇਖ ਗੁਰੂ ਦਾ ਦਿਲ ਪਸੀਜ ਜਾਂਦਾ ਹੈ ਤੇ ਉਹ ਰੱਬ ਨੂੰ ਵੀ ਸੁਆਲ ਕਰਦੇ ਹਨ-

**ਆਸਾ ਮਹਲਾ ੧**
**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥**
**ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦੁ ਨ ਆਇਆ॥੧॥**

(ਗੁ. ਗ੍ਰੰ. ਪੰਨਾ ੩੬੦)

ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਨੂੰ ਬੌਧਿਕ ਤੇ ਸਰੀਰਕ ਕਿਰਤ ਦੇ ਆਦਰਸ਼ ਸੁਮੇਲ ਵਜੋਂ

ਲੋਕਾਂ ਸਾਹਮਣੇ ਨਾ ਸਿਰਫ਼ ਪੇਸ਼ ਕੀਤਾ ਬਲਕਿ ਉਸ ਨੂੰ ਆਪ ਹੱਥੀ ਕਿਰਤ ਕਰ ਕੇ ਅਮਲੀ ਜਾਮਾ ਪਹਿਨਾਇਆ।

**ਸੰਗੀਤ ਦਾ ਸ਼ਕਤੀਸ਼ਾਲੀ ਸੰਚਾਰ ਵਿਧੀ ਵਜੋਂ ਪ੍ਰਯੋਗ:**

ਮਹੱਤਵਪੂਰਨ ਪੱਖ ਇਹ ਹੈ ਕਿ ਇਹਨਾਂ ਸਾਰੀਆਂ ਤਬਦੀਲੀਆਂ ਤੇ ਸਾਰੇ ਪੱਖਾਂ ਦੀ ਪੁਨਰ ਵਿਆਖਿਆ ਲਈ ਗੁਰੂ ਨਾਨਕ ਨੇ ਸੰਗੀਤ ਨੂੰ ਇੱਕ ਸ਼ਕਤੀਸ਼ਾਲੀ ਸੰਚਾਰ ਮਾਧਿਅਮ ਵਜੋਂ ਚੁਣਿਆ। ਅਨੰਤ ਤੇ ਅਪਾਰ ਪਰਮਾਤਮਾ ਦੀ ਸਿਫ਼ਤ ਸਲਾਹ ਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਈ ਤੱਕ ਪਹੁੰਚਾਉਣ ਲਈ ਸੰਗੀਤ ਦਾ ਅਸਧਾਰਣ ਪ੍ਰਯੋਗ ਕੀਤਾ। ਉਹ ਆਪਣੇ ਆਪ ਨੂੰ 'ਖਸਮ ਕਾ ਢਾਡੀ' ਐਲਾਨ ਕਰਦੇ ਹਨ ਤੇ ' ਖਸਮ ਕੀ ਬਾਣੀ' ਫੁਰਮਾਉਂਦੇ ਹਨ।

**ਵਾਰ ਮਾਝ, ਪਉੜੀ**

**ਹਉ ਢਾਡੀ ਵੇਕਾਰੁ ਕਾਰੈ ਲਾਇਆ॥**
**ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥**
**ਢਾਢੀ ਕਰੇ ਪਸਾਉ ਸਬਦੁ ਵਜਾਇਆ॥**
**ਨਾਨਕ ਸਚੁ ਸਾਲਾਹਿ ਪੂਰਾ ਪਾਇਆ॥**

(ਗੁ. ਗ੍ਰੰ. ਪੰਨਾ ੧੫੦)

ਭਾਈ ਲਾਲੋ ਨੂੰ ਸੰਬੋਧਨ ਕਰ ਕੇ ਉਹ ਖਸਮ ਕੀ ਬਾਣੀ ਦਾ ਉਚਾਰਨ ਕਰਦੇ ਹਨ।

**ਤਿਲੰਗ ਮਹਲਾ ੧**

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥**

(ਗੁ. ਗ੍ਰੰ. ਪੰਨਾ ੭੨੨-੨੩)

ਗੁਰੂ ਨਾਨਕ ਦੇਵ ਦੇ ਇੱਕ ਕੁਸ਼ਲ ਸੰਗੀਤਕਾਰ ਤੇ ਸ਼ਾਇਰ ਹੋਣ ਬਾਰੇ ਡਾ. ਦਰਸ਼ਨ ਸਿੰਘ ਨਰੂਲਾ ਲਿਖਦੇ ਹਨ *ਗੁਰੂ ਸਾਹਿਬ ਨੇ ਆਪਣੀ ਰਚਿਤ ਬਾਣੀ ਵਿੱਚ ਕਾਵਿ ਤੇ ਸੰਗੀਤ ਦਾ ਸੁਮੇਲ ਕਰਨ ਲੱਗਿਆ ਇਸ ਦੀ ਬੋਲੀ ਦੀ ਸਰਲਤਾ, ਛੰਦਬੰਦੀ ਦੀ ਰਸਿਕਤਾ, ਕਲਾ ਦੀ ਉਪਯੋਗਿਤਾ ਦਾ ਖ਼ਾਸ ਧਿਆਨ ਰੱਖਿਆ।*

ਗੁਰੂ ਨਾਨਕ ਕੋਲ ਲੋਕਮੁਖੀ ਵਿਚਾਰ ਸਨ, ਅਲੌਕਿਕ ਸ਼ਬਦ ਸਨ ਤੇ ਇਹਨਾਂ ਦੇ ਸੰਚਾਰ ਲਈ ਸੰਗੀਤ ਸਭ ਤੋਂ ਵੱਡਾ ਤੇ ਪ੍ਰਭਾਵਸ਼ਾਲੀ ਮਾਧਿਅਮ ਬਣਿਆ। ਇਸ ਸੰਚਾਰ ਪ੍ਰਕਿਰਿਆ ਵਿੱਚ ਆਪ ਦਾ ਸਾਥ ਆਪ ਦੇ ਸੰਗੀ ਭਾਈ ਮਰਦਾਨਾ ਨੇ ਨਿਭਾਇਆ। ਭਾਈ ਗੁਰਦਾਸ ਅਨੁਸਾਰ –

**ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥**

(ਵਾਰ ੧, ਪਉੜੀ ੩੫)

ਜਦੋਂ ਵੀ ਗੁਰੂ ਜੀ ਨੂੰ ਬਾਣੀ ਦੀ ਸਿਰਜਣਾ ਦਾ ਇਲਹਾਮ ਹੁੰਦਾ ਤਾਂ ਉਹ ਫੁਰਮਾਉਂਦੇ –

**'ਮਰਦਾਨਿਆ ਰਬਾਬ ਛੇੜ ਬਾਣੀ ਆਈ ਹੈ'**

ਭਾਈ ਮਰਦਾਨਾ ਰਬਾਬ ਰਾਹੀ ਸੁੰਦਰ ਸੁਰਾਵਲੀਆਂ ਦਾ ਵਾਦਨ ਕਰਦੇ ਜਿਹਨਾਂ ਦੀ ਪਿੱਠਭੂਮੀ ਵਿੱਚ ਗੁਰੂ ਨਾਨਕ ਇਲਾਹੀ ਬਾਣੀ ਦਾ ਸੰਗੀਤਮਈ ਉਚਾਰਨ ਕਰਦੇ। ਇਸ ਤਰ੍ਹਾਂ ਬਾਬਾ ਨਾਨਕ ਨੇ ਬਾਣੀ ਦੀ ਰਚਨਾ ਸਾਹਿਤਕ ਨਹੀਂ ਬਲਕਿ ਸੰਗੀਤਕ ਰੂਪ ਵਿੱਚ ਕੀਤੀ ਅਤੇ ਸ਼ਬਦ ਤੇ ਸੰਗੀਤ ਦੇ ਸੁਮੇਲ ਨਾਲ ਲੋਕਾਈ ਨੂੰ ਸੰਦੇਸ਼ ਦਿੱਤਾ। ਭਾਈ ਗੁਰਦਾਸ ਅਨੁਸਾਰ –

**ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤਿ ਚਲਾਈ**
**ਚਲਿਆ ਸੋਧਣਿ ਧਰਤ ਲੁਕਾਈ॥**

(ਵਾਰ ੧, ਪਉੜੀ ੨੪)

**ਭਲਾ ਰਬਾਬ ਵਜਾਇਦਾ ਮਜਲਿਸ ਮੀਰਾਸੀ**

(ਵਾਰ ੧੧, ਪਉੜੀ ੧੩)

ਇਹ ਮੀਰਾਸੀ ਗੁਰੂ ਨਾਨਕ ਦਾ ਸੰਗੀ ਵੀ ਰਿਹਾ ਤੇ ਸ਼ਿਸ਼ ਵੀ ਜਿਸ ਨੇ ਗੁਰੂ ਦੀ ਹਰ ਪੈੜ 'ਤੇ ਆਪਣਾ ਪੈਰ ਧਰਿਆ ਤੇ ਬਾਣੀ ਰਚਨਾ ਦਾ ਸਾਖ਼ਿਆਤ ਗਵਾਹ ਰਿਹਾ। ਭਾਈ ਮਰਦਾਨੇ ਨੇ ਕੁੱਲ ਉਮਰ ਦੇ 75 ਵਰ੍ਹਿਆ ਵਿੱਚੋਂ 47 ਵਰ੍ਹੇ ਗੁਰੂ ਸੰਗ ਬਿਤਾਏ ਤੇ ਅੰਤਿਮ ਸਮੇਂ ਵੀ ਕਰਤਾਰਪੁਰ ਵਿਖੇ ਗੁਰੂ ਦੇ ਕੋਲ ਹੀ ਸਵਾਸ ਤਿਆਗੇ।

**ਵਿਸ਼ਾਲ ਯਾਤਰਾਵਾਂ ਦੌਰਾਨ ਪ੍ਰਾਪਤ ਅਨੁਭਵ:**

ਆਪਣੇ ਸੰਗੀ ਰਬਾਬੀ ਭਾਈ ਮਰਦਾਨੇ ਨਾਲ ਗੁਰੂ ਨਾਨਕ ਨੇ ਚਾਰ ਉਦਾਸੀਆਂ ਕੀਤੀਆਂ, ਜਿਹਨਾਂ ਦੌਰਾਨ ਭਾਰਤ ਦੀਆਂ ਚਾਰੋਂ ਦਿਸ਼ਾਵਾਂ ਵਿੱਚ ਤਾਂ ਉਹ ਗਏ ਹੀ, ਨਾਲ ਹੀ ਉੱਤਰ ਵਿੱਚ ਤਿੱਬਤ ਤੱਕ, ਦੱਖਣ ਭਾਰਤ ਵਿੱਚ ਸ੍ਰੀ ਲੰਕਾ ਤੱਕ, ਤੇ ਪੱਛਮ ਵਿੱਚ ਅਫ਼ਗਾਨਿਸਤਾਨ, ਈਰਾਨ, ਬਗਦਾਦ ਤੇ ਮੱਕੇ ਤੱਕ ਗਏ। ਇਹ ਨਿਰੋਲ ਯਾਤਰਾ ਹੀ ਨਹੀਂ, ਵਿਚਾਰਧਾਰਕ ਤੇ ਸੰਵਾਦਮਈ ਵਰਤਾਰਾ ਵੀ ਸੀ ਜਿਸ ਵਿੱਚ ਉਹਨਾਂ ਨੇ ਵੱਖ-ਵੱਖ ਪਿੱਠਭੂਮੀ ਵਾਲੇ ਵਿਚਾਰਕਾਂ ਤੇ ਸੰਪਰਦਾਵਾਂ ਨਾਲ ਵਾਰਤਾਲਾਪ ਕੀਤਾ। ਇਸ ਸਬੰਧ ਵਿੱਚ ਗੁਰਮਤਿ ਸੰਗੀਤ ਆਚਾਰੀਆ ਪ੍ਰੋ. ਤਾਰਾ ਸਿੰਘ ਲਿਖਦੇ ਹਨ:

**ਉਹਨਾਂ ਦੀ ਕਲਾਤਮਕ ਤੇ ਅਨੁਭਵੀ ਅੰਤਰ ਦ੍ਰਿਸ਼ਟੀ ਸ੍ਰਿਸ਼ਟੀ ਦੇ ਆਦਿ ਅਨਾਦਿ ਨਾਲ ਖੰਡਾਂ ਤੱਕ ਜਾ ਪੁੱਜਦੀ ਹੈ। ਵੇਦ, ਪੁਰਾਣ, ਸਿਮਰਤੀਆਂ, ਉਪਨਿਸ਼ਦਾਂ, ਭਾਰਤੀ ਮਹਾਂ-ਕਾਵਿ, ਬੋਧ, ਜੈਨ ਦਰਸ਼ਨਾਂ ਤੋਂ ਬਿਨਾਂ ਉਹ ਸਾਮੀ ਤੇ ਈਰਾਨੀ ਸੰਸਕ੍ਰਿਤੀ ਦੀਆਂ ਧੁਰ ਡੂੰਘਾਣਾਂ ਵਿੱਚ ਵੀ ਉਤਰ ਗਏ ਸਨ। ਵਿਸ਼ਾਲ ਦੇਸ਼ਾਟਨ ਅਤੇ ਇਸ ਦੌਰਾਨ ਅਨੇਕ ਵਿਅਕਤੀਆਂ ਅਤੇ ਸੰਸਥਾਵਾਂ ਦੇ ਪਰਸਪਰ ਮੇਲ-ਮਿਲਾਪ ਅਤੇ ਸੰਵਾਦਾਂ ਗੋਸ਼ਟੀਆਂ ਦੁਆਰਾ ਉਹਨਾਂ ਨੇ ਆਪਣੇ ਸਮੇਂ ਦੀ ਵਿਸ਼ਵ ਸੰਸਕ੍ਰਿਤੀ ਦਾ ਮੰਥਨ ਕੀਤਾ।**

ਗੁਰੂ ਨਾਨਕ ਬਲਸ਼ਾਲੀ ਤੇ ਤਾਕਤਵਰ ਅਮੀਰਾਂ ਤੇ ਨਵਾਬਾਂ ਦੀਆਂ ਗੱਦੀਆਂ 'ਤੇ ਜਾ ਕੇ ਵਾਰਤਾਲਾਪ ਵੀ ਕਰ ਆਏ ਤੇ ਸੱਚੀ ਸੁੱਚੀ ਕਿਰਤ ਕਰਨ ਵਾਲੇ ਬੰਦਿਆਂ ਦੇ ਗ੍ਰਹਿ ਵਿਖੇ ਵੀ ਆਸਨ ਕੀਤਾ। ਤੀਰਥ ਸਥਾਨ, ਮੰਦਿਰ, ਮਸਜਿਦ ਤੇ ਹੋਰ ਅਧਿਆਤਮਕ ਥਾਵਾਂ ਤੇ ਜਾ ਕੇ ਲੋਕਾਈ ਨੂੰ ਸਰਬ ਸਾਂਝੀਵਾਲਤਾ ਤੇ ਮਾਨਵਤਾ ਦਾ ਸੰਦੇਸ਼ ਦਿੱਤਾ। ਆਪ ਦੀਆਂ ਅਜਿਹੀਆਂ ਵਿਸਤ੍ਰਿਤ ਤੇ ਸੰਵਾਦ-ਭਰਪੂਰ ਯਾਤਰਾਵਾਂ ਸਦਕਾ ਸਧਾਰਨ ਜਨਤਾ ਵਿੱਚ ਚੇਤਨਾ ਦੀ ਇੱਕ ਲਹਿਰ ਦੌੜਨ ਲੱਗੀ ਤੇ ਨਵੀਂ ਅਧਿਆਤਮਿਕ ਜਾਗ੍ਰਤੀ ਤੇ ਸਮਾਜਕ ਕ੍ਰਾਂਤੀ ਦਾ ਆਗਾਜ਼ ਹੋਇਆ।

ਆਪਣੀ ਯਾਤਰਾ ਦੌਰਾਨ ਗੁਰੂ ਨਾਨਕ ਪੁਰੀ ਪਹੁੰਚੇ ਜੋ ਭਗਵਾਨ ਜਗਨਨਾਥ ਦੇ ਸਥਾਨ ਵਜੋਂ ਮਸ਼ਹੂਰ ਸੀ। ਗੁਰੂ ਅਤੇ ਮਰਦਾਨੇ ਨੇ ਮੰਦਿਰ ਦੇ ਬਾਹਰ ਬੈਠ ਕੇ ਬਾਣੀ ਦਾ ਗਾਇਨ ਕਰਨਾ ਸ਼ੁਰੂ ਕੀਤਾ ਅਤੇ ਕਈ ਸ਼ਰਧਾਲੂ ਉਹਨਾਂ ਦੇ ਆਸਪਾਸ ਇੱਕਠੇ ਹੋ ਗਏ। ਸਥਾਨਕ ਮੁਖੀ ਜਿਸ ਦਾ ਨਾਮ ਕ੍ਰਿਸ਼ਨ ਲਾਲ ਸੀ ਨੇ ਗੁਰੂ ਨੂੰ ਸ਼ਾਮ ਦੀ ਆਰਤੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਗੁਰੂ ਜੀ ਸ਼ਾਮਲ ਤਾਂ ਹੋਏ ਪਰ ਕੀਮਤੀ ਥਾਲੀ ਨੂੰ ਘੁਮਾ ਕੇ ਕੀਤੀ ਜਾ ਰਹੀ ਆਰਤੀ ਲਈ ਖੜ੍ਹੇ ਨਾ ਹੋਏ ਅਤੇ ਪੁੱਛੇ ਜਾਣ ਉੱਤੇ ਰਾਗ ਧਨਾਸਰੀ ਵਿੱਚ ਉਚਾਰਿਆ –

**ਰਾਗ ਧਨਾਸਰੀ ਮਹਲਾ ੧**
**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥**
**ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥**
**ਅਨਹਤਾ ਸਬਦ ਵਾਜੰਤ ਭੇਰੀ॥੧॥ ਰਹਾਉ॥**

(ਗੁ. ਗ੍ਰੰ. ਪੰਨਾ ੧੩)

ਆਪਣੀਆਂ ਉਦਾਸੀਆਂ ਦੌਰਾਨ ਬਾਬਾ ਨਾਨਕ ਹਾਜੀਆਂ ਦੀ ਸੰਗਤ ਵਿੱਚ ਮੱਕੇ ਪਹੁੰਚੇ ਅਤੇ ਹਾਜੀਆਂ ਤੇ ਕਾਜ਼ੀਆਂ ਦੇ ਰੂ-ਬ-ਰੂ ਹੋਏ। ਭਾਈ ਗੁਰਦਾਸ ਅਨੁਸਾਰ –

**ਪੁਛਨਿ ਗਲ ਈਮਾਨ ਦੀ, ਕਾਜ਼ੀ ਮੁਲਾਂ ਇਕਠੇ ਹੋਈ।**
**ਵਡਾ ਸਾਂਗ ਵਰਤਾਇਆ, ਲਖਿ ਨ ਸਕੈ ਕੁਦਰਤਿ ਕੋਈ।**
**ਪੁਛਨਿ ਫੋਲਿ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲਮਾਨੋਈ।**
**ਬਾਬਾ ਆਖੇ ਹਾਜੀਆ, ਸੁਭਿ ਅਮਲਾ ਬਾਝਹੁ ਦੋਨੋ ਰੋਈ।**

(ਵਾਰ ੧, ਪਉੜੀ ੩੩)

ਉਹ ਜਾਣਨਾ ਚਾਹੁੰਦੇ ਸਨ ਕਿ ਹਿੰਦੂ ਵੱਡਾ ਜਾਂ ਮੁਸਲਮਾਨ ਤੇ ਬਾਬੇ ਨੇ ਜੁਆਬ ਦਿੱਤਾ ਕਿ ਸ਼ੁਭ ਅਮਲ ਭਾਵ ਚੰਗੇ ਕੰਮਾਂ ਬਾਝੋਂ ਦੋਵੇਂ ਗ਼ਮਗੀਨ ਹਨ। ਗੁਰੂ ਨੇ ਐਥੇ ਫ਼ਾਰਸੀ ਭਾਸ਼ਾ ਵਿੱਚ ਇੱਕ ਸ਼ਬਦ ਉਚਾਰਿਆ ਜਿਸ ਵਿੱਚ ਉਹ ਸੱਚੇ ਤੇ ਬੇਐਬ ਪਰਵਦਗਾਰ ਅੱਗੇ ਉਹਨਾਂ ਨੂੰ ਧਿਆਨ ਨਾਲ ਸੁਣਨ ਦੀ ਬੇਨਤੀ ਕਰਦੇ ਹਨ ਕਿਉਂਕਿ ਇਹ ਦੁਨੀਆਂ ਫ਼ਾਨੀ ਹੈ ਤੇ ਇਹੀ ਸਚਾਈ ਹੈ।

**ਤਿਲੰਗ ਮਹਲਾ ੧**

**ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥**

**ਹਕਾ ਕਬੀਰ ਕਰੀਮ ਤੂ ਬੇਐਬ ਪਰਵਰਦਾਰ॥**

**ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥**

**ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ॥**

(ਗੁ. ਗ੍ਰੰ. ਪੰਨਾ ੭੨੧)

**ਸੰਗੀਤ ਦੀਆਂ ਦੇਸੀ ਤੇ ਸਨਾਤਨੀ ਪਰੰਪਰਾਵਾਂ ਦਾ ਸੁਮੇਲ:**

ਗੁਰੂ ਨਾਨਕ ਦੇਵ ਵੱਲੋਂ ਰਚੀ ਬਾਣੀ ਵਿੱਚ ਜਪੁ, ਪੱਟੀ (ਰਾਗ ਆਸਾ), ਓਅੰਕਾਰ (ਰਾਮਕਲੀ ਦਖਣੀ), ਸਿਧ ਗੋਸਟਿ (ਰਾਮਕਲੀ), ਵਾਰ (ਮਾਝ, ਆਸਾ, ਮਲਾਰ), ਸੋ ਦਰੁ (ਆਸਾ) ਪ੍ਰਮੁੱਖ ਹਨ। ਗੁਰੂ ਨਾਨਕ ਦੇਵ ਨੇ ਉਸ ਸਮੇਂ ਪ੍ਰਚਲਿਤ ਗਾਇਨ ਸ਼ੈਲੀਆਂ ਦਾ ਘੋਖਵਾਂ ਅਧਿਐਨ ਕੀਤਾ ਅਤੇ ਉਹਨਾਂ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਨਾ ਕੇਵਲ ਉਹਨਾਂ ਵਾਰ, ਛੰਤ, ਬਾਰਹਮਾਹ, ਸੋਹਿਲਾ, ਪਉੜੀ, ਅਲਾਹੁਣੀ, ਅੰਜੁਲੀ ਜਹੇ ਗਾਇਨ ਰੂਪਾਂ ਨੂੰ ਉਤਕ੍ਰਿਸ਼ਟਤਾ ਬਖ਼ਸ਼ੀ ਬਲਕਿ ਚਉਪਦੇ, ਅਸਟਪਦੀ ਜਹੇ ਸਨਾਤਨੀ ਰੂਪਾਂ ਵਿੱਚ ਵੀ ਬਾਣੀ ਦੀ ਰਚਨਾ ਕੀਤੀ। ਆਪ ਵੱਲੋਂ ਰਚੀਆਂ ਕੁਝ ਵਾਰਾਂ ਨੂੰ ਰਾਗ ਸਿਰਲੇਖ ਦੇਣ ਦੇ ਨਾਲ ਉਹਨਾਂ ਨੂੰ ਉਸ ਸਮੇਂ ਪ੍ਰਚਲਿਤ ਧੁਨਾਂ ਉੱਪਰ ਗਾਉਣ ਦਾ ਨਿਰਦੇਸ਼ ਵੀ ਹੈ ਜੋ ਸਨਾਤਨੀ ਤੇ ਦੇਸੀ ਪਰੰਪਰਾਵਾਂ ਦੇ ਸੁਮੇਲ ਦਾ ਉੱਤਮ ਨਮੂਨਾ ਹੈ:

**ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ**

(ਗੁ. ਗ੍ਰੰ. ਪੰਨਾ ੧੩੭)

**ਆਸਾ ਮਹਲਾ ੧ ਵਾਰ ਸਲੋਕਾ ਨਾਲਿ ਟੁੰਡੇ ਅਸਰਾਜੈ ਕੀ ਧੁਨੀ**

(ਗੁ. ਗ੍ਰੰ. ਪੰਨਾ ੪੬੨)

**ਵਾਰ ਮਲਾਰ ਕੀ ਮਹਲਾ ਨੂੰ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ**

(ਗੁ. ਗ੍ਰੰ. ਪੰਨਾ ੧੨੭੮)

ਇਸ ਦੇ ਨਾਲ ਹੀ ਕੁਝ ਰਾਗਾਂ ਦੀਆਂ ਵਾਰਾਂ ਦੀ ਰਚਨਾ ਕਰ ਕੇ ਰਾਗ-ਧਿਆਨ ਪਰੰਪਰਾ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਲਿਆਂਦਾ। ਆਪ ਵੱਲੋਂ ਰਚੀਆਂ ਗਈਆਂ:

1. ਸਿਰੀ ਰਾਗ ਦੀ ਵਾਰ 2. ਬਿਹਾਗੜੇ ਕੀ ਵਾਰ 3. ਵਡਹੰਸ ਕੀ ਵਾਰ 4. ਵਾਰ ਸੂਹੀ 5. ਮਾਰੂ ਵਾਰ 6. ਵਾਰ ਮਲਾਰ ਕੀ 7. ਰਾਮਕਲੀ ਕੀ ਵਾਰ 8. ਸਾਰੰਗ ਕੀ ਵਾਰ

ਇਸ ਤੱਥ ਦਾ ਪ੍ਰਤੱਖ ਪ੍ਰਮਾਣ ਹਨ ਕਿ ਰਾਗ ਦੇ ਅਧਿਆਤਮਕ ਤੇ ਦਾਰਸ਼ਨਿਕ ਰੂਪਾਕਾਰ ਨੂੰ ਸਥਾਪਿਤ ਕਰ ਕੇ ਰਾਗ ਦੀ ਮਹਿਮਾ ਦਾ ਬਖਾਨ ਕੀਤਾ ਗਿਆ ਹੈ। ਭਾਰਤੀ ਰਾਗ ਧਿਆਨ ਪਰੰਪਰਾ ਵਿੱਚ ਰਾਗਾਂ ਅਤੇ ਰਾਗਣੀਆਂ ਨੂੰ ਨਾਇਕ ਜਾਂ ਨਾਇਕਾ ਦੇ ਰੂਪ ਵਿੱਚ ਚਿਤਰਿਤ ਕਰ ਕੇ ਦੁਨਿਆਵੀ ਗੁਣਾਂ ਨਾਲ ਸੰਪੰਨ ਕੀਤਾ ਗਿਆ ਹੈ ਪਰ, ਉਪਰੋਕਤ ਰਾਗ ਵਾਰਾਂ ਵਿੱਚ ਇਹਨਾਂ ਦੇ ਸੁਲਖਣੇ, ਸੱਚੇ-ਸੁੱਚੇ ਤੇ

ਪਰਾਭੌਤਿਕ ਗੁਣਾਂ ਦਾ ਗਾਨ ਕਰ, ਰਾਗ ਦੇ ਗਾਇਨ ਦੇ ਨੈਸਰਗਿਕ ਉਦੇਸ਼ ਦੀ ਵਿਆਖਿਆ ਬਾਖ਼ੂਬੀ ਕੀਤੀ ਗਈ ਹੈ। ਉਦਾਹਰਨ ਵਜੋਂ:

**ਸਾਰੰਗ ਕੀ ਵਾਰ ਮਹਲਾ ੧**
**ਨ ਭੀਜੈ ਨਾਦੀ ਬੇਦ॥**
**ਨ ਭੀਜੈ ਸੁਰਤੀ ਗਿਆਨੀ ਜੋਗਿ॥**
**ਨ ਭੀਜੈ ਸੋਗੀ ਕੀਤੈ ਰੋਜਿ॥**
**ਨ ਭੀਜੈ ਰੂਪੀ ਮਾਲੀ ਰੰਗਿ॥**

(ਗੁ. ਗ੍ਰੰ. ਪੰਨਾ ੧੨੩੭)

**ਵਾਰ ਮਾਝ ਸਲੋਕ ਮ: ੧**
**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਉ ਨਿਰਮਲੁ ਚੀਤੁ॥**
**ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥**
**ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕ.ਰੇਹੁ॥**

(ਗੁ. ਗ੍ਰੰ. ਪੰਨਾ ੧੪੦)

ਗੁਰੂ ਨਾਨਕ ਨੇ ਬਾਣੀ ਦੀ ਰਚਨਾ 19 ਰਾਗਾਂ ਅਤੇ 17 ਉਪ-ਰਾਗਾਂ ਜਾਂ ਰਾਗ-ਪ੍ਰਕਾਰਾਂ ਵਿੱਚ ਕੀਤੀ ਅਤੇ ਕੁੱਲ 976 ਸ਼ਬਦਾਂ ਦੀ ਰਚਨਾ ਕੀਤੀ। ਇਹਨਾਂ ਰਾਗਾਂ ਅਤੇ ਉਪ-ਰਾਗਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸੁ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ।

**ਉਪਰਾਗ:**

ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦਖਣੀ, ਆਸਾ ਕਾਫੀ, ਵਡਹੰਸ ਦਖਣੀ, ਸੂਹੀ ਕਾਫੀ, ਬਿਲਾਵਲ ਦਖਣੀ, ਰਾਮਕਲੀ ਦਖਣੀ, ਮਾਰੂ ਕਾਫੀ, ਮਾਰੂ ਦਖਣੀ, ਬਸੰਤ ਹਿੰਡੋਲ, ਪ੍ਰਭਾਤੀ ਬਿਭਾਸ, ਪ੍ਰਭਾਤੀ ਦਖਣੀ।

ਗੁਰੂ ਨਾਨਕ ਦੇਵ ਵਲੋਂ ਬਾਣੀ ਰਚਨਾ ਲਈ ਪ੍ਰਯੋਗ ਕੀਤੇ ਰਾਗਾਂ ਵਿੱਚ ਸਨਾਤਨੀ ਅਤੇ ਦੇਸੀ, ਦੋਵੇਂ ਪ੍ਰਕਾਰ ਦੇ ਰਾਗਾਂ ਦਾ ਸੁਮੇਲ ਪ੍ਰਾਪਤ ਹੁੰਦਾ ਹੈ। ਜਿੱਥੇ ਸਿਰੀ, ਗੂਜਰੀ, ਬਿਲਾਵਲ, ਰਾਮਕਲੀ, ਭੈਰਉ, ਸਾਰੰਗ, ਮਲਾਰ ਸਨਾਤਨੀ ਰਾਗ ਰੂਪ ਹਨ, ਉੱਥੇ ਮਾਝ, ਆਸਾ, ਵਡਹੰਸੁ, ਸੋਰਠਿ, ਤਿਲੰਗ ਜਹੇ ਦੇਸੀ ਰਾਗ ਰੂਪ ਕਹੇ ਜਾ ਸਕਦੇ ਹਨ। ਨਾਲ ਹੀ ਉਹਨਾਂ ਨੇ ਉਸ ਸਮੇਂ ਪ੍ਰਚਲਿਤ ਰਾਗ-ਰਾਗਣੀ ਪੱਧਤੀ ਨੂੰ ਤਿਆਗਦੇ ਹੋਏ ਸਾਰਿਆਂ ਨੂੰ ਰਾਗ ਹੀ ਕਿਹਾ, ਰਾਗਣੀ ਨਹੀਂ ਅਤੇ ਇਸ ਤਰ੍ਹਾਂ ਆਪਣੀ ਤਾਰਕਿਕ ਸੋਚ ਅਤੇ ਚਿੰਤਨ ਦਾ ਪਰੀਚੈ ਭਲੀ-ਭਾਂਤ ਦਿੱਤਾ।

ਗੁਰੂ ਨਾਨਕ ਦੇਵ ਦੇ ਸਮੇਂ ਤੱਕ ਭਾਰਤੀ ਸੰਗੀਤ ਦੋ ਧਾਰਾਵਾਂ ਵਿੱਚ ਵੰਡਿਆ ਜਾ ਚੁੱਕਾ ਸੀ। ਜਿਹੜੀ ਪ੍ਰਣਾਲੀ ਉੱਤਰ ਅਤੇ ਮੱਧ ਭਾਰਤ ਵਿੱਚ ਪ੍ਰਚਲਿਤ ਸੀ ਉਹ ਉਤਰ ਭਾਰਤੀ ਸੰਗੀਤ ਪੱਧਤੀ ਤੇ ਜਿਹੜੀ ਦੱਖਣ ਵਿੱਚ ਪ੍ਰਚਲਿਤ ਸੀ ਉਹ ਦੱਖਣ ਭਾਰਤੀ ਸੰਗਤੀ ਪੱਧਤੀ ਕਹਿਲਾਈ। ਗੁਰੂ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਦੱਖਣ ਤੱਕ ਯਾਤਰਾ ਕੀਤੀ ਤੇ ਰਾਗਾਂ ਦੇ ਛੇ ਦਖਣੀ ਪ੍ਰਕਾਰਾਂ ਵਿੱਚ ਵੀ ਬਾਣੀ ਰਚੀ ਜੋ ਇਸ ਪ੍ਰਕਾਰ ਹਨ ਗਉੜੀ ਦਖਣੀ, ਵਡਹੰਸ ਦਖਣੀ, ਬਿਲਾਵਲ ਦਖਣੀ, ਰਾਮਕਲੀ ਦਖਣੀ, ਮਾਰੂ ਦਖਣੀ, ਪ੍ਰਭਾਤੀ ਦਖਣੀ। ਇਸ ਸਬੰਧ ਵਿੱਚ ਪ੍ਰੋ. ਤਾਰਾ ਸਿੰਘ ਦੀਆਂ ਸਤਰਾਂ ਅਤਿ ਢੁਕਵੀਆਂ ਹਨ।

ਭਾਰਤ ਦੀਆਂ ਦੋਹਾਂ ਸੰਗੀਤ ਪੱਧਤੀਆਂ ਵਿੱਚ ਇਸ ਤਰ੍ਹਾਂ ਦੀ ਵਿਵਹਾਰਿਕ ਏਕਤਾ ਨੂੰ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਇਸ ਦਾ ਸਾਰਾ ਸਿਹਰਾ ਆਦਿ ਗੁਰੂ ਨਾਨਕ ਦੇਵ ਜੀ ਨੂੰ ਜਾਂਦਾ ਹੈ ਜਿਹਨਾਂ ਨੇ ਦੱਖਣ ਦੇ ਸਾਰੇ ਖੰਡਾਂ ਵਿੱਚ ਭਰਮਣ ਕੀਤਾ ਸੀ।

**ਸ਼ਬਦ-ਕੀਰਤਨ ਦੀ ਸੰਸਥਾਗਤ ਰੂਪ ਵਿੱਚ ਸਥਾਪਨਾ:**

ਗੁਰੂ ਨਾਨਕ ਨੇ ਉਦਾਸੀਆਂ ਸਮਾਪਤ ਕਰਨ ਉਪਰੰਤ ਕਰਤਾਰਪੁਰ (ਹੁਣ ਪਾਕਿਸਤਾਨ ਵਿੱਚ) ਨਾਮਕ ਸਥਾਨ ਤੇ ਆ ਕੇ ਨਿਵਾਸ ਕੀਤਾ ਤੇ ਇੱਕ ਆਮ ਜੀਵਨ ਜੀਉਣਾ ਸ਼ੁਰੂ ਕੀਤਾ ਜਿਸ ਦਾ ਮਕਸਦ ਹਮੇਸ਼ਾ ਖ਼ਾਸ ਰਿਹਾ। ਗੁਰੂ ਜੀ ਨੇ ਜਿੱਥੇ ਹੱਥੀਂ ਕਿਰਤ ਕਰਦਿਆਂ ਤੇ ਲੰਗਰ ਦੀ ਪ੍ਰਥਾ ਦਾ ਆਰੰਭ ਕਰਦਿਆਂ ਕਿਰਤ ਕਰੋ ਤੇ ਵੰਡ ਛਕੋ ਦੀ ਅਨੁਪਾਲਣਾ ਕੀਤੀ ਉੱਥੇ ਸ਼ਬਦ ਕੀਰਤਨ ਦੇ ਵਿਕਾਸ ਤੇ ਇਸ ਰਾਹੀਂ ਪਰਮ ਪਿਤਾ ਪਰਮਾਤਮਾ ਦੇ ਨਾਮ ਜਪਣ ਤੇ ਸਿਫ਼ਤ ਸਾਲਾਹ ਲਈ ਕਰਤਾਰਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਵੀ ਸਥਾਪਿਤ ਕੀਤਾ। ਪੂਰਾ ਦਿਨ ਇਹ ਵਰਤਾਰਾ ਚੱਲਦਾ, ਸੰਵਾਦ ਹੁੰਦਾ, ਸ਼ਾਮ ਨੂੰ ਸੋਦਰ ਤੇ ਆਰਤੀ ਦਾ ਗਾਇਨ ਤੇ ਸਵੇਰ ਵੇਲੇ ਜਪੁਜੀ ਸਾਹਿਬ ਦਾ ਪਾਠ ਹੁੰਦਾ। ਭਾਈ ਗੁਰਦਾਸ ਫੁਰਮਾਉਂਦੇ ਹਨ

**ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥**

(ਵਾਰ ੧, ਪਉੜੀ ੩੫)

ਇਸ ਤਰ੍ਹਾਂ ਗੁਰੂ ਨੇ ਪਵਿੱਤਰ ਬਾਣੀ ਦੀ ਰਚਨਾ ਅਤੇ ਗਾਇਨ ਨਿਰੰਤਰ ਜਾਰੀ ਰੱਖਿਆ ਤੇ ਕਰਤਾਰਪੁਰ ਵਿਖੇ ਕਈ ਲੰਮੇਰੀਆਂ ਰਚਨਾਵਾਂ ਰਚੀਆਂ। ਮਰਦਾਨਾ ਅਤੇ ਉਸ ਦੇ ਪੁੱਤਰ ਸ਼ਹਿਜਾਦਾ ਦੇ ਸੰਗੀਤ ਦੀ ਸੰਗਤ ਵਿੱਚ ਸਵੇਰੇ ਸ਼ਾਮ ਕੀਰਤਨ ਹੁੰਦਾ ਅਤੇ ਜੋ ਵੀ ਉੱਥੇ ਹਾਜ਼ਰ ਹੁੰਦਾ ਇਸ ਵਿੱਚ ਸ਼ਾਮਲ ਹੁੰਦਾ। ਇਹ ਕੀਰਤਨ ਜਾਂ ਸਮੂਹਿਕ ਜਾਪ ਕਿਸੇ ਉਨਮਾਦੀ ਖ਼ੁਮਾਰ ਦੀ ਪ੍ਰਾਪਤੀ ਲਈ ਨਹੀਂ ਬਲਕਿ ਸਹਿਜ ਤੇ ਗਹਿਰ ਗੰਭੀਰ ਰੂਪ ਵਿੱਚ ਪ੍ਰਭੂ ਦੀ ਉਸਤਤ ਸੀ। ਕਰਤਾਰਪੁਰ ਵਿਖੇ ਇੱਕ ਅਜਿਹੀ ਜੀਵਨ ਸ਼ੈਲੀ ਉਭਰੀ ਜਿਸ ਦੀ ਵਿਸ਼ੇਸ਼ਤਾ ਅਧਿਆਤਮਿਕ ਦੇ ਨਾਲ-ਨਾਲ ਹੋਰ ਗਤੀਵਿਧੀਆਂ ਵਿੱਚ ਸਮੂਹਕ ਰੂਪ ਵਿੱਚ ਭਾਗ ਲੈਣਾ ਸੀ।

ਗੁਰੂ ਨਾਨਕ ਨੇ ਸੰਗੀਤ ਨੂੰ ਮੰਦਰਾਂ ਤੇ ਦਰਬਾਰਾਂ ਵਿੱਚੋਂ ਸਮਾਜਿਕ ਇੱਕਠਾਂ, ਧਰਮਸ਼ਾਲਾਵਾਂ ਤੇ ਸਧਾਰਨ ਜਨਤਾ ਦੇ ਨਿਵਾਸ ਸਥਾਨਾਂ ਵਿੱਚ ਲਿਆਂਦਾ ਤੇ ਇਸ ਦਾ ਲੋਕਤੰਤਰੀਕਰਨ ਕੀਤਾ ਜੋ ਉਸ ਸਮੇਂ ਇੱਕ ਕ੍ਰਾਂਤਕਾਰੀ ਕਾਰਜ ਸੀ। ਭਾਈ ਗੁਰਦਾਸ ਅਨੁਸਾਰ

**ਘਰਿ ਘਰਿ ਅੰਦਰਿ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ**

(ਵਾਰ ੧, ਪਉੜੀ ੨੭)

ਸੰਗੀਤ ਕਲਾ ਦੇ ਉੱਥਾਨ ਲਈ ਇਹ ਜਤਨ ਬਹੁਤ ਹੀ ਸਾਰਥਕ ਸਿੱਧ ਹੋਏ ਕਿਉਂਕਿ ਉਸ ਸਮੇਂ ਸੰਗੀਤ ਆਪਣੇ ਆਸ਼ਰੈਦਾਤਾਵਾਂ ਦੇ ਚੁੰਗਲ ਵਿੱਚ ਫਸ ਕੇ ਗਹਿਰਾਈ, ਵਿਸ਼ਾਲਤਾ ਤੇ ਪਾਵਨ ਉਦੇਸ਼ ਤੋਂ ਦੂਰ ਹੋ ਰਿਹਾ ਸੀ। ਸ਼ਬਦ ਤੇ ਸੰਗੀਤ ਦੀ ਅਜਿਹੀ ਸਾਂਝ ਗੁਰੂ ਨੇ ਪਵਾਈ ਕਿ ਸਿੱਖ ਧਰਮ ਵਿੱਚ ਇਹਨਾਂ ਦੋਵਾਂ ਦੇ ਸੁਮੇਲ ਦਾ ਬੁਨਿਆਦੀ ਮਹੱਤਵ ਹੈ।

ਪੰਜਾਬ ਦੀ ਧਰਤੀ ਉੱਤੇ ਨਿਤਾਪ੍ਰਤੀ ਅਨਹਦ ਨਾਦ ਦਾ ਹੋ ਰਿਹਾ ਸੰਚਾਰ ਤੇ ਉਸ ਦੀ ਗੁੰਜਾਰ ਬਾਬੇ ਨਾਨਕ ਦੀ ਹੀ ਦੇਣ ਹੈ। ਅੱਜ ਪੂਰੇ ਵਿਸ਼ਵ ਨੂੰ ਗੁਰੂ ਨਾਨਕ ਦੇ ਦਰਸ਼ਨ, ਸਹਿਜ ਤੇ ਤਰਕ ਭਰਪੂਰ ਅਧਿਆਤਮ, ਪਰਸਪਰ ਸੰਵਾਦ ਤੇ ਸੰਗੀਤਕ ਸੰਚਾਰ ਦੀ ਬਹੁਤ ਜ਼ਰੂਰਤ ਹੈ ਤੇ ਗੁਰੂ ਨਾਨਕ ਦਾ ਸ਼ਬਦ ਤੇ ਸੰਗੀਤ ਨਾਲ ਸੁਮੇਲਿਤ ਉਪਦੇਸ਼ ਹੋਰ ਵੀ ਸਾਰਥਕ ਹੋ ਗਿਆ ਹੈ।

'ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਰਬਾਬੀ ਨੂੰ ਸਾਰੀ ਆਯੂ ਆਪਣੇ ਨਾਲ ਇੱਕ ਮਿੱਤਰ ਵਜੋ ਰੱਖ ਕੇ, ਧੁਰ ਕੀ ਬਾਣੀ ਨੂੰ ਰਾਗਾਂ ਵਿੱਚ ਨਿਬੱਧ ਕਰ ਕੇ, ਖ਼ੁਦ ਢਾਡੀ ਰੂਪ ਵਿੱਚ ਗਾਇਨ ਕਰ ਕੇ ਅਤੇ ਗੁਰਬਾਣੀ ਗਾਉਣ ਦਾ ਆਦੇਸ਼ ਦੇ ਕੇ ਇੱਕ ਉਸਾਰੂ ਸੰਗੀਤ-ਰੁਝਾਨ ਆਰੰਭ ਕੀਤਾ।'

ਗੁਰੂ ਨਾਨਕ ਵਜੋਂ ਬਖ਼ਸ਼ੀ ਮਹਾਨ ਸੰਗੀਤ ਪੱਧਤੀ ਅਤੇ ਵਿਰਾਸਤ ਨੂੰ ਅਗਲੇਰੇ ਗੁਰੂ ਸਾਹਿਬਾਨ ਨੇ ਪੂਰੀ ਸ਼ਰਧਾ ਭਾਵਨਾ ਨਾਲ ਸੰਸਥਾਗਤ ਰੂਪ ਵਿੱਚ ਅੱਗੇ ਵਧਾਇਆ ਅਤੇ ਇਸ ਦੇ ਵਿਕਾਸ ਕ੍ਰਮ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਪੂਰੇ ਵਿਸ਼ਵ ਵਿੱਚ ਸੰਗੀਤ ਦੇ ਪੱਖੋਂ ਰਚਿਆ ਅਤੇ ਸੰਪਾਦਨਾ ਕੀਤਾ ਕੋਈ ਹੋਰ ਗ੍ਰੰਥ ਪ੍ਰਾਪਤ ਨਹੀਂ ਹੁੰਦਾ। ਇਸ ਸਬੰਧ ਵਿੱਚ ਪ੍ਰੋ. ਤਾਰਾ ਸਿੰਘ ਦੀਆਂ ਸਤਰਾਂ ਮਹੱਤਵਪੂਰਨ ਹਨ-

'ਨਾਨਕ ਜੀ ਦੁਆਰਾ ਸਥਾਪਿਤ ਸੰਗੀਤ ਪੱਧਤੀ ਦਾ ਇਨ੍ਹਾਂ ਤੋਂ ਅਗਲੇ ਨੌਆਂ ਗੁਰੂਆਂ ਦੇ ਦਰਬਾਰ ਵਿੱਚ ਪੂਰਣ ਅਭਿਆਸ ਅਤੇ ਵਿਕਾਸ ਹੋਇਆ, ਗੁਰੂ ਨਾਨਕ ਨੇ ਇਸ ਪੱਧਤੀ ਵਿੱਚ ਸੰਗੀਤ ਦੇ ਮੰਤਵ, ਰੁਚੀ, ਭਾਸ਼ਾ, ਸੰਗਤ-ਸਥਾਨ, ਸਮਾਂ-ਸਿਧਾਂਤ, ਵਿਅਕਤੀਗਤ ਅਤੇ ਸਮੂਹ-ਗਾਨ ਦੀ ਮਹੱਤਤਾ ਨੂੰ ਜੋ ਵਿਸ਼ੇਸ਼ਤਾ ਦਿੱਤੀ ਉਸ ਨੂੰ ਜਿਉਂ ਦੀ ਤਿਉਂ ਅਤਿਅੰਤ ਸ਼ਰਧਾ ਅਤੇ ਸਤਿਕਾਰ ਨਾਲ ਅਗਲੇ ਗੁਰੂਆਂ ਰਾਹੀਂ ਨਿਭਾਇਆ ਗਿਆ।'

ਗੁਰੂ ਨਾਨਕ ਦਾ ਸੰਗੀਤ ਤੇ ਸੰਗੀਤਕ ਵਿਧੀ-ਵਿਧਾਨ ਰਹਿੰਦੀ ਦੁਨੀਆਂ ਤੱਕ ਕਾਇਮ ਰਹਿਣਗੇ ਤੇ ਉਹਨਾਂ ਜਿਸ ਦਰਸ਼ਨ ਤੇ ਅਧਿਆਤਮ ਦੇ ਸੰਚਾਰ ਤੇ ਸੰਵਾਦ ਲਈ ਸੰਗੀਤ ਨੂੰ ਇੱਕ ਸ਼ਕਤੀਸ਼ਾਲੀ ਮਾਧਿਅਮ ਵਜੋਂ ਚੁਣਿਆ ਉਹ ਸਦੀਵੀ ਹੈ। ਭਾਈ ਗੁਰਦਾਸ ਗੁਰੂ ਨਾਨਕ ਨੂੰ 'ਜ਼ਾਹਰ ਪੀਰ' ਭਾਵ ਜੋ ਹਰ ਸਮੇਂ, ਹਰ ਜੁੱਗ ਵਿੱਚ ਪ੍ਰਗਟ ਹੋ ਸਕੇ, ਜਿਸ ਦੀ ਸਾਰਥਕਤਾ ਸਦੀਵੀ ਹੋਵੇ, ਦਾ ਰੁਤਬਾ ਦਿੰਦੇ ਫਰਮਾਉਂਦੇ ਹਨ:

**ਗੰਗ ਬਨਾਰਸ ਹਿੰਦੂਆ, ਮੁਸਲਮਾਣਾ ਮੱਕਾ ਕਾਬਾ॥**
**ਘਰਿ ਘਰਿ ਬਾਬਾ ਗਾਵੀਐ, ਵਜਨਿ ਤਾਲ ਮ੍ਰਿਦੰਗੁ ਰਬਾਬਾ॥**
**ਜਾਹਰ ਪੀਰੁ ਜਗਤੁ ਗੁਰ ਬਾਬਾ॥**

(ਵਾਰ ੨੪, ਪਉੜੀ ੪)

## ਹਵਾਲੇ ਅਤੇ ਟਿੱਪਣੀਆਂ

- ਡਾ. ਦਰਸ਼ਨ ਸਿੰਘ ਨਰੂਲਾ, 'ਗੁਰੂ ਨਾਨਕ ਦੇਵ ਜੀ ਦੀ ਭਾਰਤੀ ਸੰਗੀਤ ਨੂੰ ਦੇਣ' ਸਮਾਜਕ ਵਿਗਿਆਨ ਪੱਤਰ, ਅੰਕ 59, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 1.
- ਹਰਬੰਸ ਸਿੰਘ, ਗੁਰੂ ਨਾਨਕ ਐਂਡ ਓਰੀਜਨਜ਼ ਆਫ਼ ਦਾ ਸਿੱਖ ਫੇਥ, ਏਸ਼ੀਆ ਪਬਲਿਸ਼ਿੰਗ ਹਾਊਸ, ਬੰਬਈ, 1969, ਪੰਨਾ 192.
- ਪ੍ਰੋ. ਤਾਰਾ ਸਿੰਘ, ਗੁਰੂ ਨਾਨਕ ਦੇਵ ਰਾਗ ਰਤਨਾਵਲੀ, ਡਾ. ਅਲੰਕਾਰ ਸਿੰਘ (ਸੰਪਾਦਕ), 'ਆਦਿਕਾ' ਵਿੱਚੋਂ, ਗਰੇਸ਼ੀਅਸ ਬੁਕਸ, ਪਟਿਆਲਾ, 2018.
- ਓਹੀ, 'ਆਦਿਕਾ'' ਵਿੱਚੋਂ
- ਹਰਬੰਸ ਸਿੰਘ, ਪੰਨਾ 180.
- ਡਾ. ਡੀ ਐੱਸ. ਨਰੂਲਾ, 'ਗੁਰੂ ਸਾਹਿਬਾਨ ਦੀ ਸਮਕਾਲੀਨ ਭਾਰਤੀ ਸੰਗੀਤ ਪਰੰਪਰਾ' ਗੁਰੂ ਨਾਨਕ ਸੰਗੀਤ ਪੱਧਤੀ-ਭਾਗ ਦੂਜਾ, ਭਾਈ ਸੁਖਵੰਤ ਸਿੰਘ (ਸੰਪਾਦਕ), ਜਵੱਦੀ ਟਕਸਾਲ, ਲੁਧਿਆਣਾ, 2003, ਪੰਨਾ 19.
- ਪ੍ਰੋ. ਤਾਰਾ ਸਿੰਘ, ਸੁਰਜੀਤ ਕੌਰ, ਵਾਦਨ ਕਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ 272.

**ਨਿਵੇਦਿਤਾ ਸਿੰਘ (ਡਾ.)**
drniveditavocalist@gmail.com

# ਸਹਿਣਸ਼ੀਲ ਸਮਾਜ ਦੀ ਸਿਰਜਣਾ ਵਿਚ ਗੁਰੂ ਨਾਨਕ ਦੇਵ ਜੀ ਦੀ ਭੂਮਿਕਾ

**ਪਰਮਵੀਰ ਕੌਰ**

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 145)

ਗੁਰੂ ਨਾਨਕ ਚਿੰਤਨ ਦੀ ਮੁੱਖ ਵਿਸ਼ੇਸ਼ਤਾ ਹੈ ਕਿ ਇਹ ਹਰ ਯੁੱਗ ਦੇ ਹਾਲਾਤਾਂ ਦਾ ਬਿੰਬ ਸਿਰਜਣ ਦੇ ਸਮਰੱਥ ਹੈ। ਉਪਰੋਕਤ ਕਥਨ ਜਗਤ ਗੁਰੂ ਬਾਬੇ ਨੇ 15ਵੀਂ ਸਦੀ ਦੇ ਹਾਲਾਤਾਂ ਨੂੰ ਬਿਆਨਦਿਆਂ ਉਚਾਰਨ ਕੀਤੇ ਸਨ। ਪ੍ਰੰਤੂ ਜੇਕਰ ਇਨ੍ਹਾਂ ਨੂੰ ਅਜੋਕੇ ਸਮਾਜ ਦੇ ਸੰਦਰਭ ਵਿਚ ਵੇਖਿਆ ਜਾਵੇ ਤਾਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਗੁਰੂ ਸਾਹਿਬ ਨੇ ਸਮਕਾਲੀ ਦੌਰ ਦੀ ਹੋਣੀ ਨੂੰ ਬਿਆਨ ਕੀਤਾ ਹੈ। ਵਿਕਾਸ ਦੇ ਅਜੋਕੇ ਆਧੁਨਿਕ ਯੁੱਗ ਅੰਦਰ ਮਨੁੱਖ ਨੇ ਬਾਹਰੀ ਰੂਪ ਵਿਚ ਭਾਵੇਂ ਸਭਿਅਕ ਹੋਣ ਦਾ ਦਾਅਵਾ ਕੀਤਾ ਹੈ, ਪ੍ਰੰਤੂ ਖਿਆਲੀ ਪੱਧਰ 'ਤੇ ਅਜੇ ਤੱਕ ਖੁਦਗਰਜ਼ੀ, ਲਾਲਚ, ਫਰੇਬ, ਹਉਮੈ ਵਰਗੀਆਂ ਅਲਾਮਤਾਂ ਨਾਲ ਘਿਰਿਆ ਹੋਇਆ ਹੈ। ਗੁਰੂ ਬਾਬੇ ਨੇ ਜਿਨ੍ਹਾਂ ਕੂੜੀਆਂ ਰਹੁ-ਰੀਤਾਂ ਦਾ ਖੰਡਨ ਕਰਦਿਆਂ 'ਨਿਰਮਲ ਪੰਥ' ਦੀ ਸਿਰਜਣਾ ਕੀਤੀ ਸੀ, ਅੱਜ ਉਸੇ ਪੰਥ ਅੰਦਰ ਉਨ੍ਹਾਂ ਰਹੁ-ਰੀਤਾਂ ਦਾ ਬੋਲ-ਬਾਲਾ ਵਿਆਪਕ ਪੱਧਰ 'ਤੇ ਵਾਪਰ ਰਿਹਾ ਹੈ। ਗੁਰੂ ਬਾਬੇ ਨੇ ਜਾਤ-ਪਾਤ ਦੀ ਧਾਰਨਾ ਦਾ ਖੰਡਨ ਕਰਦਿਆਂ ਇਹਨਾਂ ਅਧਾਰਾਂ ਤੇ ਪਈ ਸਮਾਜਿਕ ਵੰਡ ਦਾ ਵਿਰੋਧ ਕੀਤਾ। ਪਰ ਅੱਜ ਮੁੜ ਮਨੁੱਖਤਾ ਗੁਰੂ ਆਸ਼ੇ ਤੋਂ ਭਟਕ ਇਨ੍ਹਾਂ ਅਲਾਮਤਾਂ ਵਿਚ ਗਲਤਾਨ ਹੋਈ ਦੁੱਖ ਭੋਗ ਰਹੀ ਹੈ। ਕਾਜ਼ੀਆਂ, ਮੁੱਲਾਂ ਅਤੇ ਪੰਡਤਾਂ ਦੀ ਜਗ੍ਹਾ ਡੇਰੇਵਾਦੀ ਬਿਰਾਜਮਾਨ ਹਨ। ਗਿਆਨ ਦੇ ਇਸ ਯੁੱਗ ਅੰਦਰ ਵੀ ਮਨੁੱਖਤਾ 'ਅੰਧੀ ਰਯਤਿ ਗਿਆਨ ਵਿਹੂਣੀ' ਹੋਈ ਭਟਕ ਰਹੀ ਹੈ। 'ਦਲਿਤ ਵਰਗ' ਅੱਜ ਵੀ ਅਪਮਾਨੇ ਅਤੇ ਸਰਾਪੇ ਹੋਏ ਮਨੁੱਖ ਦੀ ਹੋਣੀ ਭੋਗ ਰਿਹਾ ਹੈ। ਜਿਨ੍ਹਾਂ ਬਾਰੇ ਬਾਬੇ ਨੇ ਆਖਿਆ ਸੀ-

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 15)

ਭਾਵ ਜੋ ਨੀਵੀਂ ਤੋਂ ਨੀਵੀਂ ਜਾਤਿ ਦੇ ਹਨ, ਜੋ ਨੀਵਿਆਂ ਤੋਂ ਵੀ ਅਤਿ ਨੀਵੇਂ ਅਖਵਾਉਂਦੇ ਹਨ, ਨਾਨਕ ਉਨ੍ਹਾਂ ਦੀ ਸੰਗਤ ਲੋਚਦਾ ਹੈ। ਪਰ ਅੱਜ ਗੁਰੂ ਨਾਨਕ ਦਾ ਸਿੱਖ ਅਖਵਾਉਣ ਵਾਲਾ ਹੀ ਅਨੇਕਾਂ ਜਾਤਾਂ ਵਿਚ ਵੰਡਿਆ ਪ੍ਰਤੱਖ ਦਿਖਾਈ ਦਿੰਦਾ ਹੈ।

ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਹੁਕਮਰਾਨਾਂ ਦੇ ਰਵੱਈਏ ਬਾਰੇ ਵਿਚਾਰ ਪੇਸ਼ ਕਰਦਿਆਂ ਆਖਿਆ ਹੈ-

**ਰਾਜੇ ਸੀਹ ਮੁਕਦਮ ਕੁਤੇ॥**
**ਜਾਇ ਜਗਾਇਨਿ ਬੈਠੇ ਸੁਤੇ॥**

**ਚਾਕਰ ਨਹਦਾ ਪਾਇਨਿ ਘਾਉ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1288)

ਮੌਜੂਦਾ ਸਮੇਂ ਦੇ ਹੁਕਮਰਾਨਾਂ ਦਾ ਰਵੱਈਆ ਇਸ ਤੋਂ ਵੱਖਰਾ ਨਹੀਂ ਹੈ। ਉਹ ਆਧੁਨਿਕ ਸੱਤਾ ਦੇ ਤੌਰ-ਤਰੀਕਿਆਂ ਰਾਹੀਂ ਮਨੁੱਖਤਾ ਦਾ ਮਾਸ ਨੋਚ ਰਹੇ ਹਨ। ਕਹਿਣ ਨੂੰ ਲੋਕਤੰਤਰੀ ਸ਼ਾਸਨ ਹਨ, ਪਰ ਲੋਕਤੰਤਰ ਦੇ ਪਰਦੇ ਪਿੱਛੇ ਸਰਕਾਰਾਂ ਤਾਨਾਸ਼ਾਹੀ ਸ਼ਾਸਨ ਚਲਾ ਰਹੀਆਂ ਹਨ। ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਲੋਧੀ ਵੰਸ਼ ਦਾ ਰਾਜ ਸੀ, ਜੋ ਬੜੇ ਉਦਾਰ ਅਤੇ ਇਨਸਾਫ਼ ਪਸੰਦ ਸ਼ਾਸ਼ਕ ਸਨ। ਪਰ ਉਨ੍ਹਾਂ ਦੀ ਉਦਾਰਤਾ ਆਪਣੇ ਧਰਮ (ਇਸਲਾਮ) ਤੱਕ ਹੀ ਸੀਮਿਤ ਸੀ। ਹਿੰਦੂਆਂ ਪ੍ਰਤੀ ਉਨ੍ਹਾਂ ਦਾ ਰਵੱਈਆ ਅੱਤਿਆਚਾਰੀ ਹੀ ਸੀ। ਬਿਲਕੁਲ ਇਹੋ ਸਥਿਤੀ ਅਜੋਕੇ ਹੁਕਮਰਾਨਾਂ ਦੀ ਹੈ। ਦੇਸ਼ਾਂ ਨੂੰ ਇੱਕ ਰਾਸ਼ਟਰੀ ਇਕਾਈ ਮੰਨਿਆ ਜਾਂਦਾ ਹੈ ਅਤੇ ਰਾਸ਼ਟਰ ਦਾ ਭਾਵ ਹੈ ਵੱਖੋ-ਵੱਖਰੇ ਵਿਚਾਰਾਂ ਦੇ ਸੁਮੇਲ ਤੋਂ ਬਣਿਆ ਇਕੱਠ, ਜੋ ਸਾਂਝੇ ਹਿੱਤਾਂ ਦੀ ਪੂਰਤੀ ਲਈ ਸਮੂਹ ਵਿਚ ਵਿਚਰਦਾ ਹੈ। ਰਾਸ਼ਟਰ ਦੀ ਪਰਿਭਾਸ਼ਾ ਦਿੰਦਿਆਂ ਪ੍ਰਸਿੱਧ ਚਿੰਤਕ 'ਹੋਮੀ ਭਾਬਾ' ਆਪਣੀ ਪੁਸਤਕ 'ਨੇਸ਼ਨ ਐਂਡ ਨਰੇਸ਼ਨ' ਵਿਚ ਲਿਖਦਾ ਹੈ-

"The nation's 'coming into being' as a system of cultural signification, as the representation of social life rather than the discipline of social polity, emphasizes this instability of knowledge."[1]

ਭਾਵ ਰਾਸ਼ਟਰ ਕੋਈ ਸੰਵਿਧਾਨਿਕ ਜਾਂ ਕਾਨੂੰਨੀ ਸਿਆਸਤ ਨੂੰ ਨਹੀਂ ਕਹਿੰਦੇ। ਇਹ ਸਭਿਆਚਾਰ ਅਤੇ ਅਸਲੀ ਜ਼ਿੰਦਗੀ ਰਾਹੀਂ ਪਰਿਭਾਸ਼ਿਤ ਹੈ। ਉਹ ਰਾਸ਼ਟਰ ਨੂੰ 'Equivocal' ਕਹਿੰਦਾ ਹੈ, ਜਿਸਦਾ ਅਰਥ ਅਨੇਕਾਂ ਸਮਾਨ ਧੁਨੀਆਂ/ਵਿਚਾਰਾਂ ਦੇ ਸੁਮੇਲ ਤੋਂ ਬਣਿਆ ਇਕੱਠ ਹੈ। ਜਿਸ ਦੀਆਂ ਅਨੇਕਾਂ ਵਿਆਖਿਆਵਾਂ ਹੋ ਸਕਦੀਆਂ ਹਨ। ਪਰ ਸੱਤਾ ਤੇ ਕਾਬਜ਼ ਸਰਕਾਰਾਂ ਆਪਣੀ ਨਿੱਜੀ ਵਿਚਾਰਧਾਰਾ ਦੀ ਪ੍ਰਭੁਸੱਤਾ ਕਾਇਮ ਕਰਨ ਲਈ ਯਤਨਸ਼ੀਲ ਹਨ ਅਤੇ ਬਾਕੀ ਸਾਰੀਆਂ ਧੁਨੀਆਂ/ਵਿਚਾਰਾਂ ਨੂੰ ਦਬਾਉਣ ਲਈ ਪੁਰਜ਼ੋਰ ਕੋਸ਼ਿਸ਼ਾਂ ਕਰਦੀਆਂ ਹਨ। ਅਜਿਹੀ ਨੀਤੀ ਨੂੰ ਪ੍ਰਮਾਣਿਤ ਸਿੱਧ ਕਰਨ ਲਈ ਰਾਸ਼ਟਰਵਾਦ ਦੀ ਧਾਰਨਾ ਨੂੰ ਵਰਤਿਆ ਜਾਂਦਾ ਹੈ। ਨਿੱਜੀ ਹਿਤਾਂ ਨੂੰ ਰਾਸ਼ਟਰੀ ਹਿੱਤਾਂ ਨਾਲ ਜੋੜ ਕੇ ਲਾਗੂ ਕਰਵਾਇਆ ਅਤੇ ਥੋਪਿਆ ਜਾਂਦਾ ਹੈ। ਸੱਤਾ ਦੇ ਵਿਰੋਧ ਨੂੰ ਰਾਸ਼ਟਰ ਦੇ ਵਿਰੋਧ ਨਾਲ ਜੋੜ ਕੇ ਆਲੋਚਕਾਂ, ਚਿੰਤਕਾਂ ਅਤੇ ਘੱਟ ਗਿਣਤੀਆਂ ਦੀ ਆਵਾਜ਼ ਨੂੰ ਦਬਾਇਆ ਜਾਂਦਾ ਹੈ। ਚੌਰਾਸੀ ਦਾ ਕਤਲੇਆਮ, ਗੁਜਰਾਤ ਦੇ ਦੰਗੇ ਅਤੇ ਨਿੱਤ ਹੋਣ ਵਾਲੇ ਮਨੁੱਖੀ ਘਾਣ ਪਿੱਛੇ ਅਜਿਹੇ ਕਾਰਨ ਹੀ ਕਾਰਜਸ਼ੀਲ ਹਨ।

ਹਿੰਸਾ ਦਾ ਅਜਿਹਾ ਵਰਤਾਰਾ ਰਾਸ਼ਟਰੀ ਪੱਧਰ 'ਤੇ ਹੀ ਨਹੀਂ ਸਗੋਂ ਅੰਤਰ-ਰਾਸ਼ਟਰੀ ਪੱਧਰ 'ਤੇ ਵੀ ਵਾਪਰ ਰਿਹਾ ਹੈ। ਵਿਕਸਤ ਦੇਸ਼ ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ 'ਤੇ ਆਪਣੀ ਪ੍ਰਭੁਸੱਤਾ ਸਥਾਪਿਤ ਕਰਨ ਵਿਚ ਜੁਟੇ ਹੋਏ ਹਨ। ਅਜਿਹੀ ਸਥਿਤੀ ਵਿਚ ਆਮ ਮਨੁੱਖ ਦਾ ਘਾਣ ਹੋ ਰਿਹਾ ਹੈ। ਸੀਰੀਆ, ਇਰਾਕ, ਅਫਗਾਨਿਸਤਾਨ ਆਦਿ ਦੇਸ਼ਾਂ ਵਿਚ ਹੋਣ ਵਾਲੇ ਹਮਲੇ ਇਸੇ ਦਾ ਨਤੀਜਾ ਹਨ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ-

**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ਰਹਾਉ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 360)

ਅਰਥਾਤ ਜੇ ਕੋਈ ਜ਼ੋਰਾਵਰ ਦੂਜੇ ਜ਼ੋਰਾਵਰ ਨੂੰ ਮਾਰੇ ਤਾਂ (ਵੇਖਣ ਵਾਲਿਆਂ ਦੇ) ਮਨ ਵਿਚ ਕੋਈ ਗੁੱਸਾ-ਗਿਲਾ ਨਹੀਂ ਹੁੰਦਾ (ਕਿਉਂਕਿ ਦੋਵੇਂ ਧਿਰਾਂ ਇੱਕ ਦੂਜੇ ਨੂੰ ਕਰਾਰੇ ਹੱਥ ਵਿਖਾ ਲੈਂਦੀਆਂ ਹਨ)। ਹਰ ਪਾਸੇ ਅਸਹਿਣਸ਼ੀਲਤਾ ਦਾ ਰਵੱਈਆ ਭਾਰੂ ਹੈ। ਗੌਰਤਲਬ ਹੈ ਕਿ ਮਨੁੱਖ ਦਾ ਇਹ ਰਵੱਈਆ ਕੇਵਲ ਮਨੁੱਖਾਂ ਤੱਕ ਹੀ ਸੀਮਿਤ ਨਹੀਂ ਹੈ, ਬਲਕਿ ਉਸਨੇ ਕੁਦਰਤ ਅਤੇ ਹੋਰ ਜੀਵਾਂ ਪ੍ਰਤੀ ਵੀ ਅਸਹਿਣਸ਼ੀਲਤਾ ਦਾ ਪ੍ਰਮਾਣ ਪੇਸ਼ ਕੀਤਾ ਹੈ। ਜਿਸਦਾ ਸਿੱਟਾ ਅੱਜ ਅਸੀਂ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਅਤੇ ਲੁਪਤ ਹੋ ਰਹੀਆਂ ਜੀਵਾਂ ਦੀਆਂ ਪ੍ਰਜਾਤੀਆਂ ਦੇ ਰੂਪ ਵਿਚ ਵੇਖ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦੀ ਵਿਸ਼ਾਲਤਾ ਨੂੰ ਦਰਸਾਉਂਦਿਆਂ 'ਬਲਿਹਾਰੀ ਕੁਦਰਤਿ ਵਸਿਆ' ਦਾ ਸਿਧਾਂਤ ਪੇਸ਼ ਕੀਤਾ ਅਤੇ ਕੁਦਰਤੀ ਨਿਆਮਤਾਂ ਦਾ ਮਨੁੱਖੀ ਰਿਸ਼ਤਿਆਂ ਦੇ ਰੂਪ ਵਿਚ ਮਾਨਵੀਕਰਨ ਕਰਦਿਆਂ ਇਹ ਵਿਚਾਰ ਪੇਸ਼ ਕੀਤੇ-

**ਪਉਣੁ ਗੁਰੂ ਪਾਣੀ ਪਿਤ ਜਾਤਾ॥**
**ਉਦਰ ਸੰਜੋਗੀ ਧਰਤੀ ਮਾਤਾ॥**

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1021)

ਪਰ ਗੁਰੂ ਸਾਹਿਬ ਦੇ ਇਨ੍ਹਾਂ ਵਿਚਾਰਾਂ ਨੂੰ ਹਾਸ਼ੀਏ 'ਤੇ ਰੱਖ ਕੇ ਆਧੁਨਿਕ ਮਨੁੱਖ ਨੇ ਵਿਕਾਸ ਦੀ ਧਾਰਨਾ ਹੇਠ ਹਵਾ, ਪਾਣੀ ਅਤੇ ਧਰਤੀ ਨੂੰ ਇਸ ਪ੍ਰਕਾਰ ਪ੍ਰਦੂਸ਼ਿਤ ਕਰ ਦਿੱਤਾ ਹੈ ਕਿ ਮਨੁੱਖਤਾ ਦੇ ਵਿਨਾਸ਼ ਦੇ ਕਿਆਸ ਲਾਏ ਜਾਣ ਲੱਗ ਪਏ ਹਨ। ਪੰਜਾਂ ਦਰਿਆਵਾਂ ਦੀ ਧਰਤੀ ਆਖੇ ਜਾਣ ਵਾਲੇ ਪੰਜਾਬ ਦਾ ਪਾਣੀ ਪੀਣ ਯੋਗ ਨਹੀਂ ਰਿਹਾ ਹੈ। ਇਕ ਰਿਪੋਰਟ ਅਨੁਸਾਰ 'ਪੰਜਾਬ ਪ੍ਰਦੂਸ਼ਣ ਕੰਟਰੋਲ ਵਿਭਾਗ' ਦੇ ਇਕ ਅਧਿਕਾਰੀ ਨੇ ਪਾਣੀ ਦੇ ਪ੍ਰਦੂਸ਼ਣ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ-

"As Ravi's major part is not in Punjab, we mainly have three rivers-Beas, Sutlej and Ghaggar, Beas is by and large OK, except last week's incident. In Sutlej we get B-grade water at Nangal. When it crosses Kiratpur Sahib, water becomes C-grade. When it cross Ludhiana, it becomes E-grade and that's the last grade. So is the case with Ghaggar. We get D-grade water from Haryana and by the time it passes Patiala, particularly Khanauri it becomes E-grade. So the water in our water bodies is polluted. As there is no grade below E-grade all the rivers are in a bad shape. We have to accept that and work out methods to clean them."[2]

ਹਰੀ ਕ੍ਰਾਂਤੀ ਦੇ ਭਰਮ ਅਧੀਨ ਵਧੇਰੇ ਮੁਨਾਫਾ ਕਮਾਉਣ ਦੀ ਲਾਲਸਾ ਵਿਚ ਗਲਤਾਨ ਹੋਏ ਮਨੁੱਖ ਨੇ ਜ਼ਹਿਰੀਲੇ ਕੀਟਨਾਸ਼ਕਾਂ, ਖਾਦਾਂ ਅਤੇ ਸਪਰੇਆਂ ਦੀ ਧੜਾਧੜ ਵਰਤੋਂ ਕੀਤੀ ਹੈ। ਜਿਸਦੇ ਸਦਕਾ ਅਨਾਜ ਦੀ ਪੈਦਾਵਾਰ ਵਿਚ ਭਾਵੇਂ ਹੈਰਾਨੀਜਨਕ ਵਾਧਾ ਹੋਇਆ ਹੈ ਪਰ ਇਸ ਵਿਚ ਮੌਜੂਦ ਜ਼ਹਿਰੀਲੇ ਪਦਾਰਥਾਂ ਨੇ ਸਾਡੀਆਂ ਨਸਲਾਂ ਨੂੰ ਅਪਾਹਜ ਕਰ ਦਿੱਤਾ ਹੈ। ਆਪਣੇ ਦੂਸ਼ਿਤ ਵਿਚਾਰਾਂ ਅਤੇ ਅਸਹਿਣਸ਼ੀਲ ਬਿਰਤੀ ਦੇ ਧਾਰਨੀ ਮਨੁੱਖ ਨੇ ਕੁਦਰਤ ਨੂੰ ਵੀ ਨਹੀਂ ਬਖਸ਼ਿਆ।

ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਵੀ ਸਮਾਜਿਕ ਦਸ਼ਾ ਬਹੁਤ ਨਾਜ਼ੁਕ ਸੀ। ਸਿਆਸੀ ਪੱਧਰ ਤੇ

ਪਾਖੰਡਵਾਦ ਭਾਰੂ ਸੀ। ਚਿੰਤਕ ਵਰਗ ਸਿੱਧ, ਪਰਬਤਾਂ ਵਿਚ ਛੁਪ ਬੈਠੇ ਸਨ, ਜਿਨ੍ਹਾਂ ਬਾਬਤ ਭਾਈ ਗੁਰਦਾਸ ਜੀ ਨੇ ਜ਼ਿਕਰ ਕਰਦਿਆਂ ਲਿਖਿਆ ਹੈ-

**ਸਿਧ ਛਪਿ ਬੈਠੇ ਪਰਬਤੀ**
**ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।**

(ਭਾਈ ਗੁਰਦਾਸ ਜੀ, ਵਾਰ ਪਹਿਲੀ)

ਅਜਿਹੇ ਸਮੇਂ ਲੋਕਾਈ ਦੀ ਸਾਰ ਲੈਣ ਵਾਲਾ ਕੋਈ ਨਹੀਂ ਸੀ, ਜੋ ਉਨ੍ਹਾਂ ਦਾ ਮਾਰਗ ਦਰਸ਼ਨ ਕਰਕੇ ਉਨ੍ਹਾਂ ਨੂੰ ਦੁੱਖਾਂ ਤੋਂ ਮੁਕਤੀ ਦਵਾ ਸਕਦਾ ਸੀ। ਕਲਯੁਗ ਦੇ ਕਹਿਰ ਦਾ ਸੰਤਾਪ ਭੋਗਦੀ ਲੋਕਾਈ ਦੀ ਅਰਦਾਸ ਸੁਣ ਅਕਾਲ ਪੁਰਖ ਨੇ ਜਗਤ ਗੁਰੂ ਬਾਬੇ ਨੂੰ ਉਨ੍ਹਾਂ ਦੇ ਉਧਾਰ ਲਈ ਭੇਜਿਆ, ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇੰਝ ਕੀਤਾ ਹੈ-

**ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ**

(ਭਾਈ ਗੁਰਦਾਸ ਜੀ, ਵਾਰ ਪਹਿਲੀ)

ਉਰਦੂ ਦਾ ਸ਼ਾਇਰ 'ਇਕਬਾਲ' ਇਸ ਸਥਿਤੀ ਨੂੰ ਆਪਣੇ ਸ਼ਬਦਾਂ ਵਿਚ ਇੰਝ ਬਿਆਨਦਾ ਹੈ

ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਿਲ ਨੇ ਜਗਾਯਾ ਖ਼ਾਬ ਸੇ॥[3]

ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਕੇਂਦਰ ਵਿਚ ਭਾਵੇਂ ਬ੍ਰਹਮ ਦਾ ਪਸਾਰਾ ਹੈ ਪਰ ਇਸ ਪਸਾਰੇ ਦੇ ਇਰਦ-ਗਿਰਦ ਮਨੁੱਖ ਦੀ ਸਮਾਜਿਕ ਜ਼ਿੰਦਗੀ ਘੁੰਮਦੀ ਹੈ। ਗੁਰੂ ਸਾਹਿਬ ਦਾ ਧਰਮ, ਗ੍ਰਹਿਸਥੀਆਂ ਦਾ ਧਰਮ ਹੈ। ਇਸ ਮਾਰਗ 'ਤੇ ਚਲਦਿਆਂ ਉਨ੍ਹਾਂ ਨੇ 'ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ' ਦਾ ਮਾਡਲ ਪੇਸ਼ ਕੀਤਾ। ਗੁਰੂ ਸਾਹਿਬ ਨੇ ਇਸ ਮਾਡਲ ਨੂੰ ਪ੍ਰਚਾਰਨ ਅਤੇ ਗਿਆਨ ਤੋਂ ਵਿਹੂਣੀ, ਹਨੇਰੇ ਵਿਚ ਗਲਤਾਨ ਹੋਈ ਮਨੁੱਖਤਾ ਨੂੰ ਸੋਧਣ ਲਈ ਚਾਰੇ ਦਿਸ਼ਾਵਾਂ ਦਾ ਰਟਨ ਕਰਦਿਆਂ ਆਦਰਸ਼ਕ ਮਨੁੱਖ ਦੀ ਸਿਰਜਣਾ ਕੀਤੀ। ਜਿਸ ਦੀ ਸਹਿਣਸ਼ੀਲਤਾ ਦੀਆਂ ਅਨੇਕਾਂ ਮਿਸਾਲਾਂ ਗੁਰੂ ਨਾਨਕ ਦੇ ਪੰਥ ਅੰਦਰ ਦੇਖਣ ਨੂੰ ਮਿਲਦੀਆਂ ਹਨ। ਗੁਰੂ ਸਾਹਿਬ ਨੇ ਠੱਗਾਂ ਨੂੰ ਸੱਜਣ, ਰਾਖਸ਼ਾਂ ਨੂੰ ਦੇਵਤੇ ਅਤੇ ਕਤਲਗਾਹਾਂ ਨੂੰ ਧਰਮਸ਼ਾਲਾ ਬਣਾ ਦਿੱਤਾ। ਅਜਿਹਾ ਉਨ੍ਹਾਂ ਦੇ ਸਹਿਣਸ਼ੀਲ ਅਤੇ ਅਪਣੱਤ ਭਰੇ ਵਿਵਹਾਰ ਸਦਕਾ ਸੰਭਵ ਹੋਇਆ ਅਤੇ ਉਨ੍ਹਾਂ ਨੇ ਪਹਿਲੀ ਧਰਮਸ਼ਾਲ ਸੱਜਣ ਠੱਗ ਦੀ ਕਤਲਗਾਹ ਨੂੰ ਬਣਾਇਆ, ਜਿਸਦਾ ਜ਼ਿਕਰ ਪੁਰਾਤਨ ਜਨਮਸਾਖੀ ਵਿਚ ਮਿਲਦਾ ਹੈ-

**ਨਾਉ ਧਰੀਕ ਸਿੱਖ ਹੋਆ।**
**ਪਹਿਲੀ ਧਰਮਸਾਲ ਓਥੇ ਬੱਧੀ।**[4]

ਗੁਰੂ ਸਾਹਿਬ ਨੇ ਨਾਥਾਂ, ਸਿੱਧਾਂ, ਜੋਗੀਆਂ ਅਤੇ ਭਟਕੇ ਹੋਏ ਮਨੁੱਖਾਂ ਨਾਲ ਵਿਵਾਦ ਦੀ ਜਗ੍ਹਾ ਸੰਵਾਦ ਰਚਾਇਆ, ਜੋ ਤਰਕ 'ਤੇ ਅਧਾਰਿਤ ਸੀ। ਗੁਰੂ ਸਾਹਿਬ ਨੇ 'ਸਿਧ ਗੋਸਟਿ' ਵਿਚ ਯੋਗੀਆਂ ਦੇ ਪ੍ਰਤੀਕਾਂ,

ਆਡੰਬਰਾਂ ਅਤੇ ਰੂੜੀਆਂ ਦਾ ਖੰਡਨ ਕਰਦਿਆਂ ਸਹਿਣਸ਼ੀਲਤਾ ਦੀ ਨੀਤੀ ਨੂੰ ਅਪਣਾਇਆ। ਸਿੱਧਾਂ ਨਾਲ ਹੋਈ ਗੋਸ਼ਟ ਨੂੰ ਘੋਖਿਆਂ ਇਹ ਤੱਥ ਸਾਹਮਣੇ ਆਓਂਦਾ ਹੈ ਕਿ ਜਿੱਥੇ ਇਸ ਗੋਸ਼ਟ ਵਿਚੋਂ ਗੁਰੂ ਸਾਹਿਬ ਦੇ ਅਧਿਆਤਮਿਕ ਵਿਚਾਰ-ਜਗਤ ਦੇ ਦਰਸ਼ਨ ਹੁੰਦੇ ਹਨ, ਉੱਥੇ ਉਨ੍ਹਾਂ ਦੇ ਵਿਅਕਤੀਤਵ ਬਾਰੇ ਵੀ ਗਿਆਨ ਮਿਲਦਾ ਹੈ। ਪੂਰਨ ਗੋਸ਼ਟ ਬੜੇ ਹੀ ਸ਼ਾਂਤ ਵਾਤਾਵਰਨ ਵਿਚ ਵਾਪਰਦੀ ਹੈ। ਕਿਤੇ ਵੀ ਈਰਖਾ, ਵਿਅੰਗ ਜਾਂ ਨਫਰਤ ਵਾਲੀਆਂ ਭਾਵਨਾਵਾਂ ਨਜ਼ਰ ਨਹੀਂ ਆਉਂਦੀਆਂ। ਸਮੁੱਚਾ ਵਾਤਾਵਰਣ ਠਰੰਮੇ, ਧੀਰਜ, ਸਹਿਣਸ਼ੀਲਤਾ ਵਾਲਾ ਬਣਿਆ ਰਹਿੰਦਾ ਹੈ। ਪ੍ਰੰਤੂ ਅਜੋਕੇ ਸਮੇਂ ਚਿੰਤਕਾਂ ਵਿਚ ਹੋਣ ਵਾਲੀਆਂ ਬਹਿਸਾਂ ਦਾ ਅੰਤ ਇੱਕ-ਦੂਜੇ 'ਤੇ ਦੂਸ਼ਣਬਾਜ਼ੀਆਂ ਲਗਾਉਣ ਨਾਲ ਹੁੰਦਾ ਹੈ ਅਤੇ ਸਹਿਣਸ਼ੀਲਤਾ ਕਿੱਧਰੇ ਵੀ ਨਜ਼ਰ ਨਹੀਂ ਆਉਂਦੀ। ਗੁਰੂ ਨਾਨਕ ਸਾਹਿਬ ਨੇ ਜਿੱਥੇ ਬਾਕੀ ਕੁਰੀਤੀਆਂ ਦਾ ਖੰਡਨ ਕੀਤਾ, ਉੱਥੇ ਇਸਤਰੀ ਬਾਰੇ ਪ੍ਰਚਲਿਤ ਅਪਮਾਨਜਨਕ ਧਾਰਨਾਵਾਂ ਦਾ ਵੀ ਵਿਰੋਧ ਕੀਤਾ। ਜਿਸ ਸੰਬੰਧੀ ਡਾ. ਜਸਬੀਰ ਸਿੰਘ ਲਿਖਦੇ ਹਨ-

"ਇਸ ਅਧਿਆਤਮਿਕ ਸੰਕਟ ਦੇ ਜੁਗ ਵਿਚ ਜਾਤਿ ਪਾਤ, ਊਚ ਨੀਚ ਅਤੇ ਰਾਜਾ ਰੰਕ ਦਾ ਵਿਤਕਰਾ ਤਾ ਹੈ ਹੀ, ਸਮਾਜ ਦੇ ਅੱਧੇ ਭਾਗ 'ਇਸਤਰੀ' ਦੀ ਨਿੰਦਿਆ ਦਾ ਵੀ ਫੈਸ਼ਨ ਪ੍ਰਚਲਤ ਹੋ ਗਿਆ ਸੀ। ਖਾਸ ਤੌਰ 'ਤੇ ਅਖੌਤੀ ਜੋਗੀ ਸੰਨਿਆਸੀ ਇਸਤਰੀ ਨੂੰ ਮਨੁੱਖ ਦੀ ਗਿਰਾਵਟ ਦਾ ਮੂਲ ਕਾਰਨ ਮਿੱਥਦੇ ਸਨ।"[5]

ਇਨ੍ਹਾਂ ਨਿੰਦਕਾਂ ਦੇ ਇਸਤਰੀ ਪ੍ਰਤੀ ਅਜਿਹੇ ਵਿਚਾਰਾਂ ਦੇ ਵਿਰੋਧ ਵਿਚ ਗੁਰੂ ਸਾਹਿਬ ਨੇ ਇਸਤਰੀ ਦੇ 'ਬੱਤੀ ਸੁਲੱਖਣੀ' ਹੋਣ ਦਾ ਪ੍ਰਵਚਨ ਸਿਰਜਦਿਆਂ 'ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨਿ' ਦਾ ਸਿਧਾਂਤ ਪੇਸ਼ ਕੀਤਾ। ਗੁਰੂ ਰਾਮਦਾਸ ਜੀ (ਚੌਥੇ ਗੁਰੂ ਨਾਨਕ) ਨੇ ਇਸਤਰੀ ਨੂੰ ਜਾਇਦਾਦ ਦਾ ਅਧਿਕਾਰ ਦਿੱਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਸ਼ਸਤਰ ਅਤੇ ਸ਼ਾਸਤਰ ਦੀ ਧਾਰਨੀ ਬਣਾ ਬਰਾਬਰਤਾ ਦਾ ਦਰਜਾ ਦਿੱਤਾ। ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਦੁਆਰਾ ਬਰਾਬਰਤਾ ਦੇ ਸਿਧਾਂਤ 'ਤੇ ਸਿਰਜਤ ਸਮਾਜ ਦੀ ਚਰਚਾ ਕਰਦਿਆਂ ਪ੍ਰੋ. ਸਤਿੰਦਰ ਸਿੰਘ ਲਿਖਦੇ ਹਨ-

"ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦਾ ਭੈ ਰਖਣ ਵਾਲੇ 'ਲੋਕਤੰਤਰਵਾਦ' ਦੀ ਸਥਾਪਨਾ ਕੀਤੀ, ਜਿਸ ਅਨੁਸਾਰ ਸਭ ਲੋਕਾਂ ਨੂੰ ਸਮਾਨ ਅਧਿਕਾਰ ਪ੍ਰਾਪਤ ਹਨ ਅਤੇ ਜਾਤੀ, ਵਰਣ, ਵਰਗ ਆਦਿ ਦਾ ਕੋਈ ਭੇਦ ਨਹੀਂ।"[6]

ਭਾਈ ਗੁਰਦਾਸ ਜੀ ਦੁਆਰਾ ਰਚਿਤ ਪੰਕਤੀਆਂ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' ਵਿਚ ਪੇਸ਼ ਸਿਧਾਂਤ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਅਗਲੇਰੇ ਗੁਰੂ ਸਹਿਬਾਨਾਂ ਦੇ ਰੂਪ ਵਿਚ ਕੇਵਲ ਆਪਣਾ ਸਰੀਰ ਹੀ ਬਦਲਿਆ, ਜੋਤ ਅਤੇ ਜੁਗਤ ਓਹੀ ਰਹੀ। ਇਸੇ ਲਈ ਗੁਰੂ ਸਾਹਿਬ ਦੇ ਸਿਧਾਂਤ, ਸਿੱਖਿਆਵਾਂ ਅਤੇ ਉਪਦੇਸ਼, ਅੱਗੇ ਵੀ ਮੌਲਿਕਤਾ ਵਿਚ ਵਿਚਰਦੇ ਵਿਸ਼ਾਲ ਅਰਥਾਂ ਵਿਚ ਢਲਦੇ ਰਹੇ ਹਨ। ਗੁਰੂ ਹਰਗੋਬਿੰਦ ਸਾਹਿਬ ਜੀ (ਛੇਵੇਂ ਗੁਰੂ ਨਾਨਕ) ਜਦੋਂ 'ਪੈਂਦੇ ਖਾਨ', ਜੋ ਇੱਕ ਜੰਗ ਦੇ ਦੌਰਾਨ ਸ਼ਮਸ਼ੀਰ ਦਾ ਫੱਟ ਖਾ ਕੇ ਜ਼ਮੀਨ ਉੱਪਰ ਡਿੱਗਿਆ ਅੰਤਿਮ ਸਾਹ ਦੀ ਉਡੀਕ ਕਰ ਰਿਹਾ ਸੀ, ਕੋਲ ਜਾਂਦੇ ਹਨ ਅਤੇ ਬੋਲਦੇ ਹਨ, "ਪੈਂਦੇ ਖਾਨ! ਮੇਰੇ ਅਜ਼ੀਜ਼, ਆਖਰੀ ਵਕਤ ਹੈ, ਕਲਮਾਂ ਪੜ੍ਹ ਲੈ। ਤੇਰੇ ਚਿਹਰੇ 'ਤੇ ਧੁੱਪ ਪੈ ਰਹੀ ਹੈ। ਮੈਂ ਆਪਣੀ ਢਾਲ

ਦੀ ਛਾਂ ਕਰਦਾ ਹਾਂ। ਖੁਦਾ ਨੂੰ ਯਾਦ ਕਰ।" ਤਾਂ ਪੈਂਦੇ ਖਾਨ ਉਨ੍ਹਾਂ ਦੀ ਸਹਿਣਸ਼ੀਲਤਾ ਤੋਂ ਕੁਰਬਾਨ ਜਾਂਦਿਆਂ ਬੋਲਦਾ ਹੈ, "ਦਾਤਿਆ! ਮੈ ਤੇਰੇ ਨਾਲ ਸ਼ਮਸ਼ੀਰਬਾਜ ਹੋਇਆ। ਫੇਰ ਵੀ ਏਨਾ ਕਰਮ! ਏਨੀ ਰਹਿਮਤ। ਤੌਬਾ ਕਰਦਾਂ ਦਾਤਿਆ। ਗੁਨਾਹ ਮੁਆਫ ਕਰੀਂ।" ਗੁਰੂ ਜੀ ਬੋਲੇ, "ਇਸੇ ਕਰਕੇ ਤਾਂ ਤੇਰੇ ਕੋਲ ਆਇਆ ਹਾਂ। ਸੱਜਣਾ! ਤਲਵਾਰ ਬਹੁਤ ਸੋਹਣੀ ਚਲਾਈ ਤੇ ਬੜੀ ਬਹਾਦਰੀ ਨਾਲ ਮਰਦਾਂ ਵਾਂਗ ਲੜਿਆ ਹੈਂ। ਸੰਸਾਰ ਫਾਨੀ ਹੈ। ਸਭ ਨੇ ਜਾਣਾ ਹੈ, ਪਰ ਮਰਦਾਂ ਵਾਲੀ ਮੌਤ ਵੀ ਕਾਬਿਲ-ਏ-ਫ਼ਖਰ ਹੁੰਦੀ ਹੈ।" ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਜਦੋਂ ਔਰੰਗਜੇਬ ਨੂੰ ਜ਼ਫਰਨਾਮਾ ਲਿਖਦੇ ਹਨ ਤਾਂ ਉਸਦੇ ਜਰਨੈਲ ਦੁਆਰਾ ਜੰਗ ਦੇ ਮੈਦਾਨ ਵਿਚ ਦਿਖਾਈ ਬਹਾਦਰੀ ਦੀ ਸਿਫ਼ਤ ਕਰਦੇ ਹਨ, ਜਦਕਿ ਉਹ ਗੁਰੂ ਸਾਹਿਬ ਦੇ ਵਿਰੁੱਧ ਲੜਿਆ ਸੀ। ਜਿਸ ਔਰੰਗਜੇਬ ਨੇ ਸਿੱਖਾਂ 'ਤੇ ਇੰਨੇ ਜ਼ੁਲਮ ਕੀਤੇ, ਗੁਰੂ ਸਾਹਿਬ ਉਸਦੇ ਪੁੱਤਰ ਬਹਾਦਰਸ਼ਾਹ ਨੂੰ ਰਾਜਗੱਦੀ ਦਿਵਾਉਣ ਵਿਚ ਉਸਦੀ ਮਦਦ ਕਰਦੇ ਹਨ। ਜਿਸ ਖਾਲਸੇ ਦੀ ਗੁਰੂ ਗੋਬਿੰਦ ਸਿੰਘ ਜੀ ਸਿਰਜਣਾ ਕਰਦੇ ਹਨ, ਉਸ ਵਿਚ ਵੀ ਸਹਿਣਸ਼ੀਲਤਾ ਦਾ ਸਬਕ ਧੁਰ ਅੰਦਰ ਤਕ ਵੱਸ ਚੁੱਕਿਆ ਸੀ। ਇਸ ਸਦਕਾ ਹੀ ਭਾਈ ਘਨੱਈਆ ਜੀ ਜੰਗ ਦੇ ਮੈਦਾਨ ਵਿਚ ਦੁਸ਼ਮਨ ਨੂੰ ਵੀ ਪਾਣੀ ਪਿਆਉਂਦਿਆਂ ਮਰਹਮ ਪੱਟੀ ਕਰਦੇ ਹਨ ਅਤੇ ਜੰਗ ਵਿਚ ਜੂਝਣ ਵਾਲੇ ਸਿੰਘ ਦੁਸ਼ਮਣ ਦੇ ਬੱਚਿਆਂ ਅਤੇ ਔਰਤਾਂ ਪ੍ਰਤੀ ਸਹਿਣਸ਼ੀਲ ਰਵੱਈਆ ਅਪਣਾਉਂਦੇ ਹਨ। ਜਿਸ ਦਾ ਜ਼ਿਕਰ ਗੰਡਾ ਸਿੰਘ ਨੇ 'ਕਾਜ਼ੀ ਨੂਰ ਮੁਹੰਮਦ' ਦੁਆਰਾ ਰਚਿਤ 'ਜੰਗਨਾਮੇ' ਦੇ ਆਪਣੇ ਫ਼ਾਰਸੀ ਤੋਂ ਅੰਗਰੇਜ਼ੀ ਅਨੁਵਾਦ ਵਿਚ ਇਸ ਪ੍ਰਕਾਰ ਕੀਤਾ ਹੈ-

"In no case would they slay a coward or put any
obstacle in the way of fugitive.
They do not plunder the wealth and ornaments of a woman,
be she a well-to-do lady or a maid-servant.
There is no adultery amongst these dogs, nor are these
mischievous people given to thieving.
Whether a woman is young or old, they call her a budhiya an old lady,
and ask her to get out of the way.
The word budhiya in the Indian language mean "an old lady."
There is no thief at all amongst these dogs, nor is there any house-
breaker born amongst these miscreants.
Because they do not make friends with adulters and house-breakers."[7]

ਉਹ ਜ਼ਿਕਰ ਕਰਦਿਆਂ ਕਹਿੰਦਾ ਹੈ ਕਿ ਇਨ੍ਹਾਂ ਨੇ ਕਦੇ ਕਿਸੇ ਔਰਤ ਵੱਲ ਮੈਲੀ ਨਿਗ੍ਹਾ ਨਾਲ ਨਹੀਂ ਤੱਕਿਆ ਸੀ। ਇਹ ਜਵਾਨ ਔਰਤ ਨੂੰ ਵੀ 'ਬੁੱਢੀ' ਆਖ ਕੇ ਸੰਬੋਧਨ ਕਰਦੇ ਸਨ। ਕਿਉਂਕਿ ਉਨ੍ਹਾਂ ਨੂੰ 'ਦੇਖ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ' ਵਾਲਾ ਸਿਧਾਂਤ ਦ੍ਰਿੜ ਸੀ।

"Do not call the dogs (the Sikhs) 'dogs', because they are lions, and are courageous like lions in the field of battle. How can a hero, who roars like a lion in the field of battle, be called a dog..........Singh is a title [a form of address for them]. It is not justice to call them dogs. If you do not know the

Hindustani language [I tell you that], the word Singh means a Lion. Truly they are like lions in battle, and at the time of peace they surpass Hatim."[8]

ਉਹ ਆਪਣੀ ਸਮੁੱਚੀ ਰਚਨਾ ਵਿਚ ਸਿੰਘਾਂ ਲਈ 'ਕੁੱਤਾ' ਸ਼ਬਦ ਵਰਤਦਾ ਹੈ। ਪਰ ਅੰਤ ਵਿਚ ਉਹ ਇਨ੍ਹਾਂ ਦੀ 'ਸ਼ੇਰਾਂ' ਨਾਲ ਤੁਲਨਾ ਕਰਕੇ ਇਹਨਾਂ ਦੀ ਬਹਾਦਰੀ ਦੀ ਸਿਫ਼ਤ ਕਰਨੋਂ ਨਹੀਂ ਰਹਿ ਸਕਿਆ।

ਅਖੀਰ ਜੰਗਾਂ-ਯੁੱਧਾਂ ਵਿਚੋਂ ਗੁਜ਼ਰਦਿਆਂ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਖਾਲਸਾ ਰਾਜ ਸਥਾਪਿਤ ਹੋਇਆ। ਇਹ ਅਜਿਹਾ ਸਮਾਂ ਸੀ, ਜਦੋਂ ਸਦੀਆਂ ਤੋਂ ਸੰਤਾਪ ਭੋਗ ਰਹੇ ਮਨੁੱਖ ਨੂੰ ਸੁੱਖਤ ਵਾਤਾਵਰਣ ਨਸੀਬ ਹੋਇਆ। ਸਹਿਣਸ਼ੀਲਤਾ ਦੀ ਨੀਤੀ 'ਤੇ ਸਥਾਪਿਤ ਇਹ ਰਾਜ ਇੱਕ ਮਿਸਾਲ ਬਣ ਕੇ ਉੱਭਰਿਆ। ਜਿਸ ਦਾ ਬਦਲ ਅੱਜ ਕਿੱਧਰੇ ਨਹੀਂ ਮਿਲਦਾ। ਇਹੀ ਕਾਰਨ ਹੈ ਕਿ ਅੱਜ ਵੀ ਲੋਕ ਮਹਾਰਾਜੇ ਦੇ ਰਾਜ ਨੂੰ ਮੁੜ ਲੋਚਦੇ ਹਨ। ਉਸਨੇ ਬਿਨਾਂ ਭੇਦਭਾਵ ਦੇ ਅਹੁਦਿਆਂ ਦੀ ਵੰਡ ਕੀਤੀ ਅਤੇ ਧਰਮ ਨਿਰਪੱਖ ਰਾਜ ਦੀ ਸਥਾਪਨਾ ਕੀਤੀ। ਉਸਦੇ ਨਿਰਪੱਖ ਰਵੱਈਏ ਨੂੰ ਸਪਸ਼ਟ ਕਰਦਿਆਂ ਭਗਤ ਸਿੰਘ ਨੇ ਲਿਖਿਆ ਹੈ-

"ਉਸਦੇ ਰਾਜ ਵਿਚ ਉਸਦੇ ਸਿਵਲ ਅਤੇ ਸੈਨਿਕ ਅਹੁਦੇ, ਰਾਜ ਦੀਆਂ ਉੱਚੀਆਂ ਪਦਵੀਆਂ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ, ਈਸਾਈਆਂ ਅਰਥਾਤ ਵੱਖ-ਵੱਖ ਕੌਮਾਂ ਦੇ ਲੋਕਾਂ ਦੇ ਹੱਥ ਵਿਚ ਸਨ। ਉਹ ਆਪਣੀ ਨੌਕਰੀ ਲਈ ਗੁਣ, ਯੋਗਤਾ ਅਤੇ ਵਫਾਦਾਰੀ ਦੇ ਆਧਾਰ ਉੱਤੇ ਚੋਣ ਕਰਦਾ ਸੀ। ਉਸਦੀ ਨਜਰ ਵਿਚ ਜ਼ਾਤ-ਪਾਤ ਲਈ ਕੋਈ ਥਾਂ ਨਹੀਂ ਸੀ।"[9]

ਮਹਾਰਾਜੇ ਦੇ ਰਾਜ ਵਿਚ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਮਿਲੀ। ਗੁਨਾਹ ਬਹੁਤ ਘੱਟ ਹੁੰਦੇ ਸਨ। ਲੋਕ ਬਿਨਾਂ ਕਿਸੇ ਦਬਾਅ ਤੋਂ ਮਹਾਰਾਜੇ ਦਾ ਸਨਮਾਨ ਕਰਦੇ ਸਨ। ਖੂਨ-ਖਰਾਬੇ ਤੋਂ ਰਹਿਤ ਇੰਨਾ ਵਿਸ਼ਾਲ ਰਾਜ ਸਥਾਪਿਤ ਕਰਨ ਦੀ ਮਿਸਾਲ ਕਿੱਧਰੇ ਨਹੀਂ ਮਿਲਦੀ। ਜਿਸ ਦਾ ਜ਼ਿਕਰ ਕਰਦਿਆਂ 'ਭਓਰੋਨ੍ਹ ਗਇਲ' ਕਹਿੰਦਾ ਹੈ-

"He has never wantonly imbrued his hands in blood. Never perhaps was so large an empire founded by one man with so little criminality… This alone has prevented the necessity of putting to death those numerous independent Mohammedan, Hindu and Sikh princes, whom he has dethroned, and in most cases beggared, and who might have attempted to regain possession of their territories."[10]

ਅੰਗਰੇਜ ਕਮਾਂਡਰ-ਇਨ-ਚੀਫ ਪੰਜਾਬ 'ਸਰ ਹੈਨਰੀ ਫੇਨ', ਜੋ ਸੰਨ 1837 ਵਿਚ ਪੰਜਾਬ ਵਿਚ ਵਿਚਰਦਾ ਰਿਹਾ ਸੀ, ਆਪਣੇ 'ਰੋਜ਼ਨਾਮਚੇ' ਵਿਚ ਲਿਖਦਾ ਹੈ-

"Runjeet, among his subjects, has the character generally of a kind and generous master, and one of the best princes that has ever reigned in India. As evidence of his being a really good and amiable man, may be cited his kindness to children (two or three of whom he has crawling about the durbar), and the fact of his never having, since he conquered the country, put

a man to death for even the most heinous crimes. His exceeding kindness and good nature throughout our entire visit, to all in any way attached to us, makes us believe that such is his real character. At all events it is certain, that, without the punishment of death, this chief yet manages to keep his wild people in perfect subjection…"[11]

ਹਿੰਸਾ ਤੋਂ ਰਹਿਤ, ਬਰਾਬਰੀ ਦੇ ਮੁੱਲਾਂ ਉੱਪਰ ਸਥਾਪਿਤ, ਧਰਮ ਨਿਰਪੱਖ ਰਾਜ ਦੀ ਖਾਸੀਅਤ ਇਹੀ ਹੈ ਕਿ ਅੱਜ ਵੀ ਲੋਕ ਅਜਿਹੇ ਰਾਜ ਨੂੰ ਲੋਚਦੇ ਹਨ। ਖਾਲਸਾ ਰਾਜ ਦੇ ਪਤਨ ਤੋਂ ਬਾਅਦ ਮੁੜ ਸਮਾਜ ਦੀ ਦਸ਼ਾ ਵਿਚ ਨਿਘਾਰ ਆ ਗਿਆ ਅਤੇ ਮੁੜ ਫਿਰਕੂ ਸੰਪ੍ਰਦਾਇਕਤਾ ਦੀ ਅਲਾਮਤ ਨੇ ਮਨੁੱਖਤਾ ਵਿਚ ਵੰਡੀਆਂ ਪੁਆ ਦਿੱਤੀਆਂ, ਜਿਸ ਦਾ ਸੰਤਾਪ ਮਨੁੱਖ ਅੱਜ ਤੱਕ ਹੰਡਾਅ ਰਿਹਾ ਹੈ। ਅੱਜ ਮੁੜ ਅਸੀਂ ਗੁਰੂ ਬਾਬੇ ਦੀ ਬਾਣੀ, ਉਪਦੇਸ਼ਾਂ ਅਤੇ ਸਿੱਖਿਆਵਾਂ ਨੂੰ ਹਾਸ਼ੀਏ 'ਤੇ ਧੱਕ, ਆਪਣੀ ਹਉਮੈ ਨੂੰ ਬਲਵਾਨ ਕਰਨ ਲਈ, ਹਰ ਪਾਸੇ ਨਫ਼ਰਤ ਦਾ ਧੂਆਂ ਫੈਲਾ ਦਿੱਤਾ ਹੈ। ਜਿਸ ਦਾ ਸਦਕਾ ਮਨੁੱਖੀ ਘਾਣ ਨਿਰੰਤਰ ਜਾਰੀ ਹੈ ਅਤੇ ਅਸਹਿਣਸ਼ੀਲਤਾ ਦਾ ਦੋਸ਼ ਮਨੁੱਖੀ ਮਨ ਉੱਪਰ ਭਾਰੂ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਗੁਰੂ ਬਾਬੇ ਦੀ ਬਾਣੀ ਅਤੇ ਉਪਦੇਸ਼ਾਂ 'ਤੇ ਚਲਦਿਆਂ ਅਸੀਂ ਆਦਰਸ਼ਕ ਸਮਾਜ ਸਿਰਜਣ ਵਿਚ ਕੀ ਭੂਮਿਕਾ ਨਿਭਾ ਰਹੇ ਹਾਂ? ਕੀ ਅਸੀਂ ਵੱਧ ਰਹੀ ਅਸਹਿਣਸ਼ੀਲਤਾ ਕਾਰਨ ਹੋ ਰਹੇ ਮਨੁੱਖ, ਕੁਦਰਤ ਅਤੇ ਜੀਵਾਂ ਦੀਆਂ ਪ੍ਰਜਾਤੀਆਂ ਦੇ ਘਾਣ ਨੂੰ ਠੱਲ ਪਾਉਣ ਲਈ ਗੁਰੂ ਬਾਬੇ ਦੇ ਸਹਿਣਸ਼ੀਲਤਾ, ਪਿਆਰ, ਭਾਈਚਾਰਕ ਸਾਂਝ ਵਾਲੇ ਸੰਦੇਸ਼ ਨੂੰ ਦੁਨੀਆ ਭਰ ਵਿਚ ਫੈਲਾਉਣ ਦੇ ਯਤਨ ਕਰ ਰਹੇ ਹਾਂ?

**ਹਵਾਲੇ:-**


1. Bhabha, Homi K., Nation and Narration, pp.1-2
2. Vinayak, Ramesh., Pollution of Punjab waters:Can't just go with the flow anymore, https://www.hindustantimes.com/punjab/pollution-of-punjab-waters-can-t-just-go-with-the-flow-anymore/story-Hvli4S4bNoVFQQModULihN.html.
3. Poetry in Punjabi Dr Allama Muhammad Iqbal, https://www.punjabi-kavita.com/PoetryDrMuhammadIqbal.php#Iqbal066
4. ਵੀਰ ਸਿੰਘ (ਭਾਈ), ਪੁਰਾਤਨ ਜਨਮ ਸਾਖੀ, ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 53
5. ਜਗਬੀਰ ਸਿੰਘ (ਡਾ.), ਬਾਣੀ ਸੰਸਾਰ, ਪੰਨਾ 94
6. ਸਤਿੰਦਰ ਸਿੰਘ (ਪ੍ਰੋ.), ਗੁਰੂ ਨਾਨਕ ਕਾਵਿ-ਅਧਿਐਨ, ਪੰਨਾ 145-146
7. Ganda Singh, The Jang Namah, p. 6
8. Ganda Singh, The Jang Namah, p. 55
9. ਭਗਤ ਸਿੰਘ, ਮਹਾਰਾਜਾ ਰਣਜੀਤ ਸਿੰਘ, ਪੰਨਾ 144
10. Hugel, Baron Charles, Travels in Kashmir and The Panjab, p. 382
11. Fane, Henry Edward, Five Years in India, Vol I, p. 182



**ਪਰਮਵੀਰ ਕੌਰ**

theparamvirkaur@gmail.com

# ਮਨੁੱਖ ਦੀ ਨੈਤਿਕ-ਅਧਿਆਤਮਕ ਪ੍ਰਗਤੀ: ਗੁਰੂ ਨਾਨਕ ਬਾਣੀ ਦੇ ਪਰਿਪੇਖ ਵਿਚ

**ਪਰਮਿੰਦਰ ਕੌਰ (ਡਾ.)**

ਲੱਗਭਗ ਪਿੱਛਲੀ ਸਦੀ ਤੋਂ ਜੰਗੀ ਜੱਦੋ ਜਹਿਦ, ਅਨੈਤਿਕਤਾ, ਅਸ਼ਾਂਤੀ ਅਤੇ ਉਦਾਸੀਨਤਾ ਦਾ ਲੰਮਾ ਦੌਰ ਚਲਦਾ ਆ ਰਿਹਾ ਹੈ। ਅੱਜ ਇਕ ਵਾਰ ਫਿਰ ਸਮੁੱਚੀ ਮਾਨਵਜਾਤੀ ਤਬਾਹੀ ਅਤੇ ਅਮਾਨਵਤਾ ਦੇ ਚੌਰਾਹੇ ਤੇ ਖੜੀ ਹੈ। ਅਸੀਂ ਆਪਣੇ ਅੰਦਰ, ਆਪਣੇ ਜੀਵਨ ਅੰਦਰ ਅਤੇ ਆਪਣੇ ਆਲੇ-ਦੁਆਲੇ ਦੇ ਸੰਸਾਰ ਵਿਚ ਇਕ ਖਲਾਅ ਅਤੇ ਖੋਖਲੇਪਨ ਦੇ ਅਹਿਸਾਸ ਨੂੰ ਬਹੁਤ ਹੀ ਪ੍ਰਬਲਤਾ ਨਾਲ ਮਹਿਸੂਸ ਕਰ ਰਹੇ ਹਾਂ। ਇਸ ਤੋਂ ਵੀ ਤਕਲੀਫ਼ਦੇਹ ਗੱਲ ਇਹ ਹੈ ਕਿ ਅਸੀਂ ਇਸ ਔਖੀ ਘੜੀ ਵਿਚ ਝੂਠੇ ਆਪੇ ਦੀ, ਝੂਠੇ ਸੰਸਾਰ ਨਾਲ ਖੋਖਲੀ ਅਨੁਕੂਲਤਾ ਸਥਾਪਤ ਕਰਨ ਵਿਚ ਲਗੇ ਹੋਏ ਹਾਂ। ਇਸ ਵਿਗਿਆਨਕ ਯੁੱਗ ਵਿਚ ਹਰ ਵਿਅਕਤੀ ਵਿਗਿਆਨਕ ਗਿਆਨ ਤੋਂ ਲਾਭ ਉਠਾ ਕੇ ਦੁੱਖਾਂ ਕਲੇਸ਼ਾਂ ਤੋਂ ਦੂਰ, ਸੁੱਖ ਅਤੇ ਖੁਸ਼ੀ ਭਰਿਆ ਜੀਵਨ ਬਤੀਤ ਕਰਨ ਦਾ ਇਛੁੱਕ ਹੈ। ਸੁੱਖ ਸੁਵਿਧਾਵਾਂ ਦੀ ਦੌੜ ਵਿਚ ਉਹ ਦਿਨੋ ਦਿਨ ਆਪੇ ਤੋਂ ਦੂਰ ਹੁੰਦਾ ਜਾ ਰਿਹਾ ਹੈ। ਉਹ ਨਹੀਂ ਜਾਣਦਾ ਕਿ ਆਪੇ ਤੋਂ ਦੂਰ ਹੋਣਾ ਹੀ ਅਸਲ ਵਿਚ ਅਸ਼ਾਤੀ, ਅਨੈਤਿਕਤਾ ਅਤੇ ਉਦਾਸੀਨਤਾ ਦਾ ਮੂਲ ਕਾਰਨ ਹੈ।

**ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ।।**

ਗੁਰੂ ਨਾਨਕ ਅਨੁਸਾਰ ਇਸ ਤਕਲੀਫ਼ ਤੋਂ ਬਚਣ ਦਾ ਇਕੋ ਇਕ ਰਸਤਾ 'ਸਚ' ਨਾਲ ਸੁਮੇਲ ਹੈ ਜੋ ਕਿ ਅਧਿਆਤਮਕ ਅਤੇ ਨੈਤਿਕ ਪੱਧਰ ਦਾ ਉੱਚਤਮ ਪੜਾਅ ਹੈ। ਨੈਤਿਕ ਸਿਧਾਂਤ ਅਧਿਆਤਮਕ ਮੰਡਲ ਦਾ ਅਨਿੱਖੜਵਾ ਅੰਗ ਹੈ। ਨੈਤਿਕਤਾ ਬਿਨਾਂ ਅਧਿਆਤਮਿਕਤਾ ਸੰਭਵ ਨਹੀਂ ਅਤੇ ਅਧਿਆਤਮਿਕਤਾ ਤੋਂ ਸੱਖਣੀ ਨੈਤਿਕਤਾ ਮਾਤਰ ਇਕ ਦਿਖਾਵਾ ਹੈ।

**ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ।।**
**ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ।।**
**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।।**

ਗੁਰੂ ਨਾਨਕ ਬਾਣੀ ਅਨੁਸਾਰ ਜੀਵਨ ਦਾ ਅੰਤਿਮ ਉਦੇਸ਼ 'ਸਚ' ਦੀ ਪ੍ਰਾਪਤੀ ਹੈ। ਪਰਾਭੌਤਿਕ ਪੱਧਰ ਤੇ ਸਚ ਦਾ ਅਰਥ ਹੈ, ਸਦੀਵੀਂ ਹਸਤੀ ਅਤੇ ਨੈਤਿਕ ਪੱਧਰ ਤੇ ਇਸ ਦਾ ਅਰਥ 'ਦਰੁਸਤਗੀ' ਜਾਂ ਚੰਗਿਆਈ ਹੈ। ਜੋ ਕਿ ਦੁਨਿਆਵੀ ਕੂੜ ਦੇ ਵਿਪਰੀਤ ਹੇ। ਇਸ ਤਰ੍ਹਾਂ ਅਧਿਆਤਮਕ ਪੱਧਰ ਤੇ ਸੱਚ ਦੀ ਪ੍ਰਾਪਤੀ ਦਾ ਭਾਵ ਹੈ ਹਰੀ ਨਾਮ ਨਾਲ ਮਨ ਦਾ ਵਿਨ੍ਹੇ ਜਾਣਾ, ਪ੍ਰਭ ਰਾਤਿਓ ਹੋਣਾ, ਖਸਮ ਦੀ ਰਜਾਇ ਤੇ ਟਿਕਣਾ, ਉਸ ਵਿਚ ਲਿਵ ਲਾਉਣੀ ਅਤੇ ਇਹੀ ਅਧਿਆਤਮਕ ਸਚ ਜਦੋਂ ਮਹਾਨ ਪੁਰਸ਼ਾਂ ਦੇ ਵਿਹਾਰ ਵਿਚ ਪ੍ਰਗਟ ਹੁੰਦਾ ਹੈ ਤਾਂ ਨੈਤਿਕ ਸੰਦਰਭ ਵਿਚ ਇਸਨੂੰ ਸਚ ਅਚਾਰ ਕਿਹਾ ਗਿਆ ਹੈ।

ਨਾਨਕ ਬਾਣੀ ਅਨੁਸਾਰ ਸਚ ਸਭ ਤੋਂ ਉਪਰ ਹੈ ਅਤੇ ਉਸ ਨਾਲ ਮੇਲ, ਜੇ ਮਨੁੱਖੀ ਜੀਵਨ ਦਾ ਉਚਤਮ ਲਕਸ਼ ਹੈ ਤਾਂ ਸਚਿਆਰ ਪਦ ਮਨੁੱਖੀ ਜੀਵਨ ਦੀ ਉੱਚਤਮ ਅਵਸਥਾ ਹੈ। ਸਚਿਆਰ ਤੋਂ ਭਾਵ ਸਚ

ਅਚਾਰ ਹੋਣਾ ਹੈ। ਇਸ ਅਵਸਥਾ ਵਿਚਲੇ ਸਚ ਸਰੂਪ ਪੂਰਨ ਪੁਰਸ਼ਾਂ ਨੂੰ ਕਈ ਨਾਂਵਾਂ ਨਾਲ ਪੁਕਾਰਿਆ ਗਿਆ ਹੈ ਜਿਵੇਂ ਸਾਧ, ਸੰਤ, ਬ੍ਰਹਮਗਿਆਨੀ, ਗੁਰਮੱਖ, ਭਗਤ ਅਤੇ ਸਚਿਆਰ ਆਦਿ।।

ਵਾਹਿਗੁਰੂ ਨੂੰ ਸਚ ਰੂਪ ਵਿਚ ਪ੍ਰਾਪਤ ਕਰਨ ਦੇ ਨਾਲ ਨਾਲ ਨੈਤਿਕ ਪੱਧਰ ਤੇ ਗ੍ਰਹਿਣ ਕਰਨਾ ਅਤੇ ਅਚਾਰ ਵਿਚ ਪ੍ਰਗਟ ਕਰਨਾ ਵੀ ਜ਼ਰੂਰੀ ਹੈ। ਇਸ ਤਰ੍ਹਾਂ ਅਨੁਭਵ ਅਤੇ ਆਚਰਣ ਵਿਚ ਭੇਦ ਨੂੰ ਸਵੀਕਾਰ ਨਹੀ ਕੀਤਾ ਗਿਆ। ਨੈਤਿਕ ਬੰਧਨ ਵਿਚ ਇਹ ਦੇਖਿਆ ਗਿਆ ਹੈ ਕਿ ਕੀ ਹੋਣਾ ਚਾਹੀਦਾ ਹੈ ਪਰ ਉਪਰੋਕਤ ਦਸੇ ਪਰਮਾਤਮਾ ਦੇ ਪਿਆਰੇ ਕਿਸੇ ਨੈਤਿਕ ਬੰਧਨ ਵਿਚ ਨਹੀਂ ਬੱਝੇ ਹੁੰਦੇ ਸਗੋ ਪਰਮਾਤਮਾ ਦੇ ਪਿਆਰ, ਉਸਦੀ ਰਜ਼ਾ ਵਿਚ ਬੱਝੇ ਹੁੰਦੇ ਹਨ।

ਗੁਰੂ ਅਰਜਨ ਦੇਵ ਨੇ ਸਹਸਕ੍ਰਿਤੀ ਸਲੋਕ ਵਿਚ ਸਤਿਗੁਰੂ ਰੂਪੀ ਪੂਰਨ ਪੁਰਖ ਸੰਤ ਦੇ ਛੇ ਲੱਛਣ ਦੱਸੇ ਹਨ ਜਿਸ ਤੋਂ ਉਸ ਦੀ ਪਛਾਣ ਹੋ ਜਾਂਦੀ ਹੈ।

1. ਉਹ ਹਰ ਸਮੇਂ ਪਰਮਾਤਮਾ ਦਾ ਸਿਮਰਨ ਕਰਦਾ ਹੈ।
2. ਉਹ ਦੁਖ-ਸੁਖ ਨੂੰ ਇਕ ਸਮਾਨ ਜਾਣਦਾ ਹੈ ਅਤੇ ਨਿਰਵੈਰ ਹੈ।
3. ਉਹ ਸਮੂਹ ਪ੍ਰਾਣਧਾਰੀਆਂ ਤੇ ਮਿਹਰਬਾਨ ਹੈ ਅਤੇ ਪੰਜਾਂ ਪ੍ਰਾਣਨਾਸ਼ਕ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਪਾਪਾਂ ਤੇ ਕਾਬੂ ਕਰ ਲੈਂਦਾ ਹੈ।
4. ਉਸ ਦੀ ਖੁਰਾਕ ਪਰਮਾਤਮਾ ਦੀ ਸਿਫਤ-ਸਲਾਹ ਹੈ ਅਤੇ ਉਹ ਸੰਸਾਰਕ ਮਾਇਆ ਅੰਦਰ ਨਿਰਲੇਖ ਵਿਚਰਦਾ ਹੈ।
5. ਗੁਰੂ ਦੋਸਤ ਅਤੇ ਦੁਸ਼ਮਣ ਨੂੰ ਇੱਕ ਸਮਾਨ ਸਿੱਖਮਤ ਦਿੰਦਾ ਹੈ ਅਤੇ ਪਰਮਾਤਮਾ ਦੇ ਅਨੁਰਾਗ ਨੂੰ ਪਿਆਰ ਕਰਦਾ ਹੈ।
6. ਕੰਨਾਂ ਨਾਲ ਨਿੰਦਾ ਨਹੀ ਸੁਣਦਾ ਅਤੇ ਆਪਣੀ ਸਵੈ ਹੰਗਤਾ ਨੂੰ ਮਾਰ ਸਾਰਿਆ ਦੇ ਚਰਨਾਂ ਦੀ ਧੂੜ ਬਣਦਾ ਹੈ। ਜਿਸ ਕਿਸੇ ਵਿਚ ਇਹ ਛੇ ਗੁਣ ਹਨ ਉਸ ਦਾ ਨਾਮ ਮਿੱਤਰ ਸੰਤ ਤੇ ਮੁਕੰਮਲ ਪੁਰਸ਼ ਹੈ।

**ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ।।**

..........................................................

**ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ।।**

ਇਹ ਉਹੀ ਪੂਰਨ ਪੁਰਸ਼ ਹਨ ਜਿਨ੍ਹਾਂ ਨੇ ਆਪਣੇ ਆਤਮ ਨੂੰ ਪਛਾਣ ਕੇ ਪਰਮਾਤਮ ਨੂੰ ਪਛਾਣ ਲਿਆ ਹੈ।ਇਹ ਪੂਰਨ ਪੁਰਸ਼ ਅਦੈਤ ਨੂੰ ਪ੍ਰਾਪਤ ਕਰ ਲੈਂਦੇ ਹਨ ਸਿੱਖ ਧਰਮ ਆਤਮ ਨੂੰ ਪਰਮਾਤਮਾ ਦਾ ਸਰੂਪ ਮੰਨਦਾ ਹੈ:

**ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ।।**

ਸ਼ੁੱਧ ਸਰੂਪ ਆਤਮ ਸਦਗੁਣਾਂ ਨਾਲ ਭਰਪੂਰ ਹੈ ਪਰ ਅਗਿਆਨਤਾ ਕਾਰਨ ਜੀਵ ਵਿਚ ਹਉਮੈਂ (ਦਵੈਤ) ਪੈਦਾ ਹੁੰਦੀ ਹੈ ਅਤੇ ਇਸ ਨੂੰ ਇਸ ਦੇ ਉਚਤਮ ਅਦ੍ਵੈਤ ਪੱਧਰ ਤੋਂ ਦੂਰ ਕਰਦੀ ਹੈ। ਹਉਮੈ ਕਾਮ,

ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਪੰਜ ਵਿਕਾਰਾਂ ਨੂੰ ਜਨਮ ਦਿੰਦੀ ਹੈ ਜੋ ਸਾਰੇ ਸੰਸਾਰ ਦੇ ਅਨੈਤਿਕ ਕਰਮਾਂ ਦੇ ਸਰੋਤ ਹਨ। ਗੁਰਬਾਣੀ ਵਿਚ ਬਾਰ ਬਾਰ ਹਉਮੈ ਦਾ ਜ਼ਿਕਰ ਆਉਂਦਾ ਹੈ ਅਤੇ ਇਸ ਨੂੰ ਸਭ ਤੋਂ ਵੱਡੀ ਬੁਰਿਆਈ ਦੇ ਰੂਪ ਵਿੱਚ ਲਿਆ ਗਿਆ ਹੈ। ਅੰਹਕਾਰ ਜੋ ਹਉਮੈ ਤੋਂ ਪੈਦਾ ਹੁੰਦਾ ਹੈ ਸਾਰੇ ਅਵਗੁਣਾਂ ਦਾ ਪ੍ਰਮੁੱਖ ਹੈ ਅਤੇ ਕਾਮ, ਕ੍ਰੋਧ, ਲੋਭ ਅਤੇ ਮੋਹ ਇਸੇ ਤੋਂ ਪ੍ਰੇਰਿਤ ਹੁੰਦੇ ਹਨ। ਗੁਰਬਾਣੀ ਵਿਚ ਹਉਮੈਂ ਨੂੰ ਪਰਮਾਤਮਾ ਅਤੇ ਜੀਵ ਵਿਚਾਲੇ ਕੂੜ ਦੀ ਕੰਧ ਕਿਹਾ ਗਿਆ ਹੈ। ਇਸ ਕੂੜ ਦੀ ਕੰਧ ਹਟਾ ਕੇ ਆਤਮ ਚਿੰਤਨ ਨਾਲ ਹੀ ਜਗਿਆਸੂ ਸੰਸਾਰਕ ਬੁਰਿਆਈਆਂ ਤੋਂ ਦੂਰ ਹੁੰਦਾ ਹੈ। ਇਸ ਨਾਲ ਹੀ ਉਹ ਪਰਮਾਤਮਾ ਨੂੰ ਆਪਣੇ ਅੰਦਰ ਪਛਾਣ ਸਕਦਾ ਹੈ ਅਤੇ ਪਰਮਾਤਮਾ ਦੇ ਸਦਗੁਣਾਂ ਨੂੰ ਆਪਣੇ ਅੰਦਰ ਪਾ ਸਕਦਾ ਹੈ।

ਉਪਰੋਕਤ ਤੋਂ ਇਹ ਸਪਸ਼ਟ ਹੈ ਕਿ ਸਚਿਆਰ ਅਸਲ ਵਿਚ 'ਸਚ+ਅਕਾਰ' ਭਾਵ ਸਚ ਸਰੂਪ ਹੋਣਾ ਹੈ।

ਡਾ.ਤਾਰਨ ਸਿੰਘ ਲਿਖਦੇ ਹਨ ਕਿ ਸਚਿਆਰ ਦਾ ਸੁਭਾਉ ਜਾਂ ਵਤੀਰਾ ਉਹ ਹੀ ਹੈ ਜੋ ਸਚੁ ਦਾ ਹੈ। ਸਚੁ ਪਾਰਬ੍ਰਹਮ ਦਾ ਸਰੂਪ ਹੈ। ਉਹ ਸਚਿਆਰ ਸਰੂਪ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ:

1. ਸਚਿਆਰ ਸਦਾ '੧' ਦਾ ਉਪਾਸਕ ਹੈ ਉਹ ਕਿਤੇ ਵਿਤਕਰਾ ਨਹੀਂ ਕਰਦਾ।
2. ਉਹ ਨਾਮਣਾ ਜਾਂ ਵਡਿਆਈ ਨਹੀਂ ਚਾਹੁੰਦਾ। ਜੀਵਨ ਨੂੰ ਪੂਰਨ ਸਤਿ ਦੇ ਅਨੁਸਾਰ ਨਿਭਾ ਦੇਣਾ ਹੀ ਉਸ ਦੀ ਵਡਿਆਈ ਹੈ।
3. ਸਚਿਆਰ 'ਕਰਤਾ ਪੁਰਖ' ਵਾਂਗ ਕਰਤਾਰੀ ਰਹਿੰਦਾ ਹੈ। ਉਸ ਦੀ ਸੋਚ ਉਸਾਰੂ, ਉਸ ਦਾ ਬੋਲ ਉਸਾਰੂ ਤੇ ਉਸ ਦੇ ਕਰਮ ਉਸਾਰੂ ਹੁੰਦੇ ਹਨ।
4. ਉਹ ਨਿਰਭਉ ਤੇ ਨਿਰਵੈਰ ਹੁੰਦਾ ਹੈ।
5. 'ਸਚ' ਸਦਾ ਅਸੀਮ, ਅਗਮ ਤੇ ਅਗੋਚਰ ਹੈ ਜਿਵੇਂ '੧' ਅਕਾਲ ਮੂਰਤਿ ਤੇ ਅਜੂਨੀ ਹੈ। ਪਰ 'ਸਚ' 'ਸੈਭੰ' ਵੀ ਹੈ ਭਾਵ ਉਸ ਦਾ ਪ੍ਰਕਾਸ਼ ਮਨੁੱਖੀ ਹਿਰਦੇ ਜਾਂ ਅੰਤਹਕਰਣ ਵਿਚ ਸੁੱਤੇ ਸਿਧ ਹੈ।
6. ਉਸ ਵਿਚ 'ਗੁਰੂ' (ਗਿਆਨ ਤੇ 'ਪ੍ਰਸਾਦਿ' ਮਿਠਾਸ, ਦਇਆ ਨਿਮਰਤਾ, ਸੁਤੇ-ਸਿੱਧ) ਦੇ ਗੁਣ ਹਨ।

ਇਹ ਸਾਰੇ ਗੁਣ ਪਰਚੇ ਦੇ ਸ਼ੁਰੂ ਵਿੱਚ ਸਾਧ ਦੇ ਦੱਸੇ ਜਾ ਚੁੱਕੇ ਹਨ। ਇਸ ਪਦ ਦੀ ਪ੍ਰਾਪਤੀ ਲਈ ਬਾਣੀ ਰਵਾਇਤੀ ਭਾਰਤੀ ਢੰਗਾਂ ਜਿਵੇਂ ਕਿ ਸੋਚ, ਮੋਨ, ਬ੍ਰਤ ਸਿਆਣਪ ਨੂੰ ਨਹੀਂ ਕਬੂਲਦੀ। ਜਪੁਜੀ ਦੀ ਪਹਿਲੀ ਪਾਉੜੀ ਵਿਚ ਗੁਰੂ ਨਾਨਕ ਦੇਵ ਆਪ ਹੀ ਪ੍ਰਸ਼ਨ ਕਰਦੇ ਹਨ ਕਿ ਸਚਿਆਰ ਹੋਣ ਦੇ ਕੀ ਸਾਧਨ ਹਨ ਅਤੇ ਅੱਗੇ ਆਪ ਹੀ ਇਸ ਦਾ ਉਤਰ ਦਿੰਦੇ ਹਨ ਕਿ:

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥**

ਪ੍ਰਮਾਤਮਾ ਦੇ ਹੁਕਮ ਵਿਚ ਚੱਲਣ ਨਾਲ ਪਰਮਾਤਮਾ ਅਤੇ ਜੀਵ ਵਿਚਲੀ ਕੂੜ ਦੀ ਕੰਧ ਸਮਾਪਤ ਹੋ ਜਾਂਦੀ ਹੈ ਅਤੇ ਜੀਵ ਸਚ ਅਕਾਰ ਹੋ ਜਾਂਦਾ ਹੈ ਭਾਵ ਉਸ ਵਿਚ ਪਰਮਾਤਮਾ ਦੇ ਸਰੂਪ ਵਿਚਲੇ ਗੁਣ ਪ੍ਰਵੇਸ਼ ਕਰ ਜਾਂਦੇ ਹਨ। ਪਰ ਇਹ ਹੁਕਮ ਜਾਂ ਪਰਮਾਤਮਾ ਦੀ ਮਰਜ਼ੀ ਅਸਲ ਵਿਚ ਹੈ ਕੀ? ਇਹ ਕਿਹੜਾ ਹੁਕਮ

ਹੈ ਜੋ ਪਰਮਾਤਮਾ ਨੇ ਮਨੁੱਖ ਦੇ ਮਸਤਕ ਤੇ ਉਸ ਦੇ ਨਾਲ ਹੀ ਲਿਖਿਆ ਹੋਇਆ ਹੈ? ਜਦੋਂ ਅਸੀ ਕਹਿੰਦੇ ਹਾਂ ਕਿ ਪਰਮਾਤਮਾ ਦੀ ਮਰਜ਼ੀ ਬਿਨਾਂ ਇੱਕ ਪੱਤਾ ਵੀ ਨਹੀਂ ਹਿਲਦਾ ਤਾਂ ਹਰ ਚੀਜ਼ ਉਸ ਦੀ ਮਰਜ਼ੀ ਅਨੁਸਾਰ ਹੀ ਤਾਂ ਹੈ। ਵਿਅਕਤੀ ਕੀ ਮਜ਼ਾਲ ਕਿ ਉਸ ਦੀ ਮਰਜ਼ੀ ਤੋਂ ਬਾਹਰ ਜਾਵੇ ਪਰ ਇਥੇ ਗੁਰੂ ਸਾਹਿਬ ਹੁਕਮ ਨੂੰ 'ਰਜ਼ਾਈ' ਵਿਚ ਮੰਨਣ ਦਾ ਨਿਰਦੇਸ਼ ਕਰਦੇ ਹਨ ਰਜਾਈ ਤੋਂ ਭਾਵ ਪਰਮਾਤਮਾ ਦੀ ਪ੍ਰਸੰਨਤਾ ਤੋਂ ਹੈ। ਪਰਮਾਤਮਾ ਹਰ ਹਾਲ ਵਿੱਚ ਪ੍ਰਸੰਨ ਹੈ ਅਤੇ ਪਰਮਾਤਮਾ ਦਾ ਭਗਤ ਉਸ ਦੀ ਪ੍ਰਸਨਤਾ ਵਿਚ ਆਪਣੀ ਪ੍ਰਸੰਨਤਾ ਪਾਉਂਦਾ ਹੈ। ਗੁਰਬਾਣੀ ਅਨੁਸਾਰ ਹੁਕਮ ਸਦਾ ਕਲਿਆਣਕਾਰੀ ਹੈ। ਮਨੁੱਖ ਅੰਦਰ 'ਜੋਤੀ ਸਰੂਪ ਹੁਕਮ' ਦੀ ਜੋਤਿ ਦਾ ਅੰਸ਼ ਹੋਣ ਕਾਰਨ ਹੁਕਮ ਉਸ ਅੰਦਰ ਹੀ ਹੈ। ਇਹ ਹੁਕਮ ਸਾਡੇ ਅੰਦਰ ਲਿਖਿਆ ਹੋਣ ਕਾਰਨ ਬੁਰਾ ਕਰਨ ਵੇਲੇ 'ਰੁਕ ਜਾਓ' ਦਾ ਇਸ਼ਾਰਾ ਦਿੰਦਾ ਹੈ ਅਤੇ ਚੰਗਾ ਕਰਦੇ ਹਾਂ ਤਾਂ ਪ੍ਰਸੰਨਤਾ ਪ੍ਰਗਟ ਕਰਦਾ ਹੈ। ਭਗਤ ਕਬੀਰ ਜੀ ਦੀ ਹਵਾਲਾ ਇਸ ਭੇਦ ਨੂੰ ਖੋਲਦਾ ਦਿਖਾਈ ਦਿੰਦਾ ਹੈ। ਉਹਨਾ ਅਨੁਸਾਰ  ਇਸ ਇਸ਼ਾਰੇ ਨੂੰ ਸਮਝ ਕੇ ਜਗਿਆਸੂ ਚੰਗੇ ਦਾਉ ਢਾਲਦਾ ਹੈ ਅਤੇ ਆਪਣੇ ਆਪੇ ਨੂੰ ਸਾਧਦਾ ਹੈ।

**ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ॥**

ਪਰਮਾਤਮਾ ਦੇ ਹੁਕਮ ਨੂੰ ਪਛਾਣਦਾ ਹੋਇਆ ਸਾਧਕ ਉਸ ਦੇ ਭਉ ਵਿਚ ਅਵਗੁਣਾਂ ਨੂੰ ਛੱਡ ਕੇ ਸ਼ੁੱਭ ਗੁਣਾਂ ਦਾ ਸੰਗ੍ਰਹ ਕਰਕੇ ਸਦਾਚਾਰੀ ਹੋ ਜਾਂਦਾ ਹੈ।

**ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ।।**
**ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ।।**

ਇਹ ਕੰਮ ਨਾਮ ਅਤੇ ਸੇਵਾ ਨਾਲ ਹੀ ਸੰਭਵ ਹੈ। ਨਾਮ ਰੂਪੀ ਦੀਵਾ ਅਮਲਾਂ ਬਿਨਾਂ ਨਹੀਂ ਜਲਦਾ। ਗੁਰਬਾਣੀ ਵਿਚ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ:

**ਬਿਨੁ ਤੇਲ ਦੀਵਾ ਕਿਉ ਜਲੈ॥ ਰਹਾਉ।।**
**ਪੋਥੀ ਪੁਰਾਣ ਕਮਾਈਐ॥**
**ਭਉ ਵਟੀ ਇਤੁ ਤਨਿ ਪਾਈਐ॥**
**ਸਚੁ ਬੂਝਣੁ ਆਣਿ ਜਲਾਈਐ॥**
**ਇਹੁ ਤੇਲੁ ਦੀਵਾ ਇਉ ਜਲੈ॥**
**ਕਰਿ ਚਾਨਣੁ ਸਾਹਿਬ ਤਉ ਮਿਲੈ॥ ਰਹਾਉ।।**

ਇੱਥੇ ਤੇਲ ਤੋਂ ਭਾਵ ਧਰਮ ਪੁਸਤਕਾਂ ਵਿਚ ਦੱਸੀ ਗਈ ਘਾਲ ਹੈ। ਧਰਮ ਗ੍ਰੰਥ ਪੜ੍ਹਨ ਅਤੇ ਉਨ੍ਹਾਂ ਵਿਚ ਦੱਸੇ ਸੰਜਮ 'ਨਾਮ' ਲਈ ਉਤਸ਼ਾਹ ਪੈਦਾ ਕਰਦੇ ਹਨ ਅਤੇ ਨਾਮ ਦੀ ਘਾਲ ਨੂੰ ਸਫਲ ਕਰਦੇ ਹਨ। ਪ੍ਰਮਾਤਮਾ ਦਾ ਭੈ ਅਤੇ ਇਸ ਤੋਂ ਉਪਜੇ ਭਉ ਨਾਲ ਮਨੁੱਖ ਇੰਦਰੀਆਂ ਦੇ ਵਿਕਾਰਾਂ ਤੋਂ ਬਚਦਾ ਹੈ ਅਤੇ ਸੰਸਾਰ ਪ੍ਰਤੀ ਵੈਰਾਗ ਪੈਦਾ ਹੁੰਦਾ ਹੈ। ਇਸ ਤਰ੍ਹਾਂ ਸਚ ਨੂੰ ਸਮਝਣ ਲਈ ਗੁਰੂ ਤੋਂ ਗਿਆਨ ਰੂਪੀ ਅਗਨੀ ਲੈ ਕੇ ਇਹ ਦੀਵਾ ਬਾਲਿਆ ਜਾ ਸਕਦਾ ਹੈ।

ਗੁਰੂ ਬਾਹਰਮੁੱਖੀ (ਮਨਮੁਖ) ਜੀਵ ਨੂੰ ਅੰਤਰਮੁੱਖੀ (ਗੁਰਮੁਖ) ਕਰਕੇ ਹੁਕਮ ਦੀ ਸੋਝੀ ਦਿੰਦਾ ਹੈ ਅਤੇ ਗੁਰਮੁਖ ਆਪਣੇ ਅੰਦਰ ਦੈਵੀ ਸਦਗੁਣਾਂ ਨੂੰ ਪ੍ਰਾਪਤ ਕਰਦਾ ਹੈ।

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।।**
**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।।**

ਸਿੱਖ ਧਰਮ ਅਨੁਸਾਰ ਸਦਾਚਾਰ ਦੇ ਧਾਰਨੀ ਭਾਵ ਸਚਿਆਰ ਬਣਨ ਦਾ ਇਕੋ ਇਕ ਰਸਤਾ 'ਸਹਿਜ ਮਾਰਗ' ਹੈ। ਸਹਿਜ ਮਾਰਗ ਸੇਵਾ ਸਿਮਰਨ ਦਾ ਸੁਮੇਲ ਹੈ। ਸੇਵਾ ਸਿਮਰਨ ਸਹਿਜ ਦੇ ਦੋ ਪਹਿਲੂ ਹਨ। ਅਸਲ ਵਿਚ ਨਿਰਗੁਣ ਸਰੂਪ ਪਰਮਾਤਮਾ ਦੀ ਸੇਵਾ ਹੀ 'ਨਾਮ' ਹੈ। ਇਸੇ ਰਹੱਸ ਨੂੰ ਗੁਰੂ ਅਮਰਦਾਸ ਜੀ ਇਸਿ ਤਰਤੰ ਖੋਲਦੇ ਹਨ।

**ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ॥**

ਨਾਮ ਦੁਆਰਾ ਹਰ ਸਮੇਂ ਪਰਮਾਤਮਾ ਦੇ ਗੁਣਾਂ ਨੂੰ ਵਿਚਾਰਨ, ਸ਼ਬਦ ਦਾ ਮਨਨ ਕਰਦੇ ਰਹਿਣ ਨਾਲ ਜਗਿਆਸੂ ਦਾ ਮਨ ਸਹਿਜੇ ਸਹਿਜੇ ਸ਼ੁੱਧ ਹੋ ਕੇ ਪਰਮਾਤਮਾ ਦੇ ਗੁਣਾਂ ਦਾ ਅਨੁਸਾਰੀ ਹੋ ਜਾਂਦਾ ਹੈ। ਵਿਅਕਤੀ ਦੇ ਮਨ ਦੀ ਸ਼ੁੱਧਤਾ ਹੀ ਉਸ ਦੇ ਸਦਾਚਾਰ ਵਿਚ ਪ੍ਰਗਟ ਹੁੰਦੀ ਹੈ।

ਪਰਮਾਤਮਾ ਦਾ ਸਰੂਪ ਸੰਸਾਰ ਵਿਚ ਅਨੁਭਵ ਕਰਦੇ ਹੋਏ ਜੀਵਾਂ ਦੀ ਸੇਵਾ ਕਰਨਾ ਹੀ ਪਰਮਾਤਮਾ ਦੇ ਸਰਗੁਣ ਸਰੂਪ ਦੇ ਸੇਵਾ ਕਰਨਾ ਹੈ। ਸੇਵਾ ਦਾ ਇਹ ਰੂਪ ਸਿੱਖ ਧਰਮ ਵਿਚ ਮੁੱਖ ਰੂਪ ਵਿਚ ਪਰਚੱਲਤ ਹੈ।

ਨਾਮ ਨਾਲ ਪਰਮਾਤਮਾ ਦੇ ਸਚ ਸਰੂਪ ਨਾਲ ਸਾਂਝ ਪੈਦਾ ਹੁੰਦੀ ਹੈ ਅਤੇ ਜਗਿਆਸੂ ਵਿਚ ਸਚ, ਸੁਚ, ਦਇਆ ਅਤੇ ਧਰਮ ਦੇ ਗੁਣ ਸਮਾਉਂਦੇ ਹਨ। ਪਰਮਾਤਮਾ ਦਾ ਭੈ ਅਤੇ ਭਉ ਨਿਮਰਤਾ ਅਤੇ ਪਿਆਰ ਦੇ ਸਦਗੁਣ ਪੈਦਾ ਕਰਦਾ ਹੈ। ਇਹ ਮੁੱਢਲੇ ਸਦਗੁਣ ਹਨ ਜਿਨ੍ਹਾਂ ਤੋਂ ਬਾਕੀ ਨੈਤਿਕ ਸਦਗੁਣ ਪੈਦਾ ਹੁੰਦਾ ਹਨ। ਪਰਮਾਤਮਾ ਦਾ 'ਦਾਤਾ ਸਰੂਪ' ਵਿਅਕਤੀ ਵਿੱਚ ਨਿਰਮਾਣਤਾ, ਸੰਤੋਖ ਅਤੇ ਸੰਜਮ ਦੇ ਗੁਣ ਪੈਦਾ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਪਰਮਾਤਮਾ ਦੀ ਨਦਰਿ ਤੋਂ ਬਿਨਾਂ ਵਿਅਕਤੀ ਨੈਤਿਕ ਗੁਣਾਂ ਦਾ ਅਮਲੀ ਰੂਪ ਵਿਚ ਧਾਰਨੀ ਨਹੀਂ ਹੋ ਸਕਦਾ। ਸਿਰਫ ਬਾਹਰੀ ਰੂਪ ਵਿਚ ਨੈਤਿਕ ਗੁਣਾਂ ਦਾ ਧਾਰਨੀ ਹੋਣਾ ਵੀ ਪਰਮਾਤਮਾ ਹੀ ਨਦਰਿ ਦੀ ਤਵਕੋਂ ਰੱਖਦਾ ਹੈ।

ਨਾਮ ਵਿਅਕਤੀ ਦੇ ਮਨ ਨੂੰ ਅਧਿਆਤਮਕ ਪੱਧਰ ਤੇ ਸ਼ੁੱਧ ਕਰਦਾ ਹੈ। ਨਿਰਮਲ ਮਨ ਸਹਿਜ ਰੂਪ ਵਿਚ ਨੈਤਿਕ ਸਦਗੁਣਾਂ ਦਾ ਪਰਗਟਾਵਾ ਕਰਦਾ ਹੈ ਅਤੇ ਵਿਅਕਤੀ ਸੇਵਾ ਸਰਬੱਤ ਦੇ ਭਲੇ ਲਈ ਉਤਸ਼ਾਹਤ ਹੁੰਦਾ ਹੈ। ਸੇਵਾ ਵਿਚ ਰੁੱਝੇ ਵਿਅਕਤੀ ਦਾ ਮਨ ਵੀ ਹੌਲੀ ਹੌਲੀ ਪਰਮਾਤਮਾ ਦੇ ਅਨੁਰੂਪ ਢੱਲਣਾ ਸ਼ੁਰੂ ਹੋ ਜਾਂਦਾ ਹੈ। ਸੇਵਾ ਵਿਅਕਤੀ ਵਿਚ ਪਰਮਾਤਮਾ ਪ੍ਰਤੀ ਦਾਸ ਭਾਵ ਪੈਦਾ ਕਰਕੇ ਵਿਅਕਤੀ ਵਿਚੋਂ 'ਹਉਮੈਂ' ਜੋ ਕਿ ਸਾਰੇ ਅਵਗੁਣਾਂ ਦਾ ਮੂਲ ਹੈ ਨੂੰ ਖਤਮ ਕਰਦੀ ਹੈ। ਹਉਮੈਂ ਦੇ ਖਾਤਮੇ ਨਾਲ ਐਦ੍ਵਤ ਭਾਵ ਆਉਂਦਾ ਹੈ ਅਤੇ ਵਿਅਕਤੀ ਸਚ ਨੂੰ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਜਪੁਜੀ ਵਿਚ ਸਿਮਰਨ ਅਤੇ ਸੇਵਾ ਦਾ ਅਧਿਆਤਮ ਅਤੇ ਨੈਤਿਕਤਾ ਦਾ ਜ਼ਰੂਰੀ ਅਤੇ ਪ੍ਰਯੋਜਨਮਈ ਸਬੰਧ ਪਰਗਟ ਹੁੰਦਾ ਹੈ।

ਸਚ (ਨਾਮ) ਸੁਚ (ਸੇਵਾ ਤੋਂ ਪ੍ਰਾਪਤ ਸਦਗੁਣਾਂ) ਦੇ ਇਸ ਸਾਰੇ ਵਿਖਿਆਨ ਨੂੰ ਗੁਰਬਾਣੀ ਦੀ ਇਕ ਤੁਕ ਵਿਚ ਇਸ ਤਰ੍ਹਾਂ ਦਿੱਤਾ ਗਿਆ ਹੈ:

**ਕਹੁ ਨਾਨਕ ਸਚੁ ਧਿਆਈਐ।।**
**ਸੁਚਿ ਹੋਵੈ ਤਾ ਸਚੁ ਪਾਈਐ।।**

ਵਿਅਕਤੀ ਦਾ ਅਧਿਆਤਮਕ ਵਿਕਾਸ ਜੋ ਕਿ ਨੈਤਿਕ ਪੱਧਰ ਤੇ ਵਿਵਹਾਰਕ ਰੂਪ ਵਿੱਚ ਪ੍ਰਗਟ ਹੁੰਦਾ ਹੈ, ਪੰਜ ਪੜਾਵਾਂ ਵਿਚੋਂ ਗੁਜ਼ਰਦਾ ਹੈ । ਜਿਸ ਨੂੰ ਗੁਰੂ ਨਾਨਕ ਦੇਵ ਨੇ ਜਪੁਜੀ ਦੀ 34 ਤੋਂ 37 ਪਾਉੜੀ ਵਿੱਚ ਦਰਸਾਇਆ ਹੈ:-

ਅਧਿਆਤਮਕ ਉਨਤੀ ਦਾ ਪਹਿਲਾ ਪੜਾਅ ਮਰਿਆਦਾ ਪੂਰਵਕ ਨੈਤਿਕਤਾ ਦਾ ਪੱਧਰ ਹੈ। ਇਹ ਸਚਾਈ ਦਾ ਬੌਧਿਕ ਪੱਧਰ ਹੈ ਜੋ ਬ੍ਰਹਿਮੰਡ ਅੰਦਰ ਧਰਮ ਦੇ ਸਿਧਾਂਤ ਨੂੰ ਪਰਗਟਾਉਂਦਾ ਹੋਇਆ ਵਿਅਕਤੀ ਵਿਚ ਪਰਮਾਤਮਾ ਦੇ ਅਕਾਲ ਰੂਪ ਨੂੰ ਨਿਆਂਪੂਰਨ ਨਿਰਣਾਇਕ ਹੋਣਾ ਦਰਸਾਉਂਦਾ ਹੈ। ਇਹ ਮਰਯਾਦਾਪੂਰਕ ਨੈਤਿਕਤਾ ਦਾ ਪੱਧਰ ਹੈ। ਅਨੰਤ ਕਾਲ ਅਤੇ ਸਥੂਲ ਦੇ ਵਿਚਕਾਰ ਪਰਮਾਤਮਾ ਨੇ ਧਰਤੀ ਰੂਪੀ ਛੋਟੀ ਜਿਹੀ ਧਰਮਸ਼ਾਲ ਨੂੰ ਥਾਪਿਆ ਹੈ, ਜੋ ਵਿਭਿੰਨ ਪ੍ਰਕਾਰ ਦੇ ਰੂਪਾਂ ਅਤੇ ਸੁਭਾਵਾਂ ਵਾਲੇ ਅਨੰਤ ਨਾਵਾਂ ਵਾਲੇ ਅਨੇਕਾ ਜੀਵਾਂ ਦੀ ਠਹਿਰ ਅਸਥਾਨ ਹੈ। ਇਹਨਾਂ ਨੂੰ ਕੁਦਰਤ ਦੇ ਨਿਯਮਾਂ ਅਨੁਸਾਰ ਕਰਮ ਕਰਦੇ ਦਰਸਾਇਆ ਗਿਆ ਹੈ। ਧਰਤੀ ਤੋਂ ਬਾਹਰ ਅਤੇ ਧਰਤੀ ਦੀਆ ਨਿਰਜੀਵ ਅਤੇ ਜੀਵਤ ਵਸਤਾ ਜੀਵ ਜੰਤੂ ਮਨੁੱਖ ਸਾਰੇ ਪਰਮਾਤਮਾ ਦੇ ਕਾਰਜ ਕਾਰਨ ਨਿਯਮ ਦੇ ਅਧੀਨ ਹੈ ਜੋ ਕਰਮ-ਫਲ ਅਤੇ ਕਰਮ-ਪ੍ਰਤੀਕਰਮ ਦੇ ਨਿਯਮ ਦਾ ਅਧਾਰ ਹੈ। ਧਰਮ ਦਾ ਇਹ ਨਿਯਮ ਮਨੁੱਖ ਅੰਦਰ ਅਸੀਮ ਨਿਯਮ ਦਾ ਅਨੁਭਵ ਅਤੇ ਕਰਮਾਂ ਪ੍ਰਤੀ ਨੈਤਿਕ ਚੇਤਨਾ ਜਾਗ੍ਰਿਤ ਕਰਦਾ ਹੈ ਅਤੇ ਉਸ ਨੂੰ ਆਪਣਾ ਕਰਤੱਵ ਪਾਲਣ ਦਾ ਨਿਰਦੇਸ਼ ਕਰਦਾ ਹੈ। ਵਿਅਕਤੀ ਅੰਦਰ ਵਿਚਾਰ ਪੈਦਾ ਕਰਦਾ ਹੈ ਕਿ ਜਿਸ ਤਰ੍ਹਾਂ ਸੰਸਾਰਕ ਸ਼ਕਤੀਆਂ ਆਪਣੇ ਕੰਮਾਂ ਨੂੰ ਅਜ਼ਾਮ ਦਿੰਦੀਆਂ ਹਨ ਉਸੇ ਤਰ੍ਹਾਂ ਮਨੁੱਖ ਨੂੰ ਵੀ ਪਰਸਥਿਤੀਆਂ ਅਨੁਸਾਰ ਆਪਣੀ ਪੂਰਨ ਯੋਗਤਾ ਅਤੇ ਨੈਤਿਕ ਸਵੈਇਛਾ ਦੀ ਭਾਵਨਾ ਨਾਲ ਆਪਣੇ ਕਰਤੱਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਪੜਾਅ'ਤੇ ਉਹ ਧਰਮ ਦੇ ਇਸ ਨਿਯਮ ਨੂੰ ਆਪਣੇ ਧਾਰਮਿਕ ਅਤੇ ਨੈਤਿਕ ਕਰਮਾਂ ਤੇ ਲਾਗੂ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਚੇਤਨ ਰੂਪ ਵਿਚ ਨੈਤਿਕ ਅਤੇ ਅਨੈਤਿਕ, ਸ਼ੁੱਧ ਅਤੇ ਅਸ਼ੁੱਧ 'ਤੇ ਵਿਚਾਰ ਕਰਕੇ ਸਤ ਆਚਰਣ ਦੀ ਪ੍ਰਾਪਤੀ ਅਤੇ ਔਗੁਣਾਂ ਨੂੰ ਤਿਆਗਣ ਦੀ ਕੋਸ਼ਿਸ਼ ਕਰਦਾ ਹੈ।

ਪਰਮਾਰਥੀ ਦੇ ਇਸ ਪੱਧਰ ਤੇ ਕੀਤੇ ਕਰਮ ਬੇਸ਼ਕ ਰਸਮੀ ਹੁੰਦੇ ਹਨ ਪਰ ਇਹ ਗਿਆਨ ਖੰਡ ਲਈ ਪਹੁੰਚਣ ਲਈ ਅਤਿ ਲੋੜੀਂਦੇ ਹਨ। ਇਸ ਨੂੰ ਸਮਝਣ ਲਈ ਭਗਤ ਰਵਿਦਾਸ ਦੀ ਬਾਣੀ ਦਾ ਹਵਾਲਾ ਖਾਸ ਮਹੱਤਵ ਰੱਖਦਾ ਹੈ:-

**ਫਲ ਕਾਰਨ ਫੂਲੀ ਬਨਰਾਇ।। ਫਲੁ ਲਾਗਾ ਤਬ ਫੂਲੁ ਬਿਲਾਇ।।**
**ਗਿਆਨੈ ਕਾਰਨ ਕਰਮ ਅਭਿਆਸੁ।। ਗਿਆਨੁ ਭਇਆ ਤਹ ਕਰਮਹ ਨਾਸੁ।।**

ਗਿਆਨ ਖੰਡ ਵਿੱਚ ਵੀ ਪਰਮਾਰਥੀ ਦੁਆਰਾ ਸਾਖੀ ਰੂਪ ਵਿਚ ਅਨੁਭਵ ਕੀਤੇ ਪਰਮਾਤਮਾ ਦੇ ਪਸਾਰੇ ਦਾ ਅਮਲ ਹੈ। ਇਥੇ ਪਰਮਾਤਮਾ ਦੀ ਅਨੰਤਤਾ ਅਤੇ ਉਸ ਦੇ ਰਾਹ ਤੇ ਚੱਲਣ ਵਾਲਿਆਂ ਦੀ ਮਹਾਨਤਾ ਅਤੇ ਗਿਣਤੀ ਦੇਖ ਕੇ ਉਹ ਆਪਣੇ ਮਨ ਦੀ ਸੰਕੀਰਨਤਾ, ਤੰਗ ਖਿਆਲੀ ਅਤੇ ਆਪਣੇ ਗੁਣਾਂ ਦੀ ਕਮੀ ਦਾ ਅਹਿਸਾਸ ਕਰਦਾ ਹੈ। ਉਸ ਦੀ ਸਵੈਹੰਗਤਾ ਦਾ ਨਾਸ਼ ਹੁੰਦਾ ਹੈ ਅਤੇ ਉਸ ਦੀ ਮਾਨਸਿਕਤਾ ਦਾ ਦਾਇਰਾ ਕੁਦਰਤੀ ਤੌਰ ਤੇ ਵਿਸ਼ਾਲ ਹੋ ਜਾਂਦਾ ਹੈ। ਉਹ ਪਰਮਾਤਮਾ ਨੂੰ ਹਰ ਸ਼ੈ ਵਿਚ ਰਮਿਆ ਮਹਿਸੂਸ ਕਰਦਾ ਹੈ ਅਤੇ ਉਸ ਦੀ ਬੁੱਧ ਦੀ ਘਾੜਤ ਨਵੇਂ ਸਿਰੇ ਤੋਂ ਘੜਨੀ ਸ਼ੁਰੂ ਹੋ ਜਾਂਦੀ ਹੈ।

**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ।।**
**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।।**
**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।।**
**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।।**
**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ।।**
**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ।।**
**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ।।**
**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ।।35।।**

ਇਸ ਤੋਂ ਅਗਲਾ ਪੜਾਅ ਸਰਮ ਖੰਡ ਦਾ ਹੈ। ਪਰਮਾਤਮਾ ਦੀ ਵਿਸ਼ਾਲਤਾ ਦੇ ਪ੍ਰਭਾਵ ਹੇਠ ਵਿਅਕਤੀ ਦੀ ਮਾਨਸਿਕਤਾ ਪੂਰਨ ਰੂਪ ਨਾਲ ਪ੍ਰਫੁਲਿੱਤ ਹੋ ਜਾਂਦੀ ਹੈ। ਜਿਥੇ ਉਸ ਸੁਰਤਿ, ਮਤ, ਮਨ ਬੁੱਧ ਦੀ ਸੁੰਦਰ ਘਾੜਤ ਘੜੀ ਜਾਂਦੀ ਹੈ।

**ਸਰਮ ਖੰਡ ਕੀ ਬਾਣੀ ਰੂਪੁ।। ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।।**
**ਤਾ ਕੀਆ ਗਲਾ ਕਥੀਆ ਨਾ ਜਾਹਿ।। ਜੇ ਕੋ ਕਹੈ ਪਿਛੈ ਪਛੁਤਾਇ।।**
**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ।।ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।।36।।**

ਇਹ ਸੁਰਤਿ ਭਾਵ ਪੂਰਨ ਇਕਾਗਰਤਾ, ਮਨਨ ਸ਼ਕਤੀ ਅਤੇ ਬੁੱਧੀ ਦੀ ਵਿਵੇਕ ਸ਼ਕਤੀ ਵਿਅਕਤੀ ਨੂੰ ਪੂਰਨ ਨਿਸ਼ਚੇ ਵਲ ਲੈ ਜਾਂਦੀ ਹੈ। ਇਥੇ ਹੀ ਸੁਧਿ ਭਾਵ ਪੂਰਨ ਸੂਝ ਬਣਦੀ ਹੈ ਅਤੇ ਪਰਮਾਰਥੀ ਨੂੰ ਮਨੁੱਖੀ ਕਲਿਆਣ ਦਾ ਅਧਿਕਾਰੀ ਬਣਾ ਦਿੰਦੀ ਹੈ। ਸਰਮ ਖੰਡ ਦਾ ਸਾਧਕ ਦਇਆ ਦੇ ਰੂਪ ਵਿਚ ਸੰਸਾਰ ਵਿਚ ਵਿਚਾਰਦਾ ਹੈ। ਦਇਆ ਦਾ ਇਹ ਵਿਹਾਰ ਉਸ ਲਈ ਸੇਵਾ ਹੈ।

ਸੁਰਤਿ, ਮਤ, ਬੁਧ ਅਤੇ ਸੁਧਿ ਦੀ ਘਾੜਤ ਨਾਲ ਫਲੀਭੂਤ ਹੋਏ ਪਰਮਾਰਥੀ ਦਾ ਅਗਲਾ ਪੜਾਅ ਕਰਮ ਖੰਡ ਹੈ।

**ਕਰਮ ਖੰਡ ਕੀ ਬਾਣੀ ਜੋਰੁ।। ਤਿਥੈ ਹੋਰੁ ਨ ਕੋਈ ਹੋਰੁ।।**
**ਤਿਥੈ ਜੋਧ ਮਹਾਬਲ ਸੂਰ।। ਤਿਨ ਮਹਿ ਰਾਮੁ ਰਹਿਆ ਭਰਪੂਰ।।**
**ਤਿਥੈ ਸੀਤੋ ਸੀਤਾ ਮਹਿਮਾ ਮਾਹਿ।। ਤਾ ਕੇ ਰੂਪ ਨ ਕਥਨੇ ਜਾਹਿ।।**

**ਨਾ ਓਹਿ ਮਰਹਿ ਨ ਠਾਗੇ ਜਾਹਿ।। ਜਿਨ ਕੈ ਰਾਮੁ ਵਸੈ ਮਨ ਮਾਹਿ।।**
**ਤਿਥੈ ਭਗਤ ਵਸਹਿ ਕੇ ਲੋਅ।। ਕਰਹਿ ਅਨੰਦੁ ਸਚਾ ਮਨਿ ਸੋਇ।।**

ਇਥੇ ਪਰਮਾਤਮਾ ਦੀ ਨਦਰਿ ਦੁਆਰਾ ਸਾਧਕਾਂ ਵਿਚ ਅਥਾਹ ਗਿਆਨ, ਸ਼ਕਤੀ ਅਤੇ ਅਨੰਦ ਦਾ ਪ੍ਰਵਾਹ ਹੁੰਦਾ ਹੈ। ਅਜਿਹੇ ਸੂਰਬੀਰ ਯੋਧਿਆਂ, ਜਿਨ੍ਹਾਂ ਨੇ ਆਪਣੇ ਅੰਦਰੋਂ ਪੰਜ ਵਿਕਾਰ ਭਵ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਮਾਰ ਲਿਆ ਹੈ ਦੀ ਸ਼ੁੱਧ ਚੇਤਨਾ ਵਿਚ ਰਾਮ ਰਮਿਆ ਹੁੰਦਾ ਹੈ। ਕੋਈ ਇੱਛਾ, ਪ੍ਰਵਿਰਤੀ ਜਾਂ ਸੰਸਾਰਕ ਸ਼ਕਤੀ ਇਨ੍ਹਾਂ ਸਾਧਕਾਂ ਨੂੰ ਨੈਤਿਕਤਾ ਦੇ ਮਾਰਗ ਤੋਂ ਪਿਛਾਹ ਨਹੀਂ ਹਟਾ ਸਕਦੀ ਕਿਉਂਕਿ ਇਸ ਪੜਾਅ ਤੇ ਪਰਮਾਰਥੀ ਚੰਗਿਆਈਆਂ ਦੇ ਸੰਸਾਰਕ ਜਾਂ ਪਰਮਾਰਥਕ ਲਾਭ ਲਈ ਨੈਤਿਕਤਾ ਨਹੀਂ ਅਪਣਾਉਂਦਾ ਸਗੋਂ ਪਰਮਾਤਮਾ ਦੀ ਨਦਰਿ ਸਦਕਾ ਨੈਤਿਕਤਾ ਅਤੇ ਸਦਾਚਾਰ ਉਸ ਦਾ ਸੁਭਾਅ ਬਣ ਜਾਂਦਾ ਹੈ। ਇਸ ਪੜਾਅ ਤੇ ਨੈਤਿਕਤਾ ਸਰੀਰ ਦਾ ਕਰਮ ਨਹੀਂ ਸਗੋਂ ਪਰਮਾਰਥੀ ਦਾ ਸਹਜ ਗੁਣ ਹੈ। ਉਸ ਦੇ ਨਿਰਮਲ ਮਨ ਵਿਚ ਪਰਮਾਤਮਾ ਦਾ 'ਹੁਕਮ' ਹੀ ਉਸ ਦੇ ਸਰੀਰਕ ਕਰਮਾਂ ਵਿੱਚ ਪ੍ਰਗਟ ਹੁੰਦਾ ਹੈ। ਉਹ ਹੁਕਮ ਅਤੇ ਭਾਣੇ ਵਿਚ ਵਿਚਰਦਾ ਹੈ। ਪਰਮਾਤਮਾ ਦਾ ਪੂਰਨ ਬਲ ਅਜਿਹੇ ਲੋਕਾਂ ਦੇ ਕਰਮ ਵਿਚ ਦੇਖਿਆ ਜਾ ਸਕਦਾ ਹੈ।

ਅਧਿਆਤਮਕ ਅਤੇ ਨੈਤਿਕ ਸਾਧਨ ਦਾ ਅੰਤਿਮ ਪੜਾਅ ਸਚ ਖੰਡ ਹੈ। ਇਹ ਸਾਧਕ ਦੀ ਵਿਆਪਕ ਪਰਮਾਤਮਾ ਨਾਲ ਪੂਰਨ ਏਕਤਾ ਦੀ ਸਥਾਪਨਾ ਦਾ ਪੜਾਅ ਹੈ । ਇਸ ਖੰਡ ਵਿਚ ਪਰਮਾਰਥੀ ਸ਼ੁਰੂ ਵਿਚ ਦਸੇ ਗਏ ਸਚ ਸਰੂਪ ਵਿਚ ਸਥਿਤ ਹੋ ਜਾਂਦਾ ਹੈ।

**ਸਚ ਖੰਡਿ ਵਸੈ ਨਿਰੰਕਾਰੁ।। ਕਰਿ ਕਰਿ ਵੇਖੈ ਨਦਰਿ ਨਿਹਾਲ।।**
**ਤਿਥੈ ਖੰਡ ਮੰਡਲ ਵਰਭੰਡ।। ਜੇ ਕੋ ਕਥੈ ਤ ਅੰਤ ਨ ਅੰਤ।।**
**ਤਿਥੈ ਲੋਅ ਲੋਅ ਆਕਾਰ।। ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।।**
**ਵੇਖੈ ਵਿਗਸੈ ਕਰਿ ਵੀਚਾਰੁ।। ਨਾਨਕ ਕਥਨਾ ਕਰੜਾ ਸਾਰੁ।।**

ਸਚ ਖੰਡ ਵਿਚ ਸਚਿਆਰ ਸੰਸਾਰ ਤੋਂ ਬਿਲਕੁਲ ਨਿਰਲੇਪ ਅਤੇ ਅਲਿਪਤ ਹੋ ਕੇ ਆਤਮ ਸਰੂਪ ਵਿਚ ਸਥਿਤ ਹੁੰਦਾ ਹੈ। ਇਹ ਹੀ ਸਚ ਦੀ ਪ੍ਰਾਪਤੀ ਹੈ। ਇਥੇ ਸਚ ਸਰੂਪ ਸਚਿਆਰ ਸ਼ੁਰੂ ਵਿਚ ਦੱਸੇ ਗਏ ਪਰਮਾਤਮਾ ਦੇ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ। ਇਹ ਹੀ ਮਨੁੱਖੀ ਜੀਵਨ ਦੀ ਨੈਤਿਕ-ਅਧਿਆਤਮਕ ਪੂਰਨਤਾ ਹੈ। ਗੁਰੂ ਨਾਨਕ ਦੇਵ ਅਨੁਸਾਰ ਅਜਿਹੇ ਸਚਿਆਰ ਪੁਰਸ਼ਾਂ ਦੇ ਜੀਵਨ ਦੇ ਅਰਥ ਭਰਪੂਰ ਫਲਸਫ਼ੇ ਵਿਚ ਨਿੱਜੀ ਕਦਰਾਂ ਕੀਮਤਾਂ, ਨੈਤਿਕ ਅਧਿਆਤਮਕ ਵਿਕਾਸ ਅਤੇ ਆਲੇ-ਦੁਆਲੇ ਪ੍ਰਤੀ ਸਮਝ ਸਮੋਈ ਹੁੰਦੀ ਹੈ, ਜੋ ਕਿ ਵਿਅਕਤੀ ਕਦਰਾਂ ਕੀਮਤਾਂ ਦੀ ਥਾਂ ਤੇ ਸਾਰਥਿਕ, ਪ੍ਰਭਾਵਸ਼ਾਲੀ ਅਤੇ ਸੰਜੀਵ ਕਦਰਾਂ ਕੀਮਤਾਂ ਦਾ ਧਾਰਨੀ ਬਣਾਉਂਦੀ ਹੈ।

ਇਸ ਨਾਲ ਹੀ ਅਸੀ ਆਪਣੇ ਆਪ ਦੇ ਅੰਦਰ ਆਨੰਦ ਅਤੇ ਆਪਣੇ ਜੀਵਨ ਅਤੇ ਆਪਣੇ ਆਲੇ ਦੁਆਲੇ ਦੇ ਵਿਆਪਕ ਵਿਸ਼ਵ ਅੰਦਰ ਠੰਢੀ ਪੋਣ ਦਾ ਅਹਿਸਾਸ ਦਾ ਵਰਤਾਰਾ ਕਰ ਸਕਦੇ ਹਾਂ।

**ਡਾ. ਪਰਮਿੰਦਰ ਕੌਰ**
dr.parminder.kaur.aulakh@gmail.com

# ਗੁਰੂ ਨਾਨਕ ਸਾਹਿਬ ਰਚਿਤ 'ਪਟੀ' ਦੀ ਵਿਚਾਰਧਾਰਾ ਦੇ ਸਿਧਾਂਤ

**ਪ੍ਰਭਜੋਤ ਕੌਰ**

ਗੁਰਬਾਣੀ ਦੀ ਵਿਚਾਰਧਾਰਾ ਮਨੁੱਖੀ ਜੀਵਨ ਦਾ ਸਰਬਪੱਖੀ ਵਿਕਾਸ ਕਰਨਾ ਹੈ। ਬਾਣੀ ਵਿਚ ਮਨੁੱਖੀ ਭਾਵਨਾਵਾਂ ਦਾ ਉਹ ਵੇਗ ਹੈ ਜੋ ਮਾਨਵੀ ਜੀਵਨ ਨੂੰ ਸੰਪੂਰਨਤਾ, ਸਬਰ, ਸੰਤੋਖ ਦੀ ਧਾਰਨਾ ਉਪਰ ਚੱਲਣ ਦਾ ਬਲ ਬਖ਼ਸ਼ਦੀ ਹੈ। ਬਾਣੀ ਦੇ ਅਰਥ ਵੱਲ ਜੇਕਰ ਨਜ਼ਰ ਮਾਰੀਏ ਤਾਂ ਇਹ ਸਾਫ਼ ਹੈ ਕਿ ਗੁਰੂਆਂ ਦੇ ਮੁੱਖ ਵਿਚੋਂ ਨਿਕਲੇ ਬਚਨ ਗੁਰਬਾਣੀ ਬਣ ਜਾਂਦੇ ਹਨ, ਉਹ ਬੋਲ ਜੋ ਸਮੁੱਚੀ ਮਾਨਵਤਾ ਲਈ ਚਾਨਣ ਮੁਨਾਰਾ ਹੈ। ਇਸ ਦੀ ਵਿਚਾਰਧਾਰਾ ਦਾ ਵਿਸ਼ਾ ਰੂਹਾਨੀ ਤੇ ਇਖ਼ਲਾਕੀ ਤੌਰ ਤੇ ਸਚਿਆਰ ਮਨੁੱਖ ਦੀ ਹੋਂਦ ਨੂੰ ਕਾਇਮ ਰੱਖਣਾ ਹੈ। ਬਾਣੀ ਨੂੰ ਧੁਰ ਕੀ ਬਾਣੀ ਦਾ ਦਰਜਾ ਦੇ ਕੇ ਗੁਰੂ ਸਾਹਿਬਾਨਾਂ ਵੱਲੋਂ ਇਹ ਸੰਦੇਸ਼ ਦਿੱਤਾ ਗਿਆ ਹੈ ਕਿ ਮਾਨਵੀ ਜੀਵਨ ਦੇ ਝਮੇਲਿਆਂ ਵਿਚ ਗ੍ਰਸਤ ਹੋਇਆ ਜੀਵ ਬਾਣੀ ਦਾ ਓਟਆਸਰਾ ਲੈ ਕੇ ਆਪਣੀਆਂ ਸਾਰੀਆਂ ਚਿੰਤਾਵਾਂ ਤੋਂ ਮੁਕਤੀ ਪ੍ਰਾਪਤ ਕਰ ਸਕਦਾ ਹੈ।

**ਧੁਰ ਕੀ ਬਾਣੀ ਆਈ॥**
**ਤਿਨਿ ਸਗਲੀ ਚਿੰਤ ਮਿਟਾਈ॥**[1]

ਸਾਡੇ ਗੁਰੂ ਸਾਹਿਬਾਨਾਂ ਦੁਆਰਾ ਸਾਨੂੰ ਭੇਟ ਕੀਤੀ ਗਈ 'ਬਾਣੀ' ਇਕ ਅਜਿਹਾ ਸਾਧਨ ਹੈ ਜੋ ਸਦੀਵੀਂ ਸਾਡਾ ਮਾਰਗ ਦਰਸ਼ਕ ਬਣਦੀ ਹੈ। ਬਾਣੀ ਦਾ ਸਮੁੱਚਾ ਸਿਧਾਂਤ ਮਾਨਵੀ ਜੀਵਨ ਨੂੰ ਆਧਾਰ ਬਣ ਕੇ ਰਚਿਆ ਗਿਆ ਹੈ। ਸੰਸਾਰਿਕ ਪਦਾਰਥਾਂ ਵਿਚ ਗਲਤਾਨ ਹੋਇਆ ਵਿਅਕਤੀ ਜੇਕਰ ਸਕੂਨ ਦੀ ਪ੍ਰਾਪਤੀ ਲਈ ਬਾਣੀ ਨੂੰ ਆਧਾਰ ਬਣਾ ਕੇ ਜੀਵਨ ਬਸਰ ਕਰਦਾ ਹੈ ਤਾਂ ਉਹ ਆਤਮਿਕ ਤੌਰ ਤੇ ਸੰਪੂਰਨਤਾ ਦਾ ਧਾਰਨੀ ਬਣ ਜਾਂਦਾ ਹੈ। ਬਾਣੀ ਦੇ ਲੜ ਲੱਗੇ ਹੋਏ ਵਿਅਕਤੀ ਦੀਆਂ ਸੰਸਾਰਿਕ ਭੁੱਖਾਂ ਤੇ ਤ੍ਰਿਪਤੀਆਂ ਦਾ ਨਾਸ਼ ਹੋ ਜਾਂਦਾ ਹੈ।

ਬਾਣੀ ਅੰਦਰ ਉਸ ਅਕਾਲ ਪੁਰਖ ਦਾ ਫੁਰਮਾਨ ਸਮੁੱਚੇ ਜਗਤ ਲਈ ਪ੍ਰਕਾਸ਼ ਫੈਲਾਉਣਾ ਤੇ ਇੱਕ ਸਚੁੱਜੇ ਤੇ ਨਰੋਏ ਸਮਾਜ ਦਾ ਨਿਰਮਾਣ ਕਰਨਾ ਹੈ ਜੋ ਸਾਰੀ ਕਾਇਨਾਤ ਨੂੰ ਇਕੋ ਲੜੀ ਵਿਚ ਪ੍ਰੋਣ ਦਾ ਪੈਗਾਮ ਦਿੰਦਾ ਹੈ ਤੇ ਸਰਵਸਾਂਝੀਵਾਲਤਾ ਦਾ ਫੁਰਮਾਨ ਦਿੰਦੀ ਹੈ। ਬਾਣੀ ਅੰਦਰ ਉਹ ਪਵਿੱਤਰ ਅੰਮ੍ਰਿਤ ਦਾਤ ਸਮਾਈ ਹੋਈ ਹੈ ਜੋ ਮਨੁੱਖੀ ਚਰਿੱਤਰ ਨੂੰ ਉਸ ਅਵਾਸਥਾ ਤੱਕ ਪਹੁੰਚਾ ਦਿੰਦੀ ਹੈ ਜਿਥੇ ਕੇਵਲ ਉਸ ਅਕਾਲ ਪੁਰਖ ਦੀ ਰਜ਼ਾ ਨਾਲ ਪਹੁੰਚਦਾ ਹੈ:

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥**
**ਗੁਰੁ ਬਾਣੀ ਕਹੈ ਸੇਵਕ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੈ॥**[2]

'ਪਟੀ' ਬਾਣੀ ਗੁਰੂ ਨਾਨਕ ਦੇਵ ਜੀ ਦੀ ਰਚਿਤ ਪਾਵਨ ਬਾਣੀ ਹੈ। ਇਹ ਬਾਣੀ ਪੰਜਾਬੀ ਲਿਪੀ ਦੇ 35 ਅੱਖਰਾਂ ਨੂੰ ਆਧਾਰ ਬਣਾ ਕੇ ਵੱਖ-ਵੱਖ ਕਾਵਿ ਟੋਟੇ ਦੇ ਪ੍ਰਸੰਗ ਵਿਚ ਰੱਖ ਕੇ ਰਚੀ ਗਈ ਹੈ। ਪਟੀ ਅਧਿਆਤਮਿਕ ਚਿੰਤਨ ਦੀ ਅਭਿਵਿਅਕਤੀ ਕਰਨ ਵਾਲੀ ਪਾਵਨ ਬਾਣੀ ਹੈ। ਆਪ ਜੀ ਦੁਆਰਾ ਰਚਿਤ ਪਟੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪੰਨਾ 432 ਤੋਂ 434 ਵਿੱਚ 'ਰਾਗ ਆਸਾ' ਮਹਲਾ 1 ਪਟੀ'

ਸਿਰਲੇਖ ਹੇਠ ਦਰਜ ਹੈ। ਇਸ ਬਾਣੀ ਦੀਆਂ 35 ਪਉੜੀਆਂ ਹਨ। ਮਾਤ੍ਰਿਕ ਛੰਦ ਵਿਚ ਰਚੀ ਗਈ ਹੈ ਜਿਸ ਦੀਆਂ ਮਾਤਰਾਵਾਂ ਦੀ ਗਿਣਤੀ 16, 14 ਭਾਵ 30 ਮਾਤਰਾਵਾਂ ਹਨ। 'ਪਟੀ' ਤੋਂ ਭਾਵ ਲੱਕੜ ਦੀ ਉਸ 'ਫੱਟੀ' ਜਾਂ ਤਖ਼ਤੀ ਤੋਂ ਲਿਆ ਜਾਦਾ ਹੈ ਜਿਸ ਉਪਰ ਸਿਖਿਆਰਥੀ ਆਪਣੀ ਲਿਖਣ ਕਲਾ ਦਾ ਅਭਿਆਸ ਕਰਕੇ ਹਨ। ਪਟੀ ਵਿਚ ਵਰਤੇ ਹੋਏ ਸਾਰੇ ਅੱਖਰ ਪੈਂਤੀ ਵਰਣਮਾਲਾ ਵਾਲੇ ਹੀ ਹਨ ਪਰ ਇਸ ਦੀ ਵਰਨਮਾਲਾ ਦੀ ਗੁਰਮੁਖੀ ਨਾਲੋਂ ਵੱਖਰਤਾ ਇਸ ਗੱਲ ਵਿਚ ਹੈ ਕਿ ਇਸ (ਪੱਟੀ) ਦੀ ਆਰੰਭਤਾ 'ਸ' ਨਾਂ ਦੇ ਵਿਅੰਜਨ ਤੋਂ ਹੁੰਦੀ ਹੈ ਜਦਕਿ ਗੁਰਮੁਖੀ ਵਰਣਮਾਲਾ ਦੀ ਸ਼ੁਰੂਆਤ 'ੳ' ਸਵਰ ਤੋਂ ਹੁੰਦੀ ਹੈ:

**ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥**[3]

ਪਟੀ ਬਾਣੀ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਗੁਰਮੁਖੀ ਲਿਪੀ ਵਿਚ ਖਾਲੀ ਸਮਝੇ ਜਾਂਦੇ ਅੱਖਰ ਙ, ਞ, ਣ ਪਟੀ ਵਿਚ ਆ ਕੇ ਅਰਥ ਭਰਪੂਰ ਵਿਉਂਤ ਵਿਧੀ ਰਾਂਹੀ ਪ੍ਰਗਟਾਏ ਜਾਂਦੇ ਹਨ ਭਾਵ ਇਹਨਾਂ ਦੇ ਆਪਣੇ-ਆਪਣੇ ਅਰਥ ਸ਼ਪੱਸ਼ਟ ਕੀਤੇ ਗਏ ਹਨ:

**ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ॥**
**ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥**[4]

**ਞੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ॥**[5]

**ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ॥**
**ਏਕੋ ਰਵਿ ਰਹਿਆ ਸਭ ਥਾਈ....॥**[6]

ਗੁਰੂ ਨਾਨਕ ਦੇਵ ਜੀ ਨੇ ਵਰਣਮਾਲਾ ਦੇ ਹਰ ਅੱਖਰ ਨੂੰ ਕਾਵਿ ਟੁਕੜੀਆਂ ਦੇ ਆਰੰਭ ਵਿਚ ਰੱਖ ਕੇ ਉਹਨਾਂ ਦੀ ਰਚਨਾ ਕੀਤੀ ਹੈ। ਪਟੀ ਬਾਣੀ ਦੇ ਸਾਰੇ ਸਵਰ ਤੇ ਵਿਅੰਜਨਾਂ ਵਿਚ ਆਪ ਦੁਆਰਾ ਪੇਸ਼ ਕੀਤੇ ਗਏ ਸਿਧਾਂਤਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਪਟੀ ਬਾਣੀ ਦਾ ਮੂਲ ਸਿਧਾਂਤ ਉਸ ਅਕਾਲ ਪੁਰਖ ਦੀ ਮਹਿਮਾ ਦਾ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਸਾਜਿਆ ਹੈ ਤੇ ਉਹੀ ਸਾਰੀ ਸ੍ਰਿਸ਼ਟੀ ਦਾ ਪਾਲਣਹਾਰ ਵੀ ਹੈ। ਆਪ ਦੀ ਬਾਣੀ ਮਾਨਵੀ ਜੀਵਨ ਦੀਆਂ ਤਲਖ਼ੀ ਹਕੀਕਤਾਂ ਤੇ ਆਧਾਰ ਤੇ ਰਚੀ ਗਈ ਹੈ ਜੋ ਸਮੁੱਚੀ ਕਾਇਨਾਤ ਲਈ ਪ੍ਰੇਰਨਾ ਦਾ ਸੋਮਾ ਬਣਾ ਕੇ ਮਾਰਗ ਦਰਸ਼ਕ ਕਰਦੀ ਹੈ। ਗੁਰੂ ਨਾਨਕ ਸਾਹਿਬ ਨੇ ਪਟੀ ਵਿਚ ਉਸ ਮਾਲਕ ਦੀ ਮਹਿਮਾ ਕੀਤਾ ਹੈ ਤੇ ਉਸਦੀ ਰਚੀ ਕਾਇਨਾਤ ਦੀ ਵਡਿਆਈ ਕਰਦੇ ਹਨ। ਉਹਨਾਂ ਅਨੁਸਾਰ ਕਾਇਨਾਤ ਦੀ ਰਚਨਾ ਦੇ ਕਈ ਰਹੱਸ ਹਨ ਜਿਵੇਂ ਕਿ ਹਰੇਕ ਧਾਰਮਿਕ ਗ੍ਰੰਥ ਵਿਚ ਸ੍ਰਿਸ਼ਟੀ ਦੀ ਹੋਂਦ ਬਾਰੇ ਆਪਣੇ-ਆਪਣੇ ਵਿਚਾਰ ਦੱਸੇ ਗਏ ਹਨ। ਕੁਰਆਨ ਵਿੱਚ 'ਕੁਨ' ਨੂੰ ਸ੍ਰਿਸ਼ਟੀ ਦਾ ਸਿਰਜਕ ਸਵੀਕਾਰਿਆ ਗਿਆ ਹੈ ਤੇ ਦੂਸਰੇ ਪਾਸੇ ਈਸਾਈ ਮਤ ਹਫਤੇ ਦੇ ਸੱਤਾਂ ਦਿਨਾਂ ਨੂੰ ਕਾਇਨਾਤ ਦੀ ਹੋਂਦ ਮੰਨਿਆ ਗਿਆ ਹੈ ਦੂਸਰੇ ਪਾਸੇ ਗੁਰਬਾਣੀ ਅਨੁਸਾਰ ਸਮੁੱਚਾ ਜਗਤ ਉਸ ਅਕਾਲ ਪੁਰਖ ਜਾਂ ਉਸ ਬ੍ਰਹਮ ਦੀ ਨਿਵਾਜੀ ਹੋਈ ਹੈ ਜੋ ਉਸ ਬ੍ਰਹਮ ਦੇ ਹੁਕਮ ਅਨੁਸਾਰ ਚੱਲਦਾ ਹੈ ਤੇ ਕਈ ਵਾਰ ਇਸ ਸ੍ਰਿਸ਼ਟੀ ਦਾ ਨਾਸ਼ ਵੀ ਹੋਇਆ ਹੈ। ਕਿਉਂ ਕਿ ਗੁਰਬਾਣੀ ਅਨੁਸਾਰ ਜਿਸ ਵਸਤੂ ਦੀ ਹੋਂਦ ਹੁੰਦਾ ਹੈ ਉਸ ਦਾ ਅੰਤ ਵੀ ਸੁਭਾਵਿਕ ਹੀ ਹੁੰਦਾ ਹੈ। ਪਟੀ ਬਾਣੀ ਵਿਚ ਗੁਰੂ ਸਾਹਿਬਾਨ ਨੇ ਸ੍ਰਿਸ਼ਟੀ ਦੇ ਸਿਰਜਕ ਦੁਆਰਾ ਕਾਇਨਾਤ ਦੇ ਸਿਰਜਕ ਦੀ ਮਹਿਮਾ ਦਾ ਗਾਇਨ ਕੀਤਾ ਗਿਆ ਹੈ:

**ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ॥**
**ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥**[7]

ਗੁਰੂ ਨਾਨਕ ਸਾਹਿਬ ਜੀ ਨੇ ਜਿਥੇ ਆਪਣੀ ਬਾਣੀ ਪਟੀ ਵਿੱਚ 'ਮੌਤ' ਨੂੰ ਜੀਵਨ ਦੇ ਪ੍ਰਸੰਗ ਵਿਚ ਰੱਖ ਕੇ ਚਿਤਰਿਆ ਹੈ। ਉਹਨਾਂ ਅਨੁਸਾਰ ਸਮੁੱਚ, ਸੰਸਾਰ ਨਾਸ਼ਵਾਨ ਹੈ। ਹਰ ਜੀਵ ਨੂੰ ਹਰ ਸਮੇਂ ਮੌਤ ਨੂੰ ਆਪਣੇ ਚੇਤੇ ਵਿਚ ਰੱਖਣਾ ਚਾਹੀਦਾ ਹੈ। ਉਹਨਾਂ ਅਨੁਸਾਰ ਸਮੁੱਚਾ ਸੰਸਾਰ ਨਾਸ਼ਵਾਨ ਹੈ। ਪਟੀ ਬਾਣੀ ਅੰਦਰ ਉਹਨਾਂ ਦੀਆਂ ਇਹ ਤੁਕਾਂ ਅਗਲੀ ਜੀਵਨ ਦੀ ਗਵਾਹੀ ਭਰਦੀਆਂ ਹਨ:

**ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ।**[8]

ਉਹਨਾਂ ਨੇ ਆਤਮਾ ਨੂੰ ਪਰਮਾਤਮਾ ਨਾਲ ਮਿਲਾਉਣ ਵਾਲਾ ਅਸਲੀ ਸਾਧਨ ਮੌਤ ਨੂੰ ਹੀ ਦੱਸਿਆ ਹੈ।

ਬਾਣੀ ਉਸ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਸ਼ੰਦੇਸ਼ ਦਿੰਦੀ ਹੈ। ਪਟੀ ਮਨੁੱਖੀ ਜੀਵਨ ਦੇ ਅਸਲੀ ਸਿਧਾਂਤਾਂ ਦਾ ਖੰਡਨ ਕਰਦੀ ਹੋਈ ਵਿਅਕਤੀ ਨੂੰ ਅਮਲੀ ਜੀਵਨ ਜਾਂਚ ਨੂੰ ਅਪਣਾਉਣ ਦਾ ਸ਼ੰਦੇਸ਼ ਦਿੰਦੀ ਹੈ। ਸੱਚੀ ਕਿਰਤ, ਸਬਰ, ਸੰਤੋਖ, ਰੂਹਾਨੀ ਗਿਆਨ ਦਾ ਪੱਖ ਪੂਰਦੀ ਹੋਈ ਮਨੁੱਖ ਨੂੰ ਇਹਨਾਂ ਸਿਧਾਂਤਾਂ ਦਾ ਧਾਰਨੀ ਬਣਨਾ ਦਾ ਹੁਕਮ ਵੀ ਕਰਦੀ ਹੈ ਤੇ ਨਾਲ ਹੀ ਨਾਲ ਸੇਵਾ ਨੂੰ ਉੱਤਮਤਾ ਦਾ ਧਾਰਨੀ ਸਵੀਕਾਰਦੀ ਹੋਈ ਇਸ ਨੂੰ ਨੇਮ ਬਣਾਉਣ ਦਾ ਗਿਆਨ ਦਿੰਦੀ ਹੈ:

**ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨਿ ਸਚੁ ਕਮਾਇਆ॥**
**ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨੑ ਕਾ ਚਿਤੁ ਲਾਗਾ॥**[9]

ਪਟੀ ਬਾਣੀ ਦਾ ਧੁਰਾ ਆਸ਼ਾਵਾਦੀ ਸਿਧਾਂਤ ਦਾ ਧਾਰਨੀ ਹੈ। ਪਟੀ ਵਿਚ ਸਮਾਜਿਕ ਜੀਵਨ ਵਿਚ ਨਿਰਾਸ਼ ਹੋਏ ਜੀਵ ਨੂੰ ਬਾਣੀ ਓਟ-ਆਸਰੇ ਦਾ ਸੰਕਲਪ ਪੇਸ਼ ਕਰਦੀ ਹੈ। ਸਮੁੱਚੀ ਮਾਨਵ ਜਾਤੀ ਜੋ ਕਿ ਫ਼ਿਕਰਾਂ ਤੇ ਤੰਗੀਆਂ ਤੁਰਛੀਆਂ ਕਾਰਨ ਝੂਰਦੀ ਰਹਿੰਦੀ ਹੈ ਉਸਨੂੰ ਪਟੀ ਬਾਣੀ ਹੌਸਲੇ ਤੇ ਨਿਡਰਤਾ ਦਾ ਸਬਕ ਸਿਖਾਉਂਦੀ ਹੋਈ ਮੰਜ਼ਿਲ ਤੇ ਪਹੁੰਚਾਣ ਦਾ ਉਪਰਾਲਾ ਕਰਦੀ ਹੈ। ਮਨੁੱਖ ਨੂੰ ਸੱਚੀ ਕਿਰਤ ਦਾ ਹੋਕਾ ਦਿੰਦੀ ਤੇ ਪ੍ਰਭੂ ਭਾਣੇ ਅਨੁਸਾਰ ਜੀਵਨ ਜਿਉਣ ਬਾਰੇ ਦੱਸਦੀ ਹੈ:

**ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ॥**[10]

ਪਟੀ ਜਿਥੇ ਅਮਾਨਵੀ ਕਦਰਾਂ ਕੀਮਤਾਂ ਤੇ ਫੋਕੇ ਕਰਮ ਕਾਂਡਾਂ ਦਾ ਵਿਰੋਧ ਕਰਦੀ ਹੈ ਉਥੇ ਨਾਲ ਹੀ ਨਾਲ ਸਮਾਜਿਕ ਰਿਸ਼ਤਿਆਂ ਤੋਂ ਬੇਮੁਖ ਹੋਏ ਜੀਵ ਨੂੰ ਉਪਦੇਸ਼ਤਾਮਿਕ ਸੋਝੀ ਪ੍ਰਦਾਨ ਕਰਦੀ ਹੈ। ਬਾਣੀ ਸਮਾਜਿਕ ਜੀਵਨ ਵਿਚ ਅਮਲੀ ਸਿਧਾਂਤਾਂ ਨੂੰ ਸਵੀਕਾਰਦੀ ਹੈ ਤੇ ਸਹੀ ਰਾਸਤੇ ਤੇ ਤੋਰਨ ਦਾ ਕੰਮ ਕਰਦੀ ਹੈ। ਕਰਮਕਾਂਡ ਤੇ ਵਹਿਭਰਮ ਜੋ ਕਿ ਸਾਰੇ ਸਮਾਜ ਦਾ ਇੱਕ ਅੰਗ ਬਣ ਚੁੱਕੇ ਹਨ ਤੇ ਹੌਲੀ-ਹੌਲੀ ਇਸ ਸਮਾਜ ਲਈ ਘਾਤਕ ਵੀ ਸਿੱਧ ਹੋ ਰਹੇ ਹਨ। ਗੁਰੂ ਨਾਨਕ ਕਾਲ ਵੱਲ ਜੇਕਰ ਸਰਸਰੀ ਨਜ਼ਰ ਮਾਰੀਏ ਤਾਂ ਇਹ ਸ਼ਪੱਸ਼ਟ ਹੈ ਕਿ ਆਪ ਦੇ ਸਮੇਂ ਵਿਚ ਸਮਾਜ ਵਿਚ ਹਨੇਰਗਰਦੀ ਤੇ ਜੁਗਗਰਦੀ ਫੈਲ ਚੁੱਕੀ ਸੀ। ਮਾਨਵੀ ਕਦਰਾਂ ਕੀਮਤਾਂ ਦੀ ਦੀ ਸਮਾਜ ਵਿਚ ਕੋਈ ਥਾਂ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਰਚਨਾਵਾਂ ਵਿਚ ਇਹਨਾਂ ਫੋਕੇ ਕਰਮਕਾਡਾਂ ਦਾ ਵਿਰੋਧ ਕਰਕੇ ਹੋਏ ਸੱਚੇ ਮਾਰਗ ਨੂੰ ਅਸਲੀ ਜੀਵਨ ਸਿਧਾਂਤ

ਵਿਚ ਰੱਖ ਕੇ ਪ੍ਰਸਤੁਤ ਕੀਤਾ ਹੈ। ਪੁਜਾਰੀ ਵਰਗ ਜੋ ਕਿ ਆਵਾਮ ਨੂੰ ਸੇਧ ਦੇਣ ਦੀ ਬਜਾਇ ਖੁਦ ਕੁਰਾਹੇ ਪਿਆ ਹੋਇਆ ਸੀ। ਧਰਮ ਉਸ ਸਮੇਂ ਸਿਰਫ਼ ਦਿਖਾਵਾ ਬਣ ਕੇ ਰਹਿ ਚੁੱਕਾ ਸੀ। ਧਰਮ ਦੇ ਨਾਮ ਉਪਰ ਜਨਤਾ ਉਪਰ ਅਤਿਆਚਾਰ ਕੀਤਾ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਇਸ ਬਾਣੀ ਵਿਚ ਪੰਡਿਤਾਂ, ਮੁੱਲਾਂ ਤੇ ਮੁਲਾਣਿਆਂ ਦਾ ਜੋਰਦਾਰ ਸ਼ਬਦਾਂ ਵਿਚ ਖੰਡਨ ਕਰਦੇ ਹਨ:

**ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ॥**
**ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥**[11]

ਮਨੁੱਖੀ ਸ਼ਖਸ਼ੀਅਤ ਅੰਦਰ ਉਪਜੀ ਹਉਮੈ ਉਹ ਰੋਗ ਹੈ ਜੋ ਮਨੁੱਖੀ ਹਸਤੀ ਨੂੰ ਮਿਟਾਉਣ ਦਾ ਤਰ ਹੀਲਾ ਕਰਦੀ ਹੈ। ਹਉਮੈ ਮਨੁੱਖੀ ਜ਼ਿੰਦਗੀ ਵਿਚ ਇਕਸੁਰਤ ਨੂੰ ਸਮਾਪਤ ਕਰਦੀ ਹੈ।

ਅਹੰਕਾਰ, ਹਉਮੈ ਮਨੁੱਖੀ ਮਨ ਵਿਚਲੇ ਉਹ ਵਿਕਾਰ ਹਨ ਜੋ ਮਨੁੱਖ ਨੂੰ ਪ੍ਰਮਾਤਮਾ ਦੇ ਦਰ ਤੋਂ ਦੂਰ ਹੀ ਰੱਖਦੇ ਹਨ ਇਹਨਾਂ ਵਿਕਾਰਾਂ ਵਿਚ ਗਲਤਾਨ ਹੋਇਆ ਜੀਵ ਸਾਦਗੀ, ਨਿਮਰਤਾ ਤੇ ਹਲੀਮੀ ਆਦਿ ਸਰਵਸ਼੍ਰੇਸਟ ਗੁਣਾਂ ਨੂੰ ਧਾਰਨ ਨਹੀਂ ਕਰ ਸਕਦਾ। 'ਮੈਂ' ਵਿਚ ਡੁਬੇ ਹੋਏ ਵਿਅਕਤੀ ਨਿਮਰਤਾ ਤੇ ਹਲੀਮੀ ਤੋਂ ਕੋਹਾਂ ਦੂਰ ਰਹਿੰਦਾ ਹੈ ਉਸ ਅੰਦਰਲੇ ਇਹ ਵਿਕਾਰ ਉਸਨੂੰ ਅੰਦਰੋਂ-ਅੰਦਰੀ ਗੁਨਾਹਾਂ ਨਾਲ ਭਰ ਦਿੰਦੇ ਹੈ। ਉਸ ਅੰਦਰ ਸਹੀ ਗਲਤ ਦੀ ਸੋਝੀ ਨਹੀਂ ਰਹਿੰਦੀ। ਕੂੜ ਵਿਚ ਡੁਬਿਆ ਹੋਇਆ ਜੀਵ ਆਪਣੇ ਅਸਲ ਮਨੋਰਥ ਤੋਂ ਲਾਂਭੇ ਹੋ ਜਾਂਦਾ ਹੈ ਤੇ ਉਹ ਹਰ ਥਾਂ ਕੂੜ ਦਾ ਸਹਾਰਾ ਲੈਂਦਾ ਹੈ। ਪਟੀ ਬਾਣੀ ਜੀਵ ਨੂੰ ਇਹਨਾਂ ਵਿਕਾਰਾਂ ਵਿੱਚ ਨਿਕਲਣ ਦਾ ਉਪਦੇਸ਼ ਦਿੰਦੀ ਹੋਈ ਸਹੀ ਮਾਰਗ ਦਰਸ਼ਕ ਕਰਦੀ ਹੈ। ਪਟੀ ਬਾਣੀ ਵਿਚ ਮਨੁੱਖੀ ਜੀਵਨ ਦੀ ਹਰ ਸਮੱਸਿਆ ਦਾ ਹੱਲ ਬਾਣੀ ਅੰਦਰ ਸਮਾਇਆ ਹੋਇਆ ਹੈ। ਪਟੀ ਬਾਣੀ ਵਿਚ ਹਉਮੇ ਹੰਕਾਰ ਅਤੇ ਬਦੀ ਵਰਗੇ ਔਗੁਣਾਂ ਨੂੰ ਦੂਰ ਪ੍ਰਮਾਤਮਾ ਦੇ ਹੁਕਮ ਅਨੁਸਾਰ ਜੀਵਨ ਜਿਊਣ ਬਾਰੇ ਚੱਲਦੀ ਹੈ।

**ਮਨ ਕਾਹੇ ਭੂਲੇ ਮੂੜ ਮਨਾ॥**
**ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥**[12]

ਹਰ ਜੀਵ ਅੰਦਰ ਪ੍ਰਮਾਤਮਾ ਦਾ ਵਾਸ ਹੈ ਜੇਕਰ ਉਹ ਇਸ ਸੰਸਾਰ ਵਿਚ ਰਹਿੰਦਿਆਂ ਆਪਣੇ ਮਨ ਤੇ ਕਾਬੂ ਪਾ ਕੇ ਸੱਚੇ ਮਾਰਗ ਦਾ ਧਾਰਨੀ ਬਣਦਾ ਹੈ ਤਾਂ ਉਹ ਅਸਲ ਵਿਚ ਪ੍ਰਭੂ ਮਾਲਕ ਦੀ ਦਰਗਾਹ ਦਾ ਵਾਸੀ ਬਣ ਜਾਂਦਾ ਹੈ:

**ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ॥**[13]

ਬਾਣੀ ਵਿਚ ਗੁਰੂ ਜੀ ਨੇ ਜੀਵਨ ਦੀ ਅਸਲੀਅਤ 'ਮੌਤ' ਨੂੰ ਚਿੰਨ ਬਣਾ ਕੇ ਪੇਸ਼ ਕੀਤਾ ਹੈ ਉਹਨਾਂ ਅਨੁਸਾਰ ਹਰ ਜੀਵ ਨੂੰ ਮੌਤ ਵਰਗੀ ਅਟੱਲ ਸਚਾਈ ਨੂੰ ਹਮੇਸ਼ਾ ਯਾਦ ਰੱਖ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ ਕਿਉਂਕਿ ਮਨੁੱਖੀ ਆਤਮਾ ਨੂੰ ਪ੍ਰਮਾਤਮਾ ਨਾਲ ਮਿਲਾਉਣ ਵਾਲੀ ਸ਼ੈਅ 'ਮੌਤ' ਹੀ ਹੈ।

ਆਪਣੀ ਵਿਚ ਕਈ ਚਿੰਨਾਂ/ ਅਲੰਕਾਰਾਂ ਤੇ ਬਿੰਬ ਦੀ ਰਚਨਾ ਵੀ ਆਪ ਦੁਆਰ ਕੀਤੀ ਗਈ ਹੈ। ਚੁਣੇ ਗਏ ਅਲੰਕਾਰ ਬਿੰਬ ਤੇ ਪ੍ਰਤੀਕ ਸਾਡੇ ਸਮਾਜਿਕ ਜੀਵਨ ਦੀ ਗਵਾਹੀ ਭਰਦੇ ਹਨ। ਬਿੰਬ ਤੇ ਪ੍ਰਤੀਕ ਸਿਰਜਣਾ ਰਾਹੀ ਗੁਰੂ ਨਾਨਕ ਸਾਹਿਬ ਨੇ ਸਿਰਫ ਸਾਡੀ ਸਮਾਜਿਕ ਵਿਵਸਥਾ ਨੂੰ ਹੀ ਰੂਪਮਾਨ ਨਹੀਂ ਕੀਤਾ

ਸਗੋਂ ਉਸ ਸਮੇਂ ਦੀ ਆਰਥਿਕ ਤੇ ਰਾਜਨੀਤਿਕ ਸਥਿਤੀ ਵਿਚ ਆ ਚੁੱਕੇ ਨਿਘਾਰ ਵੱਲ ਵੀ ਝਾਤ ਮਾਰੀ ਹੈ ਜੋ ਸਾਨੂੰ ਆਪ ਦੀ ਰਚਨਾ ਵਿਚੋਂ ਪ੍ਰਤੱਖ ਤੌਰ ਤੇ ਸਪੱਸ਼ਟ ਹੁੰਦੀ ਦਿਸਦੀ ਹੈ। ਇਸ ਕਰਕੇ ਉਹ ਸਮੁੱਚੇ ਸੰਸਾਰ ਨੂੰ ਇੱਕ ਖੇਡ ਰਾਂਹੀ ਵਿਆਕਤ ਕਰਦੇ ਹਨ। ਉਹਨਾਂ ਨੇ ਇਸ ਸਾਰੇ ਪਾਸਾਰੇ ਨੂੰ ਚਾਰ ਜੁਗਾਂ ਅੰਦਰ (ਸਤਯੁਗ, ਦੁਆਪਰ, ਤ੍ਰੇਤਾ, ਕਲਜੁਗ) ਰੱਖ ਕੇ ਦਰਸਾਇਆ ਹੈ ਤੇ ਦੱਸਿਆ ਹੈ ਕਿ ਸਾਰਾ ਸੰਸਾਰ ਇਹਨਾਂ ਜੁਗਾਂ ਦੀਆਂ ਘੁੰਮਣ-ਘੇਰੀਆਂ ਵਿਚ ਫਸਿਆ ਰਹਿੰਦਾ ਹੈ:

**ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ॥**
**ਜੀਆ ਜੰਤ ਸਭ ਸਾਰੀ ਕੀਤੇ ਪਾਸਾ ਢਾਲਿਣ ਆਪਿ ਲਗਾ॥**[14]

ਉਹਨਾਂ ਨੇ ਪ੍ਰਕਿਰਤੀ ਨੂੰ ਮਾਇਆ ਦੇ ਬਿੰਬ ਵਿਚ ਚਿਤਾਰ ਕੇ ਮਾਇਆ ਨੂੰ ਪ੍ਰਮਾਤਮਾ ਤੋਂ ਨਿਖੇੜਨ ਵਾਲੀ ਵਸਤੂ ਕਹਿੰਦੇ ਹਨ, ਜੋ ਮਨੁੱਖ ਨੂੰ ਭਰਮ ਵਿਚ ਪਾ ਕੇ ਪ੍ਰਮਾਤਮਾ ਦੀ ਬਖਸਿਸ਼ ਤੋਂ ਕੋਹਾਂ ਦੂਰ ਰੱਖਦੀ ਹੈ:

**ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸ ਭਾਵੈ ਸੋਈ ਭਲਾ॥**[15]

**ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਤ ਹੋਆ॥**
**ਭਰਮੁ ਉਪਾਹਿ ਭੁਲਾਈਅਨ ਆਪੇ.......॥**[16]

ਬਾਣੀ ਰਚਨਾ ਵਿਚਲੀ ਸ਼ਬਦਾਵਲੀ ਸਪੱਸ਼ਟਤਾ ਤੇ ਸਾਦਗੀ ਦੀ ਧਾਰਨੀ ਹੈ ਆਪਨੇ ਕਿਤੇ-ਕਿਤੇ ਅਰਬੀਫਾਰਸੀ ਦੇ ਸ਼ਬਦਾਂ ਨੂੰ ਉਹਨਾਂ ਥਾਂ ਦਿੱਤੀ ਗਈ ਹੈ। ਭਾਸ਼ਾਵਾਂ ਦੀ ਪ੍ਰਯੋਗਤਾ ਆਪ ਦੀ ਵਿਦਵਤਾ ਦੀ ਗਵਾਹੀ ਭਰਦੀ ਹੈ। ਉਹਨਾਂ ਦੁਆਰਾ ਵਰਤੀ ਗਈ ਭਾਸ਼ਾ ਸਰਲ, ਸੌਖੀ ਤੇ ਠੇਠ ਹੈ ਇਸ ਵਿਚੋਂ ਸਾਡੇ ਸਮਾਜਿਕ ਸਭਿਆਚਾਰ ਦੀ ਮਹਿਕ ਹੂਬਹੂ ਆਉਂਦੀ ਹੈ। ਉਹਨਾਂ ਹੀ ਰਚਨਾ ਵਿਚ ਸਰਲਤਾ ਦੀ ਗਵਾਹੀ ਭਰਦੀਆਂ ਤੁਕਾਂ ਇਸ ਪ੍ਰਕਾਰ ਹਨ:

**ਪਪੈ ਪਾਤਿਸ਼ਾਹ ਪਰਮੇਸਰੁ ਵੇਖਣ ਰਉ ਪਰਪੰਚੁ ਕੀਆ॥**
**ਦੇਖੈ ਬੂਝਤ ਸਭੁ ਕਿਛੁ ਜਾਣੇ ਅੰਤਰਿ ਬਾਹਰਿ ਰਵਿ ਰਹਿਆ॥**[17]

ਆਪ ਦੀ ਲਾਇਵ ਗੁਰਮੁਖੀ ਵਰਣਮਾਲਾ ਤੋਂ ਵੱਖਰਤਾ ਤਾ ਹੈ ਪਰ ਆਪ ਦੁਆਰਾ ਚੁਣੀ ਵਰਣਮਾਲਾ ਅਰਥਾਂ ਦੀ ਧਾਰਨੀ ਬਣ ਕੇ ਉੱਭਰਦੀ ਹੈ। ਆਪ ਦੀ ਬੋਲੀ ਦਾ ਮੁਹਾਵਰਾ ਸ਼ਪੱਸਟ ਠੇਠ ਭਾਸ਼ਾ ਦਾ ਮੁਹਾਂਦਰਾ ਬਿਆਨ ਕਰਦਾ ਹੈ ਜੋ ਆਗ ਸਧਾਰਨ ਵਰਗ ਦੀ ਸਮਝ ਦੇ ਬਹੁਤ ਨੇੜੇ ਹੈ।

ਬਾਣੀ ਦੀ ਵਿਚਾਰਧਾਰਾ ਸਮੁੱਚੀ ਮਾਨਵ ਜਾਤੀ ਨੂੰ ਆਸ਼ਾਵਾਦੀ ਸੋਝੀ ਪ੍ਰਦਾਨ ਕਰਕੇ ਉਹਨਾਂ ਨੂੰ ਚੰਗੇ ਕਰਮਾਂ ਵੱਲ ਪ੍ਰੇਰਿਤ ਕਰਨਾ ਤਾਂ ਜੋ ਉਹ ਆਪਣੇ ਕਰਤੱਵਾਂ ਦੀ ਪਾਲਣਾ ਕਰਦੇ ਹੋਏ ਪ੍ਰਭੂ ਪ੍ਰਮਾਤਮਾ ਦੀ ਦਰਗਾਹ ਵਿਚ ਕਬੂਲੇ ਜਾਣ। ਬਾਣੀ ਮਨੁੱਖ ਨੂੰ ਆਉਣ ਵਾਲੇ ਸਮੇਂ ਵਿਚਲੀਆਂ ਮੁਸ਼ਕਿਲਾਂ, ਤੰਗੀਆਂ, ਤੁਰਸ਼ੀਆਂ ਨੂੰ ਉਸ ਪ੍ਰਮਾਤਮਾ ਦੀ ਰਜ਼ਾ ਵਿਚ ਰਹਿ ਕੇ ਮੰਨਣ ਦਾ ਹੁਕਮ ਵੀ ਬਖਸ਼ਦੀ ਹੈ।

ਨਾਮ ਦੀ ਰਸਨਾ ਦੀ ਬਾਣੀ ਵਿਚ ਬਹੁਤ ਮਹੱਤਤਾ ਦੱਸੀ ਗਈ ਹੈ। ਨਾਮ ਹੀ ਅਜਿਹੀ ਬੇੜੀ ਹੈ ਜੋ ਵਿਅਕਤੀ ਨੂੰ ਵਿਕਾਰਾਂ ਤੇ ਭਟਕਣਾਂ ਤੋਂ ਰੋਕੀ ਰੱਖਦੀ ਹੈ। ਜੋ ਜੀਵ ਆਪਣੇ ਪ੍ਰਮਾਤਮਾ ਨਾਲ ਇਕਕਿਮਤਾ ਸਥਾਪਿਤ ਕਰ ਲੈਂਦਾ ਹੈ ਉਸ ਅੰਦਰ ਪਦਾਰਥਕ ਸੁੱਖਾਂ ਦੀ ਤ੍ਰਿਪਤੀ ਹੋ ਜਾਂਦੀ ਹੈ। ਨਾਮ ਦੀ ਰਸਨਾ ਨਾਲ

ਉਸਦਾ ਹਿਰਦਾ ਪਵਿੱਤਰ ਹੋ ਜਾਂਦਾ ਹੈ। ਨਾਮ ਸਿਮਰਨ ਕਰਨ ਨਾਲ ਜੀਵ ਉੱਤਮਤਾ ਦਾ ਧਾਰਨੀ ਬਣ ਜਾਂਦਾ ਹੈ। ਉਹ ਹਮੇਸ਼ਾ ਚੜਦੀ ਕਲਾ ਵਿਚ ਵਿਚਰਦਾ ਹੈ। ਸੱਚੇ ਹਿਰਦੇ ਨਾਲ ਨਾਮ ਜਪਣ ਵਾਲੇ ਗੁਰਮੁਖ ਦੀ ਪ੍ਰਮਾਤਮਾ ਦੀ ਦਰਗਾਹ ਦੇ ਵਾਸੀ ਬਣਦੇ ਹਨ। ਜੀਵ ਦਾ ਆਪਾ ਸਤੁੰਸ਼ਟ ਹੋ ਜਾਂਦਾ ਹੈ।

**ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ॥**[18]

ਸੋ ਜਿਥੇ ਪਟੀ ਅਮਾਨਵੀ ਕਦਰਾਂ ਕੀਮਤਾਂ ਤੇ ਫੋਕੇ ਕਰਮ ਕਾਡਾਂ ਦਾ ਵਿਰੋਧ ਕਰਦੀ ਹੈ ਉਥੇ ਸਮਾਜਿਕ ਰਿਸ਼ਤਿਆਂ ਤੇ ਬੇਰੁਖੀ ਪ੍ਰਦਾਨ ਕਰਦੇ ਹੋਏ ਜੀਵਨ ਉਪਦੇਸ਼ਤਾਮਿਕ ਸੇਧ ਪ੍ਰਦਾਨ ਕਰਦੀ ਹੈ। ਬਾਣੀ ਸਮਾਜਿਕ ਮੁੱਲਾਂ ਨੂੰ ਸਵੀਕਾਰਦੀ ਹੋਈ ਮਨੁੱਖ ਨੂੰ ਸਹੀ ਰਾਸਤੇ ਤੇ ਤੋਰਨ ਦਾ ਉਪਰਾਲਾ ਕਰਦੀ ਹੈ। ਇਸ ਬਾਣੀ ਦਾ ਧੁਰਾ ਆਸਾਵਾਦੀ ਸਿਧਾਂਤ ਦਾ ਧਾਰਨੀ ਹੈ। ਪਟੀ ਬਾਣੀ ਜੀਵ ਨੂੰ ਸੇਧ ਦੇਣ ਤੋਂ ਉਸਦਾ ਸਰਵਪੱਖੀ ਵਿਕਾਸ ਕਰਨ ਵਿਚ ਅਹਿਮ ਰੋਲ ਅਦਾ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠ ਰਾਗ ਮਹਲਾ 4, ਪੰਨਾ-628
2. ਸ੍ਰੀ ਗੁਰੂ ਗ੍ਰੰਥ ਸਾਹਿਬ, ਨਟ ਰਾਗ ਮਹਲਾ 8, ਪੰਨਾ-982
3. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ ਮਹਲਾ 2, ਪੰਨਾ-432
4. ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਪੰਨਾ ਉਹੀ।
5. ਉਹੀ, ਪੰਨਾ 433
6. ਉਹੀ
7. ਉਹੀ, ਪੰਨਾ 434
8. ਉਹੀ
9. ਉਹੀ
10. ਉਹੀ
11. ਉਹੀ, ਪੰਨਾ 432
12. ਉਹੀ, ਪੰਨਾ 433
13. ਉਹੀ
14. ਉਹੀ
15. ਉਹੀ
16. ਉਹੀ
17. ਉਹੀ
18. ਉਹੀ



**ਪ੍ਰਭਜੋਤ ਕੌਰ**

ravalgill@gamil.com

# ਗੁਰੂ ਨਾਨਕ ਬਾਣੀ ਦੀ ਵਿਲੱਖਣਤਾ ਅਤੇ ਸਮਾਜਿਕ ਸਰੋਕਾਰ

**ਰਾਜਿੰਦਰ ਕੌਰ ਵਰਮਾ**

ਜਦੋਂ ਤੋਂ ਸ੍ਰਿਸ਼ਟੀ ਹੋਂਦ ਵਿੱਚ ਆਈ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਖੋਜਕਾਰਾ ਨੇ ਲਗਭਗ 4200 ਧਰਮਾਂ ਦੇ ਹੋਣ ਦੀ ਪੁਸ਼ਟੀ ਕੀਤੀ ਹੈ।ਧਰਮ ਅਦ੍ਵੈਤ ਅਤੇ ਦਵੈਤ ਦੇ ਵਿੱਚ ਪਏ ਭੁਲੇਖਿਆਂ ਨੂੰ ਦੂਰ ਕਰਨ ਲਈ ਸਾਧਨ ਵਜੋਂ ਕੰਮ ਕਰਦਾ ਹੈ ਅਤੇ ਮਨੁੱਖ ਦਾ ਮਨੋਬਲ ਮਜਬੂਤ ਕਰਨ ਵਿੱਚ ਸਹਾਈ ਹੁੰਦਾ ਹੈ। ਜੇਕਰ ਭਾਰਤ ਦੀ ਗਲ ਕੀਤੀ ਜਾਵੇ ਇੱਥੇ ਵੀ ਲਗਭਗ ਛੇ ਜਾਂ ਸੱਤ ਧਰਮਾਂ ਦਾ ਬੋਲਬਾਲਾ ਰਿਹਾ ਹੈ। ਜਿਵੇਂ ਕਿ ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ, ਪਾਰਸੀ ਧਰਮ, ਇਸਾਈ ਧਰਮ, ਇਸਲਾਮ ਧਰਮ, ਸਿੱਖ ਧਰਮ ਆਦਿ। ਮੱਧਕਾਲੀਨ ਭਾਰਤ ਦੇ ਮਾਹੌਲ ਦਾ ਕੇਂਦਰੀ ਯਥਾਰਥ ਇਹ ਰਿਹਾ ਸੀ ਕਿ ਉਸ ਸਮੇਂ ਦੋ ਸ਼ਕਤੀਸ਼ਾਲੀ ਅਤੇ ਕਈ ਵਿਰੋਧੀ ਸਭਿਅਤਾਵਾਂ ਵਿਸ਼ੇਸ਼ ਕਰਕੇ ਹਿੰਦੂ ਅਤੇ ਇਸਲਾਮ ਅਤੇ ਇਹੋ ਧਰਮਆਪਸੀ ਟਕਰਾਓ ਦੀ ਹਾਲਤ ਵਿੱਚ ਆਮ੍ਹਣੇ ਸਾਮ੍ਹਣੇ ਖੜ੍ਹੇ ਸੀ। ਪ੍ਰਾਚੀਨ ਕਾਲ ਤੋਂ ਹੀ ਮੱਧ ਏਸ਼ੀਆ ਜਾਂ ਪੱਛਮੀ ਇਲਾਕਿਆਂ ਤੋਂ ਖਾਨਾਬਦੋਸ਼ ਕਬੀਲੇ ਅਤੇ ਹੋਰ ਕਈ ਧਾੜਵੀ ਕਬੀਲੇ ਭਾਰਤ ਵਿੱਚ ਆਉਂਦੇ ਰਹੇ ਪਰ ਇਹ ਸਾਰੇ ਲੋਕ ਸਹਿਜੇ ਸਹਿਜੇ ਹਿੰਦੂ ਸਮਾਜ ਜਾਂ ਕਹਿ ਲਵੋ ਹਿੰਦੂ ਧਰਮ ਵਿੱਚ ਸਮਾਂ ਜਾਂਦੇ ਰਹੇ। ਦੁਨੀਆ ਦਾ ਸ਼ਾਇਦ ਹੀ ਕੋਈ ਅਜਿਹਾ ਭਾਗ ਹੋਵੇਗਾ ਜਿੱਥੇ ਐਨੀਆਂ ਨਸਲਾਂ ਤੇ ਸੱਭਿਆਤਾਵਾਂ ਇਕੱਠੀਆਂ ਹੋ ਕੇ ਇੱਕਮਿਕ ਹੋਈਆਂ ਹੋਣ। ਇਰਾਨੀ, ਯੂਨਾਨੀ, ਪਾਰਥੀ, ਸਿਥਿਆਈ, ਕੁਸ਼ਾਨ ਅਤੇ ਹੁੰਨ ਲੋਕ ਇੱਕ ਲੜੀ ਵਿੱਚ ਇੱਥੇ ਆਏ। ਮੁਸਲਮਾਨ ਆਪਣੇ ਨਾਲ ਨਵੇਂ ਧਾਰਮਿਕ ਜੋਸ਼ ਦਾ ਵਿਸ਼ਵਾਸ ਲੈ ਕੇ ਆਏ ਉਨ੍ਹਾਂ ਦਾ ਹਿੰਦੁਸਤਾਨ ਵਿੱਚ ਆਗਮਨ ਉਦੋਂ ਹੋਇਆ ਜਦੋਂ ਸਤਵੀਂ ਸਦੀ ਦੇ ਪਹਿਲੇ ਅੱਧ ਵਿੱਚ ਅਰਬ ਵਪਾਰੀ ਸਮੁੰਦਰੀ ਰਸਤੇ ਤੋਂ ਦੱਖਣੀ ਭਾਰਤ ਵਿੱਚ ਦਾਖਲ ਹੋਏ ਏਥੇ ਉਨ੍ਹਾਂ ਨੇ ਆਪਣੀਆਂ ਵਪਾਰਿਕ ਬਸਤੀਆਂ ਕਾਇਮ ਕਰ ਲਈਆਂ ਤੇ ਭਾਰਤੀ ਇਲਾਕੇ ਜਿੱਤਣੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਅਰਬਾਂ ਦਾ ਰਾਜ ਭਾਰਤ ਦੇ ਇਤਿਹਾਸ ਵਿੱਚ ਕਾਫੀ ਉਥਲ ਪੁਥਲ ਵਾਲਾ ਬਣ ਗਿਆ ਤੇ ਰਾਜਨੀਤਿਕ ਧੱਕਾ ਸ਼ਾਹੀ ਕਾਫੀ ਜੋਰ ਫੜ ਗਈ ਅਤੇ ਧਾਰਮਿਕ ਕਟੜਤਾ ਜੋਰ ਫੜ ਗਈ ਫਿਰ ਤੁਰਕਾਂ ਨੇ ਆ ਕੇ ਹੋਰ ਹਾਲਾਤ ਖਰਾਬ ਕਰ ਦਿੱਤੇ।ਇਨ੍ਹਾਂ ਦੀ ਤੰਗਨਜ਼ਰੀ ਅਤੇ ਸੰਕੀਰਨ ਸੱਭਿਆਚਾਰ ਨੇ ਹਿੰਦੂ ਸੰਬਧਾਂ ਵਿੱਚ ਹੋਰ ਗੰਢਾਂ ਪੈਦਾ ਕਰ ਦਿੱਤੀਆਂ ਪਰ ਹੋਲੀ ਹੋਲੀ ਮੁਸਲਮਾਨਾਂ ਨੇ ਹਿੰਦੂ ਧਰਮ ਦੇ ਕਈ ਪੁਰਬ ਦੇਖ ਕੇ ਸਬ-ਇ-ਬਾਰਾਤ ਦਾ ਤਿਉਹਾਰ ਮਨਾਉਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਦੇ ਮਾਹੌਲ ਵਿੱਚ ਸਮਾਜਿਕ ਅਸਮਾਨਤਾਵਾਂ, ਵਹਿਮ ਭਰਮ, ਜਾਦੂ ਟੂਣੇ, ਪਾਖੰਡਵਾਦ, ਜਾਤੀਵਾਦ, ਅਗਿਆਨਤਾ ਸੁਤੇ ਸਿੱਧ ਹੀ ਫੈਲ ਜਾਦੀਆਂ ਹਨ।ਉਸ ਸਮੇਂ ਦੇ ਸਮਾਜ ਦਾ ਜੋ ਹਾਲ ਸੀ ਉਸ ਵਿੱਚ ਇਹ ਹੋਣਾ ਸੁਭਾਵਿਕ ਸੀ। ਸਮੇਂ ਦੇ ਇਸ ਰਚਨਾਤਮਿਕ ਆਵੇਗ ਨੂੰ ਗੁਰੂ ਨਾਨਕ ਦੇਵ ਜੀ ਨੇ ਪੂਰਨ ਰੂਪ ਵਿੱਚ ਅਭਿਵਿਅਕਤ ਕੀਤਾ ਅਤੇ ਆਪਣੀ ਸੱਪਸ਼ਟ ਛਾਪ ਲਾਈ ਹੈ ਅਤੇ ਇਸ ਨੂੰ ਸਹੀ ਸੇਧ ਦਿੱਤੀ ਹੈ। ਗੁਰੂ ਨਾਨਕ ਬਾਣੀ ਦਾ ਚਿੰਤਨ ਸਮੁੱਚੀ ਮਾਨਵਤਾ ਵੱਲ ਸੀ। ਉਨ੍ਹਾਂ ਦਾ ਇਹੀ ਚਿੰਤਨ ਦਾਰਸ਼ਨਿਕ ਮਹੱਤਤਾ ਵਾਲਾ ਸੰਕਲਪ ਅਤੇ ਨਿਵੇਕਲੇ ਸਿਧਾਂਤ ਦਾ ਆਧਾਰ ਬਣਿਆ ਅਤੇ ਗੁਰੂ ਸਾਹਿਬ ਨੂੰ ਵਿਸ਼ਵਗੁਰੂ ਦਾ ਦਰਜਾ ਮਿਲਿਆ। ਗੁਰੂ ਸਾਹਿਬ ਦਾ ਉਪਦੇਸ਼ ਸਾਰੀ ਮਨੁੱਖਤਾ ਲਈ ਇੱਕ ਸੀ। ਕਲਯੁੱਗ ਵਿੱਚ ਉਨ੍ਹਾਂ ਦੇ ਆਗਮਨ ਦਾ ਮਨਰੋਥ ਮਨੁੱਖਤਾ ਨੂੰ

ਰੱਬੀ ਰਾਹ ਅਤੇ ਸੱਚੀ ਰਾਹ ਦਿਖਾਉਣਾ ਸੀ ਤੇ ਸਦੀਵੀ ਸੱਚ ਨਾਲ ਜੋੜਨਾ ਸੀ।

ਸਮੇਂ ਦੀ ਇਸ ਅਨੋਖੀ ਚਾਲ ਨਾਲ ਬਹਿਲੋਲ ਖਾਨ ਲੋਧੀ ਦੇ ਸਮੇਂ ਅਮ੍ਰਿਤਸਰ (ਅਜੋਕਾ ਨਾਮ) ਰਾਵੀਓਂ ਪਾਰ ਕਿਸੇ ਪਿੰਡ ਤੋਂ ਉੱਠ ਕੇ ਆਏ ਇੱਕ ਬੇਦੀ ਗੋਤ ਦਾ ਹਿੰਦੂ ਖੱਤਰੀ ਪਰਿਵਾਰ ਰਾਇ ਭੋਇ ਦੀ ਤਲਵੰਡੀ ਵਿੱਚ ਆ ਆਬਾਦ ਹੋਇਆ।ਇਸ ਪਰਿਵਾਰ ਦਾ ਇੱਕ ਮੈਂਬਰ ਕਲਿਆਣ ਚੰਦ ਸੀ। ਜੋ ਕਿ ਇੱਥੇ ਪਟਵਾਰੀ ਬਣ ਗਿਆ।ਪਿੰਡ ਚਾਹਲਵਾਲਾ ਜੋ ਲਾਹੌਰ ਤੋਂ ਦੱਖਣ-ਪੂਰਬ ਵੱਲ ਹੈ ਉੱਥੋਂ ਦੇ ਵਾਸੀ ਰਾਮਾ ਦੀ ਬੇਟੀ ਤ੍ਰਿਪਤਾ ਨਾਲ ਕਲਿਆਣ ਚੰਦ ਦਾ ਵਿਆਹ ਹੋਇਆ। ਕਲਿਆਣ ਚੰਦ ਦੀ ਇੱਕ ਧੀ ਨਾਨਕੀ ਸੀ ਇੱਕ ਭਰਾ ਲਾਲੂ ਵੀ ਉਸ ਨਾਲ ਰਹਿੰਦਾ ਸੀ। ਇਸ ਪਰਿਵਾਰ ਵਿੱਚ ਵੈਸਾਖ ਸੁਦੀ 3 ਬ੍ਰਿਕਮੀ 1526 ਮੁਤਾਬਕ 15 ਅਪ੍ਰੈਲ 1469 ਈ: ਨੂੰ ਸਵੇਰ ਸਮੇਂ ਇਕ ਬਾਲਕ ਦਾ ਜਨਮ ਹੋਇਆ ਜਿਸਦਾ ਨਾਂ ਨਾਨਕ ਰੱਖਿਆ ਗਿਆ ਅਤੇ ਅੱਗੇ ਚਲ ਕੇ ਇਹਨਾਂ ਨੂੰ ਤਪਾ ਨਿਰੰਕਾਰੀ ਵੀ ਕਿਹਾ ਗਿਆ।ਜਿਸਨੂੰ ਆਉਣ ਵਾਲੀਆਂ ਪੀੜ੍ਹੀਆਂ ਨੇ ਜਗਤ ਗੁਰੂ ਕਹਿਕੇ ਵਡਿਆਈਆ ਤੇ ਕਹਿਕੇ ਵਡਿਆਉਦੀਆਂ ਵੀ ਰਹਿਣਗੀਆਂ। ਉਸ ਸਮੇਂ ਦੇ ਲੋਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਕੋਈ ਚਮਤਕਾਰੀ ਸ਼ਕਤੀ ਮਿਲੀ ਹੈ।ਉਨ੍ਹਾਂ ਦੀ ਬਾਣੀ ਨੇ ਸੰਸਾਰ ਵਿੱਚ ਇਨਕਲਾਬ ਲੈ ਆਂਦਾ ਉਨ੍ਹਾਂ ਦੀ ਬਾਣੀ ਤਦਕਾਲੀ ਨਾ ਬਰਾਬਰੀਆਂ ਅਤੇ ਬੇ ਇਨਸਾਫੀਆਂ ਜਿਨ੍ਹਾਂ ਨੂੰ ਉਹ ਰੱਬੀ ਹੁਕਮ ਦੇ ਵਿਰੁੱਧ ਅਪਰਾਧ ਸਮਝਦੇ ਸਨ ਪਹਿਚਾਨ ਕਰਨ ਨੂੰ ਸਮਰਪਿਤ ਹੈ।ਉਹ ਰੱਬੀ ਪ੍ਰਗਟਾਵੇ ਦੇ ਆਪ ਗਵਾਹ ਸਨ ਅਤੇ ਉਨ੍ਹਾਂ ਨੇ ਪਰਮਾਤਮਾ ਨੂੰ ਕੁਝ ਵਿਸ਼ੇਸ਼ ਦੇਖਿਆ ਸੀ ਅਤੇ ਕੁੱਝ ਵਿਸ਼ੇਸ਼ ਸੁਣਿਆ ਸੀ।[4] ਇਸੇ ਵੱਲ ਉਹ ਮਨੁੱਖ ਦਾ ਧਿਆਨ ਦਿਵਾਉਂਦੇ ਹਨ।ਇੱਕ ਸ਼ਬਦ ਵਿੱਚ ਉਹ ਕਹਿੰਦੇ ਹਨ:

**'ਜੈਸੀ ਮੈਂ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ'**

ਗੁਰੂ ਗ੍ਰੰਥ ਸਾਹਿਬ ਤਿਲੰਗ ਪੰ: 722

ਕਿ ਮੈਂ ਆਪਣੇ ਕੋਲੋਂ ਕੁਝ ਵੀ ਨਹੀਂ ਕਹਿੰਦਾ ਜੋ ਮੈਨੂੰ ਪਰਮਾਤਮਾ ਕਹਿੰਦਾ ਹੈ ਮੈਂ ਉਹ ਹੀ ਬੋਲਦਾ ਹਾਂ। ਉਨ੍ਹਾਂ ਦੀ ਬਾਣੀ ਕਰਤਾ ਪੁਰਖ ਅਤੇ ਉਸਦੇਗੁਣਾ ਦੇ ਚਿੰਤਨ ਨੂੰ ਉਸਦੀ ਵਡਿਆਈ ਅਤੇ ਮਹਿਮਾ ਦਾ ਗਾਇਨ ਕਰਨ ਨੂੰ ਅਤੇ ਭਾਈਚਾਰਕ ਰਹਿਣੀ ਦੇ ਨਿਯਮਾਂ ਨੂੰ ਸਮਰਿਤ ਹੈ।ਜਿਸ ਤਰ੍ਹਾਂ ਪਛੱਮ ਵਿੱਚ ਈਸਾਈਆਂ ਅੰਦਰ ਮਾਰਟਿਨ ਲੁੱਥਰ ਅਤੇ ਜਾਨ ਕੈਲਵਿਨ ਦੇ ਪ੍ਰਚਾਰ ਨਾਲ ਨਵੀਂ ਜਾਗਰਿਤੀ ਪੈਦਾ ਹੋ ਰਹੀ ਸੀ ਉਸੇ ਤਰ੍ਹਾਂ ਗੁਰੂ ਨਾਨਕ ਜੀ ਦੀ ਬਾਣੀ ਦੀ ਸਿੱਖਿਆ ਨਾਲ ਭਾਰਤ ਵਿੱਚ ਪੁਨਰ ਨਿਰਮਾਣ ਦੀ ਮਨੋਤਰੰਗ ਪੈਦਾ ਹੋ ਰਹੀ ਸੀ। ਜਿਸ ਤਰ੍ਹਾਂ ਗੁਰੂ ਨਾਨਕ ਸਦੀਵੀ ਸੱਚ ਦੇ ਸਾਖੀ ਹੋਏ ਉਸੇ ਤਰ੍ਹਾਂ ਇੱਕ ਸੁਧਾਰਕ ਦੇ ਤੌਰ ਤੇ ਵੀ ਉਨ੍ਹਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਸੀ। ਉਨ੍ਹਾਂ ਨੇ ਬਾਣੀ ਰਾਹੀਂ ਆਪਣੀ ਅੰਤਰ ਸੂਝ ਨਾਲ ਅਧਿਆਤਮਿਕ, ਨੈਤਿਕ ਅਤੇ ਸੰਸਾਰਿਕ ਲੋੜਾਂ ਨੂੰ ਇੱਕ ਕੇਂਦਰ ਬਿੰਦੂ ਤੇ ਲਿਆ ਕੇ ਉਸਨੂੰ ਮੌਲਿਕ ਰੂਪ ਵਿੱਚ ਪੇਸ਼ ਕੀਤਾ। ਗੁਰੂ ਜੀ ਦੀ ਬਾਣੀ ਯਥਾਰਥ ਤੇ ਸੱਚ ਉੱਤੇ ਆਧਾਰਿਤ ਹੈ ਉਨ੍ਹਾਂ ਨੇ ਕਾਦਰ, ਕੁਦਰਤ,ਜੀਵ ਤੇ ਬ੍ਰਹਮ ਦੀ ਸਪਸ਼ਟਤਾ, ਨੈਤਿਕਤਾ, ਸੇਵਾ, ਨਿਮਰਤਾ, ਸੰਜਮ, ਇਕਸਾਰਤਾ ਨੂੰ ਬਾਣੀ ਦਾ ਉਦੇਸ਼ ਬਣਾਇਆ।ਕੁਦਰਤ ਦੇ ਸੱਚ ਤੋਂ ਮੂੰਹ ਮੋੜਨ ਦੀ ਥਾਂ ਇਸ ਨੂੰ ਮਰਜ਼ੀ ਨਾਲ ਅਤੇ ਖੁਸ਼ੀ ਨਾਲ ਮੰਨ ਲੈਣ ਉੱਤੇ ਜ਼ੋਰ ਦਿੱਤਾ। ਆਪਣੇ ਸਲੋਕ ਵਿੱਚ ਉਹ ਫਰਮਾਉਂਦੇ ਹਨ:

**ਸਚੇ ਤੇਰੇ ਖੰਡ ਸਚੇ ਬ੍ਰਹਮੰਡ।।**
**ਸਚੇ ਤੇਰੇ ਲੋਅ ਸਚੇ ਆਕਾਰ।।**
**ਸਚੇ ਤੇਰੇ ਕਰਣੇ ਸਰਬ ਬੀਚਾਰ।।**

ਇੱਕ ਜਗ੍ਹਾ ਗੁਰੂ ਜੀ ਕਹਿੰਦੇ ਹਨ:

**ਸਚੀ ਤੇਰੀ ਸਿਫਤ ਸਚੀ ਸਾਲਾਹ।।**
**ਸਚੀ ਤੇਰੀ ਕੁਦਰਤਿ ਸਚੇ ਪਾਤਿਸ਼ਾਹ।।**

ਗੁਰੂ ਗ੍ਰੰਥ ਸਾਹਿਬ ਪੰ:463

ਕੁਦਰਤ ਦੇ ਸਕਾਰਾਤਮਿਕ ਗੁਣ ਨੂੰ ਮੰਨ ਕੇ ਉਨ੍ਹਾਂ ਸੰਸਾਰੀ ਸੰਸਥਾਵਾਂ, ਪਰਿਵਾਰ,ਸਮਾਜ ਅਤੇ ਆਰਥਿਕ ਨਿਜ਼ਾਮ ਨੂੰ ਧਰਮ ਦੇ ਇੱਕ ਘੇਰੇ ਵਿੱਚ ਲੈ ਆਂਦਾ।[5] ਕੁਦਰਤ ਦੇ ਸਿਧਾਂਤ ਦੀ ਸਾਕਾਤਮਿਕਤਾ ਦੀ ਗੱਲ ਕਰਦੇ ਗੁਰੂ ਸਾਹਿਬ ਨੇ ਦੱਸਿਆ ਕਿ ਕਾਦਰ ਕੁਦਰਤ ਦੇ ਕਣ-ਕਣ ਵਿੱਚ ਸਮਾਇਆ ਹੋਇਆ ਹੈ।ਉਸ ਪ੍ਰਮਾਤਮਾ ਦਾ ਜਲਵਾ ਕੁਦਰਤ ਦੇ ਪ੍ਰਗਟ ਰਦਪ ਵਿੱਚੋਂ ਉਜਾਗਰ ਹੋ ਕੇ ਸਾਮ੍ਹਣੇ ਆਉਂਦਾ ਹੈ। ਇਕ ਜਗ੍ਹਾਂ ਉਹ ਫਰਮਾਉਂਦੇ ਹਨ:

**ਕੁਦਰਤਿ ਕਵਣੁ ਕਹਾ ਵੀਚਾਰ।।**
**ਵਾਰਿਆ ਨਾ ਜਾਵਾਂ ਏਕ ਵਾਰ।।**

ਜਿਵੇਂ ਇੱਕ ਬੂੰਦ ਵਿੱਚ ਸਮੁੰਦਰ ਨੂੰ ਦੇਖ ਸਕਦੇ ਹਾਂ ਉਸੇ ਤਰ੍ਹਾਂ ਕੁਦਰਤ ਵਿਚੋ ਕਾਦਰ ਦੇ ਦਰਸ਼ਨ ਹੁੰਦੇ ਹਨ।ਗੁਰੂ ਸਾਹਿਬ ਨੇ ਇਸ ਪ੍ਰਕ੍ਰਿਤੀ ਨੂੰ ਦੇਵ ਰੂਪ ਵਿੱਚ ਹੀ ਮੰਨਿਆ ਇਸ ਨੂੰ ਮਾਇਆ ਰੂਪ ਨਹੀਂ ਮੰਨਿਆ ਸਗੋਂ ਬ੍ਰਹਮ,ਜੀਵ ਤੇ ਕੁਦਰਤ ਨੂੰ ਅਦ੍ਵੈਤਵਾਦ ਵਿੱਚ ਚਿਤਵ ਕੇ ਇਸਦੇ ਵਿਗਿਆਨਕ ਅਤੇ ਦਾਰਸ਼ਨਿਕ ਪੱਖ ਤੋਂ ਇਸਦੇ ਮਹੱਤਵ ਨੂੰ ਦਰਸਾਇਆ। ਇਕ ਜਗ੍ਹਾਂ ਗੁਰੂ ਜੀ ਫਰਮਾਉਂਦੇ ਹਨ:

**ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤ ਨਾ ਜਾਈ ਲਖਿਆ।।ਰਹਾਉ।।**
**ਜਾਤਿ ਮਹਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰ ਰਹਿਆ।।**

ਮਨੁੱਖ ਤਾਂ ਕੇਵਲ ਆਪਣੇ ਅਨੁਭਵਾਂ ਰਾਹੀਂ ਉਸ ਵਿਸਮਾਦਮਈ ਕੁਦਰਤ ਤੋਂ ਬਲਿਹਾਰੀ ਜਾ ਸਕਦਾ ਹੈ ਮਨੁੱਖ ਆਪਣਾ ਤਰਕ ਸੀਮਤ ਗਿਆਨ ਹੋਣ ਕਰਕੇ ਉਸ ਪ੍ਰਮਾਤਮਾ ਦੀ ਕੁਦਰਤ ਦੀ ਵਿਸ਼ਾਲਤਾ ਨੂੰ ਤਰਕਤਾ ਵਿੱਚ ਬੰਨ ਨਹੀਂ ਸਕਦਾ।[17]

**ਕੁਦਰਤਿ ਹੈ ਕੀਮਤ ਨਹੀਂ ਪਾਇ।।**
**ਜੇ ਕੀਮਤ ਪਾਇ ਤਾ ਕਹੀ ਨ ਜਾਇ।।**

ਇਸੇ ਤਰ੍ਹਾਂ ਗੁਰੂ ਸਾਹਿਬ ਨੇ ਦੱਸਿਆ ਕਿ ਚਾਰ ਪਦਾਰਥ ਪ੍ਰਿਥਵੀ,ਹਵਾ,ਪਾਣੀ,ਅੱਗ ਇਹ ਕੁਦਰਤੀ ਹਨ ਆਪਣੇ ਆਪ ਹੋਂਦ ਵਿੱਚ ਆਏ ਹਨ ਤੇ ਇਹ ਚਾਰੇ ਪਦਾਰਥ ਸ੍ਰਿਸ਼ਟੀ ਸਿਰਜਨ ਦਾ ਆਧਾਰ ਬਣੇ। ਆਪਣੇ ਸਲੋਕ ਵਿੱਚ ਗੁਰੂ ਜੀ ਫਰਮਾਉਂਦੇ ਹਨ:

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤਿ,**
**ਦਿਵਸ, ਰਾਤ ਦੁਇ ਦਾਈ ਦਾਇਆ ਖੇਲੈ ਸਗਲਿ ਜਗਤੁ,**

ਗੁਰੂ ਗ੍ਰੰਥ ਸਾਹਿਬ ਪੰ: 8

ਇਸ ਤਰ੍ਹਾਂ ਗੁਰੂ ਸਾਹਿਬ ਨੇ ਦਸਿਆ ਕਿ ਕੁਦਰਤ ਤੋਂ ਬਿਨ੍ਹਾਂ ਮਨੁੱਖ ਦੀ ਹੋਂਦ ਬਾਰੇ ਸੋਚਿਆ ਵੀ ਨਹੀ ਜਾ ਸਕਦਾ। ਕੁਦਰਤ, ਕਾਦਰ ਤੇ ਜੀਵ ਦਾ ਰਿਸ਼ਤਾ ਅਟੁੱਟ ਹੈ।

ਉਨ੍ਹਾਂ ਨੇ ਮਨੁੱਖੀ ਜਨਮ ਨੂੰ ਇਨਸਾਨ ਲਈ ਇੱਕ ਸੁਨਿਹਰੀ ਮੌਕਾ ਦੱਸਿਆ ਜਿਸ ਵਿੱਚ ਉਹ ਆਪਣੇ ਕੰਮ ਕਰਦਾ ਹੋਇਆ ਅਤੇ ਨਾਲ ਧਾਰਮਿਕਸਰੋਕਾਰ ਅਪਣਾ ਕੇ ਹੋਰਾਂ ਦੀ ਸੇਵਾ ਵਿੱਚ ਆਪਣੇ ਆਪ ਨੂੰ ਲਗਾ ਕੇ ਆਪਣੇ ਵਿਅਕਤੀਤਵ ਦਾ ਵਿਕਾਸ ਕਰ ਸਕਦਾ ਹੈ ਅਤੇ ਪੂਰੀ ਮਨੁੱਖਤਾ ਦੀ ਹਾਲਤ ਵਿੱਚ ਵੀ ਸੁਧਾਰ ਲਿਆ ਸਕਦਾ ਹੈ।ਉਨ੍ਹਾਂ ਅਨੁਸਾਰ ਧਾਰਮਿਕ ਜੀਵਨ ਉਹ ਨਹੀਂ ਜੋ ਲੋਕਾਂ ਨੂੰ ਦੁਨਿਆਂ ਤੋਂ ਦੂਰ ਕਰੇ ਧਰਮ ਅਤੇ ਧਾਰਮਿਕ ਜੀਵਨ ਉਹੋਂ ਹੀ ਹੈ ਜੋ ਦੁਨੀਆਂ ਵਿੱਚ ਵਿਚਰਦੇ ਹੋਏ ਆਪਣੇ ਮਨ ਨੂੰ ਉਸ ੴ (ਇਕ ਉਂਕਾਰ) ਵਿੱਚ ਟਿਕਾ ਕੇ ਦਸਾਂ ਨਹੁੰਆਂ ਦੀ ਕਿਰਤ ਕਰੇ ਵੰਡ ਕੇ ਛਕੇ ਇਸ ਸੋਚ ਨੂੰ ਦਰਸਾਉਂਦੀ ਉਨ੍ਹਾਂ ਦੀ ਬਾਣੀ ਜੁਪਜੀ ਸਾਹਿਬ ਵਿੱਚ ਉਹ ਫਰਮਾਉਂਦੇ ਹਨ:

**'ਮਨ ਜੀਤੈ ਜਗੁ ਜੀਤ'**

ਉਨ੍ਹਾਂ ਦੀ ਬਾਣੀ ਰਾਜਨੀਤਿਕ ਪੱਖ ਤੋਂ ਵੀ ਬਹੁਤ ਮਹੱਤਵਪੂਰਨ ਸੀ ਉਨ੍ਹਾਂ ਨੇ ਮੱਧ ਕਾਲੀਨ ਭਾਰਤ ਦੀ ਰਾਜਨੀਤਿਕ ਹਾਲਤ ਨੂੰ ਐਨੀ ਸਪਸ਼ਟਤਾ ਨਾਲ ਸਮਝਿਆ ਅਤੇ ਉਸ ਦਸ਼ਾ ਪ੍ਰਤੀ ਦੁਖ ਵੀ ਮਨਾਇਆ। ਦੇਸ਼ ਉੱਤੇ ਬਾਬਰ ਦੇ ਹਮਲੇ ਬਾਰੇ ਉਨ੍ਹਾਂ ਨੂੰ ਬੜੀ ਚਿੰਤਾ ਹੋਈ ਸੀ ਇਸ ਮੁਕਾਬਲੇ ਵਿੱਚ ਹਿੰਦੂਸਤਾਨੀ ਹੁਕਮਰਾਨਾਂ ਵੱਲੋਂ ਵੀ ਕਾਫੀ ਕਾਇਰਤਾ ਦਿਖਾਈ ਗਈ।ਉਸ ਸਮੇਂ ਉਨ੍ਹਾਂ ਦੇ ਫੁਰਮਾਇਆ–

**ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ।।**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।।**

ਗੁਰੂ ਗ੍ਰੰਥ ਸਾਹਿਬ ਪੰ: 145

ਉਸ ਸਮੇਂ ਗੁਰੂ ਸਾਹਿਬ ਨੇ ਜੋ ਦੇਖਿਆ ਅਤੇ ਉਸ ਸਥਿਤੀ ਤੋਂ ਉਪਜਿਆ ਅਸੰਤੋਸ਼ ਉਨ੍ਹਾਂ ਦੇ ਸ਼ਬਦਾਂ ਵਿੱਚ ਕਈ ਥਾਈ ਉੱਭਰ ਕੇ ਆਉਂਦਾ ਹੈ।[6] ਜਾਲਮ ਅਤੇ ਅਨਿਆਈ ਰਾਜੇ ਅਤੇ ਉਨ੍ਹਾਂ ਦੇ ਝੋਲੀ ਚੱਕ ਭ੍ਰਿਸ਼ਟ ਮੰਤਰੀ, ਦੰਭੀ ਪੁਜਾਰੀ ਅਤੇ ਧਾਰਮਿਕ ਨੇਤਾਵਾਂ ਬਾਰੇ ਹਵਾਲੇ ਵਾਰ ਵਾਰ ਉਨ੍ਹਾਂ ਦੀ ਬਾਣੀ ਵਿੱਚ ਆਉਂਦੇ ਹਨ। ਉਨ੍ਹਾਂ ਦੀ ਅੰਤਰ ਸੂਝ ਇਹ ਦਰਸਾਉਂਦੀ ਹੈ ਕਿ ਨੈਤਿਕ ਆਦਰਸ਼ ਡਿੱਗਣ ਨਾਲ ਹਨੇਰਗਰਦੀ ਮੱਚ ਜਾਂਦੀ ਹੈ ਇਹ ਨੈਤਿਕ ਗਿਰਾਵਟ ਭ੍ਰਸ਼ਟ ਰਾਜਨੀਤੀ ਨੂੰ ਜਨਮ ਦਿੰਦੀ ਹੈ ਜੇਕਰ ਇਸ ਸੋਚ ਨੂੰ ਅੱਜ ਦੇ ਸਮਾਜ ਦੇ ਪਰਿਪੇਖ ਨਾਲ ਜੋੜਿਆ ਜਾਵੇ ਤਾਂ ਇਹ ਬਿਲਕੁਲ ਸੱਚ ਹੈ ਅੱਜ ਦੁਨੀਆ ਭਰ ਦੇ ਸਮਾਜਿਕ ਜੀਵਨ ਵਿੱਚੋਂ ਨੈਤਿਕ ਕਦਰਾਂ ਕੀਮਤਾਂ ਅਲੋਪ ਹੋ ਰਹੀਆਂ ਹਨ ਨੈਤਿਕ ਆਦਰਸ਼ ਡਿੱਗ ਰਹੇਹਨ ਤੇ ਭ੍ਰਸ਼ਟ ਰਾਜਨੀਤੀ ਆਪਣੀ ਥਾਂ ਮਜਬੂਤ ਕਰ ਰਹੀ ਹੈ।ਗੁਰੂ ਸਾਹਿਬ ਇਸ ਨੈਤਿਕ ਆਦਰਸ਼ ਦੇ ਡਿੱਗਣ ਦੇ ਦੁੱਖ ਨੂੰ ਮਹਿਸੂਸ ਕਰਦੇ ਸੀ ਅਤੇ ਭ੍ਰਸ਼ਟ ਰਾਜਨੀਤੀ ਨੂੰ ਦੂਰ ਕਰਦੇ ਹੋਏ ਕਈ ਥਾਂਈ

ਸਰਬਸ਼ਕਤੀਮਾਨ ਨੂੰ ਸ਼ਿਕਾਇਤ ਵੀ ਕਰਦੇ ਹਨ:

**"ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ।**
**ਕਰਤਾ ਤੂੰ ਸਭਨਾ ਕਾ ਸੋਈ।"**

ਗੁਰੂ ਨਾਨਕ ਦੇਵ ਜੀ ਦੀ ਸੁਧਾਰਵਾਦੀ ਯੋਜਨਾ ਵਿੱਚ ਮਨੁੱਖੀ ਬਰਾਬਰੀ ਅਤੇ ਨੈਤਿਕ ਆਚਰਣ ਤੇ ਪਹਿਲ ਦੇ ਆਧਾਰ ਤੇ ਜ਼ੋਰ ਦਿੱਤਾ ਗਿਆ। ਜਿਸ ਸਮਾਜ ਵਿੱਚ ਉਹ ਰਹਿੰਦੇ ਸਨ ਉਹ ਲੀਰੋ ਲੀਰ ਹੋਇਆ ਪਿਆ ਸੀ।ਧਾਰਮਿਕ ਫਿਰਕੇ ਇੱਕ ਦੂਜੇ ਦੇ ਵਿਰੋਧੀ ਸਨ ਅਤੇ ਉਨ੍ਹਾਂ ਵਿੱਚ ਜਾਤ ਵੰਡ ਕਾਫੀ ਵਿਆਪਕ ਸੀ। ਅਜਿਹੇ ਸਮਾਜ ਵਿੱਚ ਉਨ੍ਹਾਂ ਨੇ ਆਪਣੀ ਗੱਲ ਹੀ ੧ਓ (ਇਕ ਉਂਕਾਰ) ਤੋਂ ਸ਼ੁਰੂ ਕੀਤੀ ਅਤੇ ਦੱਸਿਆ ਕਿ ਸਭਨੂੰ ਪੈਦਾ ਕਰਨ ਵਾਲਾ ਇੱਕ ਸਿਰਫ ਪਰਮਾਤਮਾ ਹੀ ਹੈ ਤੇ ਉਸਦੇ ਬਣਾਏ ਸਾਰੇ ਜੀਵ ਉਸ ਸਾਮ੍ਹਣੇ ਇੱਕ ਬਰਾਬਰ ਹਨ ਉਨ੍ਹਾਂ ਵਿੱਚ ਫਰਕ ਕਰਨਾਅਧਰਮ ਹੈ।ਉਨ੍ਹਾਂ ਨੇ ਹਿੰਦੂ ਮੁਸਲਮਾਨ ਦੇ ਨਿਰਾਰਥਕ ਵਿਸ਼ਲੇਸ਼ਣ ਤੋਂ ਉੱਪਰ ਉੱਠ ਕੇ ਅੱਗੇ ਪਾਰਲੇ ਪਾਸੇ ਦੇਖਣ ਦਾ ਰਾਹ ਦਿਖਾਇਆ।ਗੁਰੂ ਜੀਨੇ ਆਪਣੀ ਬਾਣੀ ਵਿੱਚ ਫਰਮਾਇਆ:

**"ਜਾਤਿ ਜਨਮੁ ਨਾ ਪੂਛੀਐ ਸਚ ਘਰੁ ਲੇਹੁ ਬਤਾਇ।।**
**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।"**

ਉਨ੍ਹਾਂ ਨੇ ਮਨੁੱਖ ਨੂੰ ਚੰਗੇ ਤੇ ਨੇਕ ਕਰਮ ਕਰਨ ਦੀ ਪ੍ਰੇਰਨਾ ਦਿੱਤੀ ਤੇ ਪੂਰੀ ਲੋਕਾਈ ਨੂੰ ਜਾਤ ਪਾਤ ਦੇ ਵਹਿਮ ਨੂੰ ਛੱਡ ਕੇ ਇੱਕ ਇਨਸਾਨੀਅਤ ਦੇ ਭਾਵ ਨੂੰ ਮੰਨਣ ਦਾ ਉਪਦੇਸ਼ ਦਿੱਤਾ। ਇਸੇ ਬਰਾਬਰਤਾ ਨੂੰ ਅਮਲੀ ਰੂਪ ਦੇਣ ਲਈ ਉਨ੍ਹਾਂ ਨੇ ਗੁਰੂ ਕਾ ਲੰਗਰ ਵੀ ਕਾਇਮ ਕੀਤਾ ਇਸ ਵਿਚਲੀਸਾਂਝ ਨੇ ਸੱਚੀ ਬਰਾਦਰੀ ਅਤੇ ਬਰਾਬਰੀ ਨੂੰ ਉਘਾੜਿਆ।ਇਸ ਦੇ ਨਾਲ ਨਾਲ ਨੈਤਿਕ ਆਚਰਣ ਉੱਤੇ ਵੀ ਉਨ੍ਹਾਂ ਨੇ ਕਾਫੀ ਜੋਰ ਦਿੱਤਾ।ਨੈਤਿਕ ਆਚਰਣ ਦੇ ਗੁਣਾਂ ਨੂੰ ਉਘਾੜਨ ਲਈ ਉਹ ਸਮਾਜ ਵਿੱਚ ਇਸਤਰੀਆਂ ਦੇ ਸਨਮਾਨ ਬਾਰੇ ਵੀ ਚੇਤੰਨ ਸਨ।ਗੁਰੂ ਜੀ ਨੇ ਬਹੁਤ ਦਲੇਰੀ ਨਾਲ ਇਸਤਰੀਆਂ ਦੇ ਹੱਕ ਵਿੱਚ ਹਮਦਰਦੀ ਦੇ ਸ਼ਬਦ ਕਹੇ ਸਨ।ਉਨ੍ਹਾਂ ਦੇ ਆਪਣੇ ਸਿੱਖਾਂ ਵਿੱਚ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਦਾ ਦਰਜਾ ਹਾਸਲ ਸੀ।ਇਸਤਰੀ ਵਿੱਚ ਪਰਦੇ ਦੀ ਰੀਤ ਵੀ ਮੁਸਲਮਾਨ ਧਰਮ ਵਿੱਚੋਂ ਹੀ ਪੈਦਾ ਹੋਈ ਉਸ ਸਮੇਂ ਦੀ ਔਰਤ ਦੀ ਦਸ਼ਾ ਬਹੁਤ ਤਰਸਯੋਗ ਸੀ।ਸੋ ਗੁਰੂ ਸਾਹਿਬ ਨੇ ਆਪਣੀ ਬਾਣੀ ਦੇ ਵਿੱਚ ਫਰਮਾਇਆ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।**
**ਭੰਡਹ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੇ ਬੰਧਾਨ।।**
**ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।**
**ਭੰਡਹੁ ਹੀ ਭੰਡ ਉਪਜੈ ਭੰਡੈ ਬਾਝੁ ਨਾ ਕੋਇ।।**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।**

(ਆਸਾ, ਪੰ: 473)

ਇਸ ਸਲੋਕ ਵਿੱਚ ਗੁਰੂ ਸਾਹਿਬ ਨੇ ਭੰਡਿ ਸ਼ਬਦ ਇਸਤਰੀ ਲਈ ਵਰਤਿਆ ਹੈ।ਉਨ੍ਹਾਂ ਅਨੁਸਾਰ ਮਨੁੱਖ ਇਸਤਰੀ ਤੋਂ ਹੀ ਜਨਮ ਲੈਂਦਾ ਹੈ ਤੇ ਉਸਦੇ ਪੇਟ ਵਿੱਚ ਹੀ ਉਸਦਾ ਬੀਜ ਰੱਖਿਆ ਜਾਂਦਾ ਹੈ ਤੇ ਇਹ ਬੀਜ਼ ਨੌਂ ਮਹੀਨੇ ਤੱਕ ਔਰਤ ਦੇ ਪੇਟ ਵਿੱਚ ਹੀ ਪੁੰਗਰਦਾ ਹੈ ਤੇ ਫਿਰ ਇਸਤਰੀ ਨਾਲਹੀ ਉਸਦਾ ਮੰਗਣਾ ਹੁੰਦਾ ਹੈ ਤੇ ਫਿਰ ਵਿਆਹ ਹੁੰਦਾ ਹੈ ਤੇ ਇਸਤਰੀ ਹੀ ਉਸਦੀ ਬਹੁਤ ਵੱਡੀ ਦੋਸਤ ਵੀ ਬਣਦੀ ਹੈ।ਜੇਕਰ ਕਿਸੇ ਪੁਰਸ਼ ਦੀ  ਔਰਤ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੇ ਲਈ ਛੇਤੀ ਹੀ ਹੋਰ ਔਰਤ ਦੀ ਭਾਲ ਸ਼ੁਰੂ ਕਰ ਦਿੱਤੀ ਜਾਂਦੀ ਹੈ ਜਦੋਂ ਸਾਰੇ ਰਿਸ਼ਤੇ ਮਨੁੱਖ ਦੇ ਇਸਤਰੀਨਾਲ ਜੁੜੇ ਹਨ ਜਿਵੇਂ: ਮਾਂ, ਭੈਣ, ਧੀ, ਪਤਨੀ ਤਾਂ ਫਿਰ ਉਸਨੂੰ ਨੀਚ ਆਖਣਾ, ਪੈਰ ਦੀ ਜੁੱਤੀ ਸਮਝਣਾ ਤੇ ਉਸਨੂੰ ਮੰਦਾ ਬੋਲਣਾ ਇਹ ਗਲਤ ਹੈ।ਸੰਸਾਰ ਦੇ ਸਾਰੇ ਪੀਰ ਪੈਗਬੰਰ,ਰਾਜੇ, ਮਹਾਰਾਜੇ, ਔਲੀਏ, ਫਕੀਰ, ਸੰਤ, ਭਾਵ ਕਿ ਮਨੁੱਖੀ ਜਾਤੀ ਦੀ ਹਰ ਕਿਸਮ ਦੀ ਜਨਨੀ ਔਰਤ ਹੀ ਹੈ ਉਸਨੂੰ ਸਮਾਜ ਦੇ ਵਿੱਚ ਨਿੰਦਣਾ ਉਸਦੀ ਬਰਾਬਰਤਾ ਨੂੰ ਨਕਾਰਨਾ ਉਸ ਨਾਲ ਦੁਸ਼ਕਰਮ ਕਰਨਾ ਇਹ ਉਸ ਕਾਦਰ ਦੇ ਨਿਯਮਾਂ ਦੀ ਉਲੰਘਣਾ ਹੈ।ਅੱਜ ਦੇ ਸਮਾਜ ਵਿੱਚ ਫੈਲੀ ਕੰਨਿਆ ਅਸੁੱਰਖਿਅਤਾ, ਭਰੂਣ ਹੱਤਿਆ ਇਹ ਸਭ ਗੁਰੂ ਜੀ ਦੀ ਬਾਣੀ ਦੇ ਅਨੁਸਾਰ ਉਸ ਸਰਬਸ਼ਕਤੀਮਾਨ ਪ੍ਰਮਾਤਮਾ ਦੇ ਨਿਯਮਾਂ ਦੇ ਖ਼ਿਲਾਫ ਹੈ।ਅੱਜ ਦੇ ਸਮਾਜ ਦੀ ਗਿਰਾਵਟ ਦੇ ਵਿੱਚ ਇਹ ਬਾਣੀ ਸਾਨੂੰ ਪੂਰੀ ਸੇਧ ਦਿੰਦੀ ਹੈ ਲੋੜ ਹੈ ਇਸ ਨੂੰ ਜਨ ਜਨਤੱਕ ਪਹੁੰਚਾਉਣ ਦੀ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਫੈਲੀਆਂ ਕਈ ਹੋਰ ਬੁਰਾਈਆਂ ਜਾਦੂ-ਮੰਤਰ ,ਟੂਣੇ, ਵਹਿਮ ਭਰਮ ਅਤੇ ਅੰਧਵਿਸ਼ਵਾਸ ਉਸ ਸਮੇਂ ਦੇ ਸਮਾਜ ਉਪਰਕਾਫੀ ਭਾਰੂ ਸਨ ਇਸ ਉੱਪਰ ਵੀ ਉਨ੍ਹਾਂ ਨੇ ਬੇਝਿਝਕ ਹੋ ਕੇ ਲੋਕਾਂ ਨੂੰ ਭੈਅ ਮੁਕਤ ਕਰਨ ਦਾ ਨਿਸਚਾ ਲੋਚਿਆ ਉਹ ਚਾਹੁੰਦੇ ਸੀ ਕਿ ਜਨਤਾ ਆਪਣੀ ਗਤੀਹੀਣ ਦਸ਼ਾ, ਡਰ ਤੇ ਭੋਲੇਪਣ ਤੋਂ ਉੱਪਰ ਉੱਠੇ ਅਤੇ ਝੂਠੇ ਵਹਿਮ ਭਰਮਾਂ ਤੋਂ ਆਜ਼ਾਦ ਹੋਵੇ ਲੋਕਾਂ ਦੇ ਮਨਾਂ ਵਿੱਚ ਸਿਰਫ ਪ੍ਰਮਾਤਮਾ ਅਤੇ ਉਸਦੀ ਕੁਦਰਤ ਨਾਲ ਪਿਆਰ ਹੋਵੇ। ਜਿਸ ਤਰ੍ਹਾਂ ਉਸ ਸਮੇਂ ਬੱਚੇ ਦੇ ਜਨਮ ਸਮੇਂ ਜਨੈਊ ਦੀ ਰਸਮ ਦਾ ਬੜਾ ਰਿਵਾਜ ਸੀ। ਜਦੋਂ ਗੁਰੂ ਜੀ ਦਾ ਜਨਮ ਹੋਇਆ ਤੇ ਉਹ ਗਿਆਰਾਂ ਸਾਲਾਂ ਦੇ ਹੋਏ ਤਾਂ ਧਾਰਮਿਕ ਰੀਤਿ ਅਨੁਸਾਰ ਉਨ੍ਹਾਂ ਦੇ ਵੀ ਜਨੇਊ ਪਾਉਣ ਦੀ ਰਸਮ ਕੀਤੀ ਗਈ ਉਸ  ਸਮੇਂ ਜਨੇਊ ਦਾ ਅਰਥ ਸੀ ਕਿ ਉੱਚੀ ਜਾਤੀ ਵਾਲੇ ਹਿੰਦੂਆਂ ਨੂੰ ਸੂਦਰ ਜਾਤੀ ਤੋਂ ਵੱਖਰੀ ਪਹਿਚਾਣ ਦੇਣਾ।ਪਰ ਗੁਰੂ ਸਾਹਿਬ ਤਾਂ ਜਾਤੀਵਾਦ ਤੋਂ ਉੱਪਰ ਉੱਠਣਾ ਚਾਹੁੰਦੇ ਸੀ ਅਤੇ ਸਮਾਜ ਵਿੱਚ ਬਰਾਬਰਤਾ ਪੈਦਾ ਕਰਨਾ ਚਾਹੁੰਦੇ ਸੀ। ਉਸ ਸਮੇਂ ਉਨ੍ਹਾਂ ਦੇ ਪਰਿਵਾਰਕ ਪੰਡਤ ਹਰਦਿਆਲ ਜਦੋਂ ਉਨ੍ਹਾਂ ਨੂੰ ਜਨੇਊ (ਧਾਗਾ) ਪਾਉਣ ਲੱਗੇ ਤਾਂ ਉਨ੍ਹਾਂ ਪ੍ਰਸ਼ਨ ਕੀਤਾ ਇਸ ਧਾਗੇ ਨਾਲ ਉਹ ਕੀ ਕਰਨ ਲੱਗੇ ਹਨ? ਤਾਂ ਪੰਡਿਤ ਜੀ ਨੇ ਉੱਤਰ ਦਿੱਤਾ ਕਿ ਉਹ ਉਨ੍ਹਾਂ ਨੂੰ ਦਵਿਜ ਅਰਥਾਤ ਦੋ ਜਨਮੇ ਅਰਥਾਤ ਇੱਕ ਉੱਚੀ ਜਾਤੀ ਦਾ ਨਿਸ਼ਾਨ ਲਾ ਰਿਹਾ ਹੈ ਉਸ ਸਮੇਂ ਗੁਰੂ ਜੀ ਨੇ ਕਿਹਾ “ਕਿ ਇਸ  ਤਰ੍ਹਾਂ ਦੀ ਰੀਤ ਨਾਲ ਮਨੁੱਖਾਂ ਦਾ ਵਰਗੀਕਰਨ ਕਿਵੇਂ ਕੀਤਾ ਜਾ ਸਕਦਾ ਹੈ?ਇਹ ਤਾਂ ਊਚ ਨੀਚ ਦੀ ਰੀਤ ਹੈ ਅਤੇ ਫਿਰ ਇਹ ਧਾਗਾ ਤਾਂ ਮੈਲਾ ਹੋਕੇ ਟੁੱਟ ਜਾਏਗਾ ਮੈ ਇਹੋ ਜਿਹਾ ਨਿਸ਼ਾਨ ਨਹੀਂ ਲੈਣਾ ਉਨ੍ਹਾਂ ਨੇ ਇਸ ਰੀਤ ਤੋਂ ਇਨਕਾਰ ਕੀਤਾ ਤੇ ਪੰਡਤ ਹਰਦਿਆਲ ਅੱਗੇ ਸ਼ਬਦ ਉਚਾਰਿਆ:

**ਦਇਆ ਕਪਾਹੁ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।।**
**ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ।।**

**ਨਾ ਏਹੁ ਤੁਟੇ ਨ ਮਲੁ ਲਗੈ ਨਾ ਏਹੁ ਜਲੈ ਨਾ ਜਾਇ।।**
**ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।।**

(ਗੁਰੂ ਗ੍ਰੰਥ ਸਾਹਿਬ, ਰਾਗ ਆਸਾ ਪੰ: 471)

ਕਿ ਹੇ ਪੰਡਤ ਉਹ ਜਨੇਊ ਜਿਸਦੀ ਕਪਾਹ ਦਇਆ ਹੋਵੇ ਜਿਸ ਦਾ ਸੂਤ ਸੰਤੋਖ ਹੋਵੇ ਜਿਸ ਦੀਆ ਗੰਢਾ ਜਤ ਹੋਣ (ਆਪਣੇ ਆਪ ਨੂੰ ਵਸ ਵਿੱਚ ਰੱਖਣ ਵਾਲੀਆਂ ਹੋਣ) ਜਿਸ ਦਾ ਵੱਟ ਉੱਚ, ਆਚਰਣ ਵਾਲਾ ਹੋਵੇ ਜੇਕਰ ਤੇਰੇ ਕੋਲ ਇਸ ਆਤਮਾ ਦੇ ਕੰਮ ਆਉਣ ਵਾਲਾ ਇਸ ਤਰ੍ਹਾਂ ਦਾ ਜਨੇਊਹੈ ਤਾਂ ਮੇਰੇ ਗਲ ਵਿੱਚ ਪਾ ਦੇਹ।[19] ਇਸ ਤਰ੍ਹਾਂ ਦੀ ਆਤਮਾ ਦਾ ਜਨੇਊ ਨਾ ਟੁੱਟਦਾ ਹੈ ਨਾ ਗੁਆਚਦਾ ਹੈ ਨਾ ਇਸ ਨੂੰ ਮੈਲ ਲਗਦੀ ਹੈ ਅਤੇ ਨਾ ਹੀ ਇਹ ਸੜਦਾ ਹੈ ਜਿਨ੍ਹਾਂ ਨੇ ਇਹ ਇਸ ਤਰ੍ਹਾਂ ਦਾ ਜਨੇਊ ਧਾਰਨ ਕੀਤਾ ਹੈ ਉਹ ਮਨੁੱਖ ਧੰਨ ਹਨ। ਇਸ ਸਾਰੇ ਸਲੋਕ ਨੂੰ ਸਮਾਜਿਕ ਪੱਖ ਤੋਂ ਵਿਚਾਰਦੇ ਹੋਏ ਪਤਾ ਲਗਦਾ ਹੈ ਕਿ ਮਨੁੱਖ ਦੇ ਅੰਦਰ ਇਹ ਸਾਰੇ ਗੁਣ ਹੋਣੇ ਚਾਹੀਦੇ ਹਨ।ਦਇਆ, ਸਬਰ ਸੰਤੋਖ, ਉੱਚਾ ਸੁੱਚਾ ਆਚਰਣ ਇਹ ਦੇਹ ਦਾ ਸ਼ਿੰਗਾਰ ਹਨ।ਅਜੋਕੇ ਸਮੇਂ ਵਿੱਚ ਜਿੱਥੇ ਭ੍ਰਿਸ਼ਟਾਚਾਰ ਸਿਖਰਾਂ ਤੇ ਹੈ ਦਇਆ, ਸ਼ਰਮ ਸਤਿਕਾਰ ਦੀਆਂ ਧੱਜੀਆਂ ਉੱਡ ਰਹੀਆਂ ਹਨ: ਆਚਰਣ ਵਿੱਚ ਗਿਰਾਵਟ ਆ ਰਹੀ ਹੈ ਕੋਰਟਾ ਦੇ ਵਿੱਚ ਲੱਖਾਂ, ਕੇਸ ਤਲਾਕਾਂ ਦੇ ਲੱਗੇ ਹੋਏ ਹਨ ਜਿਸਦਾ ਕਾਰਨ ਗਲਤ ਆਚਰਣ ਹੈ ਛੋਟੀਆਂ ਛੋਟੀਆਂ ਬੱਚੀਆਂ ਨਾਲ ਕੁਕਰਮ ਹੋ ਰਹੇ ਹਨ ਇਸ ਸਮੇਂ ਵਿੱਚ ਗੁਰੂ ਜੀ ਦੀ ਬਾਣੀ ਸਾਨੂੰ ਪੂਰਨ ਸੇਧ ਦਿੰਦੀ ਹੈ ਜੇਕਰ ਇਸ ਬਾਣੀ ਉੱਤੇ ਅਮਲ ਕੀਤਾ ਜਾਵੇ।

ਗੁਰੂ ਜੀ ਨੇ ਗ੍ਰਹਿਸਥ ਜੀਵਨ ਦੇ ਤਿਆਗ ਦੀ ਵੀ ਅਲੋਚਨਾ ਕੀਤੀ ਅਤੇ ਇਹੋ ਜਿਹੇ ਲੋਕਾਂ ਜੋ ਘਰ ਬਾਰ ਛੱਡ ਕੇ ਮੁਕਤੀ ਦਾ ਦਰ ਲੱਭਦੇ ਹਨ ਉਨ੍ਹਾਂ ਨੂੰ ਗੁਰੂ ਜੀ ਨੇ ਕਾਇਰ ਅਤੇ ਸਮਾਜ ਉੱਪਰ ਬੇਲੋੜਾ ਬੋਝ ਦੱਸਿਆ ਉਨ੍ਹਾਂ ਦੀ ਕਹਿਣੀ ਅਨੁਸਾਰ:

**"ਹਸੰਦਿਆ ਖੇਲੰਦਿਆ, ਪੈਨੰਦਿਆ, ਖਾਵੰਦਿਆ ਵਿਚ ਹੋਵੈ ਮੁਕਤਿ।।"**

ਭਾਵ ਕਿ ਸੰਸਾਰ ਵਿੱਚ ਹਸਦੇ ਖੇਡਦੇ, ਖਾਂਦੇ ਪੀਂਦੈ ਸਾਰੇ ਕਰਮ ਕਰਦੇ ਹੀ ਜੀਵ ਆਤਮਾ ਮੁਕਤ ਹੋਣੀ ਚਾਹੀਦੀ ਹੈ। ਸੰਸਾਰ ਤੋ ਵੱਖ ਹੋ ਕੇ ਮੁਕਤੀ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਜੇਕਰ ਮਨੁੱਖ ਇਸ ਤਰ੍ਹਾਂ ਕਰਦਾ ਹੈ ਤਾਂ ਉਸ ਤੋਂ ਵੱਡਾ ਕੋਈ ਕਾਇਰ ਨਹੀਂ ਹੈ।ਗੁਰੂ ਜੀ ਨੇ ਆਪ ਵੀ ਬੀਬੀ ਸੁਲੱਖਣੀ ਨਾਲ ਬਟਾਲੇ ਵਿਖੇ ਵਿਆਹ ਕਰਵਾਇਆ ਅਤੇ ਉਨ੍ਹਾਂ ਦੇ ਦੋ ਬੱਚੇ ਵੀ ਹੋਏ ਬਾਬਾ ਸ਼੍ਰੀ ਚੰਦ,ਬਾਬਾ ਲਖਮੀ ਚੰਦ। ਗੁਰੂ ਸਾਹਿਬ ਨੇ ਤੀਰਥਾਂ ਤੇ ਜਾ ਕੇ ਉਥੋਂ ਦੀਆਂ ਬੁਰਾਈਆਂ ਉਥੋਂ ਦੀ ਲੁੱਟ ਖਸੁੱਟ ਬਾਰੇ ਵੀ ਖੁੱਲ ਕੇ ਚਾਨਣਾ ਪਾਇਆ ਉਨ੍ਹਾਂ ਅਨੁਸਾਰ ਤੀਰਥ ਕਰਨਾ ਗਲਤ ਨਹੀਂ ਪਰ ਤੀਰਥਾਂ ਤੇ ਜਾ ਕੇ ਨਹਾਓਣਾ ਪਵਿੱਤਰ ਜਲ ਵਿੱਚ ਗੰਦਗੀ ਫੈਲਾਉਣਾ ਤੇ ਉੱਥੇ ਪੰਡਤਾਂ ਦੀ ਲੁੱਟ ਖਸੁੱਟ ਨੂੰ ਪੂਰਨ ਰੂਪ ਵਿੱਚ ਨਕਾਰਿਆ। ਗੁਰੂ ਸਾਹਿਬ ਨੇ ਆਪਣੇ ਯੁੱਗ ਵਿੱਚ ਪਰਮ-ਸਤਿ ਅਤੇ ਮਨੁੱਖ ਵਿਚਕਾਰ ਪੈਦਾ ਹੋਈ ਦ੍ਵੈਤ ਧਾਰਾ ਨੂੰ 'ਦੁਬਿਧਾ' ਰੋਗ ਕਹਿਕੇ ਗਰਦਾਨਿਆ। ਅਜਿਹੀ ਦੁਬਿਧਾ ਤੇ ਅੰਧ ਵਿਸ਼ਵਾਸ ਮਨੁੱਖ ਦਾ ਆਤਮ ਵਿਸ਼ਵਾਸ ਤੋੜ ਦਿੰਦੀ ਹੈ। ਇਸਦਾ ਪਰਿਣਾਮ ਇਹ ਹੋਇਆ ਕਿ ਲੋਕ ਜੰਤਰ, ਮੰਤਰ, ਜਾਦੂ ਟੂਣੇ,ਪਾਖੰਡ,ਰਿਧੀਆ ਸਿਧੀਆ,ਜੋਗੀਆ ਭੋਗੀਆ,ਫਕੀਰਾਂ,ਤੀਰਥਾਂ ਆਦਿ ਦੇ ਚੱਕਰਾਂ ਵਿੱਚ ਵਿੱਚ ਪੈ

ਗਏ। ਗੁਰੂ ਨਾਨਕ ਦੇਵ ਜੀ ਅਜਿਹੇ ਅੰਧ ਵਿਸ਼ਵਾਸ਼ਾਂ ਦਾ ਵਿਰੋਧ ਬੜੀ ਦਲੇਰੀ ਨਾਲ ਕਰਦੇ ਹਨ:

**ਤੀਰਥਿ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨ,**
**ਜਤੀ ਸਦਾਵਿਹ ਜੁਗਤਿ ਨਾ ਜਾਣਹਿ ਛਡਿ ਬਹਹਿ ਘਰਬਾਰ।।**

ਅੱਗੇ ਲਿਖਦੇ ਹਨ:

**"ਨਾਵਣ ਚਲੇ ਤੀਰਥੀ ਮਨੁ ਖੋਟੇ ਤਨੁ ਚੋਰ।।**
**ਇਕ ਭਾ ਲਥੀ ਨਾਤਿਆ ਦੁਇ ਭਾ ਚੜੀਆਸੁ ਹੋਰੁ।।**
**ਬਾਹਰ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰੁ।।**
**ਸਾਧੁ ਭਲੇ ਅਣ ਨਾਤਿਆ ਚੋਰ ਸਿ ਚੋਰਾ ਚੋਰੁ। "**

ਰਾਗ ਸਾਰੰਗ ਮ ਵਾਰ।

ਗੁਰੂ ਸਾਹਿਬ ਨੇ ਇਸੇ ਤਰ੍ਹਾਂ ਇਲਾਹਾਬਾਦ ਦੇ ਕੁੰਭ ਵਿੱਚ ਸੰਗਮ ਇਸ਼ਨਾਨ ਵੇਲੇ ਵੀ ਕਿਹਾ ਕਿ ਤੀਰਥਾਂ ਤੇ ਨਹਾਉਣ ਨਾਲ ਮਨ ਦੀ ਮੈਲ ਸਾਫ ਨਹੀਂ ਹੁੰਦੀ ਸਿਰਫ ਸਰੀਰ ਨੂੰ ਸਾਫ ਕਰਿਆ ਜਾ ਸਕਦਾ ਹੈ ਇਸ ਤਰ੍ਹਾਂ ਮਨੁੱਖ ਹੋਰ ਭਾਰ ਆਪਣੇ ਸਿਰ ਚੜ੍ਹਾ ਲੈਂਦਾ ਹੈ ਇਸ ਲਈ ਮਨ ਦੀ ਸਫਾਈ ਦਾ ਹੋਣਾ ਬਹੁਤ ਜਰੂਰੀ ਹੈ ਤਾਂ ਕਿ ਚੰਗੇ ਸਮਾਜਿਕ ਵਿਚਾਰ ਪੈਦਾ ਹੋ ਸਕਣ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਸੇਵਾ ਨੂੰ ਸਰਬ ਸ੍ਰੇਸ਼ਠ ਆਦਰਸ਼ ਵਜੋਂ ਪੇਸ਼ ਕੀਤਾ ਹੈ ਉਨ੍ਹਾਂ ਨੇ ਜਿਗਿਆਸੂਆਂ ਕੋਲੋਂ ਇਹ ਆਸ ਕੀਤੀ ਕਿ ਉਹ ਸੰਸਾਰ ਵਿੱਚ ਵਿਚ ਰਹਿੰਦੇ ਹੋਏ ਆਪਣੇ ਆਪ ਨੂੰ ਸਹੀ ਕੰਮਾਂ ਵਿੱਚ ਲਾਉਣ ਅਤੇ ਆਪਣੀਆਂ ਨੈਤਿਕ ਤੇ ਸਮਾਜਿਕ ਜਿੰਮੇਵਾਰੀਆਂ ਤੋਂ ਕਦੇ ਵੀ ਮੂੰਹ ਨਾ ਮੋੜਣ ਅਤੇ ਸਮਾਜ ਨੂੰ ਅਗਾਂਹ ਵਧੂ ਸੋਚ ਦੇਣ ਲਈ ਸਾਕਾਰਤਾਮਿਕ ਸਹਿਯੋਗ ਦੇਣ। ਕਿਰਤ ਕਰਨੀ, ਵੰਡ ਛੱਕਣਾ, ਨਾਮ ਜਪਣਾ, ਅਤਿਥੀ ਦਾ ਸਤਿਕਾਰ ਕਰਨਾ ਧਰਮਾਸਾਲ ਬਣਾਉਣੀ ਤੇ ਕੀਰਤਨ ਕਰਨਾ ਇਹ ਉਨ੍ਹਾਂ ਦੀ ਸਿੱਖਿਆ ਦਾ ਸਾਰ ਸੀ ਅਤੇ ਇਹ ਉਹਨਾਂ ਦੀ ਆਪਣੀ ਨਿੱਜੀ ਜਿੰਦਗੀ ਵਿੱਚ ਵੀ ਸ਼ਾਮਲ ਸੀ ਕਰਤਾਰਪੁਰ ਰਹਿੰਦੇ ਹੋਏ ਗੁਰੂ ਜੀ ਖੇਤੀਬਾੜੀ ਦਾ ਕੰਮ ਕਰਦੇ ਸਨ ਸਿਮਰਨ ਅਤੇ ਕੀਰਤਨ ਵੀ ਕਰਦੇ ਸਨ ਤੇ ਬਾਅਦ ਵਿੱਚ ਇਹ ਨਾਨਕ ਸਿਧਾਂਤ ਬਣ ਗਿਆ।ਉਨ੍ਹਾਂ ਨੇ ਮਨੁੱਖ ਨੂੰ ਸਿਮਰਨ ਕਰਨ ਦੀ ਵੀ ਸੂਝ ਦਿੱਤੀ ਉਨ੍ਹਾਂ ਅਨੁਸਾਰ ਸਿਰਜਣਹਾਰ ਦਾ ਸਿਮਰਨ ਕਰਨ ਨਾਲ ਮਨੁੱਖ ਭੈ, ਚਿੰਤਾ, ਰੋਗ ਤੋਂ ਮੁਕਤ ਹੋ ਜਾਂਦਾ ਹੈ ਤੇ ਉਸ ਵਿੱਚ ਨਵੀਂ ਤਾਜਗੀ ਦਾ ਸੰਚਾਰ ਹੁੰਦਾ ਹੈ ਇੱਕ ਜਗ੍ਹਾਂ ਗੁਰੂ ਜੀ ਲਿਖਦੇ ਹਨ:

**"ਨਾਮ ਵਿਹੂਣੈ ਆਦਮੀ ਕਲਰ ਕੰਧ ਗਿਰੰਤਿ"**

ਰਾਮਕਲੀ ਮਹਲਾ ਪੰ:934

ਇਸ ਤੁੱਕ ਅਨੁਸਾਰ ਨਾਮ ਤੋਂ ਬਿਨ੍ਹਾਂ ਮਨੁੱਖੀ ਮਨ ਟਿਕਾਉ ਵਿੱਚ ਨਹੀਂ ਆ ਸਕਦਾ ਜਦੋਂ ਤਕ ਮਨ ਟਿਕਾਉ ਵਿੱਚ ਨਹੀਂ ਹੈ ਉਦੋਂ ਤੱਕ ਮਨੁੱਖ ਹਿਰਨ ਦੀ ਤਰ੍ਹਾਂ ਇਧਰ ਉਧਰ ਚਰਦਾ ਫਿਰਦਾ ਹੈ।ਗੁਰੂ ਸਾਹਿਬ ਦਾ ਸਦੀਵੀ ਸੱਚ ਸਭ ਸੀਮਾਵਾਂ ਤੋਂ ਪਾਰ ਹੈ ਅਗਮ ਅਗੋਚਰ ਹੈ। ਉਨ੍ਹਾਂ ਨੇ ਹਿੰਦੂਆਂ ਨੂੰ ਚੰਗੇ ਹਿੰਦੂ ਮੁਸਲਮਾਨਾਂ ਨੂੰ ਚੰਗੇ ਮੁਸਲਮਾਨ ਬਣਨ ਦੀ ਇੱਕ ਨਵੀਂ ਸੰਸਕ੍ਰਿਤੀ ਦਿੱਤੀ। ਗੁਰੂ ਸਾਹਿਬ ਦਾ ਸਿੱਖਿਆ

ਦੇਣ ਦਾ ਢੰਗ ਵੀਬੜਾ ਨਿਵੇਕਲਾ ਸੀ ਇਹ ਅਪ੍ਰੱਤਖ ਅਤੇ ਸੰਜੋਗੀ ਸੀ ਕਿਤੇ ਕਿਤੇ ਉਹ ਆਪਣੀ ਗੱਲ ਹੱਸਦੇ ਹੋਏ ਵੀ ਕਹਿੰਦੇ ਸਨ।ਉਨ੍ਹਾਂ ਦੀ ਸਿੱਖਿਆ, ਪੂਰੀ ਮਨੁੱਖਤਾ ਲਈ ਸੀ।ਸਾਰੀਆ ਸੰਪਰਦਾਂਵਾ, ਸਾਰੇ ਫਿਰਕਿਆਂ ਨਾਲ ਗੁਰੂ ਜੀ ਦਾ ਇਕੋ ਜਿਹਾ ਵਰਤਾਰਾ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦੀ ਭਾਸ਼ਾ ਪੰਜਾਬੀ ਚੁਣੀ ਪਰ ਉਨ੍ਹਾਂ ਨੇ ਫਾਰਸੀ ਤੇ ਅਰਬੀ ਭਾਸ਼ਾ ਵੀ ਸਿੱਖੀ ਕਈ ਥਾਵਾਂ ਤੇ ਆਪਣੀਆਂ ਉਦਾਸੀਆਂ ਦੌਰਾਨ ਉਨ੍ਹਾਂ ਨੇ ਇਨ੍ਹਾਂ ਦੋਵਾਂ ਭਾਸ਼ਾਵਾਂ ਦੀ ਵੀ ਵਰਤੋਂ ਆਪਣੀ ਬਾਣੀ ਵਿੱਚ ਕੀਤੀ ਹੈ।ਆਪਣੇ ਇਸ ਇਲਾਹੀ ਸੰਦੇਸ਼ ਦੇ ਪ੍ਰਚਾਰ ਲਈ ਉਨ੍ਹਾਂ ਨੇ ਚਾਰ ਉਦਾਸੀਆਂ ਵੀ ਕੀਤੀਆਂ ਇਨ੍ਹਾਂ ਉਦਾਸੀਆਂ ਦਾ ਵੀ ਮੁੱਖ ਉਦੇਸ਼ ਸਮੁੱਚੀ ਲੋਕਾਈ ਨੂੰ ਸਹੀ ਰਸਤੇ ਪਾਉਣਾ ਸੀ ਤੇ ਉਸ ਪ੍ਰਮਾਤਮਾ ਦੀ ਉਸਤਤ ਕਰਨਾ ਸੀ। ਉਨ੍ਹਾਂ ਨੇ ਆਪਣੀ ਸਮੁੱਚੀ ਬਾਣੀ ਵਿੱਚ ਕਾਦਰ, ਕੁਦਰਤ ਤੇ ਜੀਵ ਨੂੰ ਇੱਕ ਮੰਨਿਆ ਤੇ ਸਪੱਸ਼ਟ ਕੀਤਾ ਕਿ ਇਨ੍ਹਾਂ ਨੂੰ ਇੱਕ ਦੂਜੇ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ ਤੇ ਸਮੁੱਚਾ ਬ੍ਰਹਿਮੰਡ ਵੀ ਇਨ੍ਹਾਂ ਨਾਲ ਜੁੜਿਆ ਹੋਇਆ ਹੈ ਇਹ ਇਕੋ ਸ਼ਕਤੀ ਦੇ ਅਲਗ ਅਲਗ ਰੂਪ ਹਨ। ਗੁਰੂ ਨਾਨਕਬਾਣੀ ਦੀ ਸਹਿਜਤਾ, ਸਰਲਤਾ, ਆਪਣੇ ਆਪ ਵਿੱਚ ਇੱਕ ਸਕੰਲਪ ਪੈਦਾ ਕਰਦੀ ਹੈ। ਗੁਰੂ ਨਾਨਕ ਬਾਣੀ ਅਲੌਕਿਕ ਬੌਧਿਕ ਅਨੁਸ਼ਾਸਨ ਦਾ ਇੱਕ ਖਾਸ ਨਮੂਨਾ ਹੈ।ਉਨ੍ਹਾਂ ਅਨੁਸਾਰ ਮਨੁੱਖੀ ਸ਼ਰੀਰ ਵੀ ਪਰਮਾਤਮਾ ਦੀ ਇੱਕ ਅਦਭੁਤ ਵਿਗਿਆਨਕ ਕਲਾ ਹੈ।

ਅੱਜ ਦੇ ਸਮਾਜ ਵਿੱਚ ਗੁਰੂ ਨਾਨਕ ਬਾਣੀ ਦੀ ਮਹੱਤਤਾ ਦੀ ਏਨੀ ਲੋੜ ਹੈ ਕਿ ਇਹ ਬਾਣੀ ਦਾ ਸੰਦੇਸ਼ ਜਨ ਜਨ ਤੱਕ ਪਹੁੰਚਾਇਆ ਜਾਵੇ ਇਸਦੇਸਹੀ ਅਰਥਾ ਨੂੰ ਦਿਮਾਗੀ ਅਵਸਥਾ ਵਿੱਚ ਭਰਿਆ ਜਾਵੇ ਅੱਜ ਦੇ ਕੰਮਪਿਊਟਰ ਯੁੱਗ ਵਿੱਚ ਤਕਨਾਲੌਜੀ ਨੇ ਇਨ੍ਹਾਂ ਵਿਸਤਾਰ ਕਰ ਲਿਆ ਕਿ ਮਨੁੱਖ ਇੱਕ ਮਸ਼ੀਨ ਬਣ ਗਿਆ ਹੈ ਭਾਵੇਂ ਸਾਰਾ ਕੁੱਝ ਇੰਟਰਨੈਟ ਤੇ ਪਿਆ ਹੈ ਪਰ ਪੜ੍ਹਨ ਦਾ ਸਮਾਂ ਕਿਸ ਕੋਲ ਹੈ?ਕਿਤਾਬਾਂ ਪਈਆਂ ਹਨ ਪਰ ਪੜ੍ਹੇ ਕੌਣ? ਸਮਾਜ ਵਿੱਚ ਆਈਆਂ ਭੈੜੀਆਂ ਕੁਰੀਤੀਆਂ ਕੰਨਿਆ ਭਰੂਣ ਹੱਤਿਆ, ਭ੍ਰਿਸ਼ਟਾਚਾਰ, ਨਸ਼ੇ, ਨੈਤਿਕ ਕਦਰਾ ਕੀਮਤਾਂ ਦੀ ਗਿਰਾਵਟ, ਝੂਠ ਨਿੰਦਾ ਚੁਗਲੀ ਇਨ੍ਹਾਂ ਉੱਪਰ ਕਾਬੂ ਪਾਉਣ ਦਾ ਕੇਵਲ ਇੱਕੋਂ ਇੱਕ ਸਾਧਨ ਹੈ ਨਾਨਕ ਬਾਣੀ ਦਾ ਪਸਾਰ। ਵੱਡੀਆਂ ਵੱਡੀਆਂ ਸੰਸਥਾਵਾਂ ਵੱਲੋਂ ਨਾਨਕ ਬਾਣੀ ਦੇ ਉੱਚ ਪੱਧਰੀ ਸੈਮੀਨਾਰ ਕਰਵਾ ਕੇ, ਸਿੱਖਿਆ ਦੇ ਨਾਲ ਨਾਲ ਨੈਤਿਕ ਸਿੱਖਿਆ ਦੀ ਪੜ੍ਹਾਈ ਤੇ ਜੋਰ ਦੇ ਕੇ ਗੁਰੂ ਨਾਨਕ ਬਾਣੀ ਦੋਬਾਰਾ ਫਿਰ ਇੱਕ ਨਵੇਂ ਸਮਾਜ ਦੀ ਨੀਂਹ ਬਣ ਸਕਦੀ ਹੈ। ਅਤੇ ਇੱਕ ਨਵਾਂ ਮਾਰਗ ਉਲੀਕ ਸਕਦੀ ਹੈ। ਅੱਜ ਦਾ ਨੌਜਵਾਨ ਵਰਗ ਜੋ ਸਮਾਜ ਵਿੱਚ ਧਰਮ ਨਾਲ ਹੋ ਰਹੇ ਖਿਲਵਾੜ ਤੋਂ ਪ੍ਰੇਸ਼ਾਨ ਹੋ ਕੇ ਉਸ ਪ੍ਰਮਾਤਮਾ ਦੀ ਹੋਂਦ ਨੂੰ ਵੀ ਨਕਾਰਦਾ ਹੈ ਧਰਮ ਦੇ ਝੂਠੇ ਠੇਕੇਦਾਰ ਜੋ ਧਰਮ ਦੇਨਾਂ ਤੇ ਕੁਕਰਮ ਕਰਦੇ ਹਨ ਧਰਮ ਨੂੰ ਤੋੜਦੇ ਹਨ ਉਨ੍ਹਾਂ ਲਈ ਇਹ ਨਾਨਕ ਬਾਣੀ ਇੱਕ ਮਾਰਗ ਦਰਸ਼ਕ ਹੈ ਲੋੜ ਹੈ ਇਸ ਨੂੰ ਸਮਝਣ ਦੀ ਅਤੇ ਆਪਣੇ ਜੀਵਨ ਵਿੱਚ ਲਾਗੂ ਕਰਨ ਦੀ।ਇਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰ ਗੁਰੂ ਨਾਨਕ ਬਾਣੀ ਦੇ ਪਸਾਰ ਵਿੱਚ ਕਾਫੀ ਕਾਰਗਰ ਸਾਬਿਤ ਹੋ ਸਕਦੇ ਹਨ। ਜੇਕਰ ਬਾਣੀ ਦੀ ਸਰਲਤਾ ਨੂੰ ਸਮਝਿਆ ਜਾਵੇ।

**ਰਾਜਿੰਦਰ ਕੌਰ ਵਰਮਾ**
rverma196514@gmail.com

# ਗੁਰੂ ਨਾਨਕ ਦੇਵ ਜੀ ਦਾ ਸਰਬ-ਕਾਲੀ ਮਾਨਵੀ ਪ੍ਰਵਚਨ

**ਰਵਿੰਦਰ ਸਿੰਘ ਡਾ., ਐਸੋਸੀਏਟ ਪ੍ਰੋਫ਼ੈਸਰ**

ਗੁਰੂ ਨਾਨਕ ਦੇਵ ਜੀ ਦੇ ਜਨਮ ਦੀ 550 ਵੀਂ ਵਰ੍ਹੇਗੰਢ ਮਾਨਵਤਾ ਦੇ ਮੁੱਲਾਂ ਨੂੰ ਸਮਝਣ ਵਾਲੇ ਸੰਵੇਦਨਸ਼ੀਲ ਚਿੰਤਕਾਂ ਲਈ ਇਕ ਅਜਿਹਾ ਮੌਕਾ ਹੈ ਜਿਸ ਵਿਚ ਗੁਰੂ ਸਾਹਿਬ ਦੇ ਸਰਬ-ਵਿਆਪਕ ਅਤੇ ਸਰਬ-ਕਾਲੀ ਪ੍ਰਵਚਨ ਨੂੰ ਵੱਡੀ ਪੱਧਰ ਉਤੇ ਪ੍ਰਚਾਰ ਕੇ ਵਰਤਮਾਨ ਮਾਨਵੀ ਸੰਕਟ ਦੇ ਦੌਰ ਦਾ ਮੁਕਾਬਲਾ ਕੀਤਾ ਜਾ ਸਕੇ। ਗੁਰੂ ਸਾਹਿਬ ਦਾ ਜੀਵਨਕਾਲ ਅਜਿਹੇ ਇਤਿਹਾਸਕ ਪਰਿਵਰਤਨ ਦੇ ਆਰੰਭ ਦਾ ਦੌਰ ਸੀ ਜਿਸਨੇ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਬੰਦੇ ਦੀ ਪਛਾਣ ਨੂੰ ਉਸਾਰਿਆ ਵੀ ਅਤੇ ਨਵਾਂਪਣ ਵੀ ਪ੍ਰਦਾਨ ਕੀਤਾ। ਗੁਰੂ ਨਾਨਕ ਨੇ ਆਪਣੀਆਂ ਉਦਾਸੀਆਂ ਦੌਰਾਨ ਜਿਨ੍ਹਾਂ ਭੂ-ਖੰਡਾਂ ਦੀ ਯਾਤਰਾ ਕੀਤੀ, ਉਨ੍ਹਾਂ ਥਾਵਾਂ ਦੇ ਸਮਾਜ-ਸਭਿਆਚਾਰ ਨੂੰ ਜਾਣਿਆ-ਸਮਝਿਆ ਅਤੇ ਵਿਚਾਰਧਾਰਕ ਪੱਧਰ ਉਤੇ ਇਕ ਗਿਆਨ-ਸ਼ਾਸਤਰੀ ਸੰਵਾਦ ਵੀ ਰਚਾਇਆ। ਗੁਰੂ ਸਾਹਿਬ ਦੇ ਇਸ ਸੰਵਾਦੀ ਸੁਰਵਾਲੇ ਪ੍ਰਵਚਨ ਦਾ ਹੀ ਸਿੱਟਾ ਸੀ ਕਿ ਅਜ ਦੁਨੀਆ ਕੋਲ ਮਾਨਵੀ ਮੁੱਲਾਂ ਦੀ ਗੱਲ ਕਰਨਵਾਲਾ ਲਾਸਾਨੀ ਅਤੇ ਸਰਬ-ਸਾਂਝਵਾਲਾ ਗਿਆਨ-ਗ੍ਰੰਥ ਸ਼੍ਰੀ ਗੁਰੂ ਗ੍ਰੰਥ ਸਾਹਿਬ ਮੌਜੂਦ ਹੈ। ਇਹ ਬਾਣੀ ਰੂਪ ਵਿਚ ਵਿਦਮਾਨ ਗੁਰੂਸਰੂਪ ਗਿਆਨ-ਗ੍ਰੰਥ ਅਜ ਵੀ ਉਨਾਂ ਹੀ ਪ੍ਰਸੰਗਿਕ ਹੈ ਜਿੰਨਾਂ ਪਹਿਲਾਂ ਸੀ।

ਗੁਰਬਾਣੀ ਯਥਾਰਥ ਨੂੰ ਪਰਮਾਰਥ ਦੇ ਨੁਕਤੇ ਤੋਂ ਸਮਝਣ ਅਤੇ ਸਮਝਾਉਣ ਦਾ ਪ੍ਰਵਚਨ ਹੈ। ਵਰਤਮਾਨ ਸਮੇਂ ਵਿਚ ਲੋਕੀਂ ਫਿਰ ਤੋਂ ਭਰਮ-ਭੁਲੇਖਿਆਂ ਵਿਚ ਪੈਕੇ ਪਰਮਾਰਥ ਨੂੰ ਯਥਾਰਥ ਦੇ ਨੁਕਤੇ ਤੋਂ ਵੇਖਣ ਦੀ ਕੋਸ਼ਿਸ਼ ਕਰਦੇ ਹਨ, ਜਦ ਕਿ ਇਹ ਗਲ ਗੁਰੂ ਗ੍ਰੰਥ ਸਾਹਿਬ ਵਿਚ ਵੀ ਸਪਸ਼ਟ ਕੀਤੀ ਗਈ ਹੈ। ਗੁਰੂ ਸਾਹਿਬ ਨੇ ਯਥਾਰਥ ਨੂੰ ਬ੍ਰਹਮ ਦੀ ਰਚੀ ਮਾਇਆ ਦੱਸਿਆ ਹੈ ਜਿਸ ਕਰਕੇ ਇਸ ਵਿਚ ਰਚੀਮਾਨ ਵੀ ਪਛਾਣ ਵੀ ਕੂੜਹੀ ਹੈ। "ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ॥" (ਆਸਾ (ਮਃ1) (8) 3:1 - ਗੁਰੂ ਗ੍ਰੰਥ ਸਾਹਿਬ : ਅੰਗ 351 ਪੰ. 4)। ਲੋਕੀ ਇਸ ਕੂੜ ਪਛਾਣ ਦੇ ਭਰਮ-ਭੁਲੇਖੇ ਵਿਚ ਫ਼ੱਸ ਕੇ ਇੱਕ ਸੱਚੇ ਨਾਮ (ਸਤਿਨਾਮ) ਦੀ ਥਿਰ ਪਛਾਣ ਨੂੰ ਭੁੱਲੀ ਬੈਠੇ ਹਨ। ਗੁਰੂ ਨਾਨਕ ਨੇ ਇਕ ਬ੍ਰਹਮ ਦੀ ਪਛਾਣ ਵਿਚ ਹੀ ਯਕੀਨ ਰਖਣ ਦੀ ਗਲ ਕੀਤੀ ਹੈ। ਇਸ ਲਈ ਗੁਰੂ ਨਾਨਕ ਦੀ ਬਾਣੀ ਨੂੰ ਆਤਮਾਸਾਤ ਕਰਨ ਲਈ ਜ਼ਰੂਰੀ ਹੈ ਕਿ ਗੁਰੂ ਸਾਹਿਬ ਦੇ ਸਮਕਾਲ ਬਾਰੇ ਜਾਣਕਾਰੀ ਹੋਵੇ, ਤਾਂ ਹੀ ਉਨ੍ਹਾਂ ਦੇ ਪ੍ਰਵਚਨ ਨੂੰ ਸਮਝਿਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਮੱਧ ਕਾਲ ਦੇ ਸਮਾਜਕ ਅਤੇ ਰਾਜਨੀਤਕ ਹਾਲਾਤ ਨੂੰ ਬਹੁਤ ਗਹੁ ਨਾਲ ਵੇਖਿਆ ਤੇ ਸਮਝਿਆਸੀ ਅਤੇ ਲੋਕਾਈ ਨੂੰ ਉਸ ਸਮੇਂ ਦੇ ਭਰਮ-ਭੁਲਿਆਂ ਵਿਚੋਂ ਬਾਹਰ ਨਿਕਲਣ ਦੀ ਚੇਤਨਾ ਦਿਤੀ ਸੀ। ਉਨ੍ਹਾਂ ਦੀ ਬਾਣੀ ਦਾ ਹਰ ਸੂਤਰ ਕਾਦਰ-ਕਰਤਾਰ ਦੇ ਅਸੀਮ ਸਿਲਸਿਲੇ, ਜਿਸਨੂੰ ਬ੍ਰਹਮ ਦਾ ਨਾਮ ਦਿੱਤਾ ਗਿਆ ਹੈ, ਨੂੰ ਸਮਝਣ ਅਤੇ ਆਤਮਸਾਤ ਕਰਨ ਦਾ ਸੰਦੇਸ਼ ਦਿੰਦਾ ਹੈ। ਇਸ ਲਈ ਗੁਰਬਾਣੀ ਜਿਸ ਰੂਪ ਵਿਚ ਦਰਜ ਹੈ ਉਸਦਾ ਪਰਮ ਮਨੋਰਥ ਤਾਂ ਸ੍ਰਿਸ਼ਟੀ ਦੇ ਨਿਰਮਾਣ ਦੇ ਸਿਲਸਿਲੇ ਨੂੰ ਬੁੱਝਣ ਦਾ ਹੈ…

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥**

ਗਉੜੀ (ਭ.ਕਬੀਰ) ਅਸਟ.(55) 3:2-ਗੁਰੂ ਗ੍ਰੰਥ ਸਾਹਿਬ : ਅੰਗ 335 ਪੰ.10

ਗੁਰੂ ਨਾਨਕ ਦੇਵ ਜੀ ਨੇ ਭਗਤੀਕਾਲ ਵਿਚ ਲੋਕਾਈ ਨੂੰ ਮਾਨਵਤਾ ਦਾ ਸੰਦੇਸ਼ ਦੇਣ ਲਈ ਸਿੱਖ ਪੰਥ ਚਲਾਇਆ। ਸਿੱਖ ਦਾ ਅਰਥ ਹੁੰਦਾ ਹੈ 'ਸ਼ਿਸ਼' ਅਰਥਾਤ ਸਿਖਿਆ ਹਾਸਲ ਕਰਨ ਵਾਲਾ ਮਨੁੱਖ। ਗੁਰੂ ਨਾਨਕ ਕਿਉਕਿ ਗੁਰੂ ਸਨ ਇਸ ਲਈ ਜੋ ਵੀ ਉਨ੍ਹਾਂ ਕੋਲ ਸਿੱਖਣ ਆਉਂਦਾ ਸੀ ਉਹ ਗੁਰੂ ਦਾ ਸਿੱਖ ਕਹਾਉਂਦਾ ਸੀ। ਭਗਤੀਕਾਲ ਦੇ ਸਮਾਜਕ ਨਵ-ਜਾਗਰਣ ਦਾ ਇਹ ਖਾਸ ਉਦੇਸ਼ ਸੀ ਕਿ ਸਦੀਆਂ ਤੋਂ ਗਿਆਨ ਤੋਂ ਵਾਂਝੇ ਰੱਖੇ ਗਏ ਲੋਕਾਂ ਨੂੰ ਉਸ ਸਨਾਤਨ ਗਿਆਨ ਨਾਲ ਜੋੜਿਆ ਜਾਵੇ ਜਿਸਨੂੰ ਇਕ ਕੁਲੀਨ ਵਰਗ ਨੇ ਆਪਣੇ ਕਬਜ਼ੇ ਵਿਚ ਕਰਕੇ ਰੱਖਿਆ ਹੋਇਆ ਸੀ। ਗਿਆਨ ਦੀ ਸੋਝੀ ਦੇਣ ਦੀ ਥਾਂ ਉਹ ਕਰਮਕਾਂਡ ਅਤੇ ਪਾਖੰਡ ਫੈਲਾ ਰਹੇ ਸਨ। ਸਾਰਾ ਗਿਆਨ ਸੰਸਕ੍ਰਿਤ ਭਾਸ਼ਾ ਤੋਂ ਬਾਹਰ ਨਹੀਂ ਜਾਣ ਦਿੰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਉਸ ਵੈਦਿਕ ਗਿਆਨ ਨੂੰ ਸੰਸਕ੍ਰਿਤ ਭਾਸ਼ਾ ਦੇ ਕਬਜ਼ੇ ਵਿਚੋਂ ਮੁਕਤ ਕਰਵਾ ਕੇ ਆਮ ਲੋਕਾਂ ਦੀ ਭਾਸ਼ਾ ਨਾਲ ਜੋੜਿਆ। ਪੁਰਾਤਨ ਕਾਲ ਵਿਚ ਮਹਾਤਮਾ ਬੁੱਧ ਨੇ ਵੀ ਆਪਣੇ ਉਪਦੇਸ਼ ਸੰਸਕ੍ਰਿਤ ਵਿਚ ਨਾ ਦੇਕੇ ਉਸ ਵੇਲੇ ਦੀ ਪ੍ਰਚਲਿਤ ਲੋਕਭਾਸ਼ਾ 'ਪਾਲੀ' ਵਿਚ ਦਿਤੇ। ਇਸ ਤਰ੍ਹਾਂ ਮਹਾਤਮਾ ਬੁੱਧ ਦੇ ਪ੍ਰਵਚਨ ਬਹੁਤ ਸੌਖੇ ਹੀ ਲੋਕਾਂ ਤਕ ਪਹੁੰਚ ਜਾਂਦੇ ਸਨ।

ਜਿਸ ਗਿਆਨ ਦੀ ਗਲ ਇਥੇ ਕੀਤੀ ਜਾ ਰਹੀ ਹੈ ਉਹ ਵੈਦਿਕ ਗਿਆਨ ਕੋਈ ਧੁਰੋਂ ਉਤਰਿਆ ਗਿਆਨ ਨਹੀਂ ਸੀ, ਸਗੋਂ ਸਦੀਆਂ ਤੋਂ ਗਿਆਨ ਦੇ ਰਾਹ ਉਤੇ ਤੁਰਦੇ ਪੁਰਾਤਨ ਰਿਸ਼ੀਆਂ ਮੁਨੀਆਂ ਦੀ ਅਨੁਭਵ ਦੀ ਘਾਲਣਾ ਸੀ ਜਿਸਨੂੰ ਉਨ੍ਹਾਂ ਨੇ ਇਕ ਸੂਤਰ ਵਿਚ ਇਕੱਤਰ ਕਰਨ ਦਾ ਜਤਨ ਕੀਤਾ। ਇਸ ਤਰ੍ਹਾਂ ਭਾਰਤੀ ਗਿਆਨ ਦੀ ਪਰੰਪਰਾ ਅਨੁਭਵ ਵਿਚੋਂ ਉਪਜਦੀ ਹੈ ਅਤੇ ਅਨੁਭਵ ਰਾਹੀਂ ਹੀ ਅੱਗੇ ਤੁਰਦੀ ਹੈ। ਗੁਰੂ ਨਾਨਕ ਨੇ ਆਪਣੇ ਜੀਵਨਕਾਲ ਵਿਚ ਚਾਰ ਉਦਾਸੀਆਂ ਕੀਤੀਆਂ। ਦੁਨੀਆ ਨੂੰ ਕੋਲੋਂ ਵੇਖਿਆ ਅਤੇ ਅਨੁਭਵ ਵਿਚ ਉਤਾਰਿਆ। ਵੱਖ-ਵੱਖ ਧਰਮਾਂ ਅਤੇ ਮਤਾਂ ਨਾਲ ਵਿਚਾਰ ਚਰਚਾਵਾਂ ਕੀਤੀਆਂ ਅਤੇ ਗੋਸ਼ਟਾਂ ਰਚਾਈਆਂ। ਗੁਰੂ ਨਾਨਕ ਕੋਲ ਆਪਣੇ ਪੁਰਾਤਨ ਗਿਆਨ ਦਾ ਦਰਸ਼ਨ ਮੌਜੂਦ ਸੀ ਅਤੇ ਉਹ ਭਗਤੀਕਾਲ ਦੀ ਲਹਿਰ ਦੇ ਅਲੰਬਰਦਾਰ ਬਣ ਗਏ। ਉਹ ਵੇਲਾ ਨਿਰਗੁਣ ਅਤੇ ਅਦਵੈਤ ਦਰਸ਼ਨ ਦਾ ਸੀ ਜਿਸਨੂੰ ਗੁਰੂ ਨਾਨਕ ਨੇ ਆਪਣੇ ਜੀਵਨ ਵਿਚ ਖੁਦ ਵੀ ਅਨੁਭਵ ਕਰਕੇ ਵੇਖਿਆ। ਭਾਰਤੀ ਗਿਆਨ ਪਰੰਪਰਾ ਦੀ ਖੂਬੀ ਵੀ ਇਹੋ ਹੈ ਕਿ ਇਹ ਗਿਆਨ ਅਨੁਭਵ ਦਾ ਮਾਰਗ ਹੈ, ਕਰਮ-ਕਾਂਡ ਦਾ ਨਹੀਂ। ਭਾਰਤੀ ਗਿਆਨ ਦੇ ਅਨੁਭਵ ਦੀ ਚੇਤਨਾ ਨਾਲ ਭਰਪੂਰ ਹੋਕੇ ਗੁਰੂ ਨਾਨਕ ਨੇ ਆਪਣੇ ਸਿੱਖਾਂ ਨੂੰ ਵੀ ਉਸ ਸਨਾਤਨੀ ਗਿਆਨ ਦਾ ਅਨੁਭਵ ਕਰਨ ਲਈ ਆਮ ਬੋਲਚਾਲ ਦੀ ਭਾਸ਼ਾ ਨੂੰ ਹੀ ਵਰਤਿਆ। ਕੁਲੀਨ ਸੰਸਕ੍ਰਿਤ ਵਿਚ ਬੱਝੇ ਹੋਏ ਸਨਾਤਨੀ ਗਿਆਨ ਨੂੰ ਆਪਣੇ ਅਨੁਭਵ ਦੇ ਦਰਸ਼ਨ ਨਾਲ ਉਨ੍ਹਾਂ ਨੇ ਆਮਲੋਕਾਂ ਤਕ ਪੁਚਾਇਆ। ਭਗਤੀਕਾਲ ਦੇ ਉਨ੍ਹਾਂ ਦੇ ਸਮਕਾਲੀ ਸੰਤ, ਭਗਤ ਅਤੇ ਸੂਫ਼ੀ ਵੀ ਇਸ ਗਿਆਨ ਮਾਰਗ ਦੇ ਸਮਰਥਕ ਸਨ। ਗੁਰੂ ਸਾਹਿਬ ਨੇ ਲੋਕਾਂ ਨੂੰ ਕਰਮ-ਕਾਂਡੀ ਪਖੰਡਾਂ ਨੂੰ ਛੱਡ ਕੇ ਗਿਆਨ ਅਤੇ ਜੀਵਨ ਦੇ ਅਨੁਭਵ ਨਾਲ ਜੀਉਣ ਦਾ ਤਰੀਕਾ ਸਿਖਾਇਆ। ਗੁਰੂ ਨਾਨਕ ਦਾ ਸੰਦੇਸ਼ ਸੀ ਕਿ ਗਿਆਨ ਇਸ ਸੰਸਾਰ ਵਿਚ ਵਿਚਰਦਿਆਂ ਹੀ ਮੁਕਤ ਹੋਣ ਦਾ ਰਾਹ ਸਮਝਾਉਂਦਾ ਹੈ। ਇਸਨੂੰ ਸਮਝਾਉਣ ਲਈ ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਯਥਾਰਥ ਨੂੰ ਪਰਮਾਰਥ ਦੇ ਨੁਕਤੇ ਤੋਂ ਵੇਖਣ, ਸਮਝਣ ਅਤੇ ਅਨੁਭਵ ਕਰਨ ਦਾ ਸੰਦੇਸ਼ ਦਿੱਤਾ।

ਸਿੱਖਮਤ ਮੱਧਕਾਲ ਵਿਚ ਉਪਜੀ ਇਕ ਅਜਿਹੀ ਵਿਚਾਰਧਾਰਾ ਹੈ ਜਿਸਨੇ ਸਮਾਜ ਨੂੰ ਜਾਤੀ-ਧਰਮ

ਦੇ ਵਖਰੇ ਵਿਆਂ ਤੋਂ ਬਾਹਰ ਕੱਢ ਕੇ ਨਿਰੋਲ ਮਨੁੱਖ ਦੀ ਪਛਾਣ ਦੇਣ ਦਾ ਉਪਰਾਲਾ ਕੀਤਾ। ਅਜੋਕੇ ਸਮੇਂ ਵਿਚ ਜਦੋਂ ਕਿ ਦੇਸ਼ ਦੇ ਰਾਜਨੀਤਕ, ਸਮਾਜਕ, ਸਭਿਆਚਾਰਕ ਅਤੇ ਧਾਰਮਿਕ ਹਾਲਾਤ ਬਹੁਤ ਵਿਗੜ ਚੁੱਕੇ ਹਨ, ਜ਼ਰੂਰਤ ਹੈ ਇਕ ਅਜਿਹੀ ਵਿਚਾਰਧਾਰਕ ਅਗੁਆਈ ਦੀ ਜੋ ਇਸ ਅਫ਼ਰਾਤ ਫ਼ਰੀਦੀ ਸੰਕਟਮਈ ਸਥਿਤੀ ਤੋਂ ਬਾਹਰ ਜਾਣ ਦਾ ਰਾਹ ਵਿਖਾ ਸਕੇ। ਹਕੀਕਤ ਇਹ ਵੀ ਹੈ ਕਿ ਹਰ ਯੁੱਗ ਵਿਚ ਅਜਿਹੇ ਹਾਲਾਤ ਬਣਦੇ ਹਨ ਤੇ ਕੋਈ ਨਾ ਕੋਈ ਯੁੱਗ ਪੁਰਸ਼ ਲੋਕਾਈ ਨੂੰ ਰਾਹ ਵਿਖਾਉਣ ਲਈ ਰਹਿਨੁਮਾ ਬਣਕੇ ਆਉਂਦਾ ਹੈ।

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥॥4॥13॥20॥**

ਭਾਰਤ ਦੇ ਬਹੁਤ ਨਿਕਟ ਇਤਿਹਾਸ ਵਿਚ ਜਿਸ ਮਹਾ-ਪੁਰਸ਼ ਨੇ ਸੰਸਾਰ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਬਾਹਰ ਲਿਆਉਣਦਾ ਰਾਹ ਵਿਖਾਇਆ ਸੀ ਉਸ ਯੁੱਗ-ਪੁਰਸ਼ ਦਾ ਨਾਂ ਸੀ-ਸ਼੍ਰੀ ਗੁਰੂ ਨਾਨਕ ਦੇਵ ਜੀ। ਅੱਜ ਦਾ ਸਮਾਜ ਵੀ ਜਾਤੀ ਅਤੇ ਧਰਮ ਦੇ ਆਧਾਰ 'ਤੇ ਬਹੁਤ ਬੁਰੀ ਤਰ੍ਹਾਂ ਵੰਡਿਆ ਪਿਆ ਹੈ। ਗੁਰੂ ਸਾਹਿਬ ਨੇ ਸਾਂਝੀਵਾਲਤਾ ਦੇ ਸੰਕਲਪ ਨਾਲ ਜਿਸ ਤਰ੍ਹਾਂ ਸਮਾਜ ਨੂੰ ਜੋੜਨ ਦਾ ਜਤਨ ਕੀਤਾ ਸੀ ਅਤੇ ਉਸ ਵਿਚ ਉਹ ਸਫ਼ਲਤਾ ਵਲ ਵੱਧ ਰਹੇ ਸਨ, ਉਸੇ ਸੰਦੇਸ਼ ਦੀ ਫਿਰ ਤੋਂ ਲੋੜ ਹੈ। ਅਜੋ ਕੀ ਜਾਤੀਗਤ ਅਤੇ ਧਾਰਮਿਕ ਵੱਖਰੇ ਵਿਆਂ ਦੀ ਸਥਿਤੀ ਨੂੰ ਸਮਝਣ ਲਈ ਆਧੁਨਿਕ ਚਿੰਤਨ ਵਿਧੀਆਂ ਦੀ ਮਦਦ ਵੀ ਲਈ ਜਾ ਸਕਦੀ ਹੈ, ਜਿਵੇਂ ਕਿ ਬਰਤਾਨਵੀ ਬਸਤੀਵਾਦ ਤੋਂ ਬਾਅਦ ਭਾਰਤੀ ਸਮਾਜ ਦੀ ਉਸਾਰੀ ਲਈ ਮਾਰਕਸਵਾਦੀ ਵਿਚਾਰਧਾਰਾ ਦਾ ਸਹਾਰਾ ਲਿਆ ਗਿਆ। ਇਸ ਵਿਚਾਰਧਾਰਾ ਨੂੰ ਭਾਰਤੀ ਸੰਦਰਭ ਵਿਚ ਮੂਰਤੀਮਾਨ ਕਰਨਾ ਬਹੁਤ ਗੁੰਝਲਦਾਰ ਸਾਬਿਤ ਹੋਇਆ ਅਤੇ ਇਸ ਪ੍ਰਕਿਰਿਆ ਵਿਚ ਮਾਰਕਸਵਾਦੀ ਵਿਚਾਰਧਾਰਾ ਅਮਲੀ ਸਮੱਸਿਆਵਾਂ ਦਾ ਸਾਹਮਣਾ ਕਰਦੀ ਹੋਈ ਕਈ ਤਰ੍ਹਾਂ ਦੀਆਂ ਹੋਰ ਵਿਚਾਰਧਾਰਾਵਾਂ ਵਿਚ ਤਬਦੀਲ ਹੁੰਦੀ ਗਈ। ਸਮਾਜ ਭਲਾਈ ਦਾ ਸੁਪਨਾ ਅਧੂਰਾ ਹੀ ਰਹਿ ਗਿਆ ਤੇ ਵੱਖਵਾਦਦੀ ਰਾਜਨੀਤੀ ਨੇ ਸਮਾਜ ਨੂੰ  ਕਈ ਨਵੀ ਕਿਸਮ ਦੀਆਂ ਵੱਖਰਤਾਵਾਂ ਸਾਹਮਣੇ ਲੈਆਂਦਾ। ਸਮਾਜ ਨੂੰ ਸਮਝਣ ਅਤੇ ਉਸਦੀ ਬੇਹਤਰੀ ਲਈ ਸਮਾਜਕ ਵੱਖਰਤਾਵਾਂ ਨੂੰ ਸਮਝਦਿਆਂ ਹੋਇਆ ਉਸਦਾ ਕੋਈ ਹਲ ਲੱਭਣ ਵਿਚ ਕੋਈ ਸਮੱਸਿਆ ਨਹੀਂ ਹੈ। ਪਰ ਜਦੋਂ ਵੱਖਰਤਾਵਾਂ ਦੀ ਤਲਾਸ਼ ਬਿਨਾਂ ਕਿਸੇ ਅਜਿਹੀ ਵਿਚਾਰਧਾਰਾ ਤੋਂ ਕੀਤੀ ਜਾਂਦੀ ਹੈ ਜੋ ਕਿ ਸਮਾਜ ਨੂੰ ਸੰਗਠਤ ਕਰਨ ਦਾ ਰਾਹ ਵਿਖਾ ਸਕੇ ਤਾਂ ਉਸਦੇ ਨਤੀਜੇ ਸਮਾਜ ਨੂੰ ਅਫ਼ਰਾ-ਤਫ਼ਰੀ ਵਲ ਲੈ ਜਾਂਦੇ ਹਨ। ਅਜ ਦੀ ਸਥਿਤੀ ਵੀ ਬਿਨਾਂ ਵਿਚਾਰਧਾਰਕ ਅਗੁਆਈ ਵਾਲੀ ਹੀ ਹੈ।

ਅਜੋ ਕੇ ਸਮੇਂ ਵਿਚ ਸਮਾਜ ਅਤੇ ਰਾਸ਼ਟਰ ਜਿਸ ਦਿਸ਼ਾਹੀਣਤਾ ਵਲ ਵੱਧ ਰਿਹਾ ਹੈ ਉਸਦਾ ਇਕ ਬੇਹਤਰੀਨ ਹਲ ਗੁਰਮਤਿ ਹੈ। ਜੇਕਰ ਗੁਰਮਤਿ ਜਾਂ ਸਿੱਖਮਤ ਨੂੰ ਇਕ ਵਿਚਾਰਧਾਰਾ ਵਜੋਂ ਪ੍ਰਚਾਰਿਆ ਜਾਵੇ ਤਾਂ ਇਸ ਨਾਲ ਸਮਾਜ ਦਾ ਹਰ ਵਿਅਕਤੀ ਜੁੜ ਸਕਦਾ ਹੈ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫ਼ਰੀਦ ਤੋਂ ਲੈ ਕੇ ਮੱਧਕਾਲ ਦੇ ਭਗਤ ਤਕ ਬਿਨਾਂ ਕਿਸੇ ਜਾਤੀ-ਧਰਮ ਦੇ ਵਰੋਧ ਤੋਂ ਸਮਾਨਤਾ ਨਾਲ ਸ਼ਾਮਲ ਹਨ। ਹਰ ਇਕ ਸਿੱਖ ਉਨ੍ਹਾਂ ਦੀ ਬਾਣੀ ਅੱਗੇ ਸਿਰ ਨਿਵਾਉਂਦਾ ਹੈ। ਮੱਧਕਾਲ ਦੇ ਉਸ ਸਮੇਂ ਬਾਰੇ ਸੋਚ ਕੇ ਅੱਜਦੀਆਂ ਸਮਾਜਕ ਸਥਿਤੀਆਂ ਨਾਲ ਸਮਾਨਤਾਵਾਂ ਵੀ ਨਜ਼ਰ ਆਉਂਦੀਆ ਹਨ, ਪਰ ਫ਼ਰਕ ਸਿਰਫ਼

ਇਹ ਹੈ ਕਿ ਉਸ ਵੇਲੇ ਭਗਤੀ ਲਹਿਰ ਨੇ ਸਮਾਜ ਦੇ ਸ਼ੋਸ਼ਤ ਵਰਗ ਦੀ ਅਵਾਜ਼ ਇੱਕਜੁਟਤਾ ਨਾਲ ਉਠਾਈ ਸੀ। ਉਸਨੂੰ ਗੁਰੂ ਸਾਹਿਬ ਨੇ ਇਕ ਸੇਧ ਦੇਕੇ ਗੁਰਮਤਿ ਵਿਚਾਰਧਾਰਾ ਵਿਚ ਸੰਗਠਤ ਕੀਤਾ ਅਤੇ ਸਿੱਖਮਤ ਦੀ ਸਿਰਜਣਾ ਕੀਤੀ। ਸਿੱਖਮਤ ਵਿਚ ਉਸ ਵੇਲੇ ਦੇ ਹਰ ਜਾਤੀ-ਧਰਮ ਦੇ ਲੋਕ ਸ਼ਾਮਲ ਸਨ ਕਿਉਕਿ ਉਨ੍ਹਾਂ ਨੂੰ ਸਿੱਖ ਬਣਨ ਲਈ ਸਿਰਫ਼ ਗੁਰਮਤਿ ਦੀ ਵਿਚਾਰਧਾਰਾ ਅਤੇ ਉਸ ਸੰਦੇਸ਼ ਨਾਲ ਸਹਿਮਤ ਹੋਣਾ ਹੀ ਕਾਫ਼ੀ ਸੀ। ਮਾਨਵਤਾ ਨੂੰ  ਇਕ ਏਕਤਾ ਵਿਚ ਵੇਖਣ ਦੇ ਰਾਹ ਦਾ ਗਿਆਨ ਹਾਸਲ ਕਰਨ ਦੀ ਲਾਲਸਾ ਰਖਣ ਵਾਲਾ ਹਰ ਵਿਅਕਤੀ ਸਿੱਖ ਹੈ। ਜਿਸ ਤਰ੍ਹਾਂ ਕਿਸੇ ਵਿਦਿਆਲਿਆ ਵਿਚ ਬੈਠੇ ਵਿਦਿਆਰਥੀਆਂ ਲਈ ਉਸ ਦੀ ਜਾਤੀ-ਧਰਮ ਮਾਇਨੇ ਨਹੀਂ ਰਖਦੇ ਉਸੇ ਤਰ੍ਹਾਂ ਸਿੱਖ ਲਈ ਵੀ ਸਿੱਖਮਤ ਨੂੰ  ਅਰਥਾਤ ਵਿਦਿਆਰਥੀ ਜੀਵਨ ਨੂੰ  ਧਾਰਣ ਕਰਨਾ ਇਕ ਸਹਿਜ ਅਤੇ ਸਰਲ ਰਾਹ ਹੈ।

ਸਿੱਖ ਗੁਰੂਆਂ ਦੇ ਸਰਬ-ਸਾਂਝ ਵਾਲੇ, ਹਿੰਦ ਦੀ ਚਾਦਰ ਦੇ ਸੰਕਲਪ ਨੂੰ ਵੰਡੀਆਂ ਪਾਕੇ ਹੁਣ ਦਿਸ਼ਾਹੀਣਤਾ ਵਲ ਲਿਜਾਇਆ ਜਾ ਰਿਹਾ ਹੈ। ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿਘ ਨੇ ਗੁਰੂ ਨਾਨਕ ਦੇ ਵਿਚਾਰ ਨੂੰ ਇਕ ਸੰਸਥਾਗਤ ਰੂਪ ਵਿਚ ਸਥਾਪਿਤ ਕਰਨ ਦਾ ਉਪਰਾਲਾ ਕੀਤਾ। ਅਜਿਹਾ ਨਹੀਂ ਕਿ ਦਮਿਤ ਸਮਾਜ ਲਈ ਸਿਰਫ਼ ਆਧੁਨਿਕਕਾਲ ਵਿਚ ਹੀ ਅਵਾਜ਼ ਉੱਠ ਰਹੀ ਹੈ, ਇਹ ਕਾਰਜ ਮੱਧਕਾਲ ਵਿਚ ਭਗਤੀ ਲਹਿਰ ਨੇ ਵੀ ਕੀਤਾ ਹੈ। ਗੁਰੂ ਨਾਨਕ ਨੇ ਬਹੁਤ ਚੇਤੰਨ ਹੋਕੇ ਸਮਾਜ ਦੇ ਇਸ ਵੱਖਰੇਵੇਂ ਨੂੰ ਦੂਰ ਕਰਨ ਦੇ ਜਤਨ ਕੀਤੇ। ਮੱਧਕਾਲ ਵਿਚ ਅਜਿਹੀ ਹੀ ਸਥਿਤੀ ਦਾ ਸਾਹਮਣਾ ਕਰ ਰਹੇ ਸਮਾਜ ਨੂੰ ਗੁਰੂ ਨਾਨਕ ਨੇ ਰਾਹ ਵਿਖਾਇਆ ਸੀ। ਪੂਰੀ ਭਗਤੀ ਲਹਿਰ ਨੂੰ ਇਕ ਵਿਚਾਰਧਾਰਕ ਦਿਸ਼ਾ ਵਿਚ ਲਿਜਾਣ ਵਾਲੇ ਗੁਰੂ ਨਾਨਕ ਨੇ ਸਮਾਜ ਦੀ ਬਰਾਬਰੀ ਦਾ ਹੀ ਸੁਪਨਾ ਵੇਖਿਆ ਸੀ। ਇਸੇ ਲਈ ਉਨ੍ਹਾਂ ਕਿਹਾ :

**ਨੀਚਾ ਅੰਦਰਿ ਨੀਚ ਜਾ ਤਿਨੀ ਚੀਹੂ ਅਤਿ ਨੀਚੁ॥**
**ਨਾਨਕ ਤਿਨ ਕੈ ਸੰਗਿ ਸਾਥ ਵਡਿਆ ਸਿਉਕਿ ਆਰੀਸ॥**
**ਜਿਥੈ ਨੀਚ ਸਮਾਲੀ ਅਨਿ ਤਿਥੈ ਨਦਰਿ ਤੇਰੀ ਬਖਸੀਸ॥4॥3॥**

ਸਿਰੀ ਰਾਗੁ(ਮ:੧) ਗੁਰੂ ਗ੍ਰੰਥ ਸਾਹਿਬ: ਅਮਗ15 ਪੰ. - 9

ਗੁਰੂ ਨਾਨਕ ਦੇਵ ਜਿਨ੍ਹਾਂ ਮੂਲਮਾਨ ਵੀ ਸਰੋਕਾਰਾਂ ਦੀ ਗੱਲ ਕਰਦੇ ਹਨ ਉਨ੍ਹਾਂ ਦਾ ਸੁਭਾਕਾਲ-ਮੁਕਤ ਅਤੇ ਸਦੀ ਵੀ ਮਾਨਵ ਮੁਕਤੀ ਦੇ ਸਰੋਕਾਰਾਂ ਵਾਲਾ ਹੈ। ਗੁਰਬਾਣੀ ਦਾ ਕ੍ਰਾਂਤੀਕਾਰੀ ਪ੍ਰਵਚਨ ਵਰਣ-ਵਿਵਸਥਾ ਦੀ ਮਿੱਥ ਨੂੰ ਰੂਹਾਨੀ ਧਰਾਤਲ ਉੱਤੇ ਰੱਦ ਕਰ ਦਿੰਦਾ ਹੈ। ਇਹ ਪਾਰਗਾਮੀ ਅਤੇ ਸਰਬਵਿਆਪੀ ਹਸਤੀ (ਬ੍ਰਹਮ) ਦੇ ਸਾਮ੍ਹਣੇ ਮਨੁੱਖ ਦੀ ਬਰਾਬਰੀ ਦਾ ਸੰਕਲਪ ਸਥਾਪਿਤ ਕਰਦਾ ਹੈ ਅਤੇ ਜਾਤਿ ਦੀ ਥਾਵੇਂ ਜੋਤਿ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। ਗੁਰਬਾਣੀ ਵਿਚ ਇਸ ਕਿਸਮ ਦੇ ਰੂਹਾਨੀ ਵਿਵੇਕ ਦੀਆਂ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ। ਇਸ ਸੰਦਰਭ ਵਿਚ ਉਦਾਹਰਣ ਵਜੋਂ ਕੁਝ ਪੰਗਤੀਆਂ ਪੇਸ਼ ਹਨ :

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨਹੇ॥੧॥ਰਹਾਉ॥**

(ਆਦਿਗ੍ਰੰਥ, ਪੰਨਾ - 349)

ਗੁਰੂ ਨਾਨਕ ਜਾਤੀਗਤ ਵੱਖਰੇ ਵਿਆਂ ਵਿਚ ਵੰਡੇ ਹੋਏ ਸਮਾਜ ਤੋਂ ਪੂਰੀ ਤਰ੍ਹਾਂ ਵਾਕਿਫ਼ ਸਨ ਅਤੇ ਉਸ ਤੋਂ ਪਾਰ ਜਾਕੇ ਇਕ ਬਰਾਬਰੀ ਦੇ ਸਮਾਜ ਦਾ ਰਾਹ ਵਿਖਾਉਣ ਲਈ ਉਨ੍ਹਾਂ ਨੇ ਗੁਰਮਤਿ ਦੀ ਇਕ

ਵਿਚਾਰਧਾਰਾ ਪ੍ਰਦਾਨ ਕੀਤੀ ਜਿਸ ਵਿਚ ਕਿਸੇ ਵਿਸ਼ੇਸ਼ ਜਾਤੀ-ਧਰਮ ਦੀ ਵਖਰੀ ਪਛਾਣ ਨਹੀਂ ਰਹਿੰਦੀ ਸੀ। ਇਸੇ ਲਈ ਗੁਰੂ ਸਾਹਿਬ ਨੇ ਉਪਰੋਕਤ ਵਚਨ ਉਚਾਰੇ ਅਤੇ ਨਾਲ ਹੀ ਇਹ ਵੀ ਕਿਹਾ ਕਿ 'ਨਾ ਮੈਂ ਹਿੰਦੂ ਨਾ ਮੁਸਲਮਾਨ' ਜਿਸ ਤੋਂ ਭਾਵ ਸੀ ਕਿ ਉਹ ਕਿਸੇ ਅਜਿਹੀ ਪਛਾਣ ਨਾਲ ਆਪਣੇ ਆਪ ਨੂੰ ਨਹੀਂ ਸਨ ਜੋੜਨਾ ਚਾਹੁੰਦੇ ਜਿਸਦਾ ਅਧਾਰ ਮਾਤਰ ਉਪਰੀ ਵਿਖਾਵੇ ਅਤੇ ਪਖੰਡ ਵਾਲਾ ਹੋਵੇ। ਉਹ ਇਸੇ ਲਈ ਬਹੁਤ ਚੇਤੰਨ ਹੋਏ ਆਪਣੇ ਆਪਨੂੰ ਅਜਿਹੇ ਸਿਰਜਤ ਪਛਾਣ ਚਿਹਨਾਂ ਤੋਂ ਵੱਖ ਕਰਦੇ ਹਨ ਜਿਸਦਾ ਉਦਾਹਰਣ ਉਨ੍ਹਾਂ ਦੀ ਬਾਣੀ ਵਿਚ ਜਨੇਊ ਦੀ ਧਾਰਨਾਂ ਨੂੰ ਪੁਨਰ-ਪਰਿਭਾਸ਼ਤ ਕਰਨ ਤੋਂ ਮਿਲਦਾ ਹੈ। ਸਮਾਜ ਵਿਚ ਫ਼ੈਲੇ ਹਰ ਕਿਸਮ ਦੇ ਪਖੰਡ ਅਤੇ ਕੁਰੀਤੀਆ ਦੇ ਵਿਵਹਾਰ ਨੂੰ ਉਹ ਖੰਡਤ ਕਰਕੇ ਉਸਦੇ ਬਦਲ ਵਿਚ ਸਹਿਜਤਾ ਵਾਲਾ ਵਿਵਹਾਰ ਕਰਨ ਦਾ ਵਿਚਾਰ ਦਿੰਦੇ ਹਨ।

ਗੁਰਮਤਿ ਦੀ ਵਿਚਾਰਧਾਰਾ 'ਸਭੈ ਸਾਂਝੀਵਾਲ ਸਦਾਇਨ' ਦੇ ਉਦੇਸ਼ ਨਾਲ ਸਿੱਖ ਕੌਮੀਅਤ ਉਲੀਕਣ ਦਾ ਰਾਹ ਦਰਸਾਉਂਦੀ ਹੈ। ਜੇਕਰ ਗੁਰੂ ਨਾਨਕ ਸਾਹਿਬ ਦੀ ਇਸ ਅਦੁੱਤੀ ਘਾਲਣਾ ਨੂੰ ਖੁੱਲ੍ਹੇ ਮਨ ਨਾਲ ਸਮਝਣ ਦੀ ਚੇਤਨਾ ਆ ਜਾਵੇ ਤਾਂ ਭਾਰਤ ਵਿਚ ਸਮਾਜਕ ਪਰਿਵਰਤਨ ਦਾ ਇਕ ਯੁੱਗ ਸ਼ੁਰੂ ਹੋ ਸਕਦਾ ਹੈ। ਸਮਾਜ ਨੂੰ ਇਸ ਵੇਲੇ ਦਰਪੇਸ਼ ਬਹੁਤ ਸਾਰੀਆਂ ਸਮੱਸਿਆਵਾਂ ਦਾ ਨਿਪਟਾਰਾ ਗੁਰਮਤਿ ਨਾਲ ਸੰਭਵ ਹੈ ਪਰ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਇਸਨੂੰ ਇਕ ਵਿਚਾਰਧਾਰਾ ਦੇ ਤੌਰ 'ਤੇ ਪ੍ਰਚਾਰਿਆ ਜਾਵੇ ਬਿਲਕੁਲ ਉਸੇ ਭਾਵਨਾ ਨਾਲ ਜਿਸ ਨਾਲ ਮੱਧਕਾਲ ਵਿਚ ਗੁਰੂ ਸਾਹਿਬ ਦੁਆਰਾ ਕੀਤਾ ਗਿਆ ਸੀ। ਮੱਧਕਾਲ ਦੇ ਮਾਨਵ ਕਲਿਆਣ ਵਾਲੇ ਇਸ ਸਰਬ-ਸਾਂਝੇ ਅੰਦੋਲਨ ਨੂੰ ਅਧਿਆਤਮਕ ਪ੍ਰਵਚਨ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਕਲਤ ਕੀਤਾ ਗਿਆ। ਇਸ ਗ੍ਰੰਥ ਵਿਚ ਦਰਜ ਬਾਣੀ ਗੁਰਬਾਣੀ ਮਾਨਵ-ਸਮਾਜ ਨੂੰ ਮਾਨਵਤਾ ਦੇ ਮੂਲ ਦਾ ਸੰਦੇਸ਼ ਦੇਣ ਵਾਲਾ ਪ੍ਰਵਚਨ ਹੈ। ਗੁਰਬਾਣੀ ਇਸ ਬ੍ਰਹਿਮੰਡ ਦੀ ਉਤਪਤੀ ਤੋਂ ਲੈਕੇ ਮਾਨਵ ਜੀਵਨ ਦੇ ਯਥਾਰਥ ਅਨੁਭਵ ਤੱਕ ਨੂੰ ਪਰਮਾਰਥ ਰਾਹੀਂ ਸਮਝਣ, ਸਮਝਾਉਣ ਅਤੇ ਗ੍ਰਹਿਣ ਕਰਨ ਦਾ ਸੰਦੇਸ਼ ਦਿੰਦੀ ਹੈ। ਇਸ ਯਥਾਰਥ ਨੂੰ ਪਰਮਾਰਥ ਦੀ ਦ੍ਰਿਸ਼ਟੀ ਨਾਲ ਵੇਖਣ ਦਾ ਦ੍ਰਿਸ਼ਟੀਕੋਣ ਮੂਲਰੂਪ ਵਿਚ ਮਾਨਵਤਾ ਦੇ ਸਰੋਕਾਰਾਂ ਨਾਲ ਹੀ ਜੁੜਿਆ ਹੋਇਆ ਹੈ।

ਅਜੋ ਕੇਸ ਮੇਂ ਵਿਚ ਮਾਨਵਤਾ ਦਾ ਜੋ ਸੰਕਲਪ ਪੱਛਮੀ ਜਾਂ ਅਮਰੀਕੀ ਜੀਵਨ ਦ੍ਰਿਸ਼ਟੀ ਵਿਚੋਂ ਪੈਦਾ ਹੋਇਆ ਹੈ ਉਹ ਮਾਨਵ ਜੀਵਨ ਦੇ ਮੂਲ ਸਰੋਕਾਰਾਂ ਤੋਂ ਹਾਲੇ ਵੀ ਬਹੁਤ ਫ਼ਾਸਲੇ ' ਤੇ ਜਾਪਦਾ ਹੈ। ਉਸ ਕੋਲ ਮਨੁੱਖ ਨੂੰ ਆਤਮਿਕ ਟਿਕਾਅ ਦੇਣ ਦਾ ਕੋਈ ਰਾਹ ਨਹੀਂ ਹੈ ਸਗੋਂ ਇਸਦੇ ਉਲਟ ਮਾਨਵਤਾਵਾਦ ਦੇ ਨਾਂ 'ਤੇ ਨਿਰੋਲ ਪਦਾਰਥਵਾਦੀ ਸੁਭਾਵਾਲੇਮਾਨਵ ਅਧਿਕਾਰਾਂ ਦੀ ਹੀ ਗੱਲ ਕਰਨ ਨਾਲ ਸਮਾਜ ਵਿਚ ਬੇਚੈਨੀ ਹੋਰ ਵੱਧ ਰਹੀ ਹੈ। ਅਜੋਕਾ ਪੱਛਮੀਜਾਂ ਅਮਰੀਕੀ ਮਾਨਵਤਾਵਾਦ ਦਾ ਸੰਕਲਪ ਅਤਿ-ਪਦਾਰਥਵਾਦ ਨਾਲ ਪੈਦਾ ਹੋਏ ਵਾਤਾਵਰਣ ਦਾ ਸਿੱਟਾ ਹੈ ਅਤੇ ਇਹ ਸਿਰਫ ਜੀਵਨ ਦੀਆਂ ਉਪਰਲੀਆਂ ਸਮੱਸਿਆਵਾਂ ਦਾ ਆਰਜ਼ੀ ਹੱਲ ਸੁਝਾਉਣ ਦਾ ਸੁਪਨਾ ਦਿੰਦਾ ਹੈ। ਜੇਕਰ ਅਸੀ ਮਾਨਵ ਇਤਿਹਾਸ ਦੇ ਪਿਛਲੇ ਕੁਝ ਸੌ ਸਾਲਾਂ ਉੱਪਰ ਝਾਤ ਮਾਰੀਏ ਤਾਂ ਪਤਾ ਚਲਦਾ ਹੈ ਕਿ ਅਮਾਨਵੀ ਕਾਰਜਾਂ ਦੀ ਪੈਰੋਕਾਰ ਸ਼ਕਤੀਆਂ ਨੇ ਅਜਿਹੀ ਰਾਜਨੀਤਕ, ਆਰਥਕ, ਸਮਾਜਕ ਅਤੇ ਸਭਿਆਚਾਰਕ ਵਿਵਸਥਾ ਖੜੀ ਕਰ ਦਿੱਤੀ ਹੈ ਜਿਸਦਾ ਮਾਨਵ ਜੀਵਨ ਦੇ ਮੂਲ ਸਰੋਕਾਰਾਂ ਨਾਲ ਕੋਈ ਵਾਸਤਾ ਨਹੀਂ ਹੈ। ਅਜਿਹੀ ਵਿਵਸਥਾ ਵਿਚੋਂ ਉਪਜਣ ਵਾਲਾ ਮਾਨਵਤਾ ਦਾ ਸੰਕਲਪ ਵੀ ਵੱਖਰੇ ਰੂਪ ਵਿਚ ਪਰਿਭਾਸ਼ਿਤ ਹੁੰਦਾ ਹੈ। ਪਹਿਲੋਂ ਜੰਗ ਜਾਂ ਹਥਿਆਰਾਂ ਨਾਲ

ਅਰਾਜਕਤਾ ਫੈਲਾਉਣਾ ਅਤੇ ਫਿਰ ਉਥੇ ਲੋਕਾਂ ਦੀ ਮਿਜਾਜ਼-ਪੁਰਸੀ ਕਰਨਾ ਹੀ ਮਾਨਵਤਾਵਾਦ ਦਾ ਮਨੋਰਥ ਬਣ ਗਿਆ ਹੈ। ਇਹੋ ਜਿਹੇ ਮਾਨਵਵਾਦੀ ਕਾਰਜਾਂ ਦਾ ਰੂਪ ਅਤੇ ਦਾਇਰਾ ਵੀ ਸਰਬ-ਵਿਆਪਕਤਾ ਵਾਲਾ ਨਹੀਂ ਹੈ, ਸਰਬ ਸਾਂਝਵਾਲਾ ਨਹੀਂ ਹੈ। ਜਿਸ ਮਾਨਵਵਾਦ ਦਾ ਅਰਥ ਨਿਰੋਲ ਮਨੁੱਖ ਨਾਂ ਹੋਕੇ ਵੱਖੋ ਵੱਖਰੇ ਵਰਗਾਂ ਨਾਲ ਸੰਬੰਧਤ ਹੋਵੇ ਉਹ ਅਸਲ ਅਰਥਾਂ ਵਿਚ ਮਾਨਵਤਾਵਾਦ ਨਹੀਂ ਹੋ ਸਕਦਾ।

ਭਾਰਤੀ ਸੰਦਰਭ ਵਿਚ ਮਾਨਵਤਾ ਦਾ ਅਰਥ ਧਰਮ ਅਤੇ ਦਰਸ਼ਨ ਨਾਲ ਜੁੜਿਆ ਹੋਇਆ ਹੈ। ਭਾਰਤੀ ਧਰਮ ਅਤੇ ਦਰਸ਼ਨ ਦਾ ਵਿਕਾਸ ਨਾਲੋ-ਨਾਲ ਹੋਇਆ ਹੈ, ਇਥੋਂ ਦੇ ਧਰਮ-ਚਿੰਤਨ ਦਾ ਸੰਬੰਧ ਮਾਨਵ ਜੀਵਨ ਦੇ ਨਿਰੋਲ ਅਧਿਆਤਮ ਪੱਖ ਨਾਲ ਜਾਂ ਨਿਰੋਲ ਸੰਸਾਰਕ ਪੱਖ ਨਾਲ ਨਹੀਂ ਹੈ ਸਗੋਂ ਧਰਮ ਦਰਸ਼ਨ ਦੀ ਬੁਨਿਆਦ ਵਿਚ ਸੰਸਾਰਕ ਅਤੇ ਅਧਿਆਤਮ ਦੋਹਾਂ ਵਿਚਾਰਾਂ ਦਾ ਸੁਮੇਲ ਮਿਲਦਾ ਹੈ। ਪੂਰਬੀ ਗਿਆਨ ਪਰੰਪਰਾ ਦੇ ਸੰਦਰਭ ਵਿਚ ਜਦੋਂ ਅਸੀਂ ਮਾਨਵਤਾ ਸ਼ਬਦ ਨੂੰ ਪਰਿਭਾਸ਼ਤ ਕਰਦੇ ਹਾਂ ਤਾਂ ਇਸ ਦੇ ਅਰਥ ਸਮਕਾਲੀਨ ਪੱਛਮੀ ਮਾਨਵਤਾਵਾਦ ਨਾਲੋਂ ਭਿੰਨ ਨਜ਼ਰ ਆਉਂਦੇ ਹਨ। ਪੱਛਮੀ ਸਮਾਜ ਵਿਚ ਸੰਸਥਾਗਤ ਧਰਮ ਦੀ ਦਖ਼ਲ ਵਿਰੁਧ ਜੋ ਨਵ-ਜਾਗਰਣ ਦੀ ਲਹਿਰ ਸ਼ੁਰੂ ਹੋਈ ਉਸਨੇ ਪਰੰਪਰਾਗਤ ਧਰਮ-ਦਰਸ਼ਨ ਨੂੰ ਵੀ ਦਰਕਿਨਾਰ ਕਰ ਦਿੱਤਾ ਅਤੇ ਧਾਰਮਿਕਤਾ ਜਾਂ ਅਧਿਆਤਮਿਕਤਾ ਨੂੰ ਆਧੁਨਿਕਤਾ ਦੇ ਸਨਮੁੱਖ ਇਕ ਪਿਛੜਿਆ ਹੋਇਆ ਅਤੇ ਨਿੰਦਣਯੋਗ ਵਿਚਾਰ ਸਥਾਪਿਤ ਕਰ ਦਿੱਤਾ। ਇਸ ਤਰ੍ਹਾਂ ਦੀ ਆਧੁਨਿਕਤਾ ਉੱਪਰ ਉੱਸਰੇ ਸਮਾਜ ਦੀ ਬਣਤਰ ਪਰੰਪਰਕ ਸਮਾਜਕ ਮੁੱਲਾਂ ਤੋਂ ਵੱਖਰੀ ਦਿਸ਼ਾ ਵਿਚ ਸਥਾਪਿਤ ਹੋਣੀ ਕੁਦਰਤੀ ਸੀ। ਨਵੀਆਂ ਕਦਰਾਂ-ਕੀਮਤਾਂ ਵਿਚੋਂ ਉੱਸਰੇ ਸਮਾਜ ਨੇ ਜਿਸ ਮਾਨਵ ਦੀ ਸੰਰਚਨਾ ਕੀਤੀ ਉਸਦੀਆਂ ਮਾਨਵੀ ਲੋੜਾਂ ਵੀ ਉਸੇ ਦਾਇਰੇ ਵਿਚ ਪਰਿਭਾਸ਼ਿਤ ਹੁੰਦੀਆਂ ਹਨ। ਇਕ ਤਰ੍ਹਾਂ ਦੇ ਬੰਦ ਦਾਇਰੇ ਵਿਚ ਵਿਕ ਸਤ ਹੋ ਰਹੇ ਇਸ ਆਧੁਨਿਕ ਮਾਨਵ ਦੇ ਸਰੋਕਾਰ ਪੂਰੀ ਤਰ੍ਹਾਂ ਸੰਸਾਰਕ ਜਾਂ ਪਦਾਰਥਵਾਦ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ ਅਤੇ ਜਦ ਇਸ ਵਰਤਾਰੇ ਵਿਚੋਂ ਮਨੁੱਖ ਆਪਣੀ ਪਛਾਣ ਤਲਾਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਆਧੁਨਿਕਤਾ ਅਤੇ ਪਰੰਪਰਾਗਤ ਨਜ਼ਰੀਏ ਦੇ ਦਵੰਦ ਵਿਚ ਉਸਨੂੰ ਕੋਈ ਭਰੋਸੇਯੋਗ ਰਾਹ ਚੁਣਨ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ। ਇਸ ਚਰਚਾ ਦਾ ਮਨੋਰਥ ਇਹ ਹੈ ਕਿ ਮੂਲਰੂਪ ਵਿਚ ਮਾਨਵਤਾ ਦਾ ਸੰਕਲਪ ਮਾਨਵ ਜੀਵਨ ਦੇ ਸਦੀ ਵੀ ਸਰੋਕਾਰਾਂ ਦੀ ਤਰਜਮਾਨੀ ਕਰਦਾ ਹੈ ਅਤੇ ਇਹ ਸਦੀ ਵੀ ਸਰੋਕਾਰ ਮਾਨਵ ਜੀਵਨ ਦਾ ਉਹ ਧੁਰਾ ਹਨ ਜਿਸ ਉੱਪਰ ਨੈਤਿਕਤਾ ਜਾਂ ਮੁੱਲਾਂ ਦਾ ਸਾਰਾ ਸੰਸਾਰ ਉੱਸਰਦਾ ਹੈ। ਭਾਰਤੀ ਦਰਸ਼ਨ ਇਨ੍ਹਾਂ ਹੀ ਬੁਨਿਆਦੀ ਸਰੋਕਾਰਾਂ ਨੂੰ ਮਾਨਵਤਾਵਾਦ ਦੇ ਅਰਥਾਂ ਵਿਚ ਪਰਿਭਾਸ਼ਿਤ ਕਰਦਾ ਹੈ। ਭਾਰਤੀ ਗਿਆਨ-ਚਿੰਤਨ ਦੀ ਮਾਨਵਤਾਵਾਦੀ ਪਰੰਪਰਾ ਨੂੰ ਗੁਰੂ ਨਾਨਕ ਦੇਵ ਨੇ ਬਹੁਤ ਹੀ ਸਪਸ਼ਟ ਅਤੇ ਸਰਲ ਭਾਸ਼ਾ ਵਿਚ ਆਮ ਲੋਕਾਂ ਤੱਕ ਪਹੁੰਚਾਇਆ ਹੈ। ਉਨ੍ਹਾਂ ਨੇ ਤੱਤਕਾਲੀ ਸਮਾਜਕ-ਰਾਜਨੀਤਕ ਸਥਿਤੀਆਂ ਵਿਚ ਮਾਨਵ ਜਾਤੀ ਦੀ ਮਾਂਦੀ ਹਾਲਤ ਅਤੇ ਸੰਕਟਮਈ ਸਥਿਤੀ ਨੂੰ ਦੂਰ ਕਰਨ ਲਈ ਆਪਣੇ ਵਿਰਸੇ ਅਤੇ ਵਰਤਮਾਨ ਦੇ ਗਿਆਨ ਵਿਚੋਂ ਇਕ ਅਜਿਹਾ ਅਦੁੱਤੀ ਤੇ ਨਿਵੇ ਕਲਾ ਚਿੰਤਨ ਦਿੱਤਾ ਜਿਸ ਨੂੰ ਸਾਰੀ ਲੋਕਾਈ ਨੇ ਬਿਨਾਂ ਕਿਸੇ ਧਰਮ-ਜਾਤੀ ਦੇ ਫ਼ਰਕ ਤੋਂ, ਆਪਣੇ ਜੀਵਨ ਦਾ ਅੰਗ ਬਣਾਇਆ।

ਮਾਨਵਤਾ ਨੂੰ ਜਦ ਅਸੀਂ ਭਾਰਤੀ ਪਰਿਪੇਖ ਵਿਚ ਪਰਿਭਾਸ਼ਿਤ ਕਰਦੇ ਹਾਂ ਤਾਂ ਇਸਦੀ ਬੁਨਿਆਦ ਮਨੁੱਖੀ ਆਤਮ ਅਤੇ ਪਰਮਾਤਮਾ ਦੀ ਏਕਤਾ ਉੱਪਰ ਟਿਕੀ ਹੋਈ ਹੈ। ਮਾਨਵ ਜੀਵਨ ਦੀ ਉੱਤਪਤੀ ਬਾਰੇ

ਜੋਗਿਆਨ ਸਾਨੂੰ ਵਿਸ਼ਵਾਸ ਦੀ ਪਰੰਪਰਾ ਰਾਹੀਂ ਮਿਲਦਾ ਹੈ ਉਸਨੂੰ ਹੀ ਸਾਰੇ ਮਨੁੱਖਾਂ ਵਿਚਕਾਰ ਆਪਸੀ ਰਿਸ਼ਤੇ ਅਤੇ ਸਾਂਝ ਨੂੰ ਸਥਾਪਿਤ ਕਰਨ ਵਾਲਾ ਮੰਨਿਆ ਗਿਆ ਹੈ। ਇਸ ਵਿਚਾਰ ਨਾਲ ਸਾਰੀ ਮਨੁੱਖੀ ਜਾਤੀ ਜਦੋਂ ਆਪਸ ਵਿਚ ਇਕ ਸਾਂਝ ਵਿਚ ਨਜ਼ਰ ਆਉਂਦੀ ਹੈ ਤਾਂ ਇਸ ਤਰ੍ਹਾਂ ਦੀ ਸਾਂਝ ਨੂੰ ਮਨ ਵਿਚ ਰੱਖਕੇ ਮਾਨਵਤਾ ਨੂੰ ਅਰਥ ਦਿੱਤੇ ਜਾਂਦੇ ਹਨ। ਸਮਕਾਲੀ ਭਾਸ਼ਾਈ ਮੁਹਾਵਰੇ ਵਿਚ ਭਾਵੇਂ ਇਹ ਗੱਲ ਧਾਰਮਿਕ ਵਹਿਮਾਂ ਜਾਂ ਰਵਾਇਤੀ ਸੋਚ ਕਹਿਕੇ ਦਰਕਿਨਾਰ ਕੀਤੀ ਜਾਂਦੀ ਰਹੀ ਹੈ ਪਰ ਜੇਕਰ ਭਾਰਤੀ ਸੰਦਰਭ ਵਿਚ ਮਾਨਵਤਾ ਦੇਸ ਹੀ ਅਰਥਾਂ ਨੂੰ ਸਮਝਣਾ ਹੋਵੇ ਤਾਂ ਸਾਨੂੰ ਇਸ ਭਾਸ਼ਾ ਅਤੇ ਮੁਹਾਵਰੇ ਦੀ ਵਰਤੋਂ ਕਰਨੀ ਪਵੇਗੀ। ਭਾਰਤੀ ਮਨੁੱਖ ਦੇ ਅਵਚੇਤਨ ਦੀ ਸਿਰਜਣਾ ਕਰਨ ਵਾਲੀਆਂ ਧਾਰਮਿਕ ਤੇ ਦਾਰਸ਼ਿਨਕ ਵਿਚਾਰਾਂ ਨੇ ਜਿਸ ਮਾਨਵ ਸਮਾਜ ਦੀ ਸਿਰਜਣਾ ਕੀਤੀ ਹੈ ਉਸਦਾ ਧੁਰਾ ਇਸੇ ਬ੍ਰਹਿਮੰਡਕ ਏਕਤਾ ਉਪਰ ਕੇਂਦਰਿਤ ਹੈ। ਜਦੋਂ ਅਸੀਂ ਇਸ ਦ੍ਰਿਸ਼ਟੀ ਨੂੰ ਸਵੀਕਾਰ ਕਰਕੇ ਪੱਛਮੀ ਸੰਕਲਪਨਾਵਾਂ ਦੀ ਪੜਚੋਲ ਕਰਦੇ ਹਾਂ ਤਾਂ ਵਰਤਮਾਨ ਸਮੇਂ ਵਿਚ ਮਾਨਵਤਾ ਨੂੰ ਪੇਸ਼ ਸਮੱਸਿਆਵਾਂ ਨੂੰ ਵੇਖਣ ਦਾ ਨਜ਼ਰੀਆ ਬਦਲ ਜਾਂਦਾ ਹੈ।

ਗੁਰੂ ਨਾਨਕ ਦਾ ਪੂਰਾ ਅਧਿਆਤਮਕ ਸੰਦੇਸ਼ ਮਾਨਵਤਾਵਾਦ ਨੂੰ ਕੇਂਦਰ ਵਿਚ ਰੱਖਕੇ ਹੀ ਸਾਹਮਣੇ ਆਉਂਦਾ ਹੈ। ਇਸ ਮਨੋਰਥ ਲਈ ਉਨ੍ਹਾਂ ਨੇ ਮਨੁੱਖ ਅਤੇ ਕੁਦਰਤ ਦੇ ਆਪਸੀ ਰਿਸ਼ਤੇ ਨੂੰ ਪਰਿਭਾਸ਼ਿਤ ਕੀਤਾ ਹੈ। ਦੋਹਾਂ ਵਿਚਕਾਰ ਅੰਤਮ ਏਕਤਾ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਨੇ ਮਨੁੱਖ ਨੂੰ ਆਪਣਾ ਆਚਰਣ ਸ਼ੁੱਧ ਰਖਣਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਜਦ ਸ੍ਰਿਸ਼ਟੀ ਅਤੇ ਮਾਨਵ ਦੇ ਆਪਸੀ ਰਿਸ਼ਤੇ ਦੀ ਗੱਲ ਕਰਦੇ ਹਨ ਤਾਂ ਉਸ ਰਿਸ਼ਤੇ ਅਨੁਸਾਰ ਬਣਨ ਵਾਲੇ ਸਮਾਜ ਅਤੇ ਕਦਰਾਂ-ਕੀਮਤਾਂ ਨੂੰ ਸਰਬ-ਸਾਂਝੀਵਾਲਤਾ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ ਅਤੇ ਅਜਿਹੀ ਸੰਕਲਪ ਨਾ ਨਾਲ ਸਾਰੀ ਮਾਨਵਜਾਤੀ ਇਕ ਦੂਜੇ ਨਾਲ ਇਕ ਰਿਸ਼ਤੇ ਵਿਚ ਜੁੜੀ ਹੋਈ ਹੈ। ਗੁਰੂ ਨਾਨਕ ਇਸੇ ਰਿਸ਼ਤੇ ਨੂੰ ਯਾਦ ਰਖਣ ਉੱਪਰ ਜ਼ੋਰ ਦਿੰਦੇ ਹਨ ਅਤੇ ਆਪਸ ਵਿਚ ਪ੍ਰੇਮ ਤੇ ਸਦਭਾਵਨਾ ਰੱਖਣ ਦਾ ਸੰਦੇਸ਼ ਦਿੰਦੇ ਹਨ। ਮਾਨਵਤਾਵਾਦ ਦੇ ਇਨ੍ਹਾਂ ਅਰਥਾਂ ਨੂੰ ਜੇਕਰ ਅਧਿਆਤਮਕ ਚਿੰਤਨ ਹੇਠ ਰੱਖਕੇ ਵਿਚਾਰਿਆ ਜਾਂਦਾ ਹੈ ਤਾਂ ਵੀ ਇਨ੍ਹਾਂ ਮਾਨਵਵਾਦੀ ਮੁੱਲਾਂ ਦੀ ਪ੍ਰਸੰਗਿਕਤਾ ਘੱਟ ਨਹੀਂ ਜਾਂਦੀ। ਅਧਿਆਤਮ ਨੂੰ ਸਹੀ ਅਰਥਾਂ ਵਿਚ ਸਮਝਣ ਦੀ ਲੋੜ ਹੈ ਕਿਉਂਕਿ ਇਹ ਚਿੰਤਨ ਮਨੁੱਖ ਦੀ ਸ੍ਰਿਸ਼ਟੀ ਨਾਲ ਏਕਤਾ ਨੂੰ ਅਨੁਭਵ ਕਰਵਾਉਣ ਵਾਲਾ ਇਕ ਭਗਤੀ ਮਾਰਗ ਹੈ। ਪਰੰਪਰਾਗਤ ਵਿਚਾਰਾਂ ਸੰਬੰਧੀ ਆਧੁਨਿਕਤਾ ਦੇ ਪੈਮਾਨੇ ਨਾਲ ਦਿੱਤੀਆਂ ਪਰਿਭਾਸ਼ਾਵਾਂ ਕਾਰਣ ਆਪਣੇ ਵਿਰਸੇ ਦੀਆਂ ਮਾਨਵਤਾਵਾਦੀ ਸੰਕਲਪਨਾਵਾਂ ਨੂੰ ਘੱਟ ਕਰਕੇ ਨਹੀਂ ਵੇਖਣਾ ਚਾਹੀਦਾ ਜਾਂ ਇਨ੍ਹਾਂ ਨੂੰ ਪਿਛੜੇ ਹੋਏ ਵਿਚਾਰਾਂ ਵਾਲਾ ਗਰਦਾਨ ਕੇ ਰੱਦ ਨਹੀਂ ਕਰਨਾ ਚਾਹੀਦਾ। ਗੁਰੂ ਨਾਨਕ ਦੇਵ ਨੇ ਜਿਨਾਂ ਮਨੁੱਖੀ ਸਰੋਕਾਰਾਂ ਦੀ ਗੱਲ ਕੀਤੀ ਹੈ ਉਹ ਅੱਜ ਦੇ ਯੁੱਗ ਵਿਚ ਹੋਰ ਵੀ ਸਾਰਥਕ ਸਿੱਧ ਹੁੰਦੇ ਨੇ ਕਿਉਂਕਿ ਅਤਿ-ਪਦਾਰਥਵਾਦ ਦੇ ਇਸ ਸਮਾਜਕ ਸੰਗਠਨ ਨੇ ਮਨੁੱਖ ਨੂੰ ਉਸਦੀ ਬੁਨਿਆਦੀ ਮਾਨਵੀ ਪਛਾਣ ਤੋਂ ਹੀ ਦੂਰ ਕਰ ਦਿੱਤਾ ਹੈ। ਅਜ ਦਾ ਮਨੁੱਖ ਨਿਰੋਲ ਖ਼ਪਤਕਾਰ ਬਣਕੇ ਰਹਿ ਗਿਆ ਹੈ ਅਤੇ ਕਿਸੇ ਵਸਤੂ ਦੀ ਪ੍ਰਾਪਤੀ ਜਾਂ ਅਪ੍ਰਾਪਤੀ ਹੀ ਉਸ ਲਈ ਜੀਵਨ-ਮਰਣ ਦਾ ਸਵਾਲ ਖੜਾ ਕਰ ਦਿੰਦੀ ਹੈ। ਅਤੀ-ਯਥਾਰਥ ਜਾਂ ਹਾਈਪਰ ਰੀਅਲ ਸੰਸਾਰ ਵਿਚ ਮਨੁੱਖ ਆਪਣੀਆਂ ਜੜਾਂ ਤੋਂ ਉੱਖੜ ਚੁੱਕਾ ਹੈ ਅਤੇ ਇਸੇ ਦਿਸ਼ਾਹੀਣ ਵਿਕਾਸ ਦੇ ਥਪੇੜਿਆਂ ਨਾਲ ਜਦੋਂ ਮਨੁੱਖ ਵਿਖੰਡਤ ਹੁੰਦਾ ਹੈ ਤਾਂ ਨਵੇਂ ਆਧੁਨਿਕ ਸਮਾਜ ਕੋਲ ਉਸ ਦੇ ਸਾਹਮਣੇ ਆਤਮਕ ਟਿਕਾ ਲਈ ਕੋਈ ਵਿਕਲਪ ਨਹੀਂ ਹੈ। ਗੁਰੂ ਨਾਨਕ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਏ ਤਾਂ

ਇਹੋ ਜਿਹੀਆਂ ਭਟਕਣਾ ਰੂਪ ਬਦਲਕੇ ਹਰ ਯੁੱਗ ਵਿਚ ਆਉਂਦੀਆਂ ਹਨ ਤੇ ਮਨੁੱਖ ਦਾ ਸਵੈ ਸਦਾ ਉਸ ਨਾਲ ਲੜਦਾ ਰਹਿੰਦਾ ਹੈ। ਜੇਕਰ ਮਨੁੱਖ ਅਧਿਆਤਮ ਚਿੰਤਨ ਰਾਹੀਂ ਆਪਣੀ ਬ੍ਰਹਿਮੰਡਕ ਏਕਤਾ ਦਾ ਸਿਮਰਨ ਕਰਦਾ ਹੋਇਆ ਜੀਵਨ ਦੇ ਕਾਰ-ਵਿਹਾਰ ਕਰਦਾ ਰਹਿੰਦਾ ਹੈ ਤਾਂ ਉਹ ਆਪਣੀਆਂ ਜੜਾਂ ਨਾਲੋਂ ਕਦੀ ਟੁੱਟਦਾ ਨਹੀਂ। ਇਸੇ ਲਈ ਗੁਰੂ ਨਾਨਕ ਜਪੁਜੀ ਸਾਹਿਬ ਵਿਚ ਆਖਦੇ ਨੇ :

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥1॥**

ਮਾਨਵਤਾਵਾਦ ਦਾ ਸਹੀ ਅਰਥ ਭਾਰਤੀ ਚਿੰਤਨ ਵਿਚੋਂ ਪੈਦਾ ਹੋਈ ਸਰਬ-ਸਾਂਝੀਵਾਲਤਾ ਹੈ। ਸਰਬ-ਸਾਂਝੀਵਾਲਤਾ ਦਾ ਜੋ ਸੰਦੇਸ਼ ਗੁਰੂ ਨਾਨਕ ਨੇ ਦਿੱਤਾ ਉਹੀ ਸਹੀ ਅਰਥਾਂ ਵਿਚ ਪੂਰੀ ਤਰ੍ਹਾਂ ਮਾਨਵਤਾਵਾਦੀ ਸੰਕਲਪ ਹੈ। ਜਿਵੇਂ ਕਿ ਗੁਰੂ ਅਰਜਨ ਸਾਹਿਬ ਦਾ ਵਾਕ ਹੈ: ਸਭੈ ਸਾਂਝੀਵਾਲ ਸਦਾਇਨ ਤੂੰ ਕਿਸੈ ਨ ਦਿਸ ਹਿ ਬਾਹਰਾ ਜੀਉ॥ ਸਾਰੀ ਮਨੁੱਖ ਜਾਤੀ ਨੂੰ ਇਕ ਪਰਮ ਸੱਤਾ ਅਧੀਨ ਰੱਖਕੇ ਵੇਖਣ ਨਾਲ ਜੀਵਨਦਾਨ ਜ਼ਰੀਆ ਸਾਂਝਵਾਲਾ ਬਣਦਾ ਹੈ ਸਾਂਝ, ਵਖਰੇ ਵਿਆਂ ਵਿਚੋਂ ਹੀ ਲੱਭੀ ਜਾਂਦੀ ਹੈ ਇਸ ਲਈ ਗੁਰੂ ਸਾਹਿਬ ਦੀ ਵਿਚਾਰਧਾਰਾ ਮੁਤਾਬਿਕ ਵੱਖਰਤਾਵਾਂ ਮੌਜੂਦ ਜ਼ਰੂਰ ਹਨ ਪਰ ਉਸ ਦਾ ਨਿਰਮਾਣ ਮਨੁੱਖਾਂ ਨੇ ਆਪ ਹੀ ਕੀਤਾ ਹੈ। ਇਨ੍ਹਾਂ ਵੱਖਰਤਾਵਾਂ ਨੂੰ ਸੰਸਾਰਕ ਪੱਧਰ 'ਤੇ ਸਵੀਕਾਰ ਕਰਦਿਆਂ ਹੋਇਆਂ ਵੀ ਉਹ ਇਨ੍ਹਾਂ ਦੇ ਅਰੰਭ ਅਤੇ ਅੰਤ ਵਾਲੇ ਏਕੇ ਨੂੰ ਸੰਬੋਧਨ ਹੁੰਦੇ ਹਨ। ਉਸ ਪਰਮ ਅਵਸਥਾ ਵਿਚ ਸਾਰੇ ਵੱਖਰੇਵੇਂ ਮੁੱਕ ਜਾਂਦੇ ਹਨ ਤੇ ਇਕ ਪਰਮ ਸੱਚ ਹੀ ਮੌਜੂਦ ਰਹਿੰਦਾ ਹੈ। ਇਹ ਬੁਨਿਆਦੀ ਵਿਚਾਰ ਮਨੁੱਖੀ ਜੀਵਨ ਦ੍ਰਿਸ਼ਟੀ ਦੇ ਮੂਲ ਵਿਚ ਉਤਾਰਨ ਲਈ ਗੁਰੂ ਨਾਨਕ ਨੇ ਯਥਾਰਥ ਰਾਹੀਂ ਪਰਮਾਰਥ ਦਾ ਸੰਦੇਸ਼ ਦਿੱਤਾ।

**ਰਵਿੰਦਰ ਸਿੰਘ (ਡਾ.)**
Email : ravinder707@gmail.com

# ਸੰਗੀਤ : ਨਾਨਕ ਬਾਣੀ ਦੀ ਮੁੱਖ ਸੰਚਾਰ ਜੁਗਤ ਵਜੋਂ

**ਸੰਦੀਪ ਕੌਰ**

ਮਾਨਵੀ ਜੀਵਨ ਦੇ ਆਰੰਭ ਤੋਂ ਹੀ ਸੰਚਾਰ ਮਨੁੱਖੀ ਅਨੁਭਵ ਦੇ ਪ੍ਰਗਟਾਅ ਦਾ ਇਕ ਸਾਧਨ ਬਣਿਆ ਹੋਇਆ ਹੈ। ਇਕ ਆਮ ਮਨੁੱਖ ਜਦੋਂ ਆਪਣੇ ਆਲੇ-ਦੁਆਲੇ ਦੀਆਂ ਸਥਿਤੀਆਂ 'ਚੋਂ ਕੋਈ ਅਨੁਭਵ ਗ੍ਰਹਿਣ ਕਰਦਾ ਹੈ ਤਾਂ ਉਸ ਅੰਦਰ ਇੱਛਾ ਹੁੰਦੀ ਹੈ ਕਿ ਉਹ ਕਿਸੇ ਵੀ ਸੰਚਾਲਨ ਸ਼ਕਤੀ ਨਾਲ ਇਸ ਦਾ ਆਮ ਲੋਕਾਈ ਤੱਕ ਸੰਚਾਰ ਕਰੇ। ਦਰਅਸਲ ਮਨੁੱਖ ਅਤੇ ਉਸ ਵਿਚਲੀ ਸਾਂਝ ਦਾ ਮੂਲ ਆਧਾਰ ਅਨੁਭਵਾਂ ਤੇ ਵਿਚਾਰਾਂ ਦੀ ਸਾਂਝ ਜਾਂ ਆਦਾਨ ਪ੍ਰਦਾਨ ਹੁੰਦਾ ਹੈ। ਮਨੁੱਖ ਦੀਆਂ ਗਿਆਨ ਇੰਦਰੀਆਂ ਅੱਖਾਂ, ਨੱਕ, ਮੂੰਹ, ਕੰਨ ਆਦਿ ਆਲੇ ਦੁਆਲੇ ਦੇ ਨਿਰਧਾਰਕ ਤੱਤਾਂ ਵਿਚ ਵਿਚਰਦੇ ਹੋਏ ਅਨੁਭਵ ਦਾ ਪ੍ਰਤੱਖਣ ਅਤੇ ਗ੍ਰਹਿਤ ਭਾਵਾਂ ਦਾ ਪ੍ਰਗਟਾਅ ਇਨ੍ਹਾਂ ਤੋਂ ਬਿਨ੍ਹਾਂ ਸੰਭਵ ਨਹੀਂ ਹੈ। ਇਨ੍ਹਾਂ ਗਿਆਨ ਇੰਦਰੀਆਂ ਨੂੰ ਪ੍ਰਭਾਵਿਤ ਕਰਨ ਲਈ ਹੀ ਲਲਿਤ ਕਲਾਵਾਂ ਦੀ ਸਿਰਜਣਾ ਹੋਈ ਹੈ। ਇਹ ਕਲਾਵਾਂ ਮਾਨਵੀ ਵਿਕਾਸ ਦੀਆਂ ਹਾਣੀ ਹਨ ਅਤੇ ਇਨ੍ਹਾਂ ਦੇ ਬੀਜ ਆਦਿ ਮਾਨਵ ਦੇ ਜੀਵਨ ਵਿਚੋਂ ਹੀ ਉਪਲੱਬਧ ਹੁੰਦੇ ਹਨ। ਭਾਰਤੀ ਪ੍ਰਸੰਗ ਵਿਚ ਲਲਿਤ ਕਲਾਵਾਂ ਦੀ ਉਤਮਤਾ ਅਤੇ ਉਚਤਾ ਉਨ੍ਹਾਂ ਦੀ ਸੰਚਾਰ ਮੁਖਤਾ ਉੱਤੇ ਨਿਰਭਰ ਹੈ। ਲਲਿਤ ਕਲਾਵਾਂ ਵਿਚ ਵਸਤੂ ਕਲਾ, ਮੂਰਤੀ ਕਲਾ, ਚਿਤਰ ਕਲਾ, ਕਾਵਿ ਕਲਾ, ਨ੍ਰਿਤ ਅਤੇ ਸੰਗੀਤ ਨੂੰ ਰੱਖਿਆ ਜਾਂਦਾ ਹੈ। ਲਲਿਤ ਕਲਾਵਾਂ ਵਿਚੋਂ ਸੰਗੀਤ ਨੂੰ ਸਰਵੋਤਮ ਸਥਾਨ ਦਿੱਤਾ ਜਾਂਦਾ ਹੈ। ਸੰਗੀਤ 'ਸਮ' ਅਤੇ 'ਗੀਤ' ਦੋਹਾਂ ਦਾ ਸੰਯੁਕਤ ਰੂਪ ਮੰਨਿਆ ਜਾਂਦਾ ਹੈ। ਸਮ ਤੋਂ ਭਾਵ 'ਚੰਗਾ' ਅਤੇ ਗੀਤ ਤੋਂ ਭਾਵ 'ਗਾਇਨ' ਹੈ ਕਿਉਂਕਿ ਇਸ ਵਿਚ ਗਾਇਨ ਦੀ ਪ੍ਰਧਾਨਤਾ ਹੈ। ਕੁਝ ਵਿਦਵਾਨ 'ਸਮ' ਨੂੰ ਸੰਗੀਤਕ ਸੁਰਾਂ ਨਾਲ ਹੀ ਜੋੜਦੇ ਹਨ। ਇਸ ਤਰ੍ਹਾਂ ਸੁਰ ਅਤੇ ਗੀਤ ਦੇ ਸੁਮੇਲ ਤੋਂ ਸੰਗੀਤ ਬਣਿਆ ਹੋਇਆ ਹੈ। ਆਦਿ ਕਾਲ ਤੋਂ ਹੀ ਮਨੁੱਖ ਨੇ ਆਪਣੇ ਅਨੁਭਵ ਦੀ ਅਭਿਵਿਅਕਤੀ ਲਈ ਸੰਗੀਤ ਨੂੰ ਇਕ ਮਾਧਿਅਮ ਵਜੋਂ ਚੁਣਿਆ ਹੈ। ਆਦਿ ਮਨੁੱਖ ਨੇ ਆਪਣੇ ਮਨੋਭਾਵਾਂ ਦੇ ਸੰਚਾਰ ਅਤੇ ਪ੍ਰਗਟਾਅ ਲਈ ਵਿਅਕਤੀਗਤ ਅਤੇ ਸਮੂਹਿਕ ਸੁਹਜ ਦੀ ਉਤਪਤੀ ਨੂੰ ਇਕ ਜੁਜ਼ ਵਜੋਂ ਵਰਤਦਿਆਂ ਸੰਗੀਤ ਦਾ ਇਸਤੇਮਾਲ ਕੀਤਾ ਹੈ। ਭਾਰਤੀ ਸ਼ਾਸਤਰੀ ਸੰਗੀਤ ਇਸ ਦੀ ਅਦੁੱਤੀ ਮਿਸਾਲ ਹੈ ਪਰ ਇਹ ਸੰਗੀਤ ਸ਼ਾਸਤਰੀ ਹੋਣ ਕਾਰਣ ਵਸ਼ਿਸ਼ਟ ਲੋਕਾਂ ਦੀ ਸੁਹਜ ਪ੍ਰਾਪਤੀ ਦਾ ਸਾਧਨ ਬਣਦਾ ਹੈ ਜਦਕਿ ਗੁਰੂ ਨਾਨਕ ਸਾਹਿਬ ਤਾਂ ਆਮ ਲੋਕਾਈ ਨੂੰ ਇਕ ਵੱਖਰਾ ਅਤੇ ਵਿਲੱਖਣ ਅਨੁਭਵ ਕਰਵਾਉਣ ਲਈ ਸੰਗੀਤ ਦੀ ਵਰਤੋਂ ਕਰਦੇ ਹਨ। ਉਮਰ ਭਰ ਭਾਈ ਮਰਦਾਨੇ ਦਾ ਸਾਥ ਕੇਵਲ ਵਿਅਕਤੀਗਤ ਹੀ ਨਹੀਂ ਸੀ ਸਗੋਂ ਸ਼ਬਦ ਅਤੇ ਸਾਜ਼ ਦਾ ਸਾਥ ਵੀ ਸੀ। ਸ਼ਬਦ ਪ੍ਰਮਾਤਮਾ ਦੀ ਪ੍ਰਾਪਤੀ ਜਾਂ ਮੁਕਤੀ ਦਾ ਇਕ ਕੇਂਦਰੀ ਧੁਰਾ ਹੈ ਪਰ ਇਸ ਸ਼ਬਦ ਦਾ ਅਨੁਭਵ ਸੰਚਾਰ ਕਰਨ ਵਾਸਤੇ ਸੰਗੀਤ ਨੂੰ ਵਾਹਨ ਵਜੋਂ ਵਰਤਿਆ ਗਿਆ ਹੈ। ਇਸ ਲਈ ਜਿਥੇ ਸ਼ਾਸਤਰੀ ਸੰਗੀਤ ਵਿਚ ਸੁਰ ਅਤੇ ਲੈਅ ਵਾਸਤੇ ਸਰਗਮ ਅਤੇ ਅਲਾਪ ਉੱਤੇ ਜ਼ੋਰ ਦਿੱਤਾ ਗਿਆ ਹੈ ਉੱਥੇ ਗੁਰੂ ਸਾਹਿਬ ਨੇ ਸੰਗੀਤ ਨੂੰ ਵਸ਼ਿਸ਼ਟ ਲੋਕਾਂ/ਸ੍ਰੋਤਿਆਂ ਦੀ ਵਲਗਣ ਵਿਚੋਂ ਕੱਢ ਕੇ ਆਮ ਲੋਕਾਈ ਦੇ ਸੁਹਜ ਲਈ ਵਰਤੋਂ ਕੀਤੀ ਹੈ। ਇਸੇ ਵਾਸਤੇ ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਵਿਚਕਾਰ ਇਕ ਬੁਨਿਆਦੀ ਅੰਤਰ ਹੈ। ਇਹ ਅੰਤਰ ਵਸ਼ਿਸ਼ਟ ਤੋਂ ਆਮ ਮਨੁੱਖ ਦੀ ਯਾਤਰਾ ਹੈ ਯਾਨੀ ਸਰਗਮ ਨੂੰ ਕੇਵਲ ਬੁਨਿਆਦ ਵਜੋਂ ਵਰਤ ਕੇ ਸ਼ਬਦ ਭਾਵ ਦੇ ਸੰਚਾਰ ਨਾਲ ਸਬੰਧਿਤ ਹੈ।

ਗੁਰੂ ਨਾਨਕ ਸਾਹਿਬ ਆਪਣੇ ਤੋਂ ਪੂਰਵਲੀ ਅਤੇ ਸਮਕਾਲੀ ਭਾਰਤੀ ਸੰਗੀਤ ਪਰੰਪਰਾ ਨਾਲੋਂ ਭਿੰਨਤਾ ਕਾਇਮ ਕਰਦੇ ਹੋਏ ਬਾਣੀ ਦੀ ਪ੍ਰਸਤੁਤੀ ਲਈ ਸ਼ਬਦ ਕੀਰਤਨ ਨੂੰ ਇਕ ਕੇਂਦਰੀ ਜੁਗਤ ਵਜੋਂ ਵਰਤਦੇ ਹਨ। ਗੁਰੂ ਸਾਹਿਬ ਦੁਆਰਾ ਸਥਾਪਿਤ ਕੀਰਤਨ ਦਾ ਪ੍ਰਯੋਗ ਆਪਣੇ ਸਰੂਪ ਦੀ ਵਿਲੱਖਣਤਾ ਅਤੇ ਇਸ ਦੇ ਅੰਤਰੀਵ ਵਿਚ ਵਿਦਮਾਨ ਗੁਣਾਂ ਕਰਕੇ ਵੱਖਰੀ ਮਹੱਤਤਾ ਦਾ ਧਾਰਨੀ ਬਣਦਾ ਹੈ।

ਜਿੱਥੇ ਭਾਰਤੀ ਸ਼ਾਸਤਰੀ ਸੰਗੀਤਕ ਪਰੰਪਰਾ ਵਿਚ ਸ਼ਬਦ ਦਾ ਵਾਰ ਵਾਰ ਰਟਨ ਹੈ ਉੱਥੇ ਗੁਰੂ ਸਾਹਿਬ ਦੀ ਸੰਗੀਤ ਪ੍ਰਤੀ ਪਹੁੰਚ ਸ਼ਬਦ ਵਿਚ ਸੁਭਾਇਮਾਨ ਅਧਿਆਤਮਕ ਰਹੱਸਾਂ ਦੇ ਭੇਦ ਨੂੰ ਗਾਇਨ ਰਾਹੀਂ ਸੁਹਜਾਤਮਕ ਤੌਰ 'ਤੇ ਸੰਚਾਰਿਤ ਕਰਨ ਵਿਚ ਹੈ। ਇੱਥੇ ਸ਼ਬਦ ਬਾਣੀ ਦੀ ਇਕਾਈ ਤੋਂ ਅਗਾਂਹ ਯਾਤਰਾ ਕਰਦਾ ਹੋਇਆ ਅਧਿਆਤਮਕ ਅਨੁਭਵ ਅਤੇ ਗਿਆਨ ਦਾ ਪ੍ਰਤੀਕ ਬਣਦਾ ਹੈ। ਗੁਰੂ ਨਾਨਕ ਸਾਹਿਬ ਆਪਣੇ ਆਪ ਨੂੰ ਢਾਡੀ ਦੇ ਰੂਪ ਚਿਤਰਦਿਆਂ ਸ਼ਬਦ ਦੀ ਪ੍ਰਾਪਤੀ ਲਈ ਉਸ ਪ੍ਰਮਾਤਮਾ ਦਾ ਦਰ ਦਰਵਾਜ਼ਾ ਖੜਕਾਉਂਦੇ ਹਨ–

**ਹਉ ਢਾਢੀ ਵੇਕਾਰੁ ਕਾਰੈ ਲਾਇਆ ॥**
**ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥**
**ਢਾਢੀ ਸਚੈ ਮਹਲਿ ਖਸਮਿ ਬੁਲਾਇਆ॥**
**ਸਚੀ ਸਿਫਤਿ ਸਾਲਾਹ ਕਪੜਾ ਪਾਇਆ॥**
**ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥**
**ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥**
**ਢਾਢੀ ਕਰੇ ਪਸਾਉ ਸਬਦੁ ਵਜਾਇਆ॥**
**ਨਾਨਕ ਸਚੁ ਸਾਲਾਹਿ ਪੂਰਾ ਪਾਇਆ॥**

(ਆਦਿ ਗ੍ਰੰਥ ਸਾਹਿਬ, ਪੰਨਾ 150)

ਗੁਰੂ ਸਾਹਿਬ ਦਾ ਮਨੋਰਥ ਸ਼ਬਦ ਦੇ ਸਤਿ ਸਰੂਪ ਨੂੰ ਸੰਗਤਾਂ/ਸ਼ਿਸ਼ਾਂ ਦੇ ਹਿਰਦਿਆਂ ਵਿਚ ਵਸਾਉਣਾ ਹੈ। ਇਸ ਵਾਸਤੇ ਹੀ ਉਨ੍ਹਾਂ ਦੀ ਸਾਰੀ ਬਾਣੀ ਰਾਗਾਂ ਉੱਤੇ ਆਧਾਰਿਤ ਹੈ। ਗੁਰੂ ਨਾਨਕ ਸਾਹਿਬ ਦੇ ਜੀਵਨ ਉੱਤੇ ਝਾਤੀ ਮਾਰੀਏ ਤਾਂ ਚਾਰੇ ਉਦਾਸੀਆਂ ਦੌਰਾਨ ਉਹ ਵੱਖ ਵੱਖ ਸੰਪ੍ਰਦਾਇ ਦੇ ਧਾਰਮਿਕ ਰਹਿਨੁਮਾਵਾਂ ਨਾਲ ਗੋਸ਼ਟਾਂ ਕਰਦੇ ਸਮੇਂ ਵੀ ਸੰਗੀਤ/ਕੀਰਤਨ ਨੂੰ ਸੰਚਾਰ ਦੀ ਕੇਂਦਰੀ ਜੁਗਤ ਵਜੋਂ ਵਰਤਦੇ ਹਨ। ਬਾਣੀ ਦੇ ਉਚਾਰਣ ਕਰਨ ਸਮੇਂ ਗੁਰੂ ਸਾਹਿਬ ਦਾ ਇਹ ਫੁਰਮਾਨ 'ਮਰਦਾਨਿਆ ਰਬਾਬ ਵਜਾਇ ਬਾਣੀ ਆਈ ਹੈ' ਆਪਣੇ ਆਪ ਵਿਚ ਹੀ ਸਾਡੇ ਇਸ ਖੋਜ ਪੱਤਰ ਦਾ ਕੇਂਦਰੀ ਧੁਰਾ ਬਣ ਜਾਂਦਾ ਹੈ।

ਗੁਰੂ ਸਾਹਿਬ ਵਲੋਂ ਉਚਾਰੇ ਗਏ ਪਵਿੱਤਰ ਸ਼ਬਦ ਵਿਸ਼ੇਸ਼ ਸੰਗੀਤਕ ਧੁਨਾਂ ਨਾਲ ਹੀ ਗਾਏ ਜਾਂਦੇ ਹਨ। ਇਨ੍ਹਾਂ ਧੁਨਾਂ ਦੀ ਚੋਣ ਵੀ ਗੁਰੂ ਸਾਹਿਬ ਸ਼ਬਦ ਦੇ ਭਾਵ ਅਨੁਸਾਰ ਕਰਦੇ ਹਨ। ਇਸ ਵਾਸਤੇ ਉਹ ਹਰੇਕ ਸ਼ਬਦ ਨੂੰ ਨਿਰਧਾਰਤ ਰਾਗ ਵਿਚ ਹੀ ਗਾਇਨ ਕਰਨ ਦੀ ਪਰੰਪਰਾ ਦੇ ਧਾਰਨੀ ਹਨ। ਗੁਰੂ ਨਾਨਕ ਸਾਹਿਬ ਆਪਣੇ ਸ਼ਿਸ਼ਾਂ ਨੂੰ ਸਵੇਰ ਸ਼ਾਮ ਕੀਰਤਨ ਕਰਨ ਜਾਂ ਕੀਰਤਨ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹਨ। ਅਜਿਹਾ ਇਸ ਲਈ ਕਿ ਉਹ ਸਮਾਂ ਸੰਗੀਤ ਦੀਆਂ ਸੁਗਮ ਅਤੇ ਸੁਹਜਾਤਮਕ ਧੁਨਾਂ ਰਾਹੀਂ ਅਨੁਭਵ ਨੂੰ

ਗ੍ਰਹਿਣ ਕਰਨ ਦਾ ਸਭ ਤੋਂ ਚੰਗਾ ਸਮਾਂ ਹੈ। ਜਦੋਂ ਪ੍ਰਾਕਿਰਤੀ ਵਿਚ ਹਰ ਪਾਸੇ ਸ਼ਾਤੀ ਹੁੰਦੀ ਹੈ ਜਾਂ ਪ੍ਰਾਕਿਰਤੀ ਦੀ ਆਪਣੀ ਇਕ ਆਵਾਜ਼ ਹੁੰਦੀ ਹੈ ਜਿਸ ਨੂੰ ਅਨਹਦ ਦਾ ਨਾਮ ਦਿੱਤਾ ਗਿਆ ਹੈ। ਇਸ ਅਨਹਦ ਵਿਚ ਨਾਦ ਦਾ ਪ੍ਰਵੇਸ਼ ਕਰਕੇ ਅਨੁਭਵ ਨੂੰ ਤਿਖੇਰਾ ਕਰਨ ਲਈ ਸੰਗੀਤ ਇਕ ਅਦਭੁੱਤ ਕਾਰਜ ਕਰਦਾ ਹੈ ਯਾਨੀ ਨਾਮ ਦੀ ਸ਼ਕਤੀ ਨੂੰ ਗ੍ਰਹਿਣ ਕਰਵਾਉਣ ਵਿਚ ਸਹਾਈ ਹੁੰਦਾ ਹੈ। ਗੁਰੂ ਸਾਹਿਬ ਮੁਤਾਬਿਕ ਕੀਰਤਨ ਆਤਮਾ ਦੀ ਖੁਰਾਕ ਹੈ। ਇਹ ਇਕ ਅਜਿਹਾ ਖ਼ਜ਼ਾਨਾ ਹੈ ਜੋ ਕਦੇ ਵੀ ਮੁੱਕਦਾ ਨਹੀਂ। ਜੋ ਵੀ ਕੀਰਤਨ ਕਰਦਾ ਹੈ ਜਾਂ ਸ਼ਬਦ ਕੀਰਤਨ ਨਾਲ ਜੁੜਦਾ ਹੈ ਉਹ ਪ੍ਰਮਾਤਮਾ ਦੇ ਰਹੱਸ ਨੂੰ ਸਮਝਣ ਲਗਦਾ ਹੈ। ਇਹ ਸ਼ਬਦ ਕੀਰਤਨ ਹੀ ਸਾਡੀਆ ਮੁਸ਼ਕਿਲਾਂ ਅਤੇ ਅੜਚਨਾਂ ਨੂੰ ਘਟਾ ਕੇ ਸਾਡੇ ਮਨਾਂ ਵਿਚ ਅਦੁੱਤੀ ਸ਼ਾਂਤੀ ਭਰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ :-

**ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ॥**
**ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ॥**

(ਆਦਿ ਗ੍ਰੰਥ ਸਾਹਿਬ, ਪੰਨਾ 671)

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੀ ਗਈ ਇਹ ਕੀਰਤਨ ਪਰੰਪਰਾ ਗੁਰੂ ਸਾਹਿਬ ਦੁਆਰਾ ਦਰਸਾਏ ਅਧਿਆਤਮਕ ਮਾਰਗ ਦਾ ਅਨੁਸਰਣ ਕਰਦੀ ਹੈ। ਗੁਰਬਾਣੀ ਵਿਚ ਨਿਹਿਤ ਅਧਿਆਤਮਕ ਅਤੇ ਰਹੱਸਾਤਮਕ ਸੰਦੇਸ਼ ਨੂੰ ਸੰਚਾਲਤ ਕਰਨ ਲਈ ਬਾਣੀ ਨੂੰ ਵਿਭਿੰਨ ਸੰਗੀਤਕ ਉਪਰਕਣਾਂ ਨਾਲ ਅਲੰਕ੍ਰਿਤ ਕੀਤਾ ਗਿਆ ਹੈ। ਇਹੋ ਕਾਰਣ ਹੈ ਕਿ ਇਹ ਭਾਰਤੀ ਸ਼ਾਸਤਰੀ ਸੰਗੀਤ ਦੀਆਂ ਪੁਰਾਣੀਆਂ ਧਾਰਨਾਵਾਂ ਤੋਂ ਵੱਖਰਤਾ ਗ੍ਰਹਿਣ ਕਰਕੇ ਬਾਣੀ ਦੇ ਮੌਲਿਕ ਗੁਣਾਂ ਨੂੰ ਨਵੀਨਤਾ ਪ੍ਰਦਾਨ ਕਰਦੀ ਹੈ। ਬਾਣੀ ਦੇ ਅੰਤਰਗਤ ਭਿੰਨ ਭਿੰਨ ਸੰਗੀਤ ਸੰਚਾਰ ਵਿਧੀਆਂ ਦੀ ਵਰਤੋਂ ਬਾਣੀ ਦੀ ਕੀਰਤਨ ਪੱਧਤੀ ਨੂੰ ਇਕ ਸ਼ਕਤੀਸ਼ਾਲੀ ਸੰਚਾਰ ਜੁਗਤ ਵਜੋਂ ਸਥਾਪਤ ਕਰਦੀ ਹੈ।

ਗੁਰਬਾਣੀ ਦਾ ਰਾਗ ਪ੍ਰਬੰਧ ਜਿਥੇ ਭਾਰਤੀ ਸ਼ਾਸਤਰੀ ਸੰਗੀਤ ਨਾਲੋਂ ਵੱਖਰਾ ਹੈ ਉਥੇ ਇਸ ਵਿਚ ਰਾਗਾਂ ਦੇ ਗਾਇਨ ਸਮੇਂ ਦੀ ਸਾਰਥਿਕਤਾ ਨੂੰ ਕਬੂਲ ਕੇ ਭਾਰਤੀ ਸ਼ਾਸਤਰੀ ਗਾਇਨ ਪੱਧਤੀ ਨਾਲ ਇਕ ਸੁਮੇਲ ਵੀ ਬਣਾਇਆ ਗਿਆ ਹੈ। ਉਦਾਹਰਨ ਵਜੋਂ ਸ੍ਰੀ ਰਾਗ ਸ਼ਾਮ ਦਾ ਰਾਗ ਹੈ। ਗੁਰੂ ਸਾਹਿਬ ਨੇ ਇਸ ਵਿਚ ਬਾਣੀ ਦੀ ਰਚਨਾ ਕਰਦਿਆਂ ਸ਼ਾਮ ਦੇ ਵਾਤਾਵਰਨ ਦਾ ਚਿਤਰਨ ਕੀਤਾ ਹੈ।

**ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥**
**ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ॥**
**ਬਿਨ ਤੇਲ ਦੀਵਾ ਕਿਉ ਜਲੈ॥ ਰਹਾਉ॥**
**ਪੋਥੀ ਪੁਰਾਣ ਕਮਾਈਐ॥**
**ਭਉ ਵਟੀ ਇਤੁ ਤਨਿ ਪਾਈਐ॥**
**ਸਚੁ ਬੂਝਣੁ ਆਣਿ ਜਲਾਈਐ॥**
**ਇਹੁ ਤੇਲੁ ਦੀਵਾ ਇਉ ਜਲੈ॥**
**ਕਰਿ ਚਾਨਣੁ ਸਾਹਿਬ ਤਉ ਮਿਲੈ॥**

**ਇਤੁ ਤਨਿ ਲਾਗੈ ਬਾਣੀਆ॥**
**ਸੁਖੁ ਹੋਵੈ ਸੇਵ ਕਮਾਣੀਆ॥**
**ਸਭ ਦੁਨੀਆ ਆਵਣ ਜਾਣੀਆ॥**
**ਵਿਚਿ ਦੁਨੀਆ ਸੇਵ ਕਮਾਈਐ॥**
**ਤਾ ਦਰਗਹ ਬੈਸਣੁ ਪਾਈਐ॥**
**ਕਹੁ ਨਾਨਕ ਬਾਹ ਲੁਡਾਈਐ॥**

(ਆਦਿ ਗ੍ਰੰਥ ਸਾਹਿਬ, ਪੰਨਾ 25)

ਇਸੇ ਤਰ੍ਹਾਂ ਬਿਹਾਗੜਾ/ਕਲਿਆਣ ਰਾਤ ਦੇ ਪਹਿਲੇ ਪਹਿਰ ਦਾ ਚਿਤਰਨ, ਵਡਹੰਸ ਵਿਚ ਦੁਪਹਿਰ ਦਾ ਸੋਰਠਿ, ਕਾਨੜਾ ਵਿਚ ਰਾਤ ਦਾ ਅਤੇ ਪ੍ਰਭਾਤੀ ਵਿਚ ਸਵੇਰ ਦਾ ਚਿਤਰਨ ਸਹਿਜੇ ਹੀ ਮਿਲ ਜਾਂਦਾ ਹੈ। ਗੁਰੂ ਸਾਹਿਬ ਬਾਣੀ ਵਿਚ ਸਮੇਂ ਦੇ ਚਿਤਰਨ ਲਈ ਢੁੱਕਵੇਂ ਬਿੰਬਾਂ ਅਤੇ ਪ੍ਰਤੀਕਾਂ ਦੀ ਵਰਤੋਂ ਕਰਦੇ ਹਨ। ਇਸ ਦਾ ਮਨੋਰਥ ਇਨ੍ਹਾਂ ਬਿੰਬਾਂ, ਪ੍ਰਤੀਕਾਂ ਰਾਹੀਂ ਬਾਣੀ ਦੇ ਪ੍ਰਯੋਜਤ ਭਾਵਾਂ ਨੂੰ ਸਮੇਂ ਅਨੁਸਾਰ ਜਗਿਆਸੂ ਮਨ ਵਿਚ ਵਸਾਉਣਾ ਹੈ। ਮਨ ਵਿਚ ਵਸਿਆ ਭਾਵ ਹੀ ਨਾਮ ਦੀ ਪ੍ਰਾਪਤੀ ਲਈ ਸਹਿਜ ਅਵਸਥਾ ਦਾ ਵਾਤਾਵਰਨ ਪੈਦਾ ਕਰਦਾ ਹੈ।

ਇੱਥੇ ਹੀ ਬਸ ਨਹੀਂ ਗੁਰੂ ਸਾਹਿਬ ਨੇ ਭਾਰਤੀ ਸ਼ਾਸਤਰੀ ਸੰਗੀਤ ਦੀ ਪਰੰਪਰਾ ਦਾ ਅਨੁਸਰਣ ਕਰਦਿਆਂ ਕਈ ਰਾਗਾਂ ਨੂੰ ਮੌਸਮ ਅਨੁਸਾਰ ਗਾਇਨ ਕਰਨ ਦੇ ਵੀ ਉਪਦੇਸ਼ ਦਿੱਤੇ ਹਨ। ਮੌਸਮ ਬਾਰੇ ਉਪਲੱਬਧ ਰਾਗਾਂ ਵਿਚ ਬਸੰਤ, ਮਲਾਰ, ਸਾਰੰਗ ਆਦਿ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਜਾ ਸਕਦਾ ਹੈ। ਇਨ੍ਹਾਂ ਰਾਗਾਂ ਵਿਚ ਰਚਿਤ ਬਾਣੀ ਦੇ ਪਾਠ ਤੋਂ ਹੀ ਸਬੰਧਿਤ ਰਾਗਾਂ ਦੇ ਮੌਸਮ ਦਾ ਸਹਿਜੇ ਹੀ ਅਨੁਭਵ ਹੋ ਜਾਂਦਾ ਹੈ। ਬਸੰਤ ਰਾਗ ਦੀ ਬਾਣੀ ਹੈ:-

**ਰੁਤਿ ਆਈਲੇ ਸਰਸ ਬਸੰਤ ਮਾਹਿ॥**
**ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥**
**ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ॥**

(ਆਦਿ ਗ੍ਰੰਥ ਸਾਹਿਬ, ਪੰਨਾ 1168)

ਇਉਂ ਹੀ ਆਪਣੀ ਬਾਣੀ ਬਾਰਾਮਾਹ ਵਿਚ ਗੁਰੂ ਸਾਹਿਬ ਨੇ ਮਹੀਨਿਆਂ ਦੇ ਹਿਸਾਬ ਨਾਲ ਬਾਣੀ ਦੀ ਰਚਨਾ ਕੀਤੀ ਹੈ। ਇਹ ਮਹੀਨੇ ਮਹਿਜ਼ ਨਾਮ ਨਹੀਂ ਸਗੋਂ ਹਰੇਕ ਮਹੀਨੇ ਵਿਚ ਜੀਵ-ਆਤਮਾ ਦੀ ਮਨ ਅਵਸਥਾ ਨੂੰ ਚਿਤਰਦਿਆਂ ਪ੍ਰਭੂ ਮਿਲਾਪ ਦੇ ਉਪਕਰਨ ਦਰਸਾਏ ਗਏ ਹਨ।

ਆਪਣੀਆਂ ਗੋਸ਼ਟਾਂ ਵਿਚ ਗੁਰੂ ਸਾਹਿਬ ਨੇ ਗੋਸ਼ਟਕਾਰਾਂ ਨਾਲ ਸੰਵਾਦ ਰਚਾਉਣ ਲਈ ਉਨ੍ਹਾਂ ਦੀ ਪਰੰਪਰਾ ਦੇ ਰਾਗਾਂ ਨੂੰ ਚੁਣਿਆ ਹੈ। ਅਜਿਹਾ ਸੰਚਾਰ ਦੀ ਭਾਵਨਾ ਅਧੀਨ ਹੀ ਹੋਇਆ ਹੈ। ਮਕਸਦ ਕਿਸੇ ਪਰੰਪਰਾ ਦਾ ਨਿਰਾਦਰ ਕਰਨਾ ਨਹੀਂ ਹੈ ਜਿਵੇਂ ਕਿ ਆਮ ਮਹਿਸੂਸ ਹੁੰਦਾ ਹੈ ਸਗੋਂ ਆਪਣੇ ਵਿਚਾਰਾਂ ਦੇ ਸੰਚਾਰ ਰਾਹੀਂ ਉਸ ਪਰੰਪਰਾ ਨਾਲ ਸੰਵਾਦ ਰਚਾ ਕੇ ਕੁਝ ਚੰਗਾ ਹਾਸਿਲ ਕਰਨਾ ਜਾਂ ਕਰਵਾਉਣਾ ਹੈ। ਇਸ

ਸਬੰਧ ਵਿਚ ਗੁਰੂ ਨਾਨਕ ਬਾਣੀ ਵਿਚ ਰਾਗ ਰਾਮਕਲੀ ਦੇ ਵਿਸ਼ੇਸ਼ ਪ੍ਰਯੋਗ ਨੂੰ ਦੇਖਿਆ ਜਾ ਸਕਦਾ ਹੈ। ਇਹ ਰਾਗ ਸਿੱਧ, ਨਾਥ ਜੋਗੀਆਂ ਦਾ ਮਨ ਪਸੰਦ ਰਾਗ ਹੈ। ਗੁਰੂ ਨਾਨਕ ਸਾਹਿਬ ਇਸ ਰਾਗ ਅਧੀਨ 'ਸਿੱਧ ਗੋਸਟਿ' ਅਤੇ 'ਦੱਖਣੀ ਓਅੰਕਾਰ' ਆਦਿ ਬਾਣੀ ਦੀ ਰਚਨਾ ਕਰਦੇ ਹਨ। ਵਿਸ਼ੇ ਪੱਖ ਤੋਂ ਇਸ ਗੰਭੀਰ ਅਤੇ ਬੌਧਿਕ ਵਿਚਾਰ ਵਾਲੀ ਬਾਣੀ ਦਾ ਸਬੰਧ ਸਿੱਧਾਂ ਅਤੇ ਜੋਗੀਆਂ ਦੇ ਜੋਗ ਸਿਧਾਂਤ ਨਾਲ ਹੈ। ਗੁਰੂ ਨਾਨਕ ਸਾਹਿਬ ਇਸ ਬਾਣੀ ਰਾਹੀਂ ਜੋਗ ਸਿਧਾਂਤ ਨਾਲ ਸਬੰਧਿਤ ਭਾਵਾਂ, ਬਿੰਬਾਂ ਅਤੇ ਪ੍ਰਤੀਕਾਂ ਦਾ ਹੀ ਇਸਤੇਮਾਲ ਨਹੀਂ ਕਰਦੇ ਸਗੋਂ ਉਨ੍ਹਾਂ ਦੀ ਭਾਸ਼ਾ ਸ਼ਬਦਾਵਲੀ ਵੀ ਸਿੱਧ ਪਰੰਪਰਾ ਵਾਲੀ ਹੀ ਹੈ। ਇੰਝ ਸ੍ਰੋਤੇ ਦੇ ਪੂਰਨ ਮਨੋਵਿਗਿਆਨ ਨੂੰ ਸਮਝਦੇ ਹੋਏ ਉਸਦੀ ਸਾਂਸਕ੍ਰਿਤਕ ਬੌਧਿਕ ਪੱਧਰ ਅਨੁਸਾਰ ਵਿਚਾਰਾਂ ਦਾ ਆਦਾਨ ਪ੍ਰਦਾਨ ਹੋਇਆ ਹੈ:-

**ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ॥**
**ਕਿਸੁ ਕਾਰਣਿ ਇਹੁ ਭੇਖੁ ਨਿਵਾਸੀ॥**
**ਕਿਸੁ ਵਖਰ ਕੇ ਤੁਮ ਵਣਜਾਰੇ॥**
**ਕਿਉ ਕਰਿ ਸਾਥੁ ਲੰਘਾਵਹੁ ਪਾਰੇ॥**
**ਗੁਰਮੁਖਿ ਖੋਜਤ ਭਏ ਉਦਾਸੀ॥**
**ਦਰਸਨ ਕੈ ਤਾਈ ਭੇਖ ਨਿਵਾਸੀ॥**
**ਸਾਚ ਵਖਰ ਕੇ ਹਮ ਵਣਜਾਰੈ॥**
**ਨਾਨਕ ਗੁਰਮੁਖਿ ਉਤਰਸਿ ਪਾਰੈ॥**

(ਆਦਿ ਗ੍ਰੰਥ ਸਾਹਿਬ, ਪੰਨਾ 939)

ਇੱਥੇ ਗੁਰੂ ਸਾਹਿਬ ਦਾ ਮਨੋਰਥ ਲੋਕ ਸ਼ਬਦ ਖੇਤਰੀ ਚੋਣ ਰਾਹੀਂ ਇਕ ਪਾਸੇ ਵਾਸਵਿਕਤਾ ਦੇ ਵਾਤਾਵਰਨ ਨੂੰ ਉਸਾਰਨਾ ਹੈ ਅਤੇ ਦੂਜੇ ਪਾਸੇ ਧਰਮ-ਕੋਡ ਨੂੰ ਉਦੈ ਕਰਨਾ ਹੈ। ਜਦੋਂ ਦਰਸ਼ਨ ਨੂੰ ਦਰਸ਼ਨ ਦੇ ਕੋਡ ਵਿਚ ਸੰਚਾਰਿਤ/ਸਮਝਾਉਣ ਦੀ ਲੋੜ ਪੈਂਦੀ ਹੈ ਤਾਂ 'ਸਿੱਧ ਗੋਸ਼ਟਿ' ਅਤੇ 'ਦੱਖਣੀ ਓਅੰਕਾਰ' ਵਰਗੀਆਂ ਬਾਣੀਆਂ ਦੀ ਰਚਨਾ ਹੁੰਦੀ ਹੈ। ਇਸ ਤਰ੍ਹਾਂ ਦਾਰਸ਼ਨਿਕ ਵਿਅਕਤੀ ਦਾਰਸ਼ਨਿਕ-ਕੋਡ ਵਿਚ ਆਪਣੇ ਭਾਵਾਂ ਦਾ ਸੰਚਾਰ ਕਰਦੇ ਹੋਏ ਇਕ ਉਸਾਰੂ ਸੰਵਾਦ ਉਸਾਰਦੇ ਹਨ।

ਗੁਰੂ ਸਾਹਿਬ ਨੂੰ ਇਹ ਅਹਿਸਾਸ ਸੀ ਕਿ ਸੰਗੀਤ ਦੇ ਬਗ਼ੈਰ ਦਾਰਸ਼ਨਿਕ ਭਾਵਾਂ ਦਾ ਸੰਚਾਰ ਸੰਭਵ ਨਹੀਂ ਕਿਉਂਕਿ ਸੰਗੀਤ ਸਭਿਆਚਾਰ ਦੀ ਜਿੰਦ ਜਾਨ ਹੁੰਦਾ ਹੈ। ਇਸ ਰਾਹੀਂ ਲੋਕ ਜੀਵਨ ਦੇ ਦੁੱਖ-ਸੁੱਖ, ਜਸ਼ਨ ਤੇ ਸੋਗ, ਲੋੜਾਂ-ਥੁੜਾਂ, ਮਿਹਨਤਾਂ-ਮੁਸ਼ੱਕਤਾਂ ਨੂੰ ਸੰਗੀਤਕ ਸੁਰਾਂ ਦੀ ਜ਼ੁਬਾਨ ਮਿਲਦੀ ਹੈ। ਇੰਝ ਗੁਰੂ ਸਾਹਿਬ ਸੰਗੀਤਕ ਸਭਿਆਚਾਰ ਵਿਚ ਨਵਾਂ ਮਾਅਰਕਾ ਮਾਰਦੇ ਹੋਏ ਸੰਗੀਤ ਦਾ ਇਕ ਨਵਾਂ ਮੱਤ ਯਾਨੀ ਗੁਰਮਤ ਸੰਗੀਤ-ਪ੍ਰਬੰਧ ਈਜਾਦ ਕਰਦੇ ਹਨ। ਇਸੇ ਸੰਗੀਤ ਪ੍ਰਬੰਧ ਦੇ ਅੰਤਰਗਤ ਲੋਕ-ਰੂਪ ਸ਼ੈਲੀਆਂ ਨੂੰ ਵੀ ਰਾਗ-ਬਧ ਕੀਤਾ ਗਿਆ ਹੈ। ਸੰਗੀਤਕ ਕਲਾ, ਸਾਹਿਤਕ ਕਲਾ, ਧੁਨੀ, ਰੀਤੀ ਛੰਦ, ਅਲੰਕਾਰ ਆਦਿ ਇਨ੍ਹਾਂ ਲੋਕ ਰੂਪ ਸ਼ੈਲੀਆਂ ਰਾਹੀਂ ਸੁਰ ਉਸਾਰਦੇ ਹੋਏ ਨਜ਼ਰ ਆਉਂਦੇ ਹਨ। ਇੰਝ ਸੰਚਾਰ ਦਾ ਇਹ ਇਕ ਨਵਾਂ ਅੰਦਾਜ਼ ਉਭਰਦਾ ਹੈ।

ਲੋਕ-ਰੂਪ ਕਾਵਿ ਸ਼ੈਲੀਆਂ ਨੂੰ ਲੋਕ-ਧੁਨਾਂ ਉਪਰ ਗਾਉਣ ਦੀ ਪਰੰਪਰਾ ਰਾਹੀਂ ਗੁਰੂ ਸਾਹਿਬ ਸੰਵਾਦ/ਸੰਚਾਰ ਦੀ ਇਕ ਅਜਿਹੀ ਪਰਿਪਾਟੀ ਦੀ ਸਿਰਜਨਾ ਕਰਦੇ ਹਨ ਜਿਸ ਨਾਲ ਆਮ ਮਨੁੱਖ ਵੀ ਇਸ ਗਹਿਰ ਗੰਭੀਰ ਦਾਰਸ਼ਨਿਕ ਤੱਤਾਂ ਨਾਲ ਸਾਂਝ ਪਾਉਣ ਦੇ ਸਮਰਥ ਹੋ ਜਾਂਦਾ ਹੈ। ਮਸਲਨ 'ਆਸਾ ਦੀ ਵਾਰ' ਨੂੰ 'ਟੁੰਡੇ ਅਸਰਾਜੇ ਦੀ ਧੁਨੀ' ਉਪਰ ਗਾਉਣ ਦਾ ਉਪਦੇਸ਼ ਕਰਕੇ ਉਹ ਲੋਕ ਧੁਨਾਂ ਰਾਹੀਂ ਲੋਕ ਸਮੂਹ ਦੇ ਭਾਵਾਂ ਨੂੰ ਜਗਾਉਣ ਦਾ ਯਤਨ ਕਰਦੇ ਹਨ। ਇਸ ਨਾਲ ਕਰਮ-ਕਾਂਡਾਂ ਦੀ ਨਿਰਾਰਥਕਤਾ ਹੋਰ ਪਕੇਰੇ ਰੂਪ ਵਿਚ ਸਮਝ ਆਉਂਦੀ ਹੈ:-

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥**
**ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥**

(ਆਦਿ ਗ੍ਰੰਥ ਸਾਹਿਬ, ਪੰਨਾ 471)

ਗੁਰੂ ਸਾਹਿਬ ਦੀ ਬਾਣੀ ਵਿਚ ਪੇਸ਼ ਹੋਏ ਇਨ੍ਹਾਂ ਰਚਨਾ-ਰੂਪਾਂ ਦੀ ਬਿਰਤੀ ਅਨੁਸ਼ਠਾਨਿਨ ਵੀ ਹੈ ਅਤੇ ਸੰਗੀਤਕ ਵੀ। ਦਰਅਸਲ ਗੁਰੂ ਸਾਹਿਬ ਦੀ ਬਾਣੀ ਦੇ ਇਹ ਅੰਗ ਪ੍ਰਾਕ੍ਰਿਤੀ ਵਿਚ ਭਾਵੇਂ ਅਨੁਸ਼ਠਾਨਿਕ ਜਾਂ ਗੀਤਕ ਹੋਣ ਪਰ ਇਹ ਇਕੋ ਉਦੇਸ਼ ਨਾਲ ਬੱਝੇ ਹੋਏ ਹਨ। ਇਨ੍ਹਾਂ ਦਾ ਉਦੇਸ਼ ਲੋਕ-ਜੀਵਨ ਵਿਚ ਗਿਰਾਵਟ ਨੂੰ ਉਭਾਰਨਾ ਅਤੇ ਨਵੀਆਂ ਸਵੱਛ ਕਦਰਾਂ-ਕੀਮਤਾਂ ਦਾ ਸੁਝਾਓ ਦੇਣਾ ਹੈ। ਅਜਿਹਾ ਕੇਵਲ ਕਾਵਿ-ਰੂਪੀ ਬਾਣੀ ਨਾਲ ਮੁਮਕਿਨ ਸੀ। ਇਸੇ ਵਾਸਤੇ ਇਸਨੂੰ ਸੰਗੀਤਕ ਧੁਨਾਂ ਵਿਚ ਬੰਨ੍ਹ ਕੇ ਵਧੇਰੇ ਲੋਕ ਪ੍ਰਭਾਵੀ ਬਣਾਉਣ ਦਾ ਉਪਰਾਲਾ ਕੀਤਾ ਗਿਆ।

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਗਹਿਰਾਈ ਭਰਨ ਲਈ ਅਜਿਹੀਆਂ ਜੁਗਤਾਂ ਦੀ ਵਰਤੋਂ ਕੀਤੀ ਜਿਨ੍ਹਾਂ ਨਾਲ ਬਾਣੀ ਵਿਚ ਹੋਰ ਗਹਿਰਾਈ ਆਈ ਹੈ। ਇਨ੍ਹਾਂ ਜੁਗਤਾਂ ਵਿਚ ਮਿੱਥ, ਲਜਿੰਦਰੀ, ਸਾਖੀ, ਨੀਤੀ ਕਥਾ, ਮਹਾਤਮ ਆਦਿ ਜੁਗਤਾਂ ਦੇ ਨਾਲ ਨਾਲ ਸਭ ਤੋਂ ਅਹਿਮ ਜੁਗਤ ਲੋਕ ਧੁਨਾਂ, ਲੋਕ ਕਾਵਿ ਸ਼ੈਲੀਆਂ ਰਾਹੀਂ ਬਾਣੀ ਦੀ ਰਚਨਾ ਕਰਕੇ ਇਨ੍ਹਾਂ ਨੂੰ ਲੋਕ ਧੁਨਾਂ ਉਪਰ ਗਾਉਣ ਦਾ ਉਪਦੇਸ਼ ਹੈ। ਇਸ ਜੁਗਤ ਰਾਹੀਂ ਗੁਰੂ ਸਾਹਿਬ ਮਨੁੱਖ ਨੂੰ ਅਸਲੀ ਮਰਮ ਤੱਕ ਪਹੁੰਚਾਉਣ ਵਿਚ ਕਾਮਯਾਬ ਹੁੰਦੇ ਹਨ। ਉਦਾਹਰਨ ਵਜੋਂ ਘੋੜੀਆਂ ਅਤੇ ਲਾਵਾਂ ਵਿਆਹ ਦੇ ਸੰਸਕਾਰਾਂ ਨਾਲ ਸਬੰਧਿਤ ਹਨ। ਘੋੜੀਆਂ ਵਿਸ਼ੇਸ਼ ਕਰਕੇ ਲੌਕਿਕਤਾ ਤੋਂ ਅਲੌਕਿਕਤਾ ਵੱਲ ਯਾਤਰਾ ਦੀ ਬਾਣੀ ਹੈ। ਵਾਸਤਵਿਕ ਰਸਮ ਤੋਂ ਅਧਿਆਤਮਕ ਮਰਮ ਨੂੰ ਪ੍ਰਾਪਤ ਕਰਨ ਦਾ ਇਕ ਵਸੀਲਾ ਹੈ। ਇੰਝ ਹੀ 'ਅਲਾਹੁਣੀ' ਵਰਗੇ ਸ਼ਲਾਘਾਯੋਗ ਗੀਤ ਦੀ ਵੀ ਸਿਰਜਨਾ ਹੋਈ ਹੈ ਇਨ੍ਹਾਂ ਵਿਚ ਮ੍ਰਿਤਕ ਦੇ ਗੁਣ, ਕਰਮ ਦੀ ਪ੍ਰਸੰਸਾ ਕਰੁਣਾਮਈ ਸੰਗੀਤ ਸੁਰ ਵਿਚ ਕਰਨ ਦਾ ਉਪਦੇਸ਼ ਹੈ। ਗੁਰੂ ਸਾਹਿਬ ਨੇ ਅਲਾਹੁਣੀ ਦਾ ਘੇਰਾ ਵਿਸ਼ਾਲ ਕਰ ਦਿੱਤਾ ਹੈ। ਇਸ ਵਿਚ ਬ੍ਰਹਿਮੰਡ ਅਤੇ ਮਨੁੱਖੀ ਸਰੀਰ ਦੇ ਦੋ ਧੁਰੇ ਸਿਰਜੇ ਗਏ ਹਨ: ਸੰਜੋਗ ਅਤੇ ਵਿਯੋਗ ਜਾਂ ਆਵਣ-ਜਾਣ। ਇਸ ਵਿਚ ਸੰਸਾਰੀ ਮਨੁੱਖ ਦੇ ਦੇਹਾਂਤ ਦੀ ਗੱਲ ਨੂੰ ਤਿਆਗ ਕੇ ਬ੍ਰਹਿਮੰਡ ਦੇ ਬੁਨਿਆਦੀ ਨੇਮਾਂ ਨੂੰ ਵਿਸ਼ਾ ਬਣਾਇਆ ਗਿਆ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਅਲਾਹੁਣੀ ਦਾ ਮੁਖ ਵੀ ਲੋਕ ਤੋਂ ਪਰਲੋਕ ਵੱਲ ਕਰ ਦਿੱਤਾ ਹੈ। ਇੰਝ ਹੀ ਹੋਰ ਲੋਕ-ਸੰਗੀਤ

ਸ਼ੈਲੀਆਂ ਜਿਵੇਂ ਸਦੁ, ਪਹਿਰੇ, ਸਤਵਾਰੇ, ਰੁਤੀ, ਬਾਰਾਮਾਂਹ, ਸੁਚੱਜੀ ਅਤੇ ਕੁਚੱਜੀ ਆਦਿ ਵਿਚ ਵੀ ਆਪਣੀ ਬਾਣੀ ਦੀ ਸਿਰਜਣਾ ਕੀਤੀ ਹੈ।

ਇੰਞ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਬਾਣੀ ਦਾ ਸਮੁੱਚਾ ਸੰਗੀਤ-ਪ੍ਰਬੰਧ ਮੁਖ ਤੌਰ 'ਤੇ ਰਾਗ ਅਤੇ ਵਿਭਿੰਨ ਲੋਕ-ਸੰਗੀਤ ਸ਼ੈਲੀਆਂ ਉਪਰ ਆਧਾਰਿਤ ਹੈ। ਇਸ ਸੰਗੀਤ ਪ੍ਰਬੰਧ ਨੂੰ ਵਸ਼ਿਸ਼ਟ ਅਨੁਸ਼ਾਸਨ ਦਾ ਧਾਰਨੀ ਬਣਾਇਆ ਗਿਆ ਹੈ ਅਤੇ ਇਸ ਦੀ ਮੌਲਿਕ ਅਤੇ ਸੁਤੰਤਰ ਪਹਿਚਾਣ ਉਜਾਗਰ ਹੋਈ ਹੈ। ਇਸ ਲਈ ਵਿਭਿੰਨ ਰਾਗਾਂ ਅਤੇ ਲੋਕ ਗਾਇਨ ਸ਼ੈਲੀਆਂ ਦੀ ਪ੍ਰਸਤੁਤੀ ਲਈ ਥਾਂ ਪੁਰ ਥਾਂ ਵੱਖ ਵੱਖ ਸੰਕੇਤ ਵੀ ਦਰਜ ਕੀਤੇ ਗਏ ਹਨ ਜੋ ਬਾਣੀ ਦੀ ਪ੍ਰਸਤੁਤੀ ਲਈ ਵਿਸ਼ੇਸ਼ ਤੌਰ 'ਤੇ ਸਹਾਇਕ ਹੁੰਦੀਆਂ ਹਨ। ਇਨ੍ਹਾਂ ਦਾ ਮਹੱਤਵ ਗਾਇਨ ਪ੍ਰਸਤੁਤੀ ਤੱਕ ਸੀਮਤ ਨਹੀਂ ਸਗੋਂ ਸਮੁੱਚਾ ਅਨੁਸ਼ਾਸਨ ਵਿਧਾਨ ਸ਼ਬਦ ਦੇ ਅੰਤਰੀਵ ਵਿਚ ਵਿਦਮਾਨ ਪ੍ਰਭੂ ਦੇ ਹੁਕਮ ਨੂੰ ਲੋਕਾਈ/ਸ੍ਰੋਤੇ ਤੱਕ ਵਿਧੀ ਪੂਰਬਕ ਸੰਚਾਰਿਤ ਕਰਨਾ ਹੈ। ਇੰਞ ਸੰਗੀਤ/ਕੀਰਤਨ ਪਰੰਪਰਾ ਗੁਰਬਾਣੀ ਦੇ ਭਾਵਾਂ ਦੀ ਅੰਤਰੀਵ ਸਮਝ ਲਈ ਇਕ ਮਹੱਤਵਪੂਰਨ ਜੁਜ਼ ਵਜੋਂ ਪ੍ਰਸਤੁਤ ਹੋਇਆ ਹੈ।

**ਸੰਦੀਪ ਕੌਰ**
sandeeptoor1987@gmail.com

# ਮੂਲ ਮੰਤਰ ਦੀ ਭਾਸ਼ਾਈ ਵਿਲੱਖਣਤਾ

**ਸਰਬਜੀਤ ਸਿੰਘ (ਡਾ.)**

ਗੁਰੂ ਨਾਨਾਕ ਦੇਵ ਜੀ ਦੁਆਰਾ ਰਚਿਤ ਮੂਲ ਮੰਤਰ ਗੁਰੂ ਗ੍ਰੰਥ ਸਾਹਿਤ ਜੀ ਦੀ ਟੈਕਸਟ ਦੇ ਆਰੰਭ ਵਿਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ ਮੂਲ ਮੰਤਰ ਨੂੰ 'ਜਪੁ' ਬਾਣੀ ਤੋਂ ਵੀ ਪਹਿਲਾਂ ਰੱਖਿਆ ਹੈ। ਮੂਲ ਮੰਤਰ ਦੀ ਇਸ ਪ੍ਰਾਥਮਿਕਤਾ ਜਾਂ ਪਹਿਲਤਾ ਤੋਂ ਇਸਦੇ ਮਹੱਤਵ ਦਾ ਭਲੀ ਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਮੂਲ ਮੰਤਰ ਭਾਵੇਂ ਪੰਜਾਬੀ ਭਾਸ਼ਾ ਦੀਆਂ ਕੁਝ ਧੁਨੀਆਂ ਤੇ ਸ਼ਬਦ ਜੋੜਾਂ ਨਾਲ ਰਚਿਆ ਗਿਆ ਹੈ ਪਰ ਇਸਦੇ ਬਾਵਜੂਦ ਇਹ ਤਮਾਮ ਭਾਸ਼ਾਈ ਹੱਦਾਂ ਤੋਂ ਪਾਰ ਜਾਣ ਦੀ ਸੰਭਾਵਨਾ ਰੱਖਦਾ ਹੈ। ਇਸ ਗੱਲ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਨੇ ਭਾਸ਼ਾ ਦੀ ਸਹਾਇਤਾ ਨਾਲ ਭਾਸ਼ਾ ਪਾਰ ਚਿਹਨ ਸਿਰਜ ਦਿੱਤਾ ਹੈ। ਮੂਲ ਮੰਤਰ ਦੀ ਭਾਸ਼ਾਈ ਵਿਲੱਖਣਤਾ ਦਾ ਅਧਿਐਨ ਕਰਨ ਤੋਂ ਪਹਿਲਾਂ ਇਸਦੀ ਟੈਕਸਟ ਦੀ ਪੜ੍ਹਤ ਲੈਣੀ ਯੋਗ ਹੋਵੇਗੀ :

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**[1]

ਮੂਲ ਮੰਤਰ ਸ਼ੁੱਧ ਸੰਕਲਪਕ ਭਾਸ਼ਾ ਵਿਚ ਹੈ। ਗੁਰੂ ਨਾਨਕ ਪ੍ਰਪੰਚ ਭਾਸ਼ਾ (Phenomenon Language) ਦੀ ਥਾਂ ਸੰਕਲਪ ਭਾਸ਼ਾ (Conceptual Language) ਦਾ ਨਿਰਮਾਣ ਕਰਦੇ ਹਨ ਕਿਉਂ ਜੋ ਬ੍ਰਹਮ ਦਾ ਕੋਈ ਵੀ ਅੰਤਿਮ ਭਾਸ਼ਾਈ ਕਥਨ ਨਹੀਂ ਹੋ ਸਕਦਾ ਇਸ ਲਈ ਗੁਰੂ ਨਾਨਕ ਨੇ ਇਸਨੂੰ ਸ਼ੁੱਧ ਸੰਕਲਪਨਾ ਵਿਚ ਰੂਪਾਂਤਰਿਤ ਕਰ ਲਿਆ ਹੈ। ਇਹ ਸੰਕਲਪਨਾ ਗਤੀਸ਼ੀਲਤਾ ਜਾਂ ਸਦਾ ਵਿਗਾਸ ਵਿਚ ਹੈ। ਸੰਕਲਪਕ ਭਾਸ਼ਾ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਕਿਸੇ ਵਰਤਾਰੇ ਦਾ ਇਕੋ ਇਕ ਤੇ ਅੰਤਿਮ ਸਤਿ ਪੇਸ਼ ਕਰਨ ਦੀ ਥਾਂ ਇਸਨੂੰ ਅਮੂਰਤਤਾ ਵਿਚ ਉਤਾਰਦੀ ਜਾਂਦੀ ਹੈ। ਮੂਲ ਮੰਤਰ ਆਪਣੀ ਸੰਕਲਪ ਭਾਸ਼ਾ ਕਰਕੇ ਹਰ ਪ੍ਰਕਾਰ ਦੀ ਸਥਿਰ ਵਿਆਖਿਆ ਤੋਂ ਪਰ੍ਹੇ ਹੈ। ਇਸਦੀ ਵਿਆਖਿਆ ਅਖਿਚਤ (inexhaustible) ਰਹਿੰਦੀ ਹੈ ਕਿਉਂਕਿ ਹਰ ਵਿਆਖਿਆ ਤੋਂ ਬਾਅਦ ਇਸ ਵਿਚ ਹੋਰ ਵਿਅਖਿਆ ਦੀ ਸੰਭਾਵਨਾ ਬਣੀ ਰਹਿੰਦੀ ਹੈ।ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਸੰਕਲਪਕ ਭਾਸ਼ਾ ਕਿਸੇ ਵਰਤਾਰੇ ਦਾ ਇਕੋ ਇਕ ਤੇ ਅੰਤਿਮ ਸਤਿ ਪੇਸ਼ ਕਰਨ ਦੀ ਥਾਂ ਇਸਨੂੰ ਅਮੂਰਤਤਾ ਵਿਚ ਉਤਾਰਦੀ ਹੈ। ਮਿਸਾਲ ਵਜੋਂ ਗੁਰੂ ਨਾਨਕ ਦੁਆਰਾ ਸਿਰਜਿਆ ਗਿਆ ੴ ਦਾ ਸੰਕਲਪਕ ਭਾਸ਼ਾਈ ਚਿਹਨ ਇਸਨੂੰ ਅਸੀਮਤਾ ਵਿਚ ਫੈਲਾਉਂਦਾ ਹੈ ਨਾਲੋਂ ਨਾਲ ਇਸ ਵਿਚ '੧' ਨੂੰ ਅੰਕ ਗਣਿਤਿਕ ਇਕ ਵਚਨ ਇਕਾਈ ਵਿਚ ਰੱਖ ਕੇ ਇਸਨੂੰ ਸ਼ਾਬਦਿਕ ਪ੍ਰਪੰਚ ਦੀ ਵਿਆਖਿਆ ਤੋਂ ਬਚਾਇਆ ਗਿਆ ਹੈ। ਗੁਰੂ ਨਾਨਕ '੧' ਦੇ ਅੰਕ ਰਾਹੀਂ ਨਵੀਂ ਅਧਿਆਤਮਕ ਸੰਸਕ੍ਰਿਤੀ ਦੀ ਘਾੜਤ ਕਰ ਰਹੇ ਹਨ ਜੋ ਹਰ ਪ੍ਰਕਾਰ ਦੀ ਪ੍ਰਕਿਰਤਕ ਵਿਹਾਰਕਤਾ ਨੂੰ ਗਿਆਨ ਸ਼ਾਸਤਰੀ ਸੰਜਮ ਵਿਚ ਟਿਕਾਉਂਦੀ ਹੈ। ਮੂਲ ਮੰਤਰ ਦੇ ਸਮਸਤ ਚਿਹਨ ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ ਸੈਭੰ, ਗੁਰਪ੍ਰਸਾਦਿ ਸਾਰੇ ਆਪਣੇ ਸਾਰ ਤੇ ਆਕਾਰ ਵਿਚ ਸੰਕਲਪਕ ਹਨ। ਗੁਰੂ ਨਾਨਕ ਤੋਂ ਪਹਿਲਾਂ ਪ੍ਰਚਲਿਤ ਅਧਿਆਤਮ ਪਰੰਪਰਾ ਵਿਚ ਇਕ ਸਰੂਪ

ਬ੍ਰਹਮ ਲਈ ਅਜਿਹੀ ਸੰਕਲਪਕ ਭਾਸ਼ਾ ਨਹੀਂ ਸਿਰਜੀ ਗਈ।

ਮੂਲ ਮੰਤਰ ਵਿਚ ਅਮੂਰਤ ਸਮੂਰਤ ਦੇ ਜੁੱਟ ਬਣਾ ਦਿੱਤੇ ਗਏ ਹਨ। ਉਦਾਹਰਣ ਵਜੋਂ ਪਹਿਲਾ ਜੁੱਟ ਇਕ ਤੇ ਓਅੰਕਾਰ ਦਾ ਹੈ। ੧ੴ ਅਤਿ ਨਿਸ਼ਚਿਤ ਭਾਸ਼ਾਈ ਸੰਜਮ ਦਾ ਪ੍ਰਮਾਣ ਦਿੰਦਾ ਹੈ। ਗੁਰ ਸਾਹਿਬ ਨੇ ਇਥੇ ਇਕ ਪਰਮਾਤਮਾ ਦੀ ਹੋਂਦ ਲਈ ਸਿਹਾਰੀ, ਈੜੀ, ਕੱਕਾ (ਇਕ) ਦੀ ਥਾਂ ਅੰਕ (੧) ਸਿਰਜ ਦਿੱਤਾ ਹੈ। ੧ੴ ਦੀ ਬਣਤਰ ਵਿਚ '੧' ਅਮੂਰਤ ਹੈ (ਅੰਕ ਗਣਿਤਿਕ ਹੈ) ਤੇ ਓਅੰਕਾਰ ਸਮੂਰਤ ਹੈ।ਇਸ ਵਿਚ '੧' ਨੂੰ ਓਅੰਕਾਰ ਨਾਲੋਂ ਪ੍ਰਾਥਮਿਕ ਕ੍ਰਮ ਵਿਚ ਰੱਖਿਆ ਗਿਆ ਹੈ। ਓਅੰਕਾਰ ਸਮਸਤ ਬ੍ਰਹਿਮੰਡ ਦਾ ਫੈਲਾਓ ਹੈ ਤੇ ਇਸ ਵਿਚ '੧' ਸਮਾਇਆ ਹੋਇਆ ਹੈ। ਇਕ ਬ੍ਰਹਮ ਓਅੰਕਾਰ ਵਿਚ ਵਿਆਪਕ ਹੈ। ਓਅੰਕਾਰ ਦੀ ਵਿਆਪਕਤਾ ਨੂੰ ਇਕ ਵਿਚ ਸਥਾਪਿਤ ਕੀਤਾ ਗਿਆ ਹੈ। ਇਸ ਜੁੱਟ ਦੀ ਅੰਤਿਮ ਦਿਸ਼ਾ ਓਅੰਕਾਰ ਤੋਂ '੧' ਵੱਲ ਹੈ ਜਾਂ ਸਮੂਰਤ ਤੋਂ ਅਮੂਰਤ ਵੱਲ ਹੈ। ਇਸ ਵਿਚ ਆਕਾਰ ਵੀ ਹੈ ਤੇ ਨਿਰਾਕਾਰ ਵੀ ਹੈ। ਨਵਾਂ ਸੰਯੋਗ (੧ੴ) ਸਥਾਪਿਤ ਕਰਨਾ, ਇਸਨੂੰ ਨਵੇਂ ਸੰਕਲਪਕ ਅਰਥ ਲਈ ਸਾਜਣਾ ਗੁਰੂ ਨਾਨਕ ਦੀ ਵਿਸ਼ੇਸ਼ਤਾ ਹੈ।੧ੴ ਦੀ ਭਾਸ਼ਾਈ ਪ੍ਰਕਿਰਤੀ ਏਨੀ ਸੰਕਲਪਕ ਹੈ ਕਿ ਇਸ ਵਿਚ ਜਾਂ ਇਸ ਰਾਹੀਂ ਕਿਸੇ ਕਿਸਮ ਦੀ ਹਵਾਲਾ ਬਿਰਤੀ ਦੀ ਸੂਚਨਾ ਨਹੀਂ ਮਿਲਦੀ। ਇਹ ਸੂਤ੍ਰਿਕ ਰੂਪ ਵਿਚ ਸਿਰਜਿਆ ਗਿਆ ਹੈ।

ਇਸ ਵਿਚ ਵਿਆਪਤ '੧' ਨਿਰੰਕੁਸ਼ ਸਤਾ ਵਾਲਾ ਨਹੀਂ, 'ਸਭ ਮਹਿ ਜੋਤਿ ਜੋਤਿ ਹੈ ਸੋਇ ' ਵਾਲਾ ਹੈ। ਇਸ ਵਿਚ ਇਕ ਤੇ ਅਨੇਕ ਦਾ ਸੰਯੋਗ ਹੈ। 'ਜਾਪੁ ਸਾਹਿਬ' ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਉਸ ਸਤਾ ਨੂੰ ਮੁਖਾਤਿਬ ਹੋ ਕੇ ਕਿਹਾ ਹੈ:ਅਨੇਕ ਹੈਂ॥ ਫਿਰਿ ਏਕ ਹੈਂ॥ ਓਮ ਵਿਚ ਤੰਤਰ ਦੀ ਸੰਭਾਵਨਾ ਹੈ ਪਰ ਓਅੰਕਾਰ ਵਿਚ ਨਹੀਂ। ਤੰਤਰ ਕਿਸੇ ਇਕ ਨਿਰੰਕੁਸ਼ ਕੇਂਦਰ ਤੇ ਸਿਮਟਿਆ ਹੋ ਸਕਦਾ ਹੈ ਪਰ ਓਅੰਕਾਰ ਇਕ ਤੋਂ ਅਨੇਕ ਤੇ ਅਸੀਮ ਸੰਭਾਵਨਾ ਵਾਲਾ ਚਿਹਨ ਹੈ। ਇਸ ਵਿਚ ਵੇਦਾਂਤ ਦੇ ਤੰਤਰ ਵਾਂਗ ਨਿਰੰਕੁਸ਼ ਬਣਨ ਦੀ ਸੰਭਾਵਨਾ ਨਹੀਂ, ਇਹ ਖੁੱਲ੍ਹਾ ਤੇ ਵਿਸਮਾਦੀ ਹੈ। ਇਹ ਨਾਸਕੀ ਉਚਾਰਣ ਨਾਲ ਨਹੀਂ ਸਗੋਂ ਮੌਖਿਕ ਉਚਾਰਣ ਨਾਲ ਜੁੜਿਆ ਹੋਇਆ ਹੈ। ਇਸ ਚਿਹਨ ਨੂੰ ਖੁੱਲ੍ਹਾ ਰੱਖਣਾ ਇਸੇ ਅਨੇਕਤਾ ਤੇ ਅਸੀਮਤਾ ਦਾ ਸੂਚਕ ਹੈ।੧ੴ ਅਤਿ ਨਿਸ਼ਚਿਤ ਭਾਸ਼ਾਈ ਸੰਜਮ ਦਾ ਪ੍ਰਮਾਣ ਦਿੰਦਾ ਹੈ। ਇਕ ਪਰਮਾਤਮਾ ਲਈ ਗੁਰੂ ਨਾਨਕ ਤੋਂ ਪਹਿਲਾਂ ਇਕ ਸਰੂਪ ਬ੍ਰਹਮ ਲਈ ਅਜਿਹਾ ਚਿਹਨ ਨਹੀਂ ਸਿਰਜਿਆ ਗਿਆ। ਗੁਰੂ ਨਾਨਕ ਬਾਣੀ ਦੀ ਇਹ ਵਿਸ਼ਵ ਅਧਿਆਤਮ ਨੂੰ ਵੱਡੀ ਦੇਣ ਹੈ।

ਇਸੇ ਤਰ੍ਹਾਂ 'ਸਤਿ' ਦਾ ਸੰਕਲਪ ਸਾਜਿਆ ਗਿਆ ਹੈ ਜਿਸ ਵਿਚ ਸਤਿ ਦਾ ਅਰਥ ਕੇਵਲ ਸੱਚ ਨਹੀਂ ਸਗੋਂ ਸਦਾ ਕਾਇਮ ਰਹਿਣ ਵਾਲਾ ਹੈ। ਇਸ ਵਿਚ ਪਰਿਵਰਤਨ ਦੀ ਕੋਈ ਸੰਭਾਵਨਾ ਨਹੀਂ, ਕੂੜ ਸਦਾ ਪਰਿਵਰਤਨਸ਼ੀਲ ਹੈ। ਸਤਿ ਅਜਿਹੀ ਸੰਕਲਪੀ ਸਾਰਥਕਤਾ ਰੱਖਦਾ ਹੈ ਕਿ ਇਸਨੂੰ ਅੰਤਿਮ ਰੂਪ ਵਿਚ ਨਾਮ ਦੇ ਮਾਧਿਅਮ ਰਾਹੀਂ ਹੀ ਲਖਿਆ ਜਾ ਸਕਦਾ ਹੈ।ਕੇਂਦਰੀ ਸ਼ਬਦ ਸਤਿ ਜਾਂ ਸਚ ਹੈ ਜਿਸਦੀ ਨਾਮ ਤੋਂ ਵੱਖਰੀ ਹਸਤੀ ਨਹੀਂ ਇਹ ਦੋਵੇਂ ਸ਼ਬਦ (ਸਤਿਨਾਮੁ) ਇਕ ਦੂਸਰੇ ਵਿਚ ਅਭੇਦ ਹਨ। ਇਨ੍ਹਾਂ ਦਾ ਅਰਥ ਇਕ ਦੂਜੇ ਦਾ ਸਥਾਨ ਲੈ ਸਕਦਾ ਹੈ। ਨਾਮ ਦਾ ਅਨੁਵਾਦ ਨਾਂ ਵਿਚ ਨਹੀਂ ਕੀਤਾ ਜਾ ਸਕਦਾ। ਨਾਮ ਅਸਲ ਵਿਚ 'ਸਤਿ' ਦਾ ਨਿਕਟਤਮ ਪ੍ਰਕਾਸ਼ ਜਾਂ ਸਮੂਰਤ ਰੂਪ ਹੈ। ਇਹ ਵੀ ਓਅੰਕਾਰ ਵਾਂਗ ਵਿਆਪਕਤਾ (ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥) ਵਾਲਾ

ਹੈ। ਜਿਵੇਂ ਡਾ. ਗੁਰਭਗਤ ਸਿੰਘ ਨੇ ਕਿਹਾ ਹੈ:

**ਸ੍ਰੀ ਗੁਰੂ ਗ੍ਰੰਥ ਸਾਗਿਬ ਵਿੱਚ ਨਾਮ ਕੇਵਲ ਨਿਰੰਕਾਰ ਦੇ ਵੱਖ-ਵੱਖ ਨਾਵਾਂ ਦਾ ਦੁਹਰਾਉ ਨਹੀਂ, ਸਗੋਂ ਇਹ ਉਸ ਉੱਤੇ ਪ੍ਰੇਮ ਅਤੇ ਸੰਪੂਰਨ ਅਸਤਿਤਵ ਨਾਲ ਲਾਈ ਸਮਾਧੀ ਹੈ, ਇੱਕ ਐਸੀ ਲਗਨ ਹੈ ਜੋ ਮਸਤੀ ਵਿੱਚ ਬਦਲ ਜਾਂਦੀ ਹੈ।**[2]

ਇਸੇ ਤਰ੍ਹਾਂ ਕਰਤਾ ਪੁਰਖ ਦਾ ਜੁੱਟ ਹੈ ਜਿਸ ਵਿਚ ਬ੍ਰਹਿਮੰਡ ਦੀ ਸੰਚਾਲਕਤਾ ਤੇ ਇਸਦੇ ਸੰਚਾਲਕ ਨੂੰ ਰੱਖਿਆ ਗਿਆ ਹੈ। ਇਸ ਜੁੱਟ ਵਿਚ ਕਰਤਾ ਵਿਆਕਰਣ ਦੇ ਕਰਤਾ ਦੇ ਵਿਪਰੀਤ ਅਮੂਰਤ ਪ੍ਰਕਿਰਤੀ ਵਾਲਾ ਹੈ। ਪਰ ਇਹ ਪੁਰਖ ਰੂਪ ਵਿਚ ਹੈ। ਵਿਸ਼ਵ ਦੀਆਂ ਬਹੁਤੀਆਂ ਅਧਿਆਤਮ ਪਰੰਪਰਾਵਾਂ ਨੇ ਬ੍ਰਹਮ ਨੂੰ ਪੁਰਖ ਰੂਪ ਵਿਚ ਹੀ ਚਿਤਵਿਆ ਹੈ। ਗੁਰੂ ਨਾਨਕ ਦੇ ਭਾਸ਼ਾਈ ਸੰਸਾਰ ਵਿਚ ਪੁਰਖ ਤੋਂ ਭਾਵ ਮਨੁੱਖੀ ਜੈਵਿਕਤਾ ਦੇ ਲਿੰਗਭੇਦ ਤੋਂ ਨਹੀਂ ਸਗੋਂ ਗੁਰੂ ਨਾਨਕ ਆਪਣੀ ਅਧਿਆਤਮਕਤਾ ਵਿਚ ਪੁਰਖੁ ਨੂੰ 'ਪਰਮਾਤਮ' ਜਾਂ ਪਰਮਆਤਮ ਦੇ ਅਰਥ ਵਿਚ ਰੱਖ ਕੇ ਦੇਖਦੇ ਹੋਏ ਇਸਨੂੰ ਆਪਣੇ ਜੈਵਿਕ ਪ੍ਰਕਿਰਤਕ ਵਿਹਾਰ ਵਿਚ ਪਏ ਇਸਤਰੀ ਪੁਰਖ ਤੋਂ ਨਿਖੇੜ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਸ ਪੁਰਖੁ ਨੂੰ ਇਸ ਪ੍ਰਕਾਰ ਸਪੱਸ਼ਟ ਕੀਤਾ ਗਿਆ ਹੈ :

**ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥**[3]

ਇਸਦਾ ਭਾਵ ਇਹ ਹੈ ਕਿ ਆਪਣੀ ਜੈਵਿਕ ਪ੍ਰਕਿਰਤਕ ਵਿਹਾਰਕਤਾ ਵਿਚ ਪਿਆ ਕੋਈ ਵੀ ਇਸਤਰੀ ਪੁਰਸ਼, ਪਰਮਪੁਰਖ ਵਿਚ ਅਭੇਦ ਹੋ ਕੇ ਆਪਣੀ ਜੈਵਿਕ ਪ੍ਰਕਿਰਤਕ ਹੋਂਦ ਤੋਂ ਪਾਰ ਜਾ ਕੇ ਅਧਿਆਤਮ ਆਧਾਰੀ ਪੁਰਖੁ ਹੋਂਦ ਨੂੰ ਪ੍ਰਾਪਤ ਹੋ ਸਕਦਾ ਹੈ। ਇਸ ਤਰ੍ਹਾਂ ਮੂਲ ਮੰਤਰ ਵਿਚ ਆਇਆ ਪਦ ਪੁਰਖੁ ਆਪਣੀ ਬਣਤਰ ਵਿਚ ਸੰਕਲਪਕ ਹੈ, ਸਥੂਲ ਪਦਾਰਥਕ ਨਹੀਂ।

ਨਿਰਭਉ ਨਿਰਵੈਰ ਦੇ ਜੁੱਟ ਵਿਚ ਭਾਵ ਦੀ ਤੀਬਰਤਾ ਨੂੰ ਉਲੰਘਿਆ ਗਿਆ ਹੈ। ਮਨੁੱਖ ਆਪਣੀ ਗਤੀਵਿਧੀ ਵਿਚ 'ਭਉ' ਤੇ 'ਵੈਰ' ਦੀ ਮਾਨਸਿਕਤਾ ਹੰਢਾਉਂਦਾ ਹੈ ਪਰ ਗੁਰੂ ਨਾਨਕ ਨੇ ਆਪਣੀ ਭਾਸ਼ਾਈ ਸਮਰੱਥਾ ਨਾਲ ਇਸਨੂੰ ਨਿਰਭਉ ਤੇ ਨਿਰਵੈਰ ਬਣਾ ਦਿੱਤਾ ਗਿਆ। ਨਿਰ ਅਗੇਤਰ ਭਾਵੇਂ ਨਾਂਹਮੁਖਤਾ ਦਾ ਪ੍ਰਭਾਵ ਦਿੰਦਾ ਹੈ ਪਰ ਇਸਨੂੰ ਗੁਰੂ ਨਾਨਕ ਨੇ ਹਾਂਮੁਖ ਅਰਥ ਵਿਚ ਸਿਰਜਿਆ ਹੈ। ਕਰਤਾ ਪੁਰਖ ਦੀ ਇਹ ਵਿਲੱਖਣਤਾ ਹੈ ਕਿ ਉਹ ਹਰ ਪ੍ਰਕਾਰ ਦੇ ਭਾਵ (ਮਨੁੱਖੀ ਭਾਵ) ਤੋਂ ਨਿਰਲਿਪਤ ਹੈ। ਇਸਦੇ ਵਿਪਰੀਤ ਮਨੁੱਖ ਆਪਣੀ ਸੰਵੇਦਨਾ ਆਧਾਰੀ ਭਾਵੁਕਤਾ (ਕਾਮ, ਕ੍ਰੋਧ, ਲੋਭ) ਵਿਚ ਪਿਆ ਇਸੇ ਨੂੰ ਅੰਤਿਮ ਸੱਚ ਮੰਨ ਕੇ ਜੀਅ ਰਿਹਾ ਹੈ ਪਰ ਬਾਣੀਕਾਰ ਨੇ ਮਨੁੱਖ ਨੂੰ ਭਾਵ ਦੀ ਪਕੜ ਵਿਚ ਜਾਣ ਤੋਂ ਰੋਕ ਕੇ ਉਸਨੂੰ ਗਿਆਨ ਵਿਚ ਵਿਵਸਥਿਤ ਕਰਨ ਲਈ ਪ੍ਰੇਰਿਤ ਕੀਤਾ ਹੈ। ਮਨੁੱਖ ਆਪਣੀ ਭਾਵ ਨਿਰਲੇਪਤਾ ਨਾਲ (ਨਾਰਾਇਨੁ ਜਿਹ ਚੀਤਿ)[4] ਵਰਗੀ ਬ੍ਰਹਮਮੂਲਕਤਾ ਨੂੰ ਪ੍ਰਾਪਤ ਹੋ ਸਕਦਾ ਹੈ।

ਮੂਲ ਮੰਤਰ ਵਿਚ ਇਸ ਤੋਂ ਅੱਗੇ ਤਿੰਨ ਪਦ ਹਨ ; ਅਕਾਲ ਮੂਰਤ, ਅਜੂਨੀ, ਸੈਭੰ। ਗੁਰੂ ਨਾਨਕ ਨੇ ਇਨ੍ਹਾਂ ਤਿੰਨਾਂ ਪਦਾਂ ਦੇ ਅੰਦਰਵਾਰ ਹੀ ਇਨ੍ਹਾਂ ਦੇ ਦੂਜੇ ਸ਼ਬਦ ਜੁੱਟ ਦੀ ਪ੍ਰਤੀਤੀ ਕਰਵਾ ਦਿੱਤੀ ਹੈ। ਅਕਾਲ ਦਾ ਧਿਆਨ ਆਉਂਦਿਆਂ ਕਾਲਯੁਕਤਤਾ ਅਜੂਨੀ ਦੇ ਵਿਪਰੀਤ ਜੂਨੀ ਅਤੇ ਸੈਭੰ ਦੁਆਰਾ '੧' ਦੇ ਕਿਸੇ ਹੋਰ

ਤੋਂ ਜਾਂ ਕਿਸੇ ਹੋਰ ਵਰਤਾਰੇ ਰਾਹੀਂ ਹੋਣ ਵਾਲੀ ਉਤਪਤੀ/ਹੋਂਦ ਦੀ ਥਾਂ ਸੈਭੰ ਉਤਪਤੀ ਦੀ ਪ੍ਰਤੀਤੀ ਕਰਵਾ ਦਿੱਤੀ ਹੈ। ਬ੍ਰਹਮ ਸਮੇਂ ਸਥਾਨ ਤੋਂ ਪਾਰ ਹੈ। ਬ੍ਰਹਮ ਦੀ ਉਤਪਤੀ ਆਪਣੇ ਆਪ ਤੋਂ ਹੈ। ਇਸ ਨਾਲ ਪ੍ਰਕਿਰਤੀ/ਬ੍ਰਹਿਮੰਡ ਦੇ ਉਪਜਣ ਬਿਨਸਣ ਵਾਲੀ ਵਿਸ਼ੇਸ਼ਤਾ ਨਹੀਂ ਜੁੜੀ ਹੋਈ। ਅਗਲਾ ਪਦ ਗੁਰਪ੍ਰਸਾਦਿ ਹੈ ਜਿਸ ਵਿਚ ਗੁਰੂ ਹੀ ਕੇਵਲ ਅਜਿਹੀ ਕਰਤਾਰੀ ਸ਼ਕਤੀ ਵਾਲਾ ਹੈ ਜੋ ਬ੍ਰਹਮ ਨਾਲ ਅਭੇਦਤਾ ਦਾ ਰਸਤਾ ਸੁਝਾਉਂਦਾ ਹੈ। ਗੁਰੂ ਵੀ ਸ਼ੁੱਧ ਸੰਕਲਪਕ ਭਾਸ਼ਾਈ ਚਿਹਨ ਹੈ ਜੋ ਬ੍ਰਹਮ/ਨਾਮ ਨੂੰ ਵਿਸਮਾਦ ਰੂਪ ਵਿਚ ਜੀਣ ਵਾਲਾ ਪੈਗੰਬਰੀ ਮਰਤਬਾ ਰਖਦਾ ਹੈ। ੧ੴ ਦੇ ਰੂਪ ਵਿਚ ਬ੍ਰਹਮ ਅਮੂਰਤ ਅਪ੍ਰਗਟ ਹੈ ਪਰ ਗੁਰ ਪ੍ਰਸਾਦਿ ਦੇ ਰੂਪ ਵਿਚ ਪ੍ਰਗਟ (ਗੁਰ ਸਾਖੀ ਜੋਤਿ ਪ੍ਰਗਟ ਹੋਇ) ਹੈ। ਆਪਣੇ ਪੈਗੰਬਰੀ ਮਰਤਬੇ ਨਾਲ ਉਹ ਮਨੁੱਖ ਨੂੰ ਉਸਦੀ ਪ੍ਰਕਿਰਤਕਤਾ ਜਾਂ ਵਿਹਾਰ ਤੋਂ ਮੁਕਤ ਕਰਕੇ ਉਸਨੂੰ ਅਧਿਆਤਮ ਵਿਚ ਰੂਪਾਂਤਰਿਤ ਕਰਦਾ ਹੈ:

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ**
**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥**[5]

ਬ੍ਰਹਮ ਦਾ ਕੋਈ ਵੀ ਅੰਤਿਮ ਭਾਸ਼ਾਈ ਕਥਨ ਨਹੀਂ ਹੋ ਸਕਦਾ ਪਰ ਗੁਰੂ ਨਾਨਕ ਨੇ ਆਪਣੀ ਵਿਸ਼ੇਸ਼ ਭਾਸ਼ਾਈ ਸਮਰੱਥਾ ਨਾਲ ਇਸ ਨੂੰ ਸੰਕਲਪਨਾ ਵਿਚ ਰੂਪਾਂਤਰਿਤ ਕਰ ਲਿਆ ਹੈ। ਬ੍ਰਹਮ ਨੂੰ ਕਥਨ ਵਿਚ ਨਹੀਂ ਘਟਾਇਆ ਜਾ ਸਕਦਾ। (ਕਥਨੁ ਨ ਜਾਇ ਅਕਥ॥) ਪਰ ਇਸ ਨੂੰ ਵਿਸ਼ੇਸ਼ ਸੰਕਲਪਕਨਾ ਆਧਾਰੀ ਭਾਸ਼ਾ ਵਿਚ ਪ੍ਰਦੱਤ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਸੰਕਲਪਨਾ ਬ੍ਰਹਮ ਦੇ ਸਰੂਪ ਨੂੰ ਕਿਸੇ ਵੀ ਸਧਾਰਣ ਭਾਸ਼ਾ ਆਧਾਰੀ ਸਾਰਥਕਤਾ ਤੇ ਨਿਸ਼ਚਿਤਤਾ ਵਿਚ ਸਥਿਰ ਨਹੀਂ ਹੋਣ ਦਿੰਦੀ। ਇਹ ਸੰਕਲਪਨਾ ਗਤੀਸ਼ੀਲਤਾ ਵਿਚ ਹੈ ਸਦਾ ਵਿਗਾਸ ਵਿਚ ਹੈ ਇਸੇ ਕਰਕੇ ਇਸਨੂੰ ਭਾਸ਼ਾਈ ਸੀਮਾ ਵਿਚ ਨਹੀਂ ਬੰਨ੍ਹਿਆ ਜਾ ਸਕਦਾ।ਦੈਵ ਦੀ ਹੋਂਦ ਤੇ ਇਸਦਾ ਅਨੁਭਵ ਐਬਸਟ੍ਰੈਕਸ਼ਨ ਵਿਚ ਹੈ। ਗੁਰੂ ਨਾਨਕ ਦੇਵ ਜੀ ਦੈਵ ਅਨੁਭਵ ਦੀਆਂ ਵਸਤੂਮੂਲਕ ਪਰਤਾਂ ਦੀ ਬਜਾਏ ਇਸ ਐਬਸਟ੍ਰੈਕਸ਼ਨ ਦੇ ਸਾਹਵੇਂ ਇਕ ਹੋਰ ਐਬਸਟ੍ਰੈਕਸ਼ਨ ਦੇ ਦਿੰਦੇ ਹਨ, ਕਿਉਂਕਿ ਇਹ ਬ੍ਰਹਮ ਦੇ ਸਰੂਪ ਨੂੰ ਕਿਸੇ ਵੀ ਸਧਾਰਣ ਭਾਸ਼ਾ ਆਧਾਰੀ ਸਾਰਥਕਤਾ ਤੇ ਨਿਸ਼ਚਿਤਤਾ ਵਿਚ ਸਥਿਰ ਨਹੀਂ ਹੋਣ ਦਿੰਦੀ।ਮੂਲ ਮੰਤਰ ਵਿਚ ਅਰੂਪ ਰੱਬ ਦੇ ਸਰੂਪ ਵੱਲ ਇਸ਼ਾਰਾ ਕਰਨ ਵਾਲਾ ਗੁਰੂ ਹੀ ਆਪ ਇਹ ਕਹਿ ਰਿਹਾ ਹੈ :

**ਹਉ ਆਪਹੁ ਬੋਲ ਨ ਜਾਣਦਾ**
**ਮੈ ਕਹਿਆ ਸਭੁ ਹੁਕਮਾਉ ਜੀਉ॥**[6]

ਗੁਰੂ ਨਾਨਕ ਮੂਲ ਮੰਤਰ ਦੀ ਭਾਸ਼ਾ ਤੋਂ ਸੰਚਾਰ ਦਾ ਕੰਮ ਨਹੀਂ ਲੈ ਰਹੇ। ਸੰਚਾਰ ਤਾਂ ਭਾਸ਼ਾ ਦੀ ਮਾਨਵ ਵਿਗਿਆਨਕ ਪ੍ਰਾਪਤੀ ਹੀ ਹੈ। ਮਨੁੱਖੀ ਭਾਸ਼ਾ ਦੀ ਇਹ ਵਿਸ਼ੇਸ਼ਤਾ ਹੈ ਕਿ ਇਸਦਾ ਸ਼ਬਦ ਆਧਾਰੀ ਪ੍ਰਬੰਧ ਅਨਿਸ਼ਚਿਤਤਾ ਤੇ ਬਹੁ ਅਰਥਤਤਾ ਨੂੰ ਜਨਮ ਦਿੰਦਾ ਹੈ ਪਰ ਗੁਰੂ ਨਾਨਕ ਨੇ ਪੈਗੰਬਰੀ ਅਨੁਭਵ ਨਾਲ ਭਾਸ਼ਾ ਦੀ ਇਸ ਅਨਿਸ਼ਚਿਤਤਾ ਨੂੰ ਸੋਧ-ਪ੍ਰਬੋਧ ਕੇ ਇਸਨੂੰ ਅਧਿਆਤਮਕ ਸੰਜਮ ਵਿਚ ਟਿਕਾ ਦਿੱਤਾ ਹੈ। ਗੁਰੂ ਨਾਨਕ ਦੀ ਭਾਸ਼ਾ ਨਵੇਂ ਤਰ੍ਹਾਂ ਦੇ ਸਭਿਆਚਾਰ ਨਿਰਮਾਣ ਦੀ ਜ਼ਿੰਮੇਵਾਰੀ ਲੈਂਦੀ ਹੈ। ਸੰਚਾਰ-ਵਿਹਾਰ ਦੀਆਂ ਲੋੜਾਂ ਦੀ ਪੂਰਤੀ ਸਧਾਰਣ ਮਨੁੱਖੀ ਭਾਸ਼ਾ ਪਹਿਲਾਂ ਹੀ ਪੂਰਿਆਂ ਕਰ ਰਹੀ ਹੈ। ਗੁਰੂ ਨਾਨਕ ਭਾਸ਼ਾ ਨੂੰ

ਸੁਰਤਿ ਦੀ ਉਚੀ ਦੈਵੀ ਅਵਸਥਾ ਵਿਚ ਰੱਖ ਕੇ ਨਵੀ ਘਾੜਤ ਘੜਨ ਦਾ ਉਪਦੇਸ਼ ਦੇ ਰਹੇ ਹਨ:

**(ੳ) ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥**[7]

**(ਅ) ਘੜੀਐ ਸਬਦੁ ਸਚੀ ਟਕਸਾਲ॥**[8]

ਇਉਂ ਗੁਰੂ ਨਾਨਕ ਦੀ ਭਾਸ਼ਾ ਵਿਹਾਰਕ ਭਾਸ਼ਾ ਤੋਂ ਆਪਣਾ ਨਿਖੇੜ ਸਥਾਪਿਤ ਕਰਦੀ ਹੈ।ਇਹ ਭਾਸ਼ਾ ਕਾਵਿ ਭਾਸ਼ਾ ਵਾਂਗ ਵੀ ਕੋਈ ਐਸਥੈਟਿਕ ਪ੍ਰਿੰਸੀਪਲ ਵਿਚ ਟਿਕੀ ਹੋਈ ਮਹਿਜ਼ ਕਾਵਿ ਪ੍ਰਾਪਤੀ ਵਾਲੀ ਵੀ ਨਹੀਂ, ਸਗੋਂ ਇਸ ਵਿਚ ਨਵੀਂ ਭਾਸ਼ਾਈ ਗਰਾਮਰ ਦਾ ਨਿਰਮਾਣ ਹੁੰਦਾ ਦੇਖਿਆ ਜਾ ਸਕਦਾ ਹੈ।

ਗੁਰਬਾਣੀ ਵਿਚ ਸ਼ਬਦ ਨਿਰੀ ਭਾਸ਼ਾ ਆਧਾਰੀ ਵਿਆਕਰਣਕ ਬਣਤਰ ਜਾਂ ਵਿਆਕਰਣਕ ਹੋਂਦ ਨਹੀਂ। ਇਹ ਧੁਨੀ ਵੀ ਹੈ, ਸ਼ਬਦ ਵੀ ਹੈ ਤੇ ਅਰਥ ਵੀ ਹੈ। ਸ਼ਬਦ ਬ੍ਰਹਮ ਦਾ ਪਰਿਆਇ ਹੈ। ਇਹ ਆਪਣਾ ਅਰਥ ਆਪ ਹੈ। ਸ਼ਬਦ ਤੋਂ ਪਾਰ ਕਿਸੇ ਹੋਰ ਪ੍ਰਪੰਚੀ ਅਰਥ ਦੀ ਪ੍ਰਤੀਤੀ ਨਹੀਂ ਹੁੰਦੀ। ਇਸੇ ਕਰਕੇ ਇਹ ਬ੍ਰਹਮ, ਨਾਮ, ਗੁਰੂ ਦਾ ਸਮਾਨਅਰਥਕ ਹੈ। ਸ਼ਬਦ ਵੀ ਬ੍ਰਹਮ, ਨਾਮ, ਗੁਰੂ ਵਾਂਗ ਐਬਸਟ੍ਰੈਕਟ ਸੰਕਲਪ ਹੈ। ਇਸ ਨਾਲ ਵਿਸਮਾਦ ਰੂਪ ਹੋ ਕੇ ਸਾਂਝ ਪਾਈ ਜਾ ਸਕਦੀ ਹੈ, ਇਸਨੂੰ ਅਨੁਭਵ ਕੀਤਾ ਜਾ ਸਕਦਾ ਹੈ। ਮੂਲ ਮੰਤਰ ਦੀ ਸਮੁੱਚੀ ਭਾਸ਼ਾਈ ਬਣਤਰ ਇਸੇ ਸ਼ਬਦ ਆਧਾਰੀ ਸੰਕਲਪਨਾ ਵਿਚ ਫੈਲਦੀ ਵਿਗਸਦੀ ਹੈ।

**ਕਹੈ ਨਾਨਕ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ**

**ਸਾਚਾ ਨਾਮ ਮੇਰਾ ਆਧਾਰੋ॥**[9]

ਮੂਲ ਮੰਤਰ ਦੀ ਭਾਸ਼ਾ ਪ੍ਰਕਾਸ਼ ਨੁਮਾ ਹੈ। ਪ੍ਰਕਾਸ਼ ਵਿਚ ਅਗੰਮੀ ਨੂਰ ਪਰਮਾਤਮਾ ਦਾ ਦੀਦਾਰ ਹੋ ਸਕਦਾ ਹੈ, ਪਰੰਤੂ ਉਸਦੀ ਸਥੂਲ ਭੌਤਿਕ ਹੋਂਦ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਇਹ ਵਿਸਮਾਦ ਤੇ ਵੰਡਰ ਦੀ ਭਾਸ਼ਾ ਹੈ। ਇਹ ਸ਼ੁੱਧ ਪ੍ਰਤੀਕੀ ਹੈ ਕਿਉਂਕਿ ਇਸ ਵਿਚ ਸਮਸਤ ਵਸਤੂਮੂਲਕ ਪਦਾਰਥਕ ਚੇਤਨਾਵਾਂ ਗੈਰ ਹਾਜ਼ਰ ਹੋ ਗਈਆਂ ਹਨ। ਮੂਲ ਮੰਤਰ ਵਿਚ ਬ੍ਰਹਮ ਦਾ ਸਰੂਪ ਛੋਨਚਏਪਟੁਓਲਜ਼ਿਏ ਜਾਂ ਡਸਿੁਓਲਜ਼ਿਏ ਕੀਤਾ ਹੈ ਬਿਆਨ ਨਹੀਂ ਕੀਤਾ।

ਮੂਲ ਮੰਤਰ ਦੀ ਭਾਸ਼ਾ ਭਾਰਤੀ ਅਧਿਆਤਮ ਪਰੰਪਰਾ ਨਾਲ ਸਾਂਝ ਵੀ ਰੱਖਦੀ ਹੈ ਤੇ ਇਸ ਤੋਂ ਵੱਖਰਤਾ ਵੀ ਸਿਰਜਦੀ ਹੈ। ਗੁਰੂ ਨਾਨਕ ਨੇ ਮਨੁੱਖੀ ਭਾਸ਼ਾ ਪ੍ਰਾਪਤੀ ਵੀ ਨਾਲ ਰੱਖ ਲਈ ਹੈ, ਭਾਸ਼ਾ ਦਾ ਨਵਸਿਰਜਣ ਵੀ ਕੀਤਾ ਹੈ। ਅਸਲ ਵਿਚ ਗੁਰੂ ਨਾਨਕ ਪਰੰਪਰਾ ਨੂੰ ਨਿਸ਼ੇਧਦੇ ਨਹੀਂ ਸਗੋਂ ਪਰੰਪਰਾ ਆਧੁਨਿਕਤਾ ਦੇ ਬਿੰਦੂ ਤੇ ਖਲੋ ਕੇ ਪੰਰਪਰਾ ਨੂੰ ਨਵਾਂ ਅਰਥ ਦੇ ਰਹੇ ਹਨ। ਮੂਲ ਮੰਤਰ ਦਾ ਹਰ ਪਦ ਭਾਰਤੀ ਅਧਿਆਤਮਕ ਪਰੰਪਰਾ ਵਿਚ ਦ੍ਰਿੜ ਹੋਈ ਸਾਰਥਕਤਾ ਨੂੰ ਹੋਰ ਅਗਲੇ ਪੱਧਰ ਤੇ ਲੈ ਜਾਂਦਾ ਹੈ।

ਨਾਮ, ਸਤਿ, ਗੁਰਪ੍ਰਸਾਦਿ ਆਦਿ ਸੰਕਲਪ ਇਸ ਪ੍ਰਕਾਰ ਸਾਜੇ ਗਏ ਹਨ ਕਿ ਇਕ ਪਾਸੇ ਇਨ੍ਹਾਂ ਦੀ ਅੰਤਿਮ ਵਿਆਖਿਆ ਦੀ ਥਾਂ ਕੇਵਲ ਰਮਜ਼ ਪ੍ਰਾਪਤ ਹੁੰਦੀ ਹੈ ਦੂਜੇ ਪਾਸੇ ਇਹ ਇਸਨੂੰ ਵਿਸ਼ੇਸ਼ ਅਰਥ ਨਾਲ ਸਬੰਧਿਤ ਵੀ ਕਰਦੇ ਹਨ। ਮਿਸਾਲ ਵਜੋਂ ਸਤਿ, ਦੀ ਕੋਈ ਅੰਤਿਮ ਵਿਆਖਿਆ ਜਾਂ ਪਾਰਾਵਾਰ ਨਹੀਂ ਪਾਇਆ ਜਾ ਸਕਦਾ ਪਰ ਇਹ ਬ੍ਰਹਮ ਦਾ ਪਰਿਆਇ ਬਣਨ ਦੇ ਰੂਪ ਵਿਚ ਵਿਸ਼ੇਸ਼ਾਰਥ ਵੀ ਰਖਦਾ ਹੈ। ਇਸੇ ਕੋਟੀ ਵਿਚ ਨਾਮ ਹੈ। ਨਾਮ ਵੀ ਬ੍ਰਹਮ ਦਾ ਪਰਿਆਇ ਹੈ ਪਰ ਇਸਦੀ ਵਿਆਖਿਆ ਸ਼ਾਬਦਿਕ ਜਾਂ

ਭਾਸ਼ਾਈ ਸੀਮਾ ਵਿਚ ਪੂਰੀ ਤਰ੍ਹਾਂ ਨਹੀ ਸਮਾ ਸਕਦੀ, ਨਾਮ ਦੀ ਵਿਆਖਿਆ ਵਿਸਮਾਦ ਜਾਂ ਆਨੰਦ ਦੀ ਸਿਖਰਲੀ ਅਵਸਥਾ ਨੂੰ ਅੱਪੜੀ ਸੁਰਤਿ ਨੂੰ ਅਨੁਭਵੀ ਪੱਧਰ ਤੇ ਪ੍ਰਾਪਤ ਹੋ ਸਕਦੀ ਹੈ। ਮੂਲ ਮੰਤਰ ਅਨੁਭਵ ਤੇ ਗਿਆਨ ਦੀ ਏਕਤਾ ਵਿਚ ਸਿਰਜਿਆ ਪਰਮ ਚਿਹਨ ਹੈ। ਅਜਿਹਾ ਅਨੁਭਵੀ ਪਰਮ ਚਿਹਨ ਮਨੁੱਖੀ ਪਦਾਰਥਕ ਵਿਹਾਰ ਤੋਂ ਪਾਰ ਜਾ ਕੇ ਸੁਰਤਿ ਦੇ ਸਿਖਰਲੇ ਬਿੰਦੂ ਨੂੰ ਪ੍ਰਾਪਤ ਹੋਈ ਅਨੁਭਵੀ ਗਿਆਨਮੂਲਕਤਾ ਵਿਚੋਂ ਹੀ ਸਿਰਜਿਆ ਜਾ ਸਕਦਾ ਹੈ। ਇਹ ਗਿਆਨਮੂਲਕ ਵੀ ਤੇ ਅਨੁਭਵਮੂਲਕ ਵੀ ਹੈ।

ਮੂਲ ਮੰਤਰ ਦੀ ਭਾਸ਼ਾਈ ਵਿਸ਼ੇਸ਼ਤਾ ਇਹ ਹੈ ਕਿ ਇਸਦਾ ਕੋਈ ਇਕਹਿਰਾ ਸ਼ਾਬਦਿਕ ਅਰਥ ਪ੍ਰਾਪਤ ਹੋਣ ਦੀ ਥਾਂ ਇਹ ਪ੍ਰਕਾਸ਼ ਰੂਪ ਵਿਚ ਜਾਂ ਨੂਰੀ ਰੂਪ ਵਿਚ ਪ੍ਰਾਪਤ ਹੋ ਸਕਦਾ ਹੈ। ਪੰਜਾਬੀ ਦੇ ਕਵੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਪਣੀ ਕਵਿਤਾ ਵਿਚ ਇਸਨੂੰ 'ਨਿਰਾ ਨੂਰ' ਆਖਦੇ ਹਨ। ਪਰ ਇਹ ਅਸੀਮ ਸਤਾ ਨਿਰੀ ਨਿਰਾਕਾਰ ਨਹੀਂ ਆਕਾਰ ਰੂਪ ਵਿਚ ਵੀ ਹੈ। ਇਹ ਨਿਰਗੁਣ ਸਰਗੁਣ ਦੋਵੇਂ ਹੈ। ਗੁਰ ਪ੍ਰਸਾਦਿ ਦੇ ਰੂਪ ਵਿਚ ਇਹ ਸਥੂਲ ਸਰਗੁਣ ਜਾਂ ਆਕਾਰ ਵਿਚ ਵੀ ਪ੍ਰਗਟ ਹੁੰਦੀ ਹੈ। ਗੁਰੂ ਦੇਹ ਦੇ ਰੂਪ ਵਿਚ ਵੀ ਧਰਤੀ ਤੇ ਪੈਗੰਬਰੀ ਰੂਪ ਵਿਚ ਪ੍ਰਕਾਸ਼ਵਾਨ ਹੁੰਦਾ ਹੈ (ਸੋਹਣਾ ਨਕ ਜਿਨ ਲੰਮੜੇ ਵਾਲਾ)।

ਦੈਵ ਦਾ ਅਨੁਭਵ ਐਬਸਟ੍ਰੈਕਸ਼ਨ ਵਿਚ ਹੈ। ਗੁਰੂ ਨਾਨਕ ਦੀ ਭਾਸ਼ਾ ਇਸ ਦੈਵ ਅਨੁਭਵ ਦੀਆਂ ਵਸਤੂਮੂਲਕ ਪਰਤਾਂ ਦੀ ਬਜਾਏ ਇਸ ਐਬਸਟ੍ਰੈਕਸ਼ਨ ਦੇ ਸਾਹਵੇਂ ਇਕ ਹੋਰ ਐਬਸਟ੍ਰੈਕਸ਼ਨ ਟਿਕਾ ਦਿੰਦੇ ਹਨ। ਦੈਵੀ ਹੋਂਦ ਨੂੰ ਸਪਸ਼ਟ ਸੰਚਾਰਿਤ ਨਹੀਂ ਕੀਤਾ ਜਾ ਸਕਦਾ ਇਸ ਨਾਲ ਕੇਵਲ ਅਨੁਭਵ ਦੇ ਪੱਧਰ ਤੇ ਆਤਮਸਾਤ ਹੋਇਆ ਜਾ ਸਕਦਾ ਹੈ।ਇਸ ਵਿਚ ਬ੍ਰਹਮ ਦਾ ਸਰੂਪ ਗੀਤ ਦੀ ਐਬਸਟ੍ਰੈਕਸ਼ਨ ਵਿਚ ਪਿਆ ਹੈ, ਗੁਰੂ ਨਾਨਕ ਨੇ ਪਹਿਲੀ ਵਾਰ ਇਸ ਐਬਸਟ੍ਰੇਕਸ਼ਨ ਨੂੰ ਭਾਸ਼ਾਈ ਸੰਜਮ ਵਿਚ ਰਖ ਕੇ ਉਸਦਾ ਮੰਗਲਾਚਰਣ ਗਾਇਆ ਹੈ। ਮਨੁੱਖੀ ਭਾਸ਼ਾ ਵਿੱਚ ਤਾਂ ਏਨੀ ਵੀ ਸਮਰੱਥਾ ਨਹੀਂ ਕਿ ਉਹ ਪ੍ਰੇਮ, ਬਖ਼ਸ਼ਿਸ਼/ਵਿਸਮਾਦ, ਪ੍ਰਸਾਦਿ ਵਰਗੇ ਅਮੂਰਤ ਐਬਸਟ੍ਰੈਕਟ ਵਰਤਾਰਿਆਂ ਨੂੰ ਵੀ ਸੌ ਫੀਸਦੀ ਅਭਿਵਿਅਕਤ ਕਰ ਸਕੇ। ਮਨੁੱਖੀ ਭਾਸ਼ਾ ਨੇ ਪ੍ਰੇਮ ਜਾਂ ਬਖ਼ਸ਼ਿਸ਼ ਜਾਂ ਪ੍ਰਸਾਦਿ ਦਾ ਨਾਮਕਰਣ ਕੀਤਾ ਹੈ ਇਨ੍ਹਾਂ ਦੀ ਪੂਰੀ ਵਿਆਖਿਆ ਅਜੇ ਇਸ ਦੇ ਘੇਰੇ ਤੋਂ ਬਾਹਰ ਹੈ। ਫਿਰ ਇਹ ਭਾਸ਼ਾ ਅਰੂਪ ਰੱਬ ਨੂੰ ਕਿਵੇਂ ਪੂਰੀ ਤਰ੍ਹਾਂ ਲਖ ਸਕਦੀ ਹੈ? ਪਰ ਇਨ੍ਹਾਂ ਐਬਸਟ੍ਰੈਕਟ ਵਰਤਾਰਿਆਂ ਰਾਹੀਂ ਹੀ ਉਸ ਅਸੀਮ ਸਤਾ ਵੱਲ ਕੇਵਲ ਕੁਝ ਇਸ਼ਾਰਾ ਕੀਤਾ ਜਾ ਸਕਦਾ ਹੈ। ਸਥੂਲ ਵਸਤਾਂ/ਵਰਤਾਰਿਆਂ ਵਾਲੀ ਭਾਸ਼ਾ ਅਜਿਹੇ ਸੰਕਲਪਕ ਚਿਹਨ ਵਿਚ ਕੰਮ ਨਹੀਂ ਆਉਂਦੀ।

ਅਰੂਪ ਰੱਬ ਦੀ ਹੋਂਦ ਨੂੰ ਸਰੂਪ ਭਾਸ਼ਾ ਬਿਆਨ ਕਰਨ ਤੋਂ ਅਸਮਰਥ ਰਹਿੰਦੀ ਹੈ। ਮਨੁੱਖੀ ਭਾਸ਼ਾ ਕੋਲ ਏਨੀ ਸਮਰੱਥਾ ਨਹੀਂ ਕਿ ਉਹ ਇਸ ਅਰੂਪਤਾ ਦੀ ਥਾਹ ਪਾ ਸਕੇ। ਪਰ ਗੁਰੂ ਨਾਨਕ ਵਰਗਾ ਪੈਗੰਬਰੀ ਆਪਾ ਇਸ ਅਰੂਪਤਾ ਨਾਲ ਅਨੁਭਵ ਦੀ ਪੱਧਰ ਤੇ ਆਤਮਸਾਤ ਹੋ ਕੇ ਮੂਲ ਮੰਤਰ ਵਰਗੀ ਮੈਟਾ ਭਾਸ਼ਾ ਸਿਰਜ ਸਕਦਾ ਹੈ। ਅਜਿਹੀ ਮੈਟਾ ਭਾਸ਼ਾ ਵਿਚ ਮਨੁੱਖ ਆਧਾਰੀ ਤਮਾਮ ਭਾਸ਼ਾ ਪ੍ਰਾਪਤੀਆਂ ਭਾਸ਼ਾ ਪਾਰਲੇ ਦੇਸ਼ ਦੀ ਟੋਹ ਦਿੰਦੀਆਂ ਹਨ। ਇਹ ਮੈਟਾ ਭਾਸ਼ਾ ਜਾਂ ਪਰਾ ਭਾਸ਼ਾ ਮਨੁੱਖੀ ਚੇਤਨਾ ਦੇ ਵਿਸਮਾਦ ਰੂਪ ਚੇਤਨ ਵਿਚੋਂ ਜਨਮ ਲੈਂਦੀ ਹੈ। ਇਸ ਵਿਚਲੀਆਂ ਧੁਨੀਆਂ ਤਾਂ ਭਾਵੇਂ ਮਨੁੱਖ ਸਿਰਜਿਤ ਕਹੀਆਂ ਜਾ ਸਕਦੀਆਂ ਹਨ

ਪਰ ਇਨ੍ਹਾਂ ਦਾ ਸ਼ਬਦ ਤੇ ਅਰਥ ਦੀ ਇਕਾਗਰ/ਅਖੰਡਤਾ ਵਿਚ ਟਿਕ ਜਾਣਾ ਇਸਨੂੰ ਕੱਥ ਤੋਂ ਅਕੱਥ ਬਣਾਉਂਦਾ ਹੈ। ਇਹ 'ਸ਼ਬਦ ਗੁਰੂ ਸੁਰਤਿ ਧੁਨ ਚੇਲਾ' ਦੀ ਅਵਸਥਾ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਮੂਲ ਮੰਤਰ ਦੀ ਭਾਸ਼ਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਮੁੱਚੀ ਬਾਣੀ ਦੀ ਭਾਸ਼ਾ ਦੀ ਲੈਂਗ ਹੈ, ਇਸ ਲੈਂਗ ਦੇ ਆਧਾਰ 'ਤੇ ਗੁਰੂ ਗ੍ਰੰਥ ਸਾਹਿਬ ਦੀ ਟੈਕਸਟ ਦੀ ਪੈਰੋਲ ਸਿਰਜੀ ਗਈ ਹੈ। ਅਜਿਹਾ ਵੀ ਨਹੀਂ ਕਿ ਪੈਰੋਲ ਵਿਚੋਂ ਲੈਂਗ ਬਿਲਕੁਲ ਮਨਫ਼ੀ ਹੋ ਗਈ ਹੈ, ਸਗੋਂ ਇਹ ਇਸ ਪੈਰੋਲ ਵਿਚ ਨਿਰਾਕਾਰ ਗਰਾਮਰ ਵਾਂਗ ਸਮਾਈ ਹੋਈ ਹੈ। ਇਸਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਇਹ ਪੈਰੋਲ ਹਰ ਥਾਂ ਇਕਸੁਰਤਾ ਤੇ ਇਕਸਾਰਤਾ ਵਾਲੀ ਹੈ। ਇਸ ਪੈਰੋਲ ਵਿਚ ਮੂਲ ਮੰਤਰ ਇਕ ਸੂਤਰ ਜਾਂ ਫਾਰਮੂਲੇ ਵਾਂਗ ਪਿਆ ਹੋਇਆ ਹੈ। ਸਮੁੱਚੀ ਗੁਰੂ ਗ੍ਰੰਥ ਸਾਹਿਬ ਬਾਣੀ ਇਸੇ ਮੂਲ ਮੰਤਰ ਦਾ ਵਿਸਤਾਰ ਤੇ ਵਿਆਖਿਆ ਹੈ। ਮੂਲ਼ ਮੰਤਰ ਦੀ ਸੰਕਲਪਕ ਸ਼ਬਦਾਵਲੀ ਗੁਰੂ ਗ੍ਰੰਥ ਸਾਹਿਬ ਬਾਣੀ ਨੂੰ ਬ੍ਰਹਿਮੰਡਕ ਫੈਲਾਉ ਵੀ ਦਿੰਦੀ ਹੈ ਤੇ ਇਸਨੂੰ ਸੰਜਮ ਤੇ ਮਰਿਯਾਦਾ ਵਿਚ ਵੀ ਰਖਦੀ ਹੈ।

ਇਸ ਤਰ੍ਹਾਂ ਮੂਲ ਮੰਤਰ ਦੀ ਭਾਸ਼ਾ ਅਜਿਹੀ ਵਿਲੱਖਣਤਾ ਦਾ ਪਰਿਚੈ ਦਿੰਦੀ ਹੈ ਜਿਸ ਵਿਚ ਇਕ ਪਾਸੇ ਗਣਿਤ ਦੂਜੇ ਪਾਸੇ ਸਥੂਲ ਭਾਸ਼ਾ ਦਾ ਸੰਕਲਪਕ ਭਾਸ਼ਾ ਵਿਚ ਰੂਪਾਂਤਰਣ ਮਿਲਦਾ ਹੈ ।ਇਸ ਵਿਚ ਬ੍ਰਹਮ ਦੇ ਸਰੂਪ ਦਾ ਸੂਤ੍ਰਿਕ ਰੂਪ ਵਿਚ ਵੀ ਸੰਕੇਤ ਹੈ ਤੇ ਇਸਦਾ ਬ੍ਰਹਿਮੰਡਕ ਫੈਲਾਓ ਵੀ ਇਸ ਵਿਚ ਹਾਜ਼ਰ ਹੈ।ਇਸ ਤਰ੍ਹਾਂ ਇਹ ਗੁਰੂ ਨਾਨਕ ਦੁਆਰਾ ਅਨੁਭਵ ਤੇ ਗਿਆਨ ਦੀ ਏਕਤਾ ਵਿਚ ਸਿਰਜਿਆ ਪਰਮ ਚਿਹਨ ਹੈ।

**ਹਵਾਲੇ**


1. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅੰਗ 1.
2. Essays on Sri Guru Granth Sahib (Ed. Jaswinder Singh), NaadPargaas, Sri Amritsar, P5.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅੰਗ 591-92.
4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 462-63.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 763.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 8.
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 8.
9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 917.



**ਸਰਬਜੀਤ ਸਿੰਘ (ਡਾ.)**
mannrabia@gmail.com

# ਜਗਤ ਜਲੰਦੇ ਦਾ ਰੱਖਣਹਾਰ: ਗੁਰੂ ਨਾਨਕ

**ਸ਼ਾਲੂ ਕੌਰ**

ਪਿਛਲੇ ਤਿੰਨ ਕੁ ਦਹਾਕਿਆਂ ਤੋਂ ਕਈ ਤਰ੍ਹਾਂ ਨਾਲ ਅੰਤਰ-ਰਾਸ਼ਟਰੀ ਸੰਪਰਕ ਵਧੇ ਹਨ। ਵਿਸ਼ਵੀਕਰਨ ਨੇ ਗਲੋਬਲ ਪਿੰਡ ਦਾ ਜੋ ਸੰਕਲਪ ਦਿੱਤਾ ਹੈ ਉਸ ਵਿਚ ਸੂਚਨਾ ਦਾ ਵਹਾਅ ਲੋਕਾਂ ਦੀ ਇਕ ਤੋਂ ਦੂਜੇ ਮਹਾਂਦੀਪਾਂ ਤਕ ਪਹੁੰਚ, ਵਪਾਰਕ ਪੈਟਰਨ, ਪੂੰਜੀ ਦਾ ਵਹਾਅ, ਰੈਗੁਲੇਟਰੀ ਸਿਲਸਲੇ ਅਤੇ ਸਭਿਆਚਾਰਕ ਧੁੰਦ ਪੈਦਾ ਹੋਈ ਹੈ। ਗਲੋਬਲ ਪਿੰਡ ਦੇ ਇਸ ਸੰਕਲਪ ਵਿਚ ਗਲੋਬ ਤਾਂ ਹੈ ਪਰ ਪਿੰਡ ਗਾਇਬ ਹੋ ਗਿਆ ਹੈ। ਉਹ ਆਬੋ ਹਵਾ, ਖੁਲ੍ਹ ਦਿਲੀ, ਆਪਸੀ ਪ੍ਰੇਮ-ਪਿਆਰ ਜਿਨ੍ਹਾਂ ਲਈ ਪਿੰਡ ਜਾਣੇ ਜਾਂਦੇ ਸਨ ਹੁਣ ਇਤਿਹਾਸ ਬਣ ਚੁੱਕਾ ਹੈ। ਪਿੰਡ ਵਿਸ਼ੇਸ਼ ਕਰਕੇ ਪੰਜਾਬ ਦੇ ਦਿਹਾਤੀ ਇਲਾਕੇ ਹੁਣ ਪਿੰਡ ਨਹੀਂ ਰਹੇ, ਸਗੋਂ ਇਕ ਵਿਕਸਿਤ ਸ਼ਹਿਰ ਦਾ ਭੁਲੇਖਾ ਪਾ ਰਹੇ ਹਨ। ਆਰਥਿਕ ਅਤੇ ਵਪਾਰਕ ਮਾਹੌਲ ਨੇ ਵਾਤਾਵਰਣ ਉੱਤੇ ਮਾਰੂ ਅਸਰ ਪਾਇਆ ਹੈ ਜਿਸਦੇ ਫਲਸਰੂਪ ਧਰਤੀ ਦੇ ਕੁਦਰਤੀ ਸੋਮੇ ਹੌਲੀ-ਹੌਲੀ ਘਟ ਰਹੇ ਹਨ ਜੋ ਕਿ ਹਮੇਸ਼ਾ ਹੀ ਮਨੁੱਖ ਦੀ ਸਮਾਜਿਕ ਅਤੇ ਜੈਵਿਕ ਭਲਾਈ ਦਾ ਆਧਾਰ ਰਹੇ ਹਨ। ਸਭ ਤੋਂ ਵੱਡੀ ਚਿੰਤਾ ਦਾ ਕਾਰਨ ਵਾਤਾਵਰਣ ਵਿਚ ਆ ਰਹੀ ਵੱਡੀ ਤਬਦੀਲੀ ਹੈ। ਇਹ ਮਨੁੱਖ ਦੀ ਆਪ ਸਹੇੜੀ ਸਮੱਸਿਆ ਹੈ ਜੋ ਕਿ ਗਰੀਨ ਹਾਊਸ ਇਮਿਸ਼ਨਜ਼ (green house emmisions) ਦਾ ਨਤੀਜਾ ਹੈ । ਇਸਦੇ ਫਲਸਰੂਪ ਹੀ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਰਹੀ ਹੈ, ਸਮੁੰਦਰਾਂ ਦੇ ਪਾਣੀ ਤੇਜ਼ਾਬੀ ਹੋ ਰਹੇ ਹਨ ਅਤੇ ਓਜੋਨ ਪਰਤ ਵਿਚ ਵਿਗਾੜ ਪੈ ਰਿਹਾ ਹੈ। ਤਾਜ਼ਾ ਪਾਣੀ ਦੇ ਵਸੀਲੇ ਸੁੱਕ ਰਹੇ ਹਨ। ਈਕੋ ਸਿਸਟਮ ਵਿਚ ਵਿਗਾੜ ਪੈ ਰਿਹਾ ਹੈ ਅਤੇ ਗਲੋਬਲ ਨਾਈਟਰੋਜਨ ਤੇ ਫਾਸਫੋਰਸ ਦਾ ਚੱਕਰ ਬਦਲ ਰਿਹਾ ਹੈ। ਈਂਧਨ ਆਧਾਰੀ ਊਰਜਾ ਉਤਪਾਦਨ, ਟ੍ਰਾਂਸਪੋਰਟ, ਜ਼ਰਾਇਤੀ ਅਤੇ ਖਾਦਾਂ ਦੇ ਖੇਤਰ ਵਿਚ ਗ੍ਰੀਨਹਾਊਸ ਇਮਿਸ਼ਨਜ਼, ਹੇਠਲੀ ਸਤਹ ਉਤੇ ਵਾਤਾਵਰਨ ਦੀ ਗਰਮੀ ਸਹਿਣ ਦੀ ਸਮਰੱਥਾ ਨੂੰ ਖੋਰਾ ਲਾ ਰਹੇ ਹਨ ਜਿਸ ਨਾਲ ਗਲੋਬਲ ਵਾਰਮਿੰਗ ਵਧ ਰਹੀ ਹੈ, ਇਨ੍ਹਾਂ ਦੀ ਵਜ੍ਹਾ ਨਾਲ ਜੋ ਕਾਰਬਨ ਡਾਇਆਕਸਾਈਡ ਪੈਦਾ ਹੋ ਰਹੀ ਹੈ। ਉਸ ਨਾਲ ਪਿਛਲੇ ਸਮਿਆਂ ਦੌਰਾਨ ਸਮੁੰਦਰ ਦੀ ਪੱਧਰ ਉੱਚੀ ਹੋਈ ਹੈ ਅਤੇ ਦੁਨੀਆ ਦੇ ਕਈ ਹਿੱਸਿਆਂ ਵਿਚ ਕੁਦਰਤੀ ਪ੍ਰਕੋਪ ਵੀ ਦੇਖਣ ਨੂੰ ਮਿਲੇ ਹਨ। ਭਾਰਤ ਅਤੇ ਜਾਪਾਨ ਵਿਚ ਆਈਆਂ ਸੁਨਾਮੀਆਂ ਇਸਦੀ ਤਾਜ਼ਾ ਉਦਾਹਰਣ ਹਨ। ਅਨੁਮਾਨ ਹੈ ਕਿ ਜੇ ਹਾਲਾਤ ਇਸ ਤਰ੍ਹਾਂ ਹੀ ਰਹੀ ਤਾਂ ਸੰਨ 2050 ਤਕ ਔਸਤ ਗਲੋਬਲ ਤਾਪਮਾਨ 1 ਤੋਂ 2 ਡਿਗਰੀ ਸੈਲਸੀਅਸ ਵਧਣ ਦਾ ਅਨੁਮਾਨ ਹੈ। ਉੱਤਰੀ ਖਿੱਤੇ ਦੇ ਪਹਾੜਾਂ ਉੱਤੇ 6 ਤੋਂ 7 ਡਿਗਰੀ ਸੈਲਸੀਅਸ ਵੀ ਵਧ ਸਕਦਾ ਹੈ। ਇਸਦੇ ਫਲਸਰੂਪ ਵਰਖਾ ਦੇ ਪੈਟਰਨ ਬਦਲੇ ਹਨ ਅਤੇ ਬਦਲ ਰਹੇ ਹਨ। ਮਾਰੂਥਲ ਇਲਾਕਿਆਂ ਵਿਚ ਵਰਖਾ ਹੋ ਰਹੀ ਹੈ ਅਤੇ ਵਰਖਾ ਵਾਲੇ ਇਲਾਕੇ ਸੁੱਕੇ ਰਹਿ ਰਹੇ ਹਨ। ਹਿਮਾਲਿਆ ਅਤੇ ਦੁਨੀਆ ਦੀਆਂ ਹੋਰਨਾਂ ਚੋਟੀਆਂ ਉੱਤੇ ਹਜ਼ਾਰਾਂ ਸਾਲਾਂ ਤੋਂ ਜੰਮੇ ਗਲੇਸ਼ੀਅਰ ਪਿਘਲ ਰਹੇ ਹਨ। ਧਰਤੀ ਦੀਆਂ ਤਹਿਆਂ 'ਚੋਂ ਪਾਣੀ ਗੁਆਚਦਾ ਜਾ ਰਿਹਾ ਹੈ। ਦਰਿਆਵਾਂ ਵਿਚ ਕਦੇ ਹੜ੍ਹ ਆ ਜਾਂਦਾ ਹੈ ਅਤੇ ਕਦੇ ਬਿਲਕੁਲ ਸੁੱਕ ਜਾਂਦੇ ਹਨ। ਆਉਣ ਵਾਲੇ ਸਮਿਆਂ ਵਿਚ ਸਮੁੰਦਰ ਕੰਢੇ ਵਸੇ ਨਗਰਾਂ ਲਈ ਖ਼ਤਰਾ ਹੈ ਕਿਉਂਕਿ ਪਾਣੀ ਵਧਣ ਨਾਲ ਸਮੁੰਦਰ ਕਦੇ ਵੀ ਇਨ੍ਹਾਂ ਨੂੰ ਹੜੱਪ ਸਕਦਾ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਗਲੋਬਲ ਵਾਰਮਿੰਗ ਨਾਲ ਧਰਤੀ ਦੇ ਅੰਦਰ ਗਰਮੀ ਏਨੀ ਵਧ ਰਹੀ ਹੈ ਕਿ ਇਸਦਾ ਅਸਰ ਕੇਵਲ ਰੁੱਤਾਂ 'ਤੇ ਹੀ ਨਹੀਂ ਪਏਗਾ ਸਗੋਂ ਇਹ ਵੀ ਹੋ ਸਕਦਾ ਹੈ ਕਿ ਧਰਤੀ 'ਚੋਂ ਅਚਾਨਕ ਹੀ ਜਵਾਲਾਮੁਖੀ ਫੁੱਟ ਪੈਣ ਅਤੇ ਧਰਤੀ ਅੱਗ ਉਗਲਣ ਲੱਗ ਪਵੇ। ਇਸ ਤਰ੍ਹਾਂ ਪ੍ਰਕ੍ਰਿਤੀ ਬਿਲਕੁਲ ਨਸ਼ਟ ਹੋ ਸਕਦੀ ਹੈ। ਪਾਣੀ ਦੇ ਸੋਮੇ ਖੇਤ ਤਬਾਹ ਹੋ ਜਾਣਗੇ। ਦਰਖ਼ਤਾਂ ਦਾ ਨਾਮੋ ਨਿਸ਼ਾਨ ਨਹੀਂ ਰਹੇਗਾ। ਆਕਸੀਜਨ ਦੀ ਕਮੀ ਹੋ ਜਾਏਗੀ ਅਤੇ ਸਾਹ ਲੈਣਾ ਮੁਸ਼ਕਿਲ ਹੋ ਜਾਏਗਾ।

ਧਰਤੀ ਦੇ ਵਧ ਰਹੇ ਤਪਤ ਖੰਡ ਬਾਰੇ ਦੁਨੀਆ ਭਰ ਦੇ ਖੋਜੀ ਵਿਚਾਰ ਵਟਾਂਦਰੇ ਕਰ ਰਹੇ ਹਨ ਸਰਵੇਖਣ ਕਰ ਰਹੇ ਹਨ। ਕਈ ਰਿਪੋਰਟਾਂ ਤਾਂ ਡਰਾਉਣ ਵਾਲੀਆਂ ਹਨ ਜੋ ਇਸ ਸਮੱਸਿਆ ਦੀ ਗੰਭੀਰਤਾ ਦਾ ਅਹਿਸਾਸ ਕਰਵਾਉਂਦੀਆਂ ਹਨ। ਅਮਰੀਕਾ ਦੀ ਜੇਮਜ਼ ਕੁੱਕ ਯੂਨੀਵਰਸਿਟੀ ਦੇ ਖੋਜੀਆਂ ਦੀ ਅਗਵਾਈ ਹੇਠ ਇਕ ਕੌਮਾਂਤਰੀ ਟੀਮ ਨੇ ਦੁਨੀਆ ਭਰ ਦੇ ਵਿਗਿਆਨੀਆਂ ਦੇ 70 ਖੋਜ ਪੱਤਰਾਂ ਅਤੇ ਰਿਪੋਰਟਾਂ ਦਾ ਅਧਿਐਨ ਕਰ ਕੇ ਇਹ ਸਿੱਟਾ ਕੱਢਿਆ ਹੈ ਕਿ ਭੂਮੱਧ ਰੇਖਾ ਦੀ ਜਲਵਾਯੂ ਗਲੋਬਲ ਵਾਰਮਿੰਗ ਗ੍ਰਸਤ ਹੈ। ਇਸ ਰਿਪੋਰਟ ਵਿਚ ਪ੍ਰੋਫ਼ੈਸਰ ਸਟੀਵ ਟਰਨਰ ਨੇ ਕਿਹਾ "ਇਨ੍ਹਾਂ ਖੇਤਰਾਂ ਵਿਚ ਆਸਟ੍ਰੇਲੀਆ, ਦੱਖਣੀ ਅਫ਼ਰੀਕਾ, ਦੱਖਣੀ ਯੂਰਪ, ਦੱਖਣ ਪੱਛਮੀ ਅਮਰੀਕਾ, ਉੱਤਰੀ ਮੈਕਸੀਕੋ ਅਤੇ ਦੱਖਣੀ ਅਮਰੀਕਾ, ਭੂਮੱਧ ਰੇਖਾ ਦੇ ਮੱਧ ਪੂਰਬੀ ਖੇਤਰ ਖਾਸ ਤੌਰ ਤੇ ਆਉਂਦੇ ਹਨ। ਇਨ੍ਹਾਂ ਖੇਤਰਾਂ ਵਿਚ ਭਵਿੱਖ ਵਿਚ ਖੁਸ਼ਕੀ ਛਾ ਜਾਏਗੀ। ਜਿਸ ਨਾਲ ਜਲ ਸ੍ਰੋਤਾਂ, ਕੁਦਰਤੀ ਚੌਗਿਰਦੇ ਅਤੇ ਖੇਤੀਬਾੜੀ ਲਈ ਘਾਤਕ ਸਿੱਟੇ ਨਿਕਲ ਸਕਦੇ ਹਨ। ਸਮਾਜਿਕ ਵਾਤਾਵਰਣ ਅਤੇ ਮਨੁੱਖ ਦੀ ਸਿਹਤ ਉੱਤੇ ਭਾਰੀ ਅਸਰ ਪਏਗਾ। ਭਾਰੀ ਤੂਫਾਨ ਆਉਣਗੇ, ਭਾਰੀ ਮੀਂਹ ਆਏਗਾ। ਪਰ ਆਮ ਤੌਰ ਤੇ ਖ਼ੁਸ਼ਕੀ ਰਹੇਗੀ ਤੇ ਗਰਮੀ ਵਧੇਗੀ ਬਿਮਾਰੀਆਂ ਵਧਣਗੀਆਂ।" ਲਗਭਗ ਇਹੋ ਸਥਿਤੀ ਹੀ ਸਾਡੇ ਖਿੱਤੇ ਦੀ ਹੋਵੇਗੀ।

ਭਾਰਤ ਵਿਚ ਜਿਓਲੋਜੀਕਲ ਸਰਵੇ ਆਫ ਇੰਡੀਆ ਦੀ ਇਕ ਰਿਪੋਰਟ ਮੁਤਾਬਕ ਗਲੋਬਲ ਵਾਰਮਿੰਗ ਦੇ ਫਲਸਰੂਪ ਗੰਗੋਤਰੀ ਗਲੇਸ਼ੀਅਰ ਹਰ ਸਾਲ 18.80 ਮੀਟਰ ਪਿਘਲ ਰਹੇ ਹਨ। ਅੰਟਾਰਟਿਕਾ ਵੀ ਪ੍ਰਤੀ ਸਾਲ 17.15 ਮੀਟਰ ਘੱਟ ਰਿਹਾ ਹੈ। ਇਉਂ ਗਲੋਬਲ ਵਾਰਮਿੰਗ ਦਾ ਪ੍ਰਭਾਵ ਸਮੁੱਚੀ ਦੁਨੀਆ ਉੱਤੇ ਪੈ ਰਿਹਾ ਹੈ ਜਿਸ ਨਾਲ ਵੱਡੀਆਂ ਤਬਦੀਲੀਆਂ ਵਾਪਰਨਗੀਆਂ।

ਹੁਣ ਮਸਲਾ ਇਹ ਹੈ ਕਿ ਇਸ ਵਿਸਫੋਟਕ ਸਥਿਤੀ ਵਿਚ ਗੁਰਬਾਣੀ ਕਿਵੇਂ ਸਹਾਈ ਹੋ ਸਕਦੀ ਹੈ ਜਾਂ ਪ੍ਰਾਸੰਗਕ ਹੋ ਸਕਦੀ ਹੈ। ਉਪਰੋਕਤ ਤੋਂ ਪ੍ਰਤੱਖ ਹੈ ਕਿ ਗਲੋਬਲ ਵਾਰਮਿੰਗ ਆਪਣੇ ਆਪ ਨਹੀਂ ਹੋਈ ਸਗੋਂ ਮਨੁੱਖ ਦੀ ਆਪ ਸਹੇੜੀ ਹੋਈ ਸਮੱਸਿਆ ਹੈ। ਪ੍ਰਮਾਤਮਾ ਨੇ ਤਾਂ ਇਸ ਨੂੰ ਸੁਖਾਵੀਂ ਪ੍ਰਕ੍ਰਿਤੀ ਦਿੱਤੀ ਸੀ ਪਰ ਮਨੁੱਖ ਨੇ ਦੁਨਿਆਵੀ ਲਾਲਚਾਂ ਦੇ ਵਸ ਪੈ ਕੇ ਸਭ ਕੁਝ ਨਸ਼ਟ ਕਰ ਲਿਆ ਹੈ। ਮਨੁੱਖ ਆਪਣੀ ਤਬਾਹੀ ਲਈ ਆਪ ਜ਼ਿੰਮੇਵਾਰ ਹੈ। ਵਿਗਿਆਨੀਆਂ ਨੇ ਮਨੁੱਖ ਨੂੰ 30 ਸਾਲ ਦਿੱਤੇ ਹਨ, ਜਿਸ ਦੌਰਾਨ ਜੇ ਇਸ ਤਬਾਹੀ ਦਾ ਇਲਾਜ ਨਾ ਕੀਤਾ ਗਿਆ ਤਾਂ ਮਨੁੱਖ ਦਾ ਇਹ ਬਣਿਆ ਬਣਾਇਆ ਸੰਸਾਰ ਤਬਾਹ ਹੋ ਜਾਏਗਾ।

ਗੁਰਬਾਣੀ ਸ਼ਬਦ ਗੁਰੂ ਦੇ ਰੂਪ ਵਿਚ ਮਿਲੀ ਇਕ ਵੱਡੀ ਨਿਆਮਤ ਹੈ। ਜਿਸ ਵਿਚ ਮਨੁੱਖ ਦੇ ਹਰ ਮਸਲੇ ਦੇ ਹਲ ਦੇ ਗੁਰ ਹਨ। ਹੁਣ ਜੇਕਰ ਅਸੀ ਗਹੁ ਨਾਲ ਦੇਖੀਏ ਤਾਂ ਗਲੋਬਲਾਈਜੇਸ਼ਨ ਹੈ ਕੀ? ਮਨੁੱਖ

ਦੀ ਇਕ ਦੂਜੇ ਤੋਂ ਅੱਗੇ ਲੰਘਣ ਦੀ ਦੌੜ ਹੀ ਤਾਂ ਹੈ ਸਭ ਕੁਝ। ਵੱਧ ਤੋਂ ਵੱਧ ਮਾਇਆ ਸਾਧਨ ਇਕੱਠੇ ਕਰਨ ਦੀ ਲਾਲਸਾ। ਜੋ ਪਹਿਲਾਂ ਮਨੁੱਖਾਂ ਵਿਚ ਸੀ, ਹੌਲੀ-ਹੌਲੀ ਸਮਾਜਾਂ ਵਿਚ ਤੇ ਫਿਰ ਦੇਸ਼ਾਂ ਵਿਚ ਫੈਲ ਗਈ। ਉਤਰ-ਬਸਤੀਵਾਦੀ ਯੁਗ ਵਿਚ ਇਹ ਦੌੜ ਹੋਰ ਤੇਜ਼ ਹੋਈ। ਦੇਸ਼ਾਂ ਉੱਤੇ ਭੌਤਿਕ ਕਬਜ਼ਾ (Physical Annexure) ਕਰਨ ਦੀ ਬਜਾਏ ਵਰਿਟੁਓਲ ਕਬਜ਼ਾ ਕਰਨ ਦੀ ਦੌੜ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ। ਵੱਡੀਆਂ ਤਾਕਤਾਂ ਦੂਜੇ ਦੇਸ਼ਾਂ ਦੇ ਵਸੀਲਿਆਂ ਉੱਤੇ ਕਾਬਜ਼ ਹੋਣ ਲਈ ਆਨੇ ਬਹਾਨੇ ਹਮਲੇ ਕਰਦੀਆਂ ਹਨ। ਇਕ ਤੋਂ ਬਾਅਦ ਇਕ ਪ੍ਰਾਪਤੀ ਦੀ ਹੋੜ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ। ਲੋਕਾਂ ਵਿਚ ਸਬਰ ਸੰਤੋਖ ਨਾਮ ਦੀ ਕੋਈ ਚੀਜ਼ ਨਹੀਂ ਰਹੀ ਜਿਸ ਕਾਰਨ ਆਪਾ-ਧਾਪੀ ਵਧੀ ਹੈ। ਗੁਰਬਾਣੀ ਵਿਚ ਪ੍ਰਮਾਣ ਹੈ :

**ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥**
**ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥**

(ਸ਼ੇਖ ਫ਼ਰੀਦ, ਸਲੋਕ-117)

ਜੇਕਰ ਮਨੁੱਖ ਨੂੰ ਸਬਰ ਅੰਦਰ ਰਹਿਣਾ ਆ ਜਾਏ ਤਾਂ ਉਹ ਮ੍ਰਿਗ ਤ੍ਰਿਸ਼ਨਾ ਪਿੱਛੇ ਨਹੀਂ ਦੌੜੇਗਾ। ਸਿੱਖ ਦਰਸ਼ਨ ਸ਼ਾਸਤਰ ਸੰਤੋਖ ਵਿਚ ਰਹਿ ਕੇ ਜੀਵਨ ਜਿਊਣ ਦਾ ਨਾਮ ਹੈ। ਸੰਤੋਖ ਨਾਲ ਦੁਨੀਆ ਦੀਆਂ ਸਾਰੀਆਂ ਹਕੂਮਤਾਂ ਮਿਲ ਜਾਂਦੀਆਂ ਹਨ ਅਤੇ ਮਨੁੱਖ ਦੇ ਸਾਰੇ ਕਾਰਜ ਰਾਸ ਹੋ ਜਾਂਦੇ ਹਨ :

**ਬਿਨਾ ਸੰਤੋਖ ਨਹੀ ਕੋਊ ਰਾਜੈ ॥**
**ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥**
**ਨਾਮ ਰੰਗਿ ਸਰਬ ਸੁਖੁ ਹੋਇ ॥**
**ਬਡਭਾਗੀ ਕਿਸੈ ਪਰਾਪਤਿ ਹੋਇ ॥**

(ਬਾਣੀ ਗੁਰੂ ਅਰਜਨ ਦੇਵ ਜੀ, ਗਉੜੀ॥ ਅੰਗ-278)

ਇਹ ਸਬਰ ਸੰਤੋਖ ਕਿਵੇਂ ਪ੍ਰਾਪਤ ਹੋਵੇ, ਇਸਦਾ ਜਵਾਬ ਗੁਰਬਾਣੀ ਵਿਚ ਥਾਂ ਪੁਰ ਥਾਂ ਦਿੱਤਾ ਗਿਆ ਹੈ। ਸਹਿਜ ਕੇਵਲ ਉਨ੍ਹਾਂ ਪ੍ਰਾਣੀਆਂ ਦੇ ਹਿੱਸੇ ਹੀ ਆਉਂਦਾ ਹੈ ਜੋ ਨਾਮ ਦੇ ਲੜ ਲਗਦੇ ਹਨ। ਇਹ ਨਾਮ ਹੀ ਹੈ ਜੋ ਇਨਸਾਨ ਅੰਦਰ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਮਾਰਦਾ ਹੈ, ਅਤੇ ਮਨੁੱਖ ਦੀ ਹਰ ਪਿਆਸ ਨੂੰ ਬੁਝਾਉਂਦਾ ਹੈ।

**ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਿਜ ਸਮਾਇ ॥**
**ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ ॥**
**ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ ॥**

(ਸਿਰੀਰਾਗੁ ਮਹਲਾ 3, ਘਰੁ 1)

ਸਹਿਜ ਧਾਰਨ ਕਰਨ ਵਾਲੇ ਮਨੁੱਖ ਦੀ ਹਰ ਚਿੰਤਾ ਦੂਰ ਹੋ ਜਾਂਦੀ ਹੈ ਕਿਉਂਕਿ ਪ੍ਰਮਾਤਮਾ ਉਨ੍ਹਾਂ ਉੱਤੇ ਖ਼ੁਦ ਕਿਰਪਾਲ ਹੋ ਜਾਂਦਾ ਹੈ ਅਤੇ ਜੀਵਨ ਦੀ ਹਰ ਦਾਤਿ ਉਸਦੀ ਝੋਲੀ ਪਾ ਦਿੰਦਾ ਹੈ :

**ਨਾਮੁ ਦ੍ਰਿੜਾਇਆ ਸਾਧ ਕ੍ਰਿਪਾਲ ॥**
**ਮਿਟਿ ਗਈ ਭੂਖ ਮਹਾ ਬਿਕਰਾਲ ॥**
**ਠਾਕੁਰਿ ਅਪੁਨੈ ਕੀਨੀ ਦਾਤਿ ॥**
**ਜਲਨਿ ਬੁਝੀ ਮਨਿ ਹੋਈ ਸਾਂਤਿ ॥**
**ਮਿਟਿ ਗਈ ਭਾਲ ਮਨੁ ਸਹਜਿ ਸਮਾਨਾ ॥**

(ਰਾਗੁ ਆਸਾ ਮਹਲਾ 5, ਘਰੁ 2)

ਸੋ ਜੇਕਰ ਸਬਰ, ਸੰਤੋਖ, ਸਹਿਜ ਆ ਜਾਏ ਜਿਹੜਾ ਨਾਮ ਦੀ ਦਾਤ ਨਾਲ ਹੀ ਆਉਂਦਾ ਹੈ ਤਾਂ ਮਨੁੱਖ ਦੀ ਦੁਨਿਆਵੀ ਵਸਤਾਂ ਦੀ ਦੌੜ ਵੀ ਖ਼ਤਮ ਹੋ ਜਾਏਗੀ। ਇਸ ਦੌੜ ਸਦਕਾ ਹੀ ਤਾਂ ਕੁਦਰਤ ਦੀਆਂ ਦਾਤਾਂ ਦਾ ਨੁਕਸਾਨ ਕੀਤਾ ਜਾ ਰਿਹਾ ਹੈ। ਸੋ ਕੁਦਰਤ ਵਿਚਲੇ ਨਿਘਾਰ ਤੋਂ ਬਾਅਦ ਜਾਂ ਇੰਜ ਕਹਿ ਲਵੋ ਕਿ ਗਲੋਬਲ ਵਾਰਮਿੰਗ ਦੇ ਦੁਸ਼ ਪ੍ਰਭਾਵਾਂ ਤੋਂ ਸੁਚੇਤ ਕਰਵਾਉਣ ਤੋਂ ਪਿਛੋਂ ਸਾਡੀ ਚੇਤਨਾ ਇਸ ਵਿਚਾਰ ਨਾਲ ਜਾ ਜੁੜਦੀ ਹੈ ਕਿ ਸਾਡੇ ਗੁਰੂ ਸਾਹਿਬਾਨ ਦਾ ਫਲਸਫਾ ਸਾਨੂੰ ਇਸ ਪ੍ਰਤੀ ਕਿਵੇਂ ਗਿਆਨਵਾਨ ਬਣਾਉਂਦਾ ਹੈ, ਤਾਂ ਮੇਰੇ ਜ਼ਿਹਨ ਵਿਚ ਕੁਦਰਤ ਦੇ ਮਹੱਤਵ ਨਾਲ ਜੁੜੀਆਂ ਬਾਣੀ ਦੀਆਂ ਅਨੇਕਾਂ ਤੁਕਾਂ ਉਭਰਦੀਆਂ ਹਨ। ਜਦ ਤਕ ਅਸੀ ਕੁਦਰਤ ਦੇ ਮਹੱਤਵ ਨੂੰ ਸਤਿਕਾਰਦੇ ਨਹੀ ਜਾਂ ਪਿਆਰਦੇ ਨਹੀ ਅਸੀ ਉਸ ਪ੍ਰਤੀ ਸੁਹਿਰਦ ਨਹੀ ਹੋ ਸਕਦੇ :

**ਕੁਦਰਤਿ ਕਾਦਰ ਕਰਣ ਕਰੀਮਾ ॥**
**ਸਿਫਤਿ ਮੁਹਬਤਿ ਅਥਾਹ ਰਹੀਮਾ ॥**
**ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ॥**

ਮਹਲਾ ਪੰਜਵਾਂ

**ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥**
**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥**

ਸੋ ਸਬਰ ਸੰਤੋਖ ਵਿਚ ਰਹਿੰਦੇ ਸਹਿਜ ਮਨੁੱਖ ਨੂੰ ਪ੍ਰਕ੍ਰਿਤੀ ਨਾਲ ਖਿਲਵਾੜ ਕਰਨ ਦੀ ਲੋੜ ਨਹੀਂ ਹੋਏਗੀ। ਉਹ ਪ੍ਰਕ੍ਰਿਤੀ ਜਿਸ ਵਿਚ ਪਹਿਲਾਂ ਪਾਣੀ ਜੀਓ ਹੈ ਤੇ ਫਿਰ ਉਸ ਤੋਂ ਸਗਲ ਪਸਾਰਾ ਹੋਇਆ ਹੈ। ਪਾਣੀ ਮਨੁੱਖ ਤੇ ਪ੍ਰਕ੍ਰਿਤੀ ਦੀ ਜਿੰਦ ਜਾਨ ਹੈ। ਇਤਿਹਾਸ ਗਵਾਹ ਹੈ ਕਿ ਜਿਸ ਗ੍ਰਹਿ ਤੇ ਪਾਣੀ ਨਹੀਂ ਉੱਥੇ ਜੀਵਾਂ ਦਾ ਵਸੇਬਾ ਵੀ ਨਹੀ ਹੋਇਆ, ਉਹ ਗ੍ਰਹਿ ਨਿਰਜਿੰਦ ਪੱਥਰ ਹਨ। ਮਨੁੱਖ ਨੂੰ ਇਹ ਸਮਝਣਾ ਹੋਏਗਾ ਕਿ ਜਦੋਂ ਗਲੇਸ਼ੀਅਰ ਪਿਘਲ ਜਾਣਗੇ, ਦਰਿਆਵਾਂ ਵਿਚ ਪਾਣੀ ਨਹੀਂ ਰਹੇਗਾ ਤਾਂ ਸਤਲੁਜ, ਬਿਆਸ, ਰਾਵੀ, ਜਿਹਲਮ, ਝਨਾਬ ਵੀ ਰੇਤ ਬਣ ਜਾਣਗੇ। ਇਸ ਤਰ੍ਹਾਂ ਸਾਡੀ ਜ਼ਰਖੇਜ ਧਰਤੀ ਵੀ ਮਾਰੂਥਲ ਵਿਚ ਤਬਦੀਲ ਹੋ ਜਾਏਗੀ। ਗੁਰਬਾਣੀ ਵਿਚ ਪਾਣੀ ਦੇ ਮਹੱਤਵ ਬਾਰੇ ਵਾਰ-ਵਾਰ ਚੇਤੰਨ ਕੀਤਾ ਗਿਆ ਹੈ :

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**

(ਜਪੁਜੀ ਸਾਹਿਬ, ਸਲੋਕੁ ਮਹਲਾ 1)

**2. ਨਾਨਕ ਇਹ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ ॥**

**3. ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥**

ਪਾਣੀ ਬ੍ਰਹਿਮੰਡ ਦੇ ਸਾਰੇ ਪ੍ਰਬੰਧ ਦਾ ਮੂਲ ਹੈ । ਗਿਆਨ ਪ੍ਰਬੰਧ ਵੀ ਇਸ ਨਾਲ ਜੁੜਿਆ ਹੋਇਆ ਹੈ। ਪਾਣੀ ਗਿਆਨ ਤੇ ਸਿਰਜਣ ਸਭ ਕੁਝ ਦਾ ਕੇਂਦਰੀ ਚਿਹਨ ਹੈ। ਪਾਣੀ ਬਿਨਾਂ ਮਨੁੱਖ ਦੀ ਹੋਂਦ ਨਹੀਂ। ਗਲੋਬਲ ਵਾਰਮਿੰਗ ਇਸਦੇ ਮੂਲ ਸੋਮਿਆਂ ਨੂੰ ਨਸ਼ਟ ਹੀ ਨਹੀਂ ਕਰ ਰਹੀ ਸਗੋਂ ਅਮੀਰ ਸੋਮਿਆਂ ਵਾਲੀਆਂ ਥਾਵਾਂ 'ਤੇ ਇਸਦਾ ਵਿਹਾਰ ਹੋਰ ਵੀ ਕਰੂਪ ਹੋ ਜਾਂਦਾ ਹੈ।

ਇਸ ਤਰ੍ਹਾਂ ਹਾਲਾਤ ਮਨੁੱਖ ਦੇ ਨਿਯੰਤਰਣ ਤੋਂ ਬਾਹਰ ਹੋ ਰਿਹਾ ਹੈ। ਗੁਰਬਾਣੀ ਨੇ ਇਸ ਬਾਰੇ ਸਾਡੀ ਚੇਤਨਾ ਵਿਚ ਇਸ ਨਵੇਂ ਗਿਆਨ ਤੇ ਅਹਿਸਾਸ ਨੂੰ ਬੰਨਿਆ ਸੀ ਕਿ ਇਸ ਬ੍ਰਹਿਮੰਡ ਦਾ ਰਚਣਹਾਰ ਉਹ ਆਪ ਵਾਹਿਗੁਰੂ ਹੈ ਜਿਸਦੀ ਰਚੀ ਸ੍ਰਿਸ਼ਟੀ ਨਾਲ ਖਿਲਵਾੜ ਕਰਨ ਵਾਲੇ ਮਾਨਵ ਨੂੰ ਕਦੇ ਚਿਰ ਸਥਾਈ ਸੁੱਖ ਨਹੀਂ ਮਿਲ ਸਕਦਾ। ਸ੍ਰਿਸ਼ਟੀ ਦਾ ਰਚਣਹਾਰ ਵੀ ਉਹ ਹੈ ਅਤੇ ਮਾਲਕ ਵੀ ਉਹੀ ਹੈ :

**ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥**
**ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥**

(ਸਲੋਕੁ ਮਹਲਾ 5)

ਅਸਲ ਵਿਚ ਗਲੋਬਲ ਵਾਰਮਿੰਗ ਉਨ੍ਹਾਂ ਤੱਤਾਂ ਨੂੰ ਨਸ਼ਟ ਕਰ ਰਹੀ ਹੈ ਜਿਨ੍ਹਾਂ ਨੂੰ ਭਾਰਤੀ ਦਰਸ਼ਨ ਵਿਚ ਪੰਚ-ਤੱਤ ਜਾਂ ਪੰਚ-ਭੂਤ ਆਖਿਆ ਗਿਆ ਹੈ। ਇਨ੍ਹਾਂ ਵਿਚ ਪ੍ਰਿਥਵੀ, ਜਲ, ਅਗਨੀ, ਵਾਯੂ ਅਤੇ ਆਕਾਸ਼ ਹਨ। ਜਿਨ੍ਹਾਂ ਨੂੰ ਕਰੂਪ ਕਰਨਾ ਸਮੁੱਚੀ ਕੁਦਰਤ ਜਾਂ ਬ੍ਰਹਿਮੰਡ ਨੂੰ ਕਰੂਪ ਕਰਦਾ ਹੈ। ਇਨ੍ਹਾਂ ਦੇ ਮਹੱਤਵ ਬਾਰੇ ਗੁਰਬਾਣੀ ਵਿਚ ਵਿਖਿਆਨ ਹੈ :

**ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ ॥**
**ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ ॥**

(ਬੈਰਾੜੀ ਮਹਲਾ 5)

**ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ ॥**
**ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ ॥**

ਗਲੋਬਲ ਵਾਰਮਿੰਗ ਸਮੁੱਚੇ ਕੁਦਰਤੀ ਵਰਤਾਰੇ ਨੂੰ ਤਹਿਸ ਨਹਿਸ ਹੀ ਨਹੀਂ ਕਰ ਰਹੀ ਸਗੋਂ ਇਸਦਾ ਸੌਂਦਰਯ ਨੂੰ ਵੀ ਖ਼ਤਮ ਕਰ ਰਹੀ ਹੈ । ਗੁਰਬਾਣੀ ਵਿਚ ਫੁਰਮਾਨ ਹੈ ਕਿ ਕੁਦਰਤ ਵਿਚ ਹੀ ਕਾਦਰ ਵਸਦਾ ਹੈ । ਸੋ ਕੁਦਰਤ ਦੇ ਕਰੂਪ ਹੋਣ ਨਾਲ ਕਾਦਰ ਵੀ ਵਿਖੰਡਤ ਹੁੰਦਾ ਹੈ :

**ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥**
**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥**
**ਬਲਿਹਾਰੀ ਕੁਦਰਿਤ ਵਸਿਆ ਤੇਰਾ ਅੰਤੁ ਨ ਜਾਈ ਲਖਿਆ ॥1॥ਰਹਾਓ॥**

ਗੁਰਬਾਣੀ ਮਹਿਜ਼ ਫਲਸਫਾ ਨਹੀਂ ਸਗੋਂ ਇਕ ਜੀਵਨ ਜਾਂਚ ਹੈ। ਇਸ ਅਨੁਸਾਰ ਪਉਣ ਤੇ ਪਾਣੀ ਦੀ ਜਾਤ ਨੂੰ ਪੁਛੇ ਬਿਨਾਂ ਸਮੁੱਚੇ ਚੌਗਿਰਦੇ ਨੂੰ ਸਮਝਿਆ ਨਹੀਂ ਜਾ ਸਕਦਾ।

**ਪਵਨੈ ਪਾਣੀ ਜਾਣੇ ਜਾਤਿ ॥**

ਪੌਣ ਪਾਣੀ ਵਾਤਾਵਰਣ ਦਾ ਵਿਗਿਆਨ ਹੈ। ਇਸ ਵਿਚ ਪਵਨ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਣ ਹੈ। ਪਵਨ ਨੇ ਹੀ ਕੰਨਾਂ 'ਚ ਧੁਨੀ ਨਾਲ ਸ਼ਬਦ ਦਾ ਅਹਿਸਾਸ ਪੈਦਾ ਕਰਨਾ ਹੈ। ਸ਼ਬਦ ਦੇ ਅਹਿਸਾਸ ਤੋਂ ਬਗ਼ੈਰ ਅੱਖਾਂ ਸਾਹਮਣੇ ਵੀ ਇਸਦਾ ਬਿੰਬ ਨਹੀਂ ਬਣਦਾ ਅਤੇ ਜੀਭ 'ਤੇ ਰਸ ਵੀ ਨਹੀਂ ਉਤਪੰਨ ਹੁੰਦਾ।

**ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ ॥**

ਇਉਂ ਅਰਥ, ਬਿੰਬ, ਅਨੁਭਵ ਦਾ ਸਾਰਾ ਸੰਸਾਰ ਪੌਣ ਤੇ ਵਾਤਾਵਰਣ ਨਾਲ ਜੁੜਿਆ ਹੋਇਆ ਹੈ। ਤੇ ਇਹ ਵਾਤਾਵਰਣ ਅਸੀਂ ਏਨਾ ਗੰਧਲਾ ਕਰ ਰਹੇ ਹਾਂ ਕਿ ਸਭ ਕੁਝ ਬਿਖਰਦਾ ਪ੍ਰਤੀਤ ਹੋ ਰਿਹਾ ਹੈ। ਗਲੋਬਲ ਵਾਰਮਿੰਗ ਅਨੁਭਵ ਅਤੇ ਗਿਆਨ ਦੀ ਅਨੁਭੂਤੀ ਨੂੰ ਵਿਖੰਡਤ ਕਰ ਰਹੀ ਹੈ। ਇਹ ਕੇਵਲ ਪੌਣ, ਪਾਣੀ, ਪ੍ਰਿਥਵੀ, ਅਗਨੀ ਤੇ ਆਕਾਸ਼ ਯਾਨਿ ਪੰਜ ਤੱਤਾਂ ਨੂੰ ਹੀ ਨਹੀਂ ਵਿਗਾੜ ਰਹੀ ਸਾਡੇ ਪ੍ਰਤੱਖਣ ਸ਼ਕਤੀ ਦੀ ਸਮਰੱਥਾ ਵਿਚ ਵੀ ਖੜੋਤ ਪੈਦਾ ਕਰ ਰਹੀ ਹੈ। ਇਸ ਨਾਲ ਸੌਂਦਰਯ ਦੇ ਸੰਕਲਪ ਵੀ ਟੁੱਟ ਰਹੇ ਹਨ। ਸੋ ਇਸ ਸੰਕਟਮਈ ਸਮੇਂ ਵਿਚ ਗੁਰਬਾਣੀ ਹੀ ਇਕ ਸਾਧਨ ਹੈ ਜਿਹੜਾ ਬ੍ਰਹਿਮੰਡ ਦੀ ਪ੍ਰਕਿਰਤਕ ਹੋਂਦ ਅਤੇ ਉਸ ਵਿਚ ਮਨੁੱਖੀ ਸੰਸਾਰ ਅਤੇ ਜੀਵਨ ਦੇ ਸ੍ਰੋਤਾਂ ਬਾਰੇ ਚੇਤੰਨ ਕਰਦੀ ਹੈ। ਅੰਤ ਵਿਚ ਮੈਂ ਇਸ ਪ੍ਰਾਰਥਨਾ ਨਾਲ ਆਪਣੀ ਗੱਲ ਸਮਾਪਤ ਕਰਦੀ ਹਾਂ।

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥**

(ਗੁਰੂ ਅਮਰਦਾਸ ਜੀ)

**ਸ਼ਾਲੂ ਕੌਰ**
shellykaur2@gmail.com

# ਚਾਨਣ ਮੁਨਾਰਾ ਨਾਨਕ ਪ੍ਰਕਾਸ਼

**ਡਾ. ਐਸ. ਨਾਜ਼**

ਵਧੇਰੇ ਕਰਕੇ ਧਰਮ ਫਲਸਫੇ ਨੂੰ ਸਮਝਣ ਲੱਗਿਆਂ ਅਸੀਂ ਅੰਨ੍ਹੀ ਸ਼ਰਧਾ ਦੇ ਅਧੀਨ ਪੈਰ ਧਰਦੇ ਹਾਂ, ਨਤੀਜੇ ਵਜੋ ਮੁਗਦ ਨੈਣ ਹੋ, ਫਿਸਲਣ ਦੇ ਵਧੇਰੇ ਚਾਂਸ ਹੁੰਦੇ ਹਨ। ਸੰਸਾਰ, ਬੇਅੰਤ ਗਿਆਨ, ਵਿੱਗਿਆਨ, ਤਵਾਰੀਖੀ ਗਿਆਨ ਨਾਲ ਲੱਦਿਆ ਪਿਆ ਹੈ। ਮੇਰੀ ਸੋਚ ਆਖਦੀ ਹੈ ਕਿ ਧਰਮ ਇਕ ਅਜੇਹਾ ਫ਼ਲਸਫ਼ਾ ਹੈ, ਜਿਸ ਨੂੰ ਦਾਰਸ਼ਨਿਕਤਾ ਅਤੇ ਮੰਤਕ, ਦਲੀਲ ਬਾਜ਼ੀ ਅੰਦਰ ਪੜ੍ਹਣ ਅਤੇ ਵਿਚਾਰਣ ਦੀ ਲੋੜ ਹੈ। ਪੱਤ੍ਰਕਾਰੀ ਕਰਦੇ ਸਮੇਂ ਅਫ਼ਰੀਕਣ, ਮਧ ਏਸ਼ੀਆ, ਇੰਡੋਨੇਸ਼ੀਆਂ, ਸਿੰਘਾ ਪੁਰ, ਅਤੇ ਸਾਰੇ ਯੂਰਪ ਅੰਦਰ ਘੁਮਣ ਦੇ ਮੌਕੇ ਮਿਲੇ। ਬੇਸ਼ਕ ਅਫ਼ਰੀਕਾ ਅੰਦਰ ਕਿਸਮ ਕਿਸਮ ਦੇ ਕਲਟ (ਮਨ ਮੋਹਿਤ, ਜਾਦੂ ਗਰੀ) ਅਤੇ ਜਪਾਨ, ਇੰਡੋਨੇਸ਼ੀਆ, ਫਿਲਪੀਨ ਅੰਦਰ ਮਹਾਨ ਮੰਦਰ ਅਤੇ ਇਟਲੀ ਅੰਦਰ ਵੈਟੀਕਨ ਅਤੇ ਸੰਸਾਰ ਦੇ ਸਭ ਤੋਂ ਮਹਾਨ ਅਤੇ ਵੱਡੇ ਰੂਸ ਦੇ ਚਰਚ ਸੇਂਟ ਪੀਟਰਸ ਚਰਚ ਦੀ ਵੀ ਜ਼ਿਆਰਤ ਕੀਤੀ। ਇੱਕ ਗੱਲ ਸਾਰੇ ਧਾਰਮਿਕ ਸਥਾਨਾਂ ਅੰਦਰ ਸਾਂਝੀ ਸੀ, ਤੇ ਉਹ ਸੀ ਕਿ ਸਭ ਤੋਂ ਵੱਡਾ ਅਣਪੜ੍ਹਾਂ ਦਾ ਕੱਠ ਧਾਰਮਿਕ ਅਸਥਾਨਾ ਤੇ ਹੀ ਮਿਲਿਆ।

ਇੱਹ ਹਾਲਤ ਮੰਨ ਕੇ ਚਲਣ ਵਾਲੀ ਦਲੀਲ ਹੈ ਕਿ ਜੇ ਲੋਕਾਂ ਦਾ ਧਰਮ ਤੋਂ ਵਿਸ਼ਵਾਸ ਉੱਠ ਗਿਆ ਹੈ ਏਸ ਅੰਦਰ ਵਿਸ਼ਵਾਸ ਧਾਰੀਆਂ ਦਾ ਸਭ ਤੋਂ ਵਧੇਰੇ ਦੋਸ਼ ਹੈ। ਉਹ ਲੋਕਾਂ ਦਾ ਵਿਸ਼ਵਾਦ ਜਿੱਤਣ ਅੰਦਰ ਬੁਰੀ ਤਰਾਂ ਮਾਰ ਖਾ ਗਏ। ਗੱਲ ਅਸਲ ਵਿੱਚ ਇਹ ਸੀ ਕਿ ਜੋ ਧਰਮ ਪੜ੍ਹਾ ਰਹੇ ਸਨ, ਆਪ ਅਣਪੜ੍ਹ ਸਨ। ਉਹਨਾ ਧਰਮ ਨੂੰ ਅੰਧ ਵਿਸ਼ਵਾਸ ਹੀ ਦੱਸਿਆ ਤੇ ਬਿਆਨ ਕੀਤਾ। ਲੋਕ ਭਟਕ ਕੇ ਰਹਿ ਗਏ। ਰਾਹ ਅਤੇ ਟੀਚਾ ਰੁ.ਲ ਗਿਆ। ਇਹ ਹਾਲਤ ਇੱਕ ਧਰਮ ਦੀ ਨਹੀਂ, ਸੰਸਾਰਿਕ ਧਰਮ ਦੁਖਾਂਤ ਹੈ। ਗਿਆਨ ਰਹਿਤ, ਗਿਆਨ ਵੰਡ ਰਹੇ ਹਨ! ਅੱਜ ਦੇ ਸਮੇ ਅੰਦਰ ਬਹੁਤ ਹੀ ਘਟ ਲੋਕ ਹੋਣ ਗੇ ਜੋ ਗੁਰੂ ਗਿਆਨ ਅਤੇ ਗੁਰੂ ਗੁਣ ਨਹੀਂ ਸੁਣਦੇ। ਪ੍ਰਭ ਦੀਆਂ ਸਿਫ਼ਤਾਂ ਅਤੇ ਓਸ ਦੇ ਸਿਧਾਂਤਾਂ ਤੋ ਵਾਕਿਫ਼ ਨਹੀਂ। ਮੂਲ ਮੰਤਰ ਦੀ ਜਾਣ ਕਾਰੀ ਤੋਂ ਹਰ ਮਾੜੀ ਮੋਟੀ ਸਮਝ ਰੱਖਣ ਵਾਲਾ ਵੀ ਜਾਣੂ ਹੈ। ਸਵਾਲ ਵਾਕਫ਼ੀਅਤ ਰੱਖਣ, ਜਾਣਕਾਰੀ ਰਖਣ ਦਾ ਨਹੀਂ। ਗੁਰੂ ਬਾਬਤ, ਜਾਣਕਾਰੀ ਦਾ ਨਹੀਂ। ਸਵਾਲ ਇਹ ਹੈ, ਕਿ ਮੈਂ ਗੁਰੂ ਬਾਬਤ ਨਹੀਂ ਗਰੂ ਨੂੰ ਜਾਣਦਾ ਹਾਂ? ਵਾਕਫ਼ੀਅਤ ਰੱਖਣ ਅਤੇ ਪਛਾਣ ਕਰਨ ਅੰਸਰ ਬਹੁਤ ਅੰਤਰ ਹੈ। ਏਸ ਦਲੀਲ ਨੂੰ ਮੁੱਖ ਰੱਖਦੇ ਹੋਏ ਕਿ ਗੁਰੂ ਨਾਨਕ ਬਾਣੀ ਦੀ ਪਛਾਣ, ਅਤੇ ਸਮਝਣਾ ਮੇਰੇ ਅੱਜ ਦੇ ਵਿਸ਼ੇ ਦਾ ਮੂਲ ਮਕਸਦ ਹੈ। ਇਹ ਦੇ ਨਾਲ ਨਾਲ ਬਾਣੀ ਦਾ ਸੰਚਾਰ, ਬਿਆਨ ਅਤੇ ਵਿਆਖਿਆ ਕਿਵੇਂ ਕੀਤੌਂ ਜਾਵੇ, ਏਸ ਦੀ ਰੁਸ਼ਨਾਈ ਅੰਦਰ ਬਾਬੇ ਦੀ ਬਾਣੀ ਤੇ ਝਾਤ ਹੈ।

ਜਿਸ ਮੋੜ ਤੇ ਆ ਕੇ ਅਸੀਂ ਰੁਕੇ ਹਾਂ, ਏਸ ਤੋਂ ਅੱਗੇ ਨਾਨਕਾਈ ਫਲਸਫ਼ਾ, ਨਾਨਕਾਈ ਗਿਆਨ, ਗੁਰੂ ਮੱਤ ਹੱਥ ਫੜਦਾ ਹੈ। ਇਹ ਗੁਰਮੱਤ ਕੋਈ ਖਲਾਅ ਅੰਦਰ ਰਹੱਸਵਾਦ ਦਾ ਮਿਸ਼ਰਨ ਨਹੀਂ, ਸਗੋ ਧਰਤੀ ਤੇ ਵੱਸਦੇ ਮਨੁੱਖ ਦੇ ਤਜਰਬੇ ਤੋਂ ਉੱਪਜੇ ਗਿਆਨ ਦਾ ਅਧਿਅਨ ਹੈ। ਖਾਲਿਕ ਖਲਕ, ਖਲਕ ਮੇ ਖਾਲਿਕ ਦਾ ਅਨੁਭਵ ਹੈ। ਇਹ ਨਾਨਕ ਬਾਣੀ ਦਾ ਧਰਾਤਲ ਹੈ। ਪ੍ਰੱਭ ਸਾਰੀ ਕਾਇਨਾਤ, ਘਟ ਘਟ ਅੰਦਰ, ਕਣ ਕਣ

ਅੰਦਰ ਧੜਕਦੀ ਮਾਈਕਰੋ ਹਾਲਤ ਵੀ ਹੈ ਅਤੇ ਬ੍ਰੈਹਮੰਡ ਦੀ ਮੈਕਰੋ ਹਾਲਤ ਵੀ, ਜੋ ਸੋਚਿਆਂ ਸੋਚ ਨਾ ਹੋਵਈ ਵਾਲੀ ਹਾਲਤ ਹੈ। ਇਹ ਦੋਵੇਂ ਜ਼ਾਵੀਏ (ਕੋਨ) ਏਸ ਪ੍ਰਕਾਰ ਵੀ ਵੇਖੇ ਜਾ ਸਕਦੇ ਹਨ। ਜਦ ਬਾਬਾ ਪ੍ਰਭ ਨੂੰ ਰੁੱਖਾਂ, ਟਾਹਣੀਆਂ, ਪੱਤੇ ਪੱਤੇ, ਫੁਲ, ਡੋਡੀਆਂ,ਹਵਾ, ਪਾਣੀ, ਧਰਤੀ ਆਕਾਸ਼ ਅੰਦਰ ਸਮੋਇਆ ਵੇਖਦਾ ਹੈ, ਇਹ ਪ੍ਰਭ ਦੀ ਮਾਈਕਰੋ ਹਾਲਤ ਹੈ। ਏਸ ਦੀ ਤਾਰੀਫ਼ੀ ਭਾਸ਼ਾ ਹੈ, ਏਸ ਦੇ ਕਰਤਵ, ਕਰਮ ਅਤੇ ਕਿਰਿਆ ਦਾ ਨਿਰੰਤਰ ਘੋਲ ਹੈ। ਜਦ ਏਸ ਪ੍ਰਭ ਨੂੰ ਬਾਬਾ ਮੈਕਰੋ ਸ਼ਕਲ ਅੰਦਰ ਵੇਖਦਾ ਹੈ। ਉਹ ਨਾਨਕਾਈ ਮੰਤਕ ਦਾ ਉਹ ਗਿਆਨ ਹੈ ਜੋ ਏਸ ਧਰਤੀ ਦੀ ਗੋਲਾਈ ਤੇ ਬੈਠ, ਸਾਰੇ ਸੰਸਾਰ ਤੇ ਅਪਣਾ ਹੁਕਮਾ ਨਿਯੰਮ ਬੱਧ ਕਿਰਿਆ, ਕਰਮ ਕਰੀਮਾ ਹੈ। ਏਸ ਸਥਿਤੀ ਅੰਦਰ ਉਹ ਲਖ ਆਕਾਸ਼ਾਂ ਆਕਾਸ਼, ਲਖ ਧਰਤੀਆਂ ਪਾਤਾਲਾਂ ਨੂੰ ਪਾਰ ਕਰ ਜਾਂਦਾ ਹੈ।

ਜਦ ਬਾਬਾ ਏਸ ਪ੍ਰੱਭ ਦੀ ਸੋਚਿਆ ਸੋਚ ਨਾ ਹੋਵਈ ਹਾਲਤ, ਏਸ ਦੀ ਦੂਰੀ ਨੂੰ ਅਬੂਰੀ ਹਾਲਤ ਅੰਦਰ ਵੇਖਦਾ ਹੈ, ਸਹਿਜ ਸੁਭਾ ਹੀ ਏਸ ਪ੍ਰੱਭ ਨੂੰ, ਮਨੁਖ, ਜੀਵ ਜੰਤੂ, ਕੁਦਰਤ, ਸਵੇਰ, ਪ੍ਰਭਾਤ ਨੂੰ ਏਕ ਪਿਤਾ, ਏਕਮ ਕੇ ਹਮ ਬਾਰਿਕ ਕਹਿ, ਅਪਣੀ ਦਲੀਲ ਬੰਦ ਕਰ ਦੇਂਦਾ ਹੈ। ਬ੍ਰੈਮੰਡ ਦੇ ਖੁਦਾਏ ਨੂੰ ਮਨੁਖੀ ਰਿਸ਼ਤੇ ਦੀ ਡੋਰੀ ਨਾਲ, ਪੁੱਤਰ ਅਤੇ ਪਿਤਾ ਅੰਦਰ ਬੰਨ੍ਹ ਦੇਂਦਾ ਹੈ। ਖਾਲਿਕ ਖਲਕ ਤੋਂ ਜੁਦਾ ਨਹੀਂ। ਉਹ ਦਿਆਲੂ ਪਿਤਾ ਬਣ ਗਿਆ! ਰਹੀਮੋ ਕਰੀਮ ਪਿਤਾ! ਇਹ ਨਾਨਕ ਬਾਣੀ ਦਾ ਮਹਾਨ ਰੂਹਾਨੀ ਸਿਧਾਂਤ ਬਣ ਗਿਆ।

ਏਸ ਹਾਲਤ ਅੰਦਰ, ਜਦ ਮਨੁੱਖੀ ਰਿਸ਼ਤਾ ਰਹਿ ਹੀ ਪਿਤਾ ਅਤੇ ਪੁੱਤਰ ਵਾਲਾ ਹੋਵੇ, ਬਾਕੀ ਰਹਿ ਵੀ ਕੀ ਜਾਂਦਾ ਹੈ! ਨਾ ਰੋਜੇ, ਨਾ ਹਿਫ਼ਜ਼, ਨਾ ਰਸਮਾ, ਨਾ ਵਰਤ, ਨਾ ਰਹਿਤ ਮਰਿਆਦਾ, ਨਾ ਇਸ਼ਨਾਨ, ਨਾ ਤੀਰਥ, ਨਾ ਹੱਜ ਨਾ ਨਮਾਜ਼ਾਂ, ਨਾ ਦਾਨ ਨਾ ਪੁੰਨ, ਨਾ ਰਟਣ ਨਾ ਬਾਣੀਆਂ, ਨਾ ਮੰਦਰ ਨਾਂ ਮਸਜਦ, ਨਾ ਟਿੱਲੇ ਨਾ ਫ਼ਕੀਰੀਆਂ! ਕੁਝ ਵੀ ਨਹੀਂ! ਬੱਸ! ਇੱਕ ਵਾਹ! ਵਾਹ!! ਤਾਰੀਫ਼ ਮਹਿਮਾ!! ਬਾਰਾਂ ਤਾਰੀਫ਼ੀ ਮਹਿਮਾ ਭਰੇ, ਬਾਬੇ ਮਾਹ ਲਿਖ ਮਾਰੇ। ਐਥੇ ਬੜੀ ਸੂਖਮਤਾ ਨਾਲ ਵਿਚਾਰ ਕਰਨ ਵਾਲੀ ਦਲੀਲ ਹੈ। ਕੋਈ ਇਹ ਨਾ ਸਮਝ ਭੈਠੇ ਕਿ ਨਾਨਕ ਵਾਣੀ ਕੁਰਤ ਦੀ ਵਭਿੰਨਤਾ ਦੀ ਪੂਜਾ ਦਾ ਨਾਂ ਹੈ। ਕੁਦਰਤ ਬਾਬੇ ਦੀ ਵਾਣੀ ਅਨੁਸਾਰ ਪ੍ਰੱਭ ਦੀ ਪ੍ਰਭਾ ਦਾ ਪ੍ਰਤੱਖ ਰੂਪ ਵਿਸਥਾਰ ਹੈ, ਵਚਿਤ੍ਰਕ ਰੂਪ ਤੇ ਹੈ, ਓਸ ਦੀ ਸੂਤਰ ਧਾਰੀ ਵਿਸ਼ਾਲਤਾ ਤੇ ਹੈ, ਪਰ ਏਸ ਨੂੰ ਪ੍ਰਭੂ ਮੰਨ ਲੈਣ ਵਾਲੇ ਭੁਲਖੇ ਅੰਦਰ ਨਹੀ ਪੈਣਾ। ਉਹ ਬ੍ਰੈਮੰਡ ਦਾ ਸਿਰਜਨ ਹਾਰਾ ਤੇ ਹੈ, ਪਰ ਬ੍ਰਹਮਾ ਰੂਪ ਅੰਦਰ ਦੇਵਤਾ ਜੀ ਪੂਜਾ ਨਹੀਂ। ਇੰਝ ਕਹਿ ਲਵੋ ਉਹ ਸਿਰਜਨ ਹਾਰ ਤੇ ਹੈ, ਪਰ ਆਪ ਸਿਰਜਨਾ ਨਹੀਂ। ਭੌਧਿਕ ਅਤੇ ਰਸਾਇਣਕ ਗੁਣਾਂ ਦਾ ਰਚੇਤਾ ਹੈ, ਰਚਨਾ ਅੰਦਰ ਰਚਦਾ ਹੋਇਆ ਵੀ, ਏਸ ਤੋਂ ਬਾਹਿਰ ਅਪਰ ਅਪਾਰ ਹੈ।

ਇਹ ਬੜੀ ਰਹੱਸ ਭਰੀ, ਪਰ ਫੇਰ ਵੀ ਦਲੀਲ ਤੋਂ ਬਾਹਿਰ ਕਿਰਿਆ ਨਹੀਂ। ਜੇ ਰਚਨਾ ਹੈ, ਉਪੰਨਤਾ ਹੈ, ਉੱਤਪਤੀ ਹੈ, ਉਪਾਦਨਾ ਹੈ, ਏਸ ਦਾ ਕੋਈ ਨਾ ਕੋਈ ਉਪਾਦਿਕ ਵੀ ਹੋਵੇ ਗਾ। ਗੁਰੂ ਨਾਨਕ ਪ੍ਰਤੀ ਮੇਰੀ ਦਲੀਲ ਆਖਦੀ ਹੈ ਕਿ ਉਹ ਖਾਦਾਏ ਨੂੰ ਸੂਖਮ ਹਾਲਤ ਅੰਦਰ ਇੱਕ ਪਵਿੱਤਰ ਆਤਮਾ ਅੰਦਰ ਵੀ ਮਹਿਸੂਸ ਕਰਦਾ ਹੈ, ਅਤੇ ਸਥੂਲ ਰੂਪ ਅੰਦਰ ਕਦੁਰਤ ਦੀ ਹਰ ਸ਼ੈਅ ਅੰਦਰ ਵਿਚਰਦਾ ਵੇਖਦਾ ਹੈ। ਪੈਗੰਬਰੀ ਅਵਤਾਰੇ ਹੁੰਦੇ ਹੋਏ ਉਹ ਭੂਤ ਕਾਲ, ਵਰਤਮਾਨ ਅਤੇ ਭਵਿਸ਼ ਕਾਲ ਦੀ ਉਦਸੀਆਂ ਦਾ ਮੁਸਾਫਿਰ ਹੈ। ਵਿਚਾਰ ਕਰਨ ਵਾਲਾ ਰਹੱਸ ਹੈ ਕਿ ਵਾਣੀ ਤਿੰਨਾ ਕਾਲਾਂ ਦਾ ਪ੍ਰਤੀਕ, ਅਦਿੱਖ ਨਕਸ਼ ਅਤੇ

ਲਖਸ਼ ਹੈ। ਇੱਕ ਪਗੰਬਰ ਅਪਣੇ ਵਰਤਮਾਨ ਦੀ ਤਰਜਮਾਨੀ ਵੀ ਕਰਦਾ ਹੈ। ਉਹ ਅਪਣੇ ਭੂਤ ਕਾਲ ਹਜ਼ਰਾਂ ਹਜ਼ਾਰਾਂ ਸਾਲਾਂ ਦੀਆਂ ਤਵਾਰੀਖਾਂ ਅਤੇ ਘਟਨਾਵਾਂ ਨੂੰ ਵੀ ਜਾਣਦਾ ਹੈ। ਜੰਮਣ ਵਾਲੇ ਭਵਿਸ਼ ਕਾਲ ਦਾ ਵੀ, ਭਵਿਸ਼ ਵਾਣੀ ਦਾ ਪੈਗਾਮ ਬਰ( ਪੈਗੰਬਰ) ਹੁੰਦਾ ਹੈ। ਤਿਨਾਂ ਕਾਲਾ ਦੀ ਰਾਹ ਨੁਮਾਈ ਗੁਰੂ ਨਾਨਕ ਦੇਵ ਅੰਦਰ ਏਸ ਪ੍ਰਕਾਰ ਜੜ੍ਹ ਫੜਦੀ ਹੈ।

ਵਰਤਵਾਨ ਅੰਦਰ ਪੈਗੰਬਰੀ ਹੈਸੀਅਤ ਅੰਦਰ ਉਹ ਸਮਜ ਦੀਆਂ ਉਚ ਨੀਚ ਦੀਆਂ ਦੀਵਾਰਾਂ ਦਾ ਤੋੜਨ ਵਾਲਾ ਹੈ ਬਾਹਮਣਾ ਦੀ ਧਰਮ ਪ੍ਰਤੀ ਕੂਟ ਨੀਤੀ ਦਾ ਬਾਬਾ ਖੰਣਣ ਕਰਦਾ ਹੈ। ਸਿਅਸੀ ਤੌਰ ਤੇ ਨਿਡਰਤਾ ਨਾਲ ਬਾਦਸ਼ਾਹੀਆਂ, ਰਜਵਾੜਿਆਂ ਤਾਨਾ ਸ਼ਾਹੀ ਤਾਕਤਾਂ ਨੂੰ ਵੰਗਾਰਦਾ ਹੈ। ਡਾ: ਚਾਰਲਸ ਸਵਿੰਡਲ ਮੇਰਾ ਗੁਰੂ ਅਤੇ ਮਹਾਂ ਵਿਦਿਆਲੇ ਦਾ ਪ੍ਰਿੰਸੀਪਲ ਆਖਿਆ ਕਰਦਾ ਸੀ। (Prophets are visionaries with a unique order, they not only foretell, but tell truth boldly and fearlessly) ਸੋਚ ਟੰਬਦੀ ਹੈ ਕਿ ਬਾਬਾ ਜੀ ਅਜੇਹੇ ਹੀ ਪੈਗੰਬਰੀ ਦੇ ਘੁਲਾਟੀਏ ਸਨ। ਖਰੀ ਖਰੀ ਮੂੰਹ ਤੇ ਮਾਰਨੀ ਏਸ ਪ੍ਰਕਾਰ ਹੈ ਕਿ ਬਾਬਰ ਨੂੰ ਲਲਕਾਰਦੇ ਹਨ ਪਾਪ ਕੀ ਜੰਞ ਲੈ ਕਾਬਲੋਂ ਧਾਇਆ, ਜੋਰੀ ਮੰਗੇ ਦਾਨ ਵੇ ਲਾਲੋ। ਧਾਰਮਿਕ ਅਸਥਾਨ ਦੀਆ ਕੁਰੀਤੀਆਂ, ਡੇਰੇ ਤੇ ਟਿੱਲੇ, ਸਾਧ ਸੰਤ ਬਾਬੇ ਦੀ ਦਾਸ਼ਨਿਕ ਸੋਚ ਅੱਗੇ ਝੁੱਕ ਗਏ। ਇਹ ਹੈ ਵਰਤਮਾਨ ਅੰਦਰ ਇੱਕ ਪੈਗੰਬਰ ਦੀ ਲਲਕਾਰ ਦਾ ਨਾਂ! ਇਹ ਹੁਕਮਨਾਮਾਂ, ਫਰਮਾਨ ਇਲਾਹੀ ਹੁੰਦਾ ਹੈ, ਆਮ ਕਰਕੇ ਅਸੀਂ ਆਖਦੇ ਹਾਂ ਧੁਰ ਕੀ ਬਾਣੀ।

ਮਸੀਹ ਤੋਂ ਕੋਈ 400 ਸਾਲ ਕਬਲ ਯਹੱਵਾ (ਖੁਦਾਏ) ਨੇ ਅਪਣੇ ਪੈਗੰਬਰ ਯਰਮੀਆ ਨੂੰ ਹੁਕਮ ਦਿੱਤਾ ਉੱਠ ਖੜਾ ਹੋ ਜਾ, ਬਰਬਾਦ ਕਰਦੇ, ਢਾ ਸੁੱਟ, ਜੜ੍ਹੋਂ ਪੁੱਟ ਦੇ, ਅਤੇ ਫਿਰ ਨਵੇਂ ਸਿਰੇ ਤੋਂ ਉਸਾਰ ਅਤੇ ਖੜਾ ਕਰ* ਮੇਰੇ ਖਿਆਲ ਅੰਦਰ ਅਜੇਹਾ ਕਰਤਵ ਵਰਤਮਾਨ ਦੇ ਕਣੂ ਅੰਦਰ ਇੱਕ ਪੈਗੰਬਰ ਦਾ ਫ਼ਰਮਾਨ ਹੁੰਦਾ ਹੈ। ਉਹ ਸੱਚਾਈ ਨਾਲ ਕਿਸੇ ਪੱਖ ਤੇ ਵੀ ਸਮਝੌਤਾ ਨਹੀਂ ਕਰਦਾ। ਮਹਾਨ ਦਲੀਲ ਇਹ ਵੀ ਹੈ ਕਿ, ਉਹ ਬਰਬਾਦ ਕਰਦਾ ਹੈ ਗਲਤ ਕੀਮਤਾ ਅਤੇ ਹੋਛੀ ਸੋਚ ਤੇ ਹਥੌੜੇ ਦੀ ਸੱਟ ਵੀ ਮਾਰਦਾ ਹੈ, ਪਰ ਵੱਡੀ ਗੱਲ ਇਹ ਵੀ ਹੈ ਕਿ ਸਮਾਜ ਅਤੇ ਵਿਚਾਰ ਧਾਰਾ ਮੁੜ ਖੜੀ ਕਰਦਾ ਅਤੇ ਉਸਾਰਦਾ ਹੈ। ਇਹ ਓਸ ਦੀ ਕਾਰਾਗਰੀ ਹੈ। ਅੱਜ ਦੀ ਸੋਚ ਢਾ ਢੁਆਈ, ਇੰਨਕਾਰ ਤੇ ਹਰ ਸ਼ੈਅ ਦਾ ਕਰਦੀ ਹੈ, ਪਰ ਇਕਰਾਰ ਕਿਸੇ ਸੈਅ ਦਾ ਨਹੀਂ। ਬਰਬਾਦੀ ਤੇ ਹਰ ਸ਼ੈਅ ਦੀ ਹੈ, ਪਰ ਓਸਾਰੀ ਨਹੀਂ। ਬਾਬਾ ਨਾਨਕ ਅਜੇਹੀ ਹੀ ਸੋਚ ਦਾ ਪਾਂਧੀ ਹੈ। ਓਸ ਸਮਾਜ, ਸਰਕਾਰ ਅਤੇ ਧਰਮ ਦੀਆਂ ਕੱਲਰ ਖਾਹਦੀਆਂ ਦੀਵਾਰਾਂ ਢੈ ਢੇਰੀ ਕਰਨ ਵਲਾ ਪੈਗੰਬਰ ਹੈ, ਪਰ ਉਸਾਰੀ ਦਾ ਵੀ ਫ਼ਰਮਾਨ ਰੱਖਦਾ ਹੈ।

ਦੂਜਾ ਭਾਗ ਹੈ ਭੂਤਕਾਲ ਅੰਦਰ ਰੂਹ ਦਾ ਕਾਲਾਂ ਅੰਦਰ ਪਰਤ ਜਾਣਾ, ਉੱਤਰ ਜਾਣਾ। ਜਦ ਬਾਬਾ ਲਿਖਤ ਅੰਦਰ ਆਖਦਾ ਹੈ ਲੱਖ ਆਕਾਸ਼ਾਂ ਆਕਾਸ਼, ਲੱਖ ਧਰਤੀ ਪਾਤਾਲ ਪਤਾ ਨਹੀਂ ਬਾਬਾ ਕਿਹੜੇ ਲੱਖਾਂ ਲੱਖਾਂ ਬੀਤ ਗਏ ਯੁੱਗਾਂ ਅੰਦਰ ਅਪਣੀ ਰੂਹ ਦੁਆਰਾ ਪ੍ਰਵਾਜ਼ ਕਰ ਗਏ ਸੀ। ਅਣਗਿਨਤ ਬ੍ਰੈਮੰਡਾਂ ਅਤੇ ਚੰਦ ਤਾਰਿਆ ਦਾ ਬਿਆਨ ਕਰ ਗਏ! ਇਹ ਪੈਗੰਬਰ ਦੀ ਦੂਜੀ ਖਸੀਅਤ ਹੁੰਦੀ ਹੈ। ਉਹ ਸਮੇ ਦੇ ਭੂਤ ਕਾਲ ਜੋ ਬੀਤ ਗਿਆ, ਓਸ ਦਾ ਵੀ ਗਿਆਨ ਰੱਖਦੇ ਹਨ।

ਤੀਜੀ ਹਾਲਤ ਇਹ ਵੀ ਬਿਆਨ ਕਰਦੀ ਹੈ ਕਿ, ਪੈਗੰਬਰ ਰਾਹਨਮਾ ਉਹ ਹੋਵੇ ਜੋ ਰਾਹਬਰ ਵੀ ਹੋਵੇ

ਜੋ ਅਪਣੇ ਲੋਕਾਂ ਦਾ ਕੌਮ ਅਤੇ ਨਸਲ ਦੀ ਕਾਰਵਾਨੀ ਕਰ ਸਕਦਾ ਹੋਵੇ। ਬਾਬੇ ਦੀ ਬੁਕੱਲ ਅੰਦਰ ਕੇਵਲ ਅਪਣਾ ਟੱਬਰ, ਅਪਣੀ ਕੌਮ ਅਪਣਾ ਦੇਸ਼ ਹੀ ਨਹੀਂ, ਸਾਰੀ ਖਲਕਤ ਸਾਰੇ ਦੇਸ਼ਾਂ ਦਾ ਵਸੇਰਾ ਹੈ। ਓਸ ਕੋਲ ਇੱਕ ਪੈਗ਼ਾਮ ਹੈ, ਸਾਰੇ ਦੇਸ਼ਾਂ ਲਈ ਸਾਰੀ ਮਖਲੂਕਾਤ ਲਈ, ਸਾਰੇ ਲੋਕਾਂ ਲਈ, ਸਾਰੇ ਕੂਟਾਂ ਲਈ। ਇਹ ਓਸ ਦਾ ਅਪਣਾ ਪੈਗਾਮ ਨਹੀ, ਪਰ ਓਸ ਕਾਦਰੇ ਮੁਤਲਿਕ ਦਾ ਫਰਮਾਨ ਹੈ ਜੋ ਸਮੇ, ਸਥਾਨ ਅਤੇ ਸਰਹੱਦਾਂ ਦੀ ਸੀਮਾਂ ਦੇ ਰਕਬੇ ਤੋਂ ਅਪਰ ਅਪਾਰ ਹੈ। ਜਦ ਉਹ ਸਾਰੀ ਕਾਇਨਾਤ, ਨਬਾਤਾਤ ਦੀ ਗੱਲ ਕਰਦਾ ਹੈ, ਉਹ ਧਰਤੀਆਂ ਦੀ ਸੀਮਾਵਾਂ ਤੋ ਬਾਹਿਰ ਹੈ! ਜੀਵ ਜੰਤੂ, ਰੁਖਾਂ, ਪੌਦਿਆ ਦੇ ਜੀਵੰਤ ਰਹਿਣ ਦਾ ਪੈਗਾਮ ਬਣ ਜਾਂਦਾ ਹੈ। ਉਹ ਭਵਿਸ਼ ਅੰਦਰ ਇਹਨਾ ਦੇ ਹਸ਼ਰ , ਇਹਨਾ ਦੇ ਅੰਜਾਮ ਨੂੰ ਜਾਣਦਾ ਸੀ। ਹਰ ਪੈਗੰਬਰ ਅਪਣੀ ਨਸਲ ਨੂੰ ਖਬਰਦਾਰ ਵੀ ਕਰਦਾ ਹੈ, ਅਮਲਾਂ ਬਾਝ ਨਾ ਹੋਗ ਨਬੇੜੇ *ਅੱਗੇ ਜ਼ਾਤ ਨਾ ਜ਼ੋਰ ਹੈ, ਅੱਗੇ ਜੀਵ ਨਵੇਂ*ਬਾਬਾ ਵਰਤਮਾਨ ਅੰਦਰ ਵਿਸਰਦੇ ਹੋਏ ਵੀ, ਭਵਿਸ਼ ਕਾਲ ਦਾ ਗਿਆਨ ਰੱਖਦਾ ਹੈ ਕਿ ਅੱਗੇ ਓਸ ਦੇ ਦਰਬਾਰ ਅੰਦਰ ਕੇਵਲ ਨਵੇਂ ਸਿਰੇ ਦੀ ਮਖ਼ਲੂਕ ਹੀ ਦਾਖਿਲ ਹੋਵੇ ਗੀ। ਨਾਨਕਾਈ ਫ਼ਲਸਫਾਂ ਧਰਤੀ ਧਰਤ ਮਹੱਤ (ਮਹੀਤ) ਤੋਂ ਜਾਣੂ ਹੈ। ਉਹ ਸਰਬ ਕਲਾ ਸਮਰੱਤ ਹੋਣ ਦੀ ਮਹੱਤਤ ਜਾਣਦਾ ਹੈ। ਮੇਰਾ ਏਸ ਸਾਰੇ ਵਿਸਥਾਰ ਦਾ ਅਰਥ ਇਹ ਹੀ ਹੈ, ਕਿ ਨਾਨਕ ਫਲਸਫ਼ਾਂ ਸੁਫ਼ਨੇ ਵੇਖਣਾ ਨਹੀਂ, ਸੁਫਨਿਆ ਦਾ ਨਰੀਖਣ ਕਰਨ ਦਾ ਨਾਂ ਹੈ। ਨਾਨਕ ਵਾਸਾ, ਵਸੇਰਾ ਚਾਂਦੀ ਸੋਨੇ ਅੰਦਰ ਮੜ੍ਹੇ ਕਲਤਾਂ ਅੰਦਰ ਨਹੀ, ਪਰ ਵਾਹਕਾਂ, ਰਾਹਕਾਂ ਦੀਆਂ ਪੈਲ਼ੀਆਂ ਅੰਦਰ ਹੈ।

**ਜੈਸੀ ਮਹਿ ਆਵੇ, ਖਸਮ ਕੀ ਬਾਣੀ, ਐਸਾ ਕਰੀ ਗਿਆਨ ਵੇ ਲਾਲੋ!**

**ਸਰਭ, ਕਲਾ, ਸਮਰੱਥ**

ਸਰਭ– ਦਾ ਅਰਥ ਹੈ ਨਾ ਕੇਵਲ ਦਿੱਖ ਰੂਪ ਹੈ ਪਰ ਅਦਿੱਖ ਵੀ, ਨਾ ਕੇਵਲ ਸਥੂਲ ਪਰ ਸੂਖਮ ਵੀ, ਨਾਦ ਵੀ ਅਨਾਦ ਵੀ, ਹਾਲਤਾਂ ਜੋ ਬੀਤ ਚੁਕੀਆਂ ਹਨ, ਜੋ ਬੀਤ ਰਹੀਆਂ ਹਨ ਅਤੇ ਜੋ ਆਉਣ ਵਾਲੀਆਂ ਸੂਰਤਾਂ ਅੰਦਰ ਸਮੋਈਆਂ ਪਈਆਂ ਹਨ। ਸਾਡੇ ਚੇਤੰਨ ਵਿੱਚ ਵੀ ਅਤੇ ਅਚੇਤ ਮੰਨ ਵਿੱਚ ਵੀ ਸ਼ਮੂਲੀਅਤ ਦੀ ਹਾਲਤ ਵਿੱਚ ਵੱਸਦੀਆਂ ਹਨ, ਸਥਿਰਤਾ ਬਖ਼ਸ਼ਦੀਆਂ ਹਨ। ਸਮੇ ਦੇ ਨਾਲ ਵੀ ਅਤੇ ਇਸ ਦੀਆਂ ਬੰਦਸ਼ਾਂ ਤੋ ਪਾਰ ਵੀ। ਰੂਹਾਨੀਅਤ ਦਾ ਗਿਆਨ ਦੀਨੇ ਇਲਾਹੀ (Theology) ਆਖਦਾ ਹੈ, ਇਹ ਸਰਵ ਸੰਕੋਚ ਵੀ ਹੈ ਅਤੇ ਸਰਭ ਵਿਆਪਕ ਵੀ, ਤਾਨ ਹੁੰਦਿਆ ਨਿਥਾਨਾ ਵੀ, ਪਰ ਸ਼ਕਤੀਹੀਨ ਹੁੰਦਿਆਂ ਵੀ ਸਰਵ ਸਮਰਥ ਸ਼ੱਕਤੀ ਸ਼ਾਲੀ ਵੀ। ਸਭ ਕੁਝ ਅਦਿਖ ਵੀ ਅਤੇ ਦਿਖ ਵੀ, ਕਣ ਕਣ ਅੰਦਰ ਸਮੋ ਜਾਣਾ ਵੀ ਅਤੇ ਏਸ ਦਾ ਸੰਕੋਚ ਵੀ। ਜੋ ਕੁਝ ਵੀ ਨਜ਼ਰ ਪੈਦਾ ਹੈ ਅਤੇ ਏਸ ਦੀ ਅਦਿਖ ਬਾਹਰੀ ਹਾਲਤ ਅੰਦਰ, ਸੂਖਮ ਅਤੇ ਸਥੂਲ! ਇਹ ਸਾਰੇ ਦਾ ਸਾਰਾ ਪਸਾਰਾ ਨਾਨਕਾਈ ਵਿਸਥਾਰ ਹੈ, ਜਿਸ ਨੂੰ ਸਰਭ ਕਲਾ ਸਮਰੱਥ ਆਖਿਆ ਗਿਆ ਹੈ।

ਕਲਿ ਅਤੇ ਕਲਾ ਅੰਦਰ ਬਹੁਤ ਮਹਾਨ ਅੰਤਰ ਹੈ, ਫਿਰ ਵੀ ਇੱਕ ਸੁਰਤਾ ਹੈ,ਜਿਵੇਂ *ਯੋਗਤਾ* ਅਤੇ *ਅਯੋਗਤਾ* ਅੰਦਰ ਨਿਰੰਤਰ ਇੱਕ ਮਿਕਤਾ ਹੈ!

ਕਲਾ–ਤਰੀਕਾ ਕਾਰ, ਢੰਗ, ਵਿਉਂਤ, ਅਕਲ ਦਾਨਾਈ, ਹਿਕਮਤ, ਗਿਆਨ, ਵਿੱਗਿਆਨ, ਦਾਰਸ਼ਨਿਤਾ, ਅਭਿਆਸ, ਦਰਸ਼ਨ ਮਿਹਮਾਸਾ, ਵਿੱਦ, ਮੰਤਕ, ਪ੍ਰਭ, ਐਲੋਹੀਮ, ਇਸ ਦਾ ਸੱਤ ਅਤੇ

ਸਿੱਤ, ਖੁਦਾਏ ਹੈ। ਸੌਖੇ ਢੰਗ ਨਾਲ ਇਹ ਕਹਿ ਲਿਆ ਜਾਵੇ ਤੇ ਗਲਤ ਨਹੀਂ ਹੋਵੇਗਾ, ਖੁਦਾਏ ਦਾ ਨਾਂ ਅਸਲ ਵਿੱਚ ਕਲਿ ਜਾਂ ਵਿੱਦ ਹੀ ਹੈ, ਜਿਸ ਦਾ ਅੱਗੇ ਜਾ ਕੇ ਅਰਥ ਹੈ ਵੇਖਣਾ ਅੱਖ ਨੈਣ। ਕਲਿ ਦਾ ਸੂਖਮ ਅਰਥ ਵਿੱਦਓਤਾ ਹੈ, ਜਿਸ ਦਾ ਆਕਾਰ ਨਹੀ, ਕੋਈ ਵਜੂਦ ਜਾਂ ਹੋਂਦ ਨਹੀਂ! ਅਵਿੱਦਓਤ ਹੋਣਾ ਅੰਧਕਾਰ, ਘਲੂਘਾਰਾ ਹੈ, ਨਸ਼ਟ ਦੀ ਹਾਲਤ ਅੰਦਰ ਉੱਤਰ ਜਾਣਾ ਹੈ। ਏਸ ਹਾਲਤ ਨੂੰ ਵਿਗਿਆਨੀਆਂ ਨੇ (Chaos theory is creative activity) ਦਾ ਨਾਂ ਦਿੱਤਾ ਹੈ। ਭਾਵ ਹਰ ਅੰਧਕਾਰ ਅੰਦਰੋਂ ਨਿਖਾਰ, ਸੁਹੱਪਣ, ਸੋਹਜ ਸੁਆਰ ਦੀ ਉੱਤਪਾਦਨਾ ਹੈ।

ਸ਼ਬਦੋ ਧਰਤੀ ਸ਼ਬਦੋ ਆਕਾਸ਼ ਅਤੇ ਜੋ ਵੀ ਨਜ਼ਰ ਪੈਂਦਾ ਹੈ ਦਿੱਖ ਅਦਿੱਖ ਇਹ ਸ਼ਬਦ ਹੀ ਹੈ, ਵਿੱਦ, ਅਕਲ, ਦਾਨਾਈ, ਹਿਕਮਤ, ਕਲਾ ਨਾਲ ਹੀ ਇਹਨਾ ਦੀ ਪੈਦਾਇਸ਼ ਨੇ ਉੱਤਪਾਦਨਾ ਅਤੇ ਉੱਤਪਤੀ ਦੇ ਰੂਪ ਦੀ ਧਾਰਣਾ ਕੀਤੀ ਹੈ। ਅਨੂਪ ਤੋ ਸਰੂਪ ਹੋਣਾ ਹੈ!

ਮਸੀਹ ਤੋਂ ਕੋਈ 800 ਸਾਲ ਪਹਿਲੋ ਸੁਲੇਮਾਨ ਯਹੂਦੀਆਂ ਦਾ ਬਾਦਸ਼ਾਹ ਅਤੇ ਪੈਗੰਬਰ ਲਿਖਦਾ ਹੈ। ਅੱਜੇ ਧਰਤੀਆਂ ਨੇ ਨੀਹ ਨਹੀਂ ਸੀ ਫੜੀ, ਨਾ ਹੀ ਆਕਾਸ਼ ਹੋਂਦ ਵਿੱਚ ਆਇਆ ਸੀ, ਨਾ ਹੀ ਸੂਰਜ, ਗ੍ਰਹਿ ਅਤੇ ਮੰਡਲਾਂ ਜਨਮ ਲਿਆ ਸੀ ਅਤੇ ਨਾ ਹੀ ਇਸ ਧੰਦੂਘਾਰੇ ਵਿੱਚੋਂ ਪਾਣੀ ਅਤੇ ਸਾਗਰਾਂ ਜਨਮ ਲਿਆ ਸੀ। ਪਰ ਮੈਂ ਕਲਾ, ਹਿਕਮਤ, ਦਾਨਾਈ ਪ੍ਰਭੂ ਦੇ ਨਾਲ ਸੀ! ਜੋ ਕੁਝ ਵੀ ਨਜ਼ਰ ਪੈਂਦਾ ਹੈ ਅਰੰਭ ਵਿੱਚ ਪ੍ਰਭੂ ਨੇ ਮੇਰੇ ਦੁਆਰਾ ਪੈਦਾ ਕੀਤਾ ਅਤੇ ਮੈਂ ਪ੍ਰਭੂ ਦੇ ਨਾਲ ਸੀ। ਅਸਲ ਵਿਚ, ਮੇਰਾ ਹਿਕਮਤ ਦਾ ਨਾਂ ਹੀ ਪ੍ਰਭੂ ਹੈ, ਸਮਰਥ, ਸੰਪੂਰਣ, ਸਰਵੋਤਮ (ਸਰਵ+ਉੱਤਮ ਹੈ) ਜਿਸ ਵਿੱਚ ਸਤਵ, ਤੱਤਵ ਸਿੱਤਵ, ਅਪਣੀਆਂ ਅਪਣੀਆਂ ਭੌਤਿਕ ਅਤੇ ਰਸਾਇਣਕ ਹਾਲਤਾਂ ਵਿੱਚ ਟੁੱਟਦੀਆਂ ਅਤੇ ਭਜਦੀਆਂ ਅਤੇ ਜੁੜਦੀਆਂ ਹਨ (Catabolism- Metabolism) ਇਹ ਸਰਬੱਤ ਅਲੂਹੀਅਤ ਹੈ। ਧੰਨ ਹੋ ਬਾਬਾ! ਅਦੇਸ਼ ਬਾਬਾ ਅਦੇਸ਼!!ਅਸਲਵਾਦ ਅੰਦਰ ਬਾਬਾ ਧਰਤੀ ਅਤੇ ਸਾਰੇ ਬ੍ਰੈਹਮੰਡ ਦੀਆਂ ਦੋ ਹਾਲਤਾਂ ਦਾ ਜ਼ਿਕਰ ਕਰ ਰਿਹਾ ਹੈ, ਜਿਸ ਅੰਦਰ ਜੰਮਣ ਮਰਨ (ਪੈਦਾਇਸ਼) ਦੀ ਸਾਰੀ ਕਿਰਿਆ ਮਹਿਫ਼ੂਜ਼ ਬੱਝੀ ਪਈ ਹੈ। ਸੂਖਮ ਦਾ ਸਥੂਲ ਹਾਲਤ ਅੰਦਰ ਜ਼ਹੂਰ!

ਸਾਰੇ ਦੇ ਸਾਰੇ ਜੀਵਨ ਪੰਧ ਅੰਦਰ, ਅਨਗਿਣਤ ਅਜੇਹੀਆ ਸਿੱਧ ਗੋਸ਼ਟੀਆਂ ਸਮੇ ਬਾਬੇ ਕਦੀ ਵੀ ਕਲਾ, ਹਿਕਮਤ, ਦਾਨਾਈ ਦਾ ਪੱਲਾ ਨਹੀਂ ਛੱਡਿਆ। ਇਹ ਹੀ ਓਸ ਦੀ ਖੁਦਾਈ ਸੀ। ਇਹ ਹੀ ਦਾਰਨਿਸ਼ਕਤਾ ਅਤੇ ਮੰਤਕ ਹੈ, ਕਲਾ ਹੈ, ਕਹਿ ਲਵੋ ਗੁਰਮੰਤਰ ਹੈ। ਕੁਝ ਕੁ ਮਿਸਾਲਾਂ ਇਸ ਪ੍ਰਕਾਰ ਵੇਖੀਆਂ ਜਾ ਸਕਦੀਆਂ ਹਨ। ਹਰਿਦੁਆਰ ਵਾਲੀ ਕੱਥਾ ਨਿਰੋਲ ਏਸ ਮੰਤਕ ਦਾ ਪ੍ਰਤੱਖ ਨਮੂਨਾ ਹੈ ਕਿ ਲੋਕ ਸੂਰਜ ਵੱਲ ਪਾਣੀ ਦੇ ਝਟੇ ਮਾਰ ਰਹੇ ਹਨ ਕਿ ਸੂਰਜ ਰਵੀ ਦੇਵਤਾ ਸ਼ਾਂਤ ਹੋ ਸਕੇ। ਬਾਬੇ ਪੱਛਮ ਵੱਲ ਝੱਟੇ ਲਾਉਣੇ ਅਰੰਭ ਕਰ ਦਿੱਤੇ ਕਿ ਪਾਣੀ ਕਰਤਾਰ ਪੁਰ ਖੇਤਾਂ ਤਕ ਪੁੱਜ ਸਕੇ। ਹੁਣ ਬਾਬੇ ਦੀ ਏਸ ਦਲੀਲ ਅੱਗੇ ਹੋਰ ਕਿਹੜਾ ਮੰਤਕ ਖੜਾ ਰਹਿ ਸਕਦਾ ਹੈ। ਇਹ ਗੁਰੂ ਦਾ ਧਰਮ ਸੀ ਅਤੇ ਹੈ ਵੀ! ਕਿਸੇ ਕਿਸਮ ਦਾ ਰਹੱਸ, ਗੰਧ਼ਲਾਅ ਨਹੀਂ। ਲੱਗਦਾ ਹੈ ਕਿ ਬਾਬੇ ਨੇ ਸੂਰਜ ਫੜ, ਲੋਕਾਂ ਦੇ ਦਿਲ ਦਿਮਾਗ ਅੰਦਰ ਭਰ ਦਿੱਤਾ ਦੋ ਹੋਰ ਸਾਖੀਆਂ, ਸਗੋ ਤਿੰਨ ਹੋਰ ਅਜੇਹੇ ਮੰਤਕ ਦੀਆਂ ਸਾਖੀਆਂ ਮੇਰੇ ਜ਼ਹਿਨ ਨੂੰ ਟੁੰਬਦੀਆਂ ਹਨ, ਜਿੰਨ੍ਹਾ ਅੰਦਰ ਸਰਓਤਵਮ ਕਲਾ ਸਮਰੱਥ ਦੀ ਦਾਰਸ਼ਨਿਕ ਪ੍ਰਧਾਨਗੀ ਦਾ ਜ਼ਹੂਰ, ਪ੍ਰਤੱਖ ਨਜ਼ਰ ਪੈਂਦਾ ਹੈ।

ਦੁਖਾਂਤ ਇਹ ਹੈ ਕਿ ਬਾਬੇ ਨਾਨਕ ਸਿਧਾਂਤਿਕ ਪੱਖ ਦੀ ਵਾਕਫ਼ੀਅਤ ਤੇ ਸਾਨੂੰ ਹੈ, ਏਸ ਦਾ ਸੱਤਕਾਰ ਵੀ ਹੈ, ਗੁਰੂ ਗਰੰਥ ਸਾਹਿਬ ਦੀ ਸਮੁੱਚਤਾ ਅੰਦਰ ਪੂਜਾ ਵੀ ਹੈ, ਪਰ ਅੱਜ ਤਕ ਵੀ ਕਿਸੇ ਸਿੱਖ ਵਿਦਵਾਨ ਨੇ ਸਿੱਖ ਧਰਮ ਦੀ ਅਲੂਹੀਅਤ ਅਧਿਆਤਮਕ ਵਾਦ ਦਾ ਵਿਸ਼ਲੇਸ਼ਨ (Theological Analysis) ਨਹੀਂ ਕੀਤਾ। ਇਹ ਮੂਲ ਕਾਰਣ ਹੈ ਕਿ ਸਿਧਾਂਤਿਕ ਵਿਚਾਰ ਧਾਰਾ ਅਤੇ ਗਰੁਮਤ, ਮਨਮੱਤੀ ਖਲਾਅ ਅੰਦਰ ਘਪਲਾ ਖਾ ਗਈ। ਮਿਸਾਲ ਵਜੋ, ਪੁਰਾਤਨ ਬਾਈਬਲ ਦਾ ਹੁਕਮ ਹੈ *ਅਪਣੇ ਗੁਆਂਡੀ ਨੂੰ ਅਪਣੇ ਜੇਹਾ ਪਿਆਰ ਕਰ* ਇਹ ਹੁਕਮ ਹਜ਼ਰਤ ਮੂਸਾ ਦਾ ਸੀ ਜੋ ਮਸੀਹ ਤੋ ਕੋਈ 1500 ਸਾਲ ਕਬਲ ਜੰਮਿਆ। ਮਸੀਹ ਦੇ ਸਮੇ ਤਕ, ਯਹੂਦੀ ਇਹ ਹੀ ਸਮਝਦੇ ਰਹੇ ਕਿ ਗੁਆਂਡੀ ਉਹ ਹੈ ਜਿਸ ਨਾਲ ਕੰਧ ਸਾਂਝੀ ਹੋਵੇ। ਏਸ ਦੀ ਵਿਆਖਿਆ ਅਤੇ ਅਲੂਹੀਅਤ ਦਾ ਵਰਨਣ ਮਸੀਹ ਨੇ ਏਸ ਪ੍ਰਕਾਰ ਕੀਤਾ। ਏਸ ਕਰਕੇ ਨਹੀਂ ਕਿ ਇਲਾਹੀ ਹੁਕਮ ਨੂੰ ਭੰਡਿਆ ਹੋਵੇ, ਪਰ ਅਰਥ ਕੀ ਹਨ, ਏਸ ਦੇ ਮੂਲ ਅੰਸ਼ ਏਸ ਪ੍ਰਕਾਰ ਬਿਆਨ ਕੀਤੇ!

ਇੱਕ ਵਾਰ ਕੋਈ ਯਾਤਰੀ ਜੰਗਲ ਵਿੱਚ ਦੀ ਜਾ ਰਿਹਾ ਸੀ ਕਿ ਡਾਕੂਆਂ ਓਸ ਨੂੰ ਘੇਰ ਲਿਆ ਅਤੇ ਜ਼ਖ਼ਮੀ ਕਰ ਕੇ ਮਰਨ ਕਿਨਾਰੇ ਸੁੱਟ ਗਏ। ਕੁਝ ਸਮੇ ਮਗਰੋਂ ਇੱਕ ਫ਼ਰੀਸੀ ਕਬੀਲੇ ਦਾ ਸਰਦਾਰ ਕਾਹਿਨ (ਹਾਈ ਪ੍ਰੀਸਟ) ਏਧਰ ਦੀ ਲੰਘ ਰਿਹਾ ਸੀ, ਜਦ ਓਸ ਖ਼ੂੰਨ ਅੰਦਰ ਲੱਤਪੱਤ ਬੰਦਾ ਪਿਆ ਵੇਖਿਆਂ, ਦੂਜੇ ਪਾਸੇ ਮੂੰਹ ਕਰ ਥੂ ਥੂ ਕਰਦਾ ਚਲਾ ਗਿਆ। ਦੂਜੀ ਵਾਰੀ ਇੱਕ ਹੋਰ ਧਾਰਮਿਕ ਬੰਦਾ ਜੋ ਉੱਚ ਜਾਤੀ ਦਾ ਸੀ, ਏਸ ਪਾਸੇ ਵੱਲ ਦੀ ਲੰਘਿਆ। ਓਸ ਅਪਣਾ ਮੂੰਹ ਵੱਟ ਕੇ ਰਾਹ ਬਦਲ ਲਿਆ ਅਤੇ ਅਪਣੀ ਪਵਿੱਤਰਤਾ ਨੂੰ ਕਾਇਮ ਰੱਖਦਾ ਹੋਇਆ, ਦੂਜੇ ਪਾਸੇ ਵੱਲ ਚਲਾ ਗਿਆ। ਤੀਜਾ ਯਾਤਰੂ ਇੱਕ ਛੋਟੀ ਜਾਤੀ ਸਾਮਰੀਆਂ ਦਾ ਸੀ। ਜਦ ਓਸ ਜ਼ਖ਼ਮੀ ਪੁਰਸ਼ ਨੂੰ ਵੇਖਿਆ, ਅਪਣੀ ਚਾਦਰ ਨੂੰ ਪਾੜ ਕੇ ਏਸ ਦੇ ਜ਼ਖ਼ਮ ਬੰਨ੍ਹੇ ਅਤੇ ਮਰਹਮ ਪੱਟੀ ਕੀਤੀ ਏ ਅਪਣੀ ਗਧੀ ਤੇ ਲੱਦ ਕੇ, ਨਾਲ ਲਗਦੀ ਸਰਾਂ ਅੰਦਰ ਲੈ ਗਿਆ ਅਤੇ ਸਰਾਂ ਦੇ ਮਾਲਕ ਨੂੰ ਕੁਝ ਪੈਸੇ ਦਿੱਤੇ ਅਤੇ ਆਖਣ ਲੱਗਾ ਏਸ ਮਨੁੱਖ ਦਾ ਇਲਾਜ ਕਰਵਾਓ, ਜਦ ਮੈਂ ਵਾਪਿਸ ਆਵਾਂਗਾ ਤੇਰਾ ਹਿਸਾਬ ਚੁਕਾ ਦਿਆਂਗਾ, ਪਰ ਏਸ ਬੰਦੇ ਨੂੰ ਚੰਗਾ ਕਰ। ਮਸੀਹ ਨੇ ਮੁੜ ਕੇ ਕਿਹਾ, *ਹੁਣ ਦੱਸੋ ਮਨੁੱਖ ਦਾ ਗੁਆਂਡੀ ਕੌਣ ਹੈ? ਏਸ ਕਿਸਮ ਦੇ ਵਿਸ਼ਲੇਸ਼ਨ ਨੂੰ ਅਧਿਆਤਮਕ ਵਿਗਿਆਨ ਆਖਦੇ ਹਨ ਇਲਮੇ ਅਲੂਹੀਅਤ (Theology) ਆਖਦੇ ਹਨ। ਦੁਖਾਂਤ ਹੈ ਕਿ ਉਹ ਸੁਨਹਿਰੇ ਗੁਰੂ ਸਿਧਾਂਤ ਅੱਜ ਵੀ ਵਧੇਰੇ ਕਰਕੇ ਕਥਾ ਕਹਾਣੀਆਂ ਹੀ ਬਣ ਕੇ ਰਹਿ ਗਏ। ਅਧਿਆਤਮਕ ਹੀਰੇ ਧਾਮਿਕਤਾ ਦੇ ਕਰਮ ਕਾਰਜ ਦੇ ਚਿੱਕੜ ਅੰਦਰ ਰੁਲ਼ ਗਏ।

ਲੋੜ, ਅਤੇ ਬੇਹੱਦ ਲੋੜ ਹੈ ਅਜੇਹੇ ਸਿਧਾਂਤਕ ਅਸੂਲਾਂ ਦੀ ਜੜ੍ਹਤਾ ਲੱਭੀ ਜਾਂਦੀ। ਗਰੰਥ ਸਾਹਿਬ ਅਜੇਹੀ ਵਾਹਿਦ ਰੂਹਾਨੀ ਪੋਥੀ ਹੈ ਜੋ ਬਹੁਪੱਖੀ ਆਚਰਣ ਦਾ ਪ੍ਰਚਾਰ ਕਰਦੀ ਹੈ। (Multi Culturism) ਮੇਰਾ ਨਿੱਜੀ ਵਿਚਾਰ ਹੈ ਜੇ ਸਿਖ ਸਿਧਾਂਤ ਕਾਰਾਂ ਏਸ ਦੀ ਸਹੀ ਵਿਆਖਿਆ ਜਗਤ ਅੱਗੇ ਰੱਖੀ ਹੁੰਦੀ, ਸਿੱਖ ਧਰਮ ਸੰਸਾਰਕ ਮਕਬੂਲੀਅਤ ਵਾਲਾ ਧਰਮ ਹੋਣਾ ਸੀ। ਕੀ ਵਾਹਿ ਗੁਰੂ ਵਾਹਿਦ+ ਗੁਰੂ ਹੈ! ਕੀ ਵਾਹਿਦ ਗੁਰੂ ਦਾ ਅਰਥ ਇੱਕ ਖੁਦਾਏ, ਇੱਕ ਇਕਾਈ ਹੈ ਕਿ ਬਹੁਪੱਖੀ ਪਰਮ ਪਿਤਾ, ਪਰਮ ਆਤਮਾ! (Absolutism or multiplicity in unity) ਕੀ ਉਹ ਵਾਹਿਗੁਰੂ ਅਖੀਦ ਖੁਦਾ ਹੈ ਕਿ ਵਖਹੀਦ (ਇਬਰਾਨੀ ਯਹੂਦੀਆਂ ਦੀ ਬੋਲੀ) 550 ਸਾਲ ਹੋਏ, ਬਾਬੇ ਦਾ ਜ਼ਹੂਰ ਹੋਏ, ਇੱਕ ਓਨਕਾਰ ਪ੍ਰਭ ਇੱਕ ਹੈ1

ਕੀ ਏਸ ਦਾ ਅਰਥ ਬਹੁਪੱਖੀ ਸ਼ਖਸੀਅਤ ਦਾ ਨਾਂ ਹੈ! ਕੀ ਏਸ ਦਾ ਅਰਥ ਨਿਰਪੇਖਤਾ ਹੈ ਕਿ ਸਾਪੇਖਤਾ। ਸੋਚਣ ਵਾਲੀ ਦਲੀਲ ਹੈ ਕਿ ਜੇ ਖੁਦਾਏ ਇੱਕ ਹੈ, ਏਸ ਦਾ ਇਹ ਅਰਥ ਨਹੀਂ ਕਿ ਉਹ ਇੱਕ ਇਕਾਈ, ਇੱਕ ਯੂਨਿਟ ਹੈ!ਉਹ ਸਰਭ ਕਲਾ ਸਮਰੱਥ ਬ੍ਰੈਮੰਡ ਰਚੇਤਾ ਇੱਕ ਇਕਾਈ ਨਹੀਂ ਹੋ ਸਕਦਾ।

ਅਸਲ ਵਿੱਚ ਜੋ ਸਵਾਲ ਗੁਰ ਸਿਖ ਅੱਗੇ ਅੱਜ ਹਨ, ਉਹ ਗੁਰੂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਸਮੇ ਅੰਦਰ ਹੀ ਹੱਲ ਹੋ ਜਾਣੇ ਚਾਹੀਦੇ ਸਨ। ਚਾਰਾਂ ਕੂਟਾਂ ਅੰਦਰ ਦੀਆਂ ਉਦਾਸੀਆਂ ( ਵੇਖੋ ਅਜੀਬ ਰਹੱਸ ਹੈ ਯੂਨਾਨੀ ਬੋਲੀ ਅੰਦਰ ਹੋਮਰ ਕਵੀ ਵੀ ਅਪਣੇ ਕਾਵਿ ਸੰਗ੍ਰਹ ਨੂੰ (Odyssey) ਸਫ਼ਰਨਾਮੇ ਹੀ ਲਿਖਦਾ ਹੈ। ਪ੍ਰਭੂ ਦੇ ਮੁਖਾਰ ਅੰਦਰੋ ਜੋ ਵੀ ਆਵਾਜ਼ ਹਜ਼ਰਤ ਮੂਸਾ ਨੇ ਸੁਣੀ ਵਚਨ ਸੀ (ਕਲੀਮਾਂ)ਜਦ ਓਸ ਨੇ ਪੱਥਰ ਦੀਆਂ ਤਖਤੀਆ ਤੇ ਉਕਰ ਦਿੱਤਾ, ਉਹ (ਕਲਾਮ) ਸੀ। ਏਸ ਪ੍ਰਕਾਰ ਹੀ ਸ਼ਬਦ ਅਤੇ ਵਚਨ ਅੰਦਰ ਬਹੁਤ ਫ਼ਰਕ ਹੈ।

ਜਦ ਅਸੀਂ ਪੜ੍ਹਦੇ ਹਾਂ ਆਦਿ ਵਿੱਚ ਸ਼ਬਦ ਸੀ, ਉਹ ਜੋ ਸਬਦ ਸੀ, ਸ਼ਬਦੋ ਧਰਤੀ, ਸ਼ਬਦੋ ਆਕਾਸ਼,ਉਹ ਲਿਖਤੀ ਰੂਪ ਵਾਲਾ ਸ਼ਬਦ ਨਹੀਂ ਸੀ। ਉਹ ਸ਼ਬਦ ਹਿਮਤ ਦਾਨਾਈ ਉਹ ਆਪ ਹੀ ਸੀ। ਮੇਰਾ ਇਹ ਮਿਸਾਲਾਂ ਦੇਣ ਦਾ ਅਰਥ ਹੈ ਕਿ ਗੁਰੂ ਸ਼ਬਦ ਦਾ ਆਤਮਿਕ ਗਿਆਨ ਬਣਨਾ ਲਾਜ਼ਮੀ ਹੈ। ਉਹ ਸਿਧਾਂਤਿਕ ਆਤਮਿਕ ਵਾਦ ਨਿਯੱਮ, ਧਰਮ ਦੇ ਅਹਿੱਲ ਅਤੇ ਸਥਿਰ ਇਮਾਰਤ ਦੇ ਸਤੂਨ ਹੁੰਦੇ ਹਨ। ਨਹੀਂ ਤੇ ਕੀ ਹੁੰਦਾ ਹੈ? ਅਸੀਂ ਡੇਰੇ ਟਿੱਲੇ, ਸੰਤ, ਮਹਾਤਮਾਂ ਫਕੀਰਾਂ ਦੀਆਂ ਆਪ ਮੁਹਾਰੀਆਂ ਤਰਜਮਾਨੀਆਂ ਦੇ ਸ਼ਿਕਾਰ ਹੋ ਧਰਮ ਨੂੰ ਵਿਨਾਸ਼ ਵੱਲ ਧੱਕ ਦੇਂਦੇ ਹਾਂ!

ਮੱਕੇ ਵਾਲਾ ਸਾਕਾ ਅਪਣੇ ਆਪ ਅੰਦਰ ਏਸ ਕਰਕੇ ਅਜ਼ੀਮ ਨਹੀ ਕਿ *ਬਾਬੇ ਮੱਕਾ ਘੁਮਾ ਦਿੱਤਾ* ਸਿਰ ਹਲਾ ਹਲਾ ਕੇ ਬਾਬੇ ਦੀ ਸਰਵ ਸ਼ੱਕਤੀ ਮਾਨਤਾ ਦਾ ਮੁਜ਼ਾਹਰਾ ਨਹੀਂ, ਪਰ ਹਿਕਮਤ ਅਤੇ ਦਾਨਾਈ ਦਾ ਅਰੂਜ ਹੈ, ਅਸੀਮਤ ਬੁਲੰਦੀ ਹੈ। ਜਦ ਬਾਬੇ ਆਖਿਆ ਜਿਸ ਪਾਸੇ ਮੱਕਾ ਹੈ ਨਹੀ, ਮੇਰੇ ਪੈਰ ਓਸ ਪਾਸੇ ਕਰ ਦਵੋ ਮੇਰੇ ਖਿਆਲ ਮੁਤਾਬਿਕ ਮੌਲਵੀਆਂ ਰਾਹਬਾਰਾਂ ਦੇ ਦਿਮਾਗ ਦੀ ਚਰਖੀ ਗੁੰਮ ਗਈ ਕਿ ਅੱਲਾ ਪਾਕ ਤੇ ਹਰ ਪਾਸੇ ਮੌਜੂਦ ਹੈ! ਏਸ ਦੇ ਪੈਰ ਕਿਸ ਪਾਸੇ ਵੱਲ ਕੀਤੇ ਜਾਣ! ਏਸ ਸਾਖੀ ਦੀ ਸਮੁੱਚਤਾ ਮੇਰੇ ਲਈ ਏਸ ਕਰਕੇ ਮਹਾਨ ਹੈ ਕਿ, ਅੱਜ ਤਕ ਵੀ ਮੁਸਲਮਾਨ ਭਾਈ ਮੱਕੇ ਵੱਲ ਪੈਰ ਕਰਕੇ ਨਹੀਂ ਸਉਂਦੇ। ਮੰਤਕ ਅਤੇ ਹਿਕਮਤ ਤੋਂ ਕੋਰੇ। ਅਸਲਵਾਦ ਦੀ ਰੁਸ਼ਨਾਈ ਤੋਂ ਦੂਰ ਅੰਧਕਾਰ ਅੰਦਰ ਸੁੱਤੇ ਪਏ ਹਨ।

ਜਦ ਮੈਂ ਬੇਰਿੰਗ ਕ੍ਰਿਚਨ ਕਾਲਜ ਬਟਾਲਾ ਅੰਦਰ ਬੀ ਏ ਕਰਦਾ ਸੀ, ਡਾ: ਚੀ ਐਚ ਲੋਹਲਿਨ ਮੇਰੇ ਪੰਜਾਬੀ ਦੇ ਟੀਚਰ ਵੀ ਸਨ। ਉਹਨਾ ਦੀ ਸਿਖ ਧਰਮ ਨੂੰ ਬਹੁਤ ਦੇਣ ਹੈ। ਉਹ ਕਾਲਜ ਦੇ ਵਾਈ ਪ੍ਰਿੰਸੀਪਲ ਵੀ ਸਨ। ਉਹਨਾ ਨੇ ਅਫ਼ਗਾਨਿਸਤਾਨ ਤੋਂ ਲੈ ਕੇ ਮਿਡਲ ਈਸਟ ਤਕ ਬਾਬੇ ਦੀਆਂ ਕੁਝ ਸਾਖੀਆਂ ਲੱਭੀਆਂ ਅਤੇ ਇਹਨਾ ਨੂੰ ਕਲਮਬੰਦ ਵੀ ਕੀਤਾ। ਮਹਾਨਤਾ ਏਸ ਅੰਦਰ ਸੀ ਕਿ ਉਹਨਾ ਸਾਖੀਆਂ ਸਦਾ ਰੂਹਾਨੀ ਅਤੇ ਹਿਕਮਤ ਭਰਪੂਰ ਪੱਖ ਦੇ ਵਿਸਥਾਰ ਦੇ ਬਿਆਨ ਦੀ ਵੀ ਪੇਸ਼ਕਾਰੀ ਕੀਤੀ ਹੈ, ਦੋ ਸਾਖੀਆਂ ਦਾ ਹਵਾਲਾ ਦੇਣਾ ਬਣਦਾ ਹੈ– ਹੈਰਾਨੀ ਇਹ ਹੈ ਕਿ ਇਹਨਾ ਸਾਖੀਆਂ ਅਤੇ ਉਦਾਸੀਆਂ ਤੋ ਅਸੀ ਪਹਿਲੋ ਹੀਂ ਵਾਕਿਫ਼ ਤੇ ਹਾਂ, ਪਰ ਇਹਨਾ ਦੀ ਵਿਆਖਿਆ ਡਾ: ਸੀ ਐਚ ਲੋਹਲਿਨ ਵੱਲੋ ਹਿਕਮੱਤ ਭਰਪੂਰ ਹੈ।

1524 ਸੰਨ ਈਸਵੀ ਅੰਦਰ ਭਾਰਤ ਤੇ ਬਾਬਰ ਦਾ ਹਮਲਾ ਹੋਇਆ। ਏਸ ਸਾਖੀ ਦੇ ਜੰਗ ਦਾ ਮੈਦਾਨ

ਹੈ ਐਮਨਾ ਆਬਾਦ ਅਤੇ ਏਸ ਤੇ ਨਾਇਕ ਹਨ ਬਾਬਾ ਅਤੇ ਖਲ ਨਾਇਕ ਜਰਵਾਣਾ ਜਾਬਰ ਬਾਬਰ!ਐਮਨਾ ਆਬਾਦ ਕੋਈ ਅੱਜ ਦੇ ਸ਼ਹਿਰ ਵਰਗਾ ਸੰਘਣੀ ਆਬਾਦੀ ਵਾਲਾ ਸ਼ਹਿਰ ਤੇ ਨਹੀ ਲੱਗਦਾ, ਪਰ ਜੇ ਬਾਬਰ ਨੇ ਏਸ ਤੇ ਆਕਰਮਣ ਕੀਤਾ ਹੈ, ਅਵੱਸ਼ ਹੀ ਕਿਸੇ, ਰਾਜੇ ਰਜਵਾੜੇ ਦਾ ਕਸਬਾ ਜ਼ਰੂਰ ਹੋਣਾ ਹੈ। ਅੱਗਾਂ, ਮੁਰਦਿਆਂ, ਲਾਸ਼ਾਂ, ਫੱਟਰ ਲੋਕ, ਚੀਖਚਿਹਾੜਾ,ਬੰਦੀ, ਔਰਤਾਂ ਅਤੇ ਵਿਲਕਦੇ ਬੱਚੇ, ਸਿਪਾਹੀ ਤਲਵਾਰਾਂ ਅਤੇ ਖੂੰਨਖਰਾਬੇ ਦਾ ਮੰਜ਼ਰ ਹੈ! ਬਾਬਰ ਅਪਣੇ ਸਿਪਾਹੀਆਂ ਅਤੇ ਬੰਦੀਆਂ ਦਾ ਲੇਖਾ ਜੋਖਾ ਵੇਖਦਾ ਹੋਇਆ, ਅਜੇਹੇ ਸਥਾਨ ਤੇ ਪੁੱਜਦਾ ਹੈ ਜਿਥੇ ਕੈਦੀ ਅਤੇ ਫੱਟਰ ਲੋਕ ਪਏ ਵਿਲਕ ਰਹੇ ਸਨ। ਇਹ ਬਾਬਰ ਦੀ ਜਿੱਤ ਸੀ।

ਹੈਰਾਨੀ ਏਸ ਮੋੜ ਤੇ ਆ ਖੜੀ ਹੁੰਦੀ ਹੈ, ਜਦ ਬਾਬਰ ਅਪਣੇ ਦਰੋਗੇ ਨਾਲ ਗੱਲ ਬਾਤ ਕਰਦੇ ਸਮੇ ਇੱਕ ਮਨੁੱਖ ਦੇ ਠੁੱਡਾ ਮਾਰ ਕੇ ਜਗਾਉਂਦਾ ਹੈ। ਆਖਦਾ ਹੈ ਕੌਣ ਹੋ? ਨਾਮ ਬਜਾਨਮ, ਕੀ ਨਾਂ ਹੈ। ਅਸਲ ਵਿੱਚ ਇਹ ਮੁਕਾਬਲਾ ਬਾਬੇ ਅਤੇ ਬਾਬਰ ਦੇ ਆਹਮਣੇ ਸਾਮਣੇ ਹੈ! ਬਾਬਾ ਦਰਦ ਦੀ ਤਪਸ਼ ਹੇਠ ਸਿਰ ਤੋਂ ਪੈਰਾਂ ਤਕ ਇੱਕ ਚਾਦਰ ਖਿੱਚ ਕੇ ਕੈਦੀ ਦੀ ਹਾਲਤ ਅੰਦਰ ਪਿਆ ਹੈ। ਬਾਬਾ ਉਠ ਜਾਂਦਾ ਹੈ, ਕੁਝ ਜਵਾਬ ਨਹੀਂ ਦੇਂਦਾ, ਚੁੱਪ ਹੈ ਅਤੇ ਬਾਬਰ ਅਪਣੇ ਦਰੋਗੇ ਨੂੰ ਪੁਛਦਾ ਹੈ ਇਹ ਕੈਦੀ ਕੌਣ ਹੈ ਦਰੋਗਾ ਆਖਦਾ ਹੈ, ਹਜ਼ੂਰ ਕੋਈ ਫ਼ਕੀਰ ਅਸਤ ਬਾਬਰ ਮੁੜ ਕੇ ਆਖਦਾ ਹੈ, ਫਿਰ ਏਸ ਨੂੰ ਬੰਦੀ ਕਿਉਂ ਬਣਾਇਆ ਅਤੇ ਬਾਬੇ ਨੂੰ ਪੁੱਛਦਾ ਹੈ ਭੰਗ ਨੋਸ਼ਤ ਅਸਤ ਕੀ ਭੰਗ ਖਾਵੇਂਗਾ! ਬਾਬੇ ਨੇ ਫੇਰ ਵੀ ਕੋਈ ਜਵਾਬ ਨਹੀ ਦਿੱਤਾ, ਪਰ ਏਸ ਵਾਰੀ ਪਹਿਲੀ ਵਾਰ ਬਾਬਰ ਵੱਲ ਕਿਸੇ ਰੂਹਾਨੀ ਸ਼ੁਆ ਦੀ ਤਪੱਸ਼ ਅੰਦਰ ਤੱਕਿਆ। ਹੋ ਸਕਦਾ ਹੈ, ਇਹ ਕੁਝ ਪਲਾਂ ਦਾ ਹੀ ਕ੍ਰਿਸ਼ਮਾਂ ਹੋਵੇ! ਪਰ ਏਸ ਤਕਣੀ ਅੰਦਰ ਬਾਬਰ ਦੀ ਸਾਰੀ ਜਾਬਰੀ ਤਾਕਤ, ਸਲਤੱਨਤ, ਜਬਰ, ਜ਼ੁਲਮ ਬਾਦਸ਼ਾਹੀ ਰੋਹਬ ਅਤੇ ਦਬਦਬਾ ਕੈਂਚਰ ਕੈਂਚਰ ਹੋ ਕੇ ਡਿਗ ਪਿਆ! ਬਾਬੇ ਦੇ ਪੈਰਾਂ ਹੇਠ ਆ ਡਿਗਿਆ!

ਇਹ ਕਿਵੇਂ ਹੋਇਆ! ਵੇਖੋ ਇੱਕ ਅਮੀਰ (ਸਰਦਾਰ ਜਾਂ ਬਾਦਸ਼ਾਹ) ਫ਼ਕੀਰ ਅੱਗੇ ਨਿਮਰ ਹੋ ਆਖਦਾ ਹੈ ਫ਼ਕੀਰ ਦੁਆਏ ਖੈਰ ਗੁਜ਼ਰਾਨ ਅਸਤ, ਕਿ ਬਾਦਸ਼ਾਹਤੇ ਬਾਬਰ, ਪੁਸ਼ਤ ਦਰ ਪੁਸ਼ਤ ਕਾਇਮ ਅਸਤ ਬਾਬੇ ਨੂਰਾਨੀ ਅੱਖਾਂ ਦੀ ਸ਼ੁਆ ਨਾਲ ਪਹਿਲਾ ਰੂਹਾਨੀਅਤ ਦਾ ਤੀਰ ਮਾਰਿਆ ਬੋਲਿਆ ਕੁਝ ਨਾ! ਆਖਿਰ, ਬਾਬਾ ਪਹਿਲੀ ਵਾਰ ਹੱਥ ਚੁੱਕ ਕੇ ਦੁਆਏ ਖੈਰ ਮੰਗਦਾ ਹੈ–

ਸਲਤਨਤੇ ਬਾਬਰ ਪੁਸ਼ਤ ਦਰ ਪੁਸ਼ਤ ਕਾਇਮ ਅਸਤ, ਗਰ ਚਿਹ ਰੂਹਾਨੀਅਤ ਬਾਜ਼ੋਰ ਬਾਜ਼ੂਏ ਸ਼ਾਹ ਕਾਇਮ ਅਸਤ

ਬਾਬੇ ਅਤੇ ਬਾਬਰ ਦਾ ਯੁੱਧ ਐਮਨਦਬਾਦ ਅੰਦਰ ਹੋਇਆ। ਬਾਬੇ ਅਸੀਸ ਦਿੱਤੀ, ਪਰ ਸੰਧੀ ਪੱਤਰ ਆਖਦਾ ਸੀ, ਜਦ ਤੀਕ ਤੇਰੀ ਪੁਸ਼ਤ ਰੁਹਾਨੀਅਤ ਦੇ ਬਲ ਤੇ ਚੱਲੇਗੀ, ਪੁਸ਼ਤ ਦਰ ਪੁਸ਼ਤ ਸਲਤਨਤ ਕਾਇਮ ਰਹੇਗੀ, ਪਰ ਜਦ ਤੇਰੀ ਪੁਸ਼ਤ ਦਾ ਜ਼ੋਰ ਸ਼ਹਿਨਸ਼ਾਹਤ ਵਾਲਾ ਜਬਰ ਹੋਵੇਗਾ, ਤੇਰਾ ਜ਼ਵਾਲ (ਪੱਤਨ) ਹੋਵੇਗਾ। ਸੱਤ ਪੀੜ੍ਹੀਆਂ ਮੁਗਲਾਂ ਬਾਬੇ ਦੀ ਦੁਆ ਤੇ ਰਾਜ ਕੀਤਾ!ਜਦ ਤੀਕ ਤੇ ਰੂਹਾਨੀ ਬਖ਼ਸ਼ਿਸ਼ ਮੁਗ਼ਲ ਬਾਦਸ਼ਾਹਾ ਅੰਦਰ ਬੁਲੰਦੀ ਤੇ ਰਹੀ, ਉਹਨਾ ਬਾਬੇ ਦੀ ਸੰਤਾਨ ਅਗੇ ਸਿਰ ਝੁਕਾਇਆ, ਜਦ ਉਹਨਾ ਬਾਬੇ ਦੀ ਔਲਾਦ ਨੂੰ ਤਸੀਹੇ ਦਿੱਤੇ ਅੱਗਾਂ ਭਠੀਆਂ ਅੰਦਰ ਜਲਾਇਆ ਅਤੇ ਕਤਲ ਕੀਤੇ। ਸਾਰੀ ਦੀ ਸਾਰੀ

ਬਾਦਸ਼ਾਹਤ ਲੰਗਾਰੀ ਗਈ, ਨੇਸਤ ਹੋ ਗਈ!

ਕੌਣ ਜੇਤੂ ਰਿਹਾ! ਰੂਹਾਨੀਅਤ ਦਾ ਸਤੰਭ! ਪੀਰੀ ਦੀ ਕਿਰਪਾ + ਆਨ (ਕਿਰਪਾਨ) ਮੀਰੀ ਦੀ ਸ਼ਕਸਤ ਫ਼ਾਸ਼!!

**ਵਲੀ ਕੰਧਾਰੀ–**

ਸੋਚਣ ਸਮਝਣ ਵਾਲੀ ਦਲੀਲ ਹੈ ਕਿ ਪੈਗੰਬਰਾਂ ਦੀ ਕਾਇਨਾਤ ਦਾ ਵਤੀਰਾ ਵੀ ਕੁਝ ਰਹੱਸ ਭਰਿਆ ਹੁੰਦਾ ਹੈ। ਉਹ ਇਸ਼ਾਰਿਆ ਤਸ਼ਬੀਹਾਂ ਨਾਲ ਗੱਲਾਂ ਕਰਦੇ ਹਨ, ਪਰ ਅਸਲੀ ਅਰਥ ਕੁਝ ਹੋਰ ਹੁੰਦੇ ਹਨ। ਕਈ ਦਲੀਲਾਂ ਜਦ ਵਲੀ ਕੰਧਾਰੀ ਬਾਬਤ ਸੋਚਦਾ ਹਾਂ ਮਨ ਨੂੰ ਟੁੰਬਦੀਆਂ ਹਨ। ਇੱਕ ਤਾਂ ਇਹ ਮੰਨ ਕੇ ਚਲਣਾ ਪਵੇਗਾ ਗਾ ਕਿ ਵਲੀ ਕੰਧਾਰੀ ਅੰਦਰ ਰੂਹਾਨੀ ਬਲ ਹੈ ਸੀ। ਨਹੀਂ ਤਾਂ ਲੋਕ ਕਮਲੇ ਨਹੀਂ ਸਨ ਕਿ ਹਜ਼ਾਰਾਂ ਦੀ ਗਿਣਤੀ ਤੇ ਸ਼ਰਧਾਲੂ ਬਰਕਤਾਂ ਅਤੇ ਰਹਿਮਤਾਂ ਦੀ ਬਖ਼ਸ਼ਿਸ ਲੈਣ ਆਉਂਦੇ ਸਨ। ਵਲੀ ਕੰਧਾਰੀ ਦੀ ਪਹਾੜੀ ਅੱਜ ਵੀ ਲੋਕਾਂ ਦੀ ਖਿੱਚ ਦਾ ਕਾਰਣ ਹੈ! ਸਾਰੇ ਭਾਰਤ ਅੰਦਰ, ਹਰ ਵੱਡਾ ਟਿੱਲਾ ਜਾਂ ਤੇ ਪਹਾੜੀ ਉੱਪਰ ਵੱਸਿਆ ਹੁੰਦਾ ਹੈ ਤੇ ਜਾਂ ਫਿਰ ਕਿਸੇ ਨਦੀ ਜਾ ਤਲਾਅ ਦੇ ਇਰਦ ਗਿਰਦ ਵਿਖਾਲੀ ਦੇਂਦਾ ਹੈ। ਇਸ ਅਸਥਾਨ (ਅੱਜ ਦਾ ਪੰਜਾ ਸਾਹਿਬ) ਅਜੇਹਾ ਹੀ ਇੱਕ ਪਾਕਤਰੀਨ ਮਖਸੂਸ ਪਹਾੜੀ ਹੈ ਜਿਸ ਉਪੱਰ ਏਸ ਵਲੀ ਪੀਰ ਦੀ ਦਰਗਾਹ ਹੈ। ਆਮ ਕਰਕੇ ਕਿੱਸਾ ਇਹ ਪ੍ਰਚਲਤ ਹੈ ਕਿ ਬਾਬਾ ਜੀ ਤੇ ਮਰਦਾਨਾ ਪਹਾੜੀ ਦੇ ਹੇਠ ਬੈਠੇ ਹਨ ਅਤੇ ਮਰਦਾਨੇ ਆਖਿਆ ਹੋਣਾ, ਪਾਣੀ ਦੀ ਤਲਬ ਹੈ! ਬਾਬੇ ਨਾਨਕ ਆਖਿਆ ਹੋਣ, *ਜਾ ਉਪੱਰ ਪਹਾੜੀ ਦੇ ਇੱਕ ਪੀਰ ਦੀ ਦਰਗਾਹ ਹੈ, ਉਥੇ ਪਾਣੀ ਦਾ ਇੱਕ ਸਰੋਤ ਹੈ। ਜਾ ਪਾਣੀ ਪੀ ਆ! ਹੋ ਸਕਦਾ ਹੈ ਇਹ ਵੀ ਆਖਿਆ ਹੋਵੇ, ਮੇਰੇ ਲਈ ਵੀ ਲੈਂਦਾ ਆਵੀਂ।

ਮਰਦਾਨਾ ਹੁਕਮ ਅਨੁਸਾਰ ਜਾਂਦਾ ਹੈ ਅਤੇ ਪਹਿਲੀ ਵਾਰ ਵੱਲੀ ਦੇ ਕਹਿਰ ਦਾ ਸ਼ਿਕਾਰ ਬਣਦਾ ਹੈ। ਓਸ ਪਿਆਸਾ ਮੋੜ ਦਿੱਤਾ। ਵਲੀ ਨੇ ਜ਼ਰੂਰ ਹੀ ਪੁਛਿਆ ਹੋਵੇਗਾ ਤੂੰ ਕੌਣ ਹੈਂ! ਕਿਸ ਪੀਰ ਮੁਰਸ਼ਦ ਦਾ ਸ਼ਾਗਿਰਦ ਹੈਂ! ਦੱਸਣ ਤੇ, ਹੋ ਸਕਦਾ ਹੈ ਨਾਨਕ ਨਾਂ ਦਾ ਕੋਈ ਵੀ ਪੀਰ ਮੁਰਸ਼ਦ ਓਸ ਕਦੀ ਨਾ ਸੁਣਿਆ ਹੋਵੇ। ਹੰਕਾਰੀ ਕੰਧਾਰੀ ਨੇ ਤਲਬ ਕੀਤਾ ਕਿ ਓਸ ਪੀਰ ਨੂੰ ਮੇਰੇ ਕੋਲ ਲੈ ਕੇ ਆਓ। ਆਖਦੇ ਹਨ ਕਿ ਓਸ ਅਪਣੀ ਸ਼ੱਕਤੀ ਨਾਲ ਇੱਕ ਪਹਾੜੀ ਪੱਥਰ ਰੋੜ੍ਹ ਕੇ ਬਾਬੇ ਨਾਨਕ ਨੂੰ ਮਾਰ ਦੇਣਾ ਚਾਹਿਆ। ਪਹਾੜ ਦਾ ਲੁੜਕ ਜਾਣਾ ਅਤੇ ਪਹਾੜੀ ਚਟਾਨ ਦਾ ਅਟਕ ਜਾਣਾ ਦੋਵੇਂ ਹੀ ਕਰਾਮਾਤਾਂ ਹਨ। ਮੇਰਾ ਏਸ ਸੱਚਾਈ ਅਤੇ ਕਿੱਸੇ ਕਸੀਦੇ ਨਾਲ ਵਧੇਰੇ ਸਬੰਧ ਨਹੀਂ। ਮੇਰਾ ਸਬੰਧ ਏਸ ਦਲੀਲ ਨਾਲ ਬਣਦਾ ਹੈ ਕਿ ਰਾਹਬਰਾਂ ਅਤੇ ਪੈਗੰਬਰਾ ਵਧੇਰੇ ਕਰਕੇ ਅਜਿਹ ਇਸ਼ਾਰੇ ਤਸ਼ਬੀਹਾਂ ਨਾਲ ਸਾਡੇ ਨਾ ਗੱਲਾਂ ਕੀਤੀਆਂ ਹਨ ਜਿਸ ਅੰਦਰ ਬਹੁਤ ਸਾਰੀਆਂ ਕਹਾਣੀਆਂ ਦੇ ਅਰਥ ਭਾਲਣੇ ਪੈਂਦੇ ਹਨ।

ਏਸ ਦੀ ਵਿਆਖਿਆ ਅੰਦਰ ਕੀ ਕੀ ਛੁਪਿਆ ਪਿਆ ਹੈ, ਕੁਝ ਏਸ ਪ੍ਰਕਾਰ ਵੀ ਸਮਝਿਆ ਜਾ ਸਕਦਾ ਹੈ। ਏਸ ਕਿੱਸੇ ਅੰਦਰ ਦੋ ਮਹਾਨ ਪਾਤਰ ਹਨ। ਇੱਕ ਕੰਧਾਰ ਦਾ ਪਹਾੜੀਆਂ ਦਾ ਸ਼ੱਕਤੀਸ਼ਾਲੀ, ਮਹਾਨ ਵਲੀ ਖੁਦਪ੍ਰਸਤ, ਘੁਮੰਡੀ, ਸਵੈ ਮਾਨ, ਮਗਰੂਰ ਸੰਸਾਰਿਕ ਰੂਹਾਨੀਅਤ ਦਾ ਪੁੰਜ ਹੈ। ਜੋ ਮਿਕਨਾਤੀਸੀ ਕਸਲਸ਼ ਵਾਂਗਰ ਮਾਸੂਮ ਲੋਕਾਂ ਦੇ ਆਕਰਸ਼ਣ ਦਾ ਕੇਂਦਰ ਹੈ। ਇੱਕ ਮਿਸਾਲ ਸੰਤ ਪਾਲ ਦੀ ਬਾਈਬਲ ਅੰਦਰ ਦਰਜ, ਇਸ ਹਕੀਕਤ ਤੇ ਬੜੀ ਢੁਕਵੀ ਲੱਗਦੀ ਹੈ। ਆਖਦਾ ਹੈ, (For we wrestle

not against flesh and blood, but against principalities, against powers, against the rulers of the darkness of this world, against a spiritual wickedness in high places).
"ਭਾਈਓ ਸਾਡੀ ਜੰਗ (ਕੁਸ਼ਤੀ) ਸ਼ਰੀਰਕ ਨਹੀਂ, ਪਰ ਉਹਨਾ ਮਹਾਨ ਸ਼ਕਤੀਆਂ ਨਾਲ ਹੈ, ਉਹਨਾਂ ਹਨੇਰ ਦੇ ਹਾਕਮਾਂ ਵਿਰੁਧ ਹੈ, ਅਤੇ ਉਹਨਾ ਆਤਮਿਕ ਵਿਭਚਾਰਿਕ ਸ਼ੱਕਤੀਆਂ ਵਿਰੁਧ ਹੈ ਜੋ ਉੱਚੀਆਂ ਪਦਵੀਆਂ ਤੇ ਕਾਬਜ਼ ਹਨ।"

ਮੇਰੇ ਖਿਆਲ ਅੰਦਰ ਵਲੀ ਕੰਧਾਰੀ ਵੀ ਇੱਕ ਅਜੇਹੀ ਹਸਤੀ ਸੀ। ਹਜ਼ਾਰਾ ਹਜਾਰਾਂ ਲੋਕ ਜ਼ਿਆਰਤ ਕਰਨ ਲਈ, ਮੰਗਾ ਪੂਰੀਆ ਕਰਨ ਲਈ ਅਪਣੇ ਚੜ੍ਹਾਵੇ ਲੈ ਕੇ ਹਾਜ਼ਿਰ ਹੁੰਦੇ। ਅਪਣੀ ਰੂਹਾਨੀਅਤ ਦੀ ਹੈਂਕੜ ਬਾਜ਼ੀ ਅਨੁਸਾਰ ਹੀ ਏਸ ਤਕੱਬਰ ਅੰਦਰ ਉਹ ਮਰਦਾਨੇ ਨੂੰ ਵੀ ਬੂੰਦ ਪਾਣੀ ਦੇਣ ਤੋਂ ਇੰਨਕਾਰੀ ਹੈ। ਜੇ ਏਸ ਘਟਨਾ ਦੇ ਕਰਾਮਾਤੀ ਪਹਿਲੂ ਨੂੰ ਨਾ ਵੀ ਛੇੜਿਆ ਜਾਵੇ, ਏਹ ਸਾਕਾ ਸਿਧ ਕਰਦਾ ਹੈ ਕਿ ਬਾਬੇ ਅੰਦਰ ਅਤੇ ਵਲੀ ਅੰਦਰ ਸੰਵਾਦ ਜ਼ਰੂਰ ਹੋਇਆ ਹੋਵੇਗਾ। ਇੱਕ ਵਲੀ ਅਤੇ ਫ਼ਕੀਰ ਦਾ ਤਕਰਾਰ। ਸਿੱਟਾ ਰੂਬਰੂ ਇਹ ਹੋਇਆ ਕਿ ਵਲੀ ਦਾ ਹੰਕਾਰ ਚੂਰਾ ਚੂਰਾ ਹੋ ਗਿਆ। ਤਾਣ ਨਿਤਾਣੇ ਅੱਗੇ ਸੁਟ ਗਿਆ। ਵਲੀ ਦੀ ਝੀਲ ਜਿਸ ਅੁੱਪਰ ਦੀਆਂ ਨਿਧੀਆਂ ਸਿਧੀ ਦਾ ਕਬਜ਼ਾ ਸੀ, ਜਿਸ ਅੰਦਰੋ ਕੋਈ ਐਰ ਗੈਰ ਇੱਕ ਘੁਟ ਵੀ ਨਹੀਂ ਪੀ ਸਕਦਾ ਸੀ, ਟੁਟ ਕੇ ਵਹਿ ਤੁਰੀ। ਉਹ ਅੰਮ੍ਰਿਤ ਰੂਹਾਨੀ ਮਨ ਦੀ ਝੀਲ ਵਹਿ ਤੁਰੀ। ਹੇਠ ਖੜੀ ਜੰਤਾ ਪਾਕ ਰੂਹ ਦੇ ਸਰਚਸ਼ਮੇ ਅੰਦਰੋ ਪੀ ਕੇ ਗਦ ਗਦ ਹੋ ਗਏ।

ਵੇਖਣ ਅੰਦਰ ਆਇਆ ਹੈ ਕਿ ਵਲੀ ਕੰਧਾਰੀ ਵਾਲੀ ਪੁਜਾਰੀ ਜਮਾਤ ਅੱਜ ਵੀ ਏਸ ਰੂਹਾਨੀ ਮੁਕਾਮ ਤੇ ਕਾਬਿਜ਼ ਹੈ ਤੇ ਰੂਹ ਦੀ ਬੇਬਹਾ ਬਾਰਿਸ਼ ਨੂੰ ਲੋਕਾਂ ਦੇ ਹੋਣ ਨਹੀਂ ਦੇਂਦੇ। ਤਜਾਰਤ ਅਤੇ ਬਿੱਕਰੀ ਪ੍ਰਧਾਨ ਹੈ।

ਵੇਖੋ ਵਾਣੀ ਰੂਹਾਨੀ ਫ਼ਰਮਾਨ ਹੈ। ਸੁਖਾਲ ਅੰਦਰ ਗੁਰ ਸਿਖਿਆ ਦਾ ਮੂਲ ਮੰਤਰ, ਵਿੱਦੁਅਤ ਕਰਨ ਵਾਲਾ ਹੰਕਾਰ ਮਟਾਉਣ ਵਾਲਾ, ਵਿੱਦ ਦਾ ਅਰਥ ਹੀ ਵੇਖਣਾ ਹੈ, ਅੱਖ!! ਏਸ ਤਰਾਂ ਕਹਿ ਲਵੋ ਬਾਣੀ ਦੇ ਤਿੰਨ ਵੱਡੇ ਪੱਖ ਹਨ ( To teach, to correct and to instruct) ਸਿੱਖਿਆ ਦੇਣਾ, ਸੁਧਾਰ ਕਰਨਾ, ਸੇਧ ਦੇਣਾ! ਜੇ ਸਿੱਖ ਧਰਮ ਦੇ ਟੀਚਰ ਏਸ ਟੀਚੇ ਤੋਂ ਵਾਂਜੇ ਰਹਿ ਜਾਂਦੇ ਹਨ, ਜ਼ਰੂਰ ਹੀ ਸੰਗਤ ਉਲਝ ਕੇ ਰਹਿ ਜਾਵੇ ਗੀ ਅਤੇ ਗੁਰਮੱਤ ਤੋਂ ਭਟਕ ਜਾਵੇਗੀ। ਮੰਨ ਤੇ ਚਲਣ ਵਾਲੀ ਦਲੀਲ ਹੈ ਕਿ ਨਾਨਕ ਬਾਣੀ ਅਪਣੇ ਆਪ ਅੰਦਰ ਮੁਕੱਮਲ ਗੁਰਵੰਤ ਸਾਧਨ, ਜੀਵਨ ਜਾਚ ਹੈ। ਏਸ ਲੇਖ ਦੇ ਲਿਖੇ ਜਾਣ ਦਾ ਮੂਲ ਅਰਥ ਅਜੇਹਾ ਹੀ ਹੈ ਕਿ ਬਾਣੀ ਵੇਖੀ ਜਾਵੇ, ਪੜ੍ਹੀ ਜਾਵੇ, ਜੀਵਨ ਅੰਦਰ ਉਤਾਰੀ ਜਾਵੇ ਅਤੇ ਏਸ ਦੇ ਨਾਲ ਨਲ। ਕੁਝ ਕੁ ਸਮਕਾਲੀ ਹਲਤਾਂ ਅਤੇ ਗੁਰੂ ਜੀ ਦੀ ਬਾਣੀ ਅੰਦਰ ਦਰਜ ਸਿਧਾਂਤਾਂ ਦਾ ਮੁਲੱਕਣ ਕਰਨ ਦਾ ਯਤਨ ਹੈ, ਤਿੰਨ ਅਜੇਹੀਆਂ ਸਾਖੀਆਂ ਜੋ ਉਦਾਸੀਆਂ ਸਮੇ ਵਾਪਰੀਆਂ, ਦਾ ਰੁਹਾਨੀ ਪਹਿਲੂ ਨੂੰ ਵੀ ਉਜਾਗਰ ਕਰਨ ਦਾ ਅਭਿਆਸ ਕੀਤਾ ਹੈ। ਏਸ ਕਰਕੇ ਹੀ ਕਿ ਜਦ ਵੀ ਬਾਣੀ ਪੜ੍ਹੀ ਸੁਣੀ ਜਾਵੇ, ਮੰਤਕ ਅਤੇ ਦਾਰਸ਼ਨਿਕ ਲੋਅ ਦੀ ਬੱਤੀ ਹੇਠ ਸ਼ਬਦ ਗੁਰੂ ਦੀ ਸ਼ਮਾਅ ਜਗਾ ਕੇ ਪੜ੍ਹੀ ਜਾਵੇ।

ਅੱਜ ਦੇ ਸਮੇਂ ਵਿੱਚ ਵੀ ਜੇ ਕੋਈ ਭਾਰਤ ਦੀ ਇਸ ਪ੍ਰਕਾਰ ਖੇਤਰ ਵੰਡ ਕਰਨਾ ਚਾਹੇ ਕਿ ਉਹ ਮਧਕਾਲ ਕਾਲ ਅੰਦਰ, ਕਿ ਆਧੁੰਨਿਕ ਕਾਲ ਵਿੱਚ ਦੀ ਲੰਘ ਰਿਹਾ ਹੈ ਤਾਂ ਮੁਸ਼ਕਿਲ ਹੋ ਜਾਵੇਗਾ; ਜਦ ਕਿ ਅਮੀਰ

ਲੋਕ ਪੱਛਮ ਵਰਗਾ ਜੀਵਨ ਵਤੀਤ ਕਰ ਰਹੇ ਹਨ ਤੇ ਅਜੇਹੇ ਵੀ ਭਾਗ ਹਨ ਜੋ ਅਜੇ ਤੀਕ ਨਾਂਗੇ ਆਦੀਵਾਸੀ ਹਨ ਤੇ ਅੱਜ ਦੀ ਸੱਭਿਅਤਾ ਅਤੇ ਵਿਗਿਆਨਕ, ਵਿੱਦਿਅਕ, ਦਵਾਈ ਦਾਰੂ ਦੀਆਂ ਸੁਵਿਧਾਵਾਂ ਨੇ ਇਹਨਾਂ ਅੰਦਰ ਝਾਤ ਵੀ ਨਹੀਂ ਮਾਰੀ। 1469 ਦਾ ਸਮਾਂ ਪੰਧਰਵੀਂ ਸਦੀ ਦਾ ਕਾਲ ਹੈ ਜਿਸ ਵਿੱਚ ਭਾਰਤ ਕਈ ਨਿੱਕੀਆਂ ਨਿਕੀਆਂ ਟੁਕੜੀਆਂ ਵਿੱਚ ਵੰਡਿਆ ਸਿਆਸੀ ਤੌਰ ਤੇ ਅਫ਼ਗ਼ਾਨਿਸਤਾਨ ਅਤੇ ਈਰਾਨ ਦੇ ਬਾਦਸ਼ਾਹਾਂ ਨੂੰ ਅਪਣੀਆਂ ਨਿੱਜੀ ਦੁਸ਼ਮਣੀਆਂ ਹੇਠ ਦਾਅਵਤ ਦੇਂਦਾ ਹੈ, ਕਿ ਉਹ ਇਸ ਦੀ ਲੁੱਟ ਖਸੁੱਟ ਦੇ ਭਾਈ ਵਾਲ ਬਣਨ। ਬੇਸ਼ਕ ਮੁਹੱਮਦ ਬਿਨ ਕਾਸਿਮ ਵਰਗੇ ਇਸਲਾਮੀ ਲੁਟੇਰੇ ਨੌਵੀਂ ਸਦੀ ਤੋਂ ਹੀ ਸਿੰਧ ਵਰਗੇ ਸੂਬੇ ਤੇ ਕਾਬਿਜ਼ ਸਨ ਤੇ ਉੱਤਰੀ ਪੰਜਾਬ ਦਾ ਭਾਗ ਜਿਸ ਨੂੰ ਅੱਜ ਅਸੀਂ ਉੱਤਰ ਪੱਛਮੀ ਸਰਹੱਦੀ ਸੂਬਾ ਆਖਦੇ ਹਾਂ ਪੂਰੀ ਤਰਾਂ ਇਸਲਾਮੀ ਅਫਗ਼ਾਨੀ ਬਾਦਸ਼ਾਹਾਂ ਦੀ ਰਿਆਸਤ ਵਿੱਚ ਸ਼ਾਮਿਲ ਸਨ। ਇਹ ਵੀ ਪੂਰੀ ਸ਼ਾਹਦੀ ਨਾਲ ਕਹਿ ਸਕਦੇ ਹਾਂ ਕਿ ਦਿੱਲੀ ਅਤੇ ਬਾਕੀ ਭਾਰਤੀ ਭਾਗ ਤੇ ਜੱਮ ਕੇ ਅਜੇ ਇਸਲਾਮ ਦਾ ਰਾਜ ਸਥਾਪਤ ਨਹੀਂ ਸੀ ਹੋਇਆ।

ਹਿੰਦੂ ਧਰਮ ਅੱਜ ਵਾਂਗਰ ਪੰਧਰਵੀਂ ਸਦੀ ਵਿੱਚ ਵੀ ਅੰਦਰਮੁੱਖੀ ਧਰੂਅ ਸ਼ੱਕਤੀ ਦਾ ਪੁਜਾਰੀ ਸੀ। ਜਿਸ ਦਾ ਅਰਥ ਹੈ ਕਿ ਤੁਸੀਂ ਸਾਡੇ ਕੋਲ ਆਓ ਤੇ ਅਸੀਂ ਤੁਹਾਨੂੰ ਧਰਮ, ਸਿੱਖਿਆ, ਦਾਰੂ ਦੱਪਾ, ਗਿਆਨ ਦੇਵਾਂਗੇ ਪਰ ਅਸੀਂ ਤਹਾਡੇ ਤੋਂ ਅਲੱਗ ਅਤੇ ਦੂਰ ਅਪਹੁੰਚ, ਅਛੂਹ ਹਾਂ। ਭਾਵ ਸਾਡਾ ਧਾਰਮਿਕ ਫਲਸਫਾ ਇੱਕ ਪ੍ਰਭੂ ਨੂੰ ਅਪਣੇ ਤੰਗ ਦਾਇਰੇ ਵਿੱਚ ਸਮਾਈ ਬੈਠਾ ਹੈ ਜਿਸ ਦਾ ਤੁਹਾਡੇ ਨਾਲ ਕੋਈ ਸਬੰਧ ਜਾਂ ਚੱਕਰ ਨਹੀਂ ਪਰ ਅਪਣੀ ਹਰ ਮੁਸੀਬਤ ਅਤੇ ਦੁੱਖ ਵੇਲੇ ਤੁਸੀਂ ਉਸ ਕੋਲ ਆਉਣਾ ਹੈ। ਇਹ ਹੀ ਕਾਰਣ ਸਨ ਸੰਤਾਂ ਦੇ ਡੇਰੇ, ਮੱਠ, ਚੌਕੀਆਂ, ਸਾਧਾਂ ਦੇ ਟਿੱਲੇ ਤੇ ਰਿਸ਼ੀ, ਮੁੰਨੀਆਂ, ਸਾਧੂਆਂ, ਸੰਤਾਂ ਅਤੇ ਮਹੰਤਾਂ ਦੇ ਅਲੱਗ ਥਲੱਗ ਰਹਿਣ ਦੇ ਕਾਰਣ। ਪ੍ਰਮਾਤਮਾਂ ਇੱਕ ਅਜੇਹੀ ਡ੍ਰੈਕੂਲੇ ਅਦਿ ਭੂਤ (ਅੱਧਭੁਤ) ਵਰਗੀ ਭਿਆਨਕ ਹੱਸਤੀ ਸੀ ਜਿਸ ਦਾ ਇੱਕੋ ਇੱਕ ਕਰਮ ਅਧਰਮੀਆਂ ਨੂੰ ਮਾਰਨਾ ਤੇ ਪਾਪੀਆਂ ਨੂੰ ਦੰਡ ਦੇਣਾ ਹੈ। ਇਸ ਕਿਸਮ ਦਾ ਮੰਦਰਾਂ ਅਤੇ ਮੱਠਾਂ ਅੰਦਰ ਕੈਦ ਹੋਇਆ ਪ੍ਰਭੂ ਇੱਕ ਹੀ ਜਮਾਤ ਨੂੰ ਅਪਣੇ ਨੇੜੇ ਲੱਗਣ ਦੀ ਇਜਾਜ਼ਤ ਦੇਂਦਾ ਸੀ ਤੇ ਉਹ ਸੀ ਬਰਾਹਮਣ ਸ਼ਰੇਣੀ, ਬਾਕੀ ਵਰਗ ਖਤਰੀ, ਵੈਸ਼ ਤੇ ਸ਼ੂਦਰ ਢੋਰ ਡੰਗਰ ਤੋਂ ਵੱਧ ਕੁੱਝ ਵੀ ਨਹੀਂ ਸਨ। ਇਸ ਲੋਹੇ ਵਰਗੀ ਸਖਤ ਦੀਵਾਰ ਵੰਡੀਆਂ ਤੇ ਨਫਰਤ ਦੀਆਂ ਭਾਵਨਾਵਾਂ ਦਾ ਨੀਂਹ ਪੱਥਰ ਸਨ। ਇਹ ਵੀ ਦਸ ਦੇਣਾ ਲਾਜ਼ਮੀ ਬਣਦਾ ਹੈ ਕਿ ਇਸ ਕਿਸਮ ਦੀ ਬਰਾਹਮਣ ਵਾਦੀ ਸਮਾਜ ਕਸ਼ੱਤਰੀ ਤੋਂ ਬਗੈਰ ਹਰ ਦੂਜੇ ਵਰਗ ਦੀ ਸ਼ਰੱਮ ( ਕਿੱਤਾ) ਕਰਮ, ਕਿਰਿਆ, ਦੇ ਦਿਸ਼ਾਅ (ਭਾਵ ਕਿਸ ਸਥਾਨ ਅਤੇ ਕਿਸ ਦਿਸ਼ਾ ਵਿੱਚ ਕੰਮ ਕਰਨ ਦੇ ਨੀਯੱਮ ਵੀ ਇਹ ਹੀ ਕਲਾਸ ਨਿਯੁੱਕਤ ਕਰਦੀ ਸੀ।

ਅਸਲ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਸਲਾਮ ਦਾ ਭਾਰਤੀ ਸੱਭਿਅਤਾ ਵਿੱਚ ਘੁਲ ਮਿਲ ਜਾਣਾ ਤੇ ਇਸਲਾਮੀ ਕਰਣ ਦਾ ਸਿਲਸਲਾ ਮੁਗ਼ਲਾਂ ਨਾਲ ਹੀ ਅਰੰਭ ਹੁੰਦਾ ਹੈ। ਇੱਕ ਇਸ ਦਾ ਕਾਰਣ ਇਹ ਵੀ ਸੀ ਕਿ ਮੁਗ਼ਲਾਂ ਤੋਂ ਪਹਿਲੋਂ ਦੇ ਧਾੜਵੀ ਲੁੱਟ ਖਸੁੱਟ ਲਈ ਹੀ ਭਾਰਤ ਵਿੱਚ ਹਮਲਾ ਆਵਰ ਹੁੰਦੇ ਰਹੇ ਪਰ ਮੁਗ਼ਲ ਅਪਣੀ ਬਾਦਸ਼ਾਹੀ ਨਾਲ ਭਾਰਤ ਵਿੱਚ ਵੱਸਣ ਦਾ ਵਸੀਲਾ ਤੇ ਮੰਤਵ ਲੈ ਕੇ ਆਏ। ਇਸ ਸਾਰੇ ਖੇਤਰ ਦੀ ਖੇਡ ਦੇ ਰੰਗ ਮੰਚ ਦੇ ਪਛੋਕੜ ਵਿੱਚ ਹੀ ਬਾਬੇ ਨਾਨਕ ਦੀ ਪੰਧਰਵੀ ਸਦੀ ਦੇ ਆਖਰੀ ਦਹਾਕਿਆਂ ਵਿੱਚ ਜਨਮ ਪੱਤ੍ਰੀ ਖੁਲ੍ਹਦੀ ਹੈ। ਜਿਵੇਂ ਅਸੀਂ ਪਿਛਲੇ ਭਾਗ ਵਿੱਚ ਅੰਦਰ ਮੁਖੀ ਧਰੂਅ ਸ਼ੱਕਤੀ

ਦੀ ਗੱਲ ਕੀਤੀ ਹੈ, ਇੱਕ ਹੋਰ ਗੱਲ ਵਿਚਾਰ ਅਧੀਨ ਹੈ ਕਿ ਬਾਬਾ ਨਾਨਕ ਕਿਸ ਕਿਸਮ ਦਾ ਧਰਮ ਪ੍ਰਚਾਰ ਦਾ ਮੋਢੀ ਸੀ। ਪਹਿਲੀ ਗੱਲ ਤਾਂ ਇਹ ਸਮਝ ਲੈਣੀ ਲਾਜ਼ਮੀ ਬਣਦੀ ਹੈ ਕਿ ਬਾਬਾ ਜੀ ਕਿਸੇ ਧਰਮ ਦੇ ਬਾਨੀ ਜਾਂ ਕਿਸੇ ਧਰਮ ਨੂੰ ਪ੍ਰਚਾਰਨ ਦਾ ਕੋਈ ਵੀ ਮਕਸਦ ਨਹੀਂ ਸਨ ਰੱਖਦੇ ਤੇ ਨਾ ਹੀ ਉਸ ਨੇ ਧਰਮ ਪ੍ਰਚਾਰ ਕੀਤਾ ਹੈ। ਧਰਮ ਅਸਲ ਵਿੱਚ ਰਸਮਾਂ ਰਵਾਜਾਂ, ਰਹਿਤ ਮਰਿਆਦਾ, ਸਥਾਨਿਕ ਠਾਕਰ ਦੁਆਰਿਆਂ ਦਾ ਹੀ ਨਾਂ ਹੈ। ਤੇ ਬਾਬਾ ਨਾਨਕ ਜੀ ਇਹਨਾਂ ਸਥਾਨਿਕ ਧਰਮ ਸ਼ਾਲਿਆਂ ਤੋਂ ਬਾਹਿਰ ਹਨ। ਇਸ ਕਰਕੇ ਨਾਨਕਣ ਫਲਸਫੇ ਨੂੰ ਅਸੀਂ ਸਾਫ ਤੇ ਸਿਧੇ ਤਰੀਕੇ ਨਾਲ ਆਤਮਿਕਵਾਦ ਤੇ ਕਹਿ ਸਕਦੇ ਹਾਂ ਪਰ ਧਰਮ ਨਹੀਂ। ਆਤਮਿਕਵਾਦ ਇਸ ਪ੍ਰਕਾਰ ਅੰਦਰ ਕਿਸੇ ਮੱਠ, ਮੀਜ਼ਾਰ, ਧਰਮ ਸ਼ਾਲੇ, ਟਿੱਲੇ ਜਾਂ ਡੇਰੇ ਦਾ ਕੈਦੀ ਨਹੀਂ ਸਗੋਂ ਬਾਹਿਰ ਮੁੱਖੀ ਧਾਰਾ ਨੂੰ ਆਖਦੇ ਹਨ। ਜਿਸ ਦਾ ਬਾਬਾ ਨੀਂਹ ਪੱਥਰ ਵੀ ਹੈ ਤੇ ਇਮਾਰਤ ਵੀ, ਪ੍ਰਧਾਨ (ਸੰਸਕ੍ਰਿਤ ਸ਼ਬਦੀ ਅਰਥ ਹੈ ਮੂਲੈਯ ਜੜ੍ਹ) ਵੀ ਤੇ ਪੁੰਗਰਾਂਦ ਵੀ; ਜਿਸ ਉੱਪਰ ਅੱਜ ਦਾ ਸਾਰਾ ਸਿੱਖੀ ਨਿਜ਼ਾਮ ਕਾਇਮ ਹੈ। ਇਸ ਕਰਕੇ ਬਾਬੇ ਦਾ ਕੂਟ ਕੂਟ ਵਿੱਚ ਜਾਣਾ ਚਾਰੋਂ ਦਿਸ਼ਾਵਾਂ ਦੀ ਯਾਤਰਾ, ਬਾਰਾਂ ਮਾਂਹ ਇੱਕ ਅਜੇਹੇ ਰੱਬ ਦੀ ਵਿਗਾਸਤਾ ਹੈ ਜੋ ਕਿਸੇ ਸਮਾਧੀ ਧਾਰਨਾ, ਭਗਤੀ, ਜੱਪ ਤੱਪ, ਸ਼ਿਲੇਅ, ਭੁੱਖ ਤੇ ਰੋਜ਼ੇ, ਤੀਰਥਾਂ, ਹਿਫ਼ਜ਼, ਦਾਨ ਪੁੰਨ ਦਾ ਪ੍ਰਚਾਰ ਨਹੀਂ। ਪਰ ਅਪਣੇ ਈਸ਼ ਨੂੰ ਖਾਲਿਕ ਨੂੰ ਖਲਕ ਤੇ ਖਿਲਕਤ ਵਿੱਚ ਹੀ ਵੇਖਦਾ ਹੈ।

ਦੂਜਾ ਬੜੀ ਮਹਾਨ ਸਿਧਾਂਤਕ ਵਿਚਾਰ ਧਾਰਾ ਇਹ ਵੀ ਸਹਿਜ ਸੁਭਾਅ ਹੀ ਅੰਗ ਖੋਲ੍ਹਦੀ ਹੈ; ਕੁਦਰਤ ਵਿੱਚ ਵੱਸੀ ਹੋਈ ਖੂਬਸੂਰਤੀ ਜੋ ਬਾਰਾਂ ਮਾਹਾਂ ਦੀ ਇਲਾਹੀ ਸੂਰਤ ਜੀਂਦੀ ਜਾਗਦੀ ਗੱਲਾਂ ਕਰਦੀ; ਇੱਕ ਸੁਰਤਾ ਤੇ ਸੁਮੇਲ ਦੀ ਸ਼ਕਲ ਦਾ ਇਜ਼ਹਾਰ ਜ਼ਹੂਰ ਹੈ। ਅਸਲ ਰੂਪ, ਖੁਦਾਈ ਅਲੂਹੀਅਤ ਦਾ, ਬਾਬੇ ਨਾਨਕ ਦੇ ਫਲਸਫੇ ਦਾ ਜ਼ਹੂਰ ਹੈ; ਕਿ ਪ੍ਰਭੂ ਅਸਲ ਵਿੱਚ ਪ੍ਰਭ ਬਲਤਾ ਹੀ ਹੈ ਜੋ ਕੁਦਰਤ ਅਪਣੇ ਆਪ ਵਿੱਚ ਇੱਕ ਮੂੰਹ ਬੋਲਦੀ ਤਸਵੀਰ ਹੈ। ਇੱਕ ਹੋਰ ਵੀ ਧਾਰਮਿਕਤਾ ਦੀਆਂ ਜ਼ੰਜੀਰਾਂ ਤੋੜਦਾ ਸਿਧਾਂਤ ਇਸ ਆਤਮਿਕ ਵਾਦ ਦਾ ਪ੍ਰਚਾਰ ਇਹਨਾਂ ਚਾਰਾਂ ਕੂਟਾਂ ਦੇ ਚਾਰਾਂ ਵਰਨਣਾ ਦਾ ਰਾਹ ਪੱਧਰਾ ਕਰਨਾ ਵੀ ਹੈ। ਅਸਲ ਵਿੱਚ ਇਹ ਕਹਿ ਲੈਣਾ ਜਾਇਜ਼ ਬਣਦਾ ਹੈ ਕਿ ਬਾਬਾ ਨਾਨਕ ਉਹਨਾਂ ਲੋਕਾਂ ਨੂੰ ਖੁਦਾਏ, ਪ੍ਰੱਭੂ ਬਲਤਾ, ਪਰਮ ਆਤਮਾਂ( ਪ੍ਰਮਾਤਮਾ) ਦਾ ਭਾਗੀ ਬਣਾਉਂਦਾ ਹੈ ਜਿੰਨ੍ਹਾਂ ਦਾ ਕੋਈ ਪ੍ਰਭੂ ਨਹੀਂ ਸੀ।

ਇਹਨਾਂ ਕੁੱਝ ਦਲੀਲਾਂ ਜਾਂ ਵਿਚਾਰ ਧਾਰਾਵਾਂ ਦੇ ਸਨਮੁੱਖ ਇਹ ਵੀ ਸਧਾਰਨ ਬੋਲੀ ਵਿੱਚ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਜੀ ਦੀ ਵਿਚਾਰ ਧਾਰਨਾ ਉਸ ਵੇਲੇ ਤੇ ਅੱਜ ਦੇ ਲੋਕਾਂ ਲਈ ਵੀ; ਗੁਲਾਮੀ ਤੋਂ ਰਿਹਾਈ ਕਰਾਉਣ, ਕੈਦੀਆਂ ਨੂੰ ਰਿਹਾ ਕਰਾਉਣ ਤੇ ਅੰਨ੍ਹਿਆਂ ਨੂੰ ਅੱਖਾਂ ਦੇਣ ਦਾ ਪੈਗਾਮ ਹੈ, ਬੇਸ਼ਕ ਇਹ ਗੁਲਾਮੀ ਸਿਆਸੀ ਹੋਵੇ; ਧਾਰਮਿਕ ਤੇ ਸਮਾਜੀ, ਤੇ ਜਾਂ ਫਿਰ ਆਰਥਕ ਬਦਕਾਰੀ!!

**ਡਾ. ਐਸ. ਨਾਜ਼**
solomon.naz@gmail.com

# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਨੁੱਖੀ ਸਮਾਨਤਾ ਦਾ ਸੰਕਲਪ

**ਸੁਖਵਿੰਦਰ ਕੌਰ**

ਪਰਮਾਤਮਾ ਨੇ ਦੁਨੀਆਂ ਵਿਚ ਸਭ ਜੀਵਾਂ ਨੂੰ ਸਮਾਨ ਅਧਿਕਾਰ ਦੇ ਕੇ ਧਰਤੀ ਤੇ ਭੇਜਿਆ ਹੈ। ਉਸਦੀ ਨਜ਼ਰ ਵਿਚ ਸਭ ਮਾਨਵ ਸਮਾਨ ਹਨ ਪਰ ਫਿਰ ਵੀ ਇਸ ਜਗਤ ਇਸ ਸਮਾਨਤਾ ਸੰਬੰਧੀ ਕਈ ਤਰ੍ਹਾਂ ਦੇ ਭੇਦ ਭਾਵ ਪੈਦਾ ਹੋ ਚੁਕੇ ਹਨ ਜਿਸ ਨਾਲ ਮਨੁੱਖਾਂ ਜੀਵਨ ਪੱਧਰ ਉੱਚਾ ਚੁੱਕਣ ਦੀ ਬਜਾਏ ਹੋਰ ਨੀਵਾਂ ਹੋ ਗਿਆ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਮਨੁੱਖਤਾ ਦੇ ਇਸ ਡਿੱਗਦੇ ਜਾਂਦੇ ਪੱਧਰ ਨੂੰ ਉੱਚਾ ਚੁੱਕਣ ਦਾ ਹਰ ਸੰਭੰਵ ਯਤਨ ਕੀਤਾ। ਇਸ ਸੰਬੰਧੀ ਗੁਰੂ ਸਾਹਿਬ ਦੀ ਬਾਣੀ ਵਿਚ ਸਪਸ਼ਟ ਦਿਖਾਈ ਦਿੰਦੇ ਹਨ। ਭਾਵੇਂ ਗੁਰੂ ਸਾਹਿਬ ਦੀ ਬਾਣੀ ਦਾ ਘੇਰਾ ਬਹੁਤ ਵਿਸ਼ਾਲ ਹੈ ਪਰ ਫਿਰ ਵੀ ਅਸੀਂ ਆਪਣੇ ਇਸ ਖੋਜ ਪੱਤਰ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਹਵਾਲਿਆਂ ਨਾਲ ਮਨੁੱਖੀ ਸਮਾਨਤਾ ਦੇ ਸੰਕਲਪ ਨੂੰ ਪੇਸ਼ ਕਰਨ ਦਾ ਨਿਮਾਣਾ ਜਿਹਾ ਯਤਨ ਕਰਨ ਦਾ ਯਤਨ ਕਰਾਂਗੇ।

ਸੰਸਾਰ ਵਿਚ ਸੰਤਾਂ, ਮਹਾਂ-ਪੁਰਖਾਂ ਦਾ ਧਰਤੀ ਉੱਪਰ ਜਨਮ ਜੀਵਨ ਨੂੰ ਉੱਚਾ ਚੁੱਕਣ ਲਈ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਜੀਵਨ ਇਸੇ ਧਾਰਨਾ ਅਨੁਸਾਰ 'ਮਿਟੀ ਧੁੰਧ ਜਗਿ ਚਾਨਣੁ ਹੋਆ' ਵਲ ਸੰਕੇਤ ਕਰਦਾ ਹੈ। ਜਿਸ ਸਮੇਂ ਗੁਰੂ ਨਾਨਕ ਸਾਹਿਬ ਦਾ ਜਨਮ ਹੋਇਆ ਉਦੋਂ ਭਾਰਤ ਦੇ ਰਾਜਨੀਤਿਕ, ਸਮਾਜਿਕ, ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਹਾਲਤਾਂ ਵਿਚ ਗਿਰਾਵਟ ਆ ਚੁਕੀ ਸੀ। ਆਪਨੇ ਸਮੇਂ ਦੇ ਹਾਲਾਤਾਂ ਨੂੰ ਗੌਰ ਨਾਲ ਦੇਖਿਆ ਅਤੇ ਧਾਰਮਿਕ ਅੰਧਕਾਰ, ਸਮਾਜਿਕ ਗਿਰਾਵਟ ਅਤੇ ਰਾਜਸੀ ਅਨਿਆਂ ਖਿਲਾਫ਼ ਆਵਾਜ਼ ਉਠਾਈ ਜਿਸ ਦੇ ਹਵਾਲੇ ਸਾਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਮਿਲਦੇ ਹਨ। ਆਪਨੇ ਮਨੁੱਖੀ ਸਮਾਨਤਾ ਦੇ ਪ੍ਰਵਚਨ ਲਈ ਅਜਿਹੇ ਧਰਮ ਦੀ ਨੀਂਹ ਰਖੀ, ਜਿਸ ਨਾਲ 'ਸਭੇ ਸਾਂਝੀਵਾਲ ਸਦਾਇਨ' ਦਾ ਨਾਅਰਾ ਪੂਰੀ ਦੁਨੀਆਂ ਵਿਚ ਗੂੰਜ ਉਠਿਆ। ਆਪਦੀ ਬਹੁਪੱਖੀ ਸਖਸ਼ੀਅਤ ਲੋਕਾਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ। ਆਪਨੇ ਅਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਲੋਕਾਂ ਨੂੰ ਉਚੇਰੀ ਸਿਖਿਆ ਦੇਣ ਲਈ ਵੱਖ-ਵੱਖ ਦੇਸ਼ਾਂ ਦੀਆਂ ਯਾਤਰਾਵਾਂ ਵਿਚ ਬਤੀਤ ਕੀਤਾ, ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਕਿਹਾ ਜਾਂਦਾ ਹੈ।ਇਨ੍ਹਾਂ ਉਦਾਸੀਆਂ ਦੌਰਾਨ ਆਪਨੇ ਜਗਤ ਵਿਚ ਉਚ-ਨੀਚ ਦੇ ਭੇਦ-ਭਾਵ ਮਿਟਾਉਣ ਲਈ ਹਰ ਸੰਭਵ ਯਤਨ ਕੀਤਾ। ਪੂਰਵ ਨਾਨਕ ਕਾਲ ਤੋਂ ਲੈ ਕੇ ਗੁਰੂ ਨਾਨਕ ਸਾਹਿਬ ਦੇ ਸਮਕਾਲ ਤੱਕ ਬ੍ਰਾਹਮਣ ਵਰਗ ਦੁਆਰਾ ਨਿਮਨ ਵਰਗ ਦਾ ਸ਼ੋਸ਼ਣ ਕੀਤਾ ਜਾਂਦਾ ਸੀ, ਉਨ੍ਹਾਂ ਨੂੰ ਧਾਰਮਿਕ ਕਰਮ-ਕਾਂਡਾਂ ਤੋਂ ਦੂਰ ਰਖਿਆ ਜਾਂਦਾ ਸੀ, ਉਹਨਾਂ ਨਾਲ ਜਾਨਵਰਾਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ, ਇਥੋਂ ਤਕ ਕਿ ਉਹਨਾਂ ਨੂੰ ਆਪਣੀ ਮਰਜੀ ਨਾਲ ਸਮਾਜ ਵਿਚ ਜੀਵਨ ਬਤੀਤ ਕਰਨ ਦੀ ਵੀ ਆਗਿਆ ਨਹੀਂ ਸੀ, ਆਪਨੇ ਉਨ੍ਹਾਂ ਸ਼ੋਸ਼ਿਤ ਨਿਮਨ ਵਰਗ ਨੂੰ ਆਪਣੇ ਗਲ਼ ਲਾਇਆ ਅਤੇ ਉਨ੍ਹਾਂ ਨੂੰ ਸਮਾਜ ਵਿਚ ਬਰਾਬਰ ਦਾ ਰੁੱਤਬਾ ਵੀ ਦਿਵਾਉਣ ਵਿਚ ਸਹਾਇਤਾ ਕੀਤੀ, ਆਪਨੇ ਉਨ੍ਹਾਂ ਦੁਆਰਾ ਰਚੀ ਬਾਣੀ ਨੂੰ ਕਬੂਲ ਕੀਤਾ। ਲੰਗਰ ਪ੍ਰਥਾ ਦੀ ਸ਼ੁਰੂਆਤ ਕਰਕੇ ਆਪ ਨੇ ਅਮੀਰ ਗਰੀਬ ਅਤੇ ਊਚ ਨੀਚ ਦੇ ਪਾੜੇ ਨੂੰ ਖਤਮ ਕੀਤਾ। ਲੋਕਾਈ ਨੂੰ ਸਮਝਾਇਆ ਕਿ ਇਹ ਦੁਨੀਆ ਤਾਂ ਇਕ ਸਰਾਂ ਹੈ, ਚਾਰ ਦਿਨ ਇਥੇ ਬਿਤਾਉਣ ਤੋਂ ਬਾਅਦ ਦਰਗਾਹ ਵਿਚ ਉਹੀਓ ਲੋਕ ਪਰਵਾਨ ਹੁੰਦੇ ਹਨ ਜਿਹੜੇ ਨੇਕ ਕਰਮ ਕਰਦੇ ਹਨ

ਜਿਹੜੇ ਕਾਮ, ਕਰੋਧ, ਲੋਭ, ਮੋਹ ਹੰਕਾਰ ਤੋਂ ਨਿਰਲੇਪ ਰਹਿੰਦਿਆਂ ਕਿਰਤ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਮਨੁੱਖੀ ਸਮਾਨਤਾ ਦੇ ਸੰਕਲਪ ਨੂੰ ਚਿਤਰਨ ਲਈ ਇਹ ਇਕ ਛੋਟੀ ਜਿਹੀ ਝਲਕ ਸੀ ਜਿਸਦਾ ਵਿਸਥਾਰ ਨਾਲ ਵਰਣਨ ਅਸੀਂ ਆਪਣੇ ਖੋਜ ਪੱਤਰ ਵਿਚ ਅਗੇ ਕਰਾਂਗੇ।

ਸੰਸਾਰ ਵਿਚ ਜਦੋਂ ਵੀ ਮਨੁੱਖੀ ਕਦਰਾਂ ਕੀਮਤਾਂ ਵਿਚ ਗਿਰਾਵਟ ਆਉਂਦੀ ਹੈ, ਜਿਸ ਦਾ ਪ੍ਰਭਾਵ ਸਮਾਜ ਦੀ ਧਾਰਮਿਕ ਅਤੇ ਸਮਾਜਿਕ ਬਣਤਰ ਉੱਪਰ ਪੈਂਦਾ ਹੈ, ਉਦੋਂ ਧਰਤੀ ਤੇ ਕੋਈ ਨਾ ਕੋਈ ਇਨਕਲਾਬ ਆਉਂਦਾ ਹੈ, ਜੋ ਇਸ ਪਰਿਵਰਤਨ ਦੀ ਉਪਜ ਹੁੰਦਾ ਹੈ। ਅਜੋਕੇ ਸਮੇਂ ਤੱਕ ਧਰਤੀ ਤੇ ਜਿੰਨੇ ਵੀ ਬਦਲਾਵ ਹੁੰਦੇ ਆਏ ਹਨ, ਇਹ ਕਿਸੇ ਇਕ ਪੱਖ ਤੋਂ ਅਤੇ ਸੀਮਤ ਖੇਤਰ ਵਿਚ ਹੀ ਹੋਏ ਹਨ। ਧਰਤੀ ਉੱਤੇ ਅਜਿਹੇ ਅਨੇਕਾਂ ਪੀਰ-ਪੈਗੰਬਰ, ਸੰਤ ਮਹਾਤਮਾ ਅਤੇ ਭਗਤ ਜਨ ਹੋਏ ਹਨ, ਇਨ੍ਹਾਂ ਵਿਚੋ ਕਿਸੇ ਨੇ ਵੀ ਮਨੁੱਖਤਾ ਤੇ ਜੀਵਨ ਦੇ ਸਾਰੇ ਪੱਖਾਂ ਨੂੰ ਆਪਣੇ ਘੇਰੇ ਵਿਚ ਨਹੀਂ ਲਿਆਂਦਾ। ਇੱਕਲੇ ਗੁਰੂ ਨਾਨਕ ਦੇਵ ਜੀ ਹੀ ਅਜਿਹੇ ਮਹਾਨ ਧਾਰਮਿਕ ਕ੍ਰਾਂਤੀਕਾਰੀ ਆਗੂ ਸਨ ਜਿਨ੍ਹਾਂ ਦੀ ਵਿਚਾਰਧਾਰਾ ਸਮੇਂ ਸਥਾਨ ਅਤੇ ਵਿਸ਼ੇ ਵਸਤੂ ਦੇ ਪੱਖ ਤੋਂ ਬਹੁਤ ਵਿਸ਼ਾਲ ਅਤੇ ਵਿਸ਼ਵ-ਵਿਆਪੀ ਸੀ। ਗੁਰੂ ਸਾਹਿਬ ਦੀ ਸੋਚ ਦਾ ਘੇਰਾ ਬਹੁਤ ਡੂੰਘਾ ਸੀ। ਆਪਦੀ ਵਿਸ਼ਵ ਵਿਆਪੀ ਸੋਚ ਸਦਕਾ ਹੀ ਸਮਾਜ ਵਿਚ ਬਹੁਤ ਵੱਡੇ ਪਰਿਵਰਤਨ ਆਏ। ਜਿਸ ਨੇ ਸਮੁਚੀ ਲੋਕਾਈ ਦੇ ਧਾਰਮਿਕ ਅਤੇ ਸਮਾਜਿਕ ਹਾਲਾਤ ਵਿਚ ਪਰੀਵਰਤਨ ਲਿਆਉਂਦਾ। ਗੁਰੂ ਸਾਹਿਬ ਨੇ ਉਸ ਸਮੇਂ ਦੀ ਸਮਾਜਿਕ ਵਿਵਸਥਾ ਨੂੰ ਵੇਖਦੇ ਹੋਏ ਮਨੁੱਖਤਾ ਦੇ ਕਲਿਆਣ ਦਾ ਰਾਹ ਚੁਣਿਆ। ਆਪ ਨੇ ਸਾਰੇ ਮਨੁੱਖਾਂ ਨੂੰ ਇਕ ਮੁਕੰਮਲ ਫ਼ਲਸਫ਼ਾ ਦਿੱਤਾ, ਜਿਸ ਦਾ ਮਕਸਦ ਮਨੁੱਖ ਦਾ ਸੰਪੂਰਨ ਕਾਇਆ ਕਲਪ ਕਰਨ ਅਤੇ ਸਰਬਪੱਖੀ ਇਨਕਲਾਬ ਲਿਆਉਣਾ ਸੀ। ਸਮੇਂ ਦੇ ਸਾਧਨਾਂ ਨੂੰ ਧਿਆਨ ਵਿਚ ਰੱਖਦੇ ਹੋਏ ਆਪ ਨੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰਕ ਕੀਤਾ। ਜਿਸਦਾ ਵਰਣਨ ਭਾਈ ਗੁਰਦਾਸ ਜੀ ਦੀਆਂ ਵਾਰਾਂ ਵੀ ਵਿਚ ਹੋਇਆ ਮਿਲਦਾ ਹੈ। ਉਦਾਹਰਨ ਲਈ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ 24ਵੀਂ ਪਉੜੀ ਵਿਚ ਇਸਦਾ ਜ਼ਿਕਰ ਸਿੱਧੇ ਰੂਪ ਵਿਚ ਹੋਇਆ ਮਿਲਦਾ ਹੈ:

**ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ॥**
**ਬਾਝੁ ਗੁਰੂ ਗੁਬਾਰ ਹੈ ਹੈ ਕਰਦੀ ਸੁਣੀ ਲੁਕਾਈ॥**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ॥**
**ਚੜ੍ਹਿਆ ਸੋਧਣਿ ਧਰਤਿ ਲੁਕਾਈ॥**[1]

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਹੀ ਸਮਾਜ ਵਿਚ ਜਾਤ-ਪਾਤ, ਲਿੰਗ, ਨਸਲ, ਬੌਧਿਕਤਾ, ਆਰਥਿਕਤਾ ਅਤੇ ਧਾਰਮਿਕ ਪੱਖੋਂ ਬਹੁਤ ਵੱਖਰੇਵੇਂ ਸਨ। ਇਨ੍ਹਾਂ ਵੱਖਰੇਵਿਆਂ ਕਾਰਨ ਹੀ ਸਮਾਜ ਵਿਚ ਅਰਾਜਕਤਾ ਦਾ ਮਾਹੌਲ ਸੀ ਜਿਸ ਵਿਚ ਮਨੁੱਖੀ ਸਮਾਨਤਾ ਬਹੁਤ ਦੂਰ ਦੀ ਗਲ ਸੀ। ਵੈਦਿਕ ਕਾਲ ਤੋਂ ਹੀ ਭਾਰਤੀ ਸਮਾਜ ਚਾਰ ਵਰਣਾਂ ਵਿਚ ਵੰਡਿਆਂ ਹੋਇਆ ਸੀ। ਇਸ ਵਰਣ ਵੰਡ ਅਨੁਸਾਰ ਪਹਿਲੇ ਵਰਗ ਵਿਚ ਪੜ੍ਹੇ ਲਿਖੇ ਵਿਦਵਾਨ ਪੰਡਤ ਲੋਕ ਸ਼ਾਮਿਲ ਸਨ। ਇਸ ਵਰਗ ਨੇ ਸਮਾਜ ਵਿਚਲੇ ਧਾਰਮਿਕ ਕਾਰਜ ਕਰਨ ਦੀ ਜਿੰਮੇਵਾਰੀ ਨਿਭਾਉਣੀ ਹੁੰਦੀ ਸੀ। ਇਸ ਸ਼੍ਰੇਣੀ ਦੇ ਲੋਕਾਂ ਨੂੰ ਸਮਾਜ ਵਿਚ ਬਹੁਤ ਸਨਮਾਨਿਤ ਰੁੱਤਬਾ ਪ੍ਰਾਪਤ ਸੀ। ਦੂਜੀ ਸ਼੍ਰੇਣੀ ਵਿਚ ਖਤਰੀ ਲੋਕ ਆਉਂਦੇ ਹਨ। ਖੱਤਰੀ ਲੋਕ

ਲੜਾਈ ਅਤੇ ਰਾਜ ਭਾਗ ਦੇ ਕੰਮਾਂ ਲਈ ਉੱਤਰਦਾਈ ਸਨ। ਤੀਜੀ ਸ਼੍ਰੇਣੀ ਵੈਸ਼ ਦੀ ਸੀ ਜਿਨ੍ਹਾਂ ਦੇ ਕੰਮ ਦਾ ਸੰਬੰਧ ਖੇਤੀਬਾੜੀ ਅਤੇ ਵਪਾਰ ਨਾਲ ਸੰਬੰਧਿਤ ਹੁੰਦਾ ਸੀ। ਜਦ ਕਿ ਚੌਥੀ ਸ਼੍ਰੇਣੀ ਵਿਚ ਸ਼ੂਦਰ ਲੋਕ ਸ਼ਾਮਿਲ ਸਨ। ਸਮਾਜ ਵਿਚ ਇਸ ਸ਼੍ਰੇਣੀ ਨੂੰ ਸਭ ਤੋਂ ਨਿਮਨ ਸ਼੍ਰੇਣੀ ਮੰਨਿਆ ਜਾਂਦਾ ਸੀ। ਬਾਕੀ ਸ਼੍ਰੇਣੀਆਂ ਸ਼ੂਦਰਾਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖਦੀਆਂ ਸਨ। ਇਹ ਸ਼੍ਰੇਣੀ ਨੂੰ ਪਹਿਲੀਆਂ ਤਿੰਨ ਸ਼੍ਰੇਣੀਆਂ ਵਾਲੇ ਕੰਮ ਕਰਨਾ ਵਰਜਿਤ ਸੀ। ਇਸਦਾ ਕੰਮ ਪਹਿਲੀਆਂ ਤਿੰਨਾਂ ਸ਼੍ਰੇਣੀਆਂ ਦੀ ਸੇਵਾ ਕਰਨਾ ਸੀ। ਇਸ ਵਰਣ ਵੰਡ ਦਾ ਜ਼ਿਕਰ ਮੰਨੂ ਸਿਮਰਤੀ ਵਿਚ ਵੀ ਆਉਂਦਾ ਹੈ। ਉਸ ਸਮੇਂ ਮਨੁੱਖ ਦੀ ਕਾਬਲੀਅਤ ਦੀ ਬਜਾਇ ਉਸ ਦੀ ਜ਼ਾਤ ਨੂੰ ਅਹਿਮੀਅਤ ਦਿੱਤੀ ਜਾਂਦੀ ਸੀ, ਵਿਅਕਤੀ ਭਾਵੇਂ ਕਿੰਨਾ ਵੀ ਕਾਬਿਲ ਕਿਉਂ ਨਹੀਂ ਸੀ ਹੁੰਦਾ ਉਸਨੂੰ ਆਪਣੀ ਕਾਬਲੀਅਤ ਦਿਖਾਉਣ ਦਾ ਮੌਕਾ ਵੀ ਨਹੀਂ ਦਿੱਤਾ ਜਾਂਦਾ ਸੀ। ਇਸ ਸ਼੍ਰੇਣੀ ਦਾ ਬਾਕੀ ਸ਼੍ਰੇਣੀਆਂ ਦੁਆਰਾ ਮਜ਼ਾਕ ਵੀ ਉਡਾਇਆ ਜਾਂਦਾ ਸੀ। ਸ਼ੁਦਰ ਲੋਕ ਆਪਣੀ ਮਰਜੀ ਨਾਲ ਖਾਣ ਪੀਣ ਅਤੇ ਧਾਰਮਿਕ ਕੰਮਾਂ ਤੋਂ ਵਰਜਿਤ ਸਨ।ਸਮਾਜ ਵਿਚ ਸ਼ੁਦਰ ਔਰਤ ਮਰਦ ਦੋਵੇਂ ਨਰਕ ਦੀ ਜ਼ਿੰਦਗੀ ਬਤੀਤ ਕਰਦੇ ਸਨ। ਅਜਿਹੇ ਸਮਾਜਿਕ ਅਤੇ ਧਾਰਮਿਕ ਹਾਲਾਤਾਂ ਵਿਚ ਮਨੁੱਖੀ ਜੀਵਨ ਨੂੰ ਸਮਝਣਾ ਬਹੁਤ ਹੀ ਗੁੰਝਲਦਾਰ ਬਣ ਗਿਆ ਸੀ। ਰੰਗ, ਨਸਲ, ਲਿੰਗ ਅਤੇ ਜ਼ਾਤ-ਪਾਤ ਦੇ ਆਧਾਰ ਤੇ ਮਨੁੱਖਤਾ ਵਿਚ ਐਨੀ ਜਿਆਦਾ ਅਸਮਾਨਤਾਵਾਂ ਪੈਦਾ ਹੋ ਗਈਆਂ ਸਨ ਕਿ ਇਕ ਸਾਧਾਰਨ ਮਨੁੱਖ ਲਈ ਧਰਮ ਨੂੰ ਸਮਝਣਾ ਬਹੁਤ ਮੁਸ਼ਕਿਲ ਹੋ ਗਿਆ ਸੀ। ਸਾਧਾਰਨ ਮਨੁੱਖ ਤਾਂ ਕਰਮ-ਕਾਂਡ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਸੀ। ਇਸ ਤੋਂ ਇਲਾਵਾ ਇਸਲਾਮੀ ਰਾਜ ਨੇ ਦੇਸ਼ ਦੇ ਹਾਲਾਤਾ ਨੂੰ ਬਦ ਤੋਂ ਬਦਤਰ ਬਣਾ ਦਿੱਤਾ ਸੀ। ਰਾਜੇ ਜ਼ਾਲਮ ਹੋ ਰਹੇ ਅਤੇ ਸਾਰੇ ਸਮਾਜ ਵਿਚ ਪਾਖੰਡੀ ਤੇ ਦੰਭੀ ਲੋਕਾਂ ਦਾ ਬੋਲ-ਬਾਲਾ ਸੀ ਜਿਸ ਨਾਲ ਧਰਮ ਦਾ ਨਾਮ ਖਤਮ ਹੋ ਗਿਆ। ਜਿਸਦਾ ਵਰਣਨ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਇੰਝ ਕੀਤਾ ਹੈ:

**ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦਰਮਾ ਦੀਸੈ ਨਾਹੀ ਕਹ ਚੜਿਆ॥**
**ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥**
**ਵਿਚਿ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥**[2]

ਸਪੱਸ਼ਟ ਹੈ ਕਿ ਮਨੁੱਖ ਦੀ ਵਿਗੜੀ ਹੋਈ ਦਸ਼ਾ ਨੂੰ ਸੁਧਾਰਨ ਦੀ ਚਿੰਤਾ ਸੀ। ਇਹ ਗਲ ਗੁਰੂ ਸਾਹਿਬ ਦੇ ਇਸ ਸ਼ਲੋਕ ਤੋਂ ਭਲੀ ਭਾਂਤ ਦ੍ਰਿਸ਼ਟੀਗੋਚਰ ਹੁੰਦੀ ਹੈ। ਸਮਾਜਿਕ ਤੌਰ ਤੇ ਭਾਰਤ ਦੇ ਲੋਕ ਜਾਤ-ਪਾਤ, ਊਚ-ਨੀਚ ਦੇ ਭੇਦ-ਭਾਵ ਜਿਹੀਆਂ ਅਸਮਾਨਤਾਵਾਂ ਵਿਚ ਗ੍ਰੱਸੇ ਹਏ ਸਨ। ਅਜਿਹੀਆਂ ਅਸਮਾਨਤਾਵਾਂ ਨੂੰ ਜੜੋਂ ਉਖਾੜਨ ਦਾ ਕੰਮ ਗੁਰੂ ਨਾਨਕ ਦੇਵ ਜੀ ਨੇ ਹੀ ਆਰੰਭਿਆ ਸੀ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਸਮਾਨਤਾ ਦੇ ਸੰਕਲਪ ਨੂੰ ਪ੍ਰਤੱਖ ਕਰਨ ਲਈ "ਨਾ ਕੋ ਹਿੰਦੂ ਨਾ ਮੁਸਲਮਾਨ" ਦਾ ਨਾਅਰਾ ਲਗਾਇਆ। ਆਪ ਨੇ ਸਮੁਚੇ ਜਗਤ ਨੂੰ ਇਕ ਪਰਮਾਤਮਾ ਦੇ ਸਰੂਪ ਨੂੰ ਵੇਖਦਿਆ ਜ਼ਾਤ-ਪਾਤ ਦੀ ਅਸਮਾਨਤਾ ਨੂੰ ਫਾਲਤੂ ਦੱਸਿਆ:

**ਫਕੜ ਜਾਤੀ ਫਕੜ ਨਾਉ॥**
**ਸਭਨਾ ਜੀਆ ਇਕਾ ਛਾਉ॥**[3]

ਗੁਰੂ ਸਾਹਿਬ ਦੀ ਬਾਣੀ ਵਿਚ ਜ਼ਾਤੀ ਦੀ ਥਾਂ ਸਭ ਮਨੁੱਖਾਂ ਵਿਚ ਵਿਦਮਾਨ ਜੋਤ ਨੂੰ ਆਦਰ ਦਿੱਤਾ ਹੈ ਕਿਉਂਕਿ ਪਰਲੋਕ ਵਿਚ ਕੋਈ ਜ਼ਾਤੀ ਨਹੀਂ:

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੈ॥**[4]

ਭਾਵ ਪਰਮਾਤਮਾ ਦੀ ਹਜ਼ੂਰੀ ਵਿਚ ਦਾਤ ਦੇਣ ਸਮੇਂ ਪ੍ਰੇਮ ਪਿਆਰ ਵਿਚਾਰਿਆ ਜਾਂਦਾ ਹੈ, ਜ਼ਾਤ ਨਹੀਂ ਪੁੱਛੀ ਜਾਂਦੀ। ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਪਰਮਾਤਮਾ ਕੋਲੋਂ ਦਾਤ ਵੀ ਅਜਿਹੀ ਮੰਗਦੇ ਸਨ ਕਿ ਪ੍ਰਮਾਤਮਾ ਉਨ੍ਹਾਂ ਬੰਦਿਆਂ ਨਾਲ ਸਾਥ ਬਣਾਏ ਜੋ ਨੀਵੀ ਤੋਂ ਨੀਵੀ ਜ਼ਾਤ ਦੇ ਹਨ, ਜੋ ਨੀਵਿਆਂ ਤੋਂ ਵੀ ਨੀਵੇਂ ਅਖਵਾਉਂਦੇ ਹਨ, ਗੁਰੂ ਸਾਹਿਬ ਮਾਇਆ ਧਾਰੀਆਂ ਦੇ ਰਾਹੇ ਤੁਰਨ ਦੀ ਕੋਈ ਤਾਂਘ ਨਹੀਂ ਰਖਦੇ। ਆਪ ਸਮਾਜ ਦੁਆਰਾ ਜ਼ਾਤ ਪਾਤ ਦੇ ਪੱਖੋਂ ਲਤਾੜੀ ਜਨਤਾ ਦੀ ਵਕਾਲਤ ਕਰਦੇ ਹਨ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚਿ॥**
**ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**[5]

ਗੁਰੂ ਸਾਹਿਬ ਦੀ ਬਾਣੀ ਵਿਚ ਸੱਤਾ ਵਿਹੂਣੇ ਵਰਗਾਂ ਅਤੇ ਸਾਧਾਰਣ ਲੋਕਾਂ ਦੀ ਵਿਚਾਰਧਾਰਾ ਸ਼ਾਮਿਲ ਸੀ ਆਮ ਲੋਕਾਈ ਦਾ ਪੱਖ ਪੂਰਣ ਵਾਲੀ ਗੁਰੂ ਸਾਹਿਬ ਦੀ ਵਿਚਾਰਧਾਰਾ ਹਰ ਕਿਸਮ ਦੇ ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦੀ ਹੈ। ਇਕ ਪਾਸੇ ਇਹ ਮੁਗ਼ਲ ਸਾਮੰਤਵਾਦ ਦੀ ਕੱਟੜ ਮਜ਼੍ਹਬੀ ਨੀਤੀ ਅਤੇ ਆਰਥਿਕ ਲੁੱਟ-ਖਸੁੱਟ ਦਾ ਵਿਰੋਧ ਕਰਦੀ ਹੈ ਅਤੇ ਦੂਜੇ ਪਾਸੇ ਇਹ ਬ੍ਰਾਹਮਣਵਾਦੀ ਕਰਮਕਾਂਡ ਅਤੇ ਮਨੂਵਾਦੀ ਜਾਤੀ ਪ੍ਰਥਾ ਦਾ ਵੀ ਖੰਡਨ ਕਰਦੀ ਹੈ ਜੋ ਸਮਾਜ ਦੇ ਨੀਵੇਂ ਅਤੇ ਨਿਤਾਣੇ ਵਰਗਾਂ ਦੇ ਸਵੈਮਾਨ ਨੂੰ ਕੁਚਲਣ ਦਾ ਪ੍ਰਬੰਧ ਉਸਾਰਦਾ ਹੈ। ਗੁਰੂ ਸਾਹਿਬ ਨੇ ਮਨੁੱਖੀ ਸਮਾਨਤਾ ਦੇ ਸੰਕਲਪ ਨੂੰ ਕਿਧਰੇ ਵਿਵੇਕ ਰਾਹੀਂ, ਕਿਧਰੇ ਵਿਅੰਗ ਰਾਹੀਂ ਅਤੇ ਕਿਧਰੇ ਕਟਾਖਸ਼ ਰਾਹੀਂ ਵਿਸਥਾਪਿਤ ਕਰਨ ਦਾ ਉਪਰਾਲਾ ਕੀਤਾ ਅਤੇ ਸੰਸਾਰ ਵਿਚ ਸਭ ਮਨੁੱਖਾਂ ਨੂੰ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਖੇਤਰ ਵਿਚ ਸਮਾਨ ਅਧਿਕਾਰਾਂ ਕਈ ਜਾਗਰੂਕ ਕੀਤਾ ਅਤੇ ਲੋਕਾਂ ਨੂੰ ਸਮਝਾਇਆ ਕਿ ਨੀਚ ਉਹ ਨਹੀਂ ਜਿਸ ਨੂੰ ਸਮਾਜ ਨੇ ਅਧਿਕਾਰਹੀਨ ਕਰ ਦਿੱਤਾ ਸਗੋਂ ਉਹ ਹੈ ਜਿਸਨੇ ਪਰਮਾਤਮਾ ਨੂੰ ਭੁਲਾ ਦਿੱਤਾ:

**ਖਸਮ ਵਿਸਾਰਹਿ ਤੇ ਕਮਜਾਤਿ ਨਾਨਕ ਨਾਵੈ ਬਾਝੁ ਸਨਾਤਿ॥**[6]

ਪਰਮਾਤਮਾ ਨੇ ਸੰਸਾਰ ਵਿਚ ਸਭ ਮਨੁੱਖਾਂ ਨੂੰ ਸਮਾਨ ਰਖਿਆ ਹੈ। ਇਹ ਤਾਂ ਦੁਨੀਆਂ ਦੀ ਲੋਕਾਚਾਰੀ ਨੇ ਮਨੁੱਖਾਂ ਵਿਚਕਾਰ ਵੰਡੀਆਂ ਪਾਈਆਂ ਹਨ ਅਤੇ ਗੁਰੂ ਨਾਨਕ ਦੇਵ ਜੀ ਨੇ ਹਰ ਸੰਭੰਵ ਯਤਨ ਕਤਿਾ ਹੈ ਤਾਂ ਜੋ ਇਹ ਵੰਡੀਆਂ ਦੂਰ ਕੀਤੀਆਂ ਜਾ ਸਕਣ ਅਤੇ ਸਭ ਮਨੁੱਖ ਸਮਾਨ ਅਧਿਕਾਰ ਨਾਲ ਆਪਣੀ ਯੋਗਤਾ ਅਨੁਸਾਰ ਪ੍ਰਾਪਤ ਰੁਤਬੇ ਅਧੀਨ ਰਹਿ ਸਕਣ ਨਾ ਕਿ ਸਮਾਜ ਵਿਚ ਸਥਾਪਿਤ ਕਟੜ ਜਥੇਬੰਦੀਆਂ ਦੁਆਰਾ ਥੋਪੇ ਗਏ ਰੁੱਤਬੇ ਅਨੁਸਾਰ। ਇਸ ਯਤਨ ਨੂੰ ਕਾਮਯਾਬ ਬਣਾਉਣ ਲਈ ਗੁਰੂ ਸਾਹਿਬ ਨੇ ਲੰਗਰ ਅਤੇ ਪੰਗਤ ਦੀ ਪ੍ਰਥਾ ਚਲਾਈ। ਜਿਸ ਦੇ ਅਨੁਸਾਰ ਆਪਦੀ ਸ਼ਰਨ ਵਿਚ ਆਉਣ ਵਾਲਾ ਹਰ ਪ੍ਰਾਣੀ ਭਾਵੇਂ ਉਹ ਰਾਜਾ ਹੈ ਜਾਂ ਰੰਕ, ਅਮੀਰ ਹੈ ਜਾਂ ਗਰੀਬ, ਬ੍ਰਾਹਮ ਹੈ ਜਾਂ ਸ਼ੂਦਰ ਪਹਿਲਾਂ ਲੰਗਰ ਵਿਚ ਸਭ ਨਾਲ ਮਿਲਕੇ ਇਕ ਸਮਾਨ ਬੈਠ ਕੇ ਲੰਗਰ ਛਕੇਗਾ ਅਤੇ ਫਿਰ ਪੰਗਤ ਕਰੇਗਾ। ਇਸ ਯਤਨ ਨਾਲ ਸਭ ਮਨੁੱਖਾਂ ਨੂੰ

ਸਮਾਨਤਾ ਮਿਲਦੀ ਹੈ ਅਤੇ ਕਿਸੇ ਵਿਚ ਵੀ ਕਿਸੇ ਤਰ੍ਹਾਂ ਦਾ ਕੋਈ ਊਚ ਨੀਚ ਦਾ ਮੱਤ ਭੇਦ ਨਹੀਂ ਰਹਿੰਦਾ। ਗੁਰੂ ਸਾਹਿਬ ਨੇ ਲੰਗਰ ਅਤੇ ਪੰਗਤ ਦੀ ਪ੍ਰਥਾ ਚਲਾ ਕੇ ਸਮਾਜਿਕ ਬਾਬਰੀ ਦਾ ਸੰਦੇਸ਼ ਦਿੱਤਾ ਅਤੇ ਸਮਾਜਿਕ ਨਾ–ਬਰਾਬਰੀ ਨੂੰ ਪੈਦਾ ਕਰਨ ਵਾਲੀ ਕਿਸੇ ਵੀ ਦਰਜੇਬੰਦੀ ਨੂੰ ਸਵੀਕਾਰ ਨਹੀਂ ਕੀਤਾ:

**ਸਭੈ ਸਾਂਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ॥**[7]

ਮਨੁੱਖੀ ਸਮਾਨਤਾ ਦੇ ਪ੍ਰਵਚਨ ਵਜੋਂ ਗੁਰੂ ਸਾਹਿਬ ਦੀ ਬਾਣੀ ਵਿਚ ਅਜਿਹੀ ਵਿਚਾਰਧਾਰਾ ਦ੍ਰਿਸ਼ਟੀਗੋਚਰ ਹੁੰਦੀ ਹੈ ਜੋ ਧਾਰਮਿਕ ਸਹਿਨਸ਼ੀਲਤਾ ਅਤੇ ਸਭਿਆਚਾਰਕ ਸੁਮੇਲ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ। ਮਨੁੱਖੀ ਸਮਾਨਤਾ ਨੂੰ ਪੇਸ਼ ਕਰਦਿਆਂ ਗੁਰੂ ਸਾਹਿਬ ਨੇ ਜਿਥੇ ਸਮਾਜ ਵਿਚਲੀ ਸੰਪੂਰਨ ਮਨੁੱਖਤਾ ਨੂੰ ਇਕ ਦੱਸਿਆ ਹੈ ਓਥੇ ਨਾਲ ਹੀ ਔਰਤਾਂ ਨੂੰ ਸਮਾਜ ਵਿਚ ਬਣਦਾ ਯੋਗ ਸਥਾਨ ਅਤੇ ਸਤਿਕਾਰ ਦਿਵਾਉਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਅਨੁਸਾਰ ਔਰਤਾਂ ਵੀ ਮਨੁੱਖ ਹਨ, ਕੋਈ ਪਸ਼ੂ ਜਾਨਵਰ ਨਹੀਂ, ਇਸਲਈ ਸਮਾਜ ਵਿਚ ਔਰਤਾਂ ਵੀ ਮਰਦਾਂ ਦੇ ਬਰਾਬਰ ਦੇ ਹੱਕ ਰਖਦੀਆਂ ਹਨ। ਸਮਾਜ ਵਿਚ ਔਰਤਾਂ ਦੇ ਦੱਬੇ ਕੁੱਚਲੇ ਸਮਾਜਿਕ ਰੁਤੱਬੇ ਨੂੰ ਗੁਰੂ ਸਾਹਿਬ ਨੇ ਉਚਾ ਚੁੱਕਿਆ। ਔਰਤ ਨੂੰ ਪਰਿਵਾਰ ਦੀ ਜੜ੍ਹ ਦੱਸਦਿਆਂ ਆਪ ਫੁਰਮਾਉਂਦੇ ਹਨ:

**ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ॥**[8]

ਗੁਰੂ ਨਾਨਕ ਦੇਵ ਜੀ ਦਾ ਇਹ ਔਰਤਾਂ ਪ੍ਰਤੀ ਹੋ ਰਹੇ ਜ਼ੁਲਮ ਖਿਲਾਫ਼ ਹਾਅ ਦਾ ਨਾਅਰਾ, ਔਰਤ ਦੇ ਮਹਾਨ ਰੁਤੱਬੇ ਨੂੰ ਨਿਖਾਰ ਕੇ ਪੇਸ਼ ਕਰਨ ਦੇ ਯੋਗ ਹੈ। ਗੁਰੂ ਸਾਹਿਬ ਨੇ ਔਰਤ ਨੂੰ ਮਰਦ ਦੇ ਬਰਾਬਰ ਹੀ ਨਹੀਂ ਬਲਕਿ ਮਰਦ ਤੋਂ ਜ਼ਿਆਦਾ ਮਹੱਤਵਪੂਰਨ ਦੱਸ ਕੇ ਔਰਤ ਦੇ ਸਨਮਾਨ ਦਾ ਮੁੱਦਾ ਰਖਿਆ ਹੈ ਪ੍ਰਤੂੰ ਅਜੋਕੇ ਸਮੇਂ ਵਿਚ ਔਰਤ ਦਾ ਦਰਜਾ ਜੋ ਉਸਨੂੰ ਮਿਲਣਾ ਚਾਹੀਦਾ ਹੈ, ਨਹੀਂ ਮਿਲ ਰਿਹਾ ਬਲਕਿ ਔਰਤ ਨੂੰ ਜਨਮ ਤੋਂ ਪਹਿਲਾਂ ਹੀ ਮਾਰਿਆ ਜਾ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਰਹਿ ਕੇ ਲੋਕਾਂ ਨੂੰ ਇਹ ਸਮਝਾਇਆ ਕਿ ਔਰਤ ਵੀ ਇਕ ਇਨਸਾਨ ਹੈ। ਉਹ ਵੀ ਮਰਦ ਵਾਂਗ ਬਰਾਬਰ ਦੇ ਹੱਕ ਰਖਦੀ ਹੈ। ਉਸਨੂੰ ਨਿੰਦਣ ਦੀ ਬਜਾਏ ਉਸਨੂੰ ਸਨਮਾਨ ਦੇਣਾ ਚਾਹੀਦਾ ਹੈ, ਕਿਉਂਕਿ ਔਰਤ ਦੀ ਹੀ ਕੁਖੋਂ ਸੰਤ ਮਹਾਤਮਾ ਤੇ ਯੋਧੇ, ਸੂਰਬੀਰ ਜਨਮ ਲੈਂਦੇ ਹਨ। ਔਰਤ ਦੇ ਸਨਮਾਨ ਲਈ ਆਵਾਜ਼ ਨੂੰ ਬੁਲੰਦ ਕੀਤਾ ਹੈ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**[9]

ਨਾਨਕ ਬਾਣੀ ਅਨੁਸਾਰ ਜਦ ਪਰਮਾਤਮਾ ਨੇ ਔਰਤ ਮਰਦ ਨੂੰ ਬਿਨਾਂ ਕਿਸੇ ਵਿਤਕਰੇ ਦੇ ਬਣਾਇਆ ਹੈ ਤਾਂ ਸਮਾਜ ਨੂੰ ਵੀ ਉਨ੍ਹਾਂ ਨੂੰ ਵਿਤਕਰੇ ਦੀ ਭਾਵਨਾ ਨਾਲ ਨਹੀਂ ਰੱਖਣਾ ਚਾਹੀਦਾ। ਉਨ੍ਹਾਂ ਨਾਲ ਸਮਾਨ ਵਿਵਹਾਰ ਕਰਨਾ ਚਾਹੀਦਾ ਹੈ। ਔਰਤ ਨੂੰ ਵੀ ਮਰਦ ਦੇ ਸਮਾਨ ਸਮਝਣਾ ਚਾਹੀਦਾ ਹੈ ਕਿਉਂਕਿ ਗੁਰੂ ਨਾਨਕ ਸਾਹਿਬ ਨੇ ਮਾਨਵਤਾ ਨੂੰ ਸਮਾਜਿਕ ਤੇ ਧਾਰਮਿਕ ਕਰਮ ਕਾਂਡਾਂ ਵਿਚੋਂ ਕੱਢ ਕੇ ਇਕ ਪਰਮ ਹਸਤੀ

ਦਾ ਅਹਿਸਾਸ ਕਰਵਾਇਆ ਸੀ। ਆਪ ਨੇ ਮਨੁੱਖੀ ਸਮਾਨਤਾ ਦਾ ਆਧਾਰ ਮਨੁੱਖ ਵਿਚਲੀ ਜੋਤ ਨੂੰ ਦੱਸਿਆ। ਸਾਰੇ ਮਨੁੱਖਾਂ ਵਿਚ ਉਸ ਅਕਾਲ ਪੁਰਖ (ਪਰਮਾਤਮਾ) ਦਾ ਹੀ ਪ੍ਰਕਾਸ਼ ਹੈ:

**ਸਭ ਮਹਿ ਜੋਤਿ ਜੋਤਿ ਹੈ ਸੋਈ॥**
**ਤਿਸ ਦੈ ਚਾਨਣ ਸਭ ਮਹਿ ਚਾਨਣ ਹੋਇ॥**
**ਗੁਰ ਸਾਖੀ ਜੋਤਿ ਪਰਗਟੁ ਹੋਇ॥**[10]

**ਅਤੇ**

**ਲ਼ੋਗਾ ਭਰਮਿ ਨ ਭੂਲਹੁ ਭਾਈ॥**
**ਖਲਿਕੁ ਖਲਕ ਖਲਕ ਮਹਿ ਖਾਲਿਕੁ॥**
**ਪੂਰਿ ਰਹਿਓ ਸ੍ਰਬ ਠਾਈ॥**
**ਮਾਈ ਏਕ ਅਨੇਕ ਭਾਤਿ ਕਰਿ ਸਾਜੀ ਸਾਜਨਹਾਰੈ॥**
**ਨ ਕਛੁ ਪੋਚ ਮਾਟੀ ਕੇ ਭਾਂਡੇ ਨ ਕਛੁ ਪੋਚ ਕੁੰਭਾਰੈ॥**
**ਸਭਿ ਮਹਿ ਸਾਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥**[11]

ਭਾਵ ਗੁਰੂ ਨਾਨਕ ਸਾਹਿਬ ਮਜ਼ਲੂਮ ਲੋਕਾਂ ਨੂੰ ਸਮਝਾਉਂਦਿਆ ਉਪਦੇਸ਼ ਦਿੰਦੇ ਹਨ ਕਿ, ਹੇ ਮੇਰੇ ਵੀਰ ਲੋਕੋ! ਤੁਸੀਂ ਵਹਿਮ ਭਰਮ ਵਿਚ ਨਾ ਆਓ। ਰਚਨਾ ਰਚਣਹਾਰ ਅੰਦਰ ਹੈ ਅਤੇ ਰਚਨਹਾਰ ਰਚਨਾ ਅੰਦਰ। ਉਹ ਸਾਰਿਆਂ ਥਾਂਵਾਂ ਨੂੰ ਪਰੀਪੂਰਨ ਕਰ ਰਿਹਾ ਹੈ। ਮਿੱਟੀ ਸਿਰਫ਼ ਇਕ ਹੀ ਹੈ ਪਰ ਘੜਨਹਾਰੇ ਨੇ ਇਸ ਨੂੰ ਘਣੇਰਿਆਂ ਤਰੀਕਿਆਂ ਨਾਲ ਘੜਿਆ ਹੈ। ਮਿੱਟੀ ਦੇ ਬਰਤਨਾਂ ਦਾ ਕੋਈ ਕਸੂਰ ਨਹੀਂ, ਨਾ ਹੀ ਕੋਈ ਕਸੂਰ ਘੁਮਿਆਰ ਦਾ ਹੈ ਕਿਉਂਕਿ ਉਹ ਅਦੁੱਤੀ ਸੱਚਾ ਸਾਈਂ (ਪਰਮਾਤਮਾ) ਸਾਰਿਆਂ ਦੇ ਅੰਦਰ ਹੈ ਅਤੇ ਸਾਰਾ ਕੁਝ ਉਸਦੀ ਮਰਜੀ ਅਨੁਸਾਰ ਹੀ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਮਨੁੱਖੀ ਸਮਾਨਤਾ ਦੇ ਸੰਕਲਪ ਨੂੰ ਦ੍ਰਿੜ ਕਰਨ ਲਈ ਭਗਤੀ ਲਹਿਰ ਵਿਚ ਸੁਧਾਰ ਲਿਆਣ ਦਾ ਯਤਨ ਕੀਤਾ, ਆਪ ਆਪਣੇ ਇਸ ਯਤਨ ਵਿਚ ਸਫ਼ਲ ਵੀ ਹੋਏ ਸਨ। ਅਸਲ ਵਿਚ ਭਗਤੀ ਲਹਿਰ ਨੇ ਸਮਾਜ ਵਿਚ ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਨਵ-ਜਾਗ੍ਰਿਤੀ ਦੀ ਲਹਿਰ ਨੂੰ ਆਮ ਜਨਤਾ ਦੀ ਪਹੁੰਚ ਵਿਚ ਲਿਆਉਂਦਾ। ਇਸ ਲਹਿਰ ਦੇ ਮੂਲ ਸਰੋਕਾਰਾਂ ਵਿਚ ਮਨੁੱਖੀ ਸਮਾਨਤਾ ਅਤੇ ਦਲਿਤ ਚੇਤਨ ਨੂੰ ਪ੍ਰਮੁਖਤਾ ਹਾਸਿਲ ਸੀ। ਗੁਰੂ ਸਾਹਿਬ ਨੇ ਮਨੁੱਖੀ ਸਮਾਨਤਾ ਦੇ ਸੰਕਲਪ ਨੂੰ ਸਾਹਮਣੇ ਲਿਆਂਦਾ ਸੀ ਉਸ ਦੀ ਬੁਨਿਆਦ ਦਲਿਤ ਚੇਤਨਾ ਅਤੇ ਲਿੰਗ ਅਸਮਾਨਤਾ ਉੱਪਰ ਰੱਖੀ ਗਈ ਪ੍ਰਤੀਤ ਹੁੰਦੀ ਸੀ।

ਸੋ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਸਮਾਨਤਾ ਦੇ ਸੰਕਲਪ ਨੂੰ ਅਮਲ ਵਿਚ ਲਿਆਉਣ ਲਈ ਹਰ ਸੰਭੰਵ ਯਤਨ ਕੀਤਾ ਅਤੇ ਆਪ ਆਪਣੇ ਇਸ ਮਕਸਦ ਲਈ ਕਾਮਯਾਬ ਵੀ ਹੋਏ ਸਨ। ਸਮਾਜ ਵਿਚੋਂ ਅਸਮਾਨਤਾ ਦੇ ਖਿਲਾਫ਼ ਆਵਾਜ਼ ਉਠਾਈ ਅਤੇ ਸਮਾਜ ਵਿਚ ਲੋਕਾਂ ਨੂੰ ਆਪਣੇ ਹੱਕਾਂ ਲਈ ਜਾਗਰੂਕ ਕੀਤਾ। ਗਰੀਬਾਂ, ਔਰਤਾਂ ਅਤੇ ਨੀਵੀ ਜਾਤ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ। ਸਮਾਜ ਵਿਚ ਇਹਨਾਂ ਨੂੰ ਇੱਜਤ ਮਾਣ ਵਾਲਾ ਜੀਵਨ ਜੀਉਣ ਦੇ ਕਾਬਿਲ ਬਣਾਇਆ। ਗੁਰੂ ਸਾਹਿਬ ਨੇ

ਇਹਨਾਂ ਦੇ ਰਹਿਣ ਸਹਿਣ ਅਤੇ ਧਾਰਮਿਕ ਕਰਮ ਕਾਂਡਾਂ ਵਿਚ ਸਨਮਾਨਤਾ ਲਿਆਉਂਦੀ। ਇੰਝ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚਲੇ ਹਰ ਖੇਤਰ ਵਿਚ ਮਨੁਖ ਨੂੰ ਸਮਾਨਤਾ ਦਿਵਾਉਣ ਦਾ ਹਰ ਸੰਭੰਵ ਯਤਨ ਹੀ ਨਹੀਂ ਕੀਤੇ ਬਲਕਿ ਸਮਾਜ ਵਿਚ ਹਰ ਮਨੁੱਖ ਨੂੰ ਸਮਾਨ ਹੱਕਾਂ ਪ੍ਰਤੀ ਜਾਗਰੂਕ ਵੀ ਕੀਤਾ।

## ਹਵਾਲੇ ਤੇ ਟਿੱਪਣੀਆਂ


1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 24
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 145
3. ਉਹੀ, ਪੰਨਾ 83
4. ਉਹੀ, ਪੰਨਾ 349
5. ਉਹੀ, ਪੰਨਾ 15
6. ਉਹੀ, ਪੰਨਾ 10
7. ਉਹੀ, ਪੰਨਾ 97
8. ਉਹੀ, ਪੰਨਾ 473
9. ਉਹੀ, ਪੰਨਾ 473
10. ਉਹੀ, ਪੰਨਾ 13
11. ਉਹੀ, ਪੰਨਾ 1350



**ਸੁਖਵਿੰਦਰ ਕੌਰ**

E-mail : sukhwinder8526@gmail.com

# ਹਿੰਸਾ - ਗੁਰੂ ਨਾਨਕ ਦੇਵ ਜੀ ਦਾ ਜੀਵਨ, ਬਾਣੀ ਅਤੇ ਉਪਦੇਸ਼

**ਸੁਰਿੰਦਰ ਕੈਲੇ**

ਗੁਰੂ ਨਾਨਕ ਦੇਵ ਜੀ ਦੇ ਜੀਵਨ, ਬਾਣੀ ਤੇ ਉਪਦੇਸ਼ ਨੂੰ ਹਿੰਸਾ ਦੇ ਸੰਦਰਭ ਵਿੱਚ ਅਸੀਂ ਤਦ ਹੀ ਸਮਝ ਸਕਾਂਗੇ ਜਦੋਂ ਅਸੀਂ ਹਿੰਸਾ ਨੂੰ ਪ੍ਰਭਾਸ਼ਿਤ ਕਰ ਲਵਾਂਗੇ। ਆਮ ਤੌਰ 'ਤੇ ਸਰੀਰਕ ਕਸ਼ਟ, ਮਾਰ-ਕੁੱਟ ਤੇ ਕਤਲ ਨੂੰ ਹਿੰਸਾ ਕਿਹਾ ਜਾਂਦਾ ਹੈ। ਕਾਹਨ ਸਿੰਘ ਨਾਭਾ ਹਿੰਸਾ ਨੂੰ ਇਸ ਤਰ੍ਹਾਂ ਪ੍ਰਭਾਸ਼ਿਤ ਕਰਦੇ ਹਨ-

**ਘਾਤ, ਵਧ, ਸਰੀਰ ਤੋਂ ਪ੍ਰਾਣਾਂ ਨੂੰ ਅਲੱਗ ਕਰਨ ਦੀ ਕ੍ਰਿਯਾ।**
**'ਹਿੰਸਾ ਤਉ ਮਨ ਤੇ ਨਹੀਂ ਛੂਟੀ'' (ਸਾਰ ਪਰਮਾਨੰਦ) ਦੁਖਾਉਣ ਦਾ ਭਾਵ।**[1]

ਪਰ ਹਿੰਸਾ ਦਾ ਦਾਇਰਾ ਇਸ ਤੋਂ ਵੀ ਵੱਡਾ ਹੈ। ਡਰਾਉਣਾ, ਧਮਕਾਉਣਾ, ਦਹਿਸ਼ਤ ਪੈਦਾ ਕਰਨੀ, ਕੁੱਟ-ਮਾਰ, ਅਗਵਾ, ਸਰੀਰਕ ਕਸ਼ਟਾਂ ਦੁਆਰਾ ਨਕਾਰਾ ਕਰਨਾ, ਅੰਗਾਂ ਦੀ ਤੋੜ ਭੰਨ ਤੋਂ ਮਾਰਨ ਤੱਕ ਦੀ ਕ੍ਰਿਆ ਹਿੰਸਾ ਦਾ ਹੀ ਰੂਪ ਹੈ। ਇਸ ਨੂੰ ਅਸੀਂ ਇਸ ਤਰ੍ਹਾਂ ਕਹਿ ਸਕਦੇ ਹਾਂ-

'ਕਿਸੇ ਵਿਅਕਤੀ, ਫਿਰਕੇ, ਭਾਈਚਾਰੇ, ਵਰਗ, ਕੌਮ, ਰਾਸ਼ਟਰ ਨੂੰ ਦਹਿਸ਼ਤ, ਡਰਾ-ਧਮਕਾ ਤਸੀਹੇ, ਤਸ਼ੱਦਦ, ਹੱਤਿਆਵਾਂ ਦੁਆਰਾ ਸਰੀਰਕ ਤੇ ਮਾਨਸਿਕ ਤੌਰ 'ਤੇ ਨਕਾਰਾ ਜਾਂ ਖਤਮ ਕਰਨਾ ਹਿੰਸਾ ਹੈ।'

ਹਿੰਸਾ ਸਰੀਰਕ ਹੀ ਨਹੀਂ ਹੁੰਦੀ ਮਾਨਸਿਕ ਵੀ ਹੁੰਦੀ ਹੈ। ਇਹ ਸਰੀਰਕ ਹਿੰਸਾ ਨਾਲੋਂ ਵੱਧ ਭਿਆਨਕ ਤੇ ਦੁਖਦਾਈ ਹੁੰਦੀ ਹੈ ਭਾਵੇਂ ਇਹ ਭੌਤਿਕ ਰੂਪ ਵਿੱਚ ਘੱਟ ਹੀ ਦਿਖਾਈ ਦਿੰਦੀ ਹੈ। ਇਹ ਹਿੰਸਾ ਬਗੈਰ ਸਰੀਰ ਨੂੰ ਛੋਹੇ ਹਮਲਾ ਕਰਦੀ ਹੈ। ਆਪਣੀ ਸਰੀਰਕ ਸ਼ਕਤੀ, ਭਾਈਚਾਰਕ ਸ਼ਕਤੀ, ਰਾਜਸੀ ਸ਼ਕਤੀ, ਧਾਰਮਿਕ ਤੇ ਆਰਥਕ ਸ਼ਕਤੀ ਦਾ ਪ੍ਰਦਰਸ਼ਨ ਤੇ ਪ੍ਰਗਟਾਵੇ ਦੁਆਰਾ ਦਹਿਸ਼ਤ, ਡਰ, ਭੈਅ ਰਾਹੀਂ ਵਿਅਕਤੀ ਜਾਂ ਸਮੂਹ ਨੂੰ ਮਾਨਸਿਕ ਤੌਰ 'ਤੇ ਏਨਾ ਖੌਫਜ਼ਦਾ ਕਰ ਦੇਣਾ ਕਿ ਉਹ ਨਿਰਬਲ ਤੇ ਡਰਪੋਕ ਬਣ ਜਾਵੇ। ਇੱਥੋਂ ਤੱਕ ਕਿ ਉਹ ਆਤਮ ਹੱਤਿਆ ਦੇ ਰਾਹ ਪੈ ਜਾਵੇ। ਇੰਝ ਅਸੀਂ ਕਹਿ ਸਕਦੇ ਹਾਂ ਕਿ ਹਿੰਸਾ ਸਰੀਰਕ ਅਤੇ ਮਾਨਸਿਕ ਹੁੰਦੀ ਹੈ।

ਮੁੱਖ ਤੌਰ 'ਤੇ ਹਿੰਸਾ ਦੋ ਪ੍ਰਕਾਰ ਦੀ ਹੁੰਦੀ ਹੈ-ਵਿਨਾਸ਼ਕਾਰੀ ਤੇ ਵਿਕਾਸਮਈ

**ਵਿਨਾਸ਼ਕਾਰੀ**- ਹਿੰਸਾ ਨੂੰ ਅਗੋਂ ਅਲੱਗ ਭਾਗਾਂ ਵਿੱਚ ਵੰਡ ਸਕਦੇ ਹਾਂ, ਜਿਵੇਂ-

**ਰਾਜਸੀ ਹਿੰਸਾ**- ਵਿਅਕਤੀਆਂ, ਸਮੂਹ, ਫਿਰਕੇ, ਵਰਗਾਂ, ਸਧਾਰਨ ਜੰਤਾ, ਵਿਰੋਧੀਆਂ ਉੱਪਰ ਦਬਦਬਾ, ਮਾਰਪੀਟ, ਤਸ਼ੱਦਦ, ਅਕਹਿ ਤੇ ਅਸਹਿ ਤੇ ਦਰਦਾਂ ਭਰੀ ਡਰਾਵਣੀ ਮੌਤ।

**ਲੜਕੀਆਂ ਦੀ ਜੰਮਣ ਹਿੰਸਾ**- ਜੰਮਣ ਸਮੇਂ ਮਾਰ ਦੇਣਾ, ਜੰਮਣ ਤੋਂ ਪਹਿਲਾਂ ਮਾਰ ਦੇਣਾ। ਜੇ ਪੈਦਾ ਹੋ ਹੀ ਜਾਣ ਤਾਂ ਮਾਪਿਆਂ ਵੱਲੋਂ ਦਬਦਬਾ, ਸ਼ੱਕੀ ਨਜ਼ਰ, ਅਸਮਾਨਤਾ ਵਾਲਾ ਵਿਹਾਰ ਆਦਿ ਤੇ ਵਿਆਹ ਮਗਰੋਂ ਸੌਹਰੇ ਪਰਿਵਾਰ ਵੱਲੋਂ ਅਤੇ ਸਮਾਜ ਵੱਲੋਂ ਔਰਤ ਨੂੰ ਨਿਮਨ ਤੇ ਨਿਮਾਨੀ ਬਣਾ ਕੇ ਰੱਖਣਾ, ਘਰੇਲੂ ਹਿੰਸਾ ਦਾ ਰੂਪ ਹੈ।

**ਧਾਰਮਿਕ ਹਿੰਸਾ**- ਕਸ਼ਟਮਈ ਤੇ ਅਮਾਨਵੀ ਧਾਰਮਿਕ ਕਰਮਕਾਂਡ, ਨਾ ਮੰਨਣ ਵਾਲਿਆਂ ਨੂੰ ਹਿੰਸਕ ਢੰਗਾਂ ਦੁਆਰਾ ਮੰਨਣ ਤੇ ਕਰਮਕਾਂਡੀ ਬਣਾਉਣਾ ਸ਼ਾਮਲ ਹੈ। ਇਸਦੇ ਨਾਲ ਅੰਤਰਧਰਮ ਹਿੰਸਾ- ਧਰਮ ਵਿੱਚ ਆਏ ਵਿਰੋਧਾਭਾਸ ਕਾਰਨ ਧਰਮ ਵਿੱਚ ਵੰਡੀਆਂ ਦਾ ਪੈਣਾ ਅਤੇ ਇਕੋ ਧਰਮ ਦੇ ਪੈਰੋਕਾਰਾਂ ਦਾ ਆਪਸ ਵਿੱਚ ਹਿੰਸਕ ਵਿਰੋਧ ਅਤੇ ਟਕਰਾਅ ਦਾ ਪੈਦਾ ਹੋਣਾ।

ਉਪਰੋਕਤ ਵਿਨਾਸ਼ਕਾਰੀ ਹਿੰਸਾ ਦੇ ਵਿਰੋਧ ਵਿੱਚ ਵਿਕਾਸਮਈ ਹਿੰਸਾ, ਦੂਸਰਾ ਰੂਪ ਹੈ ਜੋ ਸਮਾਜਿਕ ਕਲਿਆਣ ਹਿਤ ਹੋਂਦ ਵਿੱਚ ਆਉਂਦਾ ਹੈ। ਵਿਨਾਸ਼ਕਾਰੀ ਹਿੰਸਾ ਦੇ ਸਤਾਇਆਂ ਦੀ ਮੁਕਤੀ ਲਈ ਬਿਨਾਂ ਕਿਸੇ ਲੋਭ-ਲਾਲਚ, ਸਰਬੱਤ ਦੇ ਭਲੇ ਲਈ ਕੀਤੀ ਹਿੰਸਾ ਸਮੁੱਚੀ ਲੋਕਾਈ ਦੇ ਹਿਤ ਵਿੱਚ ਹੁੰਦੀ ਹੈ। ਇਹ ਵਿਨਾਸ਼ਕਾਰੀ ਹਿੰਸਾ ਨੂੰ ਥੰਮਣ, ਦਬਾਉਣ ਅਤੇ ਜੜ੍ਹੋਂ ਪੁੱਟਣ ਲਈ ਜਨਤਕ ਹਿੰਸਾ ਦੇ ਰੂਪ ਵਿੱਚ ਹੁੰਦੀ ਹੈ। ਬਸਤੀਵਾਦੀ ਲੁਟੇਰੀ ਸੱਤਾ ਦੇ ਖਾਤਮੇ ਲਈ ਗਦਰ ਲਹਿਰ, ਅਜ਼ਾਦ ਹਿੰਦ ਫੌਜ, ਇਨਕਲਾਬੀ ਲਹਿਰ, ਭਾਰਤੀ ਸਮਾਜ ਦੀ ਲੁੱਟ-ਖਸੁੱਟ ਦੇ ਖਾਤਮੇ ਲਈ ਹਿੰਸਕ ਘੋਲ ਸੀ।

ਹਿੰਸਾ ਦੇ ਪਰੀਪੇਖ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਚਿੰਤਨ ਕਰਦਿਆਂ ਉਸ ਸਮੇਂ ਦੇ ਆਲਮੀ ਹਾਲਤਾਂ ਬਾਰੇ ਜਾਨਣਾ ਜ਼ਰੂਰੀ ਹੈ ਤਾਂ ਹੀ ਅਸੀਂ ਬਾਣੀ ਨੂੰ ਸਹੀ ਸੰਦਰਭ ਵਿੱਚ ਸਮਝ ਸਕਾਂਗੇ। ਤਤਕਾਲੀ ਧਾਰਮਿਕ, ਆਰਥਿਕ, ਸਮਾਜਿਕ ਤੇ ਰਾਜਸੀ ਹਾਲਤਾਂ ਨੂੰ ਘੋਖਣਾ ਜ਼ਰੂਰੀ ਹੋ ਜਾਂਦਾ ਹੈ। ਸਮਾਜੀ ਸਾਇੰਸ ਨੇ ਸਿੱਧ ਕਰ ਦਿੱਤਾ ਹੈ ਕਿ ਹਰ ਪ੍ਰਕਾਰ ਦੇ ਵਿਚਾਰਾਂ ਤੋਂ ਉਚਾਰਾਂ ਦਾ ਸਮਾਂ, ਵੇਲੇ ਦੀ ਪੈਦਾਵਾਰੀ ਦੀਆਂ ਪਦਾਰਥਕ ਹਾਲਤਾਂ ਹੁੰਦੀਆਂ ਹਨ-

'ਅਜਿਹੇ ਉਚਾਰਾਂ ਦਾ ਨਿਰਣਾ ਕਰਨ ਲਈ ਨਾਨਕਧਾਰਾ ਦੀ ਉਪਜ ਤੋਂ ਪਹਿਲੀਆਂ, ਸਮਕਾਲੀ ਤੇ ਉਪਰੰਤਲੀਆਂ ਪਦਾਰਥਕ ਹਾਲਤਾਂ ਤੇ ਇਹਨਾਂ ਦੇ ਅਗਲ-ਬਗਲ ਦੇ ਇਤਿਹਾਸ ਦੀ ਘੋਖ ਅਤਿ ਜ਼ਰੂਰੀ ਹੈ। ਏਸ ਲਿਹਾਜ ਨਾਲ ਨਾਨਕਧਾਰਾ ਉਸ ਮਹਾਨ ਜਗਤ ਵਿਆਪੀ ਇਤਿਹਾਸਕ ਵਰਤਾਰੇ ਦੀ ਪੰਜਾਬੀ ਸਮਾਜ ਅੰਦਰ ਫੁੱਟ ਨਿਕਲੀ ਦੇਸੀ (ਕੌਮੀ) ਗੰਦਲ ਸੀ, ਜੋ ਨਾਨਕ ਸਮਿਆਂ (ਸੁਧਾਰਤਾ ਦੇ ਮੋਢੀ ਲੂਥਰ, ਜਵਿੰਗਲੀ ਤੇ ਕਾਲਵਿਨ ਨਾਨਕ ਦੇ ਸਮਾਕਲੀ ਹੋਏ ਹਨ। ਸੂਫੀਵਾਦ ਵੀ ਬਾਹਲਾ ਏਸ ਸਮੇਂ ਹੀ ਚਮਕਣ ਤੇ ਸਫਲਣ ਲੱਗਾ) ਵਿੱਚ ਯੋਰਪ ਤੇ ਏਸ਼ੀਆ (ਬੋਧੀ ਏਸ਼ੀਆ ਦੇ ਇਤਿਹਾਸ ਦੀ ਜਾਣਕਾਰੀ ਨਹੀਂ ਕੀਤੀ ਜਾ ਸਕੀ) ਦੇ ਤਿੰਨ ਅਤਿ ਵਿਕਰਾਲ ਧਰਮੀ ਸਮਾਜਾਂ ਅੰਦਰ ਇਸਲਾਮ ਦੀਆਂ ਕੌਮਾਂਤਰੀ ਜਿੱਤਾਂ ਕਾਰਨ ਪੈਦਾ ਹੋਈਆਂ ਸਮਾਜੀ ਤੇ ਸਿਆਸੀ ਹਾਲਤਾਂ ਅੰਦਰ ਉੱਠ ਪਈਆਂ ਖਹਿਆਂ 'ਤੇ ਰੋਕਾਂ ਨੂੰ ਸੁਲਝਾਉਣ ਦੀ ਸੋਝੀ ਤੋਂ ਹਰ ਦੇਸ਼ ਆਪੋ-ਆਪਣੀਆਂ 'ਸਥਾਨਕ' ਹਾਲਤਾਂ ਅਨੁਕੂਲ ਧਰਮੀ ਸੁਧਾਰ ਮੰਗਣ ਦੀ ਲਹਿਰ ਵਿੱਚ ਵਾਪਰ ਤੁਰਿਆ, ਜਿਸਦਾ ਇਸਾਈਆਂ ਵਿੱਚ ਰੀਫਾਰਮੇਸ਼ਨ (ਸੁਧਾਰਤਾ) ਮੁਸਲਮਾਨਾਂ ਵਿੱਚ ਸੂਫੀਵਾਦ ਤੇ ਹਿੰਦੂਆਂ ਵਿੱਚ ਭਗਤੀ ਨਾਂ ਸੀ। ਇਨ੍ਹਾਂ ਤਿੰਨਾਂ ਲਹਿਰਾਂ ਦਾ ਪਦਾਰਥਕ ਤੱਥ ਇੱਕੋ ਸੀ। ਰੋਮ ਦੀ ਪੋਪਸ਼ਾਹੀ, ਬਗਦਾਦ ਦੀ ਖਿਲਾਫਤ ਤੇ ਹਿੰਦੂ ਦੀ ਬ੍ਰਹਿਮਣ ਡਿਕਟੇਟਰੀ ਦੀ ਇਕੇਂਦਰੀ ਧਰਮ ਸੱਤਾ ਵਿਰੁੱਧ ਦੇਸੀ (ਕੌਮੀ) ਧਰਮ (ਰਾਜਸੀ) ਅਜ਼ਾਦੀ।

**ਨਾਨਕਧਾਰਾ ਦੀਆਂ ਇਤਿਹਾਸਕ ਕਦਰਾਂ-ਕੀਮਤਾਂ/ ਗੁਰਚਰਨ ਸਿੰਘ ਸਹਿੰਸਰਾ**[2]

ਗੁਰੂ ਨਾਨਕ ਬਾਣੀ ਦਾ ਅਧਿਐਨ ਕਰਦਿਆਂ ਸਾਨੂੰ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ

ਗੁਰੂ ਜੀ ਰਾਜਾਸ਼ਾਹੀ ਨਾਲ ਸਬੰਧਤ ਨਹੀਂ ਸਨ ਤੇ ਨਾ ਹੀ ਰਾਜਸੀ ਨੇਤਾ ਸਨ। ਉਹ ਸਿੱਧੀ ਰਾਜਸੀ ਟੱਕਰ ਲੈਣ ਦੀ ਸਥਿਤੀ ਵਿੱਚ ਨਹੀਂ ਸਨ, ਕਿਉਂਕਿ ਲੁਕਾਈ ਗੁਲਾਮੀ ਤੇ ਗੁਰਬਤ ਤੇ ਰਾਜਾਸ਼ਾਹੀ ਹਿੰਸਾ ਦਾ ਸ਼ਿਕਾਰ ਸੀ। ਉਹ ਅਜਿਹੇ ਚਿੰਤਕ ਸਨ ਜਿਨ੍ਹਾਂ ਨੇ ਸਮਾਜ ਅੰਦਰ ਸਮਾਜਿਕ ਰਾਜਸੀ ਜਾਗ੍ਰਤੀ ਪੈਦਾ ਕੀਤੀ। ਦਰਸ਼ਨ ਸਿੰਘ ਚੰਡੀਗੜ੍ਹ ਇਸ ਨੁਕਤੇ ਨੂੰ ਸਪੱਸ਼ਟ ਕਰਦਿਆਂ ਕਹਿੰਦੇ ਹਨ ਕਿ ਗੁਰੂ ਜੀ ਬਾਣੀਕਾਰ, ਵਿਆਖਿਆਕਾਰ ਨਹੀਂ ਹਨ ਬਲਕਿ ਸਿਰਜਕ ਹਨ- 'ਉਹ ਵਿਆਖਿਆ ਨਹੀਂ ਕਰਦੇ, ਬਲਕਿ ਸਿਰਜਦੇ ਹਨ। ਸਿਰਜਣਾ ਕਰਦਿਆਂ ਹੋਇਆਂ ਵਸਤੂ ਸਮੱਗਰੀ ਤਾਂ ਉਹੀ ਵਰਤਦੇ ਹਨ ਜੋ ਪ੍ਰਾਪਤ ਹੈ ਪਰ ਅਰਥ ਨਵੇਂ ਦਿੰਦੇ ਹਨ, ਬਣਤਰ ਨਵੀਂ ਕਰਦੇ ਹਨ ਤੇ ਇੰਜ ਪ੍ਰਸੰਗਿਕਤਾ ਨਵੀਂ ਦੇਂਦੇ ਹਨ। ਜਰੂਰੀ ਨਹੀਂ ਕਿ ਇਸ ਤਰ੍ਹਾਂ ਕਰਦਿਆਂ ਹੋਇਆਂ, ਉਹ ਕਿਸੇ ਦੇ ਖਿਲਾਫ ਜਾਂ ਹਾਮੀ ਹੋਣ। ਉਹ ਇੱਕ ਨਵਾਂ ਨੁਕਤਾ ਨਵਾਂ ਪ੍ਰਸੰਗ ਸਿਰਜਦੇ ਹਨ, ਸਾਡਾ ਧਿਆਨ ਇਸ ਪਹਿਲੂ ਵੱਲ ਜਾਣਾ ਚਾਹੀਦਾ ਹੈ। ਬਦਲੇ ਹੋਏ ਸਮਾਜਿਕ ਅਤੇ ਇਤਿਹਾਸਕ ਪ੍ਰਸੰਗ ਨਵੇਂ ਸੁਰ ਛੇੜਦੇ ਹਨ।'[4]

ਅਬਨਾਸ ਕੌਰ ਗੁਰੂ ਨਾਨਕ ਬਾਣੀ ਨੂੰ ਪੜਚੋਲਦਿਆਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਤਤਕਾਲੀ ਸਮੇਂ ਰਚੀ 'ਬਾਬਰ ਬਾਣੀ' ਵਿੱਚ ਸਮਾਕਾਲੀ ਰਾਜਨੀਤਕ ਸਥਿਤੀ ਦੀ ਸਮੀਖਿਆ ਕੀਤੀ ਹੈ।

'ਗੁਰੂ ਨਾਨਕ ਦੇਵ ਜਿਸ ਇਤਿਹਾਸਕ ਦੌਰ ਨਾਲ ਸਬੰਧਿਤ ਸਨ, ਉਸ ਵਿੱਚ ਅਜੋਕੇ ਲੋਕਤੰਤਰੀ ਤੇ ਸਮਾਜਵਾਦੀ ਨਾਅਰਿਆਂ, ਸਿਧਾਤਾਂ ਦੀ ਥਾਂ ਅਜੇ ਨਹੀਂ ਸੀ ਬਣੀ। ਪਰ ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਜੋ ਭਾਵਨਾ ਪ੍ਰਗਟਾਈ ਉਸਦੀ ਸੇਧ ਇਨ੍ਹਾਂ ਸਮਾਜਿਕ ਆਦਰਸ਼ਾਂ ਦੀ ਅਨੁਸਾਰੀ ਹੈ। ਲੋਕਤੰਤਰੀ ਨਜ਼ਾਮ ਵਿੱਚ ਸੱਤਾਧਾਰੀ ਪਾਰਟੀ ਦਾ ਕਰਤੱਵ ਲੋਕ-ਭਲਾਈ ਤੋਂ ਵੱਖਰਾ ਨਹੀਂ ਹੋ ਸਕਦਾ, ਇਹੋ ਗੱਲ ਗੁਰ੯ ਸਾਹਿਬ ਨੇ ਆਪਣੇ ਸਮੇਂ ਦੇ ਹਾਕਮਾਂ ਨੂੰ ਕਹੀ ਹੈ। ਅੱਜ ਦੇ ਪ੍ਰਸੰਗ ਵਿੱਚ ਗੁਰੂ ਸਾਹਿਬ ਦੀ ਭਾਵਨਾ ਨੂੰ ਨਵੇਂ ਪ੍ਰਤੀਕਾਂ ਤੇ ਨਵੀਂ ਸ਼ਬਦਾਵਲੀ ਰਾਹੀਂ ਵਿਅਕਤ ਕਰਨ ਦੀ ਲੋੜ ਹੈ।[5]

ਸੋ ਉਪਰੋਕਤ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਪਰਖਣ ਵਾਲੇ ਚਿੰਤਕਾਂ ਤੇ ਵਿਦਾਵਨਾਂ ਨਾਲ ਸਹਿਮਤ ਹੋਣ ਦੀ ਸਮਝ ਬਣਦੀ ਹੈ। ਗੁਰੂ ਸਾਹਿਬ ਵੇਲੇ ਦੇ ਸਮਾਜਿਕ, ਆਰਥਿਕ ਤੇ ਸਿਆਸੀ ਹਾਲਤ ਇਸ ਤਰ੍ਹਾਂ ਦੇ ਸਨ ਕਿ ਰਾਜਸੱਤਾ ਦਾ ਵਿਰੋਧ ਹਿੰਸਕ ਰੂਪ ਵਿੱਚ ਨਹੀਂ ਸੀ ਕੀਤਾ ਜਾ ਸਕਦਾ। ਗੁਰੂ ਜੀ ਨੇ ਕਰੜੇ ਸ਼ਬਦਾਂ ਰਾਹੀਂ ਰਾਜਸੱਤਾ ਨੂੰ ਫਟਕਾਰਿਆ, ਨਿਰਭੈ ਹੋ ਕੇ ਵਿਰੋਧ ਕੀਤਾ ਤੇ ਰੱਬ ਨੂੰ ਦਿੱਤੇ ਉਲਾਂਭੇ ਰਾਹੀਂ ਜੰਤਾ ਦੇ ਮਨਾਂ ਅੰਦਰ ਗੁਲਾਮੀ ਤੇ ਸੱਤਾਧਾਰੀ ਅੱਤਿਆਚਾਰਾਂ ਵਿਰੁੱਧ ਚੇਤਨਤਾ ਪੈਦਾ ਕੀਤੀ। ਉਸ ਸਮੇਂ ਗੁਰੂ ਜੀ ਦੀ ਬਾਣੀ ਨੇ ਨਿਡਰ ਹੋ ਕੇ ਸੱਚ ਦੀ ਅਵਾਜ਼ ਬਣਦਿਆਂ ਨਿਮਾਣਿਆਂ ਨੂੰ ਅੰਤਰ ਤਾਕਤ ਪਰਦਾਨ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ।

ਗੁਰੂ ਸਾਹਿਬ ਦਾ ਬਾਬਰ ਦੇ ਹੁਕਮ ਨਾ ਮੰਨਣਾ ਰਾਜਸੀ ਹੈਂਕੜ ਤੇ ਸੱਤਾ ਨੂੰ ਸਿੱਧਾ ਚੈਲਿੰਜ ਸੀ। ਇੰਝ ਹੀ ਲੋਧੀ ਦੇ ਦਰਬਾਰ ਵਿੱਚ ਨਾ ਝੁਕਣਾ ਗੁਰੂ ਜੀ ਦਾ ਰਾਜਸੀ ਹਿੰਸਕ ਸੱਤਾ ਦਾ ਸਿੱਧਾ ਵਿਰੋਧ ਸੀ ਜੋ ਉਸ ਸਮੇਂ ਦੇ ਹਾਲਤਾਂ ਮੁਤਾਬਿਕ ਕੀਤਾ ਜਾ ਸਕਦਾ ਸੀ।

'ਸ਼ਾਹੀ ਨਾਫੁਰਮਾਨੀ ਦੀ ਤਹਿਰੀਕ ਵੀ ਸਿੱਖਾਂ ਨੂੰ ਗੁਰੂ ਬਾਬੇ ਨੇ ਹੀ ਸਿਖਾਈ। ਬਾਬਰ ਦੀ ਜੇਲ੍ਹ ਵਿੱਚ

ਚੱਕੀ ਚਲਾਉਣ ਦੇ ਆਦੇਸ਼ ਦੀ ਨਾ ਫੁਰਮਾਨੀ ਕੀਤੀ। ਲੋਧੀ ਦੇ ਦਰਬਾਰ ਵਿੱਚ ਕਰਾਮਾਤ ਦਿਖਾਉਣ ਦੇ ਹੁਕਮ ਦੀ ਉਲੰਘਣਾ ਕੀਤੀ। ਸ਼ਾਹੀ ਨਾ ਫੁਰਮਾਨੀ ਦੀ ਇਹ ਪ੍ਰਥਾ ਸਿੱਖੀ ਦੀ ਪੁਸ਼ਤ ਦਰ ਪੁਸ਼ਤ ਚਲਦੀ ਪ੍ਰਥਾ ਬਣ ਗਈ। ਗੁਰੂ ਅੰਗਦ ਸਾਹਿਬ ਨੇ ਸ਼ਹਿਨਸ਼ਾਹ ਹੁਮਾਯੂੰ ਅੱਗੇ ਖੜ੍ਹੇ ਹੋਣ ਤੋਂ ਗੁਰੇਜ ਕੀਤਾ। ਗੁਰੂ ਅਮਰਦਾਸ ਜੀ ਨੇ ਦਰਸ਼ਨ ਲਈ ਆਏ ਅਕਬਰ ਬਾਦਸ਼ਾਹ ਨੂੰ ਪਹਿਲਾਂ ਪੰਗਤ ਵਿੱਚ ਬੈਠਕੇ ਲੰਗਰ ਛਕਣ ਦਾ ਆਦੇਸ਼ ਦਿੱਤਾ।' ਜਸਵੰਤ ਸਿੰਘ ਨੇਕੀ[6]

ਵਿਨਾਸ਼ਕਾਰੀ ਰਾਜਸੀ ਹਿੰਸਾ ਦਾ ਪ੍ਰਤੱਖ ਰੂਪ ਗੁਰੂ ਜੀ ਨੇ ਦੇਖਿਆ। ਲੋਕਾਈ ਉੱਪਰ ਫੌਜੀਆਂ ਦੁਆਰਾ ਕੀਤੇ ਤਸ਼ੱਦਦ, ਜ਼ੁਲਮ, ਮਾਰਧਾੜ ਤੇ ਕਤਲੋ ਗਾਰਤ ਨੇ ਉਨ੍ਹਾ ਦੇ ਮਨ ਉੱਪਰ ਗਹਿਰਾ ਪ੍ਰਭਾਵ ਪਾਇਆ। ਸੈਦਪੁਰ ਕੀਤੇ ਜੁਲਮ ਲਈ ਬਾਬਰ ਦੀ ਫੌਜ ਨੂੰ 'ਪਾਪ ਦੀ ਜੰਞ' ਕਿਹਾ ਤੇ ਉਸਦੇ ਅੱਤਿਆਚਾਰਾਂ ਦਾ ਵਰਨਣ ਹੀ ਨਹੀਂ ਕੀਤਾ ਸਗੋਂ ਨਿਡਰ ਹੋ ਕੇ ਫਿਟਕਾਰਾਂ ਪਾਈਆਂ–

**ਸਰਮੁ ਧਰਮੁ ਦੁਇ ਛਪਿ ਖਲੋਤੇ ਕੂੜੁ ਫਿਰੈ ਪਰਧਾਨ ਵੇ ਲਾਲੋ।**
**ਕਾਜੀਆਂ ਬਾਮਣਾਂ ਦੀ ਗਲਿ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।**
**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ।**

ਤਿਲੰਗ ਮਹੱਲਾ ਪਹਿਲਾ।

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।**
**ਆਪੇ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨ ਆਇਆ?**
**ਕਰਤਾ ਤੂੰ ਸਭਨਾ ਕਾ ਸੋਈ**
**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨਾ ਹੋਈ ।?।**

ਆਸਾ ਮੁ;1

**ਸਾਹਾ ਸੁਰਤਿ ਗਵਾਈਆ ਰੰਗਿ ਤਮਾਸ਼ੈ ਚਾਇ।**
**ਬਾਬਰਵਾਣੀ ਫਿਰਿ ਗਈ ਕੁਇਰੁ ਨਾ ਰੋਟੀ ਖਾਇ**
**ਰਾਜੇ ਸ਼ੀਹ ਮੁਕੱਦਮ ਕੁਤੇ, ਜਾਇ ਜਗਾਇਨਿ ਬੈਠੇ ਸੁਤੇ।**
**ਚਾਕਰ ਨਚਦਾ ਪਾਇਨ ਘਾਉ। ਰਤੁ ਪਿਤੁ ਕੁਤਿਹੋ ਚਟਿ ਜਾਹੁ।**
**ਜਿਥੈ ਜੀਆ ਹੋਸੀ ਸਾਰ। ਨਕੀ ਵਢੀ ਲਾਇਤਬਾਰ।**

ਵਾਰ ਮਲਾਰ

ਗੁਰੂ ਜੀ ਦੀ ਉਪਰੋਕਤ ਬਾਣੀ ਬਾਬਰ ਦੇ ਜੁਲਮਾਂ ਦਾ ਹੀ ਵਰਨਣ ਨਹੀਂ ਕਰਦੀ ਸਗੋਂ ਉੱਚੀ ਸੁਰ ਵਿੱਚ ਵਿਰੋਧ ਕਰਦੀ ਹੈ। ਗੁਰੂ ਜੀ ਨੇ ਲਲਕਾਰ ਕੇ ਕਿਹਾ ਕਿ ਜਿਸ ਬਾਬਰ ਨੇ ਜੁਲਮ ਦੀ ਅਤਿ ਚੁੱਕੀ। ਮਜ਼ਲੂਮਾਂ ਦਾ ਕਤਲ ਕੀਤਾ। ਔਰਤਾਂ ਦੀ ਬੇਪਤੀ ਕੀਤੀ। ਲੁੱਟਮਾਰ ਦੀ ਹਨੇਰੀ ਵਗਾਈ ਨੂੰ ਆਪਣੇ ਕੁਕਰਮਾਂ ਦੀ ਸਜ਼ਾ ਭੁਗਤਣੀ ਪਵੇਗੀ–

**ਕਾਇਆ ਕਪੜੁ ਟੁਕ-ਟੁਕ ਹੋਸੀ**
**ਹਿੰਦੁਸਤਾਨ ਸਮਾਲਸੀ ਬੋਲਾ।**

(ਰਾਗ ਤਿਲੰਗ ਪਦੇ)

ਆਸਾ ਕੀ ਵਾਰ, ਵਾਰ ਮਾਝ ਕੀ ਅਤੇ ਵਾਰ ਮਲ੍ਹਾਰ ਕੀ ਦੇ ਹਵਾਲੇ ਨਾਲ ਡਾ. ਜਸਵਿੰਦਰ ਕੌਰ ਢਿੱਲੋਂ ਤਤਕਾਲੀ ਰਾਜਸੀ ਹਾਲਾਤ ਅਤੇ ਹਿੰਸਾ ਦੀ ਵਿਆਖਿਆ ਕਰਦੇ ਹਨ-

'ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਮੁਸਲਿਮ ਸ਼ਾਸਕਾਂ ਅਤੇ ਉਨ੍ਹਾਂ ਦੇ ਅਹਿਲਕਾਰਾਂ ਵੱਲੋਂ ਭਾਰਤੀ ਜਨਤਾ ਉੱਪਰ ਕੀਤੇ ਅੱਤਿਆਚਾਰਾਂ ਦਾ ਵਰਨਣ ਵੀ ਹੈ। ਬਾਬਰ ਦੇ ਹਮਲਿਆਂ ਦੌਰਾਨ ਹੋਏ ਵਿਨਾਸ਼ ਨੂੰ ਉਨ੍ਹਾਂ ਆਪਣੀ ਅੱਖੀਂ ਡਿੱਠਾ ਸੀ। ਉਸ ਸਮੇਂ ਦੇ ਕਹਿਰ ਨੂੰ ਗੁਰੂ ਜੇ ਨੇ ਆਸਾ ਰਾਗ ਵਿੱਚ ਬਿਆਨ ਕਰਦੇ ਹੋਏ ਕਿਹਾ ਕਿ ਬਾਬਰ ਨੇ ਖੁਰਾਸਾਨ ਦਾ ਮਾਲਕ ਬਣਕੇ ਹਿੰਦ ਵਾਸੀਆਂ ਨੂੰ ਭੈ-ਭੀਤ ਕਰ ਦਿੱਤਾ ਹੈ। ਆਸਾ ਅਸ਼ਟਪਦੀਆਂ ਵਿੱਚ ਉਹ ਕਹਿੰਦੇ ਹਨ ਕਿ ਇਨ੍ਹਾਂ ਜੰਗਲੀ ਕੁੱਤਿਆਂ ਨੇ ਰਤਨਾਂ ਵਰਗੇ ਸੋਹਣੇ ਦੇਸ਼ ਨੂੰ ਬਰਬਾਦ ਕਰ ਦਿੱਤਾ ਹੈ। ਚੰਗੇ ਘਰਾਂ ਦੀਆਂ ਸੁਆਣੀਆਂ ਜਿਨ੍ਹਾਂ ਦੇ ਸਿਰ ਮੀਢੀਆਂ ਨਾਲ ਸਜੇ ਹੁੰਦੇ ਸਨ, ਚੀਰਾਂ ਵਿੱਚ ਸੰਧੂਰ ਸੁਸ਼ੋਭਿਤ ਹੁੰਦਾ ਸੀ, ਅੱਜ ਉਨ੍ਹਾਂ ਦੇ ਚਿਹਰੇ ਮਿੱਟੀ ਵਿੱਚ ਰੁਲ ਰਹੇ ਹਨ। ਇਨ੍ਹਾਂ ਦੇ ਧਨ ਜੋਬਨ ਹੀ ਇਨ੍ਹਾਂ ਦੇ ਵੈਰੀ ਹੋ ਗਏ ਹਨ। ਜ਼ਾਲਮ ਸਿਪਾਹੀ ਇਨ੍ਹਾਂ ਦੀ ਬੇਪਤੀ ਕਰਕੇ ਇਨ੍ਹਾਂ ਨੂੰ ਉਧਾਲੀ ਲਿਜਾ ਰਹੇ ਹਨ। ਹੁਣ ਜਦ ਬਾਬਰ ਦੇ ਹੁਕਮ ਦਾ ਵਰਤਾਰਾ ਹੋਇਆ ਹੈ ਤਾਂ ਆਮ ਪਰਜਾ ਤਾਂ ਕਿਤੇ ਰਹੀ ਪਠਾਣ ਰਜਵਾੜੇ ਵੀ ਰੋਟੀ ਲਈ ਆਤੁਰ ਹੋ ਗਏ ਹਨ। ਮੁਸਲਮਾਨੀਆਂ ਦੇ ਨਿਮਾਜ਼ ਦੇ ਵਕਤ ਅਤੇ ਹਿੰਦੂਆਣੀਆਂ ਦੇ ਪੂਜਾ ਦੇ ਸਮੇਂ ਖੁੰਝੇ ਜਾ ਰਹੇ ਹਨ। ਹੁਣ ਤਾਂ ਉਨ੍ਹਾਂ ਨੂੰ ਨਾ ਟਿੱਕੇ ਲਾਉਣੇ ਯਾਦ ਹਨ ਅਤੇ ਨਾ ਚੌਂਕੇ ਸੁੱਚੇ ਕਰਨੇ। ਹਿੰਦੁਸਤਾਨ ਦੀਆਂ ਮੁਸਲਮਾਨੀਆਂ, ਭਾਟਿਆਣੀਆਂ, ਠੁਕਰਾਣੀਆਂ ਅਤੇ ਰਾਜਪੂਤਾਨੀਆਂ ਵਿਧਵਾ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿਧਵਾਵਾਂ ਦਾ ਮੰਦਾਹਾਲ ਹੈ, ਕੱਪੜੇ ਲੀਰੋ-ਲੀਰ ਹਨ ਅਤੇ ਕਈਆਂ ਨੇ ਤਾਂ ਆਪਣੇ ਪਤੀਆਂ ਦੇ ਸਿਵਿਆਂ ਪਾਸ ਹੀ ਨਿਵਾਸ ਕਰ ਲਿਆ ਹੈ, ਘਰ ਬਾਰ ਸਭ ਲੁੱਟੇ ਪੁੱਟੇ ਗਏ ਹਨ।'[7]

ਗੁਰ੮ ਨਾਨਕ ਜੀ ਦੀ ਬਾਣੀ ਦਾ ਅਧਿਅਨ ਕਰਦਿਆਂ ਅਸੀਂ ਵਿਨਾਸ਼ਕਾਰੀ ਹਿੰਸਾ ਦੇ ਸੰਦਰਭ ਵਿੱਚ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਤਤਕਾਲੀ ਹਾਲਤਾਂ ਦੇ ਸਨਮੁੱਖ ਗੁਰੂ ਜੀ ਦੀ ਬਾਣੀ ਕੇਵਲ ਰਾਜਸੀ ਹਿੰਸਾ ਦਾ ਵਰਨਣ ਹੀ ਨਹੀਂ ਕਰਦੀ ਸਗੋਂ ਹਿੰਸਾ ਦਾ ਵਿਰੋਧ ਸਿਰਜਦੀ ਹੋਈ ਲੋਕ ਚੇਤਨਤਾ ਜਗਾਉਂਦੀ ਹੈ। ਮਾਨਵਵਾਦੀ ਮਨੋਭਾਵ ਹਰ ਸੂਝਵਾਨ ਨੇਤਾ ਵਿੱਚ ਹੋਣੇ ਚਾਹੀਦੇ ਹਨ। ਬੌਧਿਕ ਉੱਚਤਾ, ਇਤਿਹਾਸਕ ਸੂਝ ਜਾਂ ਜਥੇਬੰਦੀ ਦੇ ਨਿਯਮਾਂ ਦੀ ਸੋਝੀ ਕਿਸੇ ਵਿਅਕਤੀ ਨੂੰ ਤਦ ਤਕ ਸਫਲ ਨੇਤਾ ਨਹੀਂ ਬਣਾ ਸਕਦੀ ਜਦ ਤੱਕ ਉਸ ਵਿੱਚ ਇਹ ਬੁਨਿਆਦੀ ਮਨੁੱਖੀ ਗੁਣ ਮੌਜੂਦ ਨਾ ਹੋਵੇ। ਗੁਰੂ ਜੇ ਦੇ ਰਾਜਸੀ ਮਨੋਭਾਵਾਂ ਦਾ ਅਧਾਰ ਵੀ ਦਰਅਸਲ ਉਨ੍ਹਾਂ ਦਾ ਮਨੁੱਖੀ ਦੁੱਖ ਨਾਲ ਪ੍ਰਸੀਜਨ ਵਾਲਾ ਸੁਭਾ ਹੀ ਹੈ।

ਡਾ. ਰਾਮ ਸਿੰਘ ਗੁਰੂ ਜੀ ਨੂੰ ਸੁਘੜ ਰਾਜਸੀ ਨੇਤਾ ਦੇ ਰੂਪ ਵਿੱਚ ਦੇਖਦੇ ਹਨ-

''ਹਥਿਆਰ ਰਹਿਤ ਭਾਰਤੀ ਜੰਤਾ ਰੂਪੀ ਗਊਆਂ ਦੇ ਵੱਗ ਨੂੰ ਬਾਬਰ ਦੇ ਹਥਿਆਰਬੰਦ ਫੌਜੀ ਮੁਗਲ ਦਰਿੰਦਿਆਂ ਤੋਂ ਬਚਾਉਣਾ, ਇੱਥੋਂ ਦੇ ਪਠਾਣ ਹਾਕਮਾਂ ਦਾ ਰਾਜਸੀ ਫਰਜ਼ ਸੀ ਜਿਸ ਵਿੱਚ ਉਹ ਬੁਰੀ ਤਰ੍ਹਾਂ

ਅਸਫਲ ਰਹੇ ਤੇ ਲੋਕਾਈ ਤੇ ਦੇਸ਼ ਨੂੰ ਬਰਬਾਦ ਕਰਨ ਦਾ ਕਾਰਨ ਬਣੇ। ਬਾਬਰ ਦੇ ਸੈਦਪੁਰ ਉੱਤੇ ਹੋਏ ਹਮਲੇ ਅਤੇ ਲੋਕਾਂ ਉੱਤੇ ਵਾਪਰੇ ਸੰਕਟਾਂ ਨੂੰ ਆਪਣੀ ਅੱਖੀਂ ਦੇਖਣ ਵਾਲੇ ਕੋਮਲ-ਚਿਤ ਗੁਰੂ ਨਾਨਕ ਦੇਸ ਦੇ ਪਠਾਣ ਹਾਕਮਾਂ ਨੂੰ ਇਸ ਫਰਜ਼ ਦੀ ਕੁਤਾਹੀ ਵਜੋਂ ਕਿਸੇ ਤਰ੍ਹਾਂ ਵੀ ਮਾਫ਼ ਨਹੀਂ ਸਨ ਕਰ ਸਕਦੇ, ਸੋ ਉਨ੍ਹਾ ਨੇ ਉਨ੍ਹਾ ਨੂੰ ਦੋਸ਼ੀ ਕਰਾਰ ਦੇਣ ਵੇਲੇ ਸਖ਼ਤ ਸ਼ਬਦ ਵਰਤਣ ਤੋਂ ਉੱਕਾ ਸੰਕੋਚ ਨਹੀਂ ਕੀਤਾ ਤੇ ਲੋਕ ਚੇਤਨਾ ਨੂੰ ਹਾਕਮਾਂ ਦੀ ਨੰਗੀ ਅਸਲੀਅਤ ਪਛਾਨਣ ਲਈ ਮਾਨੋ ਪ੍ਰਚੰਡ ਕੀਤਾ ਹੈ। ਉਪਰੋਕਤ ਸਤਰਾਂ ਵਿੱਚ ਇੱਕ ਸੁਘੜ ਰਾਜਸੀ ਨੇਤਾ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਇਨ੍ਹਾਂ ਸਤਰਾਂ ਦਾ ਮਹੱਤਵ ਪੂਰੀ ਤਰ੍ਹਾਂ ਤਾਂ ਹੀ ਪਛਾਣਿਆ ਜਾ ਸਕਦਾ ਹੈ ਜੇ ਗੁਰੂ ਸਾਹਿਬ ਦੇ ਉਨ੍ਹਾ ਮੰਤਵਾਂ ਦੀ ਤਸਵੀਰ ਅੱਖਾਂ ਅੱਗੇ ਲਿਆਂਦੀ ਜਾਵੇ ਜੋ ਉਸ ਵਕਤ ਉਨ੍ਹਾਂ ਦੇ ਚਿਹਰੇ ਵਿੱਚ ਪ੍ਰਵੇਸ਼ ਕਰਦੇ ਸਨ।"[8]

ਗੁਰੂ ਜੀ ਧਾਰਮਿਕ ਅੰਧ ਵਿਸ਼ਵਾਸ ਦੀ ਪਾਲਣਾ ਹਿਤ ਕੀਤੀ ਜਾਂਦੀ ਹਿੰਸਾ ਦਾ ਡਟਕੇ ਵਿਰੋਧ ਕਰਦੇ ਸਨ। ਕਾਜ਼ੀ ਝੂਠ ਬੋਲਕੇ, ਧਰਮ ਦੇ ਗਲਤ ਅਰਥ ਕੱਢਕੇ ਤੇ ਰਿਸ਼ਵਤ ਲੈ ਕੇ ਫੈਸਲੇ ਕਰਦੇ ਸਨ ਜਿਸ ਨਾਲ ਇਨਸਾਫ ਲੈਣ ਵਾਲਿਆਂ ਦਾ ਸੋਸ਼ਣ ਹੁੰਦਾ ਸੀ। ਇਸੇ ਤਰ੍ਹਾਂ ਬ੍ਰਾਹਮਣਾਂ, ਜੋਗੀਆਂ, ਸੰਨਿਆਸੀਆਂ ਦੇ ਪਾਖੰਡਾਂ ਦਾ ਪਰਦਾਫਾਸ਼ ਕਰਦੇ ਸਨ। ਇਹ ਧਰਮ ਦੇ ਨਾਂ 'ਤੇ ਸਰੀਰਕ ਅਤੇ ਮਾਨਸਕ ਕਸ਼ਟ ਦਿੰਦੇ ਸਨ ਜੋ ਅਸਿੱਧੇ ਤੌਰ 'ਤੇ ਧਰਮ ਦੇ ਨਾਂ 'ਤੇ ਹਿੰਸਾ ਦਾ ਲੁਪਤ ਰੂਪ ਹੈ-

**ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਉਜਾੜੇ ਕਾ ਬੰਧੁ॥**[9]
**ਕਾਜੀ ਹੋਇਕੇ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥**
**ਵੱਢੀ ਲੈ ਕੇ ਹੱਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥**[10]

ਆਈ. ਸਰਬੀਰਆਕੋਵ ਗੁਰੂ ਜੀ ਦੀ ਧਾਰਮਿਕ ਹਿੰਸਾ ਵਿਰੋਧ ਦੀ ਪੁਸ਼ਟੀ ਕਰਦੇ ਹਨ-

'ਧਾਰਮਿਕ ਵੈਰ ਵਿਰੋਧ ਦਾ ਤਿਆਗ, ਹਿੰਦੂਆਂ, ਮੁਸਲਮਾਨਾਂ ਤੇ ਹੋਰ ਸਾਰੇ ਧਰਮਾਂ ਦੀ ਸਮਾਨਤਾ, ਮਰਦਾਂ ਤੇ ਇਸਤਰੀਆਂ ਦੀ ਸਮਾਨਤਾ, ਕਿਉਕਿ ਅਕਾਲ ਪੁਰਖ ਇਸਤਰੀਆਂ ਵਿੱਚ ਵੀ ਉਸੇ ਤਰ੍ਹਾਂ ਰੂਪਮਾਨ ਹੈ ਜਿਵੇਂ ਕਿ ਪੁਰਸ਼ਾਂ ਵਿੱਚ, ਕਿੱਤੇ ਅਤੇ ਜਾਤ ਦੇ ਭਿੰਨ ਭੇਤ ਬਿਨਾ ਸਾਰੇ ਲੋਕਾਂ ਦੀ ਸਮਾਨਤਾ, ਸੰਸਾਰ ਦਾ ਧਨ ਸਭਨਾਂ ਦੀ ਮਲਕੀਅਤ ਹੋਵੇ ਅਤੇ ਰਾਜਸੀ, ਜਾਤੀ, ਆਰਥਕ ਜਾਂ ਕਿਸੇ ਹੋਰ ਰੂਪ ਵਿੱਚ ਕੋਈ ਅੱਤਿਆਚਾਰ ਨਾ ਹੋਵੇ।[11]

ਗੁਰੂ ਨਾਨਕ ਜੀ ਦੇ ਸਮੇਂ ਇਸਤਰੀ ਦਾ ਸੋਸ਼ਨ ਪੂਰੇ ਜ਼ੋਰਾਂ 'ਤੇ ਸੀ। ਉਸ ਨੂੰ ਮਰਦ ਦੀ ਰਖੈਲ, ਦਾਸੀ, ਘਰੇਲੂ ਨੌਕਰਾਣੀ, ਸਮਾਜ 'ਚ ਨਿਮਨ, ਧਾਰਮਕ ਰਹੁ-ਰੀਤਾਂ ਤੋਂ ਪਰ੍ਹੇ, ਮਨੋਰੰਜਨ ਦਾ ਸਾਧਨ ਮਾਤਰ ਸਮਝਿਆ ਜਾਂਦਾ ਸੀ। ਸਮਾਜ ਧਨ-ਦੌਲਤ ਦਾ ਲੋਭੀ ਹੀ ਨਹੀਂ ਸੀ ਸਗੋਂ ਔਰਤ ਨੂੰ ਵੀ ਇੱਕ ਭੋਗੀ ਵਸਤੂ ਸਮਝਦਾ ਸੀ। ਉਸਦਾ ਵਜੂਦ ਮਰਦ ਦੀਆਂ ਸਰੀਰਕ ਤੇ ਘਰੇਲੂ ਲੋੜਾਂ ਪੂਰੀਆਂ ਕਰਨ ਤੱਕ ਮਹਿਦੂਦ ਹੁੰਦਾ ਸੀ। ਜੋ ਔਰਤ ਪਤੀ ਦੀਆਂ ਕਾਮੁਕ ਇੱਛਾਵਾਂ ਪੂਰੀਆਂ ਨਹੀਂ ਸੀ ਕਰਦੀ ਉਸਦੀ ਸਮਾਜ ਵਿੱਚ ਕੋਈ ਥਾਂ ਹੀ ਨਹੀਂ ਸੀ ਹੁੰਦੀ ਤੇ ਉਹ ਅਜ਼ਾਦ ਹੋਣ ਦੀ ਹੱਕਦਾਰ ਨਹੀਂ ਸੀ ਹੁੰਦੀ। ਗੁਰੂ ਸਾਹਿਬ ਇਸਦਾ ਬਿਆਨ ਥਾਂ-ਥਾਂ ਕਰਦੇ ਹਨ-

ਰੰਡਾ ਮਰਦ ਦੂਜਾ ਵਿਆਹ ਕਰਵਾ ਸਕਦਾ ਸੀ--

**ਭੰਡੁ ਮੁਆ ਭੰਡੁ ਭਾਲੀਐ...**

(ਵਾਰ ਆਸਾ)

ਵਿਧਵਾ, ਦੁਬਾਰਾ ਵਿਆਹ ਨਹੀਂ ਸੀ ਕਰਵਾ ਸਕਦੀ, ਭਾਵੇਂ ਉਹ ਬਾਲ ਉਮਰ ਵਿੱਚ ਹੀ ਕਿਉ ਨਾ ਰੰਡੀ ਹੋਈ ਹੋਵੇ--

**ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ।**

(ਸੂਹੀ ਰਾਗ, ਛੰਤ)

ਵਿਆਹ ਪਿੱਛੋਂ ਮਰਦ, ਔਰਤ ਨੂੰ ਛੱਡ ਵੀ ਦਿੰਦੇ ਸਨ--

**ਦੁਹਾਗਣੀ ਕਿਆਨੀ ਸਾਣੀਆ ।।**
**ਖਸਮਹੁ ਘੁਥੀਆ ਫਿਰਹਿ ਨਿਸਾਣੀਆ।।**

(ਸਿਰੀ ਰਾਗ, ਅਸ਼ਟ-18)

ਵਿਧਵਾਵਾਂ ਦਾ ਜੀਵਨ ਤਰਸਯੋਗ ਹੁੰਦਾ ਸੀ। ਆਰਥਕ ਪੱਖੋਂ ਤੰਗ ਹੋਣ ਕਰਕੇ ਮੈਲੇ ਵੇਸ ਵਿੱਚ ਰਹਿੰਦੀਆਂ ਸਨ ਅਤੇ ਜੀਵਨ ਨਿਰਬਾਹ ਲਈ ਪੇਸ਼ਾ ਤੱਕ ਕਰਨਾ ਪੈਂਦਾ ਸੀ--

**ਹਰਿ ਕੀ ਨਾਰ ਸੁ ਸਰਬਿ ਸੁਹਾਗਣਿ ਰਾਂਡੇ ਨਾ ਮੈਲੇ ਵੇਸੇ।**

(ਸੂਹੀ ਰਾਗ, ਛੰਤ- 1)

**ਮੈਲੇ ਵੇਸ ਤਿਨਾ ਕਾਮਣੀ। ਦੁਖੀ ਰੈਣ ਵਿਹਾਇ ਜੀਉ।**

(ਸਿਰੀ ਰਾਗ, ਅਸ਼ਟ-18)

**ਜਿਉ ਤਨੁ ਵਿਧਵਾ ਪਰ ਕਉ ਦਈ।**
**ਕਾਮਿ ਦਾਮਿ ਚਿਤੁ ਪਰਵਸ ਸੇਈ।**

(ਗਾਉੜੀ ਰਾਗ)

ਪਤਨੀ ਜੇ ਪਤੀ ਨੂੰ ਚੰਗੀ ਲੱਗਦੀ ਰਹੀ ਤਾਂ ਠੀਕ ਹੈ, ਨਹੀਂ ਤਾਂ ਉਸਦੀ ਹਾਲਤ ਬਹੁਤ ਬੁਰੀ ਹੁੰਦੀ ਸੀ, ਉਸਦੀ ਕੋਈ ਥਾਂ ਨਹੀਂ ਸੀ। ਕੋਈ ਅਜ਼ਾਦੀ ਨਹੀਂ ਸੀ ਉਹ ਕੇਵਲ ਦਾਸੀ ਸਮਾਨ ਸੀ, ਪਤੀ ਨੂੰ ਖੁਸ਼ ਕਰਨ ਲਈ ਉਸਨੂੰ ਭਿੰਨ-ਭਿੰਨ ਸ਼ਿੰਗਾਰ ਕਰਨੇ ਪੈਂਦੇ ਸਨ--

**ਆਸ ਪਿਆਸੀ ਸੇਜੈ ਆਵਾ।**
**ਆਗੈ ਸਹ ਭਾਵਾ ਕਿ ਨਾ ਭਾਵਾ।**

(ਰਾਗ ਆਸਾ, ਚਉਪਦੇ)

ਗੁਰੂ ਜੀ ਦੀ ਉਪਰੋਕਤ ਬਾਣੀ ਤਤਕਾਲੀ ਔਰਤ ਦੀ ਦਸ਼ਾ ਦਾ ਬਿਆਨ ਕਰਦੀ ਹੈ। ਇਸ ਤਰ੍ਹਾਂ ਦੀ

ਦੁਰਦਸ਼ਾ ਦੀ ਪੁਸ਼ਟੀ ਖੋਜੀ ਤੇ ਇਤਿਹਾਸਕਾਰ ਵੀ ਕਰਦੇ ਹਨ–

"ਜੈਨੀਆਂ ਦਾ ਖਿਆਲ ਹੈ ਕਿ ਤੀਵੀਂ ਭੈੜੀ ਚੀਜ਼ ਹੈ– ਉਨ੍ਹਾਂ ਅਨੁਸਾਰ ਤੀਵੀਂ ਮਰਦ ਦਾ ਸਭ ਤੋਂ ਵੱਧ ਖਤਰਨਾਕ ਦੁਸ਼ਮਣ ਹੈ– ਉਹ ਮਰਦ ਅੰਦਰ ਕਾਮ ਜਗਾਉਂਦੀ ਹੈ ਤੇ ਮਰਦ ਦੇ ਕੇਵਲ ਸਰੀਰ ਜਾਂ ਅੰਗਾਂ ਨੂੰ ਹੀ ਚਾਹੁੰਦੀ ਹੈ।"[12]

ਜੋਗੀਆਂ ਅਨੁਸਾਰ ਤੀਵੀਂ ਅਜਿਹੀ ਬੁਰੀ ਚੀਜ਼ ਹੈ ਜੋ ਮਰਦ ਦੀ ਜਿੰਦ, ਬਿੰਦ ਅਤੇ ਸਰੀਰ ਨੂੰ ਖਾ ਜਾਂਦੀ ਹੈ–

**ਬਾਅਨੀ ਕੌਂ ਨਿਦਿਲੈ ਬਾਅਨੀ ਕੌਂ ਬਿੰਦਲੈ ਬਾਅਨੀ ਹਮਰੀ ਕਾਯਾ**[13]

**ਜਬ ਤੱਕ ਕਲੰਕ ਲਗਾਇਸੀ ਕਾਲੀ ਹਾਂਡੀ ਹਾਥਿ॥**[14]

ਇਤਿਹਾਸਕਾਰ ਈਸ਼ਵਰੀ ਪ੍ਰਸ਼ਾਦ ਅਨੁਸਾਰ ਇਸਤਰੀ ਨੂੰ ਕੋਈ ਅਜ਼ਾਦੀ ਨਹੀਂ ਸੀ। ਸ਼ਹਿਰ ਤੋਂ ਬਾਹਰ, ਪਵਿੱਤਰ ਧਾਰਮਿਕ ਧਾਮਾਂ ਤੇ ਜਾਣ ਦੀ ਵੀ ਆਗਿਆ ਨਹੀਂ ਸੀ।[15]

**ਸਤੀ ਦੀ ਰਸਮ ਦਾ ਕਾਫੀ ਰਿਵਾਜ਼ ਸੀ।**[16]

**ਮਨੂ ਅਨੁਸਾਰ ਤੀਵੀਂ ਦੀ ਜਾਤ ਇਸ ਲਾਇਕ ਹੀ ਨਹੀਂ ਕਿ ਉਸ ਨੂੰ ਅਜ਼ਾਦੀ ਦਿੱਤੀ ਜਾਵੇ।**[17]

ਉਸਦਾ ਵਿਆਹ ਬਾਲਗ ਹੋਣ ਤੋਂ ਪਹਿਲਾਂ ਕਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਕੋਈ ਸ਼ਰਾਰਤ ਨਾ ਕਰ ਸਕੇ।[18]

ਸਪੱਸ਼ਟ ਹੈ ਕਿ ਗੁਰੂ ਜੀ ਦੇ ਸਮੇਂ ਔਰਤ ਗੁਲਾਮਾਂ ਵਾਲਾ ਜੀਵਨ ਬਤੀਤ ਕਰਦੀ ਸੀ। ਉਹ ਘਰੇਲੂ ਹਿੰਸਾ, ਰਾਜਸੀ ਹਿੰਸਾ, ਧਾਰਮਿਕ ਹਿੰਸਾ ਤੇ ਸਮਾਜਿਕ ਹਿੰਸਾ ਦਾ ਸ਼ਿਕਾਰ ਸੀ। ਗੁਰੂ ਸਾਹਿਬ ਇਸ ਹਿੰਸਾ ਦੇ ਵਿਰੋਧ ਵਿੱਚ ਨਾਰੀ ਚੇਤਨਾ ਜਗਾਉਣ ਲਈ ਵਿਅਕਤੀ ਤੇ ਸਮਾਜ ਨੂੰ ਉਸਦੇ ਬਰਾਬਰੀ ਤੇ ਨਿਆਂ ਦਾ ਹੱਕ ਦਿਵਾਉਣ ਲਈ ਅਵਾਜ਼ ਉਠਾਉਂਦੇ ਹਨ :

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**

...

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**[19]

ਇੰਞ ਗੁਰੂ ਜੀ ਨੇ ਔਰਤ ਹਿੰਸਾ ਦੇ ਵਿਰੋਧ ਵਿੱਚ ਸਮਾਜਿਕ–ਸੱਭਿਆਚਾਰਕ ਨਵ–ਜਾਗ੍ਰਤੀ ਪੈਦਾ ਕੀਤੀ।

ਗੁਰੂ ਸਾਹਿਬ ਇੱਕ ਅਜਿਹੀ ਲਾਲਚੀ, ਲੁਟੇਰੇ ਤੇ ਹਿੰਸਕ ਦੇ ਮਹਿਮਾਨ ਬਣੇ ਜਿਸ ਵਾਰੇ ਗੁਰੂ ਜੀ ਨੂੰ ਪਤਾ ਸੀ ਕਿ ਉਹ ਮੁਸਾਫਿਰਾਂ ਨੂੰ ਠਾਹਰ ਦਿੰਦਾ, ਸੇਵਾ ਕਰਦਾ ਪਰ ਰਾਤ ਨੂੰ ਮਾਰ ਕੇ ਲੁੱਟ ਲੈਂਦਾ ਸੀ। ਅਜਿਹੇ ਭਿਅੰਕਰ ਕੌਡੇ ਰਾਕਸ਼ ਵਰਗਿਆਂ ਦੀ ਦਰਿੰਦਗੀ ਨੂੰ ਜਾਣਦਿਆਂ ਉਸ ਨਾਲ ਮੱਥਾ ਲਗਾਉਣਾ

ਮਹਾਨ ਗੁਰੂ ਸਾਹਿਬ ਦੀ ਕਿਰਪਾ ਦਿਰਸ਼ਟੀ ਹੀ ਹੋ ਸਕਦੀ ਸੀ। ਉਸ ਹਿੰਸਕ ਲੁਟੇਰੇ ਨੂੰ ਪਿਆਰ, ਸੂਝ ਅਤੇ ਦਲੀਲਾਂ ਦੁਆਰਾ ਲੋਕ ਹਿਤੈਸ਼ੀ ਬਣਾਉਣ ਦਾ ਪਰਉਪਕਾਰ ਕੇਵਲ ਗੁਰੂ ਸਾਹਿਬ ਹੀ ਕਰ ਸਕਦੇ ਸਨ।

ਇੰਝ ਹੀ ਮਾਲਕ ਭਾਗੋ ਜੋ ਗਰੀਬਾਂ ਅਤੇ ਸਧਾਰਨ ਜੰਤਾ ਦਾ ਲਹੂ ਚੂਸਣ ਲਈ ਡਰ, ਧਮਕੀਆਂ, ਰੋਹਬ ਤੇ ਤਸ਼ੱਦਦ ਰਾਹੀਂ ਆਪਣੀਆਂ ਤਿਜੋਰੀਆਂ ਭਰਦਾ ਸੀ, ਉਸਦੀ ਲੋਭੀ ਤੇ ਲੁਟੇਰੀ ਬਿਰਤੀ ਦੇ ਹਿੰਸਕ ਵਰਤਾਰੇ ਨੂੰ ਤੋੜਨ ਲਈ ਉਸਦੇ ਸਾਹੀ ਭੋਜਨ ਦਾ ਤ੍ਰਿਸਕਾਰ ਕਰਕੇ ਗਰੀਬ, ਮਿਹਨਤੀ ਕਿਰਤੀ ਭਾਈ ਲਾਲੋ ਦੀ ਸਧਾਰਨ ਰੋਟੀ ਪਰਵਾਨ ਕਰਨੀ ਉਸ ਸਮੇਂ ਦੇ ਲੋਭੀ ਵਰਤਾਰੇ ਉੱਪਰ ਕਰਾਰੀ ਚੋਟ ਸੀ।

ਜੇਕਰ ਅਸੀਂ ਅਜੋਕੇ ਭਾਰਤੀ ਹਾਲਾਤ ਨੂੰ ਘੋਖੀਏ ਤਾਂ ਇਸ ਸਿੱਟੇ ਤੇ ਪਹੁੰਚ ਸਕਾਂਗੇ ਕਿ ਅੱਜ ਦੇ ਰਾਜਨੀਤਕ, ਆਰਥਿਕ, ਸਮਾਜਿਕ ਤੇ ਧਾਰਮਿਕ ਹਾਲਾਤ ਤਤਕਾਲੀ ਸਮੇਂ ਨਾਲੋਂ ਵਧੇਰੇ ਖਤਰਨਾਕ ਮੋੜ 'ਤੇ ਪੁੱਜ ਗਏ ਹਨ। ਹੁਣ ਸੱਚ ਦੀ ਅਵਾਜ਼ ਬੰਦ ਕਰ ਦਿੱਤੀ ਜਾਂਦੀ ਹੈ। ਅੱਜ ਆਤਮ ਹੱਤਿਆ ਅਤੇ ਗਰੀਬੀ, ਆਰਥਿਕ ਲੁੱਟ-ਖਸੁੱਟ, ਧਾਰਮਿਕ ਕੱਟੜਵਾਦ ਤੇ ਅਸਹਿਣਸ਼ੀਲਤਾ ਤੇ ਰਾਜਸੀ ਜੰਜੀਰਾਂ ਨੇ ਮਨੁੱਖ ਤੁਰਦਾ-ਫਿਰਦਾ, ਗੁੰਮ-ਸੁੰਮ, ਡੁੰਨ-ਵੱਟਾ ਬਣਾ ਦਿੱਤਾ ਹੈ। ਲੇਖਕ ਦੀ ਕਲਮ ਤੇ ਪਹਿਰਾ ਲੱਗਾ ਹੋਇਆ ਹੈ, ਅਜ਼ਾਦੀ ਦਾ ਗਲਾ ਘੁੱਟਿਆ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ ਲੇਖਕ ਕਿਵੇਂ ਹਿੰਸਾ ਦਾ ਵਿਰੋਧ ਕਰ ਸਕਦਾ ਹੈ? ਅੱਜ ਦਾ ਲੇਖਕ ਡਰਪੋਕ ਬਣਕੇ ਦੁਬਕਿਆ ਹੋਇਆ ਹੈ ਜਦੋਂ ਕਿ ਗੁਰੂ ਸਾਹਿਬ ਨੇ ਬਾਣੀ ਵਿੱਚ ਹੀ ਨਹੀਂ ਅਮਲੀ ਤੌਰ 'ਤੇ ਹਿੰਸਕ ਸ਼ਾਸਕਾਂ ਨਾਲ ਟੱਕਰ ਲਈ।

ਗੁਰੂ ਸਾਹਿਬ ਦੀ ਬਾਣੀ 'ਤੇ ਉਪਦੇਸ਼ ਹਰ ਤਰ੍ਹਾਂ ਦੀ ਵਿਨਾਸ਼ਕਾਰੀ ਹਿੰਸਾ ਦੇ ਵਿਰੋਧ ਵਿੱਚ ਇਨਕਲਾਬੀ ਕਦਮ ਸੀ ਜੋ ਸਮੇਂ, ਸਥਾਨ 'ਤੇ ਹਾਲਾਤ ਨੂੰ ਮੁੱਖ ਰੱਖਦਿਆਂ ਗੁਰੂ ਜੀ ਦੀ ਬਾਣੀ ਨੇ ਲੁੱਟੇ ਜਾ ਰਹੇ ਸਮਾਜ ਦੇ ਹੱਕ ਵਿੱਚ ਅਤੇ ਲੁਟੇਰਿਆਂ ਵਿੱਚ ਇੱਕ ਸਪੱਸ਼ਟ ਲਕੀਰ ਖਿਚਦੀ ਹੋਈ ਆਪਣੀ ਵਿਦਵਤਾ, ਦਲੀਲ, ਤਰਕਸ਼ੀਲਤਾ ਅਤੇ ਨਿਮਰਤਾ ਸਦਕਾ ਸਮਾਜ ਦੇ ਹਰ ਵਰਗ, ਧਰਮ ਤੇ ਸੱਤਾ ਨੂੰ ਪ੍ਰਭਵਿਤ ਹੀ ਨਹੀਂ ਕੀਤਾ ਸਗੋਂ ਸਰਬੱਤ ਦੇ ਭਲੇ ਲਈ ਪ੍ਰਭਾਵਸ਼ਾਲੀ ਲਹਿਰ ਬਣਕੇ ਉੱਭਰੀ।

ਗੁਰੂ ਸਾਹਿਬ ਨੇ ਹਿੰਸਾ ਦਾ ਸਿੱਧਾ ਅਤੇ ਬਾਣੀ ਰਾਹੀਂ ਵਿਰੋਧ ਹੀ ਨਹੀਂ ਕੀਤਾ ਸਗੋਂ ਹਿੰਸਾ ਨੂੰ ਪੈਦਾ ਹੋਣ ਤੋਂ ਰੋਕਣ ਲਈ ਫਲਸਫਾ ਵੀ ਦਿੱਤਾ-

**ਸੱਚੋਂ ਉਰੇ ਸਭਕੋ, ਉੱਪਰ ਸੱਚ ਅਚਾਰ-**
**ਸੱਚ ਸਭ ਤੋਂ ਉੱਚਾ ਹੈ ਪਰ ਸੱਚਾ ਅਚਾਰ ਉਸ ਤੋਂ ਵੀ ਉੱਪਰ ਹੈ।**

ਸੱਚ ਅਚਾਰ ਕੇਵਲ ਸਰੀਰਕ ਅਤੇ ਰਿਸ਼ਤਿਆਂ ਦਾ ਸੂਚਕ ਨਹੀਂ ਸਗੋਂ ਵਿਹਾਰ ਤੇ ਕਰਮ ਦਾ ਮੁੱਢਲਾ ਨਰੋਆ ਅਸੂਲ ਹੈ। ਇਹ ਸੱਚ ਅਚਾਰ ਹੀ ਹੈ ਜੋ ਅੱਗੇ ਸਿੱਖੀ ਦਾ ਅਧਾਰ ਬਣਿਆ ਅਤੇ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਰਾਹੀਂ ਆਪਣੀ ਸਿਖਰ 'ਤੇ ਪੁੱਜਕੇ ਖਾਲਸੇ ਦੇ ਰੂਪ ਵਿੱਚ ਪ੍ਰਗਟ ਹੋਇਆ। ਅੱਜ ਜਦੋਂ ਆਲਮ ਹਿੰਸਾ ਦੇ ਵਿਰਾਟ ਰੂਪ ਵਿੱਚ ਘਿਰਿਆ ਹੋਇਆ ਹੈ, ਹਜ਼ਾਰਾਂ ਮਸੂਮ ਹਿੰਸਾ ਦਾ ਸ਼ਿਕਾਰ ਹੋ ਰਹੇ ਹਨ, ਗੁਰੂ ਸਾਹਿਬ ਦੀ ਬਾਣੀ ਤੇ ਉਪਦੇਸ਼ ਨੂੰ ਤਨੋਂ-ਮਨੋਂ

ਆਪਣਾਉਂਦਿਆਂ ਵਿਨਾਸ਼ਕਾਰੀ ਹਿੰਸਾ ਦੇ ਵਿਰੋਧ ਵਿੱਚ ਸੱਚ ਅਚਾਰ ਦੇ ਧਾਰਨੀ ਬਣਕੇ, ਗੁਰੂ ਜੀ ਦੇ ਸੱਚੇ-ਸੁੱਚੇ ਸਿੱਖ ਬਨਣ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ ਤਾਂ ਹੀ ਸਰਬੱਤ ਦੇ ਭਲੇ ਲਈ ਆਪਣੀ ਬਣਦੀ ਭੂਮਿਕਾ ਨਿਭਾ ਸਕਦੇ ਹਾਂ। ਗੁਰੂ ਜੀ ਦੇ ਉਪਦੇਸ਼ ਅਨੁਸਾਰ ਜੇ ਸੱਚ ਅਚਾਰ ਵਾਲਾ ਸਮਾਜ ਪੈਦਾ ਹੋ ਜਾਂਦਾ ਹੈ ਤਾਂ ਹਿੰਸਾ ਪੈਦਾ ਹੀ ਨਹੀਂ ਹੋ ਸਕਦੀ। ਆਓ, ਗੁਰੂ ਦੀ ਸਿੱਖਿਆ ਤੇ ਅਮਲ ਕਰੀਏ ਤੇ ਹਿੰਸਾ ਰਹਿਤ ਸੱਚ ਅਚਾਰ ਵਾਲਾ ਆਲਮ ਸਿਰਜੀਏ ਤਾਂ ਜੁ ਹਰ ਕੋਈ ਸੁੱਖ-ਸ਼ਾਂਤੀ ਨਾਲ ਜੀਅ ਸਕੇ।

### ਹਵਾਲੇ ਤੇ ਟਿੱਪਣੀਆਂ


1. ਮਹਾਨਕੋਸ਼, ਭਾਈ ਕਾਨ ਸਿੰਘ ਨਾਭਾ, ਭਾਸ਼ਾ ਵਿਭਾਗ ਪੰਜਾਬ 2011, ਸਫਾ 273
2. ਗੁਰੂ ਨਾਨਕ ਇਕ ਦ੍ਰਿਸ਼ਟੀਕੋਣ, ਸੰ.ਜਗੀਰ ਸਿੰਘ ਜਗਤਾਰ, ਸਫਾ 29-30
4. ਗੁਰੂ ਨਾਨਕ ਬਾਣੀ, ਸਮਾਜਕ ਤੇ ਸੱਭਿਆਚਾਰਕ ਪਰਿਪੇਖ ਸੰ.ਡਾ. ਜਸਵਿੰਦਰ ਕੌਰ ਢਿੱਲੋਂ, ਪੰਨਾ 13-14
5. ਉਪੋਰਕਤ ਪੰਨਾ- 65
6. ਉਪਰੋਕਤ ਪੰਨਾ- 30
7. ਉਪਰੋਕਤ ਪੰਨਾ- 5
8. ਗੁਰੂ ਨਾਨਕ ਬਾਣੀ- ਅਰਥ ਤੇ ਸਮਝ ਡਾ.ਰਾਮ ਸਿੰਘ ਪੰਨਾ- 131
9. ਗੁਰੂ ਗ੍ਰੰਥ ਸਾਹਿਬ ਪੰਨਾ- 662
10. ਗੁਰੂ ਨਾਨਕ ਇਕ ਦ੍ਰਿਸ਼ਟੀਕੋਣ ਸੰ.ਜਗੀਰ ਸਿੰਘ ਜਗਤਾਰ, ਪੰਨਾ- 11
11. ਵਾਰ ਰਾਮਕਲੀ, ਗੁਰੂ ਗ੍ਰੰਥ ਸਾਹਿਬ, ਪੰਨਾ-951
12. ਗੁਰੂ ਨਾਨਕ ਦੇਵ ਖੋਜ ਪ੍ਰਤਿਕਾ-ਵਿਸ਼ੇਸ਼ ਅੰਕ ਇੰਡੀਅਨ ਵਿਮੈਨ ਥਰੂ ਦੇ ਏਜ਼ਜ਼ (ਪੀ.ਥਾਮਸ),×; ਪੰਨਾ- 110
13. ਉਪਰੋਕਤ ਗੋਰਖਬਾਣੀ, ਰਾਗ ਆਸਾਵਾਰੀ,
14. ਉਪਰੋਕਤ ਗੋਰਖਬਾਣੀ- ਭਾਸ਼ਾ ਵਿਭਾਗ, ਪੰਨਾ-46
15 ਡਾ.ਈਸ਼ਵਰੀ ਪ੍ਰਸ਼ਾਦ - ਏ ਸ਼ਾਰਟ ਹਿਸਟਰੀ ਆਫ ਮੁਗਲ ਰੂਲ ਇਨ ਇੰਡੀਆ- ਦੂਜਾ ਸੰਸਕਰਣ, ਪੰਨਾ- 234
16. ਡਾ.ਈਸ਼ਵਰੀ ਪ੍ਰਸ਼ਾਦ- ਏ ਸ਼ਾਰਟ ਹਿਸਟਕੀ ਆਫ ਮੁਗਲ ਰੂਲ ਇਨ ਇੰਡੀਆ- ਦੂਜਾ ਸੰਸਕਰਣ, ਪੰਨਾ- 236
17. ਪੀ.ਥਾਮਸ- ਹਿੰਦੂ ਰੀਲੀਜ਼ਨ ਕਸਟਮਜ ਐਂਡ ਮੈਨਰਜ- ਸੰਸਕਰਣ 4, ਪੰਨਾ- 59
18. ਪੀ.ਥਾਮਸ- ਹਿੰਦੂ ਰੀਲੀਜ਼ਨ ਕਸਟਮਜ ਐਂਡ ਮੈਨਰਜ- ਸੰਸਕਰਣ 4, ਪੰਨਾ- 59
19. ਗੁਰੂ ਗ੍ਰੰਥ ਸਾਹਿਬ, ਪੰਨਾ-473



**ਸੁਰਿੰਦਰ ਕੈਲੇ**
kailayanu@gmail.com

# ਗੁਰੂ ਨਾਨਕ ਬਾਣੀ ਵਿਚ ਲਿੰਗਕ ਸਮਾਨਤਾ
## (ਸਮਕਾਲ ਦੇ ਸੰਦਰਭ ਵਿਚ)

**ਤਰਸ਼ਿੰਦਰ ਕੌਰ (ਡਾ.)**

ਪੇਪਰ ਦਾ ਇਹ ਵਿਸ਼ਾ ਨਿਰਧਾਰਤ ਕਰਦਾ ਹੈ ਕਿ ਸਾਡੇ ਸਮਾਜ ਵਿਚ ਕੁਝ ਅਜਿਹਾ ਅਸਾਵਾਂ ਹੋ ਰਿਹਾ ਹੈ ਜਿਸ ਕਾਰਨ ਸਾਨੂੰ ਇਸ ਮੁੱਦੇ 'ਤੇ ਗੱਲ ਕਰਨ ਦੀ ਲੋੜ ਮਹਿਸੂਸ ਹੋਈ । 'ਲਿੰਗਕ ਸਮਾਨਤਾ ਸਮਾਨਵਾਦੀ ਸਮਾਜ ਦਾ ਲੋਕਤੰਤਰ ਵਾਅਦਾ ਅਤੇ ਮੁੱਢਲੀ ਵਿਸ਼ੇਸ਼ਤਾ ਹੈ । ਲਿੰਗਕ ਸਮਾਨਤਾ ਜ਼ਿੰਦਗੀ ਦੇ ਹਰ ਪੱਖ ਵਿਚ ਔਰਤ ਲਈ ਬਰਾਬਰ ਦੇ ਮੌਕਿਆਂ ਦੀ ਮੰਗ ਕਰਦੀ ਹੈ ਅਤੇ ਔਰਤ ਵਿਰੁੱਧ ਕੀਤੇ ਗਏ ਹਰ ਕਿਸਮ ਦੇ ਪੱਖਪਾਤ ਤੇ ਉਸ ਉਪਰ ਲਗਾਏ ਹਰ ਤਰ੍ਹਾਂ ਦੇ ਅੰਕੁਸ਼ ਦਾ ਵਿਰੋਧ ਕਰਦੀ ਹੈ ।'[1] ਪਰ ਸਥਿਤੀ ਇਹ ਹੈ ਕਿ ਸਾਡੇ ਸਮਾਜ ਵਿਚ ਸਮੇਂ-ਸਮੇਂ ਤੇ ਸਮਾਜਿਕ ਹਾਲਾਤ ਇਸ ਤਰ੍ਹਾਂ ਦੇ ਬਣਾਏ ਜਾਂਦੇ ਰਹੇ ਕਿ ਲਿੰਗਕ ਅਸਮਾਨਤਾ ਪੈਦਾ ਹੁੰਦੀ ਗਈ ਅਤੇ ਇਸ ਅਸਮਾਨਤਾ ਨੂੰ ਇੰਝ ਦੇਖਿਆ ਜਾਣ ਲੱਗਿਆ ਜਿਵੇਂ ਇਹ ਕੋਈ ਧੁਰ-ਦਰਗਾਹੋਂ ਮਿਲਿਆ ਸੰਦੇਸ਼ ਹੋਵੇ । ਅਸਲ ਵਿੱਚ 'ਲਿੰਗ ਦੀ ਅਸਮਾਨਤਾ ਨਾ ਤਾਂ ਜੀਵ ਵਿਗਿਆਨਕ ਦੇਣ ਹੈ ਤੇ ਨਾ ਹੀ ਰੱਬੀ ਫੁਰਮਾਨ ਹੈ, ਸਗੋਂ ਇਹ ਤਾਂ ਇਕ ਸਾਂਸਕ੍ਰਿਤਕ ਨਿਰਮਾਣ ਹੈ ।'[2] ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਮਾਜ ਵਿਚ ਔਰਤ ਤੇ ਮਰਦ ਦੀ ਹੈਸੀਅਤ ਬਾਰੇ ਕਿਸ ਤਰ੍ਹਾਂ ਦੀ ਸਥਿਤੀ ਰਹੀ ਅਤੇ ਗੁਰੂ ਨਾਨਕ ਬਾਣੀ ਔਰਤ ਤੇ ਮਰਦ ਦੀ ਲਿੰਗਕ ਸਮਾਨਤਾ ਬਾਰੇ ਕੀ ਆਖਦੀ ਹੈ ।

ਮਾਨਵ ਜਾਤੀ ਦਾ ਮੂਲ ਮਰਦ ਤੇ ਔਰਤ ਦੋਵੇਂ ਹੀ ਹਨ । ਦੋਵੇਂ ਇਕ ਦੂਜੇ ਦੇ ਵਿਰੋਧੀ ਨਹੀ ਸਗੋਂ ਪੂਰਕ ਹਨ । ਸਮਾਜਿਕ ਪ੍ਰਬੰਧ ਦੇ ਹੋਂਦ ਵਿਚ ਆਉਣ ਨਾਲ ਮਰਦ-ਔਰਤ ਦਾ ਰਿਸ਼ਤਾ ਪਰਤ ਦਰ ਪਰਤ ਅਤੇ ਪੜਾਅ-ਦਰ ਪੜਾਅ ਅਤਿਅੰਤ ਜਟਿਲ ਰੂਪ ਧਾਰਨ ਕਰ ਗਿਆ । ਰਿਸ਼ਤ-ਨਾਤਾ ਪ੍ਰਣਾਲੀ ਦੀ ਹੋਂਦ ਕਾਰਨ ਇਹ ਜਟਿਲਤਾ ਹੋਰ ਵੀ ਵਧ ਗਈ । ਸਮਾਜਿਕ ਪ੍ਰਬੰਧ ਵਿਚ ਵਿਚਰਦਿਆਂ, ਰਿਸ਼ਤਿਆਂ ਨੂੰ ਨਿਭਾਉਂਦਿਆਂ ਤੇ ਪਰਿਵਾਰ ਦੀਆਂ ਮਰਿਯਾਦਾਵਾਂ ਦਾ ਸਤਿਕਾਰ ਕਰਦਿਆਂ ਨੂੰ ਹੌਲੀ-ਹੌਲੀ ਔਰਤ ਦੀ ਸਥਿਤੀ ਨਿਤਾਣੀ ਹੁੰਦੀ ਗਈ ਤੇ ਉਹ ਪੂਰੀ ਤਰ੍ਹਾਂ ਲਿੰਗਕ ਅਸਮਾਨਤਾ ਦੀ ਸ਼ਿਕਾਰ ਹੋ ਗਈ । ਸਮਾਜਿਕ ਪ੍ਰਬੰਧ ਵਿਚ ਔਰਤ ਹਾਸ਼ੀਆਗ੍ਰਸਤ ਕਰ ਦਿੱਤੀ ਗਈ ਅਤੇ ਮਰਦ ਦੀ ਪ੍ਰਧਾਨਤਾ ਨੇ ਔਰਤ ਨੂੰ ਨਿਰਭਰਤਾ ਵਾਲੀ ਸਥਿਤੀ ਵਿਚ ਲਿਆ ਕੇ ਖੜਾ ਕਰ ਦਿੱਤਾ । ਵਿਡੰਬਨਾ ਇਥੋਂ ਤੱਕ ਵਧ ਗਈ ਕਿ ਮਨੁੱਖੀ ਸਰੀਰ ਦੀਆਂ ਲੋੜਾਂ ਦਾ ਕੇਂਦਰੀਕਰਨ ਕੇਵਲ ਮਰਦ ਦੇ ਸਰੀਰ ਤੱਕ ਸੀਮਤ ਕਰਕੇ ਰੱਖ ਦਿੱਤਾ ਗਿਆ ਅਤੇ ਔਰਤ ਨੂੰ ਇਸ ਜ਼ਰੂਰਤ ਲਈ ਕੇਵਲ ਤੇ ਕੇਵਲ ਪੂਰਤੀ ਦਾ ਸਾਧਨ ਮਾਤਰ ਹੀ ਬਣਾ ਦਿੱਤਾ ਗਿਆ ।

ਔਰਤਾਂ ਬਾਰੇ ਇਹ ਮੰਨ ਲਿਆ ਗਿਆ ਕਿ ਇਹ ਛੋਟੀ ਮੱਤ ਵਾਲੀਆਂ, ਛੇਤੀ ਫੈਸਲਾ ਨਾ ਲੈ ਸਕਣ ਵਾਲੀਆਂ, ਸੁਭਾ ਦੀਆਂ ਅਤਿ ਜਜ਼ਬਾਤੀ, ਮਨ ਦੀਆਂ ਚੰਚਲ ਅਤੇ ਸਰੀਰ ਦੀਆਂ ਕਮਜ਼ੋਰ ਹੁੰਦੀਆਂ ਹਨ । ਅਜਿਹੇ ਵਿਚਾਰ ਕੇਵਲ ਪੂਰਬ ਵਿਚ ਹੀ ਨਹੀਂ ਸਨ ਸਗੋਂ ਪੱਛਮ ਦੇ ਪ੍ਰਸਿੱਧ ਵਿਦਵਾਨ ਵੀ ਅਜਿਹੇ ਹੀ ਵਿਚਾਰਾਂ ਦੇ ਧਾਰਨੀ ਸਨ । ਸੁਕਰਾਤ ਜੋ ਦੁਨੀਆਂ ਦਾ ਪ੍ਰਸਿੱਧ ਵਿਦਵਾਨ ਸੀ ਆਖਦਾ ਹੈ, 'ਪੁਰਖ ਅਤੇ ਨਾਰੀ ਦੀ ਦ੍ਰਿੜਤਾ ਵਿਚ ਸਮਾਨਤਾ ਨਹੀਂ ਹੈ । ਪੁਰਖ ਦੀ ਦ੍ਰਿੜਤਾ ਅਗਵਾਈ ਕਰਨ ਵਿਚ ਹੈ ਅਤੇ ਔਰਤ

ਦੀ ਵਡਿਆਈ ਆਗਿਆ ਪਾਲਣ ਵਿਚ ਹੈ'।[3] ਸੁਕਰਾਤ ਤੋਂ ਬਾਅਦ ਪਲੈਟੋ ਦੇ ਵਿਚਾਰ ਔਰਤ ਪ੍ਰਤੀ ਕੁਝ ਹਲੀਮੀ ਵਾਲੇ ਸਨ। ਪਰ ਅਰਸਤੂ ਜੋ ਸਾਹਿਤ ਅਤੇ ਰਾਜਨੀਤੀ ਦਾ ਬਹੁਤ ਵੱਡਾ ਵਿਦਵਾਨ ਮੰਨਿਆ ਜਾਂਦਾ ਹੈ, ਦੇ ਵਿਚਾਰ ਵੀ ਔਰਤ ਪ੍ਰਤੀ ਲਿੰਗਕ ਅਸਮਾਨਤਾ ਦੇ ਧਾਰਨੀ ਸਨ ਉਸ ਅਨੁਸਾਰ 'ਔਰਤ ਮਰਦ ਦਾ ਅਣਵਿਕਸਤ ਅਪੂਰਵ ਰੂਪ ਹੈ, ....... ਕੁਦਰਤ ਵੱਲੋਂ ਹੀ ਮਨੁੱਖ (ਮਰਦ) ਵਧੀਆ ਅਤੇ ਔਰਤ ਘਟੀਆ ਹੈ। ਮਨੁੱਖ ਪ੍ਰਬੰਧਕ ਹੈ ਅਤੇ ਨਾਰੀ ਆਗਿਆ ਪਾਲਕ ਹੈ'।[4]

ਜੇ ਸਮਾਜਿਕ ਢਾਂਚੇ 'ਤੇ ਪਿੱਛਲ ਝਾਤ ਪਾਈ ਜਾਵੇ ਤਾਂ ਸਮਾਜ ਵਿਕਾਸ ਦੇ ਵਿਭਿੰਨ ਪੜਾਵਾਂ ਦੌਰਾਨ ਲਿੰਗਕ ਸਮਾਨਤਾ/ਅਸਮਾਨਤਾ ਦਾ ਪੱਧਰ ਬਦਲਦਾ ਰਿਹਾ ਹੈ। ਸ਼ਿਕਾਰ ਯੁੱਗ ਦੌਰਾਨ ਔਰਤ ਤੇ ਮਰਦ ਕੁਝ ਹੱਦ ਤੱਕ ਇਕ ਦੂਜੇ ਦੇ ਪੂਰਕ ਸਨ ਪਰ ਖੇਤੀਬਾੜੀ ਯੁੱਗ ਵਿਚ ਔਰਤ ਦਾ ਅਧਿਕਾਰ ਖੇਤਰ ਸੀਮਤ ਹੋ ਗਿਆ ਅਤੇ ਉਹ ਲਿੰਗਕ ਅਸਮਾਨਤਾ ਦੀ ਸ਼ਿਕਾਰ ਹੋਣੀ ਸ਼ੁਰੂ ਹੋ ਗਈ। ਮਰਦ ਦਾ ਕੰਮ ਖੇਤੀਬਾੜੀ ਕਰਨਾ ਤੇ ਔਰਤ ਦਾ ਕੰਮ ਘਰ ਅਤੇ ਬੱਚਿਆਂ ਦੀ ਸੰਭਾਲ ਤੱਕ ਸੀਮਤ ਹੋ ਗਿਆ। 'ਧਨਾਡ ਸ਼੍ਰੇਣੀ ਦੀਆਂ ਔਰਤਾਂ ਕੇਵਲ ਭੋਗ ਅਤੇ ਬੱਚੇ ਪੈਦਾ ਕਰਨ ਦੀਆਂ ਵਸਤਾਂ ਬਣ ਗਈਆਂ। ਹੁਣ ਔਰਤ ਦਾ ਮੁੱਖ ਕੰਮ ਆਪਣੇ ਪਤੀ ਨੂੰ ਖੁਸ਼ ਰੱਖਣਾ, ਉਸਦੀ ਕਾਮ ਤ੍ਰਿਪਤੀ ਕਰਨੀ, ਬੱਚੇ ਪੈਦਾ ਕਰਕੇ ਪਾਲਣ-ਪੋਸ਼ਣ ਅਤੇ ਘਰ ਦੀ ਨਿਗਰਾਨੀ ਤੇ ਹੋਰ ਛੋਟੇ-ਮੋਟੇ ਕੰਮ ਕਰਨਾ ਸੀ। ਇਸ ਕਰਕੇ ਇਸ ਯੁੱਗ ਵਿਚ ਔਰਤਾਂ ਨੇ ਆਪਣੀ ਸਰੀਰਕ ਸਾਜ਼-ਸਜਾਵਟ ਅਤੇ ਹਾਰ ਸ਼ਿੰਗਾਰ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਹੜੱਪਾ ਅਤੇ ਮਹਿੰਜੋਦਾੜੋ ਦੇ ਖੰਡਰਾਂ ਦੀ ਖੁਦਵਾਈ ਤੋਂ ਇਸਤਰੀਆਂ ਦੇ ਗਹਿਣਿਆਂ ਤੇ ਹਾਰ ਸ਼ਿੰਗਾਰ ਦੇ ਸਮਾਨ ਦੇ ਸਬੂਤ ਮਿਲੇ ਹਨ, ਉਹ ਇਸ ਗੱਲ ਦਾ ਪ੍ਰਮਾਣ ਹਨ ਕਿ ਔਰਤ ਉਸ ਸਮੇਂ ਜੀਵਨ-ਸੰਘਰਸ਼ ਤੋਂ ਅਲੱਗ ਹੋ ਚੁੱਕੀ ਸੀ।'[5]

ਇੰਝ ਹੀ ਸਾਮੰਤਵਾਦੀ ਅਸਰ ਅਧੀਨ ਔਰਤ ਮਰਦ ਦੇ ਅਧਿਕਾਰ ਖੇਤਰ ਵਿਚ ਰਹਿਣ ਵਾਲੀ ਇਕ ਗ਼ੁਲਾਮ ਹੋਂਦ ਬਣ ਗਈ। ਇਸ ਯੁੱਗ ਵਿਚ ਔਰਤ, ਗ਼ੁਲਾਮ ਅਤੇ ਭੂਮੀ ਇਕ ਰੂਪ ਸਮਝੇ ਜਾਣ ਲੱਗੇ। ਜਿਸ ਕੋਲ ਤਾਕਤ ਹੋਵੇ ਉਹ ਇਨ੍ਹਾਂ ਤਿੰਨਾਂ ਨੂੰ ਆਪਣੀ ਮਰਜ਼ੀ ਨਾਲ ਵਰਤ ਸਕਦਾ ਸੀ। ਇਸ ਯੁੱਗ ਵਿੱਚ ਔਰਤ ਨੂੰ ਗ਼ੁਲਾਮ ਰੱਖਣ ਲਈ ਸਰੀਰਕ ਤਾਕਤ ਦੇ ਨਾਲ-ਨਾਲ ਮਾਨਸਿਕ ਸ਼ਕਤੀ ਵੀ ਲਾਈ ਜਾਣ ਲੱਗੀ। ਇਕ ਪਾਸੇ ਉਸਨੂੰ ਬਾਘਨ, ਚਲਿਤਰਾਂ ਹੱਥੀ, ਜਾਦੂਗਰਨੀ, ਪੈਰ ਦੀ ਜੁੱਤੀ, ਗਿੱਟਿਆਂ 'ਚ ਮਤ, ਗੁੱਤ ਪਿੱਛੇ ਮੱਤ ਆਦਿ ਕਹਿ ਕੇ ਉਸਦੇ ਕਾਮਨੀ ਰੂਪ ਨੂੰ ਨਿੰਦਿਆ ਜਾਂਦਾ ਰਿਹਾ ਤੇ ਦੂਜੇ ਪਾਸੇ ਮਾਂ ਰੂਪ ਵਿੱਚ ਉਸ ਦੀ ਉਸਤਤੀ ਕੀਤੀ ਗਈ ਹੈ।[6]

ਹੌਲੀ-ਹੌਲੀ ਹਾਲਾਤ ਇਹ ਬਣ ਗਏ ਕਿ ਔਰਤ ਖੁਦ ਵੀ ਮੰਨਣ ਲੱਗੀ ਕਿ ਔਰਤ ਅਤੇ ਮਰਦ ਵਿਚ ਅਸਮਾਨਤਾ ਹੈ ਤੇ ਉਸਨੇ ਆਪਣੇ ਆਪ ਦੇ ਅਬਲਾ ਹੋਣ ਦਾ ਭਰਮ ਪਾਲ ਲਿਆ। ਜਦੋਂ ਕਿ ਔਰਤ ਦਾ ਕਮਜ਼ੋਰ ਹੋਣਾ ਕੁਦਰਤ ਦਾ ਕੋਈ ਨਿਯਮ ਨਹੀਂ ਸਗੋਂ ਮਰਦ ਦੁਆਰਾ ਦਿੱਤਾ ਤੇ ਔਰਤ ਦੁਆਰਾ ਮੰਨਿਆ ਇਕ ਸਵੈ-ਭਰਮ ਹੈ। ਅੱਜ ਵੀ ਸਮਾਜ ਔਰਤ ਨੂੰ ਕਦੇ ਧਰਮ ਦਾ ਡਰ ਦੇ ਕੇ, ਕਦੇ ਸਮਾਜਿਕ ਬੰਧਨਾਂ ਦੀਆਂ ਬੇੜੀਆਂ ਪਾ ਕੇ ਅਜਿਹਾ ਅਹਿਸਾਸ ਕਰਵਾਉਂਦਾ ਹੈ ਕਿ ਪਤੀ ਉਸਦਾ ਪ੍ਰਮੇਸ਼ਵਰ ਹੈ, ਬੱਚੇ ਪਾਲਣਾ ਉਹਦਾ ਧਰਮ ਹੈ ਤੇ ਉਹ ਇਹਨਾਂ ਫ਼ਰਜ਼ਾਂ ਤੋਂ ਮੁਕਤ ਹੋ ਕੇ ਸਮਾਜ ਵਿਚ ਸਨਮਾਨਯੋਗ ਢੰਗ ਨਾਲ ਨਹੀਂ

ਵਿਚਰ ਸਕਦੀ । ਜਦੋਂ ਕਿ ਸੱਚ ਇਹ ਹੈ ਕਿ ਕਿਸੇ ਵੀ ਵਿਅਕਤੀ ਦਾ ਸਰੀਰਕ ਤੇ ਮਾਨਸਿਕ ਤੌਰ 'ਤੇ ਤਾਕਤਵਰ ਹੋਣਾ ਉਸਦੀ ਜ਼ਿੰਦਗੀ ਜੀਉਣ ਦੇ ਢੰਗ 'ਤੇ ਨਿਰਭਰ ਕਰਦਾ ਹੈ । ਜੇਕਰ ਔਰਤ ਘਰ ਦੀ ਚਾਰ ਦੀਵਾਰੀ ਵਿੱਚ ਹੀ ਕੈਦ ਰਹੇਗੀ ਤਾਂ ਉਸਦਾ ਸਰੀਰਕ ਅਤੇ ਮਾਨਸਿਕ ਦੋਨਾਂ ਤਰ੍ਹਾਂ ਨਾਲ ਕਮਜ਼ੋਰ ਹੋਣਾ ਸੁਭਾਵਿਕ ਹੀ ਹੈ । ਪਰ ਇਹ ਨਿਯਮ ਸਿਰਫ਼ ਔਰਤ 'ਤੇ ਹੀ ਨਹੀਂ ਮਰਦ ਉਪਰ ਵੀ ਹੂ-ਬ-ਹੂ ਲਾਗੂ ਹੋ ਸਕਦਾ ਹੈ । ਮਿਸਾਲ ਵਜੋਂ ਜੇ ਦੋ ਜੁੜਵਾਂ ਭਰਾ ਪੈਦਾ ਹੋਣ, ਇਕ ਨੂੰ ਬਾਹਰੀ ਕੰਮ-ਕਾਰ ਸੌਂਪੇ ਜਾਣ ਤੇ ਇਕ ਤੋਂ ਘਰੇਲੂ ਕੰਮ ਹੀ ਕਰਵਾਇਆ ਜਾਵੇ ਤਾਂ ਬਾਹਰੀ ਕੰਮ-ਕਾਰ ਕਰਨ ਵਾਲਾ ਲੜਕਾ ਤਾਕਤਵਰ ਤੇ ਆਤਮ ਵਿਸ਼ਵਾਸ ਨਾਲ ਲਬਰੇਜ਼ ਹੋਵੇਗਾ ਤੇ ਘਰੇਲੂ ਕੰਮ-ਕਾਰ ਕਰਨ ਵਾਲਾ (ਬੇਸ਼ਕ ਉਹ ਵੀ ਇਕ ਮਰਦ ਹੀ ਹੈ) ਕਮਜ਼ੋਰ ਤੇ ਹੀਣਤਾ ਦਾ ਸ਼ਿਕਾਰ ਹੋ ਜਾਵੇਗਾ ।[3]

ਸਾਡੇ ਸਮਾਜ ਦਾ ਤੌਰ-ਤਰੀਕਾ ਅਜਿਹਾ ਹੈ ਕਿ ਇਥੇ ਲਿੰਗਕ ਅਸਮਾਨਤਾ ਸਰੀਰਕ ਨਾਲੋਂ ਮਾਨਸਿਕ ਵਧੇਰੇ ਹੈ । ਸਮਾਜ ਵੱਲੋਂ ਸਮਾਜਿਕ ਬੰਧਨਾਂ ਦਾ ਅਜਿਹਾ ਮੱਕੜ-ਜਾਲ ਔਰਤ ਲਈ ਬੁਣਿਆ ਗਿਆ ਹੈ ਕਿ ਉਸਦੇ ਸੋਚਣ ਦੇ ਵਿਸ਼ੇ ਬਹੁਤ ਹੀ ਸੀਮਤ ਕਰ ਦਿੱਤੇ ਗਏ ਹਨ । ਔਰਤ ਕੱਪੜੇ, ਗਹਿਣਿਆਂ ਫੈਸ਼ਨ ਆਦਿ ਦੇ ਦਾਇਰੇ ਤੋਂ ਬਿਨਾਂ ਹੋਰ ਕੁਝ ਸੋਚਦੀ ਹੀ ਨਹੀਂ ।

ਇਸ ਪੇਪਰ ਦੇ ਮੁੱਖ ਭਾਗ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਲਿੰਗਕ ਸਮਾਨਤਾ ਪ੍ਰਤਿ ਕੀ ਨਜ਼ਰੀਆ ਰੱਖਦੇ ਹਨ, ਨੂੰ ਸਮਝਣ ਲਈ ਸਮਾਨਾਂਤਰ ਹੋਰ ਪ੍ਰਮੁੱਖ ਧਰਮਾਂ ਵਿਚਲੇ ਲਿੰਗਕ ਭੇਦ-ਭਾਵ ਨੂੰ ਸਮਝਣਾ ਅਤਿ ਜ਼ਰੂਰੀ ਹੈ ।

ਦੁਨੀਆਂ ਦਾ ਬਹੁਤ ਵੱਡਾ ਹਿੱਸਾ ਇਸਲਾਮ ਦਾ ਧਾਰਨੀ ਹੈ। ਇਸਲਾਮ ਮਤ ਵਿਚ ਔਰਤ ਤੇ ਮਰਦ ਦੇ ਅਧਿਕਾਰਾਂ ਵਿਚ ਵੱਡੀ ਪੱਧਰ 'ਤੇ ਅਸਮਾਨਤਾ ਹੈ । ਜਦੋਂ ਜਾਇਦਾਦ ਦਾ ਬਟਵਾਰਾ ਹੁੰਦਾ ਹੈ ਤਾਂ 'ਇਕ ਪੁਰਖ ਦਾ ਭਾਗ ਦੋ ਨਾਰੀਆਂ ਦੇ ਬਰਾਬਰ ਹੁੰਦਾ ਹੈ ।'[7] ਇਸਲਾਮ ਅਨੁਸਾਰ ਔਰਤ ਦਾ ਪਰਦੇ ਦੀ ਧਾਰਨੀ ਹੋਣਾ ਲਾਜ਼ਮੀ ਹੈ । ਇਹ ਵਹਿਮ ਇਸ ਕਰਕੇ ਪਾਲਿਆ ਲੱਗਦਾ ਹੈ ਕਿ ਔਰਤ ਆਪਣੀ ਜਿਸਮਾਨੀ ਕਸ਼ਿਸ਼ ਦੁਆਰਾ ਮਰਦ ਨੂੰ ਭਰਮਾਉਣ ਦੀ ਸ਼ਕਤੀ ਰੱਖਦੀ ਹੈ, ਪਰ ਅਸਲ ਵਿਚ ਮਰਦਾਂ ਦੀ ਲਿੰਗ ਵਾਸ਼ਨਾ ਦੀ ਕਮਜ਼ੋਰੀ ਨੂੰ ਔਰਤ ਦੇ ਗਲ਼ ਮੜਨ ਵਾਲੀ ਗੱਲ ਹੈ । ਇਥੋਂ ਤੱਕ ਕੇ ਔਰਤ ਨੂੰ ਖੁੱਲ੍ਹ ਕੇ ਧਾਰਮਿਕ ਹੱਕ ਵੀ ਪ੍ਰਾਪਤ ਨਹੀਂ । 'ਮੁਸਲਮਾਨ ਔਰਤਾਂ ਘਰ ਵਿਚ ਹੀ ਨਮਾਜ਼ ਪੜ੍ਹਦੀਆਂ ਹਨ, ਕਦੀ-ਕਦੀ ਹੀ ਮਸੀਤ ਵਿਚ ਜਾਂਦੀਆਂ ਹਨ ।'[8] ਮੁਸਲਮਾਨ ਔਰਤਾਂ ਨੂੰ ਮਸਜਿਦ ਵਿਚ ਖੁਤਬਾ ਪੜਨ ਦੀ ਪੂਰੀ ਤਰ੍ਹਾਂ ਮਨਾਹੀ ਹੈ । ਇਸਲਾਮ ਵਿੱਚ ਮੌਤ ਤੋਂ ਬਾਅਦ ਜੋ ਬਿਹਸ਼ਤ ਮਿਲਣ ਦਾ ਲਾਲਚ ਦਿੱਤਾ ਜਾਂਦਾ ਹੈ, ਉਸ ਵਿਚ ਵੀ ਔਰਤ ਦੀ ਹੋਂਦ ਮਰਦ ਦੀ ਕਾਮ-ਤ੍ਰਿਪਤੀ ਕਰਨ ਵਾਲੀ ਹੂਰ ਵਜੋਂ ਹੀ ਦਰਸਾਈ ਗਈ ਹੈ ।

ਜੇ ਈਸਾਈ ਤੇ ਯਹੂਦੀ ਧਰਮਾਂ ਦੀ ਗੱਲ ਕਰੀਏ ਤਾਂ ਇਹਨਾਂ ਧਰਮਾਂ ਵਿਚ ਵੀ ਲਿੰਗਕ ਵਿਭਿੰਨਤਾ ਸਹਿਜੇ ਹੀ ਵੇਖਣ ਨੂੰ ਮਿਲ ਜਾਂਦੀ ਹੈ । Adam (ਮਰਦ) ਅਤੇ Eve (ਔਰਤ) ਦੀ ਮਿਥਿਹਾਸਕ ਕਥਾ ਅਨੁਸਾਰ Eve ਦੇ ਆਖਣ ਤੇ ਅਦਮ ਨੇ ਬਹਿਸ਼ਤੀ ਬਾਗ ਵਿੱਚੋਂ ਮਨ੍ਹਾਂ ਕੀਤਾ ਫਲ ਖਾਧਾ ਅਤੇ ਸਿੱਟੇ ਵਜੋਂ ਖ਼ੁਦਾ ਵੱਲੋਂ ਆਦਮ ਅਤੇ ਹਵਾ ਨੂੰ ਧਰਤੀ ਉੱਤੇ ਸੁੱਟੇ ਜਾਣ ਦੇ ਸਰਾਪ ਦਾ ਸਾਹਮਣਾ ਕਰਨਾ ਪਿਆ । ਇਸ ਤਰ੍ਹਾਂ ਯਹੂਦੀ ਤੇ ਈਸਾਈ ਪਰੰਪਰਾ ਵਿਚ ਮਨੁੱਖ ਦੀ ਇਸ ਗਿਰਾਵਟ ਦਾ ਕਾਰਨ ਸ਼ੈਤਾਨ ਦੇ ਵਰਗਲਾਉਣ

ਅਤੇ ਔਰਤ ਵੱਲੋਂ ਉਕਸਾ ਕੇ ਕਰਵਾਏ ਗਏ ਗੁਨਾਹ ਨੂੰ ਪ੍ਰਵਾਨ ਕੀਤਾ ਗਿਆ ਹੈ । ਇੰਝ ਔਰਤ ਨੂੰ ਮਰਦ ਦੀ ਗਿਰਾਵਟ ਦਾ ਕਾਰਨ ਸਮਝਿਆ ਜਾਣ ਲੱਗਾ । ਲਿੰਗਕ ਅਸਮਾਨਤਾ ਉਦੋਂ ਸਾਰੀਆਂ ਹੱਦਾਂ ਟੱਪ ਜਾਂਦੀ ਹੈ ਜਦੋਂ ਧਾਰਮਿਕ ਪੁਸਤਕ ਜੈਨੇਸਿਸ ਵਿਚ ਖ਼ੁਦ ਖ਼ੁਦਾ ਦੇ ਮੂੰਹੋ ਔਰਤ ਪ੍ਰਤੀ ਵਿਤਕਰੇ ਵਾਲੇ ਸ਼ਬਦ ਕਢਵਾਏ ਜਾਂਦੇ ਹਨ । ਖ਼ੁਦਾ ਕਹਿੰਦਾ ਹੈ ' ਮੈਂ ਤੇਰੇ ਸੰਤਾਨ ਉਤਪਤੀ ਦੇ ਦੁੱਖਾਂ ਵਿਚ ਵਾਧਾ ਕਰ ਦਿਆਗਾਂ। ਤੂੰ ਹਮੇਸ਼ਾ ਆਪਣੇ ਪਤੀ ਦੀ ਤਾਂਘ ਰੱਖਦੀ ਰਹੇਂਗੀ ਤੇ ਤੂੰ ਆਪਣੇ ਪਤੀ ਦੇ ਕਾਬੂ ਵਿਚ ਰਹੇਂਗੀ ।'[9] ਇਸੇ ਧਾਰਮਿਕ ਪੁਸਤਕ ਵਿਚ ਇਹ ਵੀ ਮੰਨਿਆ ਗਿਆ ਹੈ ਕਿ 'ਰੱਬ ਪਹਿਲਾ ਔਰਤ ਬਣਾਉਣੀ ਭੁੱਲ ਹੀ ਗਿਆ ਸੀ । ਫੇਰ ਉਹਨੇ ਸੁੱਤੇ ਪਏ ਮਰਦ ਦੀ ਇਕ ਪਸਲੀ ਚੁਰਾ ਕੇ ਉਹਦੇ ਵਿਚੋਂ ਔਰਤ ਬਣਾਈ ।[10] ਇਸ ਮਤ ਅਨੁਸਾਰ ਰੱਬ ਦੁਆਰਾ ਔਰਤ ਦੀ ਸੁਤੰਤਰ ਹੋਂਦ ਸਿਰਜੀ ਹੀ ਨਹੀਂ ਗਈ ਸਗੋਂ ਉਸਨੂੰ ਮਰਦ ਦੇ ਇਕ ਛੋਟੇ ਜਿਹੇ ਹਿੱਸੇ ਦੇ ਤੌਰ 'ਤੇ ਹੀ ਕਬੂਲਿਆ ਗਿਆ।

ਹੁਣ ਭਾਰਤੀ ਪਰੰਪਰਾ 'ਚ ਹਿੰਦੂ ਧਰਮ ਵਿਚ ਲਿੰਗਕ ਅਸਮਾਨਤਾ ਦੀ ਗੱਲ ਕਰਦੇ ਹਾਂ। ਵੈਦਿਕ ਪਰੰਪਰਾ ਵਿਚ ਔਰਤ ਤੇ ਮਰਦ ਵਿਚ ਕੁਝ ਹੱਦ ਤੱਕ ਸਮਾਨਤਾ ਸੀ। 'ਉਸਨੂੰ ਸਹਿ ਧਰਮਣੀ ਆਖ ਕੇ ਨਿਵਾਜਿਆ ਜਾਂਦਾ ਸੀ। ਸਾਰੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿਚ ਉਸਦਾ ਭਾਗ ਲੈਣਾ ਬਹੁਤ ਜ਼ਰੂਰੀ ਸੀ।'[11] ਵਿਆਹ ਵਿਚ ਲੜਕੀ ਖ਼ੁਦ ਆਪਣਾ ਵਰ ਚੁਣਦੀ ਸੀ। ਪਰ ਉਤਰ ਵੈਦਕ ਕਾਲ ਵਿਚ ਲਿੰਗਕ ਅਸਾਮਨਤਾ ਸ਼ੁਰੂ ਹੋ ਗਈ। 'ਇਸ ਕਾਲ ਦੌਰਾਨ ਹੀ ਸਤੀ ਦੀ ਪ੍ਰਥਾ ਦਾ ਆਰੰਭ ਵੀ ਹੋ ਗਿਆ, ਦਾਜ ਦੀ ਕੁਰੀਤੀ ਵੀ ਸ਼ੁਰੂ ਹੋ ਗਈ, ਬਹੁ-ਨਾਰੀ ਵਿਆਹ ਵੀ ਆਰੰਭ ਹੋ ਗਿਆ।'[12] ਤੈਤ੍ਰਿਯ ਸੰਮਹਿਤਾ ਨੇ ਔਰਤ ਨੂੰ ਅਤਿਅੰਤ ਮਾੜੀ ਸਥਿਤੀ 'ਚ ਖੜੇ ਕਰਦਿਆਂ ਆਖਿਆ 'ਇਕ ਨੇਕ ਨਾਰੀ ਕਿਸੇ ਬਦਚਲਣ ਮਰਦ ਨਾਲੋਂ ਵੀ ਮਾੜੀ ਹੈ।[13] ਮਨੂੰ ਸਮ੍ਰਿਤੀ ਨੇ ਔਰਤ ਨੂੰ ਥਾਂ-ਥਾਂ ਭੰਡਿਆ। ਲਿੰਗਕ ਵਿਭਿੰਨਤਾ ਉਦੋਂ ਸਾਰੇ ਹੱਦਾਂ ਬੰਨੇ ਟੱਪ ਜਾਂਦੀ ਹੈ ਜਦੋਂ ਮਨੂੰ ਆਖਦਾ ਹੈ, 'ਇਕ 30 ਸਾਲ ਦੇ ਮਰਦ ਨੂੰ ਕਿਸੇ 12 ਸਾਲ ਦੀ ਸੁੰਦਰ ਲੜਕੀ ਨਾਲ ਸ਼ਾਦੀ ਕਰਨੀ ਚਾਹੀਦੀ ਹੈ। 24 ਸਾਲ ਦੇ ਮਰਦ ਨੂੰ ਕਿਸੇ 8 ਦੀ ਲੜਕੀ ਨਾਲ ਵਿਆਹ ਰਚਾਉਣਾ ਚਾਹੀਦਾ ਹੈ।'[14] ਇਸੇ ਸਮ੍ਰਿਤੀ ਵਿਚ ਵਿਧਵਾ ਵਿਆਹ ਬਾਰੇ ਕਿਹਾ ਗਿਆ 'ਪਤੀ ਦੇ ਮਰਨ ਪਿਛੋਂ ਔਰਤ ਕੰਦ ਮੂਲ ਖਾ ਕੇ ਗੁਜ਼ਾਰਾ ਕਰੇ ਤੇ ਕਿਸੇ ਹੋਰ ਪੁਰਖ ਦਾ ਨਾਂ ਉਸਦੀ ਜ਼ੁਬਾਨ 'ਤੇ ਨਾ ਆਵੇ। ਪਰ ਮਰਦ ਆਪਣੀ ਪਤਨੀ ਦੇ ਸੰਸਕਾਰ ਕਰਨ ਤੋਂ ਬਾਅਦ ਦੂਜਾ ਵਿਆਹ ਕਰ ਲਵੇ ਤੇ ਪਹਿਲਾਂ ਵਾਂਗ ਜ਼ਿੰਦਗੀ ਬਸਰ ਕਰੇ।'[15] ਇਸੇ ਸਮ੍ਰਿਤੀ ਵਿਚ ਔਰਤ ਦੀ ਕਦੇ ਵੀ ਸੁਤੰਤਰ ਨਾ ਰਹਿ ਸਕਣ ਦੀ ਗੱਲ ਕਰਦਿਆਂ ਆਖਿਆ ਗਿਆ ਕਿ 'ਔਰਤ ਬਾਲ ਅਵਸਥਾ ਵਿਚ ਆਪਣੇ ਪਿਤਾ ਦੀ ਸੰਭਾਲ ਵਿਚ ਰਹੇ, ਜਵਾਨੀ ਵਿਚ ਪਤੀ ਦੀ ਆਗਿਆ ਵਿਚ ਰਹੇ ਤੇ ਪਤੀ ਦੀ ਮੌਤ ਬਾਅਦ ਆਪਣੇ ਪੁੱਤਰਾਂ ਦੇ ਅਧੀਨ ਰਹੇ। ਨਾਰੀ ਕਿਸੇ ਵੀ ਸੂਰਤ ਵਿਚ ਸੁਤੰਤਰ ਰੂਪ ਵਿਚ ਨਾ ਰਹੇ।'[16]

ਮੱਧਕਾਲ ਦੌਰਾਨ ਵੀ ਲਿੰਗਕ ਵਿਭਿੰਨਤਾ ਵਾਲੀ ਸਥਿਤੀ ਜਿਉਂ ਦੀ ਤਿਉਂ ਬਣੀ ਰਹੀ। ਤੁਲਸੀਦਾਸ ਦੀਆਂ ਤੁਕਾਂ 'ਢੋਰ, ਗਵਾਰ, ਪਸ਼ੂ, ਸ਼ੂਦਰ, ਨਾਰੀ ਯੇ ਪਾਂਚੋ ਤਾੜਨ ਕੇ ਅਧਿਕਾਰੀ' ਲੋਕਾਂ ਦੀ ਜ਼ੁਬਾਨ ਤੇ ਅਖਾਣ ਵਾਂਗ ਚੜ੍ਹ ਗਈਆਂ। ਮੱਧਕਾਲੀ ਕਿੱਸਿਆਂ ਵਿਚ ਵੀ ਔਰਤ ਪ੍ਰਤੀ' ਭੱਠ ਰੰਨਾਂ ਦੀ ਦੋਸਤੀ ਖੁਰੀ ਜਿਨਾਂ ਦੀ ਮਤਿ' ਵਾਲਾ ਨਜ਼ਰੀਆਂ ਬਣਿਆ ਰਿਹਾ।

ਉਪਰੋਕਤ ਸਾਰੇ ਸੰਦਰਭ ਵਿਚ ਰੱਖ ਕੇ ਜੇ ਅਸੀਂ ਗੁਰੂ ਨਾਨਕ ਸਾਹਿਬ ਦੇ ਨਜ਼ਰੀਏ ਨੂੰ ਦੇਖਣ ਦੀ ਕੋਸ਼ਿਸ਼ ਕਰੀਏ ਤਾਂ ਵਧੇਰੇ ਸਾਰਥਕ ਹੋਵੇਗਾ। ਉਪਰੋਕਤ ਸਾਰੇ ਵਿਚਾਰ ਜੋ ਉਸ ਵੇਲੇ ਦੇ ਸਮਾਜ ਦਾ ਹਿੱਸਾ ਬਣ ਚੁੱਕੇ ਸਨ, ਕਾਰਨ ਔਰਤ ਤੇ ਮਰਦ ਵਿਚਕਾਰ ਲਿੰਗਕ ਅਸਮਾਨਤਾ ਪੈਦਾ ਹੋ ਚੁੱਕੀ ਸੀ ਅਤੇ ਔਰਤ ਪੂਰੀ ਤਰ੍ਹਾਂ ਹਾਸ਼ੀਆਗ੍ਰਸਤ ਕਰ ਦਿੱਤੀ ਗਈ ਸੀ। ਇਸ ਲਈ ਯੋਗ ਇਹ ਹੋਵੇਗਾ ਕਿ ਅੱਜ ਔਰਤ ਦੀ ਜੋ ਸਥਿਤੀ ਹੈ ਉਸ ਅਨੁਸਾਰ ਘੋਖਣ ਦੀ ਬਜਾਏ ਅਸੀਂ ਗੁਰੂ ਨਾਨਕ ਸਾਹਿਬ ਦੇ ਸਮਕਾਲ ਦੇ ਸੰਦਰਭ ਵਿਚ ਰੱਖਦਿਆਂ ਗੁਰੂ ਸਾਹਿਬ ਵੱਲੋਂ ਦਿੱਤੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

ਜਦੋਂ ਔਰਤ ਨੂੰ ਇਕ ਪਾਸੇ ਪੈਰ ਦੀ ਜੁੱਤੀ, ਗੁੱਤ ਪਿਛੇ ਮਤ, ਗਿੱਟਿਆਂ ਵਿਚ ਮਤ, ਤਾੜਨ ਦੀ ਅਧਿਕਾਰੀ ਤੱਕ ਕਹਿ ਕੇ ਭੰਡਿਆ ਜਾ ਰਿਹਾ ਹੋਵੇ ਉਦੋਂ ਔਰਤ ਪ੍ਰਤੀ ਸਤਿਕਾਰ ਵਾਲੇ ਸ਼ਬਦ ਬੋਲਣੇ ਵੀ ਬਹੁਤ ਵੱਡਾ ਕਦਮ ਸੀ। ਆਪ ਨੇ ਸਮਾਜ ਵਿਚ ਔਰਤ ਤੇ ਮਰਦ ਦੇ ਹੱਕਾਂ ਦੀ ਅਸਮਾਨਤਾ ਨੂੰ ਨੀਝ ਨਾਲ ਸਮਝਿਆ ਤੇ ਇਸ ਮੰਦ-ਰੁੱਚੀ ਪਿਛੇ ਕੰਮ ਕਰੀ ਮਾਨਸਿਕਤਾ ਦਾ ਪਰਦਾ ਫਾਸ਼ ਕੀਤਾ।

ਉਸ ਵੇਲੇ ਦੇ ਹਮਲਾਵਰ ਸ਼ਾਸਕ ਬਾਬਰ ਦੁਆਰਾ ਕੀਤੇ ਹਮਲੇ ਸਮੇਂ ਔਰਤਾਂ ਦਾ ਜੋ ਹਾਲ ਹੋਇਆ ਉਸਨੂੰ ਬੜੀ ਨਿਡਰਤਾ ਨਾਲ ਬਿਆਨਦਿਆਂ ਆਪ ਨੇ ਕਿਹਾ:

**ਪਾਪ ਕੀ ਜੰਞ ਲੈ ਕਾਬਲਹੁ ਧਾਇਆ**
**ਜੋਰੀ ਮੰਗੈ ਦਾਨੁ ਵੇ ਲਾਲੋ।।**
**ਸਰਮੁ ਧਰਮੁ ਦੁਇ ਛਪਿ ਖਲੋਏ**
**ਕੂੜੁ ਫਿਰੈ ਪਰਧਾਨੁ ਵੇ ਲਾਲੋ।।**

-------------------------

**ਮੁਸਲਮਾਨੀਆ ਪੜਹਿ ਕਤੇਬਾ।।**
**ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।।**
**ਜਾਤਿ ਸਨਾਤੀ ਹੋਰਿ ਹਿਦਵਾਣੀਆ।।**
**ਏਹਿ ਭੀ ਲੇਖੈ ਲਾਇ ਵੇ ਲਾਲੋ।।**
**ਖੂਨ ਕੇ ਸੋਹਲੇ ਗਾਵੀਅਹਿ ਨਾਨਕ।।**
**ਰਤੁ ਕਾ ਕੁੰਗੂ ਪਾਇ ਵੇ ਲਾਲੋ।।**[17]

**ਜਿਨਿ ਸਿਰਿ ਸੋਹਨਿ ਪਟੀਆ ਮਾਗੀ ਪਾਇ ਸੰਧੂਰੁ।।**
**ਸੇ ਸਿਰ ਕਾਤੀ ਮੁੰਨੀਅਨ ਗਲ ਵਿਚਿ ਆਵੈ ਧੂੜਿ।**
**ਮਹਲਾ ਅੰਦਰਿ ਹੋਦੀਆਂ ਹੁਣਿ ਬਹਿਣਿ ਨਾ ਮਿਲਿਨ ਹਦੂਰਿ।।**[18]

ਗੁਰੂ ਨਾਨਕ ਸਾਹਿਬ ਦੇ ਸਮੇਂ ਨਾਥ ਜੋਗੀਆਂ ਦਾ ਬੜਾ ਬੋਲ-ਬਾਲਾ ਸੀ। ਗੋਰਖਨਾਥ ਨੇ ਔਰਤ ਨੂੰ 'ਬਾਘਨ ' ਤੱਕ ਕਿਹਾ ਤੇ ਔਰਤ ਦਾ ਤਿਆਗ ਕਰਨ ਦਾ ਆਦੇਸ਼ ਦਿੰਦਿਆਂ ਕਿਹਾ:

**ਕਨਕ ਕਾਮਨੀ ਤਿਆਗੈ ਦੋਇ।।**
**ਸੋ ਜੋਗੇਸਰ ਨਿਰਭੈ ਹੋਇ।।**[19]

ਗੁਰੂ ਨਾਨਕ ਸਾਹਿਬ ਨੇ ਉਪਰੋਕਤ ਵਿਚਾਰਾਂ ਦੇ ਸਮਾਨਾਂਤਰ ਸੰਵਾਦ ਰਚਾਉਂਦਿਆਂ ਸੰਨਿਆਸੀਆਂ ਤੇ ਜੋਗੀਆਂ ਦੁਆਰਾ ਔਰਤ ਪ੍ਰਤੀ ਅਪਨਾਏ ਗਏ ਦੋਹਰੇ ਵਤੀਰੇ ਦੀ ਨਿੰਦਿਆ ਕੀਤੀ। ਆਪ ਨੇ ਸੰਨਿਆਸੀਆਂ ਦੁਆਰਾ ਆਪਣੇ ਘਰ-ਬਾਰ ਤੇ ਗ੍ਰਹਿਸਤ ਜੀਵਨ ਨੂੰ ਤਿਆਗ ਕੇ ਦੂਸਰੀਆਂ ਔਰਤਾਂ ਵੱਲ ਆਕਰਸ਼ਿਤ ਹੋਣ ਦੇ ਵਤੀਰੇ ਦਾ ਪਰਦਾਫਾਸ਼ ਕਰਦਿਆਂ ਕਿਹਾ:

**ਹਾਥ ਕਮੰਡਲ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ।।**
**ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।।**[20]

ਗੁਰੂ ਨਾਨਕ ਸਾਹਿਬ ਨੇ ਔਰਤ ਤੇ ਮਰਦ ਦੋਨਾਂ ਲਈ ਧਾਰਮਿਕ ਜ਼ਿੰਦਗੀ ਵਿਚ ਵੀ ਬਰਾਬਰ ਦੇ ਹੱਕਾਂ ਦੀ ਗੱਲ ਕੀਤੀ ਜਦੋਂ ਕਿ ਉਸ ਸਮੇਂ ਬ੍ਰਾਹਮਣਵਾਦ ਰਸਮਾਂ-ਰਿਵਾਜਾਂ ਦੇ ਗਲਬੇ ਹੇਠ ਔਰਤ ਨੂੰ ਹਰ ਪ੍ਰਕਾਰ ਦੇ ਧਾਰਮਿਕ ਹੱਕਾਂ ਤੋਂ ਵਾਂਝਾ ਕਰਕੇ ਉਸ 'ਤੇ ਜ਼ੁਲਮ ਕਰ ਰਿਹਾ ਸੀ। 'ਔਰਤ ਨੂੰ ਜਨੇਊ ਪਾਉਣ ਦਾ ਹੱਕ ਵੀ ਨਹੀਂ ਸੀ ਪਰ ਉਸਨੂੰ ਆਪਣੇ ਪਤੀ ਦੀ ਮੌਤ ਬਾਅਦ ਚਿਤਾ ਨਾਲ ਸਤੀ ਹੋਣ ਦੀ ਪਾਬੰਦੀ ਸੀ।'[21] ਗੁਰੂ ਨਾਨਕ ਸਾਹਿਬ ਨੇ ਸਮਾਨਾਂਤਰ ਇਕ ਵੱਖਰੀ ਤਰ੍ਹਾਂ ਦੀ ਮਰਿਯਾਦਾ ਦਾ ਆਰੰਭ ਕੀਤਾ। ਸੰਗਤ ਤੇ ਪੰਗਤ ਦਾ ਜੋ ਸੰਕਲਪ ਗੁਰੂ ਸਾਹਿਬ ਨੇ ਦਿੱਤਾ ਉਸ ਵਿਚ ਨਾ ਤਾਂ ਪਰਦੇ ਦੀ ਹੀ ਕੋਈ ਪਾਬੰਦੀ ਸੀ ਤੇ ਨਾ ਹੀ ਔਰਤ ਮਰਦ ਵਿਚ ਕੋਈ ਵਿਤਕਰਾ ਸੀ। ਆਪ ਨੇ ਕਿਹਾ:

**ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ।।**
**ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।।**[22]

ਪੰਗਤ ਭਾਵ ਲੰਗਰ ਵਿਚ ਵੀ ਲੰਗਰ ਤਿਆਰ ਕਰਨ ਤੋਂ ਛਕਾਉਣ ਤੇ ਛਕਣ ਤੱਕ ਦਾ ਸਾਰਾ ਕੰਮ ਲਿੰਗ ਭੇਦ-ਭਾਵ ਤੋਂ ਬਿਨਾਂ ਹੀ ਹੁੰਦਾ ਹੈ।

ਅਸੀਂ ਪਹਿਲਾਂ ਇਹ ਆਖ ਹੀ ਚੁੱਕੇ ਹਾਂ ਕਿ ਇਸਲਾਮ, ਯਹੂਦੀ, ਈਸਾਈ ਤੇ ਹਿੰਦੂ ਧਰਮਾਂ ਵਿਚ ਔਰਤ ਨੂੰ ਮਰਦ ਦੇ ਮੁਕਾਬਲੇ ਘਟੀਆ ਹੀ ਸਮਝਿਆ ਗਿਆ ਹੈ। ਪਰ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਔਰਤ ਤੇ ਮਰਦ ਦੋਨਾਂ ਵਿਚ ਹੀ ਪ੍ਰਮਾਤਮਾ ਦੀ ਇਕੋ ਜਿਹੀ ਜੋਤ ਹੋਣ ਦੀ ਗੱਲ ਆਖੀ ਗਈ ਹੈ:

**ਆਪੇ ਪੁਰਖ ਆਪੇ ਹੀ ਨਾਰੀ**[23]

**ਪੁਰਖਿ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ**[24]

**ਧਰਨਿ ਗਗਨਿ ਨਾ ਦੇਖਹੁ ਕੋਇ।।**
**ਨਾਰੀ ਪੁਰਖ ਸਬਾਈ ਲੋਇ।।**[25]

ਗੁਰੂ ਸਾਹਿਬ ਦੇ ਸਮੇਂ ਔਰਤ ਨੂੰ ਥਾਂ-ਥਾਂ ਨਿੰਦਿਆ ਜਾਂਦਾ ਸੀ, ਉਸ ਨਾਲ ਗੁਲਾਮਾਂ ਵਰਗਾ ਸਲੂਕ ਕੀਤਾ ਜਾਂਦਾ ਸੀ, ਜੋ ਗੁਰੂ ਸਾਹਿਬ ਤੋਂ ਬਰਦਾਸ਼ਤ ਨਾ ਹੋਇਆ। ਆਪ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਔਰਤ ਤੋਂ ਬਿਨਾਂ ਸੰਸਾਰ ਦੀ ਕੋਈ ਹੋਂਦ ਹੀ ਨਹੀਂ ਤੇ ਨਾ ਹੀ ਸਮਾਜਿਕ ਵਰਤਾਰਾ, ਰਿਸ਼ਤੇ-ਨਾਤੇ ਔਰਤ ਤੋਂ ਬਿਨਾਂ ਸੰਭਵ ਹਨ। ਔਰਤ ਬਿਨਾਂ ਲੋਕਾਈ ਦੀ ਹੋਂਦ ਹੀ ਸੰਭਵ ਨਹੀਂ, ਔਰਤ ਹੀ ਇਨਸਾਨ ਨੂੰ ਜਨਮ ਦੇਣ

ਵਾਲੀ ਹੈ, ਇਸ ਲਈ ਔਰਤ ਨੂੰ ਬੁਰਾ ਭਲਾ ਆਖਣਾ ਸੋਭਦਾ ਨਹੀਂ। ਆਪ ਅਨੁਸਾਰ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹੁ।।**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ।।**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।**
**ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ।।**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।**[26]

ਗੁਰੂ ਸਾਹਿਬ ਦੇ ਸਮੇਂ ਖਾਸ ਤੌਰ 'ਤੇ ਅਤੇ ਹੁਣ ਵੀ ਕੁਝ ਹੱਦ ਤੱਕ ਕੁਝ ਖਾਸ ਦਿਨਾਂ ਵਿਚ ਔਰਤ ਨੂੰ ਅਸ਼ੁੱਧ ਤੇ ਅਪਵਿੱਤਰ ਮੰਨਿਆ ਜਾਂਦਾ ਰਿਹਾ ਹੈ। ਮਹਾਵਾਰੀ ਦੇ ਦਿਨਾਂ ਵਿਚ ਔਰਤ ਨੂੰ ਚੁੱਲ੍ਹੇ ਚੌਂਕੇ ਵਿਚ ਵੜ੍ਹਨ ਤੱਕ ਦੀ ਮਨਾਹੀ ਹੁੰਦੀ ਸੀ, ਜਦੋਂ ਕਿ ਇਹ ਕੁਦਰਤ ਦਾ ਅਜਿਹਾ ਵਰਤਾਰਾ ਹੈ ਜਿਸ ਬਿਨਾਂ ਇਨਸਾਨ ਦੀ ਉਤਪਤੀ ਵੀ ਸੰਭਵ ਨਹੀਂ ਫੇਰ ਇਸ ਵਿਚ ਅਸ਼ੁੱਧਤਾ ਕਿੰਝ ਹੋਈ। ਸੂਤਕ (ਬੱਚਾ ਜੰਮਣ) ਵੇਲੇ ਵੀ ਅਸ਼ੁਧਤਾ ਦੀ ਗੱਲ ਆਖੀ ਜਾਂਦੀ ਸੀ । ਅਜਿਹੇ ਵਿਚਾਰ ਨੂੰ ਤਜਦਿਆਂ ਆਪ ਨੇ ਕਿਹਾ:

**ਜੇ ਕਰ ਸੂਤਕੁ ਮੰਨੀਐ ਸਭ ਤੇ ਸੂਤਕੁ ਹੋਇ ।।**
**ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ।।**
**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ।।**
**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ।।**
**ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ।।**
**ਨਾਨਕ ਸੂਤਕੁ ਏਵ ਨ ਉਤਰੈ ਗਿਆਨ ਉਤਾਰੇ ਧੋਇ ।।**[27]

ਗੁਰੂ ਸਾਹਿਬ ਦੇ ਸਮੇਂ ਮੁਸਲਮਾਨਾਂ ਵਿਚ ਪਰਦੇ ਦੀ ਰਸਮ ਨੂੰ ਬੜੀ ਸਖਤਾਈ ਨਾਲ ਨਿਭਾਇਆ ਜਾਂਦਾ ਸੀ । ਹਿੰਦੂਆਂ ਵਿਚ ਵੀ ਇਹ ਪ੍ਰਥਾ ਘੁੰਡ ਦੇ ਰੂਪ ਵਿਚ ਪ੍ਰਚਲਤ ਸੀ । ਔਰਤ ਪ੍ਰਤੀ ਆਮ ਹੀ ਕਹਾਵਤ ਪ੍ਰਚਲਤ ਸੀ ਕਿ 'ਅੰਦਰ ਬੈਠੀ ਲੱਖ ਦੀ ਤੇ ਬਾਹਰ ਗਈ ਕੱਖ ਦੀ' । ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਪ੍ਰਤੀਕਾਂ ਦੇ ਤੌਰ 'ਤੇ ਘੁੰਡ ਦੀ ਵਰਤੋਂ ਕਰਕੇ ਇਸ ਰਸਮ ਨੂੰ ਨਿੰਦਿਆ ਤੇ ਕਿਹਾ:

**ਲਾਜ ਮਰੰਤੀ ਮਰਿ ਗਈ ਘੂਘਟੁ ਖੋਲਿ ਚਲੀ ।।**
**ਸਾਸੁ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ ।।**
**ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ ।।**
**ਲਾਲਿ ਰਤੀ ਲਾਲੀ ਭਈ ਗੁਰਮੁਖਿ ਭਾਈ ਨਿਚਿੰਦੁ ।।**[28]

ਗੁਰੂ ਸਾਹਿਬ ਦੇ ਸਮਕਾਲ ਵਿਚ ਸਮਾਜ ਭ੍ਰਿਸ਼ਟ ਹੋ ਚੁਕਿਆ ਸੀ ਇਸ ਦੁਰਦਸ਼ਾ ਕਾਰਨ ਜੋ ਵੀ ਹਾਲਾਤ ਬਣੇ ਹੋਏ ਸਨ ਉਸਨੂੰ ਦਰਸਾ ਕੇ ਆਪ ਨੇ ਲਿੰਗਕ ਸਮਾਨਤਾ ਨੂੰ ਪੇਸ਼ ਕਰਦਿਆਂ ਔਰਤ ਤੇ ਮਰਦ ਦੋਹਾਂ ਨੂੰ ਬਰਾਬਰ ਦਾ ਦੋਸ਼ੀ ਮੰਨਦਿਆਂ ਆਖਿਆ :

**ਰੰਨਾ ਹੋਈ ਬੋਧੀਆਂ ਪੁਰਸ ਹੋਏ ਸਈਆਦ ।।**
**ਸੀਲ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ।।**
**ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ।।**[29]

ਇੰਝ ਕੁਲ ਮਿਲਾ ਕੇ ਆਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਇਕ ਅਜਿਹੇ ਸਮਾਜ ਨੂੰ ਸਿਰਜਣ ਦੀ ਪਿਰਤ ਆਰੰਭੀ ਜਿਸ ਵਿਚ ਔਰਤ ਤੇ ਮਰਦ ਬਿਨਾਂ ਕਿਸੇ ਲਿੰਗਕ ਭਿੰਨ-ਭੇਦ ਤੋਂ ਇਕੋ ਜਿਹੇ ਹੱਕਾਂ ਨਾਲ ਵਿਚਰ ਸਕਦੇ ਸਨ ਤੇ ਜੀਵਨ ਦੇ ਸਮਾਜਿਕ, ਰਾਜਸੀ ਤੇ ਧਾਰਮਿਕ ਹਰ ਤਰ੍ਹਾਂ ਦੇ ਖੇਤਰ ਵਿਚ ਇਕ ਦੂਜੇ ਦੇ ਪੂਰਕ ਬਣ ਕੇ ਸਿਹਤਮੰਦ ਸਮਾਜ ਸਿਰਜ ਸਕਦੇ ਸਨ ।

## ਹਵਾਲੇ ਤੇ ਟਿੱਪਣੀਆਂ


1. Arvinder Singh (Dr.) Guru Nanak a Quart for Social justice, Unistar Book 2014,
2. Gayle Greene and Copplia Kahn (editors) Making Differences: Feminisht Literary criticism, Methuen and co. Ltd, 1985 Page.
3. ਗੁਰਬਚਨ ਸਿੰਘ ਸਿੱਧੂ, ਸੋ ਕਿਉ ਮੰਦਾ ਆਖੀਐ, ਗੁਰੂ ਨਾਨਕ ਚੈਰੀਟੇਬਲ ਟਰੱਸਟ, ਮੁਲਾਂਪੁਰ ਦਾਖਾ ਮੰਡੀ, 2009, ਪੰਨਾ 3
4. Smith Nicholas D. Plats and Aristotle on the nature of Woman Joursal of History of Philosophy. 21.
5. ਇੰਦਰਜੀਤ ਕੌਰ, ਨਾਰੀਵਾਰੀ ਸੰਵੇਦਨਾ ਅਤੇ ਦਲੀਪ ਕੌਰ ਟਿਵਾਣਾ ਦਾ ਗਲਪ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ 2008, ਪੰਨਾ 16.
6. ਉਹੀ ਪੰਨਾ 17 ਤੇ 18
7. ਕੁਰਾਨ ਸ਼ਹਾ ਅਲਨਿਸ਼ਾ =4.177
8. History of Islam, E.O James. Page 196.
9. ਜੈਨੇਸਿਸ (ਹਿਬਰੂ ਬਾਈਬਲ) ਅਧਿਆਇ 3 (16)
10. ਉਹੀ ਅਧਿਆਇ 2 (12-25)
11. ਰਿਗਵੇਦ, ਅਧਿਆਇ 8, ਸਲੋਕ 31
12. ਗੁਰਬਚਨ ਸਿੰਘ ਸਿਧੂ, ਸੋ ਕਿਉ ਮੰਦਾ ਆਖੀਐ ਪੰਨਾ 31
13. ਓਹੀ- ਪੰਨਾ
14. ਮਨੂੰ ਸਮ੍ਰਿਤੀ ਅਧਿਆਇ 9, ਸਲੋਕ 94
15. ਵਨੀਤਾ (ਡਾ.) ਨਾਰੀਵਾਦ ਤੇ ਸਾਹਿਤ, ਅਜੰਤਾ ਬੁੱਕਸ ਇੰਟਰਨੈਸ਼ਨਲ, ਦਿੱਲੀ, 2000, ਪੰਨਾ 66
16. ਮੰਨੂੰ ਸਮ੍ਰਿਤੀ ਅਧਿਆਇ 5, ਸਲੋਕ, 148.
17. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 722

18. ਉਹੀ, ਪੰਨਾ 417
19. ਕਿਸ਼ਨ ਮਧੋਕ, ਸ਼ਕਤੀ ਪ੍ਰਕਾਸ਼, ਗੋਰਖਬਾਣੀ, ਭਾਸ਼ਾ ਵਿਭਾਗ ਪਟਿਆਲਾ 1963, ਪੰਨਾ 56.
20. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1013
21. Bhupinder Kaur, Status of Woman in Sikhism, SGPC 2005, P. 57
22. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 17
23. ਉਹੀ, ਪੰਨਾ 1020
24. ਉਹੀ, ਪੰਨਾ 879
25. ਉਹੀ, ਪੰਨਾ 223
26. ਉਹੀ, ਪੰਨਾ 473
27. ਉਹੀ, ਪੰਨਾ 472
28. ਉਹੀ, ਪੰਨਾ 931
29. ਉਹੀ, ਪੰਨਾ 1243

**ਡਾ: ਤਰਸ਼ਿੰਦਰ ਕੌਰ**
tarshinderk@gmail.com

# श्री गुरु नानक देव जीः मानवीय समानता का सन्दर्भ

**अमनजोत कौर**

## भूमिका

गुरु नानक देव जी एक गम्भीर चिंतक एवं महान सन्त हुए। मध्ययुगीन सन्तों में उनका नाम अग्रगण्य है। उन्होंने सिक्ख धर्म का पादुर्भाव किया। गुरु नानक जी का सहज मार्ग किसी विशेष व्यक्ति, समाज, धर्म व देश तक सीमित नहीं था बल्कि उनकी दृष्टि तो सार्वभौमिक थी। उन्होंने अपनी सहज साधना द्वारा मध्ययुग के पतित समाज को बिखरने से बचाया और अपने मानवतावादी दृष्टिकोण से समाज में नवीन आशा की किरण का संचार किया। वे एक ऐसे महान लोकनायक हुए जिन्होंने अपने समय की विषम परिस्थितियों में संतप्त मानव जाति का सही पथ प्रदर्शन किया। उन्होंने नये ढंग से धर्म व जीवन की व्याख्या की।

## गुरु नानक देव जी – मानवतावादी दृष्टिकोण

उनके मानवतावादी दर्शन में समस्त मानव जाति के सुधार एवं कल्याण की भावना मुखर थी। जाति भेदभाव के वे कट्टर विरोधी थे। मनुष्यता को पीड़ित व दुःखी देखना उनके लिए असहनीय था। मानवतावादी दृष्टिकोण रखने से पूर्व वे स्वयं आदर्श मनुष्य थे। उन्होंने मानव जाति को सांसारिक बन्धनों में फँसने की बजाय प्रभु के प्रेम पाश में बंध जाने का उपदेश दिया। उनका विचार था कि प्रभु प्रेम में लीन होने से ऊँच–नीच का भेद समाप्त हो जाता है।

ना को पड़िआ पंडितु बीना ना को मूरखु मंदा
बंदी अंदरि सिफति कराए ता कउ कहीए बंदा।।

मूलतः उनकी वाणी विश्वबन्धुत्व एवं समदर्शिता का उपदेश लेकर आई। उनके विचार साम्प्रदायिक संकीर्णता से बहुत ऊँचे थे। उन्होंने साम्प्रदायिक बन्धनों से परे मानव धर्म की स्थापना की। उन्होंने जो कुछ भी कहा, जो कुछ किया, सब मानवता के हित के लिए था।

उन्होंने मध्ययुग में सामाजिक विषमताओं एवं साम्प्रदायिक संघर्ष व द्वन्द्व के भीतर मानवतावाद जैसे सर्वव्यापी सिद्धान्त से शान्ति, सहिष्णुता लाने का प्रयत्न किया। मध्ययुगीन समाज में शासक वर्ग कर्त्तव्य विमुख हो चुका था। वे जनता के हित की बजाए उनका शोषण करते थे। धर्म का वास्तविक रूप लुप्त हो चुका था और सामाजिक बुराइयों से सामाजिक व्यवस्था छिन्न–भिन्न हो चुकी थी। इस्लाम धर्म के बढ़ते प्रभाव व घोर अत्याचारों के कारण प्रजा दुःखी हो चुकी थी। हिन्दू धर्म में उच्च श्रेणी के पुजारी व कुलीन ब्राह्मण अपने धर्म के मूल सिद्धान्तों को तिलांजलि दे चुके थे। उनका आचरण इतना कमजोर हो चुका था कि वे शासक वर्ग को प्रसन्न करने हेतु उनकी भाषा ही बोलने लग गए थे। ऐसे वातावरण में सुधार लाना कोई सरल कार्य नहीं था, परन्तु गुरु नानक देव जी ने बड़ी निर्भीकता से इस कार्य को सम्पन्न किया। इस समय गुरु नानक देव जी ने अपने समकालीन समाज की सभी स्थितियों को ध्यान में रखते हुए धार्मिक चिन्तन का विकास किया। ''राजा हो चाहे बादशाह, मुगल हो चाहे पठान, हिन्दू हो चाहे मुसलमान, जैनी हो चाहे ब्राह्मण, यदि उन्होंने मनुष्यों को कुमार्गगामी बनाने अथवा दुःखी करने का यत्न किया तो वे गुरु जी की तीव्र आलोचना से बच न पाए। परन्तु

यह आलोचना केवल निन्दा के लिए नहीं, अपितु वस्तु–स्थिति का बोध कराकर उन्नति का मार्ग प्रशस्त करने वाली कल्याणोन्मुखी थी।'' स्पष्टतः उन्होंने ऐसी जीवन विधि का निरूपण किया जो वर्ग, जाति, सम्प्रदाय व राष्ट्रीयता की सीमाओं से मुक्त, मानवतावादी थी। उन्होंने सामाजिक प्रथाओं के उन रूपों का तिरस्कार करने की प्रेरणा दी जो विभाजन की ओर प्रवृत्त करती थी। उनकी वाणी की विशेषता थी– जीवन की समग्रता में विश्वास तथा उसके प्रति उनकी जागरूकता। उन्होंने लोगों को धर्म के सही अर्थ की ओर अग्रसर किया व साथ ही मानवता व नैतिकता का सार सिखाया जो स्वधर्मी पुरोहितों तथा धर्म प्रचारकों की संकीर्ण शिक्षा के बिल्कुल विपरीत था।

हालांकि उनके युग में जातिवाद एवं साम्प्रदायिकता के स्वर प्रमुख थे, परन्तु ऐसी स्थिति में वे विचलित नहीं हुए। उन्होंने हिन्दुओं एवं मुसलमानों के पारस्परिक संघर्ष के चलते समन्वय, मित्रता एवं भाईचारे की राह को अपनाया और इन दोनों धर्मों के लोगों को यही सन्देश दिया ताकि वे प्रसन्नतापूर्वक अपना जीवन जी सकें। गुरु जी ने वर्ण, वर्ग आदि की सीमाओं का अतिक्रमण करते हुए मानव–भ्रातृत्व के सन्देश से देश को प्रेरित किया। हिन्दुओं–मुस्लिमों के पुरोहितों–मुल्लाओं द्वारा गुरु जी पर पंथक भ्रष्टता फैलाने के आरोप भी लगे, परन्तु गुरु जी ने ऐसे विरोधों, आरोपों की उपेक्षा की और अपने दृष्टिकोण का देशों–विदेशों में प्रचार किया। उन्होंने कहा कि ईश्वर एक है उसे ओंकार, अल्लाह, ब्रह्म–किसी भी नाम से पुकारा जा सकता है। उसकी कृपा सभी वर्णों, धर्मों के लोगों के लिए समान है। मानव जीवन का लक्ष्य उस परम सत्ता (ईश्वर) से जुड़ना है न कि छुआछूत, जाति कलह इत्यादि में फँसकर जीवन गुजार देना। उस समय की विषम परिस्थितियों में गुरु जी का महत्त्वपूर्ण योगदान था– मानव जाति में समन्वय व तादात्म्य स्थापित करना।

वैदिक काल में ही भारत में सामाजिक, आर्थिक दृष्टिकोण से जाति भेदभाव की भावना दृढ़ हो चुकी थी। निम्न वर्ग के लोगों को उच्च वर्ग के लोग हीन दृष्टि से देखते थे और उन्हें उच्च वर्ग द्वारा पूजा स्थलों व आध्यात्मिक कार्यों में सम्मिलित होने की अनुमति नहीं दी जाती थी। गुरु जी ने अपने जीवन काल में लोगों के मनों में बैठ चुकी ऐसी गलत धारणाओं का खुलकर विरोध किया। ''ब्राह्मणों द्वारा प्रतिपादित आनुष्ठानिकता की आड़ में जिस झूठ को जातीयता के रूप में फैलाया जाता था उसका खण्डन मानवता के प्रेम के लिए गुरु जी ने खुल कर किया।'' गुरु जी ने उपदेश दिया कि जन्म के स्थान पर मनुष्य के कर्मों को जीवन का आधार बनाना चाहिए। वे अपनी वाणी में कहते हैं कि दुर्बलों का आदर करने वाले ही प्रभु की कृपा का पात्र बनते हैं। प्रभु के समक्ष सभी मनुष्य समान हैं–

''जाणहु जोति न पूछहु जाती
आगै जाति न हे।।''

अर्थात् सभी के भीतर प्रभु के प्रकाश को पहचानो, किसी सामाजिक वर्ग या स्थिति पर विचार न करें, उसके बाद दुनिया में कोई वर्ग या जाति नहीं है।

उन्होंने हिन्दू–मुस्लिम दोनों धर्मों में व्याप्त कूड़ धारणाओं एवं रूढ़ हो चुकी मान्यताओं का खुलकर विरोध किया। उनके अनुसार ये धर्म के मूल रूप से कोसों दूर थे। ऐसे में गुरु जी ने एक ऐसे धर्म का प्रतिपादन किया जिसका आधार मानवता थी और यह किसी विशेष सम्प्रदाय

